# ਆਦਿ ਜੁਗਾਦਿ ਪੁਆਧ


(ਪਰਾਗਾ ਚੌਥਾ)

## ਖੋਜ ਪੁਸਤਕ

ਸੰਪਾਦਕ : ਮਨਮੋਹਨ ਸਿੰਘ ਦਾਊਂ











# ਪੁਆਧ ਦਾ ਖੋਜੀ ਸਾਹਿਤਕਾਰ
# ਮਨਮੋਹਨ ਸਿੰਘ ਦਾਊਂ



ਸਿਆਣਿਆਂ ਦਾ ਕਥਨ ਹੈ ਕਿ ਜੀਵਨ ਇੱਕ ਖੋਜ ਹੈ। ਗੁਰਬਾਣੀ ਅਨੁਸਾਰ ਵੀ "ਖੋਜਿਤ ਭਈ ਬੈਰਾਗਿਣ ॥" ਅਰਥਾਤ ਖੋਜਾਂ ਖੋਜਦਾ ਇਨਸਾਨ ਅੰਤ ਵਿਚ ਉਸ ਅਨੰਨਤਾ ਦਾ ਅੰਗ ਬਣ ਜਾਂਦਾ ਹੈ ਜਿਸ ਨੂੰ ਮਹਾਂਪੁਰਖ ਅਕਾਲਪੁਰਖ ਦੀ ਸੰਗਿਆ ਦੇਂਦੇ ਹਨ।

ਖੋਜੀ ਰੁਚੀਆਂ ਵਾਲੇ ਮਨੁੱਖ ਦਾ ਸੁਭਾਅ ਲੀਹ ਤੋਂ ਹਟਵਾਂ ਹੁੰਦਾ ਹੈ। ਉਹ ਆਪਣੀ ਖੋਜੀ ਬਿਰਤੀ ਤੇ ਤੀਖਣ ਦਿੱਬ-ਦ੍ਰਿਸ਼ਟੀ ਦੀ ਸੋਝੀ ਅਨੁਸਾਰ ਸਮਾਜਿਕ ਵਰਤਾਰਿਆਂ ਦੀਆਂ ਅਜਿਹੀਆਂ ਪਰਤਾਂ ਲੱਭ ਲੈਂਦਾ ਹੈ ਜਿਹੜੀਆਂ ਆਮ ਬੰਦੇ ਦੀ ਸੋਝੀ ਦੇ ਘੇਰੇ ਤੋਂ ਸਦਾ ਬਾਹਰ ਹੀ ਰਹਿੰਦੀਆਂ। ਅਜਿਹੀਆਂ ਲੱਭਤਾਂ ਹੀ ਸਮਾਜਿਕ ਵਿਕਾਸ ਲਈ ਬੇਹਦ ਲਾਹੇਵੰਦ ਹੁੰਦੀਆਂ ਹਨ।

ਆਪਣੀ ਅਣਥੱਕ ਖੋਜੀ ਤੇ ਨਵੀਂ ਨਿਵੇਕਲੀ ਸਾਹਿਤਕ ਤੇ ਸਭਿਆਚਾਰਕ ਸੋਝੀ ਦਾ ਪ੍ਰਤੱਖ ਪ੍ਰਮਾਣ ਸ. ਮਨਮੋਹਨ ਸਿੰਘ ਦਾਊਂ ਦੀ ਹਥਲੀ ਪੁਸਤਕ 'ਆਦਿ ਜੁਗਾਦਿ ਪੁਆਧ' (ਪਰਾਗਾ ਚੌਥਾ ਖੋਜ ਪੁਸਤਕ) ਹੈ ਜਿਸ ਨੇ ਪੁਆਧ ਨੂੰ ਪੁਨਰ ਸੁਰਜੀਤ ਕਰ ਵਿਖਾਇਆ ਹੈ। ਇਸ ਤੋਂ ਪਹਿਲਾਂ 'ਪੁਆਧ ਦਰਪਣ' (2006), 'ਧਰਤ ਪੁਆਧ' (2016), 'ਪੁਆਧ ਕੀਆਂ ਝਲਕਾਂ' (2021) ਅਤੇ 'ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ' (2016) ਪੁਸਤਕਾਂ ਨਿਹਾਇਤ ਪੜ੍ਹਨਯੋਗ ਹਨ।

ਮਨਮੋਹਨ ਸਿੰਘ ਦਾਊਂ ਪਿਛਲੇ 20 ਸਾਲਾਂ ਤੋਂ ਪੁਆਧ ਖੇਤਰ ਨੂੰ ਜਗਮਗਾਉਣ ਲਈ ਨਿਰੰਤਰ ਜੁਟਿਆ ਹੋਇਆ ਹੈ। ਉਸ ਦੇ ਇਸ ਸਿਰੜ ਦੀ ਜਿੰਨੀ ਪ੍ਰਸੰਸਾ ਕੀਤੀ ਜਾਵੇ ਥੋੜ੍ਹੀ ਹੈ। ਅਸੀਂ ਉਸ ਦੇ ਇਸ ਉੱਦਮ ਨੂੰ ਮੁਬਾਰਕ ਆਖਣ ਦੀ ਖੁਸ਼ੀ ਲੈਂਦੇ ਹਾਂ।

**ਡਾ. ਨਿਰਮਲ ਸਿੰਘ**
ਮੋਬਾ. 98152-56266
ਸੇਵਾਦਾਰ ਪੰਜਾਬੀ ਸੱਥ ਲਾਂਬੜਾ
(ਜਲੰਧਰ) ਪੰਜਾਬ।

**SAPTRISHI PUBLICATION**
M. 77174-65715, 94638-36591
www.saptrishipublication.com

ISBN
9 789394 769489
₹400.00

# ਆਦਿ ਜੁਗਾਦਿ ਪੁਆਧ

(ਖੋਜ-ਪੁਸਤਕ)

## ਮਨਮੋਹਨ ਸਿੰਘ ਦਾਊਂ ਦੇ ਪ੍ਰਕਾਸ਼ਿਤ ਕਾਵਿ-ਸੰਗ੍ਰਹਿ

| | | | |
|---|---|---|---|
| 1. | ਖ਼ਾਮੋਸ਼ ਚਸ਼ਮਾ | 1971 | |
| 2. | ਦਰਦ ਸੰਗ ਦੋਸਤੀ | 1975 | |
| 3. | ਮਿੱਟੀ ਦਾ ਰੁਦਨ | 1986 | |
| 4. | ਰਾਤਾਂ ਪ੍ਰਭਾਤਾਂ | 1988 | |
| 5. | ਅਗੰਮ ਅਗੋਚਰ | 2003 | |
| 6. | ਸ਼ਾਇਰੀ ਦਾ ਸਰਵਰ | 2007 | |
| 7. | ਸ਼ਾਇਰੀ ਸਾਗਰ | 2011 | (ਇਨਾਮੀ) |
| 8. | ਉਦਾਸੀਆਂ ਦਾ ਬੂਹਾ : ਸੁਲਖਣੀ | 2014 | |
| 9. | ਪੰਛੀ ਬਿਰਖ ਸੁਹਾਵੜਾ | 2016 | (ਇਨਾਮੀ) |
| 10. | ਤਿੱਪ ਤੇ ਕਾਇਨਾਤ | 2018 | |
| 11. | ਚਾਨਣ ਦੀ ਪੈੜ | 2019 | |
| 12. | ਸਮਿਆਂ ਦੇ ਨਾਇਕ | 2020 | |

# ਆਦਿ ਜੁਗਾਦਿ ਪੁਆਧ

## ਪਰਾਗਾ ਚੌਥਾ


(ਖੋਜ-ਪੁਸਤਕ)

ਸੰਪਾਦਕ
ਮਨਮੋਹਨ ਸਿੰਘ ਦਾਊਂ

**Aad Jugaad Puadh (Volume IV)**
(A Reserach Book)
Descriptive Fiction
**Editor : Manmohan Singh Daon**
# 280 Phase 6
S.A.S. Nagar Mohali (Punjab)-160055
Mob. 9815123900
Mail : m.s.daonpoet@gmail.com

Year : 2022
Price : 400/-

**ਸਰਵਰਕ** : ਦਾਸਤਾਨ-ਏ-ਸ਼ਹਾਦਤ (ਸ੍ਰੀ ਚਮਕੌਰ ਸਾਹਿਬ), ਫਤਹਿ ਬੁਰਜ ਚਪੜਚਿੜੀ, ਵਿਰਾਸਤ-ਏ-ਖਾਲਸਾ (ਸ੍ਰੀ ਆਨੰਦਪੁਰ ਸਾਹਿਬ), ਰਾਕ ਗਾਰਡਨ ਚੰਡੀਗੜ੍ਹ, ਛੱਤਬੀੜ ਚਿੜੀਆ ਘਰ।



**ਸਮਰਪਣ**

ਅੰਤਰ-ਰਾਸ਼ਟਰੀ ਪ੍ਰਸਿੱਧੀ ਦੇ ਨਾਇਕ
ਕੁਦਰਤ ਪ੍ਰੇਮੀ
ਮਾਨਵਤਾ ਦੇ ਹਿਤੈਸ਼ੀ
**ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਜੀ**
ਨੂੰ !!

## ਮਨਮੋਹਨ ਸਿੰਘ ਦਾਊਂ ਦਾ ਪੁਆਧ ਬਾਰੇ ਸੰਪਾਦਿਤ ਅਤੇ ਖੋਜ-ਕਾਰਜ

1. **ਪੁਆਧ ਦਰਪਣ (ਅਤੀਤ ਦੇ ਝਰੋਖੇ ਥੀਂ) ਖੋਜ-ਪੁਸਤਕ**
   (ਪਰਾਗਾ ਪਹਿਲਾ) (ਸੰਪਾਦਿਤ) 2006
2. **ਮੇਰਾ ਪੁਆਧ (ਸੰਪਾਦਿਤ)**
   ਲੇਖਕ ਡਾ: ਐਸ.ਐਸ.ਕਿਸ਼ਨਪੁਰੀ
3. **ਕਥਾ ਪੁਰਾਤਨ ਪੁਆਧ ਕੀ (ਸੰਪਾਦਿਤ)**
   ਲੇਖਕ : ਗਿਆਨੀ ਧਰਮ ਸਿੰਘ ਭੰਖਰਪੁਰ
4. **ਧਰਤ ਪੁਆਧ (ਸੰਪਾਦਿਤ) 2016** (ਭਾਸ਼ਾ ਵਿਭਾਗ ਪੰਜਾਬ ਵੱਲੋਂ ਇਨਾਮ ਜੇਤੂ)
   (ਪਰਾਗਾ ਦੂਜਾ)
5. **ਨਿਰਾਲੀ ਚਮਕ (ਸੰਪਾਦਿਤ) 2017**
   ਲੇਖਕ : ਗਿਆਨੀ ਰਤਨ ਸਿੰਘ ਸਹੌੜਾਂ ਵਾਲਾ
6. **ਨੂਰੀ ਦਰ ਦਾ ਰਹੱਸ (ਸੰਪਾਦਿਤ)**
   ਲੇਖਕ : ਗਿਆਨੀ ਰਤਨ ਸਿੰਘ ਸਹੌੜਾਂ ਵਾਲਾ
7. **ਨਵਤੇਜ ਪੁਆਧੀ ਦੀਆਂ ਕੁੱਲ ਕਹਾਣੀਆਂ**
   (ਸੰਪਾਦਿਤ) 2018
8. **ਕਹਾਣੀਕਾਰ ਨਵਤੇਜ ਪੁਆਧੀ : ਜੀਵਨ ਤੇ ਰਚਨਾ**
   (ਸੰਪਾਦਿਤ) 2018
9. **ਚੰਡੀਗੜ੍ਹ, ਲੋਪ ਕੀਤੇ ਪੁਆਧੀ ਪਿੰਡ** (ਭਾਸ਼ਾ ਵਿਭਾਗ ਪੰਜਾਬ ਵੱਲੋਂ ਇਨਾਮ ਜੇਤੂ)
10. **ਸੱਤ ਸਾਦਿਕ (ਸੰਪਾਦਿਤ)**
   ਲੇਖਕ : ਗੁਰਬਖ਼ਸ਼ ਸਿੰਘ ਕੇਸਰੀ
11. **ਪੁਆਧ ਦੇ ਜੰਮੇ-ਜਾਏ**
   (ਨੈਸ਼ਨਲ ਬੁੱਕ ਟਰੱਸਟ ਦਿੱਲੀ ਵੱਲੋਂ ਪ੍ਰਕਾਸ਼ਿਤ) 2020
12. **ਪੁਆਧ ਤੇ ਪੁਆਧ ਦੇ ਲੇਖਕਾਂ ’ਤੇ ਖੋਜ ਕਾਰਜ :**
   ਸੰਦਰਭ ਕੋਸ਼-2020
13. **ਪੁਆਧ ਕੀਆਂ ਝਲਕਾਂ, (ਖੋਜ ਪੁਸਤਕ : ਪਰਾਗਾ ਤੀਜਾ)**



# ਪ੍ਰਾਕਥਨ

ਪੁਆਧ ਖੇਤਰ ਹਰ ਪੱਖੋਂ ਪਛੜਿਆ ਰਿਹਾ ਹੈ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਭਾਰਤ ਦੀ ਅਜ਼ਾਦੀ (1947) ਤੋਂ ਪਹਿਲਾਂ ਪੁਆਧ ਖਿੱਤਾ ਬਹੁਤ ਵੱਡਾ ਭੂ-ਖੰਡ ਹੁੰਦਾ ਸੀ। ਰਾਜਸੀ-ਚੇਤਨਾ ਤੋਂ ਅਣਭਿੱਜ ਹੋਣ ਕਾਰਨ, ਇਸ ਖੇਤਰ ਬਾਰੇ ਬਹੁਤ ਘੱਟ ਜ਼ਿਕਰ ਹੋਇਆ ਹੈ। ਅੰਗਰੇਜ਼ੀ-ਕਾਲ ਸਮੇਂ ਬਰਤਾਨਵੀਂ-ਹਕੂਮਤ ਨੇ ਜਦੋਂ ਮਹਾਂ-ਪੰਜਾਬ ’ਤੇ ਕਬਜ਼ਾ ਕੀਤਾ ਤਾਂ ਉਨ੍ਹਾਂ ਨੇ ਇਸ ਖੇਤਰ ਨੂੰ ਆਪਣੀ ਪ੍ਰਸ਼ਾਸਨੀ-ਨੀਤੀ ਅਧੀਨ ਰੱਖਣ ਲਈ ਰਾਜੇ, ਮਹਾਰਾਜਿਆਂ ਅਤੇ ਸਰਦਾਰਾਂ ਨੂੰ ਹੱਕ-ਹਕੂਕ ਦੇ ਕੇ ਲੋਕ-ਅਵਾਜ਼ ਨੂੰ ਦਬਾਈ ਰੱਖਿਆ ਜਿਸ ਕਾਰਨ ਇੱਥੋਂ ਦੀ ਸੰਸਕ੍ਰਿਤੀ, ਸਭਿਆਚਾਰ, ਉਪ-ਭਾਸ਼ਾ, ਸਾਹਿਤ ਨੂੰ ਵਿਗਸਣ ਤੇ ਮੌਲਣ ਦਾ ਅਵਸਰ ਨਹੀਂ ਮਿਲਿਆ। ਕੇਵਲ ਮਹਾਰਾਜਾ ਪਟਿਆਲਾ ਦੀ ਰਿਆਸਤ ਵਿਚ ਹੀ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਉਚੇਚੇ ਜਤਨ ਕੀਤੇ ਗਏ ਜਿਸ ਦਾ ਵੱਡਾ ਪ੍ਰਮਾਣ ਭਾਈ ਕਾਨ੍ਹ ਸਿੰਘ ਨਾਭਾ ਦੀ ਸਰਵੋਤਮ ਰਚਨਾ ‘ਮਹਾਨ ਕੋਸ਼’ ਹੈ। ਪੰਜਾਬੀ ਮਹਿਕਮਾ ਰਿਆਸਤ ਪਟਿਆਲਾ ’ਚ ਹੀ ਉਦਭਵ ਹੋਇਆ।

ਉਦੋਂ ਜ਼ਿਲ੍ਹਾ ਅੰਬਾਲਾ ਪੁਆਧ ਖੇਤਰ ਦਾ ਸਭ ਤੋਂ ਵੱਡਾ ਜ਼ਿਲ੍ਹਾ ਹੁੰਦਾ ਸੀ ਤੇ ਪੁਆਧ ਦਾ ਕੇਂਦਰ ਮੰਨਿਆ ਜਾਂਦਾ ਸੀ। ਇਸ ਜ਼ਿਲ੍ਹੇ ਵਿੱਚ ਖਰੜ ਤਹਿਸੀਲ ਸਭ ਤੋਂ ਵੱਡੇ ਖੇਤਰ ਵਾਲੀ ਹੁੰਦੀ ਸੀ। ਅਜ਼ਾਦੀ ਤੋਂ ਬਾਅਦ ਦਰਿਆ ਸਤਲੁਜ ’ਤੇ ਭਾਖੜਾ ਡੈਮ ਬਣਨਾ, ਸਰਹਿੰਦ ਨਹਿਰ ਦਾ ਨਿਕਲਣਾ, ਪੰਜਾਬ ਦੀ ਰਾਜਧਾਨੀ ਬਣਾਉਣ ਲਈ ਚੰਡੀਗੜ੍ਹ ਵਸਾਉਣ ਲਈ ਪੁਆਧ ਦੇ ਪੰਜਾਹ ਪਿੰਡਾਂ ਨੂੰ ਉਜਾੜਨਾ, ਕੁਝ ਅਜਿਹੀਆਂ ਘਟਨਾਵਾਂ ਹਨ ਜਿਨ੍ਹਾਂ ਦੇ ਫਲ ਸਰੂਪ ਪੁਆਧ ਦਾ ਪੁਰਾਣਾ ਮੁਹਾਂਦਰਾ ਬਦਲਣਾ ਸ਼ੁਰੂ ਹੋਇਆ।

1966 ’ਚ ਪੰਜਾਬੀ ਸੂਬਾ ਬਣਨ ਨਾਲ, ਇਸ ਖੇਤਰ ਦਾ ਨਕਸ਼ਾ ਹੀ ਬਦਲ ਗਿਆ। ਕਿੱਥੇ ਮਹਾਂ-ਪੰਜਾਬ ਕਦੇ ਲਹਿੰਦੇ ਪੰਜਾਬ ਤੋਂ ਲੈ ਕੇ ਚੜ੍ਹਦੇ ਪੰਜਾਬ ਦਿੱਲੀ ਦੀਆਂ ਜੂਹਾਂ ਨੂੰ ਛੋਂਹਦਾ ਸੀ। ਇਸੇ ਕਰ ਕੇ ਪੰਜਾਬ ਦੇ ਪੂਰਬ-ਅਰਧ ਦਾ ਨਾਂ ਬਦਲਦਾ ਹੋਇਆ ਪੁਆਧ ਬਣ ਗਿਆ ਜਿਸ ਨੂੰ Eastern Part of the Great Punjab ਕਰ ਕੇ ਮੰਨਿਆ ਜਾਂਦਾ ਸੀ।

1966 ਦੀ ਭਾਸ਼ਾਈ ਵੰਡ ਨੇ ਪੰਜਾਬ 'ਚੋਂ ਯੂ.ਟੀ. ਚੰਡੀਗੜ੍ਹ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਹੋਂਦ ਵਿੱਚ ਲਿਆਂਦੇ ਤੇ ਪੰਜਾਬੀ ਬੋਲਦੇ ਬਹੁਤ ਸਾਰੇ ਇਲਾਕੇ ਹੱਥੋਂ ਖੋਹ ਲਏ ਗਏ। ਇਸ ਲਈ ਪੁਆਧ-ਖੇਤਰ ਦੀ ਭੂਗੋਲਿਕ ਰੂਪ-ਰੇਖਾ ਹੀ ਬਦਲ ਗਈ। ਅਜ਼ਾਦੀ ਤੋਂ ਬਾਅਦ ਸਭ ਤੋਂ ਵੱਧ ਮਾਰ ਪੁਆਧ ਖੇਤਰ ਨੂੰ ਝੱਲਣੀ ਪਈ। ਪੁਆਧੀ ਭਾਸ਼ਾਈ ਖੇਤਰ ਚਾਰ ਟੁਕੜਿਆਂ ਵਿੱਚ ਵੰਡਿਆ ਗਿਆ।

**ਮਨਮੋਹਨ ਸਿੰਘ ਦਾਊਂ**
ਮੁਖੀ, ਪੁਆਧੀ ਪੰਜਾਬੀ ਸੱਥ ਮੁਹਾਲੀ
ਮੋਬਾ. 9815123900



## ਤਤਕਰਾ

- **'ਆਦਿ ਜੁਗਾਦਿ ਪੁਆਧ' ਦੀ ਸੰਪਾਦਨਾ ਦਾ ਪ੍ਰਯੋਜਨ** 14

**ਖੰਡ - ਪਹਿਲਾ**

1. ਪੁਆਧ ਅਤੇ ਪੁਆਧੀ ਭਾਸ਼ਾ-ਇਕ ਵਿਸ਼ਲੇਸ਼ਣ 21
   - ***ਡਾ. ਮੁਖਤਿਆਰ ਸਿੰਘ***
2. ਪੁਆਧੀ ਦੀ ਅਰਥ ਵਿਉਂਤ 33
   - ***ਡਾ. ਹਰਪ੍ਰਵੀਨ ਕੌਰ***
3. ਪੁਆਧੀ ਲੋਕ ਮਨੋਰੰਜਨ : ਮੁੱਖ ਸਰੋਕਾਰ 38
   - ***ਡਾ. ਜਗਜੀਤ ਸਿੰਘ***
4. ਪੁਆਧੀ ਕਿੱਤਾ ਸ਼ਬਦਾਵਲੀ : ਦਸਤਕਾਰੀ 46
   - ***ਡਾ. ਜਸਬੀਰ ਸਿੰਘ***
5. ਪੁਆਧ ਵਿੱਚ ਜਨਮ, ਵਿਆਹ ਅਤੇ ਮੌਤ ਨਾਲ ਸਬੰਧਿਤ ਰਸਮੀ ਵਰਤਾਰਾ 63
   - ***ਡਾ. ਸਿਮਰਜੀਤ ਕੌਰ***
6. ਪੁਆਧ ਦੀ ਕਵੀਸ਼ਰੀ-ਪਰੰਪਰਾ ਅਤੇ ਕਵੀਸ਼ਰ ਰੌਣਕ ਸਿੰਘ ਚੁੰਨ੍ਹੀ ਕਲਾਂ 80
   - ***ਡਾ. ਜਗਜੀਤ ਸਿੰਘ***
7. ਪੁਆਧ ਦਰਸ਼ਨ-ਇੱਕ ਅਭੁੱਲ ਯਾਦ 91
   - ***ਨਿਰੰਜਣ ਸਿੰਘ ਸੈਲਾਨੀ***
8. ਜਲਸਾ-ਆਸਾ ਰਾਮ ਬੈਦਵਾਨ ਦਾ- ਇੱਕ ਝਲਕ 97
   - ***ਅਵਤਾਰ ਸਿੰਘ ਬਿਲਿੰਗ***

### ਖੰਡ - ਦੂਜਾ


1. ਖ਼ਾਲਸੇਈ ਵਿਰਾਸਤ ਦਾ ਦਰਪਣ : ਵਿਰਾਸਤ-ਏ-ਖ਼ਾਲਸਾ 105
*- ਡਾ. ਜਸਵਿੰਦਰ ਸਿੰਘ ਧਾਲੀਵਾਲ*
2. ਦਾਸਤਾਨ-ਏ ਸ਼ਹਾਦਤ - ਸ੍ਰੀ ਚਮਕੌਰ ਸਾਹਿਬ 109
*- ਸਤਵਿੰਦਰ ਸਿੰਘ ਮੜੌਲਵੀ*
3. ਸਰਹਿੰਦ ਫਤਿਹ ਦਾ ਪ੍ਰਤੀਕ ਫਤਿਹ ਬੁਰਜ ਚੱਪੜਚਿੜੀ 117
*- ਗੁਰਪ੍ਰੀਤ ਸਿੰਘ ਨਿਆਮੀਆਂ*
4. ਚੰਡੀਗੜ੍ਹ ਦਾ ਰਾਕ-ਗਾਰਡਨ ਨਿਵੇਕਲੀ ਕਲਾ ਦਾ ਅਚੰਭਾ 121
*- ਡਾ. ਰਜਿੰਦਰ ਸਿੰਘ ਕੰਬੋਜ*
5. ਛੱਤਬੀੜ ਚਿੜੀਆ ਘਰ ਇਕ ਅਦੁੱਤੀ ਸੰਸਥਾਨ 126
*- ਰਣਧੀਰ ਸਿੰਘ*


### ਖੰਡ - ਤੀਜਾ


1. ਪੁਆਧ ਦੀ ਇਤਿਹਾਸਕਤਾ: ਮੁਗਲਾਂ ਦੇ ਰਾਜ ਤੋਂ ਬੰਦਾ ਸਿੰਘ ਬਹਾਦਰ ਦਾ ਖਾਲਸਾ ਰਾਜ 131
*- ਡਾ. ਕੇਸਰ ਸਿੰਘ ਬਰਵਾਲੀ (ਸਵ.)*
2. ਪੁਆਧ ਦੀਆਂ ਪ੍ਰਮੁੱਖ ਰਿਆਸਤਾਂ 137
*- ਹਰਪ੍ਰੀਤ ਸਿੰਘ ਨਾਜ਼, - ਅਮਨ ਸਿੰਘ*
3. ਸਿੰਘਪੁਰੀਆ ਮਿਸਲ ਦੇ ਪੁਆਧੀ ਕਿਲ੍ਹਿਆਂ ਦੀ ਦਾਸਤਾਨ 150
*- ਡਾ. ਗੁਰਬਚਨ ਸਿੰਘ ਮਾਵੀ*
4. ਸ਼ਹਿਰ ਸਰਹਿੰਦ ਦੀਆਂ ਯਾਦਗਾਰਾਂ ਤੇ ਬੁਲੰਦੀਆਂ 156
*- ਗੁਲਜ਼ਾਰ ਸਿੰਘ ਸੰਧੂ*
5. 'ਮਹਾਰਾਜਾ ਅਜ ਸਰੋਵਰ ਖਰੜ' ਦੀ ਆਪਣੀ ਜ਼ੁਬਾਨੀ 159
*- ਪ੍ਰਿੰਸੀਪਲ ਗੁਰਮੀਤ ਸਿੰਘ ਖਰੜ*





6. ਕੁੰਮੇ ਮਾਸ਼ਕੀ ਦੀ ਝੁੱਗੀ ਦਾ ਇਤਿਹਾਸਕ ਪ੍ਰਸੰਗ 162
*- ਦਲਜੀਤ ਕੌਰ ਦਾਊਂ*
7. ਖ਼ਾਲਸਾਈ ਜਹੋ-ਜਲਾਲ ਦਾ ਪ੍ਰਤੀਕ : ਹੋਲਾ ਮਹੱਲਾ 166
*- ਪ੍ਰੋ. ਸੁਖਵਿੰਦਰ ਸਿੰਘ ਕਾਹਲੋਂ*


### ਖੰਡ - ਚੌਥਾ


1. ਅਜ਼ਾਦੀ ਘੁਲਾਟੀਏ ਦਾ ਪਿੰਡ ਸਹੌੜਾਂ 171
*- ਜੀਵਨ ਸਿੰਘ*
2. ਸ਼ਹੀਦ ਕਾਂਸ਼ੀ ਰਾਮ ਦਾ ਪਿੰਡ-ਮੜੌਲੀ ਕਲਾਂ 176
*- ਸਤਵਿੰਦਰ ਸਿੰਘ ਮੜੌਲਵੀ*
3. ਸਿਸਵਾਂ ਪਿੰਡ ਦਾ ਅਤੀਤ ਤੇ ਵਰਤਮਾਨ 185
*- ਸੁਖਪਾਲ ਸਿੰਘ*
4. ਤਾਰਾਪੁਰ ਮਾਜਰੀ ਦਾ ਇਤਿਹਾਸ 190
*- ਸਰੂਪ ਸਿਆਲਵੀ*
5. ਪਿੰਡ ਮਾਜਰੀ ਦੀ ਵਿਲੱਖਣਤਾ 194
*- ਸਰੂਪ ਸਿਆਲਵੀ*
6. ਬਾਬਾ ਦੀਪ ਸਿੰਘ ਨੂੰ ਯਾਦ ਕਰਦਾ ਪਿੰਡ ਬੜੌਦੀ 200
*- ਜੇ.ਐਸ.ਮਹਿਰਾ*
7. ਪੁਆਧ ਦੀ ਪੁਰਾਤਨਤਾ ਦਾ ਪਿੰਡ ਬਰਦਾਰ 202
*- ਜੇ.ਐਸ.ਮਹਿਰਾ*
8. ਪੁਆਧ ਦੇ ਪਹਿਲਵਾਨ ਤੇ ਗਾਇਕ ਦਾ ਪਿੰਡ ਬਿੰਦਰਖ 205
*- ਜੇ.ਐਸ.ਮਹਿਰਾ*
9. ਅਤੀਤ 'ਤੇ ਮਾਣ ਕਰਨ ਵਾਲਾ ਪਿੰਡ ਰਤਨਗੜ੍ਹ 208
*- ਮਨਮੋਹਨ ਸਿੰਘ ਦਾਊਂ*
10. ਸ਼ਹਿਰੀਕਰਨ ਤੋਂ ਬਚਿਆ ਪਿੰਡ ਬਜਹੇੜੀ 213
*- ਪ੍ਰਿੰ. ਗੁਰਮੀਤ ਸਿੰਘ ਖਰੜ*

11 ਪੁਆਧ ਦਾ ਮਹੱਤਵਪੂਰਨ ਸ਼ਹਿਰ ਅੰਬਾਲਾ 215
- *ਮੀਨਾ ਨਵੀਨ*

12. ਪਿੰਡ ਮਿਰਜ਼ਾਪੁਰ ਦੀ ਅਣੋਖੀ ਕਥਾ 224
- *ਬਲਜੀਤ ਸਿੰਘ ਚੁੰਬਰ*

13. ਅਣੋਖੀ ਗਾਥਾ ਕਾਈਨੌਰ ਦੀ 230
- *ਸੁਰਿੰਦਰ ਸਿੰਘ ਰਸੂਲਪੁਰ*

14. *ਨੰਦਪੁਰ-ਕਲੌੜ ਦਾ ਅੱਗੜ-ਪਿੱਛੜ* *236*
- *ਡਾ. ਕਰਨੈਲ ਸਿੰਘ ਸੋਮਲ*

15. *ਪੁਆਧ ਦਾ ਸ਼ਹਿਰ ਰਾਜਪੁਰਾ* *245*
- *ਅਲੀ ਰਾਜਪੁਰਾ*

16. ਪੁਆਧ ਦੇ ਇਤਿਹਾਸਕ ਕਸਬੇ-ਲਾਲੜੂ, ਡੇਰਾਬਸੀ ਤੇ ਮੁਬਾਰਿਕਪੁਰ 249
- *ਗਿਆਨੀ ਧਰਮ ਸਿੰਘ ਭੰਖਰਪੁਰ*

**17.** ਪਿੰਡ ਭਿਉਰਾ ਦਾ ਅਤੀਤ ਤੇ ਵਰਤਮਾਨ **256**
- *ਪ੍ਰੋ. ਹਰਪ੍ਰੀਤ ਸਿੰਘ*

**18.** ਪਿੰਡ ਟੋਡਰ ਮਾਜਰਾ ਦੀ ਆਪਣੀ ਪਛਾਣ 261
- *ਜਗਦੀਪ ਸਿੰਘ ਬੈਦਵਾਨ*

**ਖੰਡ - ਪੰਜਵਾਂ**

1. ਪੁਆਧ ਦੇ ਜੰਮ-ਪਲ ਸ੍ਰੀ ਚਮਕੌਰ ਸਾਹਿਬ ਜੰਗ ਦੇ ਸ਼ਹੀਦ 265
- *ਡਾ. ਗੁਰਬਚਨ ਸਿੰਘ ਮਾਵੀ,*

2. ਅੰਬਰੀਂ ਕਿੱਕ ਲਾਉਣ ਵਾਲਾ ਪਰਮਿੰਦਰ ਸਿੰਘ 272
- *ਡਾ. ਰਾਜਿੰਦਰ ਸਿੰਘ ਕੁਰਾਲੀ*

3. ਸ਼ਾਟ ਪੁੱਟ ਦਾ ਚੈਂਪੀਅਨ-ਮੇਜਰ ਜੋਗਿੰਦਰ ਸਿੰਘ 276
- *ਡਾ. ਰਾਜਿੰਦਰ ਸਿੰਘ ਕੁਰਾਲੀ*

4. ਹੈਂਡਬਾਲ ਦੀ ਮਜ਼ਬੂਤ ਦੀਵਾਰ-ਇੰਦੂ 280
- *ਪ੍ਰਿੰ. ਗੁਰਸ਼ੇਰ ਸਿੰਘ*



5. ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਨਥਲਪੁਰ ਵਾਲੇ 284
- *ਡਾ. ਹਰਵਿੰਦਰ ਕੌਰ*

6. ਕਲਾ-ਤਪੱਸਵੀ -ਕੈਪਟਨ ਰਵਿੰਦਰ ਸੂਦ 'ਜੁਨੂੰ' 287
- *ਗੁਰਿੰਦਰ ਸਿੰਘ ਕਲਸੀ*

7. ਪੁਆਧ ਦੀ ਪਹਿਲੀ ਮਾਰੂਫ਼ ਅਦਾਕਾਰਾ-ਕੁਲਦੀਪ ਕੌਰ 293
- *ਉੱਤਮਵੀਰ ਸਿੰਘ ਦਾਊਂ*

8. ਮੇਰੇ ਦਾਦਾ : ਸਰਦਾਰ ਸਾਹਿਬ ਬਖਸ਼ੀਸ਼ ਸਿੰਘ 298
- *ਅਨਮੋਲ ਰਤਨ ਸਿੰਘ ਤੂਰ*

**ਖੰਡ - ਛੇਵਾਂ**

1. ਪੁਆਧੀ ਲੋਕ-ਗੀਤਾਂ ਦੀਆਂ ਕੁਝ ਵੰਨਗੀਆਂ 303
- *ਮਨਮੋਹਨ ਸਿੰਘ ਦਾਊਂ*

2. ਉਜਾੜੇ ਦੀ ਦਾਸਤਾਨ (ਕਵਿਤਾ) 312
- *ਕਸ਼ਮੀਰ ਕੌਰ ਸੰਧੂ*

3. ਚੰਡੀਗੜ੍ਹ ਵਸਾਉਣ ਲਈ ਪਿੰਡਾਂ ਦੇ ਉਜਾੜੇ ਦਾ ਸਦਮਾ 317
- *ਮਨਮੋਹਨ ਸਿੰਘ ਦਾਊਂ*

4. ਪੁਆਧ ਦੇ ਤਿੰਨ ਕੰਧ ਚਿੱਤਰਾਂ ਦਾ ਇਤਿਹਾਸ 322
*-ਡਾ. ਕੰਵਰਜੀਤ ਸਿੰਘ ਕੰਗ*

5. ਪੁਆਧ ਦੀ ਧਰਤੀ 'ਤੇ ਬਾਬਾ ਨਾਨਕ ਦੀਆਂ ਪੈੜਾਂ 327
- *ਜਗਦੀਸ਼ ਸਿੰਘ ਢਿੱਲੋਂ*

6. ਹਥੌਤ ਦੇ ਮਾਂਹ 331
- *ਸ਼ਮਸ਼ੇਰ ਸਿੰਘ ਡੂਮੇਵਾਲ*

7. ਪੁਆਧ ਕੀਆਂ ਝਲਕਾਂ/ ਰੀਵਿਊ 341
- *ਅਮਰੀਕ ਸਿਘ ਦਿਆਲ*
- *ਡਾ. ਅਮਰ ਕੋਮਲ*

## 'ਆਦਿ ਜੁਗਾਦਿ ਪੁਆਧ' ਦੀ ਸੰਪਾਦਨਾ ਦਾ ਪ੍ਰਯੋਜਨ

ਪੁਆਧੀ ਪੰਜਾਬੀ ਸੱਥ ਮੁਹਾਲੀ ਦਾ ਸੰਗਠਨ 2004 ਈ. 'ਚ ਕੀਤਾ ਗਿਆ ਸੀ। ਸੱਥ ਦਾ ਉਦੇਸ਼ ਪੁਆਧ ਖੇਤਰ ਦੇ ਸਭਿਆਚਾਰ, ਸਾਹਿਤ, ਕਲਾ, ਭਾਸ਼ਾ (ਪੁਆਧੀ), ਸੰਸਕ੍ਰਿਤੀ, ਇਤਿਹਾਸ ਤੇ ਇਸ ਖੇਤਰ ਦੀ ਭੂਗੋਲਿਕ ਵੰਨ-ਸਵੰਨਤਾ ਨੂੰ ਸਾਂਭਣਾ ਸੀ। ਇਹ ਭੂ-ਖੰਡ ਪੁਆਧ ਕਿੱਥੋਂ ਤੱਕ ਫੈਲਿਆ ਹੋਇਆ ਹੈ, ਇਸ ਦੀ ਨਿਸ਼ਾਨਦੇਹੀ ਵੀ ਕਰਨੀ ਜ਼ਰੂਰੀ ਸੀ। ਵੱਖੋ-ਵੱਖ ਵਿਦਵਾਨਾਂ, ਆਲੋਚਕਾਂ, ਖੋਜੀਆਂ ਤੇ ਸਾਹਿਤਕਾਰਾਂ ਵਲੋਂ ਸਮੇਂ-ਸਮੇਂ ਆਪਣੀ ਸੂਝ ਸਿਆਣਪ ਨਾਲ 'ਪੁਆਧ' ਸ਼ਬਦ ਅਤੇ ਇਸਦੀ ਭੂਗੋਲਿਕ ਸਥਿਤੀ ਅਤੇ ਪੁਆਧੀ ਉਪ-ਭਾਸ਼ਾ ਦੀ ਵੱਖਰਤਾ ਬਾਰੇ ਜਾਣਕਾਰੀ ਦਿੱਤੀ ਮਿਲਦੀ ਹੈ। ਸੱਥ ਦਾ ਇਹ ਵੀ ਟੀਚਾ ਮਿਥਿਆ ਗਿਆ ਸੀ ਕਿ ਇਸ ਖੇਤਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸੱਥ ਦੇ ਸਾਲਾਨਾ ਸਮਾਗਮ ਵਿੱਚ ਸਨਮਾਨਿਤ ਕੀਤਾ ਜਾਵੇ ਜਿਨ੍ਹਾਂ ਨੇ ਵੱਖੋ-ਵੱਖ ਖੇਤਰਾਂ 'ਚ ਨਾਮਣਾ ਖੱਟਿਆ। ਪੁਆਧ ਖੇਤਰ ਦੀਆਂ ਹੁਣ ਤੱਕ ਅਜਿਹੀਆਂ 100 ਸ਼ਖ਼ਸੀਅਤਾਂ ਨੂੰ ਸੱਥ ਵੱਲੋਂ ਸਨਮਾਨਿਤ ਕਰਨ ਦਾ ਮਾਣ ਹਾਸਲ ਹੈ। ਪੁਆਧ ਖੇਤਰ ਦੀ ਜੀਵਨ-ਰਹਿਤਲ ਨਾਲ ਸਬੰਧਤ ਵੱਖ-ਵੱਖ ਪੁਸਤਕਾਂ ਲਿਖਵਾਉਣ ਨਾਲ ਪੁਆਧ ਬਾਰੇ ਯੂਨੀਵਰਸਿਟੀਆਂ ਵਿੱਚ ਖੋਜ ਕਾਰਜ (ਐਮ.ਫਿਲ/ਪੀ.ਐਚ.ਡੀ) ਪ੍ਰਾਰੰਭ ਹੋਏ ਤੇ ਚੰਗੇ ਸਿੱਟੇ ਨਿਕਲੇ। ਖੁਸ਼ੀ ਦੀ ਗੱਲ ਹੈ, ਹੁਣ ਅਣਗੌਲੇ ਪੁਆਧ, ਪੁਆਧੀ ਤੇ ਪੁਆਧ ਖੇਤਰ ਦੀ ਮਹੱਤਤਾ ਦਾ ਜ਼ਿਕਰ ਹੋਣ ਲੱਗਿਆ।

ਉਪਰੋਕਤ ਸੰਦਰਭ ਵਿੱਚ 'ਪੁਆਧ ਦਰਪਣ' (ਅਤੀਤ ਦੇ ਝਰੋਖੇ ਥੀਂ) ਖੋਜ ਪੁਸਤਕ-ਪਰਾਗਾ ਪਹਿਲਾ 2006 'ਚ ਪ੍ਰਕਾਸ਼ਿਤ ਹੋਈ ਜਿਸ ਦੀ ਖੂਬ ਪ੍ਰਸੰਸਾ ਹੋਈ। 'ਧਰਤ ਪੁਆਧ' ਪਰਾਗਾ ਦੂਜਾ ਖੋਜ ਪੁਸਤਕ 2016 'ਚ ਪ੍ਰਕਾਸ਼ਿਤ ਹੋਈ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਖੋਜਾਰਥੀਆਂ ਨੇ ਇਨ੍ਹਾਂ ਦੋਵੇਂ ਪੁਸਤਕਾਂ 'ਤੇ ਐਮ.ਫਿਲ ਕਰ ਕੇ ਸ਼ਲਾਘਾ ਖੱਟੀ। 'ਪੁਆਧ ਕੀਆਂ ਝਲਕਾਂ' ਪਰਾਗਾ ਤੀਜਾ ਖੋਜ ਪੁਸਤਕ 2021 'ਚ ਪ੍ਰਕਾਸ਼ਿਤ ਹੋਈ ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ ਇਸੇ ਲੜੀ ਵਿੱਚ 'ਆਦਿ ਜੁਗਾਦਿ ਪੁਆਧ' ਪਰਾਗਾ



ਚੌਥਾ ਖੋਜ-ਪੁਸਤਕ ਦਾ ਪ੍ਰਯੋਜਨ ਕੀਤਾ ਗਿਆ। ਇਸ ਪੁਸਤਕ ਨੂੰ ਛੇ ਖੰਡਾਂ ਵਿੱਚ ਵੰਡਿਆ ਗਿਆ ਹੈ :

**ਖੰਡ ਪਹਿਲਾ :**

ਇਸ ਖੰਡ ਵਿੱਚ ਅੱਠ ਰਚਨਾਵਾਂ ਸ਼ਾਮਲ ਹਨ। ਡਾ. ਮੁਖਤਿਆਰ ਸਿੰਘ ਨੇ ਆਪਣੀ ਖੋਜ ਪੁਸਤਕ 'ਪੁਆਧੀ ਲੋਕ-ਗੀਤ' 'ਚ ਪੁਆਧੀ ਅਤੇ ਪੁਆਧੀ ਭਾਸ਼ਾ ਇਕ ਵਿਸ਼ਲੇਸ਼ਣ' ਬੜੀ ਬਰੀਕੀ ਬੀਨੀ ਨਾਲ ਵਰਨਣ ਕੀਤਾ ਹੈ ਇਸ ਤੋਂ ਖੋਜਾਰਥੀਆਂ ਨੂੰ ਭਰਪੂਰ ਜਾਣਕਾਰੀ ਮਿਲੇਗੀ। ਡਾ. ਹਰਪ੍ਰਵੀਨ ਕੌਰ ਨੇ 'ਪੁਆਧੀ ਉਪਭਾਸ਼ਾ ਦੀ ਵਿਆਕਰਨ' ਪੁਸਤਕ ਤਿਆਰ ਕਰਦਿਆਂ 'ਪੁਆਧੀ ਦੀ ਅਰਥ ਵਿਉਂਤ' 'ਚ ਨਵੇਂ ਨੁਕਤੇ ਉਭਾਰੇ ਹਨ। ਡਾ. ਜਗਜੀਤ ਸਿੰਘ ਨੇ ਆਪਣੀ ਖੋਜ ਪੁਸਤਕ 'ਪੁਆਧੀ ਜਲਸਾ ਅਤੇ ਕਵੀਸ਼ਰੀ' (ਪਰੰਪਰਾ ਤੇ ਪੇਸ਼ਕਾਰੀ) ਰਾਹੀਂ 'ਪੁਆਧੀ ਲੋਕ-ਮਨੋਰੰਜਨ : ਮੁੱਖ ਸਰੋਕਾਰ' ਅਤੇ 'ਪੁਆਧ ਦੀ ਕਵੀਸ਼ਰੀ ਪਰੰਪਰਾ ਅਤੇ ਕਵੀਸ਼ਰ ਰੌਣਕ ਸਿੰਘ ਚੁੰਨ੍ਹੀ ਕਲਾਂ' ਲਿਖਤਾਂ ਰਾਹੀਂ ਪੁਆਧ ਦੀ ਲੋਕ -ਕਲਾ ਨੂੰ ਖੋਜ-ਦ੍ਰਿਸ਼ਟੀ ਰਾਹੀਂ ਪੇਸ਼ ਕੀਤਾ ਹੈ। ਡਾ. ਸਿਮਰਜੀਤ ਕੌਰ ਨੇ ਆਪਣੇ ਪੀ.ਐਚ.ਡੀ. ਥੀਸਿਸ ਰਾਹੀਂ 'ਪੁਆਧ ਵਿਚ ਜਨਮ, ਵਿਆਹ ਅਤੇ ਮੌਤ ਨਾਲ ਸਬੰਧਿਤ ਰਸਮੀ ਵਰਤਾਰਾ' ਨੂੰ ਪੁਆਧ ਖੇਤਰ ਦੀਆਂ ਵੱਖ-ਵੱਖ ਬਰਾਦਰੀਆਂ ਦੀ ਜੀਵਨ-ਸ਼ੈਲੀ ਦੇ ਸਬੰਧਤ ਝਲਕੀ-ਦ੍ਰਿਸ਼ ਰੂਪਮਾਨ ਕੀਤੇ ਹਨ। ਨਿਰੰਜਣ ਸਿੰਘ ਸੈਲਾਨੀ ਨੇ ਆਪਣੇ ਜੀਵਨ ਦੀਆਂ ਯਾਦਾਂ 'ਪੁਆਧ ਦਰਸ਼ਨ-ਇੱਕ ਅਭੁੱਲ ਯਾਦ' ਰਾਹੀਂ ਸਮੇਂ ਨੂੰ ਪੁਨਰ ਸੁਰਜੀਤ ਕੀਤਾ ਹੈ। ਪੁਆਧੀ ਅਖਾੜੇ ਦਾ ਮੋਢੀ ਭਗਤ ਆਸਾ ਰਾਮ ਬੈਦਵਾਨ ਪੁਆਧ ਦਾ ਲੋਕ-ਨਾਇਕ ਕਲਾਕਾਰ ਕਿਸੇ ਤੋਂ ਭੁਲਾਇਆ ਨਹੀਂ ਜਾ ਸਕਦਾ। ਅਵਤਾਰ ਸਿੰਘ ਬਿਲਿੰਗ ਨੇ ਪੁਰਾਣੇ ਪੱਤਰੇ ਫੋਲਦਿਆਂ 'ਜਲਸਾ ਆਸਾ ਰਾਮ ਬੈਦਵਾਨ ਦੀ ਇਕ ਝਲਕ' ਪਾਠਕਾਂ ਦੇ ਸਾਹਮਣੇ ਸਜੀਵ ਕੀਤੀ ਹੈ। ਇਹ ਖੰਡ ਅਕਾਦਮਿਕ ਪੱਖੋਂ ਮੁੱਲਵਾਨ ਹੈ।

**ਖੰਡ ਦੂਜਾ :**

ਪੁਆਧ ਦੇ ਪੰਜ ਵੇਖਣ ਯੋਗ ਅਸਥਾਨਾਂ ਨੂੰ ਇਸ ਖੰਡ ਵਿੱਚ ਸ਼ਾਮਲ ਕੀਤਾ ਗਿਆ। ਡਾ. ਜਸਵਿੰਦਰ ਸਿੰਘ ਧਾਲੀਵਾਲ ਵਲੋਂ 'ਖਾਲਸੇਈ ਵਿਰਾਸਤ

ਦਾ ਦਰਪਣ : ਵਿਰਾਸਤ- ਏ-ਖਾਲਸਾ', ਸਤਵਿੰਦਰ ਸਿੰਘ ਮੜੌਲਵੀ ਵੱਲੋਂ 'ਦਾਸਤਾਨ-ਏ-ਸ਼ਹਾਦਤ-ਸ੍ਰੀ ਚਮਕੌਰ ਸਾਹਿਬ', ਗੁਰਪ੍ਰੀਤ ਸਿੰਘ ਨਿਆਮੀਆਂ ਵੱਲੋਂ 'ਸਰਹਿੰਦ ਫਤਿਹ ਦਾ ਪ੍ਰਤੀਕ ਫਤਿਹ ਬੁਰਜ ਚੱਪੜਚਿੜੀ', ਡਾ. ਰਾਜਿੰਦਰ ਸਿੰਘ ਕੰਬੋਜ ਵੱਲੋਂ, 'ਚੰਡੀਗੜ੍ਹ ਦਾ ਰਾਕ ਗਾਰਡਨ ਨਿਵੇਕਲੀ ਕਲਾ ਦਾ ਅਚੰਭਾ' ਅਤੇ ਰਣਜੀਤ ਸਿੰਘ ਵੱਲੋਂ 'ਛੱਤਬੀੜ ਚਿੜੀਆ ਘਰ ਇੱਕ ਅਦੁੱਤੀ ਸੰਸਥਾਨ'। ਇਨ੍ਹਾਂ ਨੂੰ ਪੁਆਧ ਦੇ ਪੰਜ ਅਜੂਬੇ ਵੀ ਕਿਆਸਿਆ ਜਾ ਸਕਦਾ ਹੈ। ਕੋਸ਼ਿਸ਼ ਕੀਤੀ ਗਈ ਹੈ, ਪੁਆਧ ਦੀਆਂ ਇਤਿਹਾਸਕ ਯਾਦਗਾਰਾਂ ਤੇ ਜੀਵ ਪ੍ਰਾਣੀ ਸੰਸਾਰ ਨੂੰ ਪਾਠਕਾਂ ਦੇ ਸਨਮੁਖ ਕੀਤਾ ਜਾ ਸਕੇ।

**ਖੰਡ ਤੀਜਾ :**

ਪੁਆਧ ਦੇ ਅਣਗੌਲੇ ਇਤਿਹਾਸ ਦੇ ਪੰਨਿਆਂ ਨੂੰ ਘੋਖਿਆਂ ਪਤਾ ਲਗਦਾ ਹੈ ਕਿ ਪੁਆਧ ਦੇ ਅਮੀਰ ਵਿਰਸੇ ਦੀ ਪੰਜਾਬ ਦੇ ਇਤਿਹਾਸ ਵਿੱਚ ਵੱਡੀ ਭੂਮਿਕਾ ਰਹੀ ਹੈ। ਪੁਆਧ ਦੀ ਵਿਰਾਸਤ 'ਤੇ ਪਈ ਧੂੜ 'ਚੋਂ ਅਤੀਤ ਨੂੰ ਯਾਦ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਦੁੱਖ ਦੀ ਗੱਲ ਹੈ ਕਿ ਅਸੀਂ ਆਪਣੇ ਇਤਿਹਾਸ ਨੂੰ ਸੰਭਾਲਣ ਦਾ ਕਦੇ ਯਤਨ ਹੀ ਨਹੀਂ ਕੀਤਾ।

ਡਾ. ਕੇਸਰ ਸਿੰਘ ਬਰਵਾਲੀ (ਸਵਰਗੀ) ਦੀ ਖੋਜ ਪੁਸਤਕ 'ਸਾਨੂੰ ਕਿਹੜੀ ਜੂਨੇ ਪਾਇਆ' ਚੋਂ 'ਪੁਆਧ ਦੀ ਇਤਿਹਾਸਕਤਾ ਮੁਗਲਾਂ ਦੇ ਰਾਜ ਤੋਂ ਬੰਦਾ ਸਿੰਘ ਬਹਾਦਰ ਦਾ ਖਾਲਸਾ ਰਾਜ ' ਖੋਜਮਈ ਰਚਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫਤਿਹਗੜ੍ਹ ਦੇ ਖੋਜਾਰਥੀ ਪ੍ਰੋ. ਹਰਪ੍ਰੀਤ ਸਿੰਘ ਨਾਜ਼ ਅਤੇ ਅਮਨ ਸਿੰਘ ਨੇ 'ਪੁਆਧ ਦੀਆਂ ਪ੍ਰਮੁੱਖ ਰਿਆਸਤਾਂ' ਬਾਰੇ ਬੜੀ ਮਿਹਨਤ ਨਾਲ ਪੰਜ ਮਿਸਲਾਂ ਬਾਰੇ ਚਾਨਣ ਪਾਇਆ ਹੈ। ਖੋਜੀ ਵਿਦਵਾਨ ਡਾ. ਗੁਰਬਚਨ ਸਿੰਘ ਮਾਵੀ ਨੇ 'ਸਿੰਘਪੁਰੀਆ ਮਿਸਲ ਦੇ ਪੁਆਧੀ ਕਿਲ੍ਹਿਆਂ ਦੀ ਦਾਸਤਾਨ' ਸਬੰਧਤ ਥਾਵਾਂ ਦੇ ਵਿਅਕਤੀਆਂ ਨੂੰ ਮਿਲਕੇ ਪ੍ਰਾਪਤ ਕੀਤੀ ਹੈ। ਗੁਲਜ਼ਾਰ ਸਿੰਘ ਸੰਧੂ ਨੇ ਗੁਰਬਚਨ ਸਿੰਘ ਵਿਰਦੀ ਦੀ ਪੁਸਤਕ 'ਮੁਗਲ ਸ਼ਹਿਰ ਦੀਆਂ ਯਾਦਗਾਰਾਂ' ਦਾ ਅਧਿਐਨ ਕਰਦਿਆਂ 'ਸ਼ਹਿਰ ਸਰਹਿੰਦ ਦੀਆਂ ਯਾਦਗਾਰਾਂ ਤੇ ਬੁਲੰਦੀਆਂ' 'ਚ ਚੰਗੀ ਜਾਣਕਾਰੀ ਦਿੱਤੀ ਹੈ। ਪ੍ਰਿੰ. ਗੁਰਮੀਤ ਸਿੰਘ ਖਰੜ ਨੇ 'ਮਹਾਰਾਜਾ ਅਜ ਸਰੋਵਰ ਖਰੜ ਦੀ ਆਪਣੀ ਜ਼ੁਬਾਨੀ' ਨੂੰ ਵੱਖਰੀ ਸ਼ੈਲੀ ਰਾਹੀਂ ਸਜੀਵ ਕੀਤਾ ਹੈ। ਦਲਜੀਤ ਕੌਰ ਦਾਊਂ ਨੇ 'ਕੁੰਮੇ ਮਾਸ਼ਕੀ ਦੀ ਝੁੱਗੀ ਦਾ ਇਤਿਹਾਸਕ ਪ੍ਰਸੰਗ' 'ਚ ਮਾਤਾ ਗੁਜਰੀ, ਬਾਬਾ



ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਦੀ ਪਿੰਡ ਸਹੇੜੀ ਦੀ ਘਟਨਾ ਦਾ ਬਿਰਤਾਂਤ ਇਤਿਹਾਸਕ ਤੱਥਾਂ ਦੇ ਆਧਾਰ 'ਤੇ ਕੀਤਾ ਹੈ। ਪ੍ਰੋ. ਸੁਖਵਿੰਦਰ ਸਿੰਘ ਕਾਹਲੋਂ ਨੇ ਖਾਲਸਾਈ ਜਹੋ-ਜਲਾਲ ਦਾ ਪ੍ਰਤੀਕ 'ਹੋਲਾ ਮਹਲਾ' ਸ੍ਰੀ ਗੁਰੂ ਗੋਬਿੰਦ ਸਿੰਘ ਦੇ ਖਾਲਸਾਈ ਜੰਗੀ-ਅਭਿਆਸ ਨੂੰ ਤਾਜ਼ਾ ਕਰ ਵਿਖਾਇਆ ਹੈ।

**ਖੰਡ ਚੌਥਾ :**

ਇਸ ਖੰਡ 'ਚ ਪੁਆਧ ਦੇ 20 ਪਿੰਡਾਂ, ਕਸਬੇ ਤੇ ਸ਼ਹਿਰਾਂ ਦਾ ਇਤਿਹਾਸਕ, ਮਿਥਿਹਾਸਕ, ਸਭਿਆਚਾਰਕ, ਰਾਜਨੀਤਕ, ਧਾਰਮਿਕ ਅਤੇ ਕਲਾਤਮਿਕ ਪੱਖਾਂ 'ਤੇ ਅਧਾਰਤ ਵਿਸ਼ਲੇਸ਼ਣ ਕੀਤਾ ਗਿਆ ਹੈ। ਹੋਰ ਵਿਸਥਾਰ ਅਤੇ ਜਾਣਕਾਰੀ ਦਿੱਤੀ ਜਾ ਸਕਦੀ ਹੈ ਪਰੰਤੂ ਪੁਸਤਕ ਦੀ ਸੀਮਾ ਨੂੰ ਮੁੱਖ-ਰੱਖਦਿਆਂ ਸੰਜਮਤਾ ਤੋਂ ਕੰਮ ਲਿਆ ਗਿਆ ਹੈ। ਸਹੌੜਾਂ (ਜੀਵਨ ਸਿੰਘ), ਮੜੌਲੀ ਕਲਾਂ (ਸਤਵਿੰਦਰ ਸਿੰਘ ਮੜੌਲਵੀ) ਸਿਸਵਾਂ (ਸੁਖਪਾਲ ਸਿੰਘ), ਤਾਰਾਪੁਰ ਮਾਜਰੀ ਤੇ ਪਿੰਡ ਮਾਜਰੀ (ਸੂਰਪ ਸਿਆਲਵੀ) ਬੜੌਦੀ, ਬਰਦਾਰ ਤੇ ਬਿੰਦਰਖ (ਜੇ.ਐਸ. ਮਹਿਰਾ) ਰਤਨਗੜ੍ਹ (ਮਨਮੋਹਨ ਸਿੰਘ ਦਾਊਂ), ਬਜਹੇੜੀ (ਪ੍ਰਿੰ.ਗੁਰਮੀਤ ਸਿੰਘ ਖਰੜ) ਅੰਬਾਲਾ ਸ਼ਹਿਰ (ਮੀਨਾ ਨਵੀਨ), ਮਿਰਜ਼ਾਪੁਰ (ਬਲਜੀਤ ਸਿੰਘ ਚੁੰਬਰ) ਕਾਈਨੌਰ (ਸੁਰਿੰਦਰ ਸਿੰਘ ਰਸੂਲਪੁਰ) ਨੰਦਪੁਰ ਕਲੌੜ (ਡਾ. ਕਰਨੈਲ ਸਿੰਘ ਸੋਮਲ) ਰਾਜਪੁਰਾ (ਅਲੀ ਰਾਜਪੁਰਾ), ਲਾਲੜੂ, ਡੇਰਾਬਸੀ ਤੇ ਮੁਬਾਰਿਕਪੁਰ (ਗਿ.ਧਰਮ ਸਿੰਘ ਭੰਖਰਪੁਰ), ਭਿਉਰਾ (ਪ੍ਰੋ. ਹਰਪ੍ਰੀਤ ਸਿੰਘ) ਅਤੇ ਟੋਡਰਮਾਜਰਾ (ਜਗਦੀਪ ਸਿੰਘ ਬੈਦਵਾਨ) ਬਾਰੇ ਜਾਣਕਾਰੀ ਕਈ ਪੱਖਾਂ ਤੋਂ ਰੌਚਿਕ ਹੈ। ਹਰ ਪਿੰਡ ਦੀ ਆਪਣੀ ਵੱਖਰੀ ਨੁਹਾਰ ਤੇ ਮੁਹਾਂਦਰਾ ਹੁੰਦਾ ਹੈ। ਘਾੜ ਇਲਾਕੇ ਦੇ ਸੱਤ ਪਿੰਡਾਂ ਬਾਰੇ ਪਹਿਲੀ ਵਾਰ ਅਜਿਹੀ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਬਰਦਾਰ, ਬਿੰਦਰਖ, ਮਿਰਜ਼ਾਪੁਰ, ਤਾਰਾਪੁਰ ਮਾਜਰੀ, ਸਿਸਵਾਂ, ਮਾਜਰੀ ਤੇ ਬੜੌਦੀ।

**ਖੰਡ ਪੰਜਵਾਂ**

ਪੁਆਧ ਦੇ ਜਿਹੜੇ ਜੰਮ-ਪਲ ਸਾਡੇ ਚੇਤਿਆਂ ਵਿਚ ਵਸੇ ਹੋਏ ਹਨ ਉਨ੍ਹਾਂ ਦੀ ਦੇਣ ਤੇ ਕੀਰਤੀ ਪੁਆਧ ਲਈ ਗੌਰਵਮਈ ਹੈ। ਡਾ. ਗੁਰਬਚਨ ਸਿੰਘ ਮਾਵੀ ਨੇ 'ਪੁਆਧ ਦੇ ਜੰਮ-ਪਲ ਸ੍ਰੀ ਚਮਕੌਰ ਸਾਹਿਬ ਜੰਗ ਦੇ ਸ਼ਹੀਦ', ਨਵੀਂ

ਖੋਜ ਰਾਹੀਂ ਵਰਨਣ ਕੀਤੇ ਹਨ। ਖੇਡਾਂ ਦੀ ਦੁਨੀਆਂ 'ਚ ਨਾਮਣਾ ਖੱਟਣ ਵਾਲਿਆਂ 'ਚ ਡਾ. ਰਾਜਿੰਦਰ ਸਿੰਘ ਕੁਰਾਲੀ ਨੇ 'ਅੰਬਰੀ-ਕਿੱਕ ਲਾਉਣ ਵਾਲਾ ਪਰਮਿੰਦਰ ਸਿੰਘ' ਅਤੇ 'ਸ਼ਾਟ-ਪੁੱਟ ਦਾ ਚੈਂਪੀਅਨ-ਮੇਜਰ ਜੋਗਿੰਦਰ ਸਿੰਘ' ਬਾਰੇ ਬਹੁਤ ਹੀ ਰੌਚਿਕ-ਸ਼ੈਲੀ 'ਚ ਜਾਣਕਾਰੀ ਦਿੱਤੀ ਹੈ। ਪ੍ਰਿੰ. ਗੁਰਸ਼ੇਰ ਸਿੰਘ ਨੇ 'ਹੈਂਡਬਾਲ ਦੀ ਮਜ਼ਬੂਤ ਦੀਵਾਰ -ਇੰਦੂ' ਬਾਰੇ ਪ੍ਰੇਰਨਾ ਦੇਣ ਵਾਲੀ ਲਿਖਤ ਉਲੀਕੀ ਹੈ। ਡਾ. ਹਰਵਿੰਦਰ ਕੌਰ ਨੇ 'ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਨਥਲਪੁਰ ਵਾਲੇ' ਵਿਸਮਾਦੀ-ਰੰਗ ਵਾਲੀ ਰਚਨਾ ਕੀਤੀ ਹੈ। ਗੁਰਿੰਦਰ ਸਿੰਘ ਕਲਸੀ ਨੇ 'ਕਲਾ ਤਪੱਸਵੀ ਕੈਪਟਨ ਰਵਿੰਦਰ ਸੂਦ ਜੁਨੂੰ' ਬਾਰੇ ਬਹੁਤ ਨੇੜਿਓਂ ਹੰਢਾਏ ਅਨੁਭਵ ਅਭੀਵਿਅਕਤ ਕੀਤੇ ਹਨ। ਉੱਤਮਵੀਰ ਸਿੰਘ ਦਾਊਂ ਨੇ 'ਪੁਆਧ ਦੀ ਪਹਿਲੀ ਮਾਰੂਫ਼ ਅਦਾਕਾਰਾ-ਕੁਲਦੀਪ ਕੌਰ' ਬਾਰੇ ਖੋਜ ਭਰਪੂਰ ਦਾਸਤਾਨ ਰਾਹੀਂ ਸਾਂਝ ਪੁਆਈ ਹੈ। ਅਨਮੋਲ ਰਤਨ ਸਿੰਘ ਤੂਰ ਨੇ 'ਮੇਰੇ ਦਾਦਾ ਸਰਦਾਰ ਸਾਹਿਬ ਬਖਸ਼ੀਸ਼ ਸਿੰਘ' ਦੀ ਕੀਰਤੀ ਦਾ ਗੁਣ-ਗਾਇਨ ਕੀਤਾ ਹੈ।

**ਖੰਡ ਛੇਵਾਂ :**

ਇਸ ਖੰਡ ਵਿੱਚ ਪੁਆਧ ਦੀ ਵੰਨ-ਸਵੰਨਤਾ ਦਾ ਰੰਗ ਪੇਸ਼ ਕੀਤਾ ਗਿਆ ਹੈ। 'ਪੁਆਧੀ ਲੋਕ-ਗੀਤਾਂ ਦੀਆਂ ਕੁਝ ਵੰਨਗੀਆਂ' (ਮਨਮੋਹਨ ਸਿੰਘ ਦਾਊਂ), 'ਉਜਾੜੇ ਦੀ ਦਾਸਤਾਨ' ਖ਼ੂਬਸੂਰਤ ਕਵਿਤਾ (ਕਸ਼ਮੀਰ ਕੌਰ ਸੰਧੂ), 'ਚੰਡੀਗੜ੍ਹ ਵਸਾਉਣ ਲਈ ਪਿੰਡਾਂ ਦੇ ਉਜਾੜੇ ਦਾ ਸਦਮਾ' (ਮਨਮੋਹਨ ਸਿੰਘ ਦਾਊਂ) ਇਕ ਕਰੁਣਾ ਮਈ ਰਚਨਾ ਹੈ। 'ਪੁਆਧ ਦੇ ਤਿੰਨ ਕੰਧ ਚਿੱਤਰਾਂ ਦਾ ਇਤਿਹਾਸ' ਡਾ. ਕੰਵਰਜੀਤ ਸਿੰਘ ਕੰਗ ਦੀ ਪੁਸਤਕ 'ਮਿਟ ਰਹੀ ਕਲਾ' 'ਚੋਂ ਪ੍ਰਾਪਤ ਕੀਤੇ ਗਏ ਹਨ। 'ਪੁਆਧ ਦੀ ਧਰਤੀ 'ਤੇ ਬਾਬਾ ਨਾਨਕ ਦੀਆਂ ਪੈੜਾਂ' (ਜਗਦੀਸ਼ ਸਿੰਘ ਢਿੱਲੋਂ) ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ। 'ਹਥੌਤ ਦੇ ਮਾਂਹ' (ਸ਼ਮਸ਼ੇਰ ਸਿੰਘ ਡੂਮੇਵਾਲ) ਦੀ ਮਾਰਮਿਕ ਕਹਾਣੀ ਪੁਆਧ ਦੇ ਅਣਗੌਲੇ ਖਿੱਤੇ 'ਤੇ ਝਾਤ ਪੁਆਉਂਦੀ ਹੈ।

ਪੁਆਧ ਦੇ ਹੋਰ ਪੱਖਾਂ ਅਤੇ ਖਿੱਤਿਆਂ ਬਾਰੇ ਸਾਡਾ ਜਤਨ ਜਾਰੀ ਹੈ ਜਿਸ ਨੂੰ ਪੰਜਵੇਂ ਪਰਾਗੇ 'ਚ ਪਰੋਸਣ ਦੀ ਕੋਸ਼ਿਸ਼ ਰਹੇਗੀ।



ਇਸ ਪੁਸਤਕ ਦੇ ਉਨ੍ਹਾਂ ਸਾਰੇ ਲੇਖਕਾਂ, ਸਾਹਿਤਕਾਰਾਂ, ਖੋਜੀਆਂ ਅਤੇ ਵਿਦਵਾਨਾਂ ਦਾ ਮੈਂ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਸਮੇਂ ਸਿਰ ਆਪਣੀਆਂ ਕੀਮਤੀ ਰਚਨਾਵਾਂ ਭੇਜ ਕੇ ਪੁਸਤਕ ਨੂੰ ਸੰਪੂਰਨ ਕਰਨ ਲਈ ਸਹਿਯੋਗ ਦਿੱਤਾ। ਮੈਂ ਰਿਣੀ ਹਾਂ ਐਡਵੋਕੇਟ ਮੋਤਾ ਸਿੰਘ ਸਰਾਏ (ਸੰਚਾਲਕ, ਯੂਰਪੀ ਪੰਜਾਬੀ ਸੱਥ, ਵਾਲਸਾਲ ਯੂ.ਕੇ ) ਅਤੇ ਸੱਥਾਂ ਦੇ ਸੰਚਾਲਕ ਤੇ ਰਹਿਬਰ ਡਾ. ਨਿਰਮਲ ਸਿੰਘ (ਪੰਜਾਬੀ ਸੱਥ ਲਾਂਬੜਾ-ਜਲੰਧਰ) ਦਾ ਜਿਨ੍ਹਾਂ ਦੀ ਅਗਵਾਈ ਰਾਹੀਂ ਇਸ ਪੁਸਤਕ ਦਾ ਪ੍ਰਯੋਜਨ ਮੁਕੰਮਲ ਹੋ ਸਕਿਆ।

ਪੁਸਤਕ ਦੀ ਸੁੰਦਰ ਕੰਪੋਜ਼ਿੰਗ ਲਈ ਨਵਰੂਪ ਕੌਰ (ਮੋਬਾ. 6280955532) ਦਾ ਕਾਰਜ ਵਡਿਆਈ ਯੋਗ ਹੈ। ਧੰਨਵਾਦੀ ਹਾਂ ਉਸ ਦੀ ਮਿਹਨਤ ਲਈ।

ਪੁਸਤਕ ਦੇ ਪ੍ਰਕਾਸ਼ਕ ਦਾ ਵੀ ਮੈਂ ਅਤੀ ਧੰਨਵਾਦੀ ਹਾਂ।

ਮਿਤੀ : 1 ਮਈ, 2022

**- ਮਨਮੋਹਨ ਸਿੰਘ ਦਾਊਂ**
ਮੋਬਾ. 98151-23900

## ਖੰਡ - ਪਹਿਲਾ

ਪੁਆਧ, ਪੁਆਧੀ ਤੇ ਪੁਆਧ ਖੇਤਰ
ਬਾਰੇ ਜਾਣਕਾਰੀ



# ਪੁਆਧ ਅਤੇ ਪੁਆਧੀ ਭਾਸ਼ਾ-ਇਕ ਵਿਸ਼ਲੇਸ਼ਣ

- ਡਾ. ਮੁਖਤਿਆਰ ਸਿੰਘ
ਮੋਬਾ. 9876090172

ਪੰਜਾਬ ਭਾਰਤ ਦਾ ਇਕ ਅਜਿਹਾ ਸੂਬਾ ਹੈ ਜਿਸ ਨੂੰ ਆਪਣੀ ਪੁਰਾਤਨ ਸਭਿਅਤਾ ਉਤੇ ਹਮੇਸ਼ਾ ਮਾਣ ਰਿਹਾ ਹੈ। ਸ੍ਰੀ ਰਬਿੰਦਰ ਨਾਥ ਟੈਗੋਰ ਲਿਖਦਾ ਹੈ, " ਸਾਡਾ ਪੰਜਾਬ ਯੂਰਪ ਵਿਚ ਜਰਮਨੀ, ਪਛਮੀ ਏਸ਼ੀਆ ਵਿਚ ਦਜਲਾ-ਫਿਰਾਤ ਦੀ ਵਾਦੀ ਤੇ ਪੂਰਬੀ ਏਸ਼ੀਆ ਵਿੱਚੋਂ ਚੀਨ ਦੇ ਮੈਦਾਨ ਵਾਂਗ ਧਰਤੀ ਦੇ ਤਖਤੇ ਉਤੇ ਉਨ੍ਹਾਂ ਹਿੱਸਿਆਂ ਵਿਚੋਂ ਹੈ ਜਿਨ੍ਹਾਂ ਉਤੇ ਇਤਿਹਾਸ ਦੇ ਵਹਿਣ ਆਪਣੇ ਪੂਰੇ ਜ਼ੋਰ ਨਾਲ ਵਗਦੇ ਰਹੇ ਹਨ। ਇਹ ਧਰਤੀ ਦਾ ਉਹ ਸੁੰਦਰ ਟੁੱਕੜਾ ਹੈ ਜਿਸ ਦੇ ਅਸਮਾਨਾਂ ਉਤੇ ਪਹਿਲੀ ਪ੍ਰਭਾਤ ਉਤਰੀ, ਜਿਸਦੇ ਤਪੋਬਨਾਂ ਵਿਚ ਸ਼ਾਮ ਗੀਤਾਂ ਦੀ ਪਹਿਲੀ ਕੂਕ ਉਠੀ ਅਤੇ ਜਿਥੇ ਭਾਰਤ ਦੇ ਪਹਿਲੇ ਸਭਿਆ ਮਨੁੱਖ ਨੇ ਜਨਮ ਲਿਆ ਅਤੇ ਜਿਥੇ ਭਾਰਤ ਦੀ ਸੰਸਕ੍ਰਿਤੀ ਪਹਿਲਾਂ ਪਹਿਲ ਉਦਗਮ ਹੋਈ।" ਆਰੀਆ ਕੌਮ ਤੋਂ ਪਹਿਲਾਂ ਵੀ ਇਥੇ ਇਕ ਮਹਾਨ ਸਭਿਅਤਾ ਵਸਦੀ ਸੀ। ਬਾਵਜੂਦ ਆਪਣੀ ਇਸ ਮਹਾਨ ਵਿਰਾਸਤ ਦੇ ਪੰਜਾਬ ਨੂੰ ਕਈ ਵਾਰ ਬਾਹਰੀ ਹਮਲਿਆਂ ਦਾ ਸ਼ਿਕਾਰ ਹੋਣਾ ਪਿਆ ਅਤੇ ਸਮੇਂ-ਸਮੇਂ ਰਾਜਸੀ ਤਾਕਤਾਂ ਦੀ ਸੌੜੀ ਸੋਚ ਕਾਰਨ ਵੰਡ ਦੇ ਸੰਤਾਪ ਨੂੰ ਵੀ ਇਸਨੇ ਵਾਰ-ਵਾਰ ਹੰਢਾਇਆ ਹੈ। 1947 ਦੀ ਵੰਡ ਨੇ ਪੰਜਾਬ ਨੂੰ ਇਸਦੀ ਹਿੱਕ ਦੇ ਐਨ ਵਿਚਕਾਰੋਂ ਚੀਰ ਕੇ ਇਕ ਅਜਿਹਾ ਜਖ਼ਮ ਦਿਤਾ ਜਿਸ ਦੀ ਪੀੜ੍ਹਾ ਅੱਜ ਵੀ ਪੰਜਾਬੀ ਲੋਕ ਮਨ ਮਹਿਸੂਸ ਕਰਦਾ ਹੈ। ਕਦੇ ਪੰਜਾਬ ਸੱਤਾਂ ਦਰਿਆਵਾਂ (ਸਿੰਧ, ਜਿਹਲਮ, ਚਨਾਵ, ਰਾਵੀ, ਬਿਆਸ, ਸਤਲੁਜ, ਜਮਨਾ, ਸਰਸਵਤੀ) ਦੀ ਧਰਤੀ ਸਪਤਸਿੰਧੂ ਅਖਵਾਉਂਦਾ ਸੀ। ਪੰਜਾਬ ਪੰਜ+ਆਬ ਪੰਜਾਂ ਦਰਿਆਵਾਂ ਦੀ ਧਰਤੀ ਹੁਣ ਸਿਰਫ਼ ਢਾਈ ਦਰਿਆਵਾਂ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ।

1966 ਵਿਚ ਭਾਰਤੀ ਪੰਜਾਬ ਨੂੰ ਤੋੜ ਕੇ ਹੋਰ ਛੋਟਾ ਕਰ ਦਿੱਤਾ ਗਿਆ ਹੈ ਅਤੇ ਇਸਦੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਨਵੇਂ ਬਣੇ ਹਿਮਾਚਲ ਅਤੇ ਹਰਿਆਣਾ ਸੂਬਿਆਂ ਨਾਲ ਜੋੜ ਦਿੱਤਾ ਗਿਆ। ਸੌੜੇ ਰਾਜਸੀ ਹਿੱਤਾਂ ਕਰਕੇ ਭਾਵੇਂ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਕੁਝ ਇਲਾਕੇ ਦੂਜੇ ਸੂਬਿਆਂ ਨਾਲ

ਮਿਲਾ ਦਿੱਤੇ ਪਰੰਤੂ ਭੂਗੋਲਿਕ ਹੱਦਾਂ ਦੀ ਇਹ ਲਕੀਰੀ ਵੰਡ ਸਭਿਆਚਾਰਕ ਪਹਿਚਾਣ ਨੂੰ ਨਹੀਂ ਖਤਮ ਕਰ ਸਕੀ। ਸਾਡੇ ਲੇਖ ਦਾ ਸੰਬੰਧ ਪੰਜਾਬ ਦੇ ਇਕ ਉਪ-ਖਿੱਤੇ ਪੁਆਧ ਨਾਲ ਹੈ, ਜਿਸਦੇ ਕੁਝ ਇਲਾਕੇ ਹਿਮਾਚਲ ਅਤੇ ਹਰਿਆਣਾ ਵਿਚ ਸ਼ਾਮਿਲ ਕਰ ਦਿੱਤੇ ਗਏ ਹਨ। ਇਸ ਲਈ ਉਪਰੋਕਤ ਜਾਣਕਾਰੀ ਦੇਣੀ ਜ਼ਰੂਰੀ ਮਹਿਸੂਸ ਹੋਈ ਸੀ।

ਅਜੋਕੇ ਪੰਜਾਬ ਦੇ ਚਾਰ ਮੁੱਖ ਉਪ ਖਿੱਤੇ ਹਨ; ਮਾਝਾ, ਦੁਆਬਾ, ਮਾਲਵਾ ਅਤੇ ਪੁਆਧ। ਇਨ੍ਹਾਂ ਚਾਰੇ ਉਪ ਖਿੱਤਿਆਂ ਵਿਚ ਕ੍ਰਮਵਾਰ ਮਾਝੀ, ਦੁਆਬੀ, ਮਲਵਈ ਅਤੇ ਪੁਆਧੀ ਉਪਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਹਰ ਇੱਕ ਖਿੱਤੇ ਜਾਂ ਵਸਤੂ ਵਿਸ਼ੇਸ਼ ਦੇ ਨਾਮਕਰਨ ਪਿੱਛੇ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦਾ ਹੈ। ਪੰਜਾਬ ਦੇ ਇਨ੍ਹਾਂ ਚਾਰੇ ਖਿੱਤਿਆਂ ਦੇ ਨਾਮਕਰਨ ਪਿਛੇ ਵੀ ਕੁਝ ਕਾਰਨ ਹਨ। ਮਾਝਾ ਅਤੇ ਦੁਆਬਾ ਨਾਮ ਸਥਾਨ ਵਾਚਕ ਹੈ ਭਾਵ ਇਨ੍ਹਾਂ ਦਾ ਨਾਮ ਇਥੇ ਵਗਦੇ ਦਰਿਆਵਾਂ ਦੇ ਵਿਚਕਾਰ ਸਥਿਤ ਹੋਣ ਕਾਰਨ ਪਿਆ। ਮਾਝੇ ਖਿੱਤੇ ਦਾ ਨਾਮ ਰਾਵੀ ਅਤੇ ਬਿਆਸ ਦੇ ਦਰਿਆਵਾਂ ਦੇ ਦਰਮਿਆਨ ਜਾਂ ਮੱਧ ਵਿਚ ਸਥਿਤ ਹੋਣ ਕਾਰਨ ਪਿਆ ਹੈ। ਇਸੇ ਤਰ੍ਹਾਂ ਹੀ ਦੁਆਬਾ ਵੀ ਦੋ ਦਰਿਆਵਾਂ ਦੀ ਧਰਤੀ (ਦੋ+ਆਬ) ਦੁਆਬਾ ਪ੍ਰਸਿੱਧ ਹੋਇਆ। ਪੰਜਾਬ ਵਿਚ ਵਗਦੇ ਦਰਿਆਵਾਂ ਵਿਚਕਾਰ ਪੈਂਦੇ ਇਲਾਕੇ ਨੂੰ 'ਦੁਆਬ' ਵੀ ਕਿਹਾ ਜਾਂਦਾ ਹੈ। ਡਾ. ਗੰਡਾ ਸਿੰਘ ਪੰਜਾਬ ਨੂੰ ਪੰਜ ਕੁਦਰਤੀ ਦੁਆਬਿਆਂ ਵਿਚ ਵੰਡਿਆ ਹੋਇਆ ਦੱਸਦਾ ਹੈ; ਬਿਸਤ ਜਲੰਧਰ ਦੁਆਬ, ਬਾਰੀ ਦੁਆਬ, ਰਚਨਾ ਦੁਆਬ, ਚੱਜ ਦੁਆਬ ਅਤੇ ਸਿੰਧ ਸਾਗਰ ਦੁਆਬ। ਬਿਆਸ ਅਤੇ ਸਤਲੁਜ ਦਰਮਿਆਨ ਸਥਿਤ ਇਲਾਕੇ ਦਾ ਨਾਂ ਦੁਆਬਾ ਪੈ ਗਿਆ। ਮਾਲਵਾ ਨਾਮ ਜਾਤੀ ਵਾਚਕ ਹੈ। ਮਲੋਈ ਨਾਂ ਦੀ ਜਾਤੀ ਇਥੇ ਵਸਦੀ ਸੀ ਇਸ ਕਾਰਨ ਇਸ ਖਿੱਤੇ ਦਾ ਨਾਂ ਮਲਵਾ ਪਿਆ। ਡਾ. ਨਾਹਰ ਸਿੰਘ ਅਨੁਸਾਰ ਪੰਜਾਬ ਦੇ ਇਸ ਖਿੱਤੇ ਦਾ ਨਾਂ ਮਾਲਵਾ ਜਾਤੀ ਦੇ ਨਾਂ ਉਤੇ 326 ਈ. ਪੂ. ਤੋਂ 150 ਈ. ਪੂ. ਦੇ ਵਿਚਕਾਰ ਪੈ ਗਿਆ ਸੀ।

ਪੁਆਧ; ਪੁਆਧ ਲਈ ਪਵਾਧ, ਪੋਵਾਧ, ਪੁਵਾਧ ਅਤੇ ਪੁਆਧ ਆਦਿ ਨਾਂ ਪ੍ਰਚਲਿਤ ਰਹੇ ਹਨ। ਪਰੰਤੂ ਜ਼ਿਆਦਾਤਰ 'ਪੁਆਧ' ਸ਼ਬਦ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਡਾ. ਗ੍ਰੀਅਰਸਨ ਤੋਂ ਲੈ ਕੇ ਦੁਨੀਚੰਦ੍ਰ, ਡਾ. ਬਨਾਰਸੀ ਦਾਸ ਜੈਨ, ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਵੀ ਪੁਆਧ ਸ਼ਬਦ ਦੀ ਉਤਪਤੀ ਸੰਬੰਧੀ ਆਪੋ



ਆਪਣੇ ਵਿਚਾਰ ਦਿਤੇ ਹਨ। ਪਰੰਤੂ ਸਾਰੇ ਇਸ ਗੱਲ ਨਾਲ ਸਹਿਮਤ ਹਨ ਕਿ ਪੰਜਾਬ ਦੇ ਪੂਰਬੀ ਭਾਗ ਵਿਚ ਸਥਿਤ ਇਲਾਕੇ ਨੂੰ ਪੁਆਧ ਕਿਹਾ ਜਾਂਦਾ ਹੈ। ਪੁਆਧ ਨਾਮ ਦਿਸ਼ਾ ਵਾਚਕ ਹੈ ਮੈਂ ਵੀ ਇਸ ਗੱਲ ਨਾਲ ਸਹਿਮਤ ਹਾਂ ਕਿ ਪੁਆਧ ਨਾਮਕਰਨ ਇਸਦੇ ਪੰਜਾਬ ਦੀ ਪੂਰਬੀ ਦਿਸ਼ਾ ਵਿਚ ਸਥਿਤ ਹੋਣ ਕਾਰਨ ਹੀ ਪਿਆ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਪੁਆਧ ਸ਼ਬਦ ਦਸੀ ਵਿਉਂਤਪਤੀ ਸੰਬੰਧੀ ਵਿਆਖਿਆ ਕਰਦੇ ਹੋਏ ਲਿਖਦਾ, "ਪੁਆਧ ਦੀ ਵਿਉਂਤਪਤੀ ਸ਼ਾਇਦ ਸੰਸਕ੍ਰਿਤ ਸ਼ਬਦ 'ਪੂਰਬ ਅਰਧ' ਤੋਂ ਸੰਭਵ ਹੈ ਜਿਸ ਦਾ ਅਰਥ ਹੈ 'ਚੜ੍ਹਦੇ ਵਾਲੇ ਪਾਸੇ ਦਾ ਅੱਧਾ ਹਿਸਾ'। ਪੁਆਧ ਦੇ ਐਨ ਟਾਂਕਰੇ ਦਾ ਵਿਰੋਧਾਰਥਕ ਪਚਾਧ ਹੈ ਜਿਸ ਵਲ ਇਸ਼ਾਰਾ ਡਾ. ਗ੍ਰੀਅਰਸਨ ਨੇ ਵੀ 'ਰਾਠੀ' ਦੇ ਐਨ ਟਾਕਰੇ ਦਾ ਵਿਰੋਧਾਰਥਕ ਪਚਾਧ ਆਮ ਵਰਤੋਂ ਵਿਚ ਪੱਛਮੀ ਪੰਜਾਬ ਦੇ ਵਸਨੀਕ ਮੁਸਲਮਾਨਾਂ ਨੂੰ ਕਿਹਾ ਜਾਂਦਾ ਹੈ। ਪਚਾਧ ਦੀ ਨਿਰੁਕਤੀ ਸੰ: ਪਸਚ-ਅਰਧ ਤੋਂ ਸੰਭਵ ਹੈ ਅਰਥਾਤ ਪੱਛਮ ਦਾ ਅੱਧਾ ਹਿੱਸਾ ਜਾਂ ਫਿਰ ਛਿਪਦੇ ਵਾਲੇ ਪਾਸੇ ਦਾ ਅੱਧਾ ਹਿੱਸਾ। ਇਸ ਤਰ੍ਹਾਂ ਪੁਆਧ ਪੰਜਾਬ ਦੇ ਪੂਰਬੀ ਭਾਗ ਨੂੰ ਕਿਹਾ ਜਾਂਦਾ ਹੈ ਅਤੇ ਪਚਾਧ ਪੰਜਾਬ ਦੇ ਪੱਛਮੀ ਭਾਗ ਨੂੰ ਕਿਹਾ ਜਾਂਦਾ ਹੋਵੇਗਾ। ਇਉਂ ਪੁਰਵਾਰਧ ਤੋਂ ਹੀ ਪੁਆਧ/ ਪਵਾਧ ਦਾ ਨਿਕਾਸ ਹੋਇਆ ਹੈ।

ਪੁਆਧ ਨੂੰ ਪੂਰਵ ਅਰਧ, ਪੂਰਬੀ ਭਾਗ, ਪੂਰਬੀ ਭਾਗ ਦਾ ਅੱਧਾ ਹਿੱਸਾ ਜਾਂ ਚੜ੍ਹਦੇ ਵਾਲੇ ਪਾਸੇ ਦਾ ਅੱਧਾ ਹਿੱਸਾ ਕਹਿ ਲਿਆ ਜਾਵੇ ਸਾਡਾ ਮੁੱਖ ਮੰਤਵ ਨਾਮਕਰਨ ਤੋਂ ਹੈ। ਪੁਆਧ ਪੰਜਾਬ ਦੇ ਪੂਰਬ ਵਿਚ ਹੀ ਸਥਿਤ ਹੈ ਇਹੀ ਇਸਦੇ ਨਾਮਕਰਨ ਦਾ ਸਭ ਤੋਂ ਵੱਡਾ ਕਾਰਨ ਹੈ। ਇਸ ਤਰ੍ਹਾਂ ਪੁਆਧ ਪੰਜਾਬ ਦੇ ਪੂਰਬ ਵਿਚ ਪੈਂਦਾ ਉਹ ਇਲਾਕਾ ਹੈ ਜਿੱਥੇ ਪੰਜਾਬੀ ਦੀ ਇਕ ਉਪਭਾਸ਼ਾ ਪੁਆਧੀ ਬੋਲੀ ਜਾਂਦੀ ਹੈ।

**ਪੁਆਧ ਦੀਆਂ ਸੀਮਾਵਾਂ**

ਕਿਸੇ ਵੀ ਖਿੱਤੇ ਵਿਸ਼ੇਸ਼ ਦੀਆਂ ਸੀਮਾਵਾਂ ਨਿਰਧਾਰਤ ਕਰਨ ਲਈ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਆਧਾਰ ਬਣਾਇਆ ਜਾਂਦਾ ਹੈ। ਇਨ੍ਹਾਂ ਵਿਚੋਂ ਵੀ ਭਾਸ਼ਾ ਮੁੱਖ ਰੋਲ ਨਿਭਾਉਂਦੀ ਹੈ। ਪਰ ਇੱਥੇ ਇਹ ਵੀ ਸਹੀ ਹੈ ਕਿ ਕਿਸੇ ਵੀ ਖਿੱਤੇ ਵਿਸ਼ੇਸ਼ ਦੀਆਂ ਸੀਮਾਵਾਂ ਨਿਰਧਾਰਤ ਕਰਨ ਸਮੇਂ ਕੋਈ ਇਕ ਪੱਕੀ ਨਿਸ਼ਚਿਤ ਸੀਮਾ ਰੇਖਾ ਨਹੀਂ ਖਿੱਚੀ ਜਾ ਸਕਦੀ ਜਿਥੇ ਖੜੇ ਹੋ ਕੇ ਅਸੀਂ ਇਹ ਕਹਿ ਸਕੀਏ ਕਿ ਇਸ ਲਕੀਰ ਤੋਂ ਅੱਗੇ ਦੂਜਾ ਖਿੱਤਾ ਜਾਂ ਸੂਬਾ ਸ਼ੁਰੂ ਹੁੰਦਾ ਹੈ।

ਪੁਆਧ ਦੇ ਸੰਬੰਧ ਵਿਚ ਇਹ ਗੱਲ ਵਿਸ਼ੇਸ਼ ਧਿਆਨ ਦੇਣ ਵਾਲੀ ਹੈ ਕਿ ਇਸ ਦੀਆਂ ਸੀਮਾਵਾਂ ਨਾਲ ਹਿਮਾਚਲੀ, ਹਿੰਦੁਸਤਾਨੀ, ਕੌਰਵੀ, ਹਰਿਆਣਵੀ, ਬਾਂਗਰੂ, ਬਾਗੜੀ ਅਤੇ ਪੰਜਾਬ ਦੇ ਮਲਵਈ ਅਤੇ ਦੁਆਬੀ (ਕੇਂਦਰੀ ਪੰਜਾਬੀ) ਬੋਲਦੇ ਇਲਾਕੇ ਲਗਦੇ ਹਨ। ਇਸ ਲਈ ਪੁਆਧ ਦੇ ਖੇਤਰ ਦੀਆਂ ਸੀਮਾਵਾਂ ਨਿਸ਼ਚਿਤ ਕਰਨਾ ਬੜਾ ਕਠਿਨ ਕੰਮ ਹੈ। ਕਿਉਂਕਿ ਸੀਮਾਵਾਂ ਉਤੇ ਵਸਦੇ ਲੋਕ ਇਕ ਦੂਜੇ ਦੀ ਭਾਸ਼ਾ ਅਤੇ ਸਭਿਆਚਾਰ ਨਾਲ ਬੜੇ ਨੇੜਿਓਂ ਜੁੜੇ ਹੁੰਦੇ ਹਨ। ਕਈ ਸ਼ਬਦ ਤਾਂ ਅਜਿਹੇ ਹੁੰਦੇ ਹਨ ਜਿਹੜੇ ਇੰਨ-ਬਿੰਨ ਜਾਂ ਥੋੜ੍ਹੇ ਫਰਕ ਨਾਲ ਇਕੋ ਤਰ੍ਹਾਂ ਬੋਲੇ ਜਾਂਦੇ ਹਨ। ਜਿਵੇਂ ਪੁਆਧੀ ਪੜਨਾਂਵ ਮ੍ਹਾਰਾ, ਥ੍ਹਾਰਾ ਨਾਲ ਲਗਦੇ ਹਰਿਆਣਾ ਦੇ ਬਹੁਤੇ ਹਿੱਸਿਆਂ ਵਿਚ ਬੋਲਿਆ ਜਾਂਦਾ ਹੈ। ਸੋ ਇਕੱਲੀ ਭਾਸ਼ਾ ਨੂੰ ਹੀ ਆਧਾਰ ਨਹੀਂ ਬਣਾਇਆ ਜਾ ਸਕਦਾ ਸਗੋਂ ਉਸ ਖਿੱਤੇ ਦੀ ਭੂਗੋਲਿਕ, ਇਤਿਹਾਸਕ, ਮਿਥਿਹਾਸਕ ਅਤੇ ਸਭਿਆਚਾਰਕ ਸਥਿਤੀ ਨੂੰ ਵੀ ਧਿਆਨ ਵਿਚ ਰੱਖਣ ਦੀ ਲੋੜ ਹੈ। ਪੁਆਧ ਦੀਆਂ ਸੀਮਾਵਾਂ ਬਾਰੇ ਸਭ ਤੋਂ ਪਹਿਲਾਂ ਡਾ. ਗ੍ਰੀਅਰਸਨ ਦੇ ਵਿਚਾਰ ਦੇਣਾ ਜ਼ਰੂਰੀ ਸਮਝਦਾ ਹਾਂ, ਰੋਪੜ ਤੋਂ ਲੈ ਕੇ ਹਰੀਕੇ ਪੱਤਣ ਤੱਕ ਸਤਲੁਜ ਦਰਿਆ ਪੂਰਬੋਂ ਪੱਛਮ ਨੂੰ ਵਗਦਾ ਹੈ, ਇਸ ਦੇ ਉੱਤਰ ਵਾਲੇ ਪਾਸੇ ਦੁਆਬਾ ਜਲੰਧਰ ਹੈ ਅਤੇ ਦੱਖਣ ਵਾਲੇ ਪਾਸੇ ਜ਼ਿਲ੍ਹਾ ਲੁਧਿਆਣਾ ਅਤੇ ਫਿਰੋਜ਼ਪੁਰ ਹਨ । ਜ਼ਿਲ੍ਹਾ ਲੁਧਿਆਣਾ ਦਾ ਉਹ ਇਲਾਕਾ ਜੋ ਸਤਲੁਜ ਦਰਿਆ ਦੇ ਨਾਲ-ਨਾਲ ਦੋਹੀਂ ਪਾਸੀਂ ਆਉਂਦਾ ਹੈ, ਪੁਆਧ ਵਿਚ ਸ਼ਾਮਿਲ ਹੈ ਅਤੇ ਬਾਕੀ ਦਾ ਸਾਰਾ ਮਾਲਵੇ ਵਿਚ ਚਲਿਆ ਜਾਂਦਾ ਹੈ। ਪੂਰਬ ਵਾਲੇ ਪਾਸੇ ਇਹ ਜ਼ਿਲ੍ਹਾ ਹਿੰਦੁਸਤਾਨੀ ਹੈ। ਦੱਖਣ ਵਿਚ ਪੁਆਧ ਦੇ ਇਲਾਕੇ ਵਿਚ ਪਟਿਆਲਾ, ਨਾਭਾ, ਜੀਂਦ ਦੇ ਇਲਾਕੇ ਸ਼ਾਮਿਲ ਹਨ ਜੋ 76ਡੀਗਰੀ ਪੂਰਬੀ ਲੰਬਕਾਰ ਦੇ ਪੂਰਬ ਵਿਚ ਵਾਕਿਆ ਹਨ। ਇਸ ਪਾਸੇ ਪੁਆਧ ਉਸ ਮੁਲਕ ਤੱਕ ਫੈਲਿਆ ਹੋਇਆ ਹੈ ਜਿਸ ਵਿਚ ਹਿੰਦੁਸਤਾਨੀ ਤੇ ਬਾਗੜੀ ਬੋਲੀਆਂ ਜਾਂਦੀਆਂ ਹਨ। ਪੁਆਧ ਵਿਚ ਜ਼ਿਲ੍ਹਾ ਹਿਸਾਰ ਦਾ ਵੀ ਕੁਝ ਬਾਹਰ ਵਾਲਾ ਹਿੱਸਾ ਸ਼ਾਮਿਲ ਹੈ।

ਡਾ. ਗ੍ਰੀਅਰਸਨ ਉਸ ਵੇਲੇ ਪੁਆਧ ਦੀਆਂ ਹੱਦਾਂ ਨਿਸ਼ਚਿਤ ਕਰ ਰਿਹਾ ਹੈ ਜਦੋਂ ਸਾਰਾ ਪੰਜਾਬ ਇਕੱਠਾ ਸੀ, ਵੰਡਿਆ ਨਹੀਂ ਸੀ ਗਿਆ। ਇਹੀ ਕਾਰਨ ਹੈ ਕਿ ਉਹ ਪੁਆਧ ਨੂੰ ਏਨੀ ਦੂਰ ਤੱਕ ਫੈਲਿਆ ਹੋਇਆ ਮੰਨਦਾ ਹੈ, ਪਰ ਪੁਆਧ ਦਾ ਖੇਤਰ ਇੰਨੀ ਦੂਰ ਤੱਕ ਨਹੀਂ ਫੈਲਿਆ ਹੋਇਆ। ਡਾ. ਬਲਬੀਰ ਸਿੰਘ ਸੰਧੂ ਨੇ ਪੁਆਧੀ ਭਾਸ਼ਾ ਉਤੇ ਬਹੁਤ ਕੰਮ ਕੀਤਾ ਹੈ। ਉਸ ਦੁਆਰਾ ਨਿਰਧਾਰਿਤ



ਸੀਮਾਵਾਂ ਕਾਫੀ ਹੱਦ ਤੱਕ ਠੀਕ ਹਨ। ਉਹ ਲਿਖਦਾ ਹੈ, "ਇਸਦੀ (ਪੁਆਧ) ਇਕ ਹੱਦ ਉਤੇ ਮਨੀਮਜਰਾ, ਰਾਜਪੁਰਾ, ਘੜੋਲੀ, ਪਟਿਆਲਾ, ਸਮਾਣਾ ਸੜਕ ਹੈ ਅਤੇ ਦੂਜੀ ਹੱਦ ਉਤੇ ਡੇਰਾਬਸੀ, ਅੰਬਾਲਾ, ਚਮਾਰੂ, ਘੜਾਮ, ਟਟਿਆਣਾ ਆਦਿ ਪਿੰਡ ਸਥਿਤ ਹਨ। ਇਸ ਇਲਾਕੇ ਨੂੰ ਘੱਗਰਵਾਦੀ ਦਾ ਨਾਂ ਵੀ ਦੇ ਸਕਦੇ ਹਨ।"

ਡਾ. ਸੰਧੂ ਨੇ ਠੇਠ ਪੁਆਧੀ ਨੂੰ ਆਧਾਰ ਬਣਾ ਕੇ ਹੀ ਪੁਆਧ ਖੇਤਰ ਦੀਆਂ ਸੀਮਾਵਾਂ ਦੀ ਗੱਲ ਕੀਤੀ ਹੈ ਜਦੋਂ ਕਿ ਇਨ੍ਹਾਂ ਸੀਮਾਵਾਂ ਦੇ ਬਾਹਰ ਵਾਲੇ ਪੁਆਧ ਦਾ ਕਾਫੀ ਹਿੱਸਾ ਉਹ ਛੱਡ ਜਾਂਦੇ ਹਨ। ਜਿਨ੍ਹਾਂ ਵਿਚ ਠੇਠ ਪੁਆਧੀ ਤਾਂ ਨਹੀਂ ਬੋਲੀ ਜਾਂਦੀ ਪਰੰਤੂ ਹੋਰ ਬਹੁਤੀ ਭਾਸ਼ਾਈ ਵਿਸ਼ੇਸ਼ਤਾਵਾਂ ਦੇ ਨਾਲ-ਨਾਲ ਇੱਥੇ ਵਸਦੇ ਲੋਕਾਂ ਦਾ ਜਨ-ਜੀਵਨ ਪੁਆਧੀ ਸਭਿਆਚਾਰ ਨਾਲ ਮੇਲ ਖਾਂਦਾ ਹੈ।

ਪੰਜਾਬ ਅਤੇ ਇਸ ਦੇ ਵੱਖ-ਵੱਖ ਖਿੱਤਿਆਂ ਦਾ ਸੰਬੰਧ ਇਥੇ ਵਗਦੇ ਦਰਿਆਵਾਂ ਨਾਲ ਹਮੇਸ਼ਾ ਜੁੜਿਆ ਰਿਹਾ ਹੈ। ਇਨ੍ਹਾਂ ਦਰਿਆਵਾਂ ਦੀ ਇਹ ਮਹੱਤਤਾ ਇਸ ਗੱਲ ਤੋਂ ਵੀ ਜਾਣੀ ਜਾ ਸਕਦੀ ਹੈ ਕਿ ਆਰੀਆ ਜਾਤੀ ਅਤੇ ਇਸ ਤੋਂ ਵੀ ਪਹਿਲਾਂ ਵਸਦੀ ਸਭਿਅਤਾ ਵੀ ਇਨ੍ਹਾਂ ਦਰਿਆਵਾਂ ਦੇ ਆਲੇ-ਦੁਆਲੇ ਹੀ ਵਧੀ ਫੁੱਲੀ ਹੈ। ਪੰਜਾਬ ਦੀ ਖੁਸ਼ਹਾਲੀ ਦੇ ਨਾਲ-ਨਾਲ ਹੱਦਬੰਦੀਆਂ ਵਿਚ ਵੀ ਇਨ੍ਹਾਂ ਦਰਿਆਵਾਂ ਦਾ ਆਪਣਾ ਯੋਗਦਾਨ ਰਿਹਾ ਹੈ। ਮੈਂ ਪੁਆਧ ਦੀਆਂ ਹੱਦਾਂ ਨਿਸ਼ਚਿਤ ਕਰਨ ਲਈ ਇਥੇ ਵਗਦੇ ਦਰਿਆਵਾਂ ਅਤੇ ਨਦੀਆਂ ਨੂੰ ਵੀ ਆਧਾਰ ਬਣਾਇਆ ਹੈ

ਪੁਆਧ ਨਾਲ ਸੰਬੰਧਿਤ ਪ੍ਰਮੁੱਖ ਦਰਿਆ ਹਨ; ਸਤਲੁਜ, ਜਮਨਾ, ਘੱਗਰ, ਮਾਰਕੰਡਾ ਅਤੇ ਸਰਸਵਤੀ। ਮੈਂ ਇਨ੍ਹਾਂ ਪੰਜਾਂ ਦਰਿਆਵਾਂ ਨੂੰ ਪੁਆਧ ਨਾਲ ਭਾਵਨਾਤਮਕ ਤੌਰ ਤੇ ਨਹੀਂ ਜੋੜ ਰਿਹਾ ਸਗੋਂ ਸੱਚਮੁੱਚ ਹੀ ਇਨ੍ਹਾਂ ਦਰਿਆਵਾਂ ਦਾ ਪੁਆਧੀ ਖੇਤਰ ਨਾਲ ਸੰਬੰਧ ਹੈ।

ਸਤਲੁਜ ਦਰਿਆ ਪੁਆਧ ਦੇ ਉੱਤਰ ਵਿਚ ਸਥਿਤ ਹੈ ਜੋ ਪੂਰਬ ਤੋਂ ਪੱਛਮ ਨੂੰ ਵਗਦਾ ਹੈ। ਸਤਲੁਜ ਬਾਰੇ ਇਹ ਕਿਹਾ ਜਾਂਦਾ ਹੈ ਕਿ ਪੁਰਾਤਨ ਸਮੇਂ ਵਿਚ ਇਹ ਘੱਗਰ ਦਰਿਆ ਨਾਲ ਮਿਲਕੇ ਵੀ ਵਗਦਾ ਸੀ (ਡਾ. ਗੰਡਾ ਸਿੰਘ) ਜੇਕਰ ਸਤਲੁਜ ਦੇ ਪੁਰਾਤਨ ਵਹਿਣ ਨੂੰ ਵੀ ਵੇਖਿਆ ਜਾਵੇ ਤਾਂ ਉਤਰ ਪੱਛਮ ਵਿਚ ਇਸਨੂੰ ਪੁਆਧ ਦੀ ਸੀਮਾ ਮੰਨਿਆ ਜਾ ਸਕਦਾ ਹੈ। ਇਸ ਦੇ ਦੱਖਣ ਪੂਰਬ ਦਾ ਇਲਾਕਾ ਪੁਆਧ ਦਾ ਖੇਤਰ ਹੈ। ਪੁਆਧ ਦੇ ਪੂਰਬ ਵਿਚ ਜਮਨਾ ਉੱਤਰੋਂ ਦੱਖਣ

ਪੂਰਬ ਵਾਲੇ ਪਾਸੇ ਵਗਦੀ ਹੋਈ ਦਿੱਲੀ ਵੱਲ ਚਲੀ ਜਾਂਦੀ ਹੈ। ਇਸ ਪਾਸੇ ਜਮਨਾ ਤੱਕ ਪੁਆਧ ਦਾ ਖੇਤਰ ਹੈ। ਪੁਆਧ ਦੀ ਦੱਖਣੀ ਪੂਰਬੀ ਸੀਮਾ ਨੂੰ ਨਿਸ਼ਚਿਤ ਕਰਨ ਲਈ ਸਰਸਵਤੀ ਦਰਿਆ ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਇਸ ਪਾਸੇ ਪੁਆਧ ਸਰਸਵਤੀ ਨਦੀ ਜੋ ਕਿ ਕੁਰਕਸ਼ੇਤਰ ਕੋਲੋਂ ਦੀ ਵਗਦੀ ਸੀ ਤੱਕ ਫੈਲਿਆ ਹੋਇਆ ਹੈ।

ਘੱਗਰ ਤੇ ਮਾਰਕੰਡਾ ਪੁਆਧ ਦੀਆਂ ਦੋ ਹੋਰ ਮਹੱਤਵ ਪੂਰਨ ਨਦੀਆਂ ਹਨ। ਮਾਰਕੰਡਾ ਸਰਸਵਤੀ ਦੇ ਨੇੜਿਓਂ ਦੀ ਅਤੇ ਘੱਗਰ ਪੁਆਧ ਦੇ ਐਨ ਵਿਚਕਾਰ ਦੀ ਵਗਦਾ ਹੈ। ਇਹ ਤਿੰਨੇ ਨਦੀਆਂ ਅੱਗੇ ਇਕੱਠੇ ਹੋ ਕੇ ਪਿਹੋਵਾ ਦੇ ਨੇੜੇ ਆਪਸ ਵਿਚ ਮਿਲ ਜਾਂਦੇ ਹਨ। ਇਸ ਤਰ੍ਹਾਂ ਇਨ੍ਹਾਂ ਨਦੀਆਂ ਦੇ ਆਧਾਰ ਤੇ ਪੁਆਧ ਦੀਆਂ ਜੋ ਸੀਮਾਂਵਾਂ ਨਿਸ਼ਚਿਤ ਕੀਤੀਆਂ ਹਨ ਇਨ੍ਹਾਂ ਦੇ ਅੰਦਰਲੇ ਪਾਸੇ ਸਾਰਾ ਇਲਾਕਾ ਪੁਆਧ ਵਿਚ ਸ਼ਾਮਿਲ ਹੈ।

**ਪੁਆਧੀ ਭਾਸ਼ਾ**

ਪੁਆਧ ਵਿਚ ਬੋਲੀ ਜਾਂਦੀ ਭਾਸ਼ਾ ਨੂੰ ਪੁਆਧੀ ਭਾਸ਼ਾ ਦਾ ਨਾਮ ਦਿੱਤਾ ਗਿਆ ਹੈ। ਪੁਆਧ ਵਾਸੀ ਭਾਵੇਂ ਦੂਰੋਂ ਤਾਂ ਵੇਖਣ ਨੂੰ ਆਮ ਪੰਜਾਬੀ ਹੀ ਲਗਦਾ ਹੈ ਪਰੰਤੂ ਉਸ ਦੀ ਪਹਿਚਾਣ ਉਦੋਂ ਹੁੰਦੀ ਹੈ ਜਦੋਂ ਉਸ ਨਾਲ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਉਸ ਦੁਆਰਾ ਵਰਤੀ ਗਈ ਭਾਸ਼ਾ ਲਹਿਜ਼ੇ ਅਤੇ ਸ਼ਬਦਾਵਲੀ ਤੋਂ ਇਹ ਅਨੁਮਾਨ ਲਾਉਣਾ ਸੌਖਾ ਹੋ ਜਾਂਦਾ ਹੈ ਕਿ ਇਹ ਵਿਅਕਤੀ ਪੁਆਧੀਆ ਹੀ ਹੈ।

ਪੁਆਧੀ ਉਪ-ਭਾਸ਼ਾ ਬਾਰੇ ਕੁਝ ਵਿਦਵਾਨਾਂ ਨੇ ਇਹ ਕਿੰਤੂ ਪਰੰਤੂ ਕੀਤਾ ਹੈ ਕਿ ਪੁਆਧੀ ਪੰਜਾਬੀ ਦੀ ਕੋਈ ਵੱਖਰੀ ਉਪਭਾਸ਼ਾ ਨਹੀਂ ਸਗੋਂ ਮਲਵਈ ਦਾ ਹੀ ਇਕ ਰੂਪ ਹੈ। ਜਿਵੇਂ ਡਾ. ਹਰਕੀਰਤ ਸਿੰਘ ਲਿਖਦਾ ਹੈ ਕਿ ਪੁਆਧੀ ਮਲਵਈ ਨਾਲ ਵਧੇਰੇ ਵੱਖਰੀ ਨਹੀਂ ਸਿਰਫ਼ ਇਸ ਵਿੱਚ ਬਾਂਗਰੂ ਦਾ ਕੁਝ ਰਲਾਅ ਹੈ। ਪਰ ਅਜਿਹਾ ਇਕੱਲਾ ਸ਼ਬਦਾਵਲੀ ਤੱਕ ਹੀ ਸੀਮਤ ਹੈ ਵਿਆਕਰਣ ਮਲਵਈ ਵਾਲਾ ਹੈ । ਇੱਥੇ ਮੈਂ ਇਹ ਗੱਲ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਪੁਆਧ ਦੇ ਪੂਰਬ ਵਿਚ ਹਿਮਾਚਲੀ, ਦੱਖਣ ਪੂਰਬ ਵਾਲੇ ਪਾਸੇ ਹਿੰਦੁਸਤਾਨੀ ਕੋਰਵੀ, ਦੱਖਣ ਵਾਲੇ ਪਾਸੇ ਹਰਿਆਣਵੀ, ਬਾਂਗਰੂ ਅਤੇ ਬਾਗੜੀ, ਉੱਤਰ ਪੱਛਮ ਵਾਲੇ ਪਾਸੇ ਦੁਆਬੀ ਅਤੇ ਮਲਵਈ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਜਿਸ ਖਿੱਤੇ ਨਾਲ ਇੰਨੀਆਂ ਭਾਸ਼ਾਵਾਂ ਲੱਗਦੀਆਂ ਹੋਣ ਉਸ ਖਿੱਤੇ ਦੀ ਭਾਸ਼ਾ



ਦੀ ਕੋਈ ਸਪੱਸ਼ਟ ਪਹਿਚਾਣ ਦੱਸਣ ਲੱਗਿਆ ਬਹੁਤ ਮੁਸ਼ਕਲ ਕੰਮ ਹੈ। ਸ਼ਾਇਦ ਇਹ ਵੀ ਇਕ ਕਾਰਨ ਹੈ ਕਿ ਕਈ ਵਿਦਵਾਨ ਪੁਆਧੀ ਉਪਭਾਸ਼ਾ ਬਾਰੇ ਪਹਿਲਾਂ ਬਹੁਤਾ ਕੰਮ ਵੀ ਨਹੀਂ ਸੀ ਹੋਇਆ। ਹੁਣ ਪੁਆਧ ਸੰਬੰਧਿਤ ਜਿਥੇ ਖੋਜ ਕਾਰਜ ਹੋਣ ਲੱਗ ਪਏ ਹਨ ਉਥੇ ਪੁਆਧੀ ਸਭਿਆਚਾਰ ਉਤੇ ਵੀ ਕਾਫ਼ੀ ਕੰਮ ਹੋ ਰਿਹਾ ਹੈ। ਪੁਆਧੀ ਪੰਜਾਬੀ ਸੱਥ ਮੁਹਾਲੀ ਵਲੋਂ ਇਸ ਪਾਸੇ ਕਾਫੀ ਸਲਾਹੁਣਯੋਗ ਕੰਮ ਕੀਤਾ ਜਾ ਰਿਹਾ ਹੈ। ਜਿਸ ਲਈ ਮਨਮੋਹਨ ਸਿੰਘ ਦਾਊਂ ਦਾ ਕਾਰਜ ਸਲਾਹੁਣ ਯੋਗ ਹੈ।

ਪੁਆਧੀ ਉਪਭਾਸ਼ਾ ਦੀ ਵੱਖਰੀ ਪਛਾਣ ਜਾਂ ਵਿਆਕਰਣ ਬਾਰੇ ਪਹਿਲਾਂ ਪਹਿਲ ਬਹੁਤੇ ਵਿਦਵਾਨਾਂ ਨੇ ਡਾ. ਗ੍ਰੀਅਰਸਨ ਮੁਤਾਬਕ ਹੀ ਲਿਖਿਆ ਹੈ ਪਰ ਬਾਅਦ ਵਿਚ ਕੁਝ ਕੰਮ ਹੋਇਆ ਜਿਸ ਨਾਲ ਪੁਆਧੀ ਪੰਜਾਬੀ ਦੀ ਇਕ ਵੱਖਰੀ ਉਪਭਾਸ਼ਾ ਵਜੋਂ ਪਹਿਚਾਣ ਬਣਾ ਸਕੀ। ਭਾਸ਼ਾ ਵਿਭਾਗ ਪੰਜਾਬ ਵਲੋਂ ਪੁਆਧੀ ਸ਼ਬਦ ਕੋਸ਼ ਤਿਆਰ ਕਰਵਾਇਆ ਗਿਆ। ਕਿਸੇ ਵੀ ਭਾਸ਼ਾ ਦਾ ਸ਼ਬਦ ਕੋਸ਼ ਲਿਖਿਆ ਜਾਣਾ ਇਕ ਵੱਡੀ ਪ੍ਰਾਪਤੀ ਹੁੰਦੀ ਹੈ। ਇਸ ਤੋਂ ਇਲਾਵਾ ਡਾ ਬਲਬੀਰ ਸਿੰਘ ਸੰਧੂ ਦਾ ਪੀ.ਐਚ.ਡੀ. ਦਾ ਥੀਸਿਸ (A descriptive Grammer of Puadhi Language) 'ਏ ਡਿਸਕਰੀਪਟਿਵ ਗਰਾਮਰ ਆਫ ਪੁਆਧੀ ਲੈਂਗੂਏਜ਼' ਬਹੁਤ ਮਹੱਤਵਪੂਰਣ ਖੋਜ ਕਾਰਜ ਹੈ। ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਕੀਤੀ ਗਈ ਇਹ ਖੋਜ ਪੁਆਧੀ ਭਾਸ਼ਾ ਅਤੇ ਉਸ ਦੀਆਂ ਵਿਸ਼ੇਸ਼ਤਾਵਾਂ ਤੋਂ ਜਾਣੂ ਕਰਵਾਉਂਦੀ ਹੈ।

ਕੋਈ ਵੀ ਭਾਸ਼ਾ ਜਾਂ ਉਪਭਾਸ਼ਾ ਆਪਣੀ ਉਚਾਰਣ ਤੇ ਵਿਆਕਰਣਕ ਭਿੰਨਤਾ ਕਰਕੇ ਹੀ ਆਪਣੀ ਵੱਖਰੀ ਹੱਦ ਹੋਂਦ ਸਥਾਪਿਤ ਕਰਦੀ ਹੈ ਪਰੰਤੂ ਉਹ ਆਪਣੀ ਮੂਲ ਭਾਸ਼ਾ ਨਾਲ ਜੁੜੀ ਹੁੰਦੀ ਹੈ। ਪੁਆਧੀ ਉਪਭਾਸ਼ਾ ਵੀ ਨਾਲ ਬੋਲੀਆਂ ਜਾਂਦੀਆਂ ਭਾਸ਼ਾਵਾਂ ਦਾ ਪ੍ਰਭਾਵ ਜ਼ਰੂਰ ਕਬੂਲਦੀ ਹੈ ਪਰੰਤੂ ਵਿਆਕਰਣਕ ਦ੍ਰਿਸ਼ਟੀ ਤੋਂ ਇਹ ਪੰਜਾਬੀ ਭਾਸ਼ਾ ਨੂੰ ਹੀ ਅਪਣਾਉਂਦੀ ਹੈ।

ਡਾ. ਬਲਬੀਰ ਸਿੰਘ ਸੰਧੂ ਨੇ ਪੁਆਧੀ ਦੀਆਂ 24 ਵਿਅੰਜਨ ਧੁਨੀਆਂ ਅਤੇ ਦਸ ਸ੍ਵਰ ਧੁਨੀਆਂ ਦੱਸੀਆਂ ਹਨ। ਉਹ ਮਹਾਂਪ੍ਰਾਣ ਸੰਘੋਸ਼ ਧੁੱਨੀਆਂ ਘ/ਝ/ਧ/ਢ/ਭ ਨੂੰ ਨਹੀਂ ਗਿਣਦਾ ਸਗੋਂ ਇਸਦੀਆਂ ਉਤਰਦੀਆਂ ਸੁਰਾਂ ਕ/ਚ/ਤ/ਟ/ਪ ਮੰਨਦਾ ਹੈ। ਪੁਆਧ ਦੇ ਕੁਝ ਪੂਰਬੀ ਹਿੱਸੇ ਵਿਚ ਇਹ ਗ੍ਹ/ਜ੍ਹ/ਦ੍ਹ/ਡ੍ਹ/ਬ੍ਹ ਕਰਕੇ ਉਚਾਰੀਆਂ ਜਾਂਦੀਆਂ ਹਨ। ਜਿਵੇਂ ਘਰ-ਗ੍ਹਰ, ਝੁਰਮਟ-ਜ੍ਹਰਮਟ, ਧੋਬੀ,ਦ੍ਹੋਬੀ, ਢੋਲੀ-ਡ੍ਹੋਲੀ,ਅਤੇ ਭੋਲਾ-ਬ੍ਹੋਲਾ ਆਦਿ।

ਅਨੁਨਾਸਕ ਧੁਨੀਆਂ ਙ/ਞ/ਣ/ਨ/ਮ ਵਿਚ ਪਹਿਲੀਆਂ ਦੋਵੇਂ/ਙ/ਅਤੇ/ਞ ਦਾ ਉਚਾਰਣ ਪੁਆਧੀ ਵਿਚ ਨਹੀਂ ਮਿਲਦਾ ਇਹ ਤਾਂ ਹੁਣ ਪੰਜਾਬੀ ਵਿਚੋਂ ਵੀ ਅਲੋਪ ਹੋ ਰਹੀਆਂ ਹਨ। ਪੰਜਾਬੀ ਦੀਆਂ ਅਰਬੀ ਫ਼ਾਰਸੀ ਵਿਚੋਂ ਆਈਆਂ ਸ਼/ਖ਼/ਗ਼/ਜ਼/ਫ਼ ਧੁਨੀਆਂ/ਸ਼/ ਧੁਨੀ ਦਾ ਉਚਾਰਨ ਕਈਆਂ ਥਾਵਾਂ ਤੇ /ਸ/ ਹੀ ਰਹਿੰਦਾਹੈ ਜਿਵੇਂ ਸ਼ੇਰ-ਸੇਰ, ਸ਼ਬਦ-ਸਬਦ, ਸ਼ਤਾਬਦੀ ਐਕਸਪਰੈਸ-ਸਤਾਬਦੀ ਐਕਸਪਰੈਸ/ਲ਼ ਅਤੇ /ਲ/ ਦੋਵੇਂ ਉਚਾਰੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਕੁਝ ਪੁਆਧੀ ਧੁਨੀਆਂ ਦਾ ਦੂਜੀਆਂ ਧੁਨੀਆਂ ਵਿਚ ਬਦਲ ਜਾਣਾ ਜਾਂ ਅਲੋਪ ਹੋ ਜਾਣਾ ਇਹ ਸਭ ਸਥਾਨਕ ਵਿਸ਼ੇਸ਼ਤਾਵਾਂ ਕਰਕੇ ਹੀ ਹੈ। ਜਿਵੇਂ ਅਨਾਜ-ਨਾਜ, ਅਖੰਡਪਾਠ-ਖੰਡਪਾਠ ਅਤੇ ਅਲਮਾਰੀ-ਲਮਾਰੀ ਆਦਿ।

ਪੁਆਧੀ ਭਾਸ਼ਾ ਵਿਚ ਬੋਲੇ ਜਾਂਦੇ ਪੜ੍ਹਨਾਂਵ ਪੰਜਾਬੀ ਦੀਆਂ ਦੂਜੀਆਂ ਭਾਸ਼ਾਵਾਂ ਤੋਂ ਵੱਖਰੇ ਹਨ। ਜੇ ਇਹ ਕਹਿ ਲਿਆ ਜਾਵੇ ਕਿ ਪੁਆਧੀ ਵਿਚ ਪਰਤੇ ਗਏ ਪੜ੍ਹਨਾਂਵ ਇਸਦੀ ਵੱਖਰੀ ਪਛਾਣ ਲਈ ਇਕ ਮਹੱਤਵਪੂਰਣ ਰੋਲ ਅਦਾ ਕਰਦੇ ਹਨ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ । ਪੁਆਧ ਦੇ ਪੂਰਬੀ ਤੇ ਪੱਛਮੀ ਭਾਗਾਂ ਵਿਚ ਬੋਲੇ ਜਾਂਦੇ ਪੜ੍ਹਨਾਵਾਂ ਵਿਚ ਵੀ ਭਾਵੇਂ ਥੋੜ੍ਹਾ ਫ਼ਰਕ ਮਿਲਦਾ ਹੈ ਪਰੰਤੂ ਬਹੁਤਾ ਕਰਕੇ ਇਕੋ ਤਰ੍ਹਾਂ ਦੇ ਹੀ ਬੋਲੇ ਜਾਂਦੇ ਹਨ। ਇਸ ਦਾ ਕਾਰਨ ਪੱਛਮ ਵੱਲ ਨੂੰ ਵਧਦੇ ਹੋਏ ਕੇਂਦਰੀ ਪੰਜਾਬੀ ਦਾ ਪ੍ਰਭਾਵ ਵਧਦਾ ਚਲਿਆ ਜਾਂਦਾ ਹੈ ਪੂਰਬ ਵਿਚ ਹਿੰਦੁਸਤਾਨੀ ਤੇ ਹਰਿਆਣਵੀ ਉਪਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਜਿਵੇਂ :-

| ਪੂਰਬੀ | ਪੁਆਧੀ | ਪੱਛਮੀ | ਪੁਆਧੀ |
|---|---|---|---|
| ਮ੍ਹਾਰਾ | ਥ੍ਹਾਰਾ | ਸਾੜ੍ਹਾ | ਥੁਆੜ੍ਹਾ |

ਪੁਆਧੀ ਵਿਚ ਬੋਲੇ ਜਾਂਦੇ ਕੁਝ ਮਹੱਤਵਪੂਰਨ ਪੜ੍ਹਨਾਂਵ ਹੇਠ ਲਿਖੇ ਅਨੁਸਾਰ ਹਨ :-

| ਪੰਜਾਬੀ | ਪੁਆਧੀ |
|---|---|
| ਮੈਂ | ਮੈਂ |
| ਤੂੰ | ਤੌਂ |
| ਮੈਨੂੰ | ਮ੍ਹਾਨੂੰ, ਮਨੂੰ |
| ਤੁਹਾਨੂੰ, ਤੈਨੂੰ | ਥ੍ਹਾਨੂੰ, ਤਨੂੰ |
| ਮੈਥੋਂ, ਸਾਥੋਂ | ਮੇਤੇ, ਮ੍ਹਾਤੇ |
| ਤੈਥੋਂ, ਤੁਹਾਥੋਂ | ਤੇਤੇ, ਥ੍ਹਾਤੇ |
| ਅਸੀਂ | ਅ੍ਹਮ, ਹਮ |
| ਤੁਸੀਂ | ਥ੍ਹਮ |
| ਉਹ | ਔਂ |
| ਇਹ | ਯੋ, ਇਯੋ |
| ਸਾਡਾ | ਮ੍ਹਾਰਾ, ਸਾੜ੍ਹਾ |
| ਤੁਹਾਡਾ | ਥ੍ਹਾਰਾ, ਥੁਆੜ੍ਹਾ |
| ਇਸਦਾ | ਇਸਕਾ, ਇਦਾਹ |
| ਉਸਦਾ | ਉਸਕਾ, ਉਦਾਹ |
| ਜਿਸਦਾ | ਜਿਸਕਾ, ਜਿਦਾਹ |
| ਕਿਸਦਾ | ਕਿਸਕਾ, ਕਿਦਾਹ |
| ਕਿਹੜਾ | ਕੇੜ੍ਹਾਹ, ਕੋਣਸਾ |
| ਜਿਹੜਾ | ਜੇੜ੍ਹਾਹ, ਜੋਣਸਾ |



**ਕਿਰਿਆ ਵਿਸ਼ੇਸ਼ਣ**

ਪੁਆਧੀ ਦੇ ਕਿਰਿਆ ਵਿਸ਼ੇਸ਼ਣਾਂ ਉਤੇ ਨਾਲ ਲਗਦੀਆਂ ਭਾਸ਼ਾਵਾਂ ਦਾ ਪ੍ਰਭਾਵ ਹੈ ਇਸ ਕਰਕੇ ਪੁਆਧ ਦੇ ਪੂਰਬੀ ਅਤੇ ਪੱਛਮੀ ਹਿੱਸੇ ਵਿੱਚ ਵਰਤੇ ਜਾਂਦੇ ਕਿਰਿਆ ਵਿਸ਼ੇਸ਼ਣਾਂ ਵਿਚ ਵੀ ਅੰਤਰ ਮਿਲਦਾ ਹੈ। ਵਿਦਵਾਨਾਂ ਨੇ ਵਿਆਕਰਣ ਦੇ ਨਿਯਮਾਂ ਅਨੁਸਾਰ ਕਿਰਿਆ ਵਿਸ਼ੇਸ਼ਣਾਂ ਦੇ ਮੁੱਖ ਰੂਪ ਵਿਚ ਚਾਰ ਉਪਭੇਦ ਮੰਨੇ ਹਨ—ਕਾਲ ਵਾਚੀ, ਸਥਾਨ ਵਾਚੀ, ਦਿਸ਼ਾ ਵਾਚੀ ਅਤੇ ਰੀਤ ਵਾਚੀ ਕਿਰਿਆ ਵਿਸ਼ੇਸ਼ਣ।"

ਕਾਲ ਵਾਚੀ ਕਿਰਿਆ ਵਿਸ਼ੇਸ਼ਣ-ਇਬ, ਇਬੀ, ਇਬਕਾ (ਐਤਕਾਂ) ਜਦ, ਚਦ, ਕਦ, ਅਜ, ਕਲ, ਪਰਸੋਂ, ਚੌਥਾ (ਤੀਜੇ ਦਿਨ ਨੂੰ) ਪਾਂਚਵਾਂ, ਪਰ, ਪਰਾਰ ਪਰਕਾ (ਸਾਲ ਬਾਰੇ)

**ਸਥਾਨਵਾਚੀ ਕਿਰਿਆ ਵਿਸ਼ੇਸ਼ਣ -**

| ਪੱਛਮੀ ਪੁਆਧੀ | ਪੂਰਬੀ ਪੁਆਧੀ |
|---|---|
| ਇੱਥਾ, ਕਿੱਥਾਂ, ਉੱਥਾ, ਜਿੱਥਾ | ਉਰਾ, ਕਹਾਂ, ਮਹਾਂ, ਜਹਾਂ |

**ਦਿਸ਼ਾਵਾਚੀ ਕਿਰਿਆ ਵਿਸ਼ੇਸ਼ਣ :-**

| **ਪੱਛਮੀ ਪੁਆਧੀ** | **ਪੂਰਬੀ ਪੁਆਧੀ** |
|---|---|

| | |
|---|---|
| ਇਸ ਤਰ੍ਹਾਂ, ਕਿਸ ਤਰ੍ਹਾਂ, | ਇਤਰਾਂ, ਕਿਤਰਾਂ, ਉਤਰਾਂ, |
| ਉਸ ਤਰ੍ਹਾਂ, ਜਿਸ ਤਰ੍ਹਾਂ | ਜਿਤਰਾਂ, ਜਿਸ ਤਰ੍ਹਾਂ |

**ਕਾਰਨ ਬੋਧਕ ਕਿਰਿਆ ਵਿਸ਼ੇਸ਼ਣ** :-

| | |
|---|---|
| ਪੱਛਮੀ ਪੁਆਧੀ | ਪੂਰਬੀ ਪੁਆਧੀ |
| ਇਵੇਂ, ਕਿਵੇਂ, ਉਵੇਂ, ਜਿਵੇਂ | ਇੱਕਣ, ਕੀਕਣ, ਉਕਣ, ਜਿੱਕਣ |

**ਗਿਣਤੀ ਵਾਚਕ ਕਿਰਿਆ ਵਿਸ਼ੇਸ਼ਣ** :-

ਏਕ, ਤੀਨ, ਪਾਂਚ, ਸ਼ਾਤ, ਆਠ, ਪਹਿਲਾ, ਦੂਸਰਾ, ਤੀਸਰਾ, ਚੌਥਾ

"ਮਾਰ੍ਹਾ ਤੋਂ ਪਾਂਚ ਗੇੜੇ ਲੋਹਾਂ ਨੰਦ ਕਾਰਜਾਂ ਮਾਂ। ਅਰ ਥ੍ਹਾਰਾ, ਮ੍ਹਾਰਾ ਤੇ ਸਾਤ ਗੇੜੇ ਕਾਟਣੇ ਪੜ੍ਹਾਂ।"

**ਸਹਾਇਕ ਕਿਰਿਆਵਾਂ** :-

ਪੁਆਧੀ ਵਿੱਚ ਵਰਤੀਆਂ ਜਾਂਦੀਆਂ ਸਹਾਇਕ ਕਿਰਿਆਵਾਂ ਪੰਜਾਬੀ ਨਾਲੋਂ ਵੱਖਰੀਆਂ ਵੀ ਹਨ। ਪੰਜਾਬੀ ਵਿਚ ਭੂਤਕਾਲੀ ਸਹਾਇਕ ਕਿਰਿਆ 'ਸੀ' ਤੇ /ਸਨ/ ਹੈ ਜਦ ਕਿ ਪੁਆਧੀ ਵਿਚ ਤਾ, ਤੇ, ਤੀਆਂ ਹਨ। ਪੁਆਧੀ ਦੀਆਂ ਸਹਾਇਕ ਕਿਰਿਆ ਲਿੰਗ ਵਚਨ ਅਨੁਸਾਰ ਇਸ ਤਰ੍ਹਾਂ ਹਨ :–

ਵਰਤਮਾਨਕਾਲੀ ਸਹਾਇਕ ਕਿਰਿਆ – ਅ, ਐ, ਆਂ, ਵਾ

ਭੂਤਕਾਲੀ ਸਹਾਇਕ ਕਿਰਿਆ– ਤਾ, ਤੀ, ਤੇ ਤੀਆਂ

ਭਵਿੱਖਕਾਲੀ ਸਹਾਇਕ ਕਿਰਿਆ –ਗਾ, ਗੀ, ਗੇ, ਗੀਆਂ

ਪੰਜਾਬੀ ਵਿਚ ਵਰਤਮਾਨ ਕਿਰਦੰਤ/ ਦਾ/ ਹੈ ਜੋ ਪੁਆਧੀ ਵਿਚ ਬਦਲ ਕੇ 'ਆਂ', ਜਾਂ ਕਈ ਵਾਰ /ਵ/ਹੋ ਜਾਂਦਾ ਹੈ।

| ਪੰਜਾਬੀ | ਪੁਆਧੀ |
|---|---|
| ਉਹ ਰੋਧੀ ਖਾਂਦਾ ਹੈ | ਔਂ ਰੋਟੀ ਖਾਹਾ/ਖਾਵਾ |

**ਸੰਬੰਧਕ** :-

ਪੁਆਧੀ ਵਿਚ ਕੁਝ ਸੰਬੰਧਕ ਅਤੇ ਸੰਬੰਧਕੀ ਚਿੰਨ੍ਹ ਪੰਜਾਬੀ ਭਾਸ਼ਾ ਨਾਲੋਂ ਵੱਖਰੇ ਹਨ:–

| ਪੰਜਾਬੀ | ਪੁਆਧੀ |
|---|---|
| ਨਾਲ | ਗੈਲ |
| ਵਿਚ | ਬਿਚਮਾ, ਬੀਚਮਾ |
| ਬਿਨਾ | ਬਗੈਰ, ਵਗੈਰ |
| ਨੇੜੇ | ਲਵੇ, ਪਾਸ |
| ਉੱਤੇ | ਪਰ, ਉਪਰ |
| ਥੱਲੇ | ਤਲ਼ਾ |
| ਪਾਸਿਓਂ | ਕੰਨੀਓਂ |
| ਤਰਫ਼ | ਓੜੀ |



ਸੰਬੰਧ ਸੂਚਕ (ਰਿਸ਼ਤੇਦਾਰੀ) ਸੰਬੰਧਕ

| | |
|---|---|
| ਦਾ, ਦੇ, ਦੀ | ਕਾ, ਕੇ, ਕੀ |

ਪੁਆਧੀ ਵਿਚ ਕਈ ਵਾਰ ਦੋ–ਦੋ ਸੰਬੰਧਕ ਵੀ ਵਰਤੇ ਜਾਂਦੇ ਹਨ, ਜਿਵੇਂ :–

ਕੇ, ਬੀਚਮਾ – ਤੂੰ, ਕੂੰਏਂ ਕੇ ਬੀਚਮਾ ਕਿਆ ਦੇਖਾ ਤਾ ਰੈ ?

ਕੇ, ਗੈਲ – ਤੋਂ ਮੇਲੇ ਮਾ ਕਿਸਕੇ ਗੈਲ ਜ੍ਹਾਅਗਾ/ਜ੍ਹੈਗਾ ?

ਪੁਆਧੀ ਵਿਚ ਵਰਤੇ ਜਾਂਦੇ ਸੰਬੰਧਕੀ ਚਿੰਨ੍ਹ ਏ, ਓ, ਅਤੇ ਹੇ ਪੰਜਾਬੀ ਨਾਲ ਮਿਲਦੇ ਜੁਲਦੇ ਹਨ, ਪਰ ਕੁਝ ਵੱਖਰੇ ਵੀ ਹਨ ਅਤੇ ਕਈ ਵਾਰ ਦੋ–ਦੋ ਸੰਬੰਧਕੀ ਚਿੰਨ੍ਹ ਵੀ ਵਰਤੇ ਜਾਂਦੇ ਹਨ :–

| | | |
|---|---|---|
| ਹੇ | – | ਹੇ ਰਬ, ਹੇ ਦੇਵੀ ਮਾ, ਹੇ ਲਾਲਾਂ ਆਲ਼ੇ ਪੀਰ |
| ਏ | – | ਏ ਦਲਜੀਤ, ਏ ਬੇਬੇ |
| ਓ | – | ਓ ਬਿੰਦਰ, ਓ ਬਾਪੂ |
| ਰੈ | – | ਰੈ ਦੀਪੇ , ਰੈ ਗੁਰਨਾਮ |
| ਰੀ | – | ਰੀ ਤਾਈ, ਰੀ ਚਾਚੀ |

**ਦੋ-ਦੋ ਸੰਬੋਧਕੀ ਚਿੰਨ੍ਹ** :-

| | | |
|---|---|---|
| ਏ, ਰੀ | – | ਏ ਰੀ ਚਾਚੀ, ਥਾਰ੍ਹਾ ਲੱਸੀ ਫੇਰੀ ਆ ? |
| ਹੈ, ਰੈ | – | ਹੈ, ਰੈ ਸੁੱਖੇ, ਕੁਸ਼/ਕੁਛ |

**ਯੋਜਕ** :-

| ਪੰਜਾਬੀ | ਪੁਆਧੀ |
|---|---|
| ਅਤੇ | ਅਰ (ਮੈਂ ਅਰ ਔਂ ਗਏ ਤੇ) |
| ਪਰੰਤੂ | ਪਰ |

| | |
|---|---|
| ਜਾਂ, ਤਾਂ | ਯਾ, ਤੋ |
| ਕਿ | 'ਕ' ਅਕ |
| ਜੇ | ਜੇ |
| ਸਗੋਂ | ਸਗਮਾ/ਬਲਕਣ ਮਾ |

**ਪੁਆਧੀ ਦਾ ਸੁਰ ਪ੍ਰਬੰਧ :-**

ਸੁਰ ਪੰਜਾਬੀ ਦੀ ਉੱਘੀ ਵਿਸ਼ੇਸ਼ਤਾ ਹੈ। ਡਾ. ਸੰਧੂ ਨੇ ਪੁਆਧੀ ਸੁਰ ਨੂੰ ਸੁਪਰਸੈਗਮੈਂਟਲ ਵਰਗ ਅਧੀਨ ਤਿੰਨ ਸੂਚੀਆਂ ਵਿਚ ਵੰਡਿਆ ਹੈ, ਜਿਵੇਂ :-

| | |
|---|---|
| ਨੀਵੀਂ ਸਰ | ਘੜ (Chiesl) |
| ਉੱਚੀ ਸੁਰ | ਕੜ੍ਹ (Boil) |
| ਸਾਂਵੀਂ ਸੁਰ | ਕੜ (Bottom) |

ਪੁਆਧੀ ਭਾਸ਼ਾ ਨੇ ਆਪਣੇ ਉਚਾਰਨ ਲਹਿਜ਼ੇ ਅਤੇ ਵੱਖਰੀ ਸ਼ਬਦਾਵਲੀ ਕਰਕੇ ਹੀ ਗਵਾਂਢੀ ਭਾਸ਼ਾਵਾਂ ਤੋਂ ਵੱਖਰੀ ਹੋਂਦ ਬਣਾਈ ਰੱਖੀ ਹੈ। ਉਪਰੋਕਤ ਪੁਆਧ ਅਤੇ ਪੁਆਧੀ ਉਪਭਾਸ਼ਾ ਬਾਰੇ ਸੰਖੇਪ ਰੂਪ ਵਿਚ ਹੀ ਜਾਣਕਾਰੀ ਦਿੱਤੀ ਗਈ ਹੈ। ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੁਆਧ ਪੰਜਾਬ ਦਾ ਇੱਕ ਵੱਖਰਾ ਉਪ ਖਿੱਤਾ ਹੈ ਜਿੱਥੇ ਪੰਜਾਬੀ ਦੀ ਹੀ ਇੱਕ ਵੱਖਰੀ ਉਪਭਾਸ਼ਾ ਬੋਲੀ ਜਾਂਦੀ ਹੈ।

* * *



# ਪੁਆਧੀ ਦੀ ਅਰਥ ਵਿਉਂਤ

**- ਡਾ. ਹਰਪ੍ਰਵੀਨ ਕੌਰ**
**ਮੋਬਾ. 98782-04119**

ਭਾਸ਼ਾ ਦਾ ਉਦੇਸ਼ ਮਨੁੱਖ ਦੇ ਮਨੋਭਾਵਾਂ ਅਤੇ ਵਿਚਾਰਾਂ ਨੂੰ ਦੂਜਿਆਂ ਤੱਕ ਪਹੁੰਚਾਉਣਾ ਹੀ ਨਹੀਂ ਸਗੋਂ ਅਰਥਾਂ ਦੀ ਰਚਨਾ ਕਰਨ ਦੀ ਸਮਰੱਥਾ ਪੈਦਾ ਕਰਨਾ ਵੀ ਹੈ। ਇਸ ਕਰਕੇ ਅਰਥ ਵਿਗਿਆਨ ਅਤੇ ਵਿਆਕਰਨ ਵਿਚ ਨੇੜੇ ਦਾ ਸੰਬੰਧ ਹੈ। ਅਰਥ ਵਿਗਿਆਨ ਸ਼ਬਦਾਂ ਦੇ ਅਰਥਾਂ ਦੇ ਰਚਨ ਤੇ ਸੰਚਾਰਨ ਦੇ ਕਾਰਜ ਉੱਤੇ ਆਧਾਰਿਤ ਹੁੰਦਾ ਹੋਇਆ ਇਸ ਸਮੁੱਚੀ ਪ੍ਰਕਿਰਿਆ ਦਾ ਅਧਿਐਨ ਕਰਦਾ ਹੈ। ਅਰਥ ਭਾਸ਼ਾ ਦੇ ਹਰ ਧੁਨੀ ਬਿੰਬ, ਸੰਕਲਪ, ਮਨੋਭਾਵ ਅਤੇ ਵਿਚਾਰ ਵਿਚ ਕੰਮ ਕਰ ਰਹੇ ਹੁੰਦੇ ਹਨ ਅਤੇ ਅਰਥਾਂ ਤੋਂ ਬਿਨਾਂ ਭਾਸ਼ਾ ਦੇ ਕਿਸੇ ਵੀ ਰੂਪ ਅਤੇ ਪੱਧਰ ਦੀ ਕੋਈ ਮਹੱਤਤਾ ਨਹੀਂ ਹੁੰਦੀ। ਮਿਸਾਲ ਵਜੋਂ; 'ਮੁੰਡਾ ਸਿਰ ਉੱਤੇ ਪਹਾੜ ਚੁੱਕ ਲਿਆਇਆ ਹੈ' ਵਿਆਕਰਨ ਦੇ ਪੱਖ ਤੋਂ ਬਿਲਕੁਲ ਸ਼ੁੱਧ ਵਾਕ ਹੈ, ਇਸਦਾ ਹਰ ਸ਼ਬਦ ਕਿਸੇ ਨਾ ਕਿਸੇ ਭਾਵ ਜਾਂ ਸੰਕਲਪ ਨੂੰ ਵੀ ਪ੍ਰਗਟ ਕਰਦਾ ਹੈ, ਪਰ ਵਾਕ ਅਰਥਹੀਣ ਹੈ। ਦੂਜੇ ਪਾਸੇ, ਇਸ ਬਣਤਰ ਵਾਲਾ ਵਾਕ 'ਮੁੰਡਾ ਸਿਰ ਉੱਤੇ ਪੰਡ ਚੁੱਕ ਲਿਆਇਆ ਹੈ' ਅਰਥਪੂਰਨ ਹੈ। ਸੋ, ਕਿਸੇ ਵੀ ਭਾਸ਼ਾ ਨੂੰ ਸਮਝਣ ਅਤੇ ਅਰਥ ਪੂਰਨ ਭਾਵ ਪ੍ਰਗਟਾਵੇ ਲਈ ਬੁਲਾਰੇ ਨੂੰ ਉਸ ਭਾਸ਼ਾ ਦੇ ਸ਼ਬਦਾਂ ਦੇ ਅਰਥਾਂ ਅਤੇ ਉਹਨਾਂ ਦੇ ਵਿਸ਼ੇਸ਼ ਅਰਥ ਸੂਚਕ ਗੁਣਾਂ ਦਾ ਪੂਰਾ ਗਿਆਨ ਹੋਣਾ ਜ਼ਰੂਰੀ ਹੈ।

**ਪੁਆਧੀ ਦੀ ਅਰਥਗਤ ਵਿਉਂਤ**

ਪੁਆਧੀ ਬਾਰੇ ਹੋਏ ਹੁਣ ਤੱਕ ਦੇ ਅਧਿਐਨ ਕਾਰਜ ਵਿਚ ਪੁਆਧੀ ਦੀ ਅਰਥਗਤ ਵਿਉਂਤ ਬਾਰੇ ਚਰਚਾ ਨਹੀਂ ਹੋਈ। ਡਾ. ਬਲਬੀਰ ਸਿੰਘ ਸੰਧੂ ਨੇ ਵੀ ਪੁਆਧੀ ਦੇ ਧੁਨੀਆਤਮਕ,ਰੂਪਾਤਮਕ ਅਤੇ ਵਾਕਾਤਮਕ ਪੱਖਾਂ ਬਾਰੇ ਤਾਂ ਚਰਚਾ ਕੀਤੀ ਹੈ ਪਰ ਪੁਆਧੀ ਦੀ ਅਰਥਗਤ ਵਿਉਂਤ ਬਾਰੇ ਕੋਈ ਵਿਚਾਰ-ਚਰਚਾ ਨਹੀਂ ਕੀਤਾ। ਪੁਆਧੀ ਦੀ ਧੁਨੀਆਤਮਕ, ਰੂਪਾਤਮਕ ਅਤੇ ਵਾਕਾਤਮਕ ਵਿਉਂਤ ਵਿਚ ਵਰਤੇ ਜਾਂਦੇ ਜੀਵਾਂ, ਵਸਤੂਆਂ ਅਤੇ ਸਥਿਤੀਆਂ ਆਦਿ ਦੇ ਨਾਮ ਇਕ ਵੱਖਰੇ ਅਰਥਗਤ ਪ੍ਰਬੰਧ ਵਿਚ ਬੱਝੇ ਹੋਏ ਹਨ। ਪੁਆਧੀ ਦੇ ਸ਼ਬਦਾਂ ਦੇ ਸੰਕੇਤਕ ਅਤੇ ਸੰਕੇਤਿਤ ਵੱਖਰੇ ਭਾਵਾਂ ਅਤੇ ਵਿਚਾਰਾਂ ਨੂੰ ਪ੍ਰਗਟ ਕਰਦੇ ਹਨ।

ਪੁਆਧੀ ਦਾ ਆਪਣਾ ਵੱਖਰਾ ਸ਼ਬਦ ਭੰਡਾਰ ਹੈ। ਪੁਆਧੀ ਵਿਚ ਪੰਜਾਬੀ ਵਾਂਗ ਹੀ ਸਮਾਨਾਰਥਕ,ਬਹੁ-ਅਰਥਕ, ਸਮੂਹ-ਅਰਥਕ ਅਤੇ ਵਿਰੋਧਾਰਥਕ ਆਦਿ ਸ਼ਬਦ ਮਿਲਦੇ ਹਨ, ਜੋ ਪੁਆਧੀ ਦੀ ਸ਼ਬਦਾਵਲੀ ਅਤੇ ਅਰਥਗਤ ਭੰਡਾਰ ਨੂੰ ਅਮੀਰੀ ਪ੍ਰਦਾਨ ਕਰਦੇ ਹਨ। ਪੁਆਧੀ ਵਿਚ ਸ਼ਬਦਾਵਲੀ ਦੀ ਇਹ ਭਿੰਨਤਾ ਸੱਭਿਆਚਾਰਕ, ਸਮਾਜਿਕ ਅਤੇ ਧਾਰਮਿਕ ਆਦਿ ਪੱਖਾਂ ਤੋਂ ਹੋ ਸਕਦੀ ਹੈ। ਜਿਵੇਂ ਪੁਆਧ ਵਿਚ ਗਰਬੜੇ, ਝੱਕਰੀਆਂ ਅਤੇ ਭਾਈ ਦੂਜ ਆਦਿ ਕਈ ਅਜਿਹੇ ਤਿਉਹਾਰ ਮਨਾਏ ਜਾਂਦੇ ਹਨ, ਜੋ ਕਿ ਮਾਝੇ, ਮਾਲਵੇ ਅਤੇ ਦੁਆਬੇ ਵਿਚ ਨਹੀਂ ਮਨਾਏ ਜਾਂਦੇ ਇਸ ਕਰਕੇ ਗਰਬੜੇ, ਝੱਕਰੀਆਂ ਅਤੇ ਭਾਈ ਦੂਜ ਆਦਿ ਅਨੇਕਾਂ ਸ਼ਬਦ ਸੱਭਿਆਚਾਰਕ ਪੱਖ ਤੋਂ ਪੁਆਧੀ ਦੀ ਸ਼ਬਦਾਵਲੀ ਵਿਚ ਜੁੜ ਕੇ ਜਿੱਥੇ ਸ਼ਬਦ ਭੰਡਾਰ ਵਿਚ ਵਾਧਾ ਕਰਦੇ ਹਨ, ਉਥੇ ਨਵੇਂ ਅਰਥਗਤ ਘੇਰਿਆਂ ਦੀ ਰਚਨਾ ਵੀ ਕਰਦੇ ਹਨ। ਜਿਸ ਕਰਕੇ ਪੁਆਧੀ ਪੰਜਾਬੀ ਦੀ ਅਰਥਗਤ ਵਿਉਂਤ ਅਤੇ ਸੰਦਰਭ ਤੋਂ ਵੱਖਰੀ ਹੋ ਜਾਂਦੀ ਹੈ। ਪੁਆਧੀ ਵਿਚ ਮਿਲਣ ਵਾਲੇ ਹੋਰ ਸ਼ਬਦ ਵੀ ਜਿਵੇਂ ਇੱਲ (ਗਿਰਝ), ਪਰਨਾ (ਤੌਲੀਆ) ਗੈਲ (ਨਾਲ), ਗੈਂ (ਗਊ) ਆਦਿ ਪੰਜਾਬੀ ਤੋਂ ਵਖਰੇ ਰੂਪ ਵਿਚ ਵਰਤੇ ਜਾਂਦੇ ਹਨ। ਪੁਆਧੀ ਵਿੱਚ ਮਿਲਣ ਵਾਲੇ ਸ਼ਬਦਾਂ ਨੂੰ ਅਰਥਗਤ ਵੱਖਰਤਾ ਦੇ ਪੱਖ ਤੋਂ ਹੇਠ ਲਿਖੇ ਅਨੁਸਾਰ ਪੇਸ਼ ਕੀਤਾ ਜਾ ਸਕਦਾ ਹੈ।

**ਸਾਮਾਨਰਥਕ ਸ਼ਬਦ**

ਪੁਆਧੀ ਵਿਚ ਵੀ ਪੰਜਾਬੀ ਵਾਂਗ ਕਈ ਸ਼ਬਦ ਅਜਿਹੇ ਮਿਲਦੇ ਹਨ ਜੋ ਰੂਪ ਦੇ ਪੱਖ ਤੋਂ ਵੱਖਰੇ ਅਤੇ ਅਰਥਾਂ ਦੇ ਪਖ ਤੋਂ ਇਕੋ ਜਿਹੇ ਹਨ। ਪੁਆਧੀ ਬੁਲਾਰੇ ਆਪਣੀ ਉਪਭਾਸ਼ਾ ਦੇ ਵਿਸ਼ੇਸ਼ ਉਪਭਾਸ਼ਾਈ ਗੁਣਾਂ ਅਤੇ ਵਿਸ਼ੇਸ਼ਤਾਵਾਂ ਦੇ ਕਾਰਨ ਇਹਨਾਂ ਸਮਾਨਾਰਥਕ ਸ਼ਬਦਾਂ ਨੂੰ ਅਚਨਚੇਤ ਹੀ ਉਚਾਰਦੇ ਹਨ, ਜਦਕਿ ਪੰਜਾਬੀ ਵਿਚ ਇਹਨਾਂ ਦੇ ਰੂਪ ਵੱਖਰੇ ਹੁੰਦੇ ਹਨ। ਜਿਵੇਂ;

**ਸਮਾਨਾਰਥਕ ਸ਼ਬਦ** (**ਪੁਆਧੀ ਨੂੰ ਬੋਲਣ ਸਮੇਂ**)

| | | |
|---|---|---|
| ਕੁੜੀ | – | ਛੋਕਰੀ, ਜੁਆਕੜੀ, ਬੂਝੀ, ਛੋਰ੍ਹੀ |
| ਮੁੰਡਾ | – | ਛੋਕਰਾ, ਜੁਆਕ, ਬੂਝਾ, ਛੋਰ੍ਹਾ |
| ਪਿੰਡ | – | ਗੌਂ, ਗਾਂਵ, ਮਾਜਰਾ, ਮਾਜਰੀ |
| ਰਸਤਾ | – | ਗੋਹਰ, ਗੋਹਰੀ, ਪਾਹਾ, ਪਹੀ |



**ਬਹੁ-ਅਰਥਕ ਸ਼ਬਦ**

ਜਾਨ ਲਾਇਨਜ਼ ਦੇ ਅਨੁਸਾਰ ਬਹੁ-ਅਰਥਕ ਸ਼ਬਦ ਉਹ ਹੁੰਦੇ ਹਨ, ਜਿਨ੍ਹਾਂ ਵਿਚ ਇਕ ਕੋਸ਼ਗਤ ਸ਼ਬਦ ਦੇ ਵੱਖਰੇ-ਵੱਖਰੇ ਅਰਥ ਹੁੰਦੇ ਹਨ।[8] ਪੁਆਧੀ ਵਿਚ ਵੀ ਪੰਜਾਬੀ ਦੇ ਸ਼ਬਦ ਅੰਬ, ਸਾਰ ਤੇ ਸਿੱਟਾ ਆਦਿ ਵਾਂਗ ਬਹੁ-ਅਰਥਕ ਸ਼ਬਦ ਮਿਲਦੇ ਹਨ। ਜਿਵੇਂ;

**ਬਹੁ-ਅਰਥਕ ਸ਼ਬਦ** (**ਪੁਆਧੀ ਨੂੰ ਬੋਲਣ ਸਮੇਂ**)

| | | |
|---|---|---|
| ਬੱਟ | – | ਕਰਸਾਹ ਵਾਲਾ, ਬਾਣ, ਗੁੱਸਾ, ਕੱਪੜੇ ਦਾ ਬੱਟ |
| ਜਾਮਣ | – | ਫਲ, ਦਹੀਂ ਵਾਲਾ ਜਾਗ, ਗਵਾਹ, ਰੰਗ |
| ਬੂਰਾ | – | ਛਾਣਸ, ਪੀਸੀ ਹੋਈ ਖੰਡ, ਲੱਕੜ ਵਾਲਾ ਬੂਰਾ |

**ਸਮੂਹ-ਅਰਥਕ ਸ਼ਬਦ**

ਪਾਮਰ ਜਾਨ ਲਾਇਨਜ਼ ਦੇ ਹਵਾਲੇ ਨਾਲ ਸਮੂਹ-ਅਰਥਕ ਸ਼ਬਦ ਨੂੰ ਪਰਿਭਾਸ਼ਤ ਕਰਦਾ ਹੋਇਆ ਲਿਖਦਾ ਹੈ ਕਿ ਅਸਮਾਨਤਾ ਦੇ ਨਾਲ-ਨਾਲ ਸਮੂਹ-ਅਰਥਕਤਾ ਨੂੰ ਸ਼ਬਦ ਦੇ ਸਹਿਚਾਰੀ ਸੰਬੰਧਾਂ ਦਾ ਸਭ ਤੋਂ ਬੁਨਿਆਦੀ ਗੁਣ ਮੰਨਿਆ ਜਾ ਸਕਦਾ ਹੈ।[9] ਸਮੂਹ-ਅਰਥਕ ਸ਼ਬਦਾਂ ਵਿਚ ਪੁਆਧੀ ਪੰਜਾਬੀ ਵਾਂਗ ਕਿਸੇ ਇਕ ਪੂਰੇ ਸਮੂਹ, ਜਾਤੀ ਜਾਂ ਕੌਮ ਦੇ ਸ਼ਬਦ ਸੰਮਲਿਤ ਹੁੰਦੇ ਹਨ। ਜਿਵੇਂ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'colour' ਰੰਗ ਵਿਚ ਲਾਲ, ਪੀਲਾ, ਨੀਲਾ ਅਤੇ ਹਰਾ ਆਦਿ ਸਭ ਤਰ੍ਹਾਂ ਦੇ ਸ਼ਬਦਾਂ ਦਾ ਸਮੂਹ ਸਮਾ ਜਾਂਦਾ ਹੈ। ਉਸੇ ਤਰ੍ਹਾਂ ਸ਼ਬਦ ਪਿਆਰ, ਡਰ, ਇੱਛਾਵਾਂ ਅਤੇ ਨਫ਼ਰਤ ਆਦਿ ਇਕੋ ਸ਼ਬਦ 'ਭਾਵਨਾਵਾਂ' ਦੇ ਵੱਖਰੇ-ਵੱਖਰੇ ਰੂਪ ਹਨ। ਪੁਆਧੀ ਵਿਚ ਵੀ ਹੇਠ ਲਿਖੇ ਸਮੂਹ-ਅਰਥਕ ਸ਼ਬਦ ਮਿਲਦੇ ਹਨ। ਜਿਵੇਂ;

**ਸਮੂਹ-ਅਰਥਕ ਸ਼ਬਦ** (**ਪੁਆਧੀ ਨੂੰ ਬੋਲਣ ਸਮੇਂ**)

| | | |
|---|---|---|
| ਚੌਣਾ | – | ਮ੍ਹੈਸ, ਬਲਦ, ਕਟੜੂ |
| ਫਲ | – | ਕਚਰਾ, ਚਿਬੜੀ, ਚੂਆਂ |
| ਫ਼ਸਲ | – | ਗਿਹੂੰ, ਜੀਰੀ, ਇੱਖ, ਝੋਨਾ |

**ਵਿਰੋਧਾਰਥਕ ਸ਼ਬਦ**

ਵਿਰੋਧਾਰਥਕ ਸ਼ਬਦ ਅਜਿਹੇ ਹੁੰਦੇ ਹਨ, ਜਿਨ੍ਹਾਂ ਸ਼ਬਦਾਂ ਵਿਚ ਖ਼ਾਸ ਕਿਸਮ ਦੀ ਨੇੜਤਾ ਹੁੰਦੇ ਹੋਏ ਵੀ ਅਰਥਾਂ ਦੀ ਵਿਰੋਧਾਤਮਕਤਾ ਹੁੰਦੀ ਹੈ। ਜਵੇਂ

ਕਿ ਮੁੰਡਾ/ਕੁੜੀ, ਬੱਚਾ/ਜਵਾਨ, ਅੱਗਾ/ਪਿੱਛਾ ਅਤੇ ਪੂਰਬ/ਪੱਛਮ ਆਦਿ। ਇਸ ਤਰ੍ਹਾਂ ਇਹ ਵਿਰੋਧਾਰਥਕ ਸ਼ਬਦਾਂ ਵਿਚ ਮੁੰਡਾ/ਕੁੜੀ ਔਲਾਦ ਦੇ ਹਵਾਲੇ ਨਾਲ ਸਮਾਨ ਹਨ ਪਰ ਲਿੰਗ ਦੇ ਪ੍ਰਸੰਗ ਵਿਰੋਧਾਰਥਕ ਹਨ। ਇਸੇ ਤਰ੍ਹਾਂ ਬੱਚਾ/ਜਵਾਨ ਅਤੇ ਅੱਗਾ/ਪਿੱਛਾ ਜਾਂ ਪੂਰਬ/ਪੱਛਮ ਕ੍ਰਮਵਾਰ ਉਮਰ ਅਤੇ ਦਿਸ਼ਾ ਦੇ ਲਿਹਾਜ਼ ਨਾਲ ਸਮਾਨ ਹਨ ਪਰ ਅਰਥਾਂ ਦੀ ਦ੍ਰਿਸ਼ਟੀ ਤੋਂ ਵਿਰੋਧਾਰਥਕ ਹਨ। ਇਸ ਕਰਕੇ ਵਿਰੋਧਾਰਥਕ ਵਿਚ ਭਾਵ ਹਮੇਸ਼ਾ ਸੰਕੇਤਿਤ ਮੱਦ ਦੇ ਹਵਾਲੇ ਨਾਲ ਅਰਥਾਂ ਨੂੰ ਰਚਦਾ ਹੈ, ਜਿਸ ਕਰਕੇ ਸੰਕੇਤਿਕ ਤੋਂ ਸੰਕੇਤਿਤ ਦੇ ਸੰਬੰਧ ਪ੍ਰਸੰਗ ਅਤੇ ਸਥਿਤੀਆਂ ਅਨੁਸਾਰ ਨਿਰੂਪਤ ਹੁੰਦੇ ਹਨ।[10] ਪੁਆਧੀ ਵਿਚ ਵੀ ਕਈ ਵਿਰੋਧਾਰਥਕ ਸ਼ਬਦ ਮੌਜੂਦ ਹਨ ਜਿਨ੍ਹਾਂ ਨੂੰ ਬੁਲਾਰੇ ਉਚਾਰਦੇ ਹਨ ਜਿਵੇਂ: ਢਿੱਡਾ-ਪੱਧਰਾ, ਦੇਜੂ-ਛੜਾ, ਨਿਮਲ-ਗਹਿਰ, ਪੀਹਣਾ-ਦੈੜ।

ਸੋ, ਪੁਆਧੀ ਦੀ ਅਰਥਗਤ ਵਿਉਂਤ ਵਿਚ ਪੰਜਾਬੀ ਨਾਲੋਂ ਕਈ ਸਾਂਝਾਂ ਅਤੇ ਭਿੰਨਤਾਵਾਂ ਵੀ ਮਿਲਦੀਆਂ ਹਨ। ਭਾਵੇਂ ਕਿ ਇਹ ਸਾਂਝਾਂ ਭਿੰਨਤਾਵਾਂ ਨਾਲੋਂ ਵੱਧ ਹਨ,। ਪਰ ਫਿਰ ਵੀ ਭਿੰਨਤਾਵਾਂ ਕਾਰਨ ਬੁਲਾਰਿਆਂ ਨੂੰ ਪੰਜਾਬੀ ਵਿਚ ਵਰਤੋਂ ਸਮੇਂ ਕਈ ਮੁਸ਼ਕਲਾਂ ਆਉਂਦੀਆਂ ਹਨ।

### ਪੁਆਧੀ ਅਤੇ ਪੰਜਾਬੀ ਦੀ ਅਰਥ ਵਿਉਂਤ: ਸਾਂਝਾਂ ਅਤੇ ਭਿੰਨਤਾਵਾਂ

ਕੁਝ ਵਾਦ-ਵਿਵਾਦਾਂ ਦੇ ਬਾਵਜੂਦ ਵੀ ਇਹ ਸਰਵ-ਪ੍ਰਵਾਨਿਤ ਹੈ ਕਿ ਦੋ ਭਾਸ਼ਾਵਾਂ ਦੀ ਗ੍ਰਹਿਣਕਾਰੀ ਦੀ ਪ੍ਰਕਿਰਿਆ ਵਿਚ ਵੀ ਭਾਸ਼ਾ ਨੂੰ ਗ੍ਰਹਿਣ ਕਰਨ ਵਾਲੇ ਬੁਲਾਰੇ ਦੀ ਉਮਰ ਦਾ ਖ਼ਾਸ ਯੋਗਦਾਨ ਹੁੰਦਾ ਹੈ ਅਤੇ ਇਹ ਵੀ ਸੱਚ ਹੈ ਕਿ ਬਾਲਗ ਦੂਜੀ ਭਾਸ਼ਾ ਦੀ ਸਿਖਲਾਈ ਵਿਚ ਮਾਤ ਭਾਸ਼ਾ ਵਾਂਗ ਵਿਆਕਰਨਕ ਸਮਰੱਥਾ ਹਾਸਿਲ ਨਹੀਂ ਕਰ ਸਕਦੇ; ਮੁੱਖ ਤੌਰ 'ਤੇ ਉਚਾਰਨ ਨਾਲ ਸੰਬੰਧਤ ਪ੍ਰਕਿਰਿਆ ਵਿਚ ਯੋਗਤਾ ਹਾਸਿਲ ਕਰਨਾ ਮੁਸ਼ਕਲ ਹੁੰਦਾ ਹੈ।[11] ਪੁਆਧੀ ਬੁਲਾਰੇ ਵੀ ਜਿੰਨੀ ਨਿਪੁੰਨਤਾ ਆਪਣੀ ਮਾਤ ਭਾਸ਼ਾ ਵਿਚ ਪ੍ਰਾਪਤ ਕਰ ਲੈਂਦੇ ਹਨ, ਪੰਜਾਬੀ ਵਿਚ ਵਰਤੋਂ ਸਮੇਂ ਉਹ ਉਨੀ ਕੁਸ਼ਲਤਾ ਪ੍ਰਾਪਤ ਨਹੀਂ ਕਰ ਸਕਦੇ। ਬਾਰਬਾਰਾ ਸੀ ਲਸਟ (Barbara C. Lust) ਤਾਂ ਇਹ ਵੀ ਮੰਨਦੀ ਹੈ ਕਿ ਕਿਸੇ ਭਾਸ਼ਾ ਦੀ ਧੁਨੀਆਤਮਕ ਅਤੇ ਵਾਕਾਮਕ ਗ੍ਰਹਿਣ ਪ੍ਰਕਿਰਿਆ ਦੇ ਉਲਟ ਭਾਸ਼ਕ ਗਿਆਨ ਦੇ ਅਰਥਗਤ ਪਾਸਾਰ ਦੀ ਗ੍ਰਹਿਣਕਾਰੀ ਸਮੁੱਚੀ ਜ਼ਿੰਦਗੀ ਹੀ ਗਤੀਸ਼ੀਲ ਰਹਿੰਦੀ ਹੈ।[12] ਮਨੁੱਖ ਸਹਿਜ ਰੂਪ ਵਿਚ ਹੀ ਸਾਰੀ ਜ਼ਿੰਦਗੀ ਨਵੇਂ ਸ਼ਬਦ ਅਤੇ ਸ਼ਬਦਾਂ ਦੇ ਅਰਥਗਤ ਪ੍ਰਬੰਧ ਨੂੰ ਜਾਣਨ ਅਤੇ



ਸਮਝਣ ਦੀ ਪ੍ਰਕਿਰਿਆ ਵਿੱਚ ਲੱਗਿਆ ਰਹਿੰਦਾ ਹੈ। ਪੁਆਧੀ ਬੁਲਾਰਿਆਂ ਦੇ ਮਸਤਕ ਵਿਚ ਵੀ ਉਹਨਾਂ ਦੀ ਉਪਭਾਸ਼ਾ ਦੀ ਵਿਸ਼ੇਸ਼ ਉਪਭਾਸ਼ਾਈ ਅਰਥਗਤ ਵਿਉਂਤ ਅਤੇ ਅਰਥ ਘੇਰੇ ਗ੍ਰਹਿਣਕਾਰੀ ਦੀ ਪ੍ਰਕਿਰਿਆ ਸਮੇਂ ਅਚੇਤ ਰੂਪ ਵਿਚ ਚੌਖਟੇ ਦੇ ਤੌਰ 'ਤੇ ਬੱਝ ਜਾਂਦੇ ਹਨ। ਇਹ ਭਾਸ਼ਕ ਚੌਖਟਾ ਪੁਆਧੀ ਦੀ ਵਿਸ਼ੇਸ਼ ਧੁਨੀਆਤਮਕ, ਰੂਪਾਤਮਕ, ਵਾਕਾਤਮਕ ਅਤੇ ਅਰਥਗਤ ਬਣਤਰ ਅਤੇ ਸੰਕਲਪਾਂ ਅਨੁਸਾਰ ਬਣਿਆ ਹੋਇਆ ਹੁੰਦਾ ਹੈ।

ਅਰਥਾਂ ਦੇ ਸੰਦਰਭ ਵਿਚ ਬਾਰਬਾਰਾ ਮੰਨਦੀ ਹੈ ਕਿ ਅਰਥ ਕਦੇ ਵੀ ਮਾਹੌਲ ਰਾਹੀਂ ਨਹੀਂ ਪ੍ਰਦਾਨ ਕੀਤੇ ਜਾਂਦੇ, ਇਹ ਬੱਚਿਆਂ ਨੂੰ ਸਿਰਜਣੇ ਪੈਂਦੇ ਹਨ। 13 ਪੁਆਧੀ ਬੁਲਾਰੇ ਦੀ ਉਪਭਾਸ਼ਾ ਦੀ ਗ੍ਰਹਿਣਕਾਰੀ ਦੇ ਸੰਦਰਭ ਵਿਚ ਜੋ ਅਰਥਗਤ ਪ੍ਰਬਧ ਗ੍ਰਹਿਣ ਕਰਕੇ ਉਚਾਰਦੇ ਹਨ, ਉਹ ਪੰਜਾਬੀ ਦੀ ਅਰਥਗਤ ਬਣਤਰ ਨਾਲ ਕਾਫ਼ੀ ਸਾਂਝਾਂ ਰੱਖਦਾ ਹੈ। ਪਰ, ਦੂਸਰੇ ਪੱਧਰਾਂ ਵਾਂਗ, ਪੁਆਧੀ ਦਾ ਅਰਥਗਤ ਪ੍ਰਬੰਧ ਤੇ ਸੰਗਠਨ ਵੀ ਬਾਕੀ ਉਪਭਾਸ਼ਾਵਾਂ ਦੇ ਮੁਕਾਬਲਤਨ ਪੰਜਾਬੀ ਤੋਂ ਕਾਫ਼ੀ ਭਿੰਨ ਹੈ। ਇਹ ਭਿੰਨਤਾਵਾਂ ਪੁਆਧੀ ਬੁਲਾਰਿਆਂ ਨੂੰ ਉਦੋਂ ਪਤਾ ਲੱਗਦੀਆਂ ਹਨ, ਜਦੋਂ ਉਹ ਪੰਜਾਬੀ ਸਿੱਖਦੇ ਅਤੇ ਵਰਤਦੇ ਹਨ। ਪੁਆਧੀ ਦੇ ਸ਼ਬਦ ਭੰਡਾਰ ਵਿਚ ਮਿਲਣ ਵਾਲੇ ਸਮਾਨਰਥਕ, ਬਹੁ-ਅਰਥਕ, ਸਮੂਹ-ਅਰਥਕ ਅਤੇ ਵਿਰੋਧਾਰਥਕ ਆਦਿ ਸ਼ਬਦ ਜਿੱਥੇ ਪੰਜਾਬੀ ਵਿਚ ਵੀ ਮਿਲਦੇ ਹਨ, ਉਥੇ ਬਹੁਤ ਸਾਰੇ ਸਬਦ ਅਜਿਹੇ ਵੀ ਹਨ ਜੋ ਅਰਥਗਤ ਪਰਤਾਂ ਦੀ ਆਪਸ ਵਿਚ ਸਾਂਝ ਹੋਣ ਦੇ ਬਾਵਜੂਦ ਵੀ ਪੰਜਾਬੀ ਨਾਲ ਮੇਲ ਨਹੀਂ ਖਾਂਦੇ। ਇਹਨਾਂ ਸ਼ਬਦਾਂ ਦੇ ਪੁਆਧੀ ਦੀ ਅਰਥ ਵਿਉਂਤ ਵਿਚ ਕੁਝ ਹੋਰ ਅਰਥ ਹਨ, ਜਦਕਿ ਪੰਜਾਬੀ ਵਿਚ ਜਾਂ ਤਾਂ ਇਹ ਸ਼ਬਦ ਮਿਲਦੇ ਹੀ ਨਹੀਂ, ਜਾਂ ਫਿਰ ਕਿਸੇ ਹੋਰ ਅਰਥਗਤ ਘੇਰਿਆਂ ਵਿਚ ਵਰਤੇ ਜਾਂਦੇ ਹਨ।

* * *

# ਪੁਆਧੀ ਲੋਕ ਮਨੋਰੰਜਨ : ਮੁੱਖ ਸਰੋਕਾਰ

**- ਡਾ. ਜਗਜੀਤ ਸਿੰਘ**
**ਮੋਬਾ. 9417021427**

ਪੁਆਧੀ ਖੇਤਰ ਜਿੱਥੇ ਆਰਥਿਕ ਪੱਖੋਂ ਪਛੜਿਆਂ ਰਿਹਾ ਉਥੇ ਇਤਿਹਾਸ, ਸੰਸਕ੍ਰਿਤੀ ਲੋਕ-ਕਲਾਵਾਂ ਦੀਆਂ ਪ੍ਰਾਪਤੀਆਂ ਪੱਖੋਂ ਕਿਸੇ ਤਰ੍ਹਾਂ ਵੀ ਪਛੜਿਆ ਸਿੱਧ ਨਹੀਂ ਹੁੰਦਾ। ਪਹਾੜ ਦੀ ਗੋਦ ਵਿਚ ਸਥਾਪਿਤ ਖਿੱਤਾ ਪੰਜਾਬ ਦਾ ਮਹੱਤਵਪੂਰਨ ਅਨਿੱਖੜ ਅੰਗ ਹੈ। ਪੁਆਧੀ ਖੇਤਰ ਦੀ ਮਹੱਤਤਾ ਪਰੰਪਰਾ ਅਤੇ ਇਸ ਦੀ ਵਿਸ਼ੇਸ਼ਤਾ ਨੂੰ ਵਾਚਣ ਉਪਰੰਤ ਇਥੋਂ ਦੇ ਲੋਕਾਂ ਦੇ ਮਨੋਰੰਜਨ ਦੇ ਸਾਧਨ ਜਾਣਨੇ ਵੀ ਆਵਸ਼ਕ ਹਨ। ਜਿਸ ਤਰ੍ਹਾਂ ਇਸ ਤੋਂ ਪਹਿਲਾਂ ਵਿਸ਼ਲੇਸ਼ਣੀ ਵਰਣਨ ਵਿਚ ਬਾਰ-ਬਾਰ ਇਹ ਨੁਕਤਾ ਉਭਾਰਿਆ ਗਿਆ ਹੈ ਕਿ ਪੁਆਧੀ ਖੇਤਰ ਪੰਜਾਬ ਦੇ ਬਾਕੀ ਖਿੱਤਿਆਂ ਜਿੰਨਾ ਖੁਸ਼ਹਾਲ ਨਹੀਂ ਸਗੋਂ ਪਛੜਿਆ ਹੋਇਆ ਖਿੱਤਾ ਹੈ। ਦਰਅਸਲ ਕਿਸੇ ਖਿੱਤੇ ਨੂੰ ਮੁਕਾਬਲਤਨ ਸਿਰਫ਼ ਉਸਦੀ ਆਰਥਿਕਤਾ, ਕਿੱਤਾਕਾਰੀ ਅਤੇ ਮਾਨਸਿਕਤਾ ਪੱਖ ਤੋਂ ਹੀ ਪਛੜਿਆ ਇਲਾਕਾ ਕਹਿ ਦੇਣਾ ਵਾਜਬ ਨਹੀਂ ਲੱਗਦਾ। ਪਛੜੇ ਤੋਂ ਪਛੜੇ ਇਲਾਕੇ ਵਿਚ ਵੀ ਕੋਈ ਨਾ ਕੋਈ ਵਿਸ਼ੇਸ਼ਤਾ, ਵਿਲੱਖਣਤਾ ਉਭਰ ਹੀ ਆਉਂਦੀ ਹੈ ਜਿਵੇਂ ਇਕ ਮਿੱਥ ਪ੍ਰਚਲਿਤ ਹੈ ਕਿ ਰੇਤ ਵਿਚੋਂ ਵੀ ਸੋਨਾ ਲੱਭਿਆ ਜਾ ਸਕਦਾ ਹੈ ਅਤੇ ਇਹ ਵੀ ਸੱਚਾਈ ਹੈ ਕਿ ਸੁਨਿਆਰੇ ਦੀ ਦੁਕਾਨ ਹੂੰਝਣ ਵਾਲਾ ਉਸਦੇ ਕੂੜੇ ਵਿਚੋਂ ਵੀ ਸੋਨਾ ਛਾਣ ਹੀ ਲੈਂਦਾ ਹੈ। ਇਸ ਦੀ ਮਿਸਾਲ ਸਾਨੂੰ ਪ੍ਰਸਿੱਧ ਰੂਸੀ ਰਚਨਾ ਦੇ ਪੰਜਾਬੀ ਅਨੁਵਾਦ 'ਸੁਨਹਿਰਾ ਗੁਲਾਬ' ਵਿੱਚੋਂ ਵੀ ਮਿਲਦੀ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਕਿਸੇ ਵਿਅਕਤੀ ਵਿਸ਼ੇਸ਼ ਦੇ ਵਿਅਕਤੀਗਤ ਯਤਨ ਵੀ ਆਖਰ ਉਸਦਾ ਸੁਪਨਾ ਪੂਰਨ ਵਿਚ ਸਹਾਇਕ ਹੁੰਦੇ ਹਨ।

ਕਿਸੇ ਕੁਦਰਤੀ, ਗ਼ੈਰ-ਕੁਦਰਤੀ ਥਾਂ ਅਤੇ ਕਿਸੇ ਵੀ ਖਿੱਤੇ ਨਾਲ ਸੰਬੰਧਿਤ ਲੋਕਾਂ ਨੂੰ ਪਛੜਿਆ ਸਿੱਧ ਕਰਨ ਦੀ ਥਾਂ ਉਹਨਾਂ ਦੀਆਂ ਖੂਬੀਆਂ ਗਿਣੀਆਂ ਜਾਣ ਤਾਂ ਇਹ ਵਧੇਰੇ ਸਾਰਥਕ ਕਾਰਜ ਬਣਦਾ ਹੈ ਪਰ ਅਜਿਹਾ ਕਰਨ ਲਈ ਬੜੇ ਸਬਰ, ਸੰਤੋਖ ਅਤੇ ਤਹੰਮਲ ਦੀ ਲੋੜ ਹੁੰਦੀ ਹੈ। ਮਿਹਨਤ, ਮੁਸ਼ੱਕਤ, ਪੁਆਧੀ ਖੇਤਰ ਦੇ ਲੋਕਾਂ ਦੀ ਉਭਰਵੀਂ ਉਪਲਭਦੀ ਹੈ। ਇਸੇ ਗੁਣ ਨੇਂ ਉਨ੍ਹਾਂ ਨੂੰ



ਸਭਿਆਚਾਰਕ ਅਮੀਰੀ, ਸਾਫਗੋਈ, ਸਧਾਰਨਤਾ ਅਤੇ ਨਿਮਰਤਾ ਬਖ਼ਸ਼ੀ ਹੈ।ਇਸੇ ਗੁਣ ਕਾਰਨ ਉਹ ਜਿੰਨਾ ਕੁਦਰਤੀ ਪ੍ਰਾਪਤ ਹੋਇਆ ਓਸ ਨਾਲ ਹੀ ਗੁਜ਼ਾਰਾ ਕਰਨਾ ਸਿੱਖ ਗਏ ਅਤੇ ਇਸੇ ਗੁਣ ਨੇ ਹੀ ਇਨ੍ਹਾਂ ਪੁਆਧੀਆਂ ਦੀ ਵਿਸ਼ੇਸ਼ ਵਿਧੀ ਹੈ। ਇਸ ਨਾਲ ਢੱਡ ਸਾਰੰਗੀ ਆਦਿ ਸਾਜ਼ਾਂ ਉਤੇ ਵਾਰਾਂ ਪੇਸ਼ ਕੀਤੀਆਂ ਜਾਂਦੀਆਂ ਹਨ।

ਪ੍ਰਮੁੱਖ ਰੂਪ ਵਿਚ ਸਿੱਖ ਢਾਡੀ (ਸੂਫੀ ਢਾਡੀ) ਤੇ ਲੋਕ-ਢਾਡੀ ਲੋਕਾਂ ਵਿਚ ਵਧੇਰੇ ਪ੍ਰਵਾਨਿਤ ਹੋਏ ਹਨ। ਇਨ੍ਹਾਂ ਢਾਡੀਆਂ ਦੁਆਰਾ ਸਮੁੱਚੇ ਤੌਰ ਤੇ ਜਿੱਥੇ ਸਦਾਚਾਰ, ਉਪਦੇਸ਼ਾਤਮਕ ਅਤੇ ਸੂਰਮਗਤੀ ਦੇ ਕਿੱਸਿਆਂ ਦਾ ਗਾਇਨ ਕੀਤਾ ਜਾਂਦਾ ਸੀ ਉਥੇ ਪੂਰਨ ਭਗਤ, ਗੋਪੀ ਚੰਦ ਅਤੇ ਸ਼ਾਹਣੀ ਕੌਲਾਂ ਆਦਿ ਲੋਕ-ਕਦਰਾਂ-ਕੀਮਤਾਂ ਨੂੰ ਦਰਸਾਉਣ ਵਾਲੇ ਕਿੱਸੇ ਵੀ ਗਾਏ ਜਾਂਦੇ ਸਨ। ਇਹ ਢਾਡੀ ਦੁੱਲਾ ਭੱਟੀ, ਸੱਦ, ਕਲੀ ਤੋਂ ਇਲਾਵਾ ਕਬਿੱਤ, ਕੋਰੜਾ ਤੇ ਗੱਡੀ-ਛੰਦ ਰੂਪ ਨੂੰ ਲੋਕ-ਮਨੋਰੰਜਨੀ ਵਿਧੀ ਰਾਹੀਂ ਕਲਾਤਮਕ ਰੂਪ ਵਿਚ ਪੇਸ਼ ਕਰਦੇ ਸਨ

ਪੁਆਧੀ ਖੇਤਰ ਦੇ ਲੋਕਾਂ ਦਾ ਲੋਕ-ਮਨੋਰੰਜਨ ਵਧੇਰੇ ਕਰਕੇ ਜੀਵੰਤ ਪੇਸ਼ਕਾਰੀਆਂ ਅਤੇ ਨਿਭਾਓ ਪਰੰਪਰਾਵਾਂ ਨਾਲ ਸੰਬੰਧਿਤ ਰਿਹਾ ਹੈ। ਇਸ ਵਿਚ ਇਕ ਤਾਰ ਵਾਲਾ ਤੂੰਬਾ ਅਤੇ ਦੋ ਤਾਰਾਂ ਵਾਲਾ ਤੂੰਬਾ ਵੀ ਪ੍ਰਚੱਲਿਤ ਲੋਕ-ਸਾਜ਼ ਰਹੇ ਹਨ ਜਿਨ੍ਹਾਂ ਤੋਂ ਉਂਗਲੀ ਨਾਲ ਤਾਰ ਦੀਆਂ ਤਰਬਾਂ ਛੇੜਦਿਆਂ ਲੋਕ-ਗਾਇਕ ਰਿਵਾਇਤੀ ਗਾਇਕੀ ਅਤੇ ਲੋਕ-ਕਾਵਿ ਟੋਟਿਆਂ ਅਥਵਾ ਪ੍ਰਸੰਗਾਂ ਨੂੰ ਪੇਸ਼ ਕੀਤਾ ਜਾਂਦਾ। ਇਸੇ ਤਰ੍ਹਾਂ ਅਲਗੋਜ਼ੇ, ਬੀਨ ਹਿੱਕ ਦੇ ਜ਼ੋਰ ਨਾਲ ਹਵਾ ਰਾਹੀਂ ਸੰਗੀਤਕ ਧੁਨ ਪੈਦਾ ਕਰਨ ਵਾਲੇ ਲੋਕ-ਸਾਜ਼ ਹਨ। ਵਰਨਣਯੋਗ ਹੈ ਕਿ ਇਨ੍ਹਾਂ ਸਾਜ਼ਾਂ ਨੂੰ ਵਜਾਉਣ ਵਾਲਾ ਆਪ ਨਾਲ ਦੀ ਨਾਲ ਨਹੀਂ ਗਾ ਸਕਦਾ। ਇਸ ਲਈ ਇਨ੍ਹਾਂ ਸਾਜ਼ਾਂ ਤੇ ਗਾਉਣ ਵਾਲਾ ਗਵਈਆ ਨਾਲ ਗਾਉਂਦਾ ਸੀ। ਲੋਕ-ਮਨੋਰੰਜਨ ਦੇ ਇਨ੍ਹਾਂ ਸਾਧਨਾਂ ਵਿਚੋਂ ਇਕ ਮਹੱਤਵਪੂਰਨ ਸਾਧਨ ਲੋਕ-ਸਾਜ਼ਾਂ ਨਾਲ ਲੋਕ-ਧੁਨਾਂ ਪੈਦਾ ਕਰਕੇ ਅਤੇ ਗਾ ਕੇ ਮੰਗਣ ਦੀ ਰਵਾਇਤ ਵੀ ਪੁਆਧ ਖੇਤਰ ਵਿਚ ਰਹੀ ਹੈ। ਜਿਹੜੇ ਵਿਦਵਾਨ ਭਾਰਤ, ਪੰਜਾਬ ਜਾਂ ਪੁਆਧ ਨੂੰ ਪੱਛਮ ਨਾਲੋਂ ਪਛੜਿਆ ਆਖਦੇ ਹਨ ਉਨ੍ਹਾਂ ਨੂੰ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਪੱਛਮ ਵਿੱਚ ਵੀ ਮੰਗਣ ਦਾ ਤਰੀਕਾ ਕੁਝ ਗਾ ਕੇ, ਸੁਣਾ ਕੇ, ਸਾਜ਼ ਵਜਾ ਕੇ ਲੋਕਾਂ ਦਾ ਮਨੋਰੰਜਨ ਕਰਨਾ ਹੈ। ਦੂਜਾ ਪੰਜਾਬੀ ਲੋਕ-ਪਰੰਪਰਾ ਵਿਚ ਵੀ ਲੋਕਾਂ ਦਾ ਮਨੋਰੰਜਨ ਕਰਨ ਵਾਲਿਆਂ ਨੂੰ ਲੋਕ ਸਵੈ-

ਇੱਛਾ ਨਾਲ ਕੋਈ ਸਿੱਕਾ ਜਾਂ ਰੁਪਈਆ ਭੇਟ ਕਰਦੇ ਆਏ ਹਨ। ਇਥੇ ਨਾਲ ਹੀ ਜੇਕਰ ਇਨ੍ਹਾਂ ਸਮਿਆਂ ਦੇ ਲੋਕ-ਗਾਇਕਾਂ ਦਾ ਲੋਕਾਂ ਦਾ ਮਨੋਰੰਜਨ ਕਰਨ ਦਾ ਢੰਗ ਅਤੇ ਪੇਟ ਪਾਲਣ ਦਾ ਢੰਗ ਅੱਜਕਲ੍ਹ ਦੇ ਕਲਾਕਾਰਾਂ ਦੇ ਗਾਇਕਾਂ ਅਤੇ ਅਦਾਕਾਰਾਂ ਆਦਿ ਦੀ ਸ਼ਾਹੀ ਠਾਠ ਵਾਲੀ ਜ਼ਿੰਦਗੀ ਨਾਲ ਕੀਤਾ ਜਾਵੇ ਤਾਂ 'ਜ਼ਮੀਨ ਅਸਮਾਨ ਵਿਚਲਾ ਫ਼ਰਕ' ਵਾਲਾ ਸੰਦਰਭ ਮੁਹਾਵਰਾ ਵਰਤਣਾ ਹੀ ਕਾਫੀ ਹੈ।

**ਪੁਆਧੀ ਲੋਕ-ਮਨੋਰੰਜਨ ਦੇ ਸੰਦਰਭ ਵਿਚ ਪੁਆਧੀ ਮੇਲਿਆਂ ਮੁਸਾਹਬਿਆਂ ਦੀ ਮਹੱਤਤਾ :**

ਮੇਲੇ ਮੁਸਾਹਬੇ ਵੀ ਉਨ੍ਹਾਂ ਸਮਿਆਂ ਦੇ ਪੁਆਧੀ ਲੋਕਾਂ ਦੇ ਮਨੋਰੰਜਨ ਦੇ ਸਾਧਨ ਰਹੇ ਹਨ ਪਰ ਇਨ੍ਹਾਂ ਮੇਲਿਆਂ-ਮੁਸਾਹਬਿਆਂ ਦਾ ਅੱਜ ਵਿਉਂਤੇ ਹੋਏ ਮੇਲਿਆਂ ਨਾਲੋਂ ਖਾਸ ਕਰਕੇ ਉਹਨਾਂ ਸਮਿਆਂ ਦੇ ਪੁਆਧੀ ਮੇਲੀਆਂ ਦਾ ਅੰਤਰ ਵੀ ਬਹੁਤ ਜ਼ਿਆਦਾ ਹੈ। ਪੁਆਧੀ ਕਿਰਸੀ ਲੋਕ ਮਨਸਾਦੇਵੀ ਦਾ ਮੇਲਾ ਵੇਖਣ ਗਏ ਆਪਣੇ ਨਾਲ ਆਪਣੇ ਖੇਤਾਂ-ਬੰਨਿਆਂ ਵਿਚ ਉੱਗੀ ਹੋਈ ਬੱਬੜ੍ਹ ਮੁਜ ਵੀ ਲੈ ਜਾਂਦੇ ਉਥੇ ਇਸ ਮੁੰਜ ਨੂੰ ਵੇਚ ਕੇ, ਇਕ ਤਰ੍ਹਾਂ ਨਾਲ ਆਪਣਾ ਛੋਟਾ ਮੋਟਾ ਵਪਾਰ ਕਰਕੇ ਇਕ ਪੰਥ ਦੋ ਕਾਜ ਵਾਲਾ ਕਾਰਜ ਸਿੱਧ ਕਰ ਲੈਂਦੇ :

ਮੁੰਜ ਬੱਬੜ ਕਾ ਸੌਦਾ
ਦਰਸ਼ਨ ਦੇਵੀ ਕੇ

ਲੋਕ-ਮਨੋਰੰਜਨ ਕਰਨ ਵਾਲੇ ਗਾਇਕਾਂ, ਸਾਜ਼ੀਆਂ ਦੇ ਨਾਵਾਂ ਦੀ ਸੂਚੀ ਤਾਂ ਬਹੁ ਲੰਬੀ ਹੈ ਪਰ ਇਕ ਵਿਸ਼ੇਸ਼ ਨਾਂ ਨੋਟ : ਕਲਾਕਾਰ 'ਈਦੂ ਸ਼ਰੀਫ਼' ਕੁਝ ਸਾਲ ਹੋਏ ਗੁਜ਼ਰ ਚੁੱਕੇ ਹਨ ਅਤੇ ਰੱਬੀ ਬੈਰੋਂਪੁਰੀ ਵੀ ਜਿਹੜਾ ਮਨਸਾ ਦੇਵੀ ਦੇ ਇਲਾਕੇ ਨਾਲ ਸਬੰਧਿਤ ਲੋਕ-ਗਾਇਕ ਨੀਲੇ ਕੁੜਤੇ ਚਿੱਟੇ ਚਾਦਰੇ ਅਤੇ ਤੁਰਲੇ ਵਾਲੀ ਚਿੱਟੀ ਪੱਗ ਨਾਲ ਆਪਣੇ ਜੱਥੇ ਨੂੰ ਲੋਕਾਂ ਵਿਚ ਲਿਆ ਕੇ ਬਕਾਇਦਾ ਪੰਜਾਬੀ ਪੁਆਧੀ ਲੋਕਾਂ ਦੇ ਸਮੁੱਚੇ ਪੰਜਾਬੀ ਦਾ ਮਨੋਰੰਜਨ ਕਰਦਾ ਸੀ। ਏਸੇ ਸੰਦਰਭ ਵਿਚ ਸਟੇਜੀ ਅਖਾੜਾ ਗਾਇਨ ਪਰੰਪਰਾ ਦਾ ਮੋਢੀ ਰੱਬੀ ਸਿੰਘ ਬੈਰੋਂਪੁਰੀ ਦਾ ਨਾਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਜਿਸ ਤੋਂ ਪੁਆਧੀ ਅਖਾੜਿਆਂ ਨੂੰ ਧਾਰਮਿਕਤਾ ਤੋਂ ਮੁਕਤ ਕਰਾ ਕੇ ਇਸ ਨੂੰ ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਸੰਦਰਭਾਂ ਨਾਲ ਜੋੜਿਆ। ਅੱਜ ਤੋਂ ਦੋ-ਤਿੰਨ ਦਹਾਕੇ ਪਹਿਲਾਂ ਏਸੇ ਤਰ੍ਹਾਂ ਮੇਲਿਆਂ ਮੁਸਾਹਬਿਆਂ ਵਿਚ ਸਾਥੀ ਕਲਾਕਾਰਾਂ ਨਾਲ ਪੁਆਧੀਆਂ



ਦਾ ਮਨੋਰੰਜਨ ਕਰਦਾ ਰਿਹਾ ਹੈ । ਇਸ ਤਰ੍ਹਾਂ ਕੇਹਰ ਸਿੰਘ ਪਰਵਾਨਾ ਦੇ ਜਥੇ ਦਾ ਅਖਾੜਾ ਵੀ ਮੇਲਿਆਂ ਅਤੇ ਖੁੱਲ੍ਹੇ -ਪਿੜਾਂ ਵਿਚ ਆਪਣੇ ਸਮੇਂ ਪੁਆਧੀ ਖਿੱਤੇ ਵਿਚ ਲੋਕ-ਪ੍ਰਿਯ ਰਿਹਾ ਹੈ। ਪੁਆਧੀ ਖਿੱਤੇ ਵਿੱਚ ਲੱਗਣ ਵਾਲੇ ਪ੍ਰਮੁੱਖ ਮੇਲਿਆਂ ਦਾ ਵਰਣਨ ਇਸ ਪ੍ਰਕਾਰ ਹੈ:

| | |
|---|---|
| 1. ਅੰਬਕਾ ਦੇਵੀ ਦਾ ਮੇਲਾ | (ਖਰੜ/ਖੈੜ) |
| 2. ਭਗਤ ਘਾਟ ਦਾ ਮੇਲਾ | (ਖਰੜ/ਖੈੜ) |
| 3. ਮਨਸਾ ਦੇਵੀ ਦਾ ਮੇਲਾ | (ਪੰਚਕੂਲਾ) |
| 4. ਨੈਣਾਂ ਦੇਵੀ ਦਾ ਮੇਲਾ | (ਨੈਣਾਂ ਦੇਵੀ) |
| 5. ਕੌਲਾਂ ਵਾਲੇ ਟੋਭੇ ਤੇ ਭਰਨ ਵਾਲਾ ਮੇਲਾ | (ਅਨੰਦਪੁਰ ਸਾਹਿਬ) |
| 6. ਦਾਊਂ ਦਾ ਮੇਲਾ | (ਪਿੰਡ ਦਾਊਂ) |
| 7. ਹੌਲੇ-ਮਹੱਲੇ ਦਾ ਮੇਲਾ | (ਆਨੰਦਪੁਰ ਸਾਹਿਬ) |
| 8. ਬਸਾਖੀ ਦਾ ਮੇਲਾ | (ਆਨੰਦਪੁਰ ਸਾਹਿਬ) |
| 9. ਸੀਤਲਾ ਮਾਤਾ ਦਾ ਮੇਲਾ | (ਕੁਰਾਲੀ) |
| 10. ਲਾਲਾਂ ਵਾਲੇ ਪੀਰ ਦਾ ਮੇਲਾ | (ਨੇੜੇ ਖਿਜਰਾਬਾਦ) |
| 11. ਭੇਵੇ (ਪਹੋਏ) ਦਾ ਮੇਲਾ | ਪੇਹਆ |
| 12. ਹਰੀਪੁਰ ਦਾ ਮੇਲਾ | (ਹਰੀਪੁਰ) |
| 13. ਗੁੱਗੇ ਪੀਰ ਦਾ ਮੇਲਾ | (ਨਵਾਂ ਸ਼ਹਿਰ ਨੇੜੇ ਖਰੜ) |
| 14. ਚਮਕੌਰ ਸਾਹਿਬ ਦਾ ਜੋੜ-ਮੇਲਾ | (ਚਮਕੌਰ ਸਾਹਿਬ) |
| 15. ਭੱਠਾ ਸਾਹਿਬ ਦਾ ਜੋੜ-ਮੇਲਾ | (ਰੋਪੜ) |

ਇਹ ਇਸ ਗੱਲ ਦਾ ਸੰਕੇਤ ਹੈ ਕਿ ਲੋਕ-ਮਨੋਰੰਜਨੀ ਸਾਧਨ ਅਤੇ ਸਾਧਕ ਆਪ ਵੀ ਪਰੰਪਰਾ ਨੂੰ ਨਿਰੰਤਰ ਅਗੇ ਤੋਰਨ ਦੇ ਸਮਰਥ ਰਹੇ ਹਨ।

**1. ਪੁਆਧੀ ਗੁੱਗਾ ਗਾਇਨ ਪਰੰਪਰਾ :**

ਇਸ ਤੋਂ ਇਲਾਵਾ ਪੁਆਧੀ ਲੋਕ-ਮਨੋਰੰਜਨ ਵਿਚ ਗੁੱਗਾ ਗਾਇਨ ਦੀ ਪਰੰਪਰਾ ਆਉਂਦੀ ਹੈ। ਮੁੱਢਲਾ ਮਾਨਵ ਅਜੇ ਜਾਂਗਲੀ ਹੀ ਸੀ ਅਤੇ ਉਸ ਦਾ ਦਿਮਾਗ਼ ਅਜੇ ਅੱਜ ਜਿਨਾ ਵਿਕਸਿਤ ਨਹੀਂ ਸੀ ਉਦੋਂ ਉਹ ਮੀਂਹ, ਹਨੇਰੀ, ਹਨੇਰਾ, ਖੜਾਕ, ਅੱਗ, ਪਾਣੀ ਆਦਿ ਤੋਂ ਭੈ-ਭੀਤ ਹੋ ਜਾਂਦਾ। ਇਸ ਅਵਸਥਾ ਵਿਚ ਉਸ ਨੇ ਆਪਣੇ ਮਨ ਨੂੰ ਤਸੱਲੀ ਦੇਣ ਲਈ ਕਈ ਵੱਖ-ਵੱਖ ਦੇਵਤਿਆਂ ਦੀ ਮਨ ਨੂੰ ਤਸੱਲੀ ਦੇਣ ਲਈ ਕਈ ਵੱਖ-ਵੱਖ ਦੇਵਤਿਆਂ ਦੀ ਕਲਪਨਾ

ਕਰਕੇ ਉਨ੍ਹਾਂ ਦੀ ਅਰਾਧਨਾ ਕਰਨ ਲਗ ਪਿਆ। ਉਦੋਂ ਤੋਂ ਹੀ ਸ਼ਕਤੀ ਦਾ ਪ੍ਰਤੀਕ ਇਕ ਦੇਵਤਾ ਪ੍ਰਚੱਲਤ ਹੋ ਗਿਆ। ਹਰ ਸ਼ਕਤੀ ਲਈ ਇਕ ਦੇਵਤਾ ਨਿਸ਼ਚਿਤ ਕੀਤਾ ਗਿਆ। ਜਿਵੇਂ ਪਾਣੀ ਦਾ ਦੇਵਤਾ ਖੁਆਜਾ ਖਿਜ਼ਰ। ਓਦੋਂ ਦਰਿਆ ਪਾਰ ਕਰਨਾ ਅਸ਼ੁਭ ਮੰਨਿਆ ਜਾਂਦਾ ਸੀ ਕਿਉਂਕਿ ਇਸ ਨਾਲ ਖੁਆਜਾ ਖਿਜ਼ਰ ਦੇ ਨਰਾਜ਼ ਹੋਣ ਦਾ ਤੌਖਲਾ ਰਹਿੰਦਾ ਸੀ। ਇਸਦੇ ਉਪਾਓ ਲਈ ਆਦਿ ਮਾਨਵ ਨੇ ਦਰਿਆ ਪਾਰ ਕਰਨ ਤੋਂ ਪਹਿਲਾਂ ਖੁਆਜਾ ਖਿਜ਼ਰ ਨੂੰ ਧਿਆਉਣਾ ਅਤੇ ਜੇਕਰ ਕਿਧਰੇ ਹੜ੍ਹ ਆ ਜਾਵੇ ਤਾਂ ਓਦੋਂ ਵੀ ਖੁਆਜਾ ਖਿਜ਼ਰ ਦੀ ਹੀ ਅਰਾਧਨਾ ਕੀਤੀ ਜਾਂਦੀ। ਦੂਜਾ ਅੱਜ ਵੀ ਪਾਣੀ ਦਾ ਪੁਲ ਪਾਰ ਕਰਨ ਲੱਗਿਆ ਕੁਝ ਰੂੜ੍ਹੀਵਾਦੀ ਲੋਕ ਦਰਿਆ ਦਾ ਪੁਲ ਪਾਰ ਕਰਨ ਲੱਗਿਆਂ ਕੋਈ ਨਾ ਕੋਈ ਸਿੱਕਾ ਸੁੱਟ ਕੇ ਮਥਾਂ ਟੇਕ ਕੇ ਲੰਘਦੇ ਹਨ।

ਸੱਪ ਦੀ ਪੂਜਾ ਵੀ ਇਸੇ ਪ੍ਰਸੰਗ ਵਿਚ ਪ੍ਰਚਲਿਤ ਹੋਈ ਜਿਸ ਨੂੰ 'ਸਰਪ ਪੂਜਾ' ਜਾਂ 'ਨਾਗ-ਪੂਜਾ' ਕਿਹਾ ਜਾਂਦਾ ਹੈ। ਸਾਡੀ ਪਰੰਪਰਾ ਵਿਚ ਬਹੁਤ ਸਾਰੀਆਂ ਲੋਕ-ਮਾਨਤਾਵਾਂ ਪਾਈਆਂ ਜਾਂਦੀਆਂ ਹਨ ਜਿਨ੍ਹਾਂ ਦਾ ਸਬੰਧ ਵੀ ਇਸ ਤਰ੍ਹਾਂ ਦੀ ਮਾਨਸਿਕ ਸੰਤੁਸ਼ਟੀ ਜਾਂ ਵਹਿਮ-ਪੂਰਤੀ ਹੀ ਕਿਹਾ ਜਾ ਸਕਦਾ ਹੈ। ਪੂਰੇ ਚੰਦਰਮਾ ਨੂੰ ਚੰਦਰਮਾ ਆਖਣ ਦੀ ਥਾਂ 'ਵੱਡਾ' ਵੀ ਆਖ ਲਿਆ ਜਾਂਦਾ ਹੈ। ਅਤੇ ਪਹਿਲੇ ਦਿਨ ਚੰਦਰਮਾ ਵੇਖਣ ਨੂੰ 'ਉਪਰਲਾ' ਵੇਖਣਾ ਵੀ ਆਖ ਲਿਆ ਜਾਂਦਾ। ਇਸੇ ਤਰ੍ਹਾਂ ਇਹ ਵੀ ਲੋਕ-ਮਾਨਤਾ ਹੈ ਕਿ ਸੱਪ ਨੂੰ ਸੱਪ ਨਾ ਕਿਹਾ ਜਾਵੇ। ਪੁਆਧ ਵਿਚ ਇਸ ਲਈ ਸ਼ਬਦ 'ਧਰਤੀ ਦਾ' ਨਾਂ ਪ੍ਰਚਲਿਤ ਹੈ। ਲਗਦਾ ਹੈ ਕਿ ਗੁੱਗਾ-ਪੂਜਾ ਵੀ ਇਸੇ ਮਾਨਤਾ ਵਿਚੋਂ ਉਪਜੀ। ਲੋਕ ਕਿਸੇ ਪੁਰਾਣੇ ਦਰਖ਼ਤ ਦੀਆਂ ਜੜ੍ਹਾਂ ਨਾਲ ਜਿੱਥੇ ਕਾਫੀ ਮਿੱਟੀ ਹੋਵੇ ਉਸ ਦੁਆਲੇ ਸੂਤ ਦੀ ਅੱਟੀ ਵਲ੍ਹੇਟ ਕੇ ਨਾਲ਼ ਦੀ ਨਾਲ਼ ਦੁੱਧ ਜਾਂ ਕੱਚੀ ਲੱਸੀ ਜੜ੍ਹਾਂ ਵਿੱਚ ਪਾਉਂਦੇ ਹਨ। ਇਸ ਨਾਲ ਇਕ ਤਾਂ ਉਸ ਰੁੱਖ ਨੂੰ ਜਲ ਦੀ ਪ੍ਰਾਪਤੀ ਹੋ ਜਾਂਦੀ ਹੈ, ਦੂਜਾ ਕੀੜੀਆਂ ਦੇ ਭੌਣ ਨੂੰ ਦੁੱਧ ਵਿਚ ਰਿੰਨੀਆਂ ਸੇਵੀਆਂ ਦਾ ਆਹਾਰ ਪ੍ਰਾਪਤ ਹੋ ਜਾਂਦਾ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਕ ਲੋਕ ਅਖਾਉਤ ਹੈ ਕਿ ਸੱਪ ਨੂੰ ਜਿੰਨਾ ਮਰਜ਼ੀ ਦੁੱਧ ਪਿਆ ਲਓ ਉਹ ਫੇਰ ਵੀ ਡੰਗ ਮਾਰਦਾ ਹੈ। ਇਸ ਪੂਜਾ ਧਾਰਨਾ ਵਿਚੋਂ ਇਹ ਪ੍ਰਮਾਣ ਮਿਲਦਾ ਹੈ ਕਿ ਇਕ ਤਾਂ ਮਨੁੱਖ ਦਾ ਡਰ ਦੂਰ ਹੁੰਦਾ ਹੈ ਦੂਜਾ ਕੁਦਰਤੀ ਜੀਵਾਂ ਦੀ ਦਾਨ ਰੂਪ ਵਿਚ ਸੇਵਾ ਹੋ ਜਾਂਦੀ ਹੈ। ਵਰਣਨਯੋਗ ਹੈ ਕਿ ਕੁਝ ਥਾਵਾਂ ਤੇ ਭਾਦਰੋਂ ਮਹੀਨੇ ਦੀ ਨੌਮੀਂ ਨੂੰ ਗੁੱਗੇ ਦੀ ਮਾੜੀ ਉਤੇ ਮੇਲਾ



ਵੀ ਲਗਦਾ ਹੈ। ਜਿਸ ਵਿਚ ਗੁੱਗੇ-ਪੀਰ ਦੀ ਕਥਾ ਦਾ ਗਾਇਨ ਕੀਤਾ ਜਾਂਦਾ ਹੈ। ਇਸ ਲਈ ਵਰਤੇ ਜਾਂਦੇ ਲੋਕ-ਸਾਜ਼ਾਂ ਵਿਚੋਂ ਸਾਰੰਗੀ ਹੈ। ਇਸ ਦੇ ਨਾਲ ਹੀ ਇਕ ਹੋਰ ਲੋਕ-ਸਾਜ਼ ਡੌਰੂ ਹੁੰਦਾ ਹੈ ਜਿਸ ਨੂੰ ਤੀਲੀ ਨਾਲ਼ ਵਜਾਇਆ ਜਾਂਦਾ ਹੈ। ਇਸ ਸੰਦਰਭ ਵਿਚ ਡਾ. ਗੁਰਨਾਮ ਸਿੰਘ ਦੀ ਪੁਸਤਕ 'ਪੰਜਾਬੀ ਲੋਕ ਸੰਗੀਤ ਵਿਰਾਸਤ-ਭਾਗ ਪਹਿਲਾ' ਵਿਚੋਂ ਢੁਕਵੇਂ ਪ੍ਰਮਾਣ ਮਿਲਦੇ ਹਨ:

ਗੁੱਗਾ ਗਾਇਕਾਂ ਦੇ ਕੋਲ ਭਗਤਾਂ ਦਾ ਇਕ ਖਾਸ ਵਰਗ ਸਦੀਆਂ ਤੋਂ ਕਾਇਮ ਹੈ, ਜਿਸ ਨੂੰ ਆਪਣੇ ਕਲਾ ਕੌਸ਼ਲ ਨਾਲ ਮੋਹਣ ਤੇ ਜਿੱਤਣ ਨਾਲੋਂ ਇਨ੍ਹਾਂ ਦੀ ਗਾਇਕੀ ਦਾ ਮੁੱਖ ਉਦੇਸ਼ ਗੁੱਗੇ ਦੀ ਗਾਥਾ ਨੂੰ ਭਗਤੀ ਭਾਵ ਨਾਲ਼ ਦਰਸਾਉਣਾ ਹੁੰਦਾ ਹੈ।

**2. ਭੱਟ ਗਾਇਨ ਪਰੰਪਰਾ :**

ਪੁਆਧੀ ਖੇਤਰ ਦੇ ਲੋਕ-ਮਨੋਰੰਜਨ ਤਹਿਤ ਭੱਟ ਗਾਇਕਾਂ ਦੀ ਗਾਇਨ ਪਰੰਪਰਾ ਦਾ ਵੀ ਗੌਰਵਮਈ ਯੋਗਦਾਨ ਹੈ। ਮੰਨਿਆ ਜਾਂਦਾ ਹੈ ਕਿ ਭੱਟ ਗਾਇਨ-ਕਲਾ ਅਕਬਰ ਦੇ ਸਮੇਂ ਤੋਂ ਪਹਿਲਾਂ ਤੋਂ ਚਲੀ ਆ ਰਹੀ ਪਰੰਪਰਾ ਹੈ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਉਸਦਾ ਦਰਬਾਰੀ ਰਤਨ ਬੀਰਬਲ ਵੀ ਭੱਟਜਾਤੀ ਵਿਚੋਂ ਸੀ ਤੇ ਭੱਟ ਗਾਇਕੀ ਆਮ ਤੌਰ ਤੇ ਬਾਂਗਰੂ ਭਾਸ਼ਾ ਵਿਚ ਹੁੰਦੀ ਸੀ। ਬਾਂਗਰੂ ਦਾ ਇਲਾਕਾ ਪੁਆਧੀ ਇਲਾਕੇ ਦੇ ਨਾਲ ਲੱਗਦਾ ਹੋਣ ਕਾਰਨ ਇਹ ਪੁਆਧੀ ਉੱਪ-ਭਾਸ਼ਾ ਵਿਚ ਰੁਪਾਂਤਰਿਤ ਹੋ ਗਈ। ਉੱਘੇ ਪੁਆਧੀ ਭਾਸ਼ਾ ਵਿਗਿਆਨੀ ਡਾ. ਬਲਬੀਰ ਸਿੰਘ ਸੰਧੂ ਦਾ ਵਿਚਾਰ ਗੌਲ਼ਣ ਯੋਗ ਹੈ:

ਇਹ ਭੱਟ ਬਹੁਤੀ ਵਾਰ ਰਾਜਪੂਤ ਨਾਇਕ ਨਾਇਕਾਵਾਂ ਮਹਾਂ ਭਾਰਤ, ਪੰਜ ਤੰਤਰ ਆਦਿ ਗ੍ਰੰਥਾਂ ਵਿਚੋਂ ਕਹਾਣੀਆਂ ਲੈ ਕੇ ਬਹੁਤ ਸੋਹਣੇ ਤੇ ਦਿਲਚਸਪ ਤਰੀਕੇ ਨਾਲ ਕੁਝ ਕਵਿਤਾ ਤੇ ਕੁਝ ਵਾਰਤਕ ਵਿਚ ਕਥਾ ਸੁਣਾਉਂਦੇ ਆਏ ਹਨ। ਇਨ੍ਹਾਂ ਸਾਰੀਆਂ ਦਾ ਅਧਿਐਨ ਬਾਂਗਰੂ ਬੋਲੀ ਜਾਂ ਇਸਦੇ ਨਾਲ ਮਿਲਦਾ-ਜੁਲਦਾ ਉੱਪ ਰੂਪ ਹੁੰਦਾ ਹੈ।

ਇਕ ਮਿੱਥ ਅਨੁਸਰ ਮੰਨਿਆ ਜਾਂਦਾ ਹੈ ਕਿ ਭੱਟਾਂ ਦੇ ਗਾਇਨ ਨੂੰ ਸੁਣਨ ਵਾਲੀ ਔਰਤ ਜੋਧੇ ਨੂੰ ਜਨਮ ਦੇਵੇਗੀ ਇਹ ਵੀ ਪ੍ਰਚਲਤ ਹੈ ਕਿ ਮਸ਼ਹੂਰ ਪੁਆਧੀ ਭੱਟ ਗਵੱਈਆ ਲੱਜਿਆ ਰਾਮ ਅਕਸਰ ਐਲਾਨੀਆਂ ਕਹਿੰਦਾ ਸੀ, "ਜੋ ਧੀ ਭੈਣ ਮੇਰਾ ਗਾਉਣ ਸੁਣੇਗੀ ਉਹ ਸੂਰਬੀਰਾਂ ਨੂੰ ਜਨਮ ਦੇਵੇਂ।" ਪੁਆਧ ਦੇ ਕੁਝ ਮਹੱਤਵਪੂਰਨ ਭੱਟ ਗਾਇਕਾਂ ਵਿਚੋਂ ਲਾਲੂ ਭੱਟ, ਪੰਡਤ ਰਾਮ ਲਾਲ,

ਪੰਡਤ ਬਾਲਕ ਰਾਮ ਭੱਟ ਤੋਂ ਇਲਾਵਾ ਪੁਆਧ ਦਾ ਪ੍ਰਮੁੱਖ ਭੱਟ ਗਾਇਕ ਮੱਘਰ ਦੀਵਾਨਾ ਦੀ ਜਾਤ ਮਰਾਸੀ ਸੀ। ਇਸੇ ਤਰ੍ਹਾਂ ਪਾਵਰੀ ਪਿੰਡ ਦਾ ਭੱਟ ਸੁਰਜੀਤ ਸਿੰਘ ਜੱਟ ਪਰਿਵਾਰ ਵਿਚੋਂ ਸੀ। ਇਸ ਤੋਂ ਇਹ ਤੱਥ ਪ੍ਰਮਾਣਿਤ ਹੁੰਦਾ ਹੈ ਕਿ ਪੁਆਧੀ ਲੋਕ-ਮਨੋਰੰਜਨ ਸਿਰਫ਼ ਦਿਲਪ੍ਰਚਾਵਾ ਹੀ ਨਹੀਂ ਸਗੋਂ ਸਿੱਖਿਆ, ਸਦਾਚਾਰ, ਉਪਦੇਸ਼ ਤੋਂ ਇਲਾਵਾ ਭਾਈਚਾਰਕ ਸਾਂਝ ਅਤੇ ਨਵੀਨ ਚੇਤਨਾ ਦਾ ਪ੍ਰਤੀਕ ਵੀ ਹੈ। ਸੰਭਵ ਹੈ ਕਿ ਭੱਟ ਗਾਇਕ ਪਰੰਪਰਾ ਨਾਲ ਸੰਬੰਧਿਤ ਭੱਟਾਂ ਨੂੰ ਉਚਿਆਉਂਦਿਆਂ ਸੁਧਰੇ ਸੰਵਰੇ ਰੂਪ ਵਿਚ ਗੁਰੂ ਸਾਹਿਬਾਨ ਨੇ ਗੁਰੂ ਘਰ ਵਿਚ ਇਨ੍ਹਾਂ ਨੂੰ ਵਿਸ਼ੇਸ਼ ਸਨਮਾਨ ਪ੍ਰਦਾਨ ਕੀਤਾ ਹੈ। ਸੋ ਇਉਂ ਭੱਟ ਗਾਇਨ-ਕਲਾ ਉਸਤਤ-ਮਈ ਅਤੇ ਸ਼ਰਧਾਮਈ ਲੋਕ ਗਾਇਨ ਕਲਾ ਅਤੇ ਨਿਭਾਓ ਪਰੰਪਰਾ ਵਜੋਂ ਗੌਰਵਸ਼ੀਲ ਮੁਕਾਮ ਹਾਸਲ ਕਰਦੀ ਹੈ। ਇਸ ਤੋਂ ਇਹ ਤੱਥ ਆਪਣੇ ਆਪ ਪ੍ਰਮਾਣਿਤ ਹੋ ਜਾਂਦਾ ਹੈ ਕਿ ਪੁਆਧੀ ਖੇਤਰ ਲੋਕ-ਮਨੋਰੰਜਨਾਂ ਦੇ ਸਾਧਨਾਂ ਨੇ ਪੁਆਧੀ ਖੇਤਰ ਦਾ ਸਿਰ ਪੰਜਾਬੀ ਸਭਿਆਚਾਰ ਵਿਚ ਉਚਾ ਕੀਤਾ ਹੈ।

**3. ਮੰਗਣ ਵਾਲਿਆਂ ਦੀ ਗਾਇਨ ਸ਼ੈਲੀ :**

ਪੁਆਧੀ ਖੇਤਰ ਦੇ ਲੋਕ-ਮਨੋਰੰਜਨ ਦਾ ਸਭ ਤੋਂ ਵਚਿੱਤਰ ਅਤੇ ਵਿਲੱਖਣ ਅੰਸ਼ ਮੰਗਣ ਵਾਲਿਆਂ ਦੀ ਗਾਇਨ-ਸ਼ੈਲੀ ਹੈ। ਆਰਥਕ ਪੱਖੋਂ ਕਮਜ਼ੋਰ ਇਹ ਲੋਕ, ਲੋਕ ਸਾਜ਼ਾਂ ਅਤੇ ਪੁਆਧੀ ਲੋਕ-ਗਾਇਨ ਨੂੰ ਲੋਕ-ਮਨੋਰੰਜਨ ਦਾ ਸਾਧਨ ਬਣਾ ਕੇ ਆਪਣਾ ਪੇਟ ਵੀ ਪਾਲਦੇ ਅਤੇ ਲੋਕ-ਮਨ ਨੂੰ ਆਤਮਿਕ ਤੇ ਮਾਨਸਿਕ ਖੁਸ਼ੀ ਨਾਲ ਹੁਲਾਰਾ ਦਿੰਦੇ। ਇਸੇ ਕਰਕੇ ਇਨ੍ਹਾਂ ਮੰਗਤਿਆਂ ਦੀ ਉਦਰ-ਪੂਰਤੀ ਲਈ ਵਰਤੀ ਗਾਇਨ-ਸ਼ੈਲੀ ਪੁਆਧੀ ਗਾਇਨ ਪਰੰਪਰਾ ਵਜੋਂ ਹੀ ਸਥਾਪਿਤ ਹੋ ਗਈ। ਇਹ ਗਵਈਏ ਤੂੰਬੇ ਅਲਗੋਜ਼ੇ, ਇਕ ਤਾਰੇ ਅਤੇ ਢੱਡ-ਸਰੰਗੀ ਆਦਿ ਲੋਕ ਸਾਜ਼ ਵਰਤਦੇ ਰਹੇ। ਇਹ ਖੁਸ਼ੀ ਦੇ ਮੌਕਿਆਂ ਤੇ ਘਰ-ਘਰ ਵੀ ਜਾਂਦੇ ਅਤੇ ਮੇਲਿਆਂ ਤੱਕ ਵੀ ਪਹੁੰਚਦੇ। ਪੁਆਧ ਵਿਚ ਜੀਊਣਾ ਨਾਂ ਦਾ ਮੰਗਣ ਵਾਲਾ ਗਵਈਆ ਵੀ ਹੋਇਆ ਜਿਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਸ ਨੇ ਭਗਤ ਆਸਾ ਰਾਮ ਤੋਂ ਗਾਉਣ ਦੀ ਸਿੱਖਿਆ ਪ੍ਰਾਪਤ ਕੀਤੀ। ਇਹ ਵੀ ਗਿਆਤ ਹੋਇਆ ਹੈ ਕਿ ਪਿੰਡ ਚਲੇਲਾ ਦਾ ਡੋਗਰ ਨਾਂ ਦਾ ਮੰਗਣ ਵਾਲਾ ਗਵਈਆ ਰੇਡੀਓ ਅਤੇ ਦੂਰਦਰਸ਼ਨ ਤਕ ਵੀ ਪਹੁੰਚਿਆ।

**4. ਜੰਗਮ ਮੰਗਤਿਆਂ ਦੀ ਵਿਲੱਖਣ ਸ਼ੈਲੀ :**

ਮੰਗਣ ਵਾਲੇ ਗਵੰਤਰੀਆਂ ਵਿਚ ਇਕ ਬਿਲਕੁਲ ਹੀ ਅੱਡਰੀ ਤੇ



ਨਿਵੇਕਲੀ ਪਰੰਪਰਾ ਜੰਗਮ ਮੰਗਤਿਆਂ ਦੀ ਹੈ। ਇਨ੍ਹਾਂ ਦਾ ਪਹਿਰਾਵਾ ਬਹੁਤ ਹੀ ਅਲੱਗ ਅਤੇ ਅਜੀਬ ਹੁੰਦਾ ਹੈ। ਇਹ ਗਵਈਏ ਆਮ ਤੌਰ ਤੇ ਸਫੈਦ ਧੋਤੀ ਨਾਲ ਕਮੀਜ਼ ਅਤੇ ਸਿਰ ਤੇ ਟੋਪੀ-ਨੁਮਾ ਨੋਕ ਵਾਲੀ ਪੱਗ ਬੰਨ੍ਹਕੇ ਜਿਸ ਉਪਰ ਮੋਰ ਦੇ ਫੰਗਾਂ ਦੀ ਕਲਗੀ ਬਣਾ ਕੇ ਲਾਈ ਹੁੰਦੀ। ਇਨ੍ਹਾਂ ਦੇ ਹੱਥਾਂ ਵਿੱਚ ਪਿੱਤਲ ਦੀਆਂ ਟੱਲੀਆਂ ਹੁੰਦੀਆਂ। ਇਹ ਟੱਲੀਆਂ ਵਜਾ ਕੇ ਤੇਜ਼ -ਤੇਜ਼ ਨਿਰੰਤਰ ਬੱਝਵੀਂ ਲੈਅ ਵਿਚ ਗਾਉਂਦੇ। ਇਨ੍ਹਾਂ ਦਾ ਗਾਇਨ ਸੰਗੀਤਕ ਰਸ ਤਾਂ ਪੈਦਾ ਕਰਦਾ ਪਰ ਕਿਸੇ ਬੋਲ ਦੀ ਸਮਝ ਸੌਖਿਆਂ ਕੀਤੇ ਪਕੜ ਵਿਚ ਨਹੀਂ ਆਉਂਦੀ। ਸਿਰਫ਼ ਇੰਨਾ ਹੀ ਸਪਸ਼ਟ ਹੁੰਦਾ ਕਿ ਇਹ ਜੰਗਮ ਗਵਈਏ ਜੋ ਵੀ ਮੂੰਹੋਂ ਅਲਾਪਦੇ ਉਹ ਸ਼ਿਵਜੀ ਬਾਰੇ ਹੀ ਕੋਈ ਨਾ ਕੋਈ ਗਾਇਨ-ਕਥਾ ਹੁੰਦੀ ਹੋਵੇਗੀ। ਕਿਉਂਕਿ ਇਹ ਬਾਰ-ਬਾਰ ਭੋਲੇ ਨਾਥ, ਭੋਲੇ ਨਾਥ ਉਚਾਰਦੇ ਰਹਿੰਦੇ। ਸਿਖਰ 'ਤੇ ਪਹੁੰਚਦੇ ਇਹ ਬੰਮ-ਬੋਲੇ ਆਖਕੇ ਅਲਖ ਜਗਾਉਂਦੇ ਪਰ ਪੈਸੇ ਨੂੰ ਹੱਥ ਨਾ ਲਾਉਂਦੇ ਅਤੇ ਪੈਸੇ 'ਟੱਲੀ' ਵਿੱਚ ਪੁਆ ਲੈਂਦੇ।

ਉਪਰੋਕਤ ਵਿਸ਼ਲੇਸ਼ਣ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਪੁਆਧੀ ਖੇਤਰ ਦਾ ਲੋਕ-ਮਨੋਰੰਜਨ ਵਿਭਿੰਨ ਗਾਇਨ ਸ਼ੈਲੀਆਂ ਅਤੇ ਨਿਭਾਓ ਪਰੰਪਰਾਵਾਂ ਦੇ ਪਰਿਪੇਖ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ।

*('ਪੁਆਧੀ ਜਲਸਾ ਅਤੇ ਕਵੀਸ਼ਰੀ : ਪਰੰਪਰਾ ਤੇ ਪੇਸ਼ਕਾਰੀ' ਪੁਸਤਕ 'ਚੋਂ ਧੰਨਵਾਦ ਸਹਿਤ। ਲੇਖਕ : ਡਾ. ਜਗਜੀਤ ਸਿੰਘ)*

***

# ਪੁਆਧੀ ਕਿੱਤਾ ਸ਼ਬਦਾਵਲੀ : ਦਸਤਕਾਰੀ

**- ਡਾ. ਜਸਬੀਰ ਸਿੰਘ**

**ਮੋਬਾ. 9914972181**

ਭਾਸ਼ਾ ਅਤੇ ਸਮਾਜ ਦਾ ਆਪਸ ਵਿੱਚ ਗੂੜ੍ਹਾ ਸੰਬੰਧ ਹੈ। ਭਾਸ਼ਾ ਦਾ ਵਿਕਾਸ ਸਮਾਜਿਕ ਵਿਕਾਸ ਨਾਲ ਸੰਬੰਧਿਤ ਹੈ ਕਿਉਂਕਿ ਭਾਸ਼ਾ ਸਮਾਜ ਦੀ ਸਮਾਜ ਲਈ ਅਤੇ ਸਮਾਜ ਦੁਆਰਾ ਬਣੀ ਹੈ। ਬਿਨ੍ਹਾਂ ਭਾਸ਼ਾ ਦੇ ਮਨੁੱਖੀ ਸਮਾਜ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਬਿਨ੍ਹਾਂ ਮਨੁੱਖ ਭਾਸ਼ਾ ਸੰਭਵ ਨਹੀਂ, ਬਿਨਾਂ ਭਾਸ਼ਾ ਮਨੁੱਖ ਸੰਭਵ ਨਹੀਂ। ਸਮਾਜ ਮਨੁੱਖਾਂ ਦਾ ਸਮੂਹ ਹੈ ਅਤੇ ਭਾਸ਼ਾ ਦਾ ਮੁੱਖ ਕਾਰਜ ਮਨੁੱਖਾਂ ਵਿਚਕਾਰ ਸਾਂਝ ਅਤੇ ਸੰਪਰਕ ਬਣਾਈ ਰੱਖਣਾ ਹੈ।

ਜੇਕਰ ਮਨੁੱਖ ਨੇ ਕੋਈ ਮਹੱਤਵਪੂਰਨ ਪ੍ਰਾਪਤੀ ਕੀਤੀ ਹੈ ਤਾਂ ਉਹ ਪ੍ਰਾਪਤੀ ਹੈ ਭਾਸ਼ਾ, ਜਿਸ ਨੇ ਮਨੁੱਖ ਨੂੰ ਪਸ਼ੂਆਂ ਨਾਲੋਂ ਵੱਖ ਕੀਤਾ ਹੈ। ਭਾਸ਼ਾ ਦੇ ਸਿਰ 'ਤੇ ਹੀ ਹਰੇਕ ਸਭਿਅਤਾ ਨੇ ਵਿਕਾਸ ਕੀਤਾ ਹੈ। ਭਾਸ਼ਾ ਦਾ ਮੁੱਖ ਕਾਰਜ ਮਨੁੱਖਾਂ ਵਿਚਕਾਰ ਸਾਂਝ ਤੇ ਸੰਪਰਕ ਬਣਾਈ ਰੱਖਣਾ ਹੈ। ਇਸ ਦੇ ਜ਼ਰੀਏ ਮਨੁੱਖ ਆਪਣੀਆਂ ਖੁਸ਼ੀਆਂ ਗਮੀਆਂ ਅਨੁਭਵ ਅਤੇ ਵਿਚਾਰ ਦੂਜਿਆਂ ਨਾਲ ਸਾਂਝੇ ਕਰ ਸਕਦਾ ਹੈ।

ਹਰੇਕ ਭਾਸ਼ਾ ਵਿਚ ਵੱਖਰਤਾ ਦਾ ਅੰਸ਼ ਜ਼ਰੂਰ ਹੁੰਦਾ ਹੈ, ਜਿਸ ਕਾਰਨ ਹਰ ਸਮਾਜ ਦੀ ਭਾਸ਼ਾ ਵਿਚ ਭਿੰਨਤਾ ਹੋਣੀ ਸੁਭਾਵਿਕ ਹੈ। ਇਸ ਭਿੰਨਤਾ ਦੇ ਕਾਰਨ ਹੀ ਹਰ ਭਾਸ਼ਾ ਨੂੰ ਅੱਗੋਂ ਕਈ ਉਪ-ਭਾਸ਼ਾਵਾਂ ਵਿੱਚ ਵੰਡਿਆ ਜਾ ਸਕਦਾ ਹੈ। ਉਹ ਸਾਰੀਆਂ ਭਾਸ਼ਾ ਵੰਨਗੀਆਂ ਜਿਨ੍ਹਾਂ ਦਾ ਸੰਬੰਧ ਇੱਕ ਭਾਸ਼ਾ ਨਾਲ ਹੋਵੇ ਉਨ੍ਹਾਂ ਵੰਨਗੀਆਂ ਨੂੰ ਉਸ ਭਾਸ਼ਾ ਦੀਆਂ ਉਪ-ਭਾਸ਼ਾਵਾਂ ਕਿਹਾ ਜਾਂਦਾ ਹੈ। ਉਪ ਭਾਸ਼ਾ ਸੰਬੰਧੀ ਵੱਖ-ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਜਿਨ੍ਹਾਂ ਵਿਚੋਂ ਕੁਝ ਵਿਦਵਾਨਾਂ ਦੇ ਵਿਚਾਰ ਹੇਠ ਲਿਖੇ ਅਨੁਸਾਰ ਹਨ।

ਭਾਸ਼ਾ ਦੇ ਬੋਲਚਾਲ ਵਾਲੇ ਖੇਤਰੀ ਰੂਪ ਨੂੰ ਉਪਭਾਸ਼ਾ ਆਖਿਆ ਜਾਂਦਾ ਹੈ। ਉਪਭਾਸ਼ਾ ਵਰਤੀ ਭਾਵੇਂ ਮਹਿਦੂਦ ਘੇਰੇ ਵਿਚ ਹੀ ਜਾਂਦੀ ਹੈ ਪਰ ਇਸ ਦੇ ਸਮਝਣ ਦਾ ਘੇਰਾ ਇਸ ਤੋਂ ਜ਼ਿਆਦਾ ਵਿਸ਼ਾਲ ਹੁੰਦਾ ਹੈ। ਇਹ ਇਕ ਸਰਵ



ਪ੍ਰਭਾਵਿਤ ਸੱਚਾਈ ਹੈ ਕਿ ਮਨੁੱਖ ਦੀਆਂ ਉਚਾਰਣ ਵਿਸ਼ੇਸ਼ਤਾਈਆਂ ਥਾਂ-ਥਾਂ ਬਦਲਦੀਆਂ ਰਹਿੰਦੀਆਂ ਹਨ ਅਤੇ ਹਰ ਭੂਗੋਲਿਕ ਗਰੁੱਪ ਵਿਚ ਪਹੁੰਚ ਕੇ ਵੱਖਰੀ ਉਪ ਭਾਸ਼ਾਵਾਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ( j. Vendryes, Language : 248)

ਸਾਰੇ ਮਨੁੱਖਾਂ, ਕਬੀਲਿਆਂ, ਸਮਾਜਿਕ ਗੁੱਟਾਂ ਦਾ ਉਚਾਰਣ ਢੰਗ ਇਕੋ ਜਿਹਾ ਨਹੀਂ ਹੁੰਦਾ ਤੇ ਨਾ ਹੀ ਵੱਖ-ਵੱਖ ਭੂਗੋਲਿਕ ਸਥਿਤੀਆਂ ਅੰਦਰ ਪੈਦਾ ਹੋਇਆ ਉਚਾਰਣ ਵਿਸ਼ੇਸ਼ਤਾਵਾਂ ਇਕੋ ਜਿਹੀਆਂ ਹੁੰਦੀਆਂ ਹਨ। ਇਸ ਲਈ ਇਹ ਕਿਹਾ ਜਾਂਦਾ ਹੈ ਕਿ ਹਰ ਬਾਰਾਂ ਕੋਹਾਂ ਤੇ ਬੋਲੀ ਬਦਲ ਜਾਂਦੀ ਹੈ ਇਸ ਤਰ੍ਹਾਂ ਇਹ ਸਮਾਜਿਕ ਤੇ ਇਲਾਕਾਈ ਭੇਦ ਉਪਭਾਸ਼ਾ ਨੂੰ ਜਨਮ ਦਿੰਦਾ ਹੈ।

(ਸਾਹਿਤ ਕੋਸ਼; 1989:19)

ਉਹ ਸਾਰੀਆਂ ਭਾਸ਼ਾ ਵੰਨਗੀਆਂ ਜਿਨ੍ਹਾਂ ਦਾ ਸੰਬੰਧ ਇਕ ਭਾਸ਼ਾ ਨਾਲ ਹੋਵੇ ਉਹਨਾਂ ਵੰਨਗੀਆਂ ਨੂੰ ਉਸ ਭਾਸ਼ਾ ਦੀਆਂ ਉਪਭਾਸ਼ਾਵਾਂ ਕਿਹਾ ਜਾਂਦਾ ਹੈ। ਅਸੀਂ ਆਪਣੇ ਪਰਚੇ ਵਿਚ ਪੰਜਾਬੀ ਭਾਸ਼ਾ ਦੀਆਂ ਉਪਭਾਸ਼ਾਵਾਂ ਸੰਬੰਧੀ, ਪੁਆਧ ਸ਼ਬਦ ਦੀ ਵਿਉਂਤਪਤੀ, ਪੁਆਧ ਖੇਤਰ ਅਤੇ ਪੁਆਧ ਦੇ ਜ਼ਿਲ੍ਹਾ ਰੋਪੜ ਦੇ ਪਿੰਡਾਂ ਵਿਚੋਂ ਇਕੱਠੀ ਕੀਤੀ ਪੁਆਧੀ ਕਿੱਤਾ ਸ਼ਬਦਾਵਲੀ ਕਾਰੀਗਰੀ ਦੀ ਚਰਚਾ ਕਰਾਂਗੇ।

ਪੰਜਾਬੀ ਭਾਸ਼ਾ ਦੀਆਂ ਉਪਭਾਸ਼ਾਵਾਂ ਸੰਬੰਧੀ ਪ੍ਰਸਿੱਧ ਭਾਸ਼ਾ ਵਿਗਿਆਨੀ ਗ੍ਰੀਅਰਸਨ (1916) ਨੇ ਆਪਣੇ ਖੋਜ ਕਾਰਜ ਵਿਚ ਪੰਜਾਬੀ ਭਾਸ਼ਾ ਦੀਆਂ ਅੱਠ ਉਪਭਾਸ਼ਾਵਾਂ ਮਾਝੀ, ਮਲਵਈ, ਦੁਆਬੀ, ਪੁਆਧੀ, ਰਾਠੀ, ਡੋਗਰੀ, ਕਾਂਗੜੀ, ਭਟਿਆਨਿ ਦਸੀਆਂ ਹਨ।

ਅਸੀਂ ਇਹਨਾਂ ਉਪਭਾਸ਼ਾਵਾਂ ਵਿਚੋਂ ਸਿਰਫ਼ ਪੁਆਧੀ ਉਪਭਾਸ਼ਾ ਦੀ ਕਾਰੀਗਰੀ ਕਿੱਤਾ ਸ਼ਬਦਾਵਲੀ ਬਾਰੇ ਗਲ ਕਰਾਂਗੇ। ਸਭ ਤੋਂ ਪਹਿਲਾਂ ਪੁਆਧੀ ਖੇਤਰ ਦੇ ਘੇਰੇ ਨੂੰ ਨਿਸ਼ਚਤ ਕੀਤਾ ਜਾਵੇਗਾ। ਪੁਆਧੀ ਖੇਤਰ ਦੇ ਘੇਰੇ ਨੂੰ ਨਿਸ਼ਚਤ ਕਰਨ ਹਿੱਤ ਵੱਖ-ਵੱਖ ਭਾਸ਼ਾ ਵਿਗਿਆਨੀਆਂ ਨੇ ਆਪਣੇ ਵਿਚਾਰ ਹੇਠ ਦਿੱਤੇ ਹਨ।

ਪੁਆਧ ਸ਼ਬਦ ਸੰਸਕ੍ਰਿਤ ਸ਼ਬਦ 'ਪੂਰਵ-ਅਰਧ' ਤੋਂ ਬਣਿਆ ਲਗਦਾ ਹੈ ਜਿਸ ਦਾ ਅਰਥ ਪੂਰਬੀ ਅੱਧ ਹੈ। ਇਹ ਪੰਜਾਬ ਦੇ ਉਸ ਇਲਾਕੇ ਦਾ ਨਾਂ ਹੈ ਜੋ ਦੁਆਬੇ ਦੇ ਦੱਖਣ ਵਿੱਚ ਸਤਲੁਜ ਨੂੰ ਪਾਰ ਕਰਕੇ ਉਸ ਦੇ ਕੰਢੇ-ਕੰਢੇ ਲੁਧਿਆਣੇ

ਜ਼ਿਲ੍ਹੇ ਵਿੱਚ ਘੱਗਰ ਤੱਕ ਅਤੇ ਦੱਖਣ ਵਲ ਪਟਿਆਲੇ ਵਿਚੋਂ ਲੰਘਦਾ ਹੋਇਆ ਹਿਸਾਰ ਦੀਆਂ ਹੱਦਾਂ ਤੱਕ ਫੈਲਿਆ ਹੋਇਆ ਹੈ। ਪੁਆਧੀ ਇਸ ਇਲਾਕੇ ਦੀ ਉਪਭਾਸ਼ਾ ਹੈ। ਇਹ ਮਲਵਈ ਨਾਲ ਕਾਫੀ ਮਿਲਦੀ ਹੈ। (ਪੰਜਾਬੀ ਭਾਸ਼ਾ ਦਾ ਵਿਕਾਸ, 2001 : 41) Linguistic Atlas of the Punjab (1972) ਅਨੁਸਾਰ ਪੁਆਧ ਦਾ ਖੇਤਰ ਘੱਗਰ ਦਰਿਆ, ਸੰਗਰੂਰ ਜ਼ਿਲ੍ਹੇ ਦੇ ਕਸਬੇ ਭਵਾਨੀਗੜ੍ਹ, ਰੋਪੜ ਜ਼ਿਲ੍ਹੇ ਦੇ ਪੱਛਮੀ ਭਾਗ ਅਤੇ ਚੰਡੀਗੜ੍ਹ ਨੂੰ ਮਿਲਾਉਣ ਵਾਲੀ ਰੇਖਾ ਦੇ ਅੰਦਰ-ਅੰਦਰ ਬਣਦਾ ਹੈ।

ਪੁਆਧ ਖੇਤਰ ਵਿਚ ਜ਼ਿਆਦਾ ਤਰ ਲੋਕ ਖੇਤੀਬਾੜੀ ਦਾ ਕਿੱਤਾ ਕਰਦੇ ਹਨ। ਇਸ ਤੋਂ ਇਲਾਵਾ ਖੇਤੀਬਾੜੀ ਨਾਲ ਸੰਬੰਧਤ ਪਿੰਡਾਂ ਵਿੱਚ ਅਲੱਗ-ਅਲੱਗ ਜਾਤਾਂ ਦੇ ਜਿਵੇਂ ਤਰਖਾਣ, ਲੁਹਾਰ, ਜੁਲਾਹਾ, ਦਰਜੀ, ਮੋਚੀ, ਘੁਮਿਆਰ, ਰਾਜਗਿਰੀ, ਤੇਲੀ, ਨਾਈ, ਮੈਹਰਾ ਅਤੇ ਸੁਨਿਆਰਾ ਆਦਿ ਕਾਰੀਗਰ ਲੋਕਾਂ ਦੀਆਂ ਲੋੜਾਂ ਅਨੁਸਾਰ ਵਸਤਾਂ ਤਿਆਰ ਕਰਦੇ ਹਨ। ਇਹਨਾਂ ਵਸਤਾਂ ਨੂੰ ਤਿਆਰ ਕਰਨ ਲਈ ਕਈ ਤਰ੍ਹਾਂ ਦੇ ਸੰਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਨ੍ਹਾਂ ਦੇ ਨਾਮ ਪੀੜ੍ਹੀ-ਦਰ-ਪੀੜ੍ਹੀ ਉਸੇ ਰੂਪ ਵਿਚ ਚਲੇ ਆ ਰਹੇ ਹਨ। ਮਸ਼ੀਨੀ ਯੁੱਗ ਕਰਕੇ ਇਹ ਸ਼ਬਦਾਵਲੀ ਹੌਲੀ-ਹੌਲੀ ਅਲੋਪ ਹੋ ਰਹੀ ਹੈ। ਇਸ ਲਈ ਅਸੀਂ ਪ੍ਰਮੁੱਖ ਰੂਪ ਵਿੱਚ ਪੁਆਧੀ ਕਾਰੀਗਰੀ ਕਿੱਤਾ ਸ਼ਬਦਾਵਲੀ ਨਾਲ ਸੰਬੰਧਤ ਵੱਖ-ਵੱਖ ਕਿੱਤਿਆਂ ਦੀ ਸ਼ਬਦਾਵਲੀ ਨੂੰ ਇਕੱਤਰ ਕਰਨ ਦਾ ਯਤਨ ਕੀਤਾ ਹੈ। ਇਥੇ ਇਹ ਦੱਸਣਾ ਵੀ ਉੱਚਿਤ ਹੋਵੇਗਾ ਕਿ ਪੁਆਧੀ ਕਾਰੀਗਰੀ ਕਿੱਤਾ ਸ਼ਬਦਾਵਲੀ ਨਾਲ ਸੰਬੰਧਤ ਅਜੋਕੇ ਯੁੱਗ ਵਿਚ ਵਰਤੇ ਜਾਂਦੇ ਵਿਗਿਆਨਕ ਅਤੇ ਮਸ਼ੀਨੀ ਸੰਦਾਂ ਨੂੰ ਅਧਾਰ ਨਹੀਂ ਬਣਾਇਆ ਗਿਆ ਸਗੋਂ ਹੱਥੀਂ ਕੰਮ ਕਰਨ ਵਾਲੇ ਬਜ਼ੁਰਗ ਕਾਮਿਆਂ ਕੋਲੋਂ ਹੀ ਇਸ ਸਾਰੀ ਸ਼ਬਦਾਵਲੀ ਨੂੰ ਇਕੱਤਰ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਸਮੁੱਚੀ ਸ਼ਬਦਾਵਲੀ ਨੂੰ ਇਕੱਤਰ ਕਰਨ ਲਈ ਸਿਰਫ਼ ਉਹਨਾਂ ਪਿੰਡਾਂ ਨੂੰ ਚੁਣਿਆ ਗਿਆ ਹੈ ਜੋ ਉਸ ਕਿੱਤੇ ਸੰਬੰਧੀ ਪ੍ਰਸਿੱਧ ਹਨ। ਜਿਵੇਂ ਜੁਲਾਹਾ ਕਿੱਤੇ ਲਈ ਪਿੰਡ 'ਚਤਾਮਲੀ' ਨੂੰ ਕੁੰਭਲ ਲਈ, ਪਿੰਡ 'ਕਾਲੇਵਾਲ' ਨੂੰ ਤੇਲੀ ਕਿੱਤੇ ਲਈ, ਪਿੰਡ 'ਫੌਹਣਾ' ਨੂੰ ਘੁਮਿਆਰ ਕਿੱਤੇ ਲਈ, ਪਿੰਡ 'ਬਹਿਰਾਮਪੁਰ' ਨੂੰ ਤਰਖਾਣੀ ਕਿੱਤੇ ਲਈ, 'ਸੋਲਖੀਆਂ ਤੇ ਕੋਟਲਾਨਿਹੰਗ' ਨੂੰ ਲੁਹਾਰੀ ਕਿੱਤੇ ਲਈ, ਸੋਲਖੀਆਂ ਨੂੰ ਦਰਜੀ ਕਿੱਤੇ ਲਈ 'ਮੀਆਂਪੁਰ' ਆਦਿ ਨੂੰ ਚੁਣਿਆ ਗਿਆ ਹੈ। ਇਸ ਵਿੱਚ ਪੁਆਧ



ਖੇਤਰ ਦੇ ਜ਼ਿਲ੍ਹਾ ਰੋਪੜ ਦੇ ਕੁਝ ਪਿੰਡਾਂ ਵਿਚੋਂ ਹੀ ਕਾਰੀਗਰੀ ਸ਼ਬਦਾਵਲੀ ਇਕੱਤਰ ਕੀਤੀ ਹੈ। ਇਹਨਾਂ ਸਾਰੇ ਕਿੱਤਿਆਂ, ਤਰਖਾਣੀ, ਲੁਹਾਰੀ, ਜੁਲਾਹਾ, ਦਰਜੀ, ਮੋਚੀ, ਘੁਮਿਆਰ, ਰਾਜਗਿਰੀ, ਤੇਲੀ, ਨਾਈ, ਮੈਹਰਾ, ਅਤੇ ਸੁਨਿਆਰਾ ਆਦਿ ਨਾਲ ਸੰਬੰਧਤ ਪੁਆਧੀ ਕਿੱਤਾ ਸ਼ਬਦਾਵਲੀ ਕ੍ਰਮਵਾਰ ਹੇਠ ਲਿਖੇ ਅਨੁਸਾਰ ਹੈ।

**ਤਰਖਾਣੀ ਕਿੱਤਾ** :-

ਆਰੀ, ਅੱਡਾ, ਅੱਧੀ ਚੂਲ, ਇਕਹਿਰੀ ਖੀਸ ਲਾਉਣਾ, ਸਟੇਕੀ-ਆਰੀ, ਸਰਦਲ, ਸਰੌਂਦ, ਸਾਣ, ਸਿਕੰਜਾ, ਸੁਰੇਸ਼, ਸੇਰੂ, ਕਮਾਣਚਾ, ਕਲਮ, ਕਲਮਾਂ, ਕਾਟੋ, ਕੂਟੀ ਅੱਡਾ, ਖਟਰੇਟ, ਖਤ, ਖਰਾਦ, ਖੀਸ, ਖੁਰਜੀ, ਗਿਰਮਟ, ਗਿੱਚੀ ਟੱਕ, ਗੁਟਕਾ ਰੰਦਾ, ਗਣੀਆ, ਗੁੱਝਾ, ਘੁਣਾ, ਚਪੂ, ਚੂਲ਼, ਚੌਰਸਾ, ਚੌਰਸੀ, ਛੱਲਾ, ਝਰੀ, ਝਰੀ ਰੰਦਾ, ਟਕੋਰਾ, ਠੱਲ੍ਹ, ਡਿਊਢ, ਤਖਤਾ, ਦਸਤੀ, ਦਰਸ਼ ਪਾਸਾ, ਦਾਬ, ਦੇਹਲੀ, ਦੇਲੇ, ਨਿਹਾਣ, ਨੌਂਕੀ ਆਰੀ, ਨੋਕੀ ਰੰਦਾ, ਪਰਕਾਰ, ਪਾਸਾ, ਪਾਵਾ, ਪੁਸ਼ਤੀਵਾਨ, ਪੱਚਰ, ਪੱਤੀ, ਫਰਨਾਹੀ, ਫਰਨਾਹੀ ਅੱਡਾ, ਫਰ੍ਹਾ, ਫਾਲ, ਬਹੋਲਾ, ਬਰਗਾ, ਬਰਾਦਾ, ਬਾਹੀਆਂ, ਬਿੰਨੀ, ਬੀਨੀ, ਬੈਗਲ, ਬੱਤੇ, ਲਰਾਂ ਲਾਪ, ਲਾਂਵੀ, ਵਰਮੀ, ਵੇਦ, ਵੱਡਾ ਰੰਦਾ।

**ਲੁਹਾਰ ਕਿੱਤਾ** :-

ਆਇਰਨ, ਐਰਨ, ਅੱਡਾ, ਸੰਨ੍ਹੀ ਹਥੋੜਾ, ਹਥੌੜੀ, ਕਮਾਣੀ, ਕਾਰਖਾਨਾ, ਕਾਉਂ ਸੰਨ੍ਹੀ, ਕਾਂਤ, ਕੁਆਈ, ਕੁਹਾੜ੍ਹ, ਕੰਨੀ, ਕੱੜਛੀ, ਪੱਖਾ, ਗੁਣੀਆ, ਘਣ, ਚੰਡਾਈ, ਛੈਣੀ, ਜੱਫਾ, ਝਰਨਾ, ਢਾਲਣਾ, ਢੱਕਣ, ਤਾਉ, ਤਾਉ ਲਾਉਣਾ, ਦਾਤ ਰੇਤੀ, ਦਾਬ, ਦੌਣੀ, ਧੁੰਦਲ, ਧੌਣਾ, ਨਾਲ਼, ਪਾਣ ਹਾੜ, ਪੁੱਠਾ-ਡੰਗਾ, ਪੇਟੀ, ਫਾਲ਼ਾ ਭੰਨ, ਬਾਂਕ, ਬੇਹਣਾ, ਮਚਾਪ, ਰੇਤ, ਲੂੰਬਾ, ਵਰਮਾ।

**ਜੁਲਾਹਾ ਕਿੱਤਾ** :-

ਉਰੀ, ਉਰੀ ਸਿਲਾਈ, ਉਰੀ ਗੁਹੀ, ਉਰੀ ਥੁੰਬੜਾ, ਉਰੀ-ਰੱਸੀਆਂ, ਅਗੁਹਿਲਾ, ਅੱਟੀ, ਅੱਡਾ, ਸਲਾਈ, ਸਵਾ ਦੂਸੀ, ਸੂਤ, ਹੱਥਾ ਗੁਲਾ, ਕਾਨੇ, ਕਾਂਟੋਆਂ, ਕੁੰਭਾਲ, ਕੁੱਚ, ਖਰਕ, ਖੱਡੀ, ਗਰਦਾਨਕ, ਗਰਬੀ, ਘੂਰ, ਘੋੜੀ, ਚਮਪੱਟੀ, ਚਰਖਾ, ਕਸਣ, ਕਾਢ, ਗੁੱਝ, ਗੁੱਡਾ, ਗੁੱਡੀਆਂ, ਚਰਮਖਾ, ਤੰਦ, ਤੱਕਲਾ, ਨਿਚਲਾ, ਪੂਣੀ, ਪੰਝੇਰੂ, ਪੱਲਢ, ਫੱਟ, ਫੱਲੜ੍ਹ, ਬੀੜਾ, ਮਾਲ੍ਹ ਮਾਲ੍ਹ ਗੰਢ, ਮੁੰਨੇ, ਚਰਮਖ, ਚੀਰੂ, ਚੋਕਟੇ, ਜਾਲੂ, ਜੁਲਹਾ, ਜੋਤਾ, ਡੋਰਾ,ਢੇਰਾ, ਢੇਸੀ, ਤਾਣਾ, ਤਾਣਾ, ਮਸ਼ੀਨ, ਤਾਣੀ, ਤਾੜ, ਤੁਰ, ਦਮ, ਦੂਸੀ, ਨਲੀਆਂ, ਨਲੀਆਂ

ਵੱਟਣਾ, ਨਾਲੁ ਪਣਖ, ਪਾਣ, ਪੇਚ, ਪੇਟਾ, ਪੈੜੇ, ਪੌੜ, ਪੱਟੀ, ਫੱਟਾ, ਬਰਕ, ਬਲਖੀ, ਬੈਸਣੀ, ਬੋ, ਬੋ ਪੈਣਾ, ਭੌਣੀਆ, ਭੰਨ, ਮੁੱਠਾ, ਰੀਲ, ਰੂਲ, ਰੱਛ, ਲਾਟੂ, ਲੱਠ।

**ਦਰਜੀ ਕਿੱਤਾ** :-

ਅੰਬਰੇਲਾ, ਸਲਵਾਰ, ਸਾਦਾ ਪਜਾਮਾ, ਸਾਫਾ, ਸਿਊਂਣਾ, ਸੁੰਡਕਾ, ਸੁੱਬਣ, ਸੁੱਬਣਾ, ਸੂਫ, ਕਹਾਈ, ਕਠੂਣ, ਕਫ, ਕਮੀਜ਼, ਕੜਾਸਨ, ਕਾਜ, ਕਾਟ, ਕਾਲਰ, ਕੁੜਤਾ, ਕੁੜਤੀ, ਕੈਂਚੀ, ਖੀਸਾ, ਖੰਦੂਈ, ਗਜ, ਗਦਾਮ, ਗਰਾਰਾ, ਗਲਾਮਾ, ਗੀਜਾ, ਘੁੰਟਨਾ, ਘੇਰ, ਚਾਕ, ਚੰਦਾ, ਚੋਲਾ, ਚੰਪਾ ਸਿਲਾਈ, ਛਾੜਾ, ਛੀਂਬਾ, ਛੀਂਬਣ, ਟਿਚ ਬਟਨ, ਤਰਪਾਈ, ਤੀਰਾ, ਤੇੜ, ਤੋਪਾ, ਨਗਦਾ, ਨਾਟੀ ਸੂਈ, ਨਾਲਾ, ਨੇਫਾ, ਨੱਕਾ, ਪਜਾਮਾ, ਪਤੂਹੀ ਪੇਟੀ, ਪੈਂਟਕਾਟ, ਬਖਾ, ਬਟਨ, ਬਾਂਕੜੀ, ਬੈਣ ਪੱਟੀ, ਭੰਨ ਮਲਮਲ, ਮਿਆਨੀ, ਮੂਹਰੀ, ਮੱਲ੍ਹਾ, ਰੇਬ ਪਜਾਮਾ, ਲੀੜਾ, ਲੇੜ, ਲੋਹਾ ਕਰਨਾ, ਲੌਣ, ਲੱਠਾ, ਲੱਠੇ ਦੀ ਹਹਿ, ਰੇਬ।

**ਮੋਚੀ ਕਿੱਤਾ** :-

ਉਂਠੀ, ਉਲਟਾਵੀ, ਅੰਦਰਲੀ ਖੱਲ, ਅੱਡ ਨੋਕ, ਅੱਡੀ, ਇਉਂਟੀ, ਸੁੱਚਾ ਤਿੱਲਾ, ਸੂਆ, ਸੋਲ੍ਹੀ, ਹਰਨ ਸਿੰਗ, ਹਰੀ ਕੁਰਮ, ਕਰਬੂਤ, ਕਵਾਈ, ਕਾਲੀ ਕੁਰਮ, ਕੰਡਿਆਰੀ, ਕੰਡੀਰੀ, ਕੱਚੀ ਪੰਦਰੀ, ਕੱਟਾ ਰੰਬੀ, ਕੱਢਵੀਂ, ਖਬੀਲ, ਖੌਲਾ, ਗੁਟਾ, ਗਲਾਨਾਰ, ਗੋਕਾ, ਗੋਲਾ, ਘੁੰਗਰੂ, ਚਿੱਟੀ ਕੁਰਮ, ਛਿੱਤਰ, ਛੇਤਨੀ-ਰੰਬੀ, ਛੱਪਰ, ਜਾਂਗਲੀ ਜੁੱਤੀ, ਤਲਾ, ਦੋਹਰੀ ਕੋਰ, ਧੌੜੀ, ਨਰੀ, ਨਾਲ ਦੀ ਨੋਕ, ਪਉਲਾ,ਪਾਨ, ਪਿਤੱਲ ਕੜੇ, ਪੰਜਾ, ਪੱਕੀ ਪੰਦਰੀ, ਪੱਖਾ, ਪੱਥਰੀ, ਫਾਨਾ, ਫਿੱਡੀ, ਬਰੀਕ ਕੰਡਿਆਣੀ, ਬਲਖੀ, ਭੂਰੀ ਕੁਰਮ, ਮਗਜੀ, ਮਰਗੋਣਾ, ਮਾਂਜੀ, ਮੋਗਰਾ, ਮੋਚਨਾ, ਮੋਚੀ, ਮੁੰਡੀ, ਰਾਜਸਥਾਨੀ-ਜੁੱਤੀ, ਰੰਬੀ, ਲਾਖੜੀ, ਲੇਸਣਾ, ਲੱਕੀ।

**ਘੁਮਿਆਰ ਕਿੱਤਾ** :-

ਅਣਾਤ, ਆਥਰੀਆ, ਆਵਾ, ਆਵੀ, ਆਂਟ, ਸਿਉਣ, ਕਨੇਰੀ ਕਰੂਆ, ਕਲੈਠਾ, ਕੁਠਲਾ, ਕੁਮ੍ਹਾਰ, ਕੁੰਡਾ, ਕੰਢੀਰਾ, ਕੰਢੀਰੀ, ਖੁੱਚ, ਘੜਾ, ਚਪਣ, ਚਲਕੜ, ਚਾਟੀ, ਚੱਕ, ਛਾਲਣਾ, ਝਕਰਾ, ਝਾਵਾਂ, ਠੂਠੀ, ਡੌਲਣਾ, ਤੌੜੀ, ਥਥਮਾ, ਥਥੂਆ, ਥਾਪੜਨਾ, ਦਾਤੀ, ਦੀਵਾ, ਪਰੋਲ਼ਾ, ਪਿੰਡਬਾਣਾ, ਪਿੰਨੇ, ਫਾਹਣਾ, ਫੱਟਾ, ਮੋਘਾ, ਮੋਰੀ, ਲਕੀਰਾ ਦੇਣੀਆ ਲਿਉਂਡਾ



**ਰਾਜਗਿਰੀ ਕਿੱਤਾ** :-

ਓਟੀਆਂ, ਅਸੀ, ਆਲ਼ਾ, ਐਰਾ, ਅੱਬਲ ਇੱਟ, ਸਰੰਦੀ ਇੱਟ, ਸਾਹਲ, ਸੁਰਾਹੀ ਡਾਟ, ਸੁੱਕਭਰੂਰੀ ਮਿੱਟੀ, ਸੂਤ, ਸੋਮਇੱਟ, ਕਾਣਸ, ਕਾਲਬ ਫੱਟਾ, ਕਾਂਡੀ, ਕੁੱਬੀ, ਕੋਠੜੀ , ਕੱਤਲ, ਖਸਕਾ, ਖਲੇਪੜ, ਖੋਰਾ, ਖੋਲਾ, ਖੱਸੀ ਪਤਨਾਲ਼ਾ, ਖੱਡਾ, ਗਜ਼, ਗਰਮਾਲਾ, ਗਾਰਾ, ਗੁਣੀਆਂ, ਗੋਲ਼ ਇੱਟ, ਗੋਲ਼ਾ, ਚਹਾ, ਚੂਨਾ, ਚੀਰੂ, ਚੰਬਾਰੀ, ਚੱਠਾ, ਚੱਤੀ, ਛਤੀਰ, ਛਨ ਢਾਲ, ਛੇਕ, ਝਿਲਦੇਣੀ, ਟਾਇਲ, ਟੀਪ, ਠੋਕਰ, ਠਾਂਸ, ਡਾਕ ਵੇਲ, ਡਾਟ, ਡੇਢ ਇੱਟ ਚਿਣਾਈ, ਡੇਲੀ, ਡੱਬੀ, ਢਾਲ, ਤਲੀ ਦੇਣੀ, ਤਿੜਕ, ਤੇਗਾ, ਦਫੁੱਟਾ, ਦਰਵਾਜਾ, ਦੀਵਾਰ-ਪਤਨਾਲਾ, ਦੋਮ ਇੱਟ, ਨਵੇਰਾ, ਨਿਓਂ, ਪਤਨਾਲਾ, ਪਥਨੀ, ਪੁਲਡਾਟ, ਪੈੜ, ਪੌਣਾ, ਪੱਤਾ, ਫੌਡੇ ਕਰਨੇ, ਬਹਾਦਰੀ ਬਹੋਲਾ, ਬਾਰੀ, ਮਝੋਲਾ, ਮਲਵਾ ਗਾਰਾ,ਰਦਾ, ਰੋੜਾ, ਲੱਟਣ, ਲੜਾ, ਵਢੈਲੀ, ਵਾਰ ਦੇਣਾ।

**ਤੇਲੀ ਕਿੱਤਾ** :-

ਆਲਸੀ, ਸੱਬਲ, ਕੁੱਪਾ, ਕੋਹਲੂ, ਕੱਚੀ ਘਾਣੀ, ਖਲ, ਖਿੰਜਣ, ਖਿੱਚ, ਘਾਣੀ, ਝਬਲ, ਤਲ੍ਹੀ, ਤਾੜਾ, ਤਿਲਾਠੀ, ਤੰਦ, ਥਮ੍ਹਲਾ, ਧੁਣਖੀ, ਪਤਨਾਲਾ, ਪਤਨਾਲੀ, ਪਲੀ, ਪਾਰੀ, ਪਿੰਜਣਾ, ਪੇਂਜਾ, ਪੱਖਾ, ਪੱਟ, ਪੱਟੇ, ਬੱਤ ਲਾਉਣਾ, ਮਲ੍ਹੀ, ਮਿੱਠਾ ਤੇਲ, ਮੂਸਲੀ, ਮੋਗਰੀ, ਮੱਕੜ, ਰੱਸੀਆਂ, ਲੱਠ।

**ਨਾਈ ਕਿੱਤਾ** :-

ਉਸਤਰਾ, ਸ਼ੀਸ਼ਾ, ਹਜਾਮਤ, ਕੈਂਚੀ, ਕੌਲੀ, ਕੰਘੀ, ਖੋਸਾ, ਗੁੱਛੀ, ਨਸ਼ਤਰ, ਨਹੇਰਨਾ, ਨਹੁੰ ਉਤਾਰਨਾ, ਨਾਈ ਧੋਈ, ਨੈਣ, ਪੱਛ ਲਾਉਣਾ, ਪੱਛਣਾ, ਪੱਟੀ, ਫਟਕਣ, ਮੋਚਨਾ, ਰਾਜਾ, ਲਵਾਂ ਕੱਟਣੀਆਂ, ਲਾਗ।

**ਮਹਿਰਾ ਕਿੱਤਾ** :-

ਸੱਤੂ, ਕੜਾਹੀ, ਕੱਚੇ, ਚੁੰਗ, ਚੁੰਗਾ, ਛਿੱਲੜ, ਝਾਰਨੀ, ਝਿਉਰ, ਝਿਉਰੀ, ਝੋਕਾ, ਝੱਕਰਾ, ਝੱਕਰੀ ਡਸਾਂ, ਡੋਹਰਾ, ਤੁਣ, ਥੜ੍ਹੀ, ਦਾਤੀ, ਧੁੰਦਲਾ, ਪਰਾਗਾ, ਬਾਲਣ, ਭੁੱਜਣਾ, ਭੱਠੀ, ਮਹਿਰਾ, ਰੋੜ, ਰੋੜੇ, ਲਾਗ, ਵਹਿੰਗੀ, ਵਹਿੰਗਾ।

**ਸੁਨਿਆਰਾ ਕਿੱਤਾ** :-

ਆਇਰਨ, ਆਰਸੀ, ਆਰੀ, ਅੱਡਾ, ਇੱਕ ਤੋੜਕਾ, ਸੁਹਾਗਾ, ਸੁਹਾਣੀ, ਸ਼ੁੰਬਾ, ਸੂਈ, ਸੋਨ ਚਿੜੀਆ, ਸੰਨੋ, ਸੱਗੀ, ਹਜਾਰ ਦਾਣਾ, ਹਥੌੜੀ, ਹਾਰ, ਕਸੌਟੀ, ਕਤੀਰਾ, ਕਲਮਾਂ, ਕਲਮੀਂ, ਕਲਿੱਪ, ਕਲੈਂਠੀ, ਕੜਾ, ਕਾਵੀਆ,

ਕਾਂਟੇ, ਕੈਂਠਾ, ਕੋਕਲੀ, ਕੋਕਾ, ਕੰਡੀ, ਕੰਢਲਾ, ਕੰਢੀ, ਖੱਲਾ, ਗਜਰਾ, ਗਰੂਆ, ਗੀਠੀ, ਗੁਹੀਆ, ਗੁਰੂਬੰਦ, ਗੂਠੜਾ, ਘੁੰਗਰੂ, ਚੂਹਾ, ਚੌਂਕ-ਚੰਦ, ਚੰਦ, ਛਾਪ, ਛਿੰਗ, ਛਿੰਗ ਤਵੀਤ, ਛੋਟੀ ਕਲੈਠੀ, ਛੱਲਾ, ਜਮੂਰ, ਜਾਂਤੀ, ਜੁਗਨੀ, ਜੁਲ-ਜੁਲ ਬਿੰਦੀ, ਜੰਜੀਰੀ, ਝਾਂਜਰ, ਟਪਾਰਨ, ਟਾਪਸ, ਟਾਂਕਾ ਲਾਉਣਾ, ਤਵੀਤ, ਤੜਾਗੀ, ਤੀਲੀ, ਤੋਲਾ, ਤੋੜੇ, ਤੰਦੀਲ, ਤੱਗਾ, ਥਾਲੀ, ਦੀਵਾ, ਧਰਮ ਕੰਡੀ, ਨਗ, ਨਥਲੀ, ਨਿਆਰੀਆ, ਨੱਕਾਸ਼ੀ, ਨੱਤੀ, ਨੱਥ, ਪਟੜੀਆ, ਪੱਥਰੀ, ਫੁੱਲ, ਬਾਕਾਂ, ਬੁਜਲੀ, ਬੰਦ, ਬੰਦਨਾਲ, ਭੱਠੀ, ਮਾਸਾ, ਮਾਮੇ ਮੁਰਕੀਆਂ, ਮੇਖ, ਰੀਠਾ, ਰੇਜਾ, ਰੇਤੀ, ਰੱਤੀ, ਲੌਂਟਵ, ਲੌਂਗ, ਲੌਲ, ਵਰਮਾ।

ਹੇਠਾਂ ਉਪਰੋਕਤ ਕਾਰੀਗਰੀ ਸ਼ਬਦਾਵਲੀ ਵਿਚੋਂ ਕੁਝ ਸ਼ਬਦਾਂ ਦੀ ਅੱਖਰ ਕ੍ਰਮ ਅਨੁਸਾਰ ਵਿਆਖਿਆ ਕੀਤੀ ਗਈ ਹੈ।

1. ਇਕਹਿਰੀ ਖੀਸ ਲਾਉਣਾ (ਕਿਸ) – ਲੱਕੜੀ ਦੀ ਮੁਟਾਈ ਇਕੋ ਜਿਹੀ ਕਰਨ ਵਾਸਤੇ ਖੀਸ ਨਾਲ ਸਿੱਧੀ ਲੀਕ ਕੱਢਣਾ।
2. ਸਟੇਕੀ ਆਰੀ (ਨਾਇ) – ਬਰੀਕ ਦੰਦਿਆਂ ਵਾਲੀ ਆਰੀ।
3. ਸਰਦਲ (ਨਾਇ) – ਦਰਵਾਜੇ ਦੀ ਹੇਠਲੀ ਬਾਹੀ।
4. ਸਰੌਂਦ (ਨਾਂਪੁ) – ਚੌਰਸੇ ਦੇ ਦਸਤੇ ਉਤੇ ਉਪਰਲੇ ਸਿਰੇ ਤੇ ਪਾਇਆ ਲੋਹੇ ਦਾ ਕੜਾ।
5. ਸਾਣ (ਨਾਂਇ) – ਲੋਹੇ ਦੇ ਔਜ਼ਾਰ ਤਿੱਖੇ ਕਰਨ ਵਾਲੀ ਪੱਥਰੀ।
6. ਕਮਾਇਚਾ (ਨਾਂਪੁ) – ਵਰਮੇ ਨੂੰ ਘੁੰਮਾਉਣ ਲਈ ਲੱਕੜ ਦੇ ਡੰਡੇ ਵਿੱਚ ਰੱਸੀ ਪਾ ਕੇ ਬਣਿਆ ਔਜਾਰ।
7. ਕਲਮ (ਨਾਂਇ) –ਦੋ ਫੱਟੀਆਂ ਨੂੰ ਆਪਸ ਵਿੱਚ ਜੋੜਨ ਲਈ ਦੋਹਾਂ ਫੱਟੀਆਂ ਉਤੇ ਤਿਰਛੇ ਟਕ ਦਿੱਤਾ ਚੀਰਾ।
8. ਕੂਟੀ ਅੱਡਾ (ਨਾਂਪੁ) – ਲਕੜੀ ਨੂੰ ਚੀਰਨ ਉਸ ਨੂੰ ਕੱਸ ਕੇ ਰੱਖਣ ਵਾਲਾ ਇੱਕ ਯੰਤਰ
9. ਖਟਰੇਟ (ਨਾਂਪੁ) – ਲੱਕੜੀ ਦੇ ਦਸਤੇ ਲੱਗਾ ਖਰ੍ਹਵੀ ਕੰਡ ਤੇ ਉਭਰਵੀਆਂ ਜੜ੍ਹਾਂ ਵਾਲਾ ਰੇਤੀਨੁਮਾ ਔਜ਼ਾਰ।
10. ਖਤ (ਨਾਂਪੁ)– ਚੂਲਾਂ ਕੱਢਣ ਲਈ ਨਿਸ਼ਾਨ ਲਾਉਣ ਦਾ ਭਾਵ।
11. ਖੀਸ (ਨਾਂਪੁ) – ਠੱਲ੍ਹ ਨੂੰ ਅੱਗੇ ਪਿੱਛੇ ਕਰਕੇ ਕੇਵਲ ਇੱਕ ਲੀਕ ਖਿਚਣ ਵਾਲਾ ਲੱਕੜ ਦਾ ਬਣਾਇਆ ਯੰਤਰ।



12. ਖੁਰਜੀ (ਨਾਂਇ) – ਦਿੱਲਿਆਂ ਵਾਲੇ ਦਰਵਾਜੇ ਨੂੰ ਆਡੇ ਰੁੱਖ ਲੱਗੀ ਚੌੜੀ ਮੋਟੀ ਫੱਟੀ।
13. ਗਿਰਮਟ (ਨਾਂਪੁ) – ਦੋਹਾਂ ਹੱਥਾਂ ਨਾਲ ਘੁੰਮਾ ਕੇ ਲੱਕੜੀ ਵਿਚ ਗੋਲ ਛੇਕ ਕਰਨ ਵਾਲਾ ਅੱਗੋਂ ਕੁੰਡਲਦਾਰ ਲੋਹੇ ਦੀ ਛੜ ਵਾਲਾ ਵਰਮਾ।
14. ਗਿੱਚੀ ਟੱਕ (ਨਾਂਇ) – ਲੱਕੜਾਂ ਦੇ ਸਿਰਿਆਂ ਤੇ ਕੱਟ ਲਾ ਕੇ ਅਤੇ ਇੱਕ ਦੂਜੇ ਉੱਤੇ ਚੜ੍ਹਾ ਕੇ ਜੋੜਨ ਦੀ ਵਿਧੀ।
15. ਗੁੱਝਾ (ਨਾਂਪੁ) – ਦੋਹਾਂ ਪਾਸਿਆਂ ਤੋਂ ਤਿੱਖੀ ਲੱਕੜਾਂ ਨੂੰ ਆਪਸ ਵਿੱਚ ਜੋੜਨ ਲਈ ਸੰਨ੍ਹ ਵਿਚ ਲਗਣ ਵਾਲੀ ਮੇਖ।
16. ਚਪੂ (ਨਾਂਪੁ) – ਖਰਾਦੀਏ ਦਾ ਗੋਲ ਕੰਢਿਆਂ ਵਾਲਾ ਸੱਥਰਾ।
17. ਚੌਰਸਾ (ਨਾਂਪੁ) – ਲੱਕੜ ਵਿਚ ਚੌਰਸ ਛੇਕ ਪਾਉਣ ਲਈ ਲੱਕੜ ਦੇ ਦਸਤੇ ਵਿੱਚ ਲੋਹੇ ਦਾ ਸਖ਼ਤ ਅਤੇ ਤੇਜ ਪੱਤਰੀ ਲੱਗਾ ਸੰਦ।
18. ਝਰੀ ਰੰਦਾ (ਨਾਂਇ) – ਲੱਕੜ ਦਾ ਬਣਿਆ ਖਾਂਚੇ ਵਿੱਚ ਲੋਹੇ ਦੀ ਤੇਗ ਜੜਿਆ ਲੱਕੜ ਉੱਤੇ ਝਰੀ ਪਾਉਣ ਪਾਲਾ ਔਜ਼ਾਰ।
19. ਟਕੋਰਾ (ਨਾਂਪੁ) – ਆਰੀ ਦੇ ਦੰਦੇ ਤੇਜ਼ ਕਰਨ ਲਈ ਤਿਕੋਨੀ ਰੇਤੀ।
20. ਡਿਊਢ (ਨਾਂਇ) – ਜੋੜਾ ਵਿੱਚੋਂ ਆਰ ਪਾਰ ਨਾ ਦਿਸਣ ਵਾਲੀ ਦਰਵਾਜੇ ਦੇ ਪੱਲਿਆਂ ਨੂੰ ਇੱਕ ਦੂਜੇ ਉਤੇ ਚੜ੍ਹਾ ਕੇ ਜੋੜਨ ਦੀ ਵਿਧੀ।
21. ਦਰਸ਼ ਪਾਸਾ (ਨਾਂਪੁ) – ਰੰਦੇ ਨਾਲ ਪਤਲੀ ਰੰਦੀ ਹੋਈ ਲੱਕੜ ਦਾ ਬਾਹਰਲਾ ਦਿਸਦਾ ਸਾਫ਼ ਪਾਸਾ।
22. ਨਿਹਾਣ (ਨਾਂਪੁ) – ਪਿਛੋਂ ਪਤਲੀ ਤੇ ਅੱਗੋਂ ਚੌੜੀ, ਤਿੱਖੀ, ਲੰਮੀ ਲੋਹੇ ਦੀ ਪੱਤਰੀ ਲੱਗਾ ਲੱਕੜ ਦੇ ਦਸਤੇ ਵਾਲਾ ਔਜ਼ਾਰ।
23. ਪੁਸ਼ਤੀਵਾਨ (ਨਾਂਇ) – ਦਰਵਾਜ਼ੇ ਦੇ ਤਖਤਿਆਂ ਦੀ ਕੁੰਡੀ ਵਿੱਚ ਅੜਾਈ ਜਾਣ ਵਾਲੀ ਲੱਕੜੀ ਦੀ ਕਿੱਲੀ।
24. ਬਹੋਲਾ (ਨਾਂਪੁ) – ਲੱਕੜ ਦੇ ਦਸਤੇ ਅਤੇ ਲੋਹੇ ਦੇ ਫਲੇ ਵਾਲਾ ਲੱਕੜ ਨੂੰ ਘੜਨ ਵਾਲਾ ਸੰਦ।
25. ਬਰਗਾ (ਨਾਂਪੁ) – ਸ਼ਤੀਰ ਤੇ ਰੱਖੀ ਵਿੰਗੀ ਕੜੀ ਦੇ ਵਿੰਗ ਕੋਲ ਲਾਈ ਟੇਢੇ ਰੁੱਖ ਪੱਚਰ ਜੋ ਦੂਸਰੀ ਕੜੀ ਉਤੇ ਟਿਕ ਕੇ ਕੜੀ ਨੂੰ ਘੁੰਮਣ ਤੋਂ ਰੋਕਦੀ ਹੈ।

26. ਬੈਗਲ (ਨਾਂਪੁ) – ਕੋਣ ਨੂੰ ਵਧਾਉਣ ਘਟਾਉਣ ਲਈ ਆਪਸ ਵਿੱਚ ਜੋੜੇ ਦੋ ਲੋਹੇ ਦੇ ਹਿੱਸੇ
27. ਬੱਤੇ (ਨਾਂਪੁ, ਬਹੁ) – ਚੌਗਾਠ ਦੇ ਖੜ੍ਹੇ ਰੁੱਖ ਦੀਆਂ ਸਲਾਈਆਂ।
28. ਲਾਪ (ਨਾਂਇ) – ਰੰਦੇ ਨਾਲ ਰੰਦ ਕੇ ਪਤਲੀ ਕੀਤੀ ਲੱਕੜ ਦੀ ਨੁੱਕਰ।
29. ਲਾਂਵੀ (ਨਾਂਇ) – ਉਪਰੋਂ ਗੋਲ ਅਤੇ ਹੇਠੋਂ ਸਿੱਧੀ ਛਤੀਰੀ।
30. ਕਮਾਣੀ (ਨਾਂਇ) – ਸੁੰਬਾ ਅਤੇ ਛੈਣੀ ਆਦਿ ਤਿੱਖੀਆਂ ਸਖ਼ਤ ਚੀਜ਼ਾਂ ਬਣਾਉਣ ਲਈ ਵਰਤੀ ਜਾਣ ਵਾਲੀ ਵਿਸ਼ੇਸ਼ ਕਿਸਮ ਦੇ ਲੋਹੇ ਦੀ ਪੱਤਰੀ।
31. ਕਾਉਂ ਸੰਨੀ (ਨਾਂਇ) – ਕਾਂ ਦੀ ਚੁੰਝ ਵਰਗੇ ਮੂੰਹ ਵਾਲੀ ਸੰਨੀ।
32. ਕਾਂਤ (ਨਾਂਪੁ) – ਟੀਨ ਦੀ ਚਾਦਰ ਕੱਟਣ ਲਈ ਸਖ਼ਤ ਪਾਣ ਵਾਲੀ ਕੈਂਚੀ।
33. ਕੁਆਈ (ਨਾਂਇ) – ਕਈ ਮੂੰਹਾਂ ਵਾਲੀ ਆਇਰਨ।
34. ਕੰਨੀ (ਨਾਂਇ) – ਲੋਹੇ ਵਿੱਚ ਸੁੰਬੇ ਨਾਲ ਗਲੀ ਕੱਢਣ ਲਈ ਵਰਤੀ ਜਾਣ ਵਾਲੀ ਆਈਰਨ ਅਤੇ ਲੋਹੇ ਦੇ ਵਿਚਕਾਰ ਰੱਖੀ ਲੋਹੇ ਦੇ ਮੋਟੇ ਨਟ ਵਰਗੀ ਢਿਬਰੀ।
35. ਘਣ (ਨਾਂਪੁ) – ਲੋਹੇ ਦੇ ਭਾਰੇ ਡਲੇ ਜਿਹੇ ਟੁਕੜੇ ਅਤੇ ਲੱਕੜ ਦੇ ਦਸਤੇ ਵਾਲਾ ਵੱਡਾ ਹਥੌੜਾ।
36. ਜੱਫਾ (ਨਾਂਪੁ) – ਮੂੰਹ ਉੱਤੇ ਰਿਪਟ ਲੱਗੀ ਛੈਣੀ ਜਾਂ ਸੁੰਬੇ ਨੂੰ ਘੁੱਟੀ ਰੱਖਣ ਵਾਲੀ ਸੰਨ੍ਹੀ।
37. ਦੌਣੀ (ਨਾਂਇ) – ਲੁਹਾਰੀ ਭੱਠੀ ਨੂੰ ਹਵਾ ਦੇਣ ਵਾਲੇ ਧੌਣੇ ਨੂੰ ਚਲਾਉਣ ਵਾਲੀ ਰੱਸੀ।
38. ਧੁੰਦਲ (ਨਾਂਪੁ) – ਭੱਠੀ ਦਾ ਧੂੰਆਂ ਬਾਹਰ ਨਿਕਲਣ ਲਈ ਖੜ੍ਹੇ ਰੁੱਖ ਬਣਾਈ ਚਿਮਨੀ।
39. ਬਾਂਕ (ਨਾਂਪੁ) – ਮੂੰਹ ਖੁੱਲ੍ਹਣ ਤੇ ਬੰਦ ਹੋਣ ਵਾਲਾ ਲੋਹੇ ਨੂੰ ਘੁੱਟ ਕੇ ਰੱਖਣ ਲਈ ਬਣਾਇਆ ਲੋਹੇ ਦਾ ਭਾਰਾ ਸੰਦ।
40. ਬੇਹਣਾ (ਨਾਂਪੁ) – ਲੋਹੇ ਅਤੇ ਟੀਨ ਦੀ ਚਾਦਰ ਵਿਚ ਛੇਕ ਪਾਉਣ ਲਈ ਅਗੋਂ ਤਿੱਖਾ ਪੈਨਸਲ ਵਰਗੀ ਛੈਣੀ।
41. ਮਚਾਪ (ਨਾਂਪੁ) – ਵੱਡਾ ਭਾਰਾ ਹਥੌੜਾ।



42. ਊਰੀ ਗੁਹੀ (ਨਾਂਇ) – ਊਰੀ ਦੇ ਸਿਰੇ ਤੇ ਲੱਗਾ ਗੋਲ ਲੱਕੜ ਦਾ ਗੁੱਲਾ।
43. ਊਰੀ ਬੂੰਬੜਾ (ਨਾਂਇ) – ਊਰੀ ਦੇ ਹੇਠਾਂ ਲੱਗਿਆ ਲੱਕੜ ਦਾ ਟੁਕੜਾ।
44. ਅਗੂਹਿਲਾ (ਨਾਂਪੁ) – ਕੁੰਭਲ ਦੀ ਤਾਣੀ ਨੂੰ ਕੱਸ ਕੇ ਰੱਖਣ ਲਈ ਅੱਡੇ ਦੇ ਅੱਗੇ ਜ਼ਮੀਨ ਵਿੱਚ ਗਡੀ ਲੱਕੜ।
45. ਸਵਾ ਦੂਸੀ (ਨਾਂਇ) – ਹੱਥੇ ਨਾਲ ਢਿੱਲਾ ਰੱਖ ਕੇ ਬਣਾਇਆ ਖੇਸ।
46. ਕਾਂਟੋਆ  (ਨਾਂਇ,ਬਹੁ) – ਦਮ ਦੱਬਣ ਨਾਲ ਰੱਛ ਨੂੰ ਉੱਪਰ ਹੇਠਾਂ ਕਰਨ ਲਈ ਬਣਾਇਆ ਰੱਸੀਆਂ ਦਾ ਕੈਚੀ ਨੁਮਾ ਢਾਂਚਾ।
47. ਕੁੰਭਾਲ (ਨਾਂਪੁ) – ਤਾਣੀ ਨੂੰ ਜ਼ਮੀਨ ਵਿੱਚ ਗੱਡੇ ਅਗੂਹਿਲੇ ਨਾਲ ਬੰਨ੍ਹ ਕੇ ਕੱਪੜਾ ਜਾਂ ਖੇਸ ਬੁਣਨ ਸਮੇਂ ਲੱਤਾਂ ਲਮਕਾ ਕੇ ਬੈਠਣ ਲਈ ਜ਼ਮੀਨ ਵਿਚ ਬਣਾਇਆ ਟੋਇਆ।
48. ਕੁੱਚ (ਨਾਂਪੁ) – ਤਾਣੀ ਨੂ ਸਾਫ਼ ਤੇ ਪੱਧਰ ਕਰਨ ਲਈ ਇੱਕ ਜੰਗਲੀ ਜੜ੍ਹੀ ਤੇ  ਲੱਕੜ ਦੇ ਹੱਥੇ ਵਾਲਾ ਵੱਡਾ ਬੁਰਸ਼।
49. ਖਰਕ (ਨਾਂਪੁ) – ਖੱਡੀ ਤੇ ਕੱਸੀ ਤਾਣੀ ਦੇ ਕੰਘੇ ਨੂੰ ਤਣ ਕੇ ਰੱਖਣ ਵਾਲਾ ਫੱਟਾ।
50. ਗਰਦਾਨਕ (ਨਾਂਪੁ) – ਤੁਰ ਦੇ ਛੇਕਾਂ ਵਿੱਚ ਪਾ ਕੇ ਘੁਮਾਉਣ ਵਾਲਾ ਲੱਕੜੀ ਦਾ ਪਤਲਾ ਜਿਹਾ ਡੰਡਾ।
51. ਗਰਬੀ (ਨਾਂਪੁ) – ਕਪਾਹ ਦੇ ਸੂਤ ਅਤੇ ਉੱਨ ਨੂੰ ਮਿਲਾਕੇ ਬੁਣਿਆ ਕੱਪੜਾ।
52. ਘੂਰ (ਨਾਂਇ) – ਧਾਗੇ ਦਾ ਉਲਝਾਉ।
53. ਚਮਪੱਟੀ (ਨਾਂਇ) – ਕੁਛ ਦੇ ਉੱਤੇ ਲੱਗੀ  ਚਮੜੇ ਦੀ ਪੱਟੀ।
54. ਕਸਣ  (ਨਾਂਪੁ) – ਚਰਖੇ ਦੇ ਦੋਹਾਂ ਫੱਟਿਆਂ ਉੱਤੇ ਤਣਿਆ ਧਾਗੇ ਦਾ ਜਾਲ।
55. ਨਿਚਲ੍ਹਾ (ਨਾਂਪੁ) – ਤਕਲੇ ਉਤੇ ਬਣ ਰਹੀ ਧਾਗੇ ਦੀ ਗੋਲ ਛੱਲੀ।
56. ਪੰਝੇਰੂ  (ਨਾਂਪੁ) – ਫੱਟਾ ਵਿਚਕਾਰ ਲੱਗਾ ਲੱਕੜ ਦਾ ਗੋਲ ਟੁਕੜਾ।
57. ਪੱਲਢ (ਨਾਂਇ) – ਮੁੰਨੇ ਨਾਲ ਬਨ੍ਹੀ ਚਰਖੇ ਦੀ ਮਾਲ੍ਹ
58. ਫੱਲੜ (ਨਾਂਪੁ) – ਮੁੰਨੇ ਜੜੇ ਚਰਖੇ ਦੇ ਸੱਜੇ ਹੱਥ, ਟੇਢੇ ਰੁਖ ਲੱਗੀ ਲੱਕੜ।

59. ਚਰਮਖ (ਨਾਂਪੁ) – ਨੜੇ ਹੇਠ ਸਲਾਈ ਵਿੱਚ ਪਾਇਆ ਚਮੜੇ ਦਾ ਗੋਲ ਟੁਕੜਾ।

60. ਚੀਰੂ (ਨਾਂਪੁ) – ਸੂਤ ਦੀਆ ਅੱਟੀਆਂ ਨੂੰ ਇਕ ਦੂਜੀ ਵਿਚ ਫਸਾ ਕੇ ਬਣਾਈ ਸੰਗਲੀ।

61. ਜੋਤਾ (ਨਾਂਪੁ) – ਪਾਣ ਵਾਲੇ ਤਾਣੇ ਨੂੰ ਖਿੱਚ ਕੇ ਰੱਖਣ ਲਈ ਅਗੂਹਿਲੇ ਨਾਲ ਬੱਧੀ ਸੂਤਰ ਦੀ ਗੰਢ ਅਤੇ ਉਸ ਵਿਚ ਪਾਈ ਕਿੱਲੀ।

62. ਢੈਸੀ (ਨਾਂਪੁ) – ਹੱਥੇ ਨਾਲ ਪੂਰਾ ਤਣ ਕੇ ਬਣਾਇਆ ਵਧੀਆ ਕਿਸਮ ਦਾ ਖੇਸ।

63. ਤਾੜ (ਨਾਂਇ) – ਰੱਛ ਨੂੰ ਥੰਮ੍ਹ ਕੇ ਰੱਖਣ ਵਾਲੀ ਖੱਡੀ ਦੇ ਸਭ ਤੋਂ ਉਤੇ ਲਗੀ ਮੁੱਖ ਲੱਕੜ।

64. ਤੁਰ (ਨਾਂਇ) – ਖੱਡੀ ਰਾਹੀਂ ਬੁਣਿਆ ਕੱਪੜਾ ਲਪੇਟਣ ਲਈ ਖੱਡੀ ਵਿੱਚ ਲੱਗੀ ਮੋਟੀ ਗੋਲ ਲੱਠ।

65. ਦਮ (ਨਾਂਪੁ) – ਬੁਣਾਈ ਸਮੇਂ ਤਾਣੀ ਦੀਆਂ ਤੰਦਾਂ ਨੂੰ ਹੇਠਾਂ ਉਤੇ ਕਰਨ ਵਾਲਾ ਲਕੜ ਦਾ ਪੈਰਾਂ ਨਾਲ ਚਲਨਣ ਵਾਲਾ ਢਾਂਚਾ।

66. ਦੂਸੀ (ਨਾਂਪੁ) – ਹਲਕੀ ਕਿਸਮ ਦਾ ਛਿੱਦਾ ਖੇਸ।

67. ਪਣਖ (ਨਾਂਇ) – ਬੁਣੇ ਜਾ ਰਹੇ ਖੇਸ ਆਦਿ ਨੂੰ ਸੁੰਗੜਨ ਤੋਂ ਬਚਾਉਣ ਲਈ ਚੌੜੇ ਰੁਖ ਪਾਈ ਦੋਵੇਂ ਸਿਰਿਆਂ ਤੇ ਤਿੱਖੀਆਂ ਮੇਖਾਂ ਲੱਗੀ ਵਿਚਕਾਰ ਜੋੜ ਵਾਲੀ ਲੱਕੜ ਦੀ ਫੱਟੀ।

68. ਪੇਚ (ਨਾਂਪੁ) – ਕਪਾਹ ਪਿੰਜਣ ਤੇ ਵੇਲਣ ਦਾ ਕਾਰਖਾਨਾ।

69. ਪੇਟਾ (ਨਾਂਪੁ) – ਕਪੜਾ ਬੁਣਨ ਸਮੇਂ ਤਾਣੇ ਉਤੇ ਚੌੜਾਈ ਵਿਚ ਪਾਇਆ ਸੂਤ।

70. ਬਰਕ (ਨਾਂਪੁ) – ਬੁਣੇ ਹੋਏ ਖੱਦਰ ਦਾ ਗੋਲ ਲਪੇਟਿਆ ਕੱਪੜਾ।

71. ਬਲਖੀ (ਨਾਂਇ) – ਜੁਲਾਹੇ ਦੁਆਰਾ ਖੇਸ ਬੁਣਨ ਤੋਂ ਬਾਅਦ ਅੱਗੇ ਬਚਿਆ ਅਣਬੁਣਿਆ ਭਾਗ।

72. ਬੋ (ਨਾਂਪੁ, ਬਹੁ) – ਜੁਲਾਹਿਆ ਦੇ ਸੰਗਲੀਦਾਰ ਧਾਗੇ।

73. ਭੌਣੀਆ (ਨਾਂਪੁ, ਬਹੁ) – ਕੁੰਭਲ ਦੀ ਰੱਛ ਨੂੰ ਹੇਠਾਂ ਉੱਪਰ ਕਰਨ ਵਾਲੀਆਂ ਰੱਸੀਆਂ।

74. ਰੱਛ (ਨਾਂਪੁ) – ਤਣੀ ਹੋਈ ਤਾਣੀ ਦੇ ਧਾਗਿਆਂ ਨੂੰ ਵੱਖ ਕਰਨ ਲਈ ਇੱਕ–ਇੱਕ ਧਾਗਾ ਛੱਡ ਕੇ ਰੱਸੀਆਂ ਨਾਲ ਪਾਈਆਂ ਸੂਤ ਦੀਆਂ ਖਿੱਚਾਂ।



75. ਅੰਬਰੇਲਾ (ਨਾਂਇ) – ਹੇਠੋਂ ਖੁਲ੍ਹੇ ਘੇਰੇ ਵਾਲਾ ਅਤੇ ਉੱਤੋਂ ਛਾਤੀ ਤੋਂ ਭੀੜਾ ਲੰਮਾ ਕੋਟ।

76. ਸੁੰਡਕਾ (ਨਾਂਪੁ) – ਰੇਬ ਪਜਾਮੇ ਦੀ ਕਾਟ।

77. ਕਹਾਈ (ਨਾਂਇ) – ਪਿਛਲੇ ਪਾਸਿਉਂ ਚੌੜਾ ਐ ਅਗਲੇ ਪਾਸੇ ਤੋਂ ਮਾਮੂਲੀ ਨੰਗੇਜ਼ ਕੱਜਣ ਵਾਲੀ ਲਾਗੜ ਵਾਲਾ ਮਰਦਾ ਦੇ ਤੇਡ ਬੰਨ੍ਹਣ ਵਾਲਾ ਤਣੀਦਾਰ ਕੱਪੜਾ।

78. ਕਠੂਣ (ਨਾਂਇ) – ਘੱਗਰੇ ਦੀ ਲੌਣ।

79. ਕੜਾਸਣ (ਨਾਂਇ) – ਲੰਮੀ ਲੀਰ ਜਿਸਦਾ ਉਪਰਲਾ ਹਿੱਸਾ ਚੂਲਿਆਂ ਦੇ ਉਤਲੇ ਪਾਸੇ ਵਲ੍ਹੇਟਿਆ ਜਾਵੇ ਅਤੇ ਬਾਕੀ ਲਾਂਗੜ ਮੂਹਰਿਉਂ ਮਰਦਾਵੇ ਅੰਗ ਕੱਜਦੀ ਪਿੱਛੇ ਟੁੰਗੀ ਜਾਵੇ।

80. ਖੰਦੂਈ (ਨਾਂਇ) – ਅੱਗੋਂ ਤਿੱਖੀ ਖੁੱਲ੍ਹੇ ਨੱਕੇ ਵਾਲੀ ਲੰਮੀ ਸੂਈ।

81. ਘੁਟੰਨਾ (ਨਾਂਪੁ) – ਖੁੱਲ੍ਹੀ ਮੂਹਰੀ ਵਾਲਾ ਮਰਦਾਂ ਦੇ ਤੇੜ ਪਾਉਣ ਵਾਲਾ ਕਪੜਾ।

82. ਚੰਪਾ ਸਿਲਾਈ (ਨਾਂਇ) – ਟੇਢਾ–ਮੇਢਾ ਟਾਂਕਾ ਲਾਉਣ ਦੀ ਵਿਧੀ।

83. ਪਤੂਹੀ (ਨਾਂਇ) – ਕਮੀਜ਼ ਦੇ ਹੇਠਾਂ ਪਾਉਣ ਲਈ ਬਾਹਾਂ ਤੋਂ ਬਿਨਾਂ ਵੱਡੀਆਂ ਜੇਬਾਂ ਲੱਗੀ ਹੋਈ ਝੱਗੀ।

84. ਬਖਾ (ਨਾਂਪੁ) – ਤੋਪਿਆ ਦੇ ਆਪਸੀ ਅੰਤਰ ਦਾ ਭਾਵ।

85. ਬਾਂਕੜੀ (ਨਾਂਇ) – ਲੌਣ ਤੋਂ ਉਪਰ ਘੱਗਰੇ ਦੀ ਸਜਾਵਟ ਲਈ ਲਾਈ ਪੱਟੀ।

86. ਬੈਣ ਪੱਟੀ (ਨਾਂਇ) – ਕਮੀਜ਼ ਦੇ ਕਾਲਰ ਪਿੱਛੇ ਲੱਗੇ ਦੋ ਉਂਗਲ ਚੌੜੀ ਪੱਟੀ।

87. ਭੰਨ ਪਾਉਣਾ (ਸੰਕਿ) – ਕੱਪੜੇ ਨੂ ਮੋੜ ਕੇ ਸਿਉਂਣ ਦੀ ਵਿਧਾ।

88. ਮਲ੍ਹਾ (ਨਾਂਪੁ) – ਕਮੀਜ਼ ਦੇ ਮੋਢਿਆਂ ਉਤੇ ਲੱਗੀ ਪੱਟੀ।

89. ਲੋਹਾ ਕਰਨਾ (ਸੰਕਿ) – ਲੋਹੇ ਦੇ ਚੌਰਸ ਸਾਂਚੇ ਵਿਚ ਗਰਮ ਕੋਲਾ ਕਰਕੇ ਕੱਪੜੇ ਵਿਚੋਂ ਵਲ੍ਹ ਕਢਣ ਦੀ ਵਿਧਾ।

90. ਉਂਠੀ (ਨਾਂਇ) – ਜੁੱਤੀ ਬਣਾਉਣ ਲਈ ਤਿਆਰ ਕੀਤੀ ਊਠ ਦੀ ਖੱਲ।

91. ਉਲਟਾਵੀਂ (ਨਾਂਇ) – ਜੁੱਤੀ ਦੇ ਤਲੇ ਤੋਂ ਉਤਲ ਅਣ–ਸਿਉਂਤਾ ਭਾਗ।

92. ਇਉਂਟੀ (ਨਾਂਇ) – ਠਿੱਬੀ ਜੁੱਤੀ।
93. ਸੋਲ੍ਹੀ (ਨਾਂਇ) – ਸੋਲਾਂ ਉਂਗਲ ਲੰਮੇ ਨਾਪ ਵਾਲੀ ਜੁੱਤੀ।
94. ਕਰਬੂਤ (ਨਾਂਪੁ) – ਤੰਗ ਜੁੱਤੀ ਨੂੰ ਖੁੱਲ੍ਹਾ ਕਰਨ ਲਈ ਲੱਕੜ ਦਾ ਬਣਿਆ ਪੰਜਾ, ਅੱਡੀ, ਫਾਨਾ ਆਦਿ ਸਮੁੱਚਾ ਢਾਂਚਾ।
95. ਕਾਲੀ ਕੁਰਮ (ਵਿਸੇ) – ਕਾਲੇ ਰੰਗ ਦਾ ਵਧੀਆ ਕਿਸਮ ਦਾ ਚਮੜਾ।
96. ਕੰਡਿਆਰੀ (ਨਾਂਇ) – ਮੂੰਹ ਤੇ ਡੋਰ ਅੜਾਉਣ ਲਈ ਟੱਕ ਲੱਗਾ ਬਰੀਕ ਨੋਕ ਵਾਲਾ ਸੰਦ।
97. ਕੱਟਾ ਰੰਬੀ (ਨਾਂਇ) – ਖੱਲ ਉਤਾਰਨ ਲਈ ਵਰਤਿਆ ਜਾਣ ਵਾਲਾ ਤੇਜਧਾਰ ਸੰਦ।
98. ਖਬੀਲ (ਨਾਂਇ) – ਚਮੜੇ ਦੀ ਜੁੱਤੀ ਸਾਫ਼ ਕਰਨ ਲਈ ਬਣਾਈ ਲੱਕੜੀ ਦੀ ਸਿੱਪੀਨੁਮਾ ਫੱਟੀ।
99. ਖਾਲਾ (ਨਾਂਪੁ) – ਪੁਰਾਣੀ ਘਸੀ ਜੁੱਤੀ।
100. ਗੁਲਾਨਾਰ (ਨਾਂਪੁ) – ਧੌੜੀ ਜਾਂ ਨਰੀ ਦੇ ਚੰਮ ਨੂੰ ਲਾਇਆ ਜਾਣ ਵਾਲਾ ਰੰਗ।
101. ਗੋਕਾ (ਵਿਸ਼ੇ) – ਗਾਂ, ਬਲਦ ਆਦਿ ਦੀ ਖੱਲ।
102. ਚਿੱਟੀ ਕੁਰਮ (ਵਿਸ਼ੇ) – ਚਿੱਟੇ ਰੰਗ ਦਾ ਵਧੀਆ ਕਿਸਮ ਦਾ ਚਮੜਾ।
103. ਛੇਤਨੀ ਰੰਬੀ (ਨਾਂਇ) – ਬਾਹਰਲੇ ਪਾਸੇ ਤਰਪਾਈ ਕਰਨ ਲਈ ਵਰਤਿਆ ਜਾਣ ਵਾਲਾ ਤਿੱਖਾ ਤੇਜਧਾਰ ਸੰਦ।
104. ਜਾਂਗਲੀ ਜੁੱਤੀ (ਨਾਂਇ) – ਛੱਪਰ ਨਾਲ ਸਿਉਂਤੀ ਗਈ ਨੋਕ ਵਾਲੀ ਜੁੱਤੀ।
105. ਧੌੜੀ (ਨਾਂਇ) – ਖੱਲ ਨੂੰ ਰੰਗ ਕੇ ਤਿਆਰ ਕੀਤਾ ਮੋਟਾ ਚਮੜਾ।
106. ਪੱਕੀ ਪੰਦ੍ਹਰੀ (ਵਿਸ਼ੇ) – ਪਦਰਾਂ ਉਂਗਲ ਲੰਮੇ ਨਾਪ ਵਾਲੀ ਜੁੱਤੀ।
107. ਬਲਖੀ (ਨਾਂਇ) – ਜੁੱਤੀ ਦੀ ਅੱਡੀ ਦੇ ਪਿਛਲੇ ਸੰਨ੍ਹ ਵਿਚ ਸੀਤੀ ਚਮੜੇ ਦੀ ਪਤਲੀ ਕਾਤਰ।
108. ਮਗਜੀ (ਨਾਂਇ) – ਜੁੱਤੀ ਦੀ ਅੱਡੀ ਦਾ ਪੱਚਰਾ।
109. ਲੇਸਣ (ਨਾਂਪੁ) – ਖੱਲ ਦੀ ਸਫ਼ਾਈ ਕਰਨ ਵਾਲੀ ਬਲਖ਼ੀ।
110. ਅਣਾਤ (ਨਾਂਇ) – ਧਾਗਾ, ਪਾਣੀ ਰੱਖਣ ਲਈ ਵਰਤਿਆ ਜਾਣ ਵਾਲਾ ਚੱਕ ਕੋਲ ਪਿਆ ਭਾਂਡਾ।



111. ਆਥਰੀਆ (ਨਾਂਪੁ) – ਕੱਚੇ ਭਾਂਡੇ ਨੂੰ ਸਾਫ਼ ਤੇ ਪੱਧਰਾ ਕਰਨ ਵਾਲਾ ਗੋਲ ਆਵੀ ਵਿਚ ਪਕਿਆ ਪਰਾਤਨੁਮਾ ਚੱਠੂ।
112. ਆਵੀ (ਨਾਂਇ) – ਗੋਹਿਆ ਤੇ ਮਲੀਹ ਦੀ ਅੱਗ ਨਾਲ ਪਕਾਉਣ ਲਈ ਕੱਚੇ ਭਾਂਡਿਆਂ ਨੂੰ ਜ਼ਮੀਨ ਵਿਚ ਟੋਆ ਪੁੱਟ ਕੇ ਇੱਕ ਦੂਜੇ ਉਪਰ ਲਾਈ ਢੇਰੀ।
113. ਕਨੇਰੀ (ਨਾਂਇ) – ਕੱਚੇ ਭਾਂਡੇ ਦੇ ਥੱਲੇ ਨੂੰ ਵਧਾਉਣ ਲਈ ਅੱਗੋਂ ਪੱਕੀ ਮਿੱਟੀ ਲੱਗਾ ਭੰਡਾ।
114. ਕਲੈਠਾ (ਨਾਂਪੁ) – ਭਾਂਡੇ ਗੋਲ ਕਰਨ ਵਾਲੀ ਘੁਮਿਆਰ ਦੀ ਥਾਪੀ।
115. ਕੁਠਲਾ (ਨਾਂਇ) – ਘੁਮਿਆਰ ਦੁਆਰਾ ਬਣਾਇਆ ਮਿੱਟੀ ਦਾ ਕੁੰਡਾ।
116. ਚਲਕੜ (ਨਾਂਇ) – ਘੁੱਤੀ ਵਿਚ ਫਸਾ ਕੇ ਚੱਕ ਘੁੰਮਾਉਣ ਲਈ ਵਰਤੀ ਜਾਣ ਵਾਲੀ ਲੋਹੇ ਦੀ ਛੜ ਜਾਂ ਡੰਡਾ।
117. ਥਥਮਾ (ਨਾਂਪੁ) – ਚੱਕ ਤੋਂ ਲਾਹੇ ਗਿਲੇ ਭਾਂਡੇ ਨੂੰ ਵੱਡਾ ਕਰਨ ਲਈ ਡੂੰਘ ਪਾ ਕੇ ਬਣਾਈ ਲੱਕੜ ਦੀ ਥਾਪੀ।
118. ਪਿੰਡਬਾਣਾ (ਨਾਂਇ) – ਘੁਮਿਆਰ ਦੀ ਮਿੱਟੀ ਠੀਕ ਕਰਨ ਦੀ ਲੱਕੜ।
119. ਫਾਹਣਾ (ਨਾਂਪੁ) – ਘੜੇ ਸੁਕਾਉਣ ਤੇ ਗੋਲ ਕਰਨ ਦਾ ਕੂੰਡਾ।
120. ਲਿਉਂਡ (ਨਾਂਇ) – ਚੱਕ ਘੁੰਮਾਉਣ ਲਈ ਚੱਕ ਦੇ ਹੇਠਾਂ ਲੱਗੀ ਬੈਰਿੰਗ ਨੁਮਾ ਲੱਕੜ ਦੀ ਗੋਲ ਵਸਤੂ।
121. ਐਰਾ (ਨਾਂਪੁ) – ਮਿਸਤਰੀ ਦੁਆਰਾ ਉਸਾਰੀ ਜਾ ਰਹੀ ਕੰਧ ਦੀ ਚੌੜਾਈ।
122. ਸਰੰਦੀ ਇੱਟ (ਨਾਂਇ) – ਭੱਠੇ ਵਿੱਚ ਪਕਾਈ ਛੋਟੀ ਇੱਟ।
123. ਸੋਮ ਇੱਟ (ਨਾਂਇ) – ਅੱਧੀ ਪੱਕੀ ਤੀਜੇ ਦਰਜੇ ਦੀ ਇੱਟ।
124. ਕਾਣਸ (ਨਾਂਇ) – ਸਮਾਨ ਆਦਿ ਰੱਖਣ ਲਈ ਕੰਧ ਵਿਚੋਂ ਬਾਹਰ ਨੂੰ ਵਧਾਇਆ ਹਿੱਸਾ।
125. ਖੱਸੀ ਪਤਨਾਲਾ (ਨਾਂਪੁ) – ਕੰਧ ਵਿੱਚ ਦਾ ਪਰਨਾਲਾ।
126. ਗੋਲ਼ਾ (ਨਾਂਇ) – ਲਟੈਣ ਉੱਪਰ ਰੱਖੀ ਜਾਣ ਵਾਲੀ ਗੋਲ ਛਤੀਰੀ।
127. ਚਹਾ (ਨਾਂਪੁ) – ਛੱਤ ਉੱਪਰ ਇੱਟਾਂ, ਬਾਲਿਆਂ ਅਤੇ ਗਾਰਾ ਪਾਉਣ ਦੀ ਕਿਰਿਆ।

128. ਚੀਰੂ (ਨਾਂਪੁ ਬਹੁ) – ਗੁੰਨੀ ਹੋਈ ਮਿੱਟੀ ਦੀ ਤਹਿ ਉਤੇ ਇੱਟਾਂ ਬਣਾਉਣ ਲਈ ਦਾਤੀ ਨਾਲ ਪਾਏ ਚੀਰ।

129. ਛਨ ਢਾਲ (ਨਾਂਇ) – ਵਿਚਕਾਰੋਂ ਉੱਚੀ ਅਤੇ ਆਸੇ ਪਾਸੇ ਤੋਂ ਢਲਵੀਂ ਕੰਧ ਵਾਲਾ ਹਿੱਸਾ।

130. ਛੱਪ (ਨਾਂਇ) – ਮਿੱਟੀ ਦੀ ਕੰਧ ਉਪਰੋਂ ਮਿੱਟੀ ਦਾ ਵੱਡਾ ਟੁਕੜਾ ਗਿਰਨਾ।

131. ਠਾਂਸ (ਨਾਂਇ) – ਇੱਟਾਂ ਦੇ ਰਦਿਆਂ ਨੂੰ ਮਾਪਣ ਲਈ ਲੱਕੜ ਦੀ ਫਟੀ ਤੇ ਲਾਏ ਨਿਸ਼ਾਨ।

132. ਤੇਗਾ (ਨਾਂਪੁ) – ਉਸਾਰੀ ਵਿੱਚ ਵੱਖੀ ਪਰਨੇ ਲੱਗੀ ਇੱਟ।

133. ਦੋਮ ਇੱਟ (ਨਾਂਇ) – ਪਕਾਈ ਸਮੇਂ ਥੋੜ੍ਹੇ ਸੇਕ ਕਾਰਨ ਘੱਟ ਪੱਕੀ ਭਾਵ ਦੂਜੇ ਦਰਜੇ ਦੀ ਇੱਟ।

134. ਪਥਨੀ (ਨਾਂਇ) – ਕੱਚੀਆਂ ਕੰਧਾਂ ਲਈ ਪੱਥੀ ਹੋਈ ਕੋਰੀ ਇੱਟ।

135. ਫੌਂਡੇ ਕਰਨੇ (ਨਾਂਇ) – ਪੈਰ ਟਿਕਾਉਣ ਲਈ ਕੰਧ ਵਿਚ ਔਡੇ ਬਣਾਉਣਾ।

136. ਬਹੋਲਾ (ਨਾਂਪੁ) – ਇੱਟਾਂ ਘੜਨ ਲਈ ਲੱਕੜੀ ਦੇ ਦਸਤੇ ਅਤੇ ਲੋਹੇ ਦੇ ਫਲ ਵਾਲਾ ਤਿੱਖਾ ਸੰਦ।

137. ਮਝੋਲਾ (ਨਾਂਪੁ) – ਛੋਟੀ ਕਾਂਡੀ।

138. ਵਢੈਲੀ (ਨਾਂਇ) – ਨਾਪਣ ਲਈ ਵਰਤੀ ਜਾਣ ਵਾਲੀ ਫੱਟੀ ਜਿਸ ਨੂੰ ਟੱਕ ਦਿੱਤੇ ਹੁੰਦੇ ਹਨ।

139. ਆਲਸੀ (ਨਾਂਇ) – ਘਾਣੀ ਨੂੰ ਠੀਕ ਕਰਨ ਲਈ ਕੋਹਲੂ ਦੇ ਘੇਰ ਵਿੱਚ ਪਾਉਣ ਵਾਲੀ ਬੂਟੀ।

140. ਖਿੰਜਣ (ਨਾਂਇ) – ਜਿਣਸ ਮਾਲ ਨੂੰ ਮੋੜ-ਮੋੜ ਕੇ ਕੋਹਲੂ ਵਿੱਚ ਸੁੱਟਣ ਵਾਲੀ ਪੱਤੀ।

141. ਝਬਲ (ਨਾਂਪੁ) – ਤੇਲ ਪਾਉਣ ਵਾਲਾ ਵੱਡਾ ਕੁੱਪਾ।

142. ਤਾੜਾ (ਨਾਂਪੁ) – ਰੂੰ ਪਿੰਜਣ ਵਾਲਾ ਯੰਤਰ।

143. ਤਿਲਾਠੀ (ਨਾਂਪੁ) – ਤਿਲਾਂ ਦਾ ਤੇਲ ਕੱਢਣ ਤੋਂ ਬਾਅਦ ਬਚਿਆ ਪਤ ਜਾਂ ਖੁਸ਼।

144. ਧੁਣਖੀ (ਨਾਂਇ) – ਤਾੜੇ ਦੇ ਪੱਖੋ ਉੱਤੇ ਤੰਦ ਬੰਨਣ ਲਈ ਲਾਈ ਖੁੰਘੀ।



145. ਪੱਟ (ਨਾਂਇ) – ਬਲਦ ਜਾਂ ਝੋਟੇ ਆਦਿ ਦੁਆਰਾ ਕੋਹਲੂ ਵਿਚਲੀ ਲੱਠ ਨੂੰ ਘੁਮਾਉਣ ਵਾਲੀ ਲੱਕੜ।

146. ਮਲ੍ਹੀ (ਨਾਂਇ) – ਤੇਲ ਕੱਢਣ ਤੋਂ ਬਾਅਦ ਖਲ੍ਹ ਦੇ ਧੂੜੇ ਅਤੇ ਤੇਲ ਤੋਂ ਬਣਿਆ ਘਸਮੈਲਾ ਥਿੰਦਾ ਪਦਾਰਥ।

147. ਮੂਸਲੀ (ਨਾਂਇ) – ਘੁੰਮਣ ਨਾਲੀ ਘਾਣੀ ਪੀੜਣ ਵਾਲੀ ਕੋਹਲੂ ਦੀ ਮੋਟੀ ਗੋਲ ਲੱਕੜ।

148. ਮੱਕੜੀ (ਨਾਂਇ) – ਲੱਠ ਨੂੰ ਥੰਮਲੇ ਨਾਲ ਘੁੱਟੀ ਰੱਖਣ ਵਿਚ ਸਹਾਇਤਾ ਕਰਨ ਵਾਲੀ ਲੱਠ ਦੇ ਸਿਰ ਉਤੇ ਪੈਣ ਵਾਲੀ ਲੱਕੜ ਦੀ ਟੋਪੀ।

149. ਗੁੱਛੀ (ਨਾਂਇ) – ਨਾਈਗਿਰੀ ਦੇ ਔਜ਼ਾਰ, ਉਸਤਰਾ, ਮੋਚਨਾ, ਸੀਸਾ, ਕੰਘੀ, ਕੈਂਚੀ, ਕੌਲੀ, ਨਹੇਰਨਾ, ਪੱਟੀ ਆਦਿ ਰੱਖਣ ਵਾਲਾ ਥੈਲਾ।

150. ਨਹੇਰਨਾ (ਨਾਂਪੁ) – ਨਹੁੰ ਕੱਟਣ ਵਾਲਾ ਕਲਮੀ ਸ਼ਕਲ ਦਾ ਛੋਟੇ ਫਲ ਵਾਲਾ ਤੇਜ਼ਧਾਰ ਔਜ਼ਾਰ।

151. ਪੱਛ ਲਾਉਣਾ (ਕਿਸ) – ਤੇਜ਼ਧਾਰ ਉਸਤਰੇ ਨਾਲ ਸਰੀਰ ਦੇ ਕਿਸੇ ਰੋਗ ਨੂੰ ਦੂਰ ਕਰਨ ਲਈ ਨਿੱਕੇ-ਨਿੱਕੇ ਕੱਟ ਲਉਣੇ।

152. ਮੋਡ਼ਨਾ (ਨਾਂਪੁ) – ਸਰੀਰ ਦੇ ਵਾਲ ਪੁੱਟਣ ਅਤੇ ਕੰਡਾ ਆਦਿ ਕੱਢਣ ਵਾਲੀ ਚਿਮਟੀ ਵਰਗਾ ਚੁੰਢੀਨੁਮਾ ਸੰਦ।

153. ਕੱਚੇ (ਨਾਪੁ ਬਹੁ) – ਭੁੱਜੀ ਹੋਈ ਮੱਕੇ ਦੇ ਚਿੱਟੇ ਪੀਲੀ ਖਿੜੇ ਦਾਣੇ।

154. ਚੁੰਗ (ਨਾਂਇ) – ਇਕ ਵਾਰੀ ਭੁੰਨੇ ਜਾਣ ਵਾਲੇ ਦਾਣੇ।

155. ਡੋਹਰਾ (ਨਾਂਪੁ) – ਕੜਾਹੇ ਵਿਚੋਂ ਪੱਕਿਆ ਭੋਜਨ ਕੱਢਣ ਵਾਲਾ ਲੱਕੜ ਦੀ ਡੰਡੀ ਲੱਗਾ ਵੱਡਾ ਪੱਲਾ।

156. ਪਰਾਗਾ (ਨਾਂਪੁ) – ਕੜਾਹੀ ਵਿੱਚ ਇਕ ਵਾਰ ਭੁੰਨਣ ਲਈ ਪਾਏ ਜਾਂਦੇ ਦਾਣੇ।

157. ਰੋੜੇ (ਨਾਂਪੁ, ਬਹੁ) – ਛੋਲਿਆਂ ਦੇ ਦਾਣੇ ਜੋ ਭੁੰਨਣ ਤੋਂ ਬਾਅਦ ਵੀ ਸਖ਼ਤ ਰਹਿਣ ਅਤੇ ਚੱਬਣ ਯੋਗ ਨਾ ਹੋਣ।

158. ਆਰਸੀ (ਨਾਂਇ) – ਉਂਗਲ ਵਿੱਚ ਪਾਉਣ ਵਾਲੀ ਅੰਗੂਠੀ ਵਿਚ ਸ਼ੀਸ਼ੇ ਜੜਿਆ ਗਹਿਣਾ।

159. ਸੁਹਾਗਾ (ਨਾਂਪੁ) – ਧਾਤ ਆਦਿ ਨੂੰ ਟਾਂਕ ਲਾਉਣ ਵਾਲਾ ਮਸਾਲਾ।

160. ਸੁਹਾਣੀ (ਨਾਂਇ) – ਧਾਤ ਦੀਆਂ ਬਣੀਆਂ ਛੋਟੀਆਂ ਵਸਤੂਆਂ ਨੂੰ ਫੜਨ ਲਈ ਬਣੀ ਲੋਹੇ ਦੀ ਚਿਮਟੀ।
161. ਸੁੰਬਾ (ਨਾਂਪੁ) – ਗਹਿਣਿਆਂ ਤੇ ਨਕਾਸੀ ਕਰਨ ਵਾਲਾ ਖੋਖਲੇ ਮੂੰਹ ਵਾਲਾ ਸੰਦ।
162. ਕਤੀਰਾ (ਨਾਂਪੁ) – ਸੋਨੇ ਚਾਂਦੀ ਆਦਿ ਦੀ ਤਾਰ ਕੱਟਣ ਲਈ ਲੋਹੇ ਦਾ ਬਣਿਆ ਕੈਂਚੀਨੁਮਾ ਸੰਦ।
163. ਕਲਮੀ (ਨਾਂਇ) – ਗਹਿਣੇ ਉੱਤੇ ਨੱਕਾਸ਼ੀ ਕਰਨ ਵਾਲੀ ਨੋਕਦਾਰ ਸੁੰਬੀ।
164. ਕੰਢਲਾ (ਨਾਂਪੁ) – ਮਰਦਾਂ ਦੇ ਗਲ ਪਾਉਣ ਵਾਲਾ ਸੋਨੇ ਦੀਆਂ ਤਵੀਤੜੀਆਂ, ਹੇਠਾਂ ਢੋਲਣ ਬੰਨ੍ਹਿਆ ਗਹਿਣਾ।
165. ਗਰੂਆ (ਨਾਂਪੁ) – ਸੋਨੇ ਚਾਂਦੀ ਨੂੰ ਮੋੜਨ ਲਈ ਵਰਤਿਆ ਜਾਣ ਵਾਲਾ ਔਜ਼ਾਰ।
166. ਗੁਹੀਆ (ਨਾਂਪੁ) – ਸੁਨਿਆਰਾਂ ਦੀ ਚਿਮਟੀ।
167. ਚੂਹਾ (ਨਾਂਪੁ) – ਸੁਨਿਆਰਾਂ ਦੀ ਮੁੰਦਰੀ ਤਿਆਰ ਕਰਨ ਵਾਲਾ ਸੰਦ।
168. ਪਲਿਆਡਾ (ਨਾਂਪੁ) – ਸੁਨਿਆਰਾਂ ਦਾ ਪਾਣੀ ਰੱਖਣ ਵਾਲਾ ਭਾਂਡਾ।
169. ਪੈੜ (ਨਾਂਪੁ) – ਸੁਨਿਆਰਾਂ ਦੇ ਸੰਦਾ ਦਾ ਡੱਬਾ।
170. ਰੇਜਾ (ਨਾਂਪੁ) – ਧਾਤ ਆਦਿ ਨੂੰ ਪਿਘਲਾਉਣ ਵਾਲਾ ਮਸਾਲਾ।

ਉਪਰੋਕਤ ਸਾਰੀ ਸ਼ਬਦਾਵਲੀ ਬਜ਼ੁਰਗਾਂ ਤੋਂ ਮੌਖਿਕ ਰੂਪ ਵਿੱਚ ਇਕੱਠੀ ਕੀਤੀ ਗਈ ਹੈ। ਪਾਠਕਾਂ ਨੂੰ ਸੰਦਾਂ ਬਾਰੇ ਜਾਣਕਾਰੀ ਦੇਣ ਲਈ ਕੁੱਝ ਸੰਦਾਂ ਦੇ ਨਾਮ, ਅਕਾਰ, ਵਰਤੋਂ ਆਦਿ ਦੀ ਵਿਆਖਿਆ ਕੀਤੀ ਗਈ ਹੈ। ਇਹ ਜਾਣਕਾਰੀ ਲਈ ਕਿੱਤੇ ਨਾਲ ਸੰਬੰਧਿਤ ਸ਼ਬਦਾਵਲੀ ਨੂੰ ਰਿਕਾਰਡ ਵਿੱਚ ਲਿਆਂਦਾ ਗਿਆ ਹੈ, ਤਾਂ ਜੋ ਇਸ ਨੂੰ ਭਵਿੱਖ ਲਈ ਸਾਂਭਿਆ ਜਾ ਸਕੇ। ਇਹਨਾਂ ਬਜ਼ੁਰਗਾਂ ਕਾਰੀਗਰਾਂ ਦੇ ਇਸ ਦੁਨੀਆਂ ਤੋਂ ਅਲੋਪ ਹੋ ਜਾਣ ਬਾਅਦ ਇਹ ਸਾਰੀ ਸ਼ਬਦਾਵਲੀ ਉਹਨਾਂ ਦੇ ਨਾਲ ਅਲੋਪ ਹੋ ਜਾਵੇਗੀ। ਇਸ ਲਈ ਇਹ ਸਾਰੀ ਸ਼ਬਦਾਵਲੀ ਨੂੰ ਸਾਂਭਣ ਦਾ ਯਤਨ 2002–2003 'ਚ ਕੀਤਾ ਗਿਆ ਹੈ।

****



# ਪੁਆਧ ਵਿੱਚ ਜਨਮ, ਵਿਆਹ ਅਤੇ ਮੌਤ ਨਾਲ ਸਬੰਧਿਤ ਰਸਮੀ ਵਰਤਾਰਾ

**ਡਾ. ਸਿਮਰਜੀਤ ਕੌਰ**
**ਮੋਬਾ. 95992-44106**

'ਪੁਆਧ' ਪੰਜਾਬ ਦੇ ਪੂਰਬੀ ਭਾਗ ਨੂੰ ਕਿਹਾ ਜਾਂਦਾ ਹੈ। ਪੁਆਧ ਦੀ ਵਿਉਂਤਪਤੀ ਸੰਸਕ੍ਰਿਤ ਸ਼ਬਦ 'ਪੂਰਬ ਅਰਧ' ਤੋਂ ਸੰਭਵ ਹੈ ਜਿਸ ਦਾ ਅਰਥ ਹੈ 'ਚੜ੍ਹਦੇ ਵਾਲੇ ਪਾਸੇ ਦਾ ਅੱਧਾ ਹਿੱਸਾ' ਅਰਥਾਤ ਪੂਰਬੀ ਪੰਜਾਬ ਦਾ ਅੱਧ। **ਪੰਜਾਬ ਦੇ ਲੋਕਾਂ ਨੂੰ 'ਪੁਆਧੀਏ' ਅਤੇ ਪੁਆਧ ਦੀ ਬੋਲੀ ਨੂੰ ਪੁਆਧੀ ਕਿਹਾ ਜਾਂਦਾ ਹੈ।**

ਪੰਜਾਬੀ ਭਾਸ਼ਾ ਦੀਆਂ ਦੂਸਰੀਆਂ ਉਪਭਾਸ਼ਾਵਾਂ ਨਾਲੋਂ ਪੁਆਧੀ ਉਪ–ਭਾਸ਼ਾ ਕਾਫੀ ਵਖਰੇਵਾਂ ਰੱਖਦੀ ਹੈ। ਇਹ ਵਖਰੇਵਾਂ ਇਸ ਭਾਸ਼ਾ ਵਿੱਚ ਮਲਵਈ ਤੇ ਬਾਂਗਰੂ ਭਾਸ਼ਾ ਦਾ ਮੇਲ, ਪੜਨਾਂਵ ਦਾ ਉਚਾਰਨ ਢੰਗ, ਨਾਸਿਕੀ ਵਿਅੰਜਨ ਙ, ਞ ਦੀ ਵਰਤੋਂ ਨਾ ਕਰਨਾ, ਸਬੰਧਕ–'ਨਾਲੇ ਕੇ ਗੈਲ ਗੈਲ' ਆਦਿ ਰਾਹੀਂ ਸਿੱਧ ਹੁੰਦਾ ਹੈ। ਦੂਸਰੀਆਂ ਉਪਭਾਸ਼ਾਵਾਂ ਦੇ ਮੁਕਾਬਲੇ ਪੁਆਧੀ ਉਪਭਾਸ਼ਾ ਸੰਬੰਧੀ ਖੋਜ ਕਾਰਜ ਬਹੁਤ ਘੱਟ ਹੋਇਆ ਹੈ ਇਸ ਪਰਚੇ ਦੇ ਜਰੀਏ ਪੁਆਧੀ ਜੀਵਨ ਨਾਲ ਸਬੰਧਿਤ ਰਸਮਾਂ ਨੂੰ ਇਕੱਤਰ ਕਰਦੇ ਹੋਏ ਇਹਨਾਂ ਦੀ ਸ਼ਬਦਾਵਲੀ ਨੂੰ ਗੌਰ ਨਾਲ ਵਾਚਿਆ ਹੈ। ਜਿਸ ਦੇ ਦੁਆਰਾ ਕੋਸ਼ਿਸ਼ ਇਹ ਕੀਤੀ ਗਈ ਹੈ ਕਿ ਪੁਆਧੀ ਭਾਸ਼ਾ ਬਾਰੇ ਜ਼ਿਆਦਾ ਤੋਂ ਜ਼ਿਆਦਾ ਖੋਜ ਕੀਤੀ ਜਾਵੇ।

ਕਿਸੇ ਕਾਰਜ ਨੂੰ ਲੋਕਾਂ ਵੱਲੋਂ ਨਿਰਧਾਰਤ ਵਿਧੀ ਅਨੁਸਾਰ ਨਿਭਾਉਣਾ ਰਸਮ ਅਦਾ ਕਰਨਾ ਅਖਵਾਉਂਦਾ ਹੈ। ਇਹ ਰਸਮਾਂ ਮਾਨਵੀ ਜੀਵਨ ਨੂੰ ਸੁਹਜ ਭਰਪੂਰ ਹੀ ਨਹੀਂ ਬਣਾਉਂਦੀਆਂ, ਸਗੋਂ ਇਹਨਾਂ ਰਸਮਾਂ ਨਾਲ ਜੁੜੇ ਭਾਵ–ਅਰਥ ਇਨ੍ਹਾਂ ਦੀ ਮਹੱਤਤਾ ਦਾ ਅਹਿਸਾਸ ਵੀ ਕਰਵਾਉਂਦੇ ਹਨ। ਇਸ ਪਰਚੇ ਵਿਚ ਪੁਆਧੀ ਖੇਤਰ ਵਿੱਚ ਜਨਮ, ਵਿਆਹ ਅਤੇ ਮੌਤ ਦੀਆਂ ਰਸਮਾਂ ਨਾਲ ਸਬੰਧਿਤ ਸ਼ਬਦਾਵਲੀ ਨੂੰ ਵਿਆਖਿਆ ਸਮੇਤ ਪੇਸ਼ ਕੀਤਾ ਗਿਆ ਹੈ ਸ਼ਬਦਾਵਲੀ ਇਕੱਤਰ ਕਰਨ ਵਾਸਤੇ ਜੰਗਪੁਰਾ, ਬਨੂੜ ਅਤੇ ਗਾਰਦੀ ਨਗਰ ਵਿਹਾਰਕ ਰਸਮਾਂ ਨਾਲ ਸਬੰਧਤ ਪਿੰਡਾਂ ਨੂੰ ਆਧਾਰ ਬਣਾਇਆ ਗਿਆ।

**ਜਨਮ ਨਾਲ ਸੰਬੰਧਿਤ ਪੁਆਧੀ ਰਸਮਾਂ-**

ਇਸਤਰੀ ਦੇ ਗਰਭਵਤੀ ਹੋਣ ਤੋਂ ਬਾਅਦ ਹੀ ਜੱਚਾ ਅਤੇ ਬੱਚੇ ਨੂੰ ਬੁਰੀ ਆਤਮਾ ਅਤੇ ਨਜ਼ਰ ਲੱਗਣ ਤੋਂ ਬਚਾਅ ਸੰਬੰਧੀ ਕਈ ਰਸਮਾਂ ਨਿਭਾਈਆਂ ਜਾਂਦੀਆਂ ਹਨ। ਗਰਭਵਤੀ ਇਸਤਰੀ ਨੂੰ ਬਜ਼ੁਰਗ ਔਰਤਾਂ ਅਤੇ ਦਾਈ ਆਪਣੇ ਤਜਰਬੇ ਦੇ ਆਧਾਰ ਉੱਪਰ ਕਈ ਗੱਲਾਂ ਵੱਲ ਖ਼ਾਸ ਧਿਆਨ ਰੱਖਣ ਲਈ ਕਹਿੰਦੀਆਂ ਹਨ। ਜੱਚਾ ਅਤੇ ਬੱਚੇ ਨੂੰ ਨਜ਼ਰ ਲੱਗਣ ਤੋਂ ਬਚਾਉਣ ਲਈ ਗਰਭਵਤੀ ਇਸਤਰੀ ਦੇ ਪੈਰਾਂ ਦੇ ਦੋਵੇਂ ਅੰਗੂਠਿਆਂ ਨਾਲ ਕਾਲੇ ਧਾਗੇ ਲਪੇਟੇ ਜਾਂਦੇ ਹਨ। ਲੋਕ ਨੂੰ ਵਿਸ਼ਵਾਸ ਹੈ ਕਿ ਮਾਂ ਅਤੇ ਬੱਚੇ ਨੂੰ ਫਿਰ ਨਜ਼ਰ ਨਹੀਂ ਲਗਦੀ ਦੂਸਰਾ ਜੇਕਰ ਗਰਭਵਤੀ ਇਸਤਰੀ ਆਪਣੀਆਂ ਲੱਤਾਂ ਵਿਚ ਕੋਈ ਤਕਲੀਫ ਮਹਿਸੂਸ ਕਰਦੀ ਹੈ ਤਾਂ ਵੀ ਅੰਗੂਠੇ ਬੰਨੇ ਜਾਣ ਕਾਰਨ ਉਹ ਠੀਕ ਹੋ ਜਾਂਦੀ ਹੈ। ਇਸ ਤੋਂ ਇਲਾਵਾ ਗਰਭਵਤੀ ਇਸਤਰੀ ਨੂੰ ਮੁਰਦੇ ਦੀ ਅਰਥੀ ਨਾ ਦੇਖਣ ਦੀ ਸਲਾਹ ਦਿੱਤੀ ਜਾਂਦੀ ਹੈ। ਇਸਤਰੀ ਦੇ ਗਰਭਵਤੀ ਹੋਣ ਤੋਂ ਬਾਅਦ ਉਸਨੂੰ ਮੜ੍ਹੀਆਂ ਮਸਾਣਾਂ ਵੱਲ ਵੀ ਨਹੀਂ ਜਾਣ ਦਿੱਤਾ ਜਾਂਦਾ ਕਿਉਂ ਕਿ ਇਹ ਮੰਨਿਆ ਜਾਂਦਾ ਹੈ ਕਿ ਮੜ੍ਹੀਆਂ ਮਸਾਣਾਂ ਤੋਂ ਬੁਰੀਆਂ ਆਤਮਾਵਾਂ ਉਸ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ।

**ਗ੍ਰਹਿਣ ਨਾ ਦੇਖਣਾ :**

ਗਰਭਵਤੀ ਇਸਤਰੀ ਨੂੰ ਗ੍ਰਹਿਣ ਨਾ ਦੇਖਣ ਦੀ ਸਲਾਹ ਦਿੱਤੀ ਜਾਂਦੀ ਹੈ। ਜਿਸ ਸਮੇਂ ਗ੍ਰਹਿਣ ਲੱਗਾ ਹੋਵੇ ਉਸ ਸਮੇਂ ਗਰਭਵਤੀ ਇਸਤਰੀ ਕੋਈ ਕੰਮ ਨਹੀਂ ਕਰਦੀ, ਕਿਉਂਕਿ ਗ੍ਰਹਿਣ ਸਮੇਂ ਉਹ ਕੋਈ ਵੀ ਕਿਰਿਆ ਕਰਦੀ ਹੈ ਉਸ ਦਾ ਅਸਰ ਬੱਚੇ ਉੱਪਰ ਜਰੂਰੀ ਹੁੰਦਾ ਹੈ। ਇਸ ਲਈ ਗ੍ਰਹਿਣ ਲੱਗਣ ਸਮੇਂ ਉਸ ਨੂੰ ਭੂੰਜੇ ਬਿਠਾ ਕੇ ਪੈਰਾਂ ਵਿਚ ਅੱਟੀ ਪਾਈ ਜਾਂਦੀ ਹੈ। ਇਸ ਨੂੰ ਭੂੰਜੇ ਬਿਠਾਉਣਾ, ਕਿਹਾ ਜਾਂਦਾ ਹੈ।

**ਜਾਂਦਾ ਰਿਹਾ :**

ਜੇਕਰ ਔਰਤ ਦਾ ਗਰਭਪਾਤ ਹੋ ਜਾਵੇ ਤਾਂ ਉਸ ਨੂੰ ਜਾਂਦਾ ਰਿਹਾ ਕਿਹਾ ਜਾਂਦਾ ਹੈ। ਔਰਤ ਦੇ ਗਰਭਪਾਤ ਹੋਣ ਤੋਂ ਬਾਅਦ ਉਸ ਦਾ ਪੇਟ ਸਾਫ਼ ਕਰਨ ਲਈ ਪਾਣੀ ਵਿੱਚ ਕਾਫ਼ੀ ਜ਼ਿਆਦਾ ਮਾਤਰਾ ਵਿਚ ਚਾਹ ਪੱਤੀ ਉਬਾਲ ਕੇ ਦੇਣ ਨੂੰ ਕਾਲੀ ਚਾਹ ਦੇਣਾ ਕਿਹਾ ਜਾਂਦਾ ਹੈ। ਜਿਸ ਨਾਲ ਕਿ ਗਰਭਪਾਤ



ਵਾਲੀ ਔਰਤ ਦਾ ਪੇਟ ਸਾਫ਼ ਹੋ ਜਾਂਦਾ ਹੈ। ਜੋ ਬੱਚਾ ਗਰਭ ਦੇ ਅੱਠਵੇਂ ਮਹੀਨੇ ਵਿੱਚ ਪੈਦਾ ਹੁੰਦਾ ਹੈ ਉਸ ਨੂੰ ਅਠਵਾਹਾ ਬੱਚਾ ਕਿਹਾ ਜਾਂਦਾ ਹੈ। ਇਹ ਬੱਚਾ ਸਰੀਰਕ ਪੱਖੋਂ ਕਾਫੀ ਕਮਜ਼ੋਰ ਹੁੰਦਾ ਹੈ। ਅਠਰਾਹੇ ਬੱਚੇ ਨੂੰ ਪਰਿਵਾਰ ਲਈ ਮਾੜਾ ਸ਼ਗਨ ਮੰਨਿਆ ਜਾਂਦਾ ਹੈ। ਇਸ ਦੌਰਾਨ ਕਈ ਦਾਨ-ਪੁੰਨ ਕੀਤੇ ਜਾਂਦੇ ਹਨ।

**ਡੋਰੀ ਦੀ ਗੱਠ ਖੋਲ੍ਹਣਾ :**

ਬੱਚੇ ਦੇ ਪੈਦਾ ਹੋਣ ਸਮੇਂ ਮਾਂ ਦੇ ਵਾਲ ਖੁੱਲ੍ਹੇ ਹੋਣੇ ਚਾਹੀਦੇ ਹਨ। ਇਸ ਲਈ ਜੱਚਾ ਦੇ ਵਾਲਾਂ ਵਿੱਚ ਗੁੰਦੀ ਹੋਈ ਡੋਰੀ ਦੀ ਗੱਠ ਖੋਲ੍ਹੀ ਜਾਂਦੀ ਹੈ। ਮਾਨਤਾ ਹੈ ਕਿ ਜਿਸ ਸਮੇਂ ਬੱਚਾ ਜਨਮ ਲੈ ਰਿਹਾ ਹੋਵੇ ਉਸ ਸਮੇਂ ਘਰ ਦੀ ਕਿਸੇ ਚੀਜ਼ ਨੂੰ ਜਿੰਦਰਾ ਨਾ ਲੱਗਾ ਹੋਵੇ ਕਿਉਂ ਕਿ ਅਜਿਹਾ ਹੋਣ ਤੇ ਬੱਚਾ ਪੈਦਾ ਹੋਣ ਲਈ ਦੇਰੀ ਲਗਾਏਗਾ। ਇਸ ਲਈ ਬੱਚੇ ਦੇ ਪੈਦਾ ਹੋਣ ਸਮੇਂ ਘਰ ਦੇ ਸਾਰੇ ਜਿੰਦਰੇ ਖੋਲ੍ਹ ਦਿੱਤੇ ਜਾਂਦੇ ਹਨ।

**ਕਣਕ ਰੱਖਣਾ :**

ਬੱਚੇ ਦੇ ਪੈਦਾ ਹੋਣ ਤੋਂ ਬਾਅਦ ਘਰ ਵਿਚ ਕਾਫੀ ਧਿਆਨ ਪੂਰਵਕ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ। ਜਿਸ ਘਰ ਬੱਚੇ ਦਾ ਜਨਮ ਹੋਇਆ ਹੋਵੇ ਉਸ ਘਰ ਨੂੰ ਸ਼ਿਲੇ ਵਾਲਾ ਘਰ ਆਖਿਆ ਜਾਂਦਾ ਹੈ। ਘਰ ਦੇ ਜਿਸ ਕਮਰੇ ਅੰਦਰ ਮਾਂ ਅਤੇ ਬੱਚਾ ਦੋਵੇਂ ਹੋਣ। ਉਸ ਦੇ ਦੁਆਰ ਅੱਗੇ ਛੱਜ ਵਿਚ ਕਣਕ ਅਤੇ ਲਸਣ ਰੱਖਿਆ ਜਾਂਦਾ ਹੈ। ਜੇਕਰ ਕਿਸੇ ਨੇ ਕਮਰੇ ਅੰਦਰ ਜਾਣਾ ਹੈ ਤਾਂ ਉਹ ਪਹਿਲਾਂ ਕਣਕ ਨੂੰ ਹੱਥ ਲਗਾ ਕੇ ਹੀ ਅੰਦਰ ਜਾ ਸਕਦਾ ਹੈ।

**ਨਿੰਮ ਦੀਆਂ ਟਾਹਣੀਆਂ ਟੰਗਣਾ :**

ਮੁੰਡਾ ਪੈਦਾ ਹੋਣ ਤੇ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ ਪਰ ਕੁੜੀ ਪੈਦਾ ਹੋਣ ਤੇ ਅਜਿਹਾ ਨਹੀਂ ਕੀਤਾ ਜਾਂਦਾ। ਜਿਸ ਘਰ ਮੁੰਡੇ ਨੇ ਜਨਮ ਲਿਆ ਹੋਵੇ ਉਸ ਘਰ ਦੇ ਮੁੱਖ ਦੁਆਰ ਉੱਪਰ ਨਿੰਮ (ਨਿੰਬ) ਦੀ ਟਾਹਣੀਆਂ ਟੰਗੀਆਂ ਜਾਂਦੀਆਂ ਹਨ ਤਾਂ ਕਿ ਲੋਕਾਂ ਨੂੰ ਪਤਾ ਲੱਗ ਸਕੇ ਕਿ ਇਸ ਘਰ ਮੁੰਡਾ ਹੋਇਆ ਹੈ। ਲਾਗੀ ਨਿੰਮ ਦੀਆਂ ਟਾਹਣੀਆਂ ਵੇਖ ਕੇ ਦੁੱਬ ਲੈ ਕੇ ਆਉਂਦਾ ਹੈ ਅਤੇ ਵਧਾਈਆਂ ਦਿੰਦਾ ਹੈ ਉਸ ਨੂੰ ਸ਼ਗਨ ਵਜੋਂ ਲੱਡੂ, ਗੁੜ ਜਾਂ ਪੈਸੇ ਦੇ ਰੂਪ ਵਿਚ ਵਧਾਈ ਦਿੱਤੀ ਜਾਂਦੀ ਹੈ।

**ਅੱਗ ਰੱਖਣਾ :**

ਸ਼ਿਲੇ ਵਾਲੇ ਦਿਨਾਂ (ਲਗਭਗ 40 ਦਿਨਾਂ) ਦੇ ਦੌਰਾਨ ਮਾਂ ਅਤੇ ਨਵ-ਜੰਮੇ ਬੱਚੇ ਨੂੰ ਬੁਰੀ ਨਜ਼ਰ ਤੋਂ ਬਚਾਉਣ ਲਈ ਅਤੇ ਚੰਦਰੀਆਂ ਰੂਹਾਂ ਦੇ ਡਰ ਤੋਂ ਕਈ ਬਚਾਅ ਅਤੇ ਉਪਰਾਲੇ ਕੀਤੇ ਜਾਂਦੇ ਹਨ। ਜਿਵੇਂ ਮਾਂ ਅਤੇ ਬੱਚੇ ਦੇ ਮੰਜੇ ਦੇ ਸਿਰਹਾਣੇ ਵਾਲੇ ਪਾਸੇ ਦਾਤੀ ਟੰਗਣਾ, ਫਿਰ ਕੁੱਜੇ ਜਾਂ ਗੜ੍ਹਵੀ ਵਿੱਚ ਪਾਣੀ ਰੱਖਣਾ, ਕੱਪੜੇ ਵਿਚ ਲਪੇਟ ਕੇ ਕਣਕ ਬੰਨਣਾ ਅਤੇ ਮੰਜੇ ਦੀ ਪੈਂਦ ਵੱਲ ਜਿੰਦਰਾ ਲਗਾਉਣਾ। ਇਸ ਤੋਂ ਇਲਾਵਾ ਮਾਂ ਅਤੇ ਬੱਚੇ ਦੇ ਮੰਜੇ ਕੋਲ 40 ਦਿਨਾਂ ਤੱਕ ਅੱਗ ਰੱਖੀ ਜਾਂਦੀ ਹੈ। ਇਹ ਦਿਨ ਰਾਤ ਜਲਦੀ ਰਹਿੰਦੀ ਹੈ। ਇਸ ਜਲਦੀ ਹੋਈ ਅੱਗ ਉਪਰ ਅਜਵਾਇਣ ਵੀ ਸੁੱਟੀ ਜਾਂਦੀ ਹੈ।

ਜੇਕਰ ਘਰ ਵਿੱਚ ਕੋਈ ਓਪਰਾ ਇਨਸਾਨ ਆ ਜਾਵੇ ਤਾਂ ਉਸ ਨੂੰ ਚੁੱਲ੍ਹੇ ਦੀਆਂ ਬਲਾਵਾ ਲੈ ਕੇ ਅੱਗ ਸੇਕਣੀ ਪੈਂਦੀ ਹੈ। ਜਿਸ ਨੂੰ ਅੱਗ ਸੇਕਣਾ ਕਿਹਾ ਜਾਂਦਾ ਹੈ। ਇਸ ਕਿਰਿਆ ਤੋਂ ਬਾਅਦ ਹੀ ਉਹ ਇਨਸਾਨ ਮਾਂ ਜਾਂ ਬੱਚੇ ਕੋਲ ਜਾ ਸਕਦਾ ਹੈ। ਅਜਿਹਾ ਓਪਰੀ ਚੀਜ਼ (ਮਾੜੀਆਂ ਰੂਹਾਂ) ਦੇ ਡਰ ਤੋਂ ਕੀਤਾ ਜਾਂਦਾ ਹੈ।

**ਅੱਗ ਨਾ ਦੇਣਾ :**

ਸ਼ਿਲੇ ਵਾਲੇ ਘਰ 'ਚੋਂ 40 ਦਿਨਾਂ ਤੱਕ ਪੂਰੀ ਸੁੱਚ ਰੱਖੀ ਜਾਂਦੀ ਹੈ। ਇਸ ਦੌਰਾਨ ਘਰ ਦੀ ਕੋਈ ਚੀਜ਼ ਕਿਸੇ ਨੂੰ ਨਹੀਂ ਦਿੱਤੀ ਜਾਂਦੀ। ਇਸ ਦੌਰਾਨ ਘਰ ਦੇ ਚੁੱਲ੍ਹੇ ਦੀ ਅੱਗ ਕਿਸੇ ਆਂਢੀ-ਗੁਆਂਢੀ ਨੂੰ ਨਹੀਂ ਦਿੱਤੀ। ਕਿਉਂਕਿ ਅਜਿਹਾ ਕਰਨ ਨਾਲ ਬੱਚੇ ਦੀ ਮੌਤ ਵੀ ਹੋ ਸਕਦੀ ਹੈ।

**ਫੋਇਆ ਦੇਣਾ :**

ਨਵ-ਜੰਮੇ ਬੱਚੇ ਨੂੰ ਪਹਿਲੀ ਵਾਰ ਦੁੱਧ ਪਿਲਾਉਣ ਦੀ ਕਿਰਿਆ ਨੂੰ ਫੋਇਆ ਦੇਣਾ ਕਿਹਾ ਜਾਂਦਾ ਹੈ। ਬੱਚੇ ਨੂੰ ਸਭ ਤੋਂ ਪਹਿਲਾਂ ਗਊਂ ਜਾਂ ਪਾਲਤੂ ਪਸ਼ੂ ਦਾ ਦੁੱਧ ਪਿਲਾਇਆ ਜਾਂਦਾ ਹੈ। ਰੂੰ ਦੀ ਬੱਤੀ ਬਣਾ ਕੇ ਦੁੱਧ ਵਿੱਚ ਭਿਉਂ ਕੇ ਬੱਚੇ ਦੇ ਮੂੰਹ ਨੂੰ ਲਗਾਈ ਜਾਂਦੀ ਹੈ। ਇਸ ਰਸਮ ਨੂੰ ਫੋਇਆ ਦੇਣਾ ਕਿਹਾ ਜਾਂਦਾ ਹੈ। ਬੱਚੇ ਦੇ ਪੇਟ ਨੂੰ ਠੀਕ ਰੱਖਣ ਲਈ ਘਰੇਲੂ ਨੁਕਸੇ (ਅਜਵਾਇਣ) ਤਿਆਰ ਕਰ ਕੇ ਘੁੱਟੀ ਵੀ ਦਿੱਤੀ ਜਾਂਦੀ ਹੈ। ਜੰਮਣ ਘੁੱਟੀ ਬੱਚੇ ਨੂੰ ਜਨਮ ਬਾਅਦ ਪਹਿਲਾ ਸ਼ਗਨ ਦਿੱਤਾ ਜਾਂਦਾ ਹੈ।



ਜੰਮਣ ਘੁੱਟੀ ਦੀ ਰਸਮ ਘਰ ਦਾ ਕੋਈ ਵੀ ਸਿਆਣਾ ਵਿਅਕਤੀ ਅਦਾ ਕਰਦਾ ਹੈ। ਸਮਝਿਆ ਜਾਂਦਾ ਹੈ ਜੋ ਕੋਈ ਬੱਚੇ ਨੂੰ ਜੰਮਣ ਘੁੱਟੀ ਦਿੰਦਾ ਹੈ ਤਾਂ ਉਸ ਦੇ ਗੁਣ ਔਗੁਣ ਬੱਚੇ ਵਿੱਚ ਆ ਜਾਂਦੇ ਹਨ।

**ਪੌਂਚੀਆਂ ਬੰਨ੍ਹਣਾ :**

ਨਵ-ਜੰਮੇ ਬੱਚੇ ਦੇ ਦੋਵੇਂ ਹੱਥਾਂ ਦੁਆਲੇ ਗੁੱਟਾਂ ਨੂੰ ਪੌਂਚੀਆਂ ਬੰਨ੍ਹੀਆਂ ਜਾਂਦੀਆਂ ਹਨ। ਇਹ ਪੌਂਚੀਆਂ ਕਣਕ ਨੂੰ ਧਾਗੇ ਵਿਚ ਪਰੋ ਕੇ ਤਿਆਰ ਕੀਤੀਆਂ ਜਾਂਦੀਆਂ ਹਨ। ਪੌਂਚੀ ਕਣਕ ਦੇ ਦਾਣਿਆਂ ਦੀ ਇੱਕ ਕਿਸਮ ਦੀ ਮਾਲਾ ਹੁੰਦੀ ਹੈ ਜੋ ਕਿ ਬੱਚੇ ਦੀ ਰੱਖਿਆ ਵਜੋਂ ਪਾਈ ਜਾਂਦੀ ਹੈ।

**ਤੇਲੜ ਦਾ ਟੂਣਾ ਕਰਨਾ:**

ਤਿੰਨ ਕੁੜੀਆਂ ਦੇ ਜਨਮ ਤੋਂ ਬਾਅਦ ਪੈਦਾ ਹੋਏ ਮੁੰਡੇ ਨੂੰ ਤੇਲੜ ਕਿਹਾ ਜਾਂਦਾ ਹੈ। ਜੋ ਕਿ ਅਸ਼ੁਭ ਮੰਨਿਆ ਜਾਂਦਾ ਹੈ। ਇਸ ਡਰ ਤੋਂ ਤੇਲੜ ਦਾ ਟੂਣਾ ਰਸਮ ਨਿਭਾਈ ਜਾਂਦੀ ਹੈ। ਇਹ ਰਸਮ ਮੁੰਡੇ ਨੂੰ ਛੱਜ ਵਿਚ ਪਾ ਕੇ ਉਸ ਨੂੰ ਘਰ ਦੀ ਮੁੱਖ ਦਹਿਲੀਜ਼ ਪੁੱਟ ਕੇ ਹੇਠਾਂ ਦੀ ਲੰਘਾਇਆ ਜਾਂਦਾ ਹੈ। ਇਸ ਤੋਂ ਇਲਾਵਾ ਪਤਨਾਲੇ ਵਿਚ ਤੇਲ ਵੀ ਪਾਇਆ ਜਾਂਦਾ ਹੈ ਜਿਸ ਨੂੰ ਪਤਨਾਲੇ ਮਾ ਤੇਲ ਪਾਉਣਾ ਕਿਹਾ ਜਾਂਦਾ ਹੈ।

**ਗੁਥਲੀ ਗੇਰਨਾ :**

ਬੱਚੇ ਦੇ ਦੰਦ ਕੱਢਣ ( ਦੰਦਾਂ ਦਾ ਵਿਕਾਸ ਕਰਨਾ ) ਦੇ ਦੌਰਾਨ ਵੀ ਕਈ ਗੱਲਾਂ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ। ਜਿਵੇਂ ਬੱਚੇ ਦਾ ਸਿਰ ਮੰਜੇ ਦੀ ਪੈਂਦ ਵੱਲ ਨਾ ਕਰਨਾ ਕਿਉਂ ਕਿ ਮਾਨਤਾ ਹੈ ਕਿ ਜੇਕਰ ਬੱਚੇ ਦਾ ਸਿਰ ਮੰਜੇ ਦੀ ਪੈਂਦ ਵੱਲ ਹੋਵੇਗਾ ਤਾਂ ਬੱਚਾ ਉਲਟੇ ਦੰਦ ਕੱਢੇਗਾ ਜੋ ਕਿ ਅਸ਼ੁਭ ਮੰਨਿਆ ਜਾਂਦਾ ਹੈ। ਜੇਕਰ ਬੱਚਾ ਉਲਟੇ ਦੰਦ ਕੱਢਦਾ ਹੈ ਤਾਂ ਉਹ ਮਾਮੇ ਉਪਰ ਭਾਰ ਸਮਝਿਆ ਜਾਂਦਾ ਹੈ। ਇਸ ਲਈ ਮਾਮਾ ਗੁਥਲੀ ਗੇਰਨ ਦੀ ਰਸਮ ਕਰਦਾ ਹੈ। ਬੱਚੇ ਦਾ ਮਾਮਾ ਲਾਲ ਰੰਗ ਦੀ ਗੁਥਲੀ ਵਿੱਚ ਪੰਜੀਰੀ, ਤੀਰ ਕਮਾਣ ਆਦਿ ਲੈ ਕੇ ਆਉਂਦਾ ਹੈ ਅਤੇ ਆਪਣੀ ਭੈਣ ਦੇ ਘਰ ਚੋਰੀ ਸੁੱਟ ਜਾਂਦਾ ਹੈ। ਇਸ ਦੌਰਾਨ ਕੋਸ਼ਿਸ਼ ਇਹ ਕੀਤੀ ਜਾਂਦੀ ਹੈ ਕਿ ਬੱਚੇ ਦੀ ਮਾਂ ਆਪਣੇ ਭਰਾ ਦੇ ਸਾਹਮਣੇ ਨਾ ਆਵੇ। ਅਜਿਹਾ ਕਰਨ ਨਾਲ ਗ੍ਰਹਿ ਟਲ ਜਾਂਦਾ ਹੈ ਇਹ ਇਕ ਅਜਿਹਾ ਲੋਕ ਵਿਸ਼ਵਾਸ ਹੈ।

**ਚੌਂਕੇ ਚੜ੍ਹਾਉਣਾ** :

ਇਹ ਰਸਮ ਸਰੀਕੇ ਕਬੀਲੇ ਦੇ ਲੋਕਾਂ ਨੂੰ ਸ਼ਿਲੇ ਵਾਲੇ ਘਰ ਬੁਲਾ ਕੇ ਨਿਭਾਈ ਜਾਂਦੀ ਹੈ। ਚੌਂਕੇ ਚੜ੍ਹਾਉਣ ਦੀ ਰਸਮ ਬੱਚੇ ਦੇ ਜਨਮ ਤੋਂ 9 ਜਾਂ 11 ਦਿਨਾਂ ਬਾਅਦ ਕੀਤੀ ਜਾਂਦੀ ਹੈ। ਇਸ ਦਿਨ ਕੁੜੀਆਂ ਨੂੰ ਪੁੰਨ ਦਾਨ ਕੀਤਾ ਜਾਂਦਾ ਹੈ ਅਤੇ ਸਰੀਕੇ ਨੂੰ ਰੋਟੀ ਵੀ ਖਵਾਈ ਜਾਂਦੀ ਹੈ। ਚੌਂਕੇ ਚੜ੍ਹਾਉਣ ਵਾਲੇ ਦਿਨ ਮਾਂ ਬੱਚੇ ਨੂੰ ਪਹਿਲੀ ਵਾਰ ਆਪਣੇ ਕਮਰੇ ਤੋਂ ਬਾਹਰ ਲੈ ਕੇ ਆਉਂਦੀ ਹੈ। ਇਸ ਦੌਰਾਨ ਬੱਚੇ ਨੂੰ ਮੂੰਹ ਦਿਖਾਈ ਦਾ ਸ਼ਗਨ ਦਿੱਤਾ ਜਾਂਦਾ ਹੈ।

ਬੱਚੇ ਨੂੰ ਜਨਮ ਦੇਣ ਤੋਂ ਬਾਅਦ ਇਸਤਰੀ ਦਾ ਸਰੀਰ ਕਾਫ਼ੀ ਕਮਜ਼ੋਰ ਹੋ ਜਾਂਦਾ ਹੈ। ਇਸ ਲਈ ਉਸ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ। ਇਸ ਸਮੇਂ ਉਸ ਨੂੰ ਛੁਆਣੀ ਪੇਟ ਸਾਫ਼ ਕਰਨ ਲਈ, ਤਾਂ ਕਿ ਔਲ ਪੇਟ 'ਚ ਨਾ ਰਹਿ ਜਾਵੇ ਦਿੱਤੀ ਜਾਂਦੀ ਹੈ।

ਦਾਲ ਵਿੱਚ ਫੁਲਕਾ ਭਿਉਂ ਕੇ ਹਲਕੀ ਖੁਰਾਕ ਵਜੋਂ ਦਿੱਤਾ ਜਾਂਦਾ ਹੈ। ਔਰਤ ਦੇ ਸਰੀਰ ਵਿੱਚ ਤਾਕਤ ਪਾਉਣ ਲਈ ਪੰਜੀਰੀ ਦਿੱਤੀ ਜਾਂਦੀ ਹੈ। ਇਹ ਰਸਮ ਬੱਚੇ ਦੇ ਜਨਮ ਤੋਂ ਲਗਭਗ 40 ਦਿਨਾਂ ਬਾਅਦ ਹੁੰਦੀ ਹੈ। ਪੰਜੀਰੀ ਦੇਸੀ ਘਿਓ, ਸੁੱਕੇ ਮੇਵੇ, ਖਿੱਲ ਪਤਾਸੇ, ਆਟਾ ਆਦਿ ਦੇ ਮੇਲ ਤੋਂ ਤਿਆਰ ਕੀਤੀ ਜਾਂਦੀ ਹੈ। ਪੰਜੀਰੀ ਦੇ ਨਾਲ ਬੱਚੇ ਨੂੰ ਨਵੇਂ ਕੱਪੜੇ ਖਿਡੌਣੇ ਅਤੇ ਮਾਂ ਨੂੰ ਵੀ ਕੱਪੜੇ, ਦਾਈ ਨੂੰ ਸੂਟ ਆਦਿ ਦਿੱਤਾ ਜਾਂਦਾ ਹੈ।

**ਵਿਆਹ ਦੀਆਂ ਰਸਮਾਂ**:

ਜਨਮ ਸੰਬੰਧੀ ਰਸਮਾਂ ਤੋਂ ਬਾਅਦ ਅਸੀਂ ਹੁਣ ਵਿਆਹ ਦੀਆਂ ਰਸਮਾਂ ਬਾਰੇ ਚਰਚਾ ਕਰਾਂਗੇ। ਜਨਮ ਤੋਂ ਬਾਅਦ ਮਨੁੱਖ ਦੀ ਜ਼ਿੰਦਗੀ ਦਾ ਅਗਲਾ ਅਤੇ ਅਹਿਮ ਪੜਾਅ ਵਿਆਹ ਦਾ ਹੁੰਦਾ ਹੈ ਜੋ ਕਿ ਉਸ ਦੀ ਜ਼ਿੰਦਗੀ ਵਿੱਚ ਨਵਾਂ ਮੋੜ ਲੈ ਕੇ ਆਉਂਦਾ ਹੈ। ਵਿਆਹ ਨਾਲ ਜਿੱਥੇ ਦੋ ਪਰਿਵਾਰਾਂ ਦੇ ਮੇਲ ਤੋਂ ਨਵੀਂ ਰਿਸ਼ਤੇਦਾਰੀ ਸ਼ੁਰੂ ਹੁੰਦੀ ਹੈ ਉਥੇ ਪੀੜ੍ਹੀ ਵੱਧਣ ਦੀ ਆਸ ਵੀ ਮਨੁੱਖ ਅੰਦਰ ਜਾਗਦੀ ਹੈ।

**ਰਿਸ਼ਤਾ ਪੱਕਾ ਕਰਨਾ** :

ਮੁੰਡੇ ਅਤੇ ਕੁੜੀ ਦਾ ਸਾਕ ਸਿਰੇ ਚੜ੍ਹਾਉਣ ਅਤੇ ਦੋ ਪਰਿਵਾਰਾਂ ਦਾ ਮੇਲ ਕਰਾਉਣ ਵਾਲਾ ਵਿਚੋਲਾ ਵਿਸ਼ੇਸ਼ ਰੋਲ ਅਦਾ ਕਰਦਾ ਹੈ। ਸਭ ਤੋਂ ਪਹਿਲਾਂ ਦੋਵਾਂ ਪਰਿਵਾਰਾਂ ਦੇ ਗੋਤ ਮਿਲਾ ਕੇ ਵੇਖੇ ਜਾਂਦੇ ਹਨ। ਗੋਤ ਨਾ ਮਿਲਦੇ ਹੋਣ ਤਾਂ ਰਿਸ਼ਤਾ ਪੱਕਾ ਕਰ ਦਿੱਤਾ ਜਾਂਦਾ ਹੇ। ਜੇਕਰ ਗੋਤ ਮਿਲ ਜਾਣ ਤਾਂ ਰਿਸ਼ਤਾ ਨਹੀਂ ਕੀਤਾ ਜਾਂਦਾ। ਇਸ ਤੋਂ ਬਾਅਦ ਰੁਪਈਆ ਪੱਲੇ ਪਾਉਣਾ ਦੀ ਰਸਮ ਹੁੰਦੀ ਹੈ। ਕੁੜੀ ਵਾਲੇ ਮੁੰਡੇ ਦੇ ਘਰ ਫਲਾਂ ਦੀਆਂ ਟੋਕਰੀਆਂ, ਮਿਠਾਈਆਂ, ਮੁੰਦੀ ਕੱਪੜਾ ਆਦਿ ਨਾਲ ਲੈ ਕੇ ਜਾਂਦੇ ਹਨ ਤੇ ਮੁੰਡੇ ਦੇ ਪੱਲੇ ਰੁਪਈਆ ਪਾ ਕੇ ਰਿਸ਼ਤਾ ਪੱਕਾ ਕਰਦੇ ਹਨ। ਇਸ ਰਸਮ ਨੂੰ ਮੁੰਡਾ ਮੰਗਣਾ ਵੀ ਕਿਹਾ ਜਾਂਦਾ ਹੈ। ਇਸ ਤੋਂ ਭਾਵ ਹੈ ਕਿ ਮੁੰਡਾ ਕੁੜੀ ਵਾਲਿਆਂ ਨੇ ਮੰਗ ਲਿਆ ਹੈ। ਮੁੰਡੇ ਵਾਲੇ ਵੀ ਆਪਣੇ ਵੱਲੋਂ ਰਿਸ਼ਤਾ ਪੱਕਾ ਕਰਨ ਲਈ ਵਿਚੋਲੇ ਦੇ ਹੱਥ ਸ਼ੱਕਰ ਆਦਿ ਕੁੜੀ ਲਈ ਸ਼ਗਨ ਵਜੋਂ ਭੇਜਦੇ ਸਨ। ਜਿਸ ਨੂੰ ਸਹੁਰਿਆਂ ਦੀ ਸ਼ੱਕਰ ਕਿਹਾ ਜਾਂਦਾ ਸੀ, ਪਰ ਅੱਜ ਕੱਲ੍ਹ ਅਜਿਹਾ ਨਹੀਂ ਹੈ। ਅੱਜ ਕੱਲ੍ਹ ਕੁੜੀ ਦਾ ਸ਼ਗਨ ਕਰਨ ਲਈ (ਮੰਗਣੀ ਲਈ) ਪਰਿਵਾਰਕ ਔਰਤਾਂ ਜਾਂਦੀਆਂ ਹਨ।

ਰਿਸ਼ਤਾ ਪੱਕਾ ਕਰਨ ਤੋਂ ਬਾਅਦ ਸਾਹੇ ਚਿੱਠੀ ਤੋਰੀ ਜਾਂਦੀ ਹੈ। ਵਿਚੋਲੇ ਦੇ ਹੱਥ ਕੁੜੀ ਵਾਲੇ ਮੁੰਡੇ ਦੇ ਘਰ ਭੇਜਦੇ ਹਨ। ਇਹ ਚਿੱਠੀ ਕੁੜੀ ਵਾਲੇ ਆਪਣੇ ਸ਼ਰੀਕੇ ਦੀ ਪੰਚਾਇਤ ਵਿੱਚ ਬੈਠ ਕੇ ਲਿਖਦੇ ਹਨ। ਚਿੱਠੀ ਵਿੱਚ ਵਿਆਹ ਦੀ ਤਾਰੀਖ ਲਿਖੀ ਜਾਂਦੀ ਹੈ ਅਤੇ ਕੁੜੀ ਨੂੰ ਵਿਆਹ ਦੇ ਆਪਣੇ ਘਰ ਲੈ ਕੇ ਜਾਣ ਦੀ ਬੇਨਤੀ ਵੀ ਕੀਤੀ ਜਾਂਦੀ ਹੈ। ਚਿੱਠੀ ਦੇ ਨਾਲ ਗੁਲਾਬੀ ਚੁੰਨੀ, ਹਰੀ ਦੂੰਬ, ਹਲਦੀ, ਚੌਲ, ਲੱਡੂ ਆਦਿ ਵਿਚੋਲੇ ਹੱਥ ਭੇਜਦੇ ਹਨ।

ਵਿਆਂਹਦੜ ਮੁੰਡੇ ਦੇ ਘਰ ਚਿੱਠੀ ਪੰਚਾਇਤ ਦੀ ਹਜ਼ੂਰੀ ਵਿੱਚ ਖੋਲ੍ਹ ਕੇ ਪੜ੍ਹੀ ਜਾਂਦੀ ਹੈ। ਚਿੱਠੀ ਪੜ੍ਹ ਕੇ ਸੁਣਾਉਣ ਤੋਂ ਬਾਅਦ ਵਿਆਹ ਵਾਲੇ ਮੁੰਡੇ ਦੇ ਪੱਲੇ ਪਾਈ ਜਾਂਦੀ ਹੈ ਅਤੇ ਉਸ ਨੂੰ ਸ਼ਗਨ ਦਿੱਤਾ ਜਾਂਦਾ ਹੈ। ਵਿਆਹ ਦਾ ਦਿਨ ਕਿਸੇ ਪਾਂਡੇ ਆਦਿ ਤੋਂ ਕਢਵਾ ਕੇ ਤੈਅ ਕੀਤਾ ਜਾਂਦਾ ਹੈ। ਜਿਸ ਨੂੰ ਸਾਹਾ ਕਢਵਾਉਣਾ ਕਿਹਾ ਜਾਂਦਾ ਹੈ। ਸਾਹੇ ਚਿੱਠੀ ਤੋਂ ਬਾਅਦ ਮੁੰਡੇ ਅਤੇ ਕੁੜੀ ਦੇ ਘਰ ਸ਼ਗਨਾਂ ਦੇ ਗੀਤ ਗਾਏ ਜਾਂਦੇ ਹਨ। ਇਹ ਗੀਤ ਮੁੰਡੇ ਦੇ ਘਰ ਘੋੜੀਆਂ ਦੇ ਰੂਪ ਵਿਚ ਅਤੇ ਕੁੜੀ ਦੇ ਘਰ ਸੁਹਾਗ ਦੇ ਰੂਪ ਵਿਚ ਗਾਏ ਜਾਂਦੇ ਹਨ।

**ਚੌਂਕਾ ਪੂਰਨਾ** :

ਜਿਸ ਥਾਂ ਤੇ ਬਟਨਾ ਮਲਣਾ ਹੋਵੇ ਉਸ ਥਾਂ ਨੂੰ ਸਾਫ਼ ਕਰਨ ਨੂੰ ਚੌਂਕਾ ਪੂਰਨਾ ਕਿਹਾ ਜਾਂਦਾ ਹੈ। ਚੌਂਕਾ ਪੂਰਨਾ ਇਕ ਤਰ੍ਹਾਂ ਦੀ ਰੰਗੋਲੀ ਤਿਆਰ ਕਰਨਾ ਹੈ। ਧਰਤੀ ਉਪਰ ਗਊ ਦੇ ਗੋਹੇ ਦਾ ਲੇਪ ਕਰਨ ਤੋਂ ਬਾਅਦ ਆਟੇ ਅਤੇ ਹਲਦੀ

ਨਾਲ ਚੌਂਕਾ ਪੂਰਿਆ ਜਾਂਦਾ ਹੈ। ਉਸ ਤੋਂ ਬਾਅਦ ਪੂਰੇ ਹੋਏ ਚੌਂਕੇ ਉਪਰ ਚੌਂਕੀ ਡਾਹ ਕੇ ਵਿਆਂਹਦੜ ਮੁੰਡੇ ਅਤੇ ਕੁੜੀ ਨੂੰ ਬਿਠਾ ਕੇ ਬਟਣਾ ਮਲਿਆ ਜਾਂਦਾ ਹੈ। ਬਟਨਾ ਮਲਣ ਦੀ ਰਸਮ ਕੜਾਹੀ ਚਾੜ੍ਹਣ ਵਾਲੇ ਦਿਨ ਤੋਂ ਸ਼ੁਰੂ ਹੋ ਕੇ ਵਿਆਹ ਵਾਲੇ ਦਿਨ ਤੱਕ ਹੁੰਦੀ ਹੈ। ਇਹ ਰਸਮ ਪੰਜ ਵਾਰ ਪੜਾਅ ਦਰ ਪੜਾਅ ਹੁੰਦੀ ਹੈ। ਬਟਨਾ ਹਲਦੀ, ਜੌਆਂ ਦਾ ਆਟਾ, ਤੇਲ ਆਦਿ ਤੋਂ ਤਿਆਰ ਕਰਕੇ ਮੁੰਡੇ ਕੁੜੀ ਦੇ ਪਿੰਡੇ ਮਲਿਆ ਜਾਂਦਾ ਹੈ। ਬਟਨਾ ਮਲਣ ਵਾਲੇ ਪਹਿਲੇ ਦਿਨ ਓੜਦਾਂ ਦੀ ਦਾਲ ਪੀਸ ਕੇ ਰੱਖੀ ਜਾਂਦੀ ਹੈ। ਇਹ ਦਾਲ ਸੱਤ ਸੁਹਾਗਣਾਂ ਇਕੱਠੀਆਂ ਹੋ ਕੇ ਚੱਕੀ ਵਿੱਚ ਪੀਸ ਦੀਆਂ ਹਨ। ਵਿਆਹ ਸੰਪੂਰਨ ਹੋਣ ਤੋਂ ਬਾਅਦ ਇਹ ਦਾਲ ਬਣਾ ਕੇ ਪੰਜ ਗ੍ਰੰਥੀ ਸਿੰਘਾਂ ਨੂੰ ਰੋਟੀ ਖੁਆਈ ਜਾਂਦੀ ਹੈ।

**ਸੇਵਾ ਲੜੀ ਕਰਨਾ :**

ਬਟਨਾ ਮਲਣ ਤੋਂ ਬਾਅਦ ਸੇਵਾ ਲੜੀ ਕੀਤੀ ਜਾਂਦੀ ਹੈ। ਸਭ ਤੋਂ ਪਹਿਲਾਂ ਮਾਂ ਅਤੇ ਬਾਅਦ ਵਿਚ ਸ਼ਰੀਕੇ ਭਾਈਚਾਰੇ ਦੀਆਂ ਸੰਬੰਧਿਤ ਔਰਤਾਂ ਸੇਵਾ ਲੜੀ ਕਰਦੀਆਂ ਹਨ। ਸੇਵਾ ਲੜੀ ਵਿਆਹ ਵਾਲੇ ਮੁੰਡੇ ਅਤੇ ਕੁੜੀ ਨੂੰ ਚੌਂਕੀ ਉਪਰ ਖੜ੍ਹਾ ਕਰਕੇ ਮਾਂ ਅਤੇ ਸਰੀਕੇ ਦੀਆਂ ਔਰਤਾਂ ਬਾਰੋ-ਵਾਰੀ ਬਲਾਵਾ ਲੈਂਦੀਆਂ ਹਨ। ਇਸ ਤੋਂ ਬਾਅਦ ਉਸ ਨੂੰ ਸ਼ਗਨ ਦਿੱਤਾ ਜਾਂਦਾ ਹੈ ਅਤੇ ਅੱਖ ਵਿੱਚ ਕਾਜਲ ਵੀ ਪਾਇਆ ਜਾਂਦਾ ਹੈ। ਇਸ ਤੋਂ ਬਾਅਦ ਮੁੰਡਾ ਅਤੇ ਕੁੜੀ ਨੂੰ ਚੌਂਕੀ ਤੋਂ ਹੇਠਾਂ ਉਤਰਦੇ ਹਨ। ਬਟਨਾ ਮਲਣ ਵਾਲੇ ਦਿਨ ਗੁਲਗੁਲੇ ਬਣਾ ਕੇ ਸ਼ਰੀਕੇ ਭਾਈਚਾਰੇ ਵਿਚ ਵੰਡੇ ਜਾਂਦੇ ਹਨ।

**ਪਾਣੀ ਦੱਬਣਾ :**

ਜੇਕਰ ਵਿਆਹ ਦੇ ਦਿਨਾਂ ਦੇ ਦੌਰਾਨ ਮੀਂਹ ਪੈਣ ਲੱਗ ਜਾਵੇ ਤਾਂ ਵਿਆਹ ਵਾਲਾ ਮੁੰਡਾ ਜਾਂ ਕੁੜੀ ਸੱਤ ਪਤਨਾਲਿਆਂ ਦਾ ਪਾਣੀ ਇਕੱਲਾ ਕਰਕੇ ਆਪਣੇ ਘਰ ਦੇ ਪਤਨਾਲੇ ਅੱਗੇ ਪਾਣੀ ਦੱਬਦੇ ਹਨ ਜਿਸ ਨੂੰ ਪਾਣੀ ਦੱਬਣਾ ਕਿਹਾ ਜਾਂਦਾ ਹੈ। ਸਮਝਿਆ ਜਾਂਦਾ ਹੈ ਕਿ ਅਜਿਹਾ ਕਰਨ ਨਾਲ ਮੀਂਹ ਪੈਣ ਤੋਂ ਹੱਟ ਜਾਂਦਾ ਹੈ।

**ਨਾਨਕਾ ਮੇਲ :**

ਵਿਆਹ ਤੋਂ ਇਕ ਦਿਨ ਪਹਿਲਾਂ ਮੁੰਡੇ ਅਤੇ ਕੁੜੀ ਦੇ ਘਰ ਆਉਂਦੇ ਹਨ। ਨਾਨਕੇ ਜੋ ਮੁੰਡੇ ਅਤੇ ਕੁੜੀ ਦੇ ਵਿਆਹ ਵਾਸਤੇ ਸਮਾਨ ਕੱਪੜੇ, ਗਹਿਣੇ



ਆਦਿ ਲੈ ਕੇ ਆਉਂਦੇ ਹਨ। ਉਸ ਨੂੰ **ਛੱਕ ਪੂਰਨਾ** ਕਿਹਾ ਜਾਂਦਾ ਹੈ। ਵਿਆਹ ਵਾਲੇ ਮੁੰਡੇ ਅਤੇ ਕੁੜੀ ਦੇ ਘਰ ਜਦੋਂ ਨਾਨਕੇ ਆਉਂਦੇ ਹਨ ਤਾਂ ਉਹਨਾਂ ਦੇ ਪੱਲੇ ਮਹਿੰਦੀ ਦੀ ਪੁੜੀ ਬਣਾ ਕੇ, ਖੰਮਣੀ ਨਾਲ ਲਪੇਟ ਕੇ, ਲੱਡੂਆ ਦੇ ਜੋੜੇ ਦੇ ਰੂਪ ਵਿੱਚ ਸ਼ਗਨ ਦਿੱਤਾ ਜਾਂਦਾ ਹੈ। ਇਸ ਰਸਮ ਨੂੰ ਪੱਲਾ ਪੁੜੀ ਪਾਉਣਾ ਕਿਹਾ ਜਾਂਦਾ ਹੈ। ਇਹ ਰਸਮ ਮੁੰਡੇ ਜਾਂ ਕੁੜੀ ਦੀ ਮਾਂ ਅਦਾ ਕਰਦੀ ਹੈ। ਮੇਲ ਵਾਲੇ ਦਿਨ ਮੁੰਡੇ ਅਤੇ ਕੁੜੀ ਦੇ ਹੱਥਾਂ ਤੇ ਮਹਿੰਦੀ ਲਗਾਈ ਜਾਂਦੀ ਹੈ। ਇਸ ਦਿਨ ਨਾਨਕੇ ਮੜਾ ਬੰਨਣ ਦੀ ਰਸਮ ਵੀ ਕਰਦੇ ਹਨ।

ਨ੍ਹਾਈ ਧੋਈ ਮੁੰਡੇ ਅਤੇ ਕੁੜੀ ਦੇ ਵਿਆਹ ਵਾਲੇ ਦਿਨ ਇਸ਼ਨਾਨ ਕਰਨ ਨੂੰ ਕਿਹਾ ਜਾਂਦਾ ਹੈ। ਨ੍ਹਾਈ ਧੋਈ ਵੇਲੇ ਘੀ ਉਂਗਲ ਦੀ ਰਸਮ ਹੁੰਦੀ ਹੈ। ਵਿਆਹ ਵਾਲੇ ਮੁੰਡੇ ਜਾਂ ਕੁੜੀ ਨੂੰ ਚੌਂਕੀ ਉਪਰ ਚੜ੍ਹਦੀ ਵੱਲ ਨੂੰ ਮੂੰਹ ਕਰਕੇ ਬਿਠਾਇਆ ਜਾਂਦਾ ਹੈ। ਉਸ ਤੋਂ ਬਾਅਦ ਸੱਤ ਸੁਹਾਗਣਾਂ ਉਨ੍ਹਾਂ ਦੇ ਸਿਰ ਵਿੱਚ ਸੱਤ ਵਾਰ ਦਹੀਂ, ਹਰੀ ਦੂਬ ਦੀ ਮਦਦ ਨਾਲ ਪਾ ਕੇ ਘੀ ਉਂਗਲ ਰਸਮ ਅਦਾ ਕਰਦੀਆਂ ਹਨ। ਨ੍ਹਾਈ ਧੋਈ ਤੋਂ ਬਾਅਦ ਮੁੰਡੇ ਜਾਂ ਕੁੜੀ ਨੂੰ ਚੌਂਕੀ ਤੋਂ ਉਠਾ ਕੇ ਮਾਮਾ ਲੈ ਕੇ ਜਾਂਦਾ ਹੈ ਅਤੇ ਠੂਠੀਆਂ ਤੋੜਨ ਦੀ ਰਸਮ ਅਦਾ ਕਰਦਾ ਹੈ। ਇਸ ਤੋਂ ਬਾਅਦ ਮੁੰਡੇ ਅਤੇ ਕੁੜੀ ਨੂੰ ਨਵੇਂ ਕੱਪੜੇ ਪਾ ਕੇ ਤਿਆਰ ਕੀਤਾ ਜਾਂਦਾ ਹੈ। ਇਸ ਦੌਰਾਨ ਮੁੰਡੇ ਦੇ ਸਿਰ ਉਪਰ ਸਿਹਰਾ ਅਤੇ ਕੁੜੀ ਦੇ ਕਲੀੜੇ ਬੰਨ੍ਹੇ ਜਾਂਦੇ ਹਨ।

ਜੰਞ ਰਵਾਨਾ ਹੋਣ ਤੋਂ ਪਹਿਲਾਂ ਸ਼ਰੀਕੇ ਭਾਈਚਾਰੇ ਅਤੇ ਰਿਸ਼ਤੇਦਾਰ ਔਰਤਾਂ ਇਕੱਠੀਆਂ ਹੋ ਕੇ ਵਿਆਹ ਵਾਲੇ ਮੁੰਡੇ ਦਾ ਮੱਥਾ ਖੂਹ, ਖੇੜੇ, ਵੱਡ-ਵਡੇਰਿਆਂ ਅਤੇ ਗੁਰਦੁਆਰਾ ਸਾਹਿਬ ਟਕਾਉਂਦੀਆਂ ਹਨ। ਮੱਥਾ ਬੈਂਡ-ਵਾਜੇ ਨਾਲ ਟਕਾਇਆ ਜਾਂਦਾ ਹੈ। ਇਸ ਦੌਰਾਨ ਜੇਕਰ ਦੋ ਵਿਆਹੁਣ ਚੱਲੇ ਮੁੰਡੇ ਆਹਮੋ-ਸਾਹਮਣੇ ਆ ਜਾਣ ਤਾਂ ਰੁਪਈਆ ਵਟਾਉਣ ਦੀ ਰਸਮ ਕੀਤੀ ਜਾਂਦੀ ਹੈ। ਇੱਕ ਮੁੰਡਾ ਦੂਸਰੇ ਮੁੰਡੇ ਨਾਲ ਰਸਮੀ ਤੌਰ ਰੁਪਈਆ ਵਟਾਉਂਦਾ ਹੈ। ਜੰਞ ਮੱਥਾ ਟੇਕਣ ਤੋਂ ਬਾਅਦ ਕੁੜੀ ਵਾਲਿਆਂ ਦੇ ਘਰ ਲਈ ਰਵਾਨਾ ਹੁੰਦੀ ਹੈ ਇਸ ਤੋਂ ਪਹਿਲਾਂ ਭਾਬੀ ਦਿਓਰ ਦੇ ਅੱਖਾਂ ਵਿੱਚ ਸੁਰਮਾ ਪਾਉਂਦੀ ਹੈ ਅਤੇ ਦਿਓਰ ਉਸਨੂੰ ਸ਼ਗਨ ਦਿੰਦਾ ਹੈ। ਸਰੀਕੇ ਭਾਈਚਾਰੇ ਦੀਆਂ ਔਰਤਾਂ ਵਿਆਂਹਦੜ ਮੁੰਡੇ ਦੇ ਪੱਲੇ ਸ਼ਗਨ ਦੇ ਕੇ ਰਵਾਨਾ ਕਰਦੀਆਂ ਹਨ। ਇਸ ਨੂੰ ਸਲਾਮੀ ਲਾਉਣਾ ਕਿਹਾ ਜਾਂਦਾ ਹੈ। ਵਿਆਹੁਣ ਚੱਲੇ ਮੁੰਡੇ ਨਾਲ ਜਿੱਥੇ ਖੁਸ਼ੀ ਅਤੇ ਉਲਾਸ ਨਾਲ ਭਰੇ ਰਿਸ਼ਤੇਦਾਰ, ਸ਼ਰੀਕੇ ਭਾਈਚਾਰੇ ਦੇ ਵਿਅਕਤੀ ਨਾਲ

ਜਾਂਦੇ ਹਨ ਉਥੇ ਉਸ ਦਾ ਸਾਥੀ ਬਣ ਕੇ ਸਵਾਲੜਾ ਨਾਲ ਵਿਆਹੁਣ ਜਾਂਦਾ ਹੈ। ਸਵਾਲੜਾ ਨ੍ਹਾਈ ਧੋਈ ਦੀ ਰਸਮ ਤੋਂ ਲੈ ਕੇ ਆਨੰਦ ਕਾਰਜ ਦੀ ਰਸਮ ਤੱਕ ਸਾਰੀਆਂ ਰਸਮਾਂ ਵਿਆਹਦੜ ਨਾਲ ਨਿਭਾਉਂਦਾ ਹੈ। ਜੰਞ ਕੁੜੀ ਦੇ ਘਰ ਰਵਾਨਾ ਹੋਣ ਤੋਂ ਬਾਅਦ ਸਰੀਕੇ ਭਾਈਚਾਰੇ ਅਤੇ ਰਿਸ਼ਤੇਦਾਰ ਔਰਤਾਂ ਇਕੱਠੀਆਂ ਹੋ ਕੇ ਖੁਸ਼ੀ ਵਿਚ ਬੋਲੀਆਂ ਪਾ ਕੇ ਨੱਚਦੀਆਂ ਹਨ। ਇਸ ਤੋਂ ਬਾਅਦ ਮੁੰਡੇ ਦੇ ਘਰ ਫੜੂਹੇ ਦੀ ਰੋਟੀ ਤਿਆਰ ਕੀਤੀ ਜਾਂਦੀ ਹੈ ਇਹ ਰੋਟੀ ਕੜ੍ਹੀ ਅਤੇ ਚਾਵਲ ਦੇ ਰੂਪ ਵਿੱਚ ਤਿਆਰ ਕੀਤੀ ਜਾਂਦੀ ਹੈ ਅਤੇ ਸਾਰੇ ਸਰੀਕੇ ਵਿੱਚ ਵੰਡੀ ਜਾਂਦੀ ਹੈ।

ਕੁੜੀ ਵਾਲਿਆਂ ਦੇ ਘਰ ਜੰਞ ਪਹੁੰਚਣ ਤੇ ਜੰਞ ਦਾ ਨਿੱਘਾ ਸਵਾਗਤ ਕੀਤਾ ਜਾਂਦਾ ਹੈ। ਜਦੋਂ ਜੰਞ ਦਾ ਅਤੇ ਕੁੜੀ ਵਾਲਿਆਂ ਦੀ ਪੰਚਾਇਤ ਦਾ ਮੇਲ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਅਰਦਾਸ ਕੀਤੀ ਜਾਂਦੀ ਹੈ। ਫਿਰ ਉਸ ਤੋਂ ਬਾਅਦ ਮਿਲਣੀ ਦੀ ਰਸਮ ਅਦਾ ਕੀਤੀ ਜਾਂਦੀ ਹੈ। ਮਿਲਣੀ ਦੀ ਰਸਮ ਕੁੜੀ ਦਾ ਪਿਓ, ਮੁੰਡੇ ਦੇ ਪਿਓ ਨਾਲ, ਕੁੜੀ ਦਾ ਮਾਮਾ, ਮੁੰਡੇ ਦੇ ਮਾਮੇ ਨਾਲ ਆਦਿ ਰਿਸ਼ਤੇਦਾਰ ਇਕ ਦੂਸਰੇ ਦੇ ਗਲੇ ਮਿਲ ਕੇ ਕਰਦੇ ਹਨ। ਇਸ ਤੋਂ ਬਾਅਦ ਲਾੜਾ ਰੀਬਨ ਕੱਟਣ ਦੀ ਰਸਮ ਅਦਾ ਕਰਦਾ ਹੈ। ਉਸ ਦੇ ਰੀਬਨ ਕੱਟਣ ਤੋਂ ਬਾਅਦ ਹੀ ਜੰਞ ਕੁੜੀ ਵਾਲਿਆਂ ਦੇ ਘਰ ਚਾਹ-ਪਾਣੀ ਪੀਂਦੇ ਹਨ। ਇਸ ਸਮੇਂ ਕੁੜੀ ਦੀਆਂ ਰਿਸ਼ਤੇਦਾਰ ਔਰਤਾਂ ਜੰਞ ਨੂੰ ਸਿੱਠਣੀਆਂ ਦਿੰਦੀਆਂ ਹਨ। ਲਾੜਾ ਸਾਲੀਆਂ ਨੂੰ ਰੀਬਨ ਕਟਾਈ ਦਾ ਸ਼ਗਨ ਦਿੰਦਾ ਹੈ।

ਲਾੜਾ ਲਾੜੀ ਦੇ ਵਿਆਹ ਦੀ ਸੰਪੂਰਨ ਰਸਮ ਆਨੰਦ ਕਾਰਜ, ਲਾਵਾਂ ਅਤੇ ਫੇਰੇ ਹੈ। ਇਸ ਰਸਮ ਤੋਂ ਬਾਅਦ ਦੋਵੇਂ ਸਮਾਜਿਕ ਤੌਰ 'ਤੇ ਅਤੇ ਰਸਮੀ ਤੌਰ 'ਤੇ ਪਤੀ-ਪਤਨੀ ਬਣ ਜਾਂਦੇ ਹਨ। ਆਨੰਦ ਕਾਰਜ ਦੀ ਰਸਮ ਦੌਰਾਨ ਲਾੜਾ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਕੇ, ਗ੍ਰੰਥ ਸਾਹਿਬ ਦੇ ਸਾਹਮਣੇ ਸੱਜੇ ਹੱਥ ਅਤੇ ਲਾੜੀ ਮੱਥਾ ਟੇਕ ਕੇ ਖੱਬੇ ਹੱਥ ਬੈਠ ਜਾਂਦੀ ਹੈ। ਇਸ ਤੋਂ ਬਾਅਦ ਛੋਟੀ ਅਰਦਾਸ ਹੁੰਦੀ ਹੈ ਇਸ ਅਰਦਾਸ ਵਿਚ ਕੁੜੀ ਦਾ ਪਿਓ, ਮੁੰਡੇ ਦੇ ਪਿਓ ਅਤੇ ਵਿਆਂਹਦੜ ਮੁੰਡਾ ਕੁੜੀ ਹੀ ਸ਼ਾਮਲ ਹੁੰਦੇ ਹਨ। ਬਾਕੀ ਸਾਰੀ ਸੰਗਤ ਬੈਠੀ ਰਹਿੰਦੀ ਹੈ। ਲਾਵਾਂ ਦੀ ਰਸਮ ਤੋਂ ਪਹਿਲਾਂ ਕੁੜੀ ਦਾ ਪਿਓ ਉਸਦਾ ਪੱਲਾ ਮੁੰਡੇ ਦੇ ਹੱਥ ਪੱਲਾ ਫੜਾਉਣ ਦੀ ਰਸਮ ਅਦਾ ਕਰਦਾ ਹੈ। ਆਨੰਦ ਕਾਰਜ ਦੀ ਰਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਲੇ ਚਾਰ ਲਾਵਾਂ ਲੈਣ ਨਾਲ ਪੂਰੀ ਪੈਂਦੀ ਹੈ। ਲਾਵਾਂ ਦੌਰਾਨ ਗ੍ਰੰਥੀ



ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਲਾਵਾਂ ਦਾ ਪਾਠ ਪੜ੍ਹ ਕੇ ਸੁਣਾਉਂਦਾ ਹੈ। ਉਸ ਤੋਂ ਬਾਅਦ ਅਰਦਾਸ ਕੀਤੀ ਜਾਂਦੀ ਹੈ। ਜਿਸ ਵਿਚ ਸਾਰੀ ਸੰਗਤ ਸ਼ਾਮਿਲ ਹੁੰਦੀ ਹੈ। ਆਨੰਦ ਕਾਰਜ ਸੰਪੂਰਨ ਹੋਣ ਤੋਂ ਬਾਅਦ ਦੋਵਾਂ ਨੂੰ ਇਕੱਠੇ ਬਿਠਾ ਕੇ ਸ਼ਗਨ ਦਿੱਤਾ ਜਾਂਦਾ ਹੈ। ਜਿਸ ਨੂੰ ਵਾਂਢਾ ਕਰਨਾ ਕਿਹਾ ਜਾਂਦਾ ਹੈ।

ਮੂੰਹ ਵਟਾਲਾ ਕਰਨਾ ਰਸਮ ਮੁੰਡੇ ਨੂੰ ਕੁੜੀ ਦੇ ਘਰ ਪਹਿਲੀ ਵਾਰ ਦੁੱਧ ਪਿਲਾਉਣਾ ਹੈ। ਇਹ ਦੁੱਧ ਉਸ ਨੂੰ ਉਸ ਦੀ ਸਾਲੀ ਪਿਲਾਉਂਦੀ ਹੈ ਅਤੇ ਦੁੱਧ ਪਿਲਾਉਣ ਦਾ ਸ਼ਗਨ ਲਾੜਾ ਸਾਲੀ ਨੂੰ ਦਿੰਦਾ ਹੈ। ਆਨੰਦ ਕਾਰਜ ਤੋਂ ਬਾਅਦ ਦੋਵਾਂ ਪੰਚਾਇਤਾਂ ਦੀ ਹਜ਼ੂਰੀ ਵਿਚ ਮੁੰਡੇ ਵਾਲੇ ਜੋ ਦੁਲਹਨ ਕੁੜੀ ਲਈ ਕੱਪੜੇ ਗਹਿਣੇ ਆਦਿ ਲੈ ਕੇ ਆਉਂਦੇ ਹਨ ਉਸ ਨੂੰ ਸਾਰਿਆਂ ਨੂੰ ਵਿਖਾਇਆ ਜਾਂਦਾ ਹੈ ਇਸ ਨੂੰ ਵਰੀ ਦਿਖਾਉਣਾ ਕਿਹਾ ਜਾਂਦਾ ਹੈ। ਜਦੋਂ ਜੰਞ ਰੋਟੀ ਖਾਣ ਲੱਗਦੀ ਹੈ ਤਾਂ ਸਭ ਤੋਂ ਪਹਿਲਾਂ ਦੁਲਹਨ ਨੂੰ ਸਹੁਰੇ ਵੱਲੋਂ ਪਤੱਲ ਭੇਜੀ ਜਾਂਦੀ ਹੈ। ਇਸ ਦੌਰਾਨ ਰਿਸ਼ਤੇਦਾਰ ਔਰਤਾਂ ਰੋਟੀ ਖਾਣ ਆਈ ਜੰਞ ਨੂੰ ਸਿੱਠਣੀਆਂ ਦਿੰਦੀਆਂ ਹਨ ਅਤੇ ਜੰਞ ਬੰਨ੍ਹ ਦਿੰਦੀਆਂ ਹਨ। ਜੰਞ ਸਿੱਠਣੀ ਦਾ ਜਵਾਬ ਦੇ ਕੇ ਹੀ ਰੋਟੀ ਖਾ ਸਕਦੀ ਹੈ ਇਸ ਲਈ ਕੋਈ ਸਿਆਣਾ ਬੰਦਾ ਸਿੱਠਣੀ ਦਾ ਜਵਾਬ ਦਿੰਦਾ ਹੈ ਤੇ ਜੰਞ ਰੋਟੀ ਖਾਣ ਲੱਗਦੀ ਹੈ।

ਡੋਲੀ ਦੀ ਵਿਦਾਇਗੀ ਸਮੇਂ ਕੁੜੀ ਦੇ ਨਾਲ ਲੱਡੂਆਂ ਦੀ ਭਰੀ ਚਾਟੀ ਭੇਜੀ ਜਾਂਦੀ ਹੈ। ਇਹ ਚਾਟੀ ਉਸ ਦੀ ਸੱਸ ਦੇ ਲਈ ਸ਼ਗਨ ਵਜੋਂ ਦਿੱਤੀ ਜਾਂਦੀ ਹੈ। ਵਿਦਾਇਗੀ ਦੌਰਾਨ ਵਿਆਹ ਵਾਲੀ ਕੁੜੀ ਨੂੰ ਡੋਲੀ ਵਿਚ ਬਿਠਾਉਣ ਵੇਲੇ ਉਸ ਦੇ ਪੱਲੇ ਪੁੜੀ (ਮਹਿੰਦੀ ਦੀ ਪੁੜੀ) ਪਾਉਣ ਤੇ ਮਿੱਠੀ ਲੱਸੀ ਪਿਲਾਉਣ ਦੀ ਰਸਮ ਹੁੰਦੀ ਹੈ। ਇਹ ਰਸਮ ਕੁੜੀ ਦੀ ਮਾਂ ਅਦਾ ਕਰਦੀ ਹੈ। ਇਸ ਤੋਂ ਬਾਅਦ ਵਿਆਂਹਦੜ ਮੁੰਡੇ ਅਤੇ ਕੁੜੀ ਨੂੰ ਸ਼ਗਨ ਦੇ ਕੇ ਮਾਂ ਡੋਲੀ ਨੂੰ ਰਵਾਨਾ ਕਰਦੀ ਹੈ। ਇਸ ਦੌਰਾਨ ਡੋਲੀ ਵਾਲੀ ਗੱਡੀ ਦੇ ਪਹੀਆਂ ਪਰ ਤੇਲ ਪਾਇਆ ਜਾਂਦਾ ਹੈ। ਡੋਲੀ ਰਵਾਨਾ ਹੋਣ ਸਮੇਂ ਮੁੰਡੇ ਵਾਲੇ ਗੱਡੀ ਉਪਰੋਂ ਦੀ ਪੈਸੇ ਸੁੱਟਦੇ ਹਨ। ਇਸ ਨੂੰ ਟਕੇ ਚੁੱਗਣਾ ਕਿਹਾ ਜਾਂਦਾ ਹੈ।

ਡੋਲੀ 'ਚੋਂ ਉਤਾਰਨਾ ਸਹੁਰੇ ਘਰ ਪਹੁੰਚੀ ਦੁਲਹਨ ਦਾ ਸਵਾਗਤ ਬੜੀ ਖੁਸ਼ੀ ਅਤੇ ਉਮੰਗ ਨਾਲ ਕੀਤਾ ਜਾਂਦਾ ਹੈ। ਵਿਆਹਦੜ ਮੁੰਡੇ ਦੀ ਮਾਂ ਨਵੀਂ ਵਿਆਹੀ ਦੁਲਹਨ ਅਤੇ ਮੁੰਡੇ ਨੂੰ ਲੱਡੂਆਂ ਦਾ ਸ਼ਗਨ ਦੇ ਤੇ ਡੋਲੀ ਚੋਂ ਉਤਾਰ ਦੀ ਹੈ ਅਤੇ ਗ੍ਰਹਿ ਪ੍ਰਵੇਸ਼ ਕਰਵਾਉਂਦੀ ਹੈ। ਇਸ ਤੋਂ ਬਾਅਦ ਵਿਆਂਹਦੜ ਮੁੰਡੇ

ਅਤੇ ਨਵੀਂ ਵਿਆਹੀ ਦੁਲਹਨ ਨੂੰ ਚੌਂਕੀ ਉਪਰ ਖੜਾ ਕਰਕੇ ਪਾਣੀ ਵਾਰਿਆ ਜਾਂਦਾ ਹੈ। ਪਾਣੀ ਵਾਰਨ ਦੀ ਰਸਮ ਮੁੰਡੇ ਦੀ ਮਾਂ, ਚਾਚੀ, ਮਾਮੀ ਆਦਿ ਸੁਹਾਗਣਾਂ ਕਰਦੀਆਂ ਹਨ। ਜਿਸ ਕਮਰੇ ਵਿਚ ਦੁਲਹਨ ਨੂੰ ਬਿਠਾਇਆ ਹੁੰਦਾ ਹੈ ਉਸ ਦਾ ਬੂਹਾ ਰੋਕ ਕੇ ਮੁੰਡੇ ਦੀਆਂ ਭੈਣਾਂ ਸ਼ਗਨ ਮੰਗਦੀਆਂ ਹਨ। ਮੁੰਡਾ ਅਤੇ ਨਵੀਂ ਵਿਆਹੀ ਵਹੁਟੀ ਕੁੜੀਆਂ ਨੂੰ ਸ਼ਗਨ ਦੇ ਕੇ ਕਮਰੇ ਅੰਦਰ ਦਾਖਲ ਹੁੰਦੇ ਹਨ। ਇਸ ਤੋਂ ਬਾਅਦ ਨਵੀਂ ਦੁਲਹਨ ਨੂੰ ਘੀ ਬੂਰੇ ਦਾ ਸ਼ਗਨ ਦਿੱਤਾ ਜਾਂਦਾ ਹੈ ਇਹ ਸ਼ਗਨ ਸੱਸ ਦਿੰਦੀ ਹੈ। ਸ਼ਰੀਕੇ ਭਾਈਚਾਰੇ ਦੀਆਂ ਔਰਤਾਂ ਦੁਲਹਨ ਦਾ ਮੂੰਹ ਦੇਖ ਕੇ ਉਸ ਨੂੰ ਮੂੰਹ ਦਿਖਾਈ ਦਾ ਸ਼ਗਨ ਦਿੰਦੀਆਂ ਹਨ। ਦੁਲਹਨ ਨੂੰ ਸਹੁਰੇ ਘਰ ਦੀ ਪਹਿਲੀ ਰੋਟੀ ਬਿਨਾਂ ਮਿਰਚਾਂ ਵਾਲੀ ਦਾਲ ਦੀ ਦਿੱਤੀ ਜਾਂਦੀ ਹੈ। ਵਿਆਹ ਤੋਂ ਦੂਸਰੇ ਦਿਨ ਦੁਲਹਨ ਦਾ ਮੱਥਾ ਖੂਹ, ਖੇੜੇ ਉਪਰ ਗੁਰਦੁਆਰੇ ਆਦਿ ਥਾਵਾਂ ਤੇ ਟਕਾ ਲਿਆ ਜਾਂਦਾ ਹੈ।

ਮਢਾ ਵਧਾਉਣ ਦੀ ਰਸਮ ਵਿਆਹ ਤੋਂ ਦੂਸਰੇ ਦਿਨ ਹੁੰਦੀ ਹੈ। ਨਾਨਕਿਆਂ ਦੁਆਰਾ ਟੰਗਿਆ ਮਢਾ ਘਰ ਦਾ ਜਵਾਈ ਉਤਾਰ ਕੇ ਨੇੜੇ ਪੈਂਦੇ ਛੱਪੜ ਵਿੱਚ ਤਾਰ ਕੇ ਆਉਂਦਾ ਹੈ। ਜਵਾਈ ਨੂੰ ਇਸ ਦੌਰਾਨ ਉਸ ਦੀਆਂ ਸਾਲੀਆਂ ਮਖੌਲ ਕਰਦੀਆਂ ਹਨ ਕਈ ਤਾਂ ਜਵਾਈ ਨੂੰ ਧੱਕਾ ਦੇ ਕੇ ਛੱਪੜ 'ਚ ਸੁੱਟ ਦਿੰਦੀਆਂ ਹਨ। ਘਰ ਦੇ ਜਵਾਈ ਨੂੰ ਮਢਾ ਵਧਾਉਣ ਦਾ ਸ਼ਗਨ ਉਸ ਦੀ ਸੱਸ ਦਿੰਦੀ ਹੈ। ਵਿਆਹ ਤੋਂ ਦੂਸਰੇ ਦਿਨ ਦੁਲਹਨ ਦਾ ਆਪਣੇ ਪਤੀ ਨਾਲ ਪਹਿਲੀ ਵਾਰ ਪੇਕੇ ਘਰ ਜਾਣਾ, ਫੇਰਾ ਪਾਉਣਾ ਆਖਿਆ ਜਾਂਦਾ ਹੈ। ਇਸ ਸਮੇਂ ਪੇਕੇ ਘਰ ਗਈ ਦੁਲਹਨ ਦਾ ਪਤੀ ਉਸ ਦੀਆਂ ਭੈਣਾਂ ਲਈ ਕਲੀਚੜੀਆਂ (ਮੁੰਦੀਆ, ਛੱਲੇ) ਲੈ ਕੇ ਜਾਂਦਾ ਹੈ। ਦੁਲਹਨ ਦੇ ਸਹੁਰੇ ਘਰ ਪਹੁੰਚਣ ਤੇ ਉਸ ਦੀ ਨਣਦ ਵਿਸ਼ੇਸ਼ ਰਸਮਾਂ ਅਦਾ ਕਰਦੀ ਹੈ। ਜਿਵੇਂ ਵਿਆਹ ਤੋਂ ਦੂਸਰੇ ਦਿਨ ਦੁਲਹਨ ਦਾ ਸਿਰ ਗੁੰਦਣਾ, ਦੁਲਹਨ ਦੀ ਪੇਟੀ ਖੋਲ੍ਹਣਾ ਆਦਿ। ਇਸ ਸਭ ਦੇ ਲਈ ਦੁਲਹਨ ਨਣਦ ਨੂੰ ਸ਼ਗਨ ਦਿੰਦੀ ਹੈ। ਆਪਣੇ ਪੇਕੇ ਘਰ ਤੋਂ ਦੁਲਹਨ ਜੋ ਸਮਾਨ ਕੱਪੜੇ, ਗਹਿਣੇ, ਭਾਂਡੇ ਆਦਿ ਲੈਕੇ ਆਉਂਦੀ ਹੈ ਉਸ ਨੂੰ ਖੱਟ ਦਿਖਾਣਾ ਕਿਹਾ ਜਾਂਦਾ ਹੈ। ਵਿਆਹ ਸੰਪੂਰਨ ਹੋਣ ਤੋਂ ਬਾਅਦ ਪੰਜ ਸਿੰਘਾਂ ਨੂੰ ਓੜਦਾਂ ਦੀ ਦਾਲ ਬਣਾ ਕੇ ਰੋਟੀ ਖਵਾਈ ਜਾਂਦੀ ਹੈ।

ਜਦੋਂ ਨਵ-ਵਿਆਹੀ ਦੁਲਹਨ ਪਹਿਲੀ ਵਾਰ ਚੌਂਕੇ ਚੁੱਲ੍ਹੇ ਦਾ ਕੰਮ ਆਪਣੇ ਸਹੁਰੇ ਘਰ ਕਰਦੀ ਹੈ ਤਾਂ ਉਹ ਸਭ ਤੋਂ ਪਹਿਲਾਂ ਮਿੱਠੀ ਰੋਟੀ ਜਾਂ ਪ੍ਰਸਾਦ



ਬਣਾਉਂਦੀ ਹੈ। ਮਿੱਠੀ ਰੋਟੀ ਪਾ ਕੇ ਉਹ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਖਵਾਉਂਦੀ ਹੈ ਅਤੇ ਵੱਡੇ ਪਰਿਵਾਰਕ ਮੈਂਬਰ (ਸਹੁਰਾ, ਸੱਸ, ਜੇਠ ਆਦਿ) ਉਸ ਨੂੰ ਸ਼ਗਨ ਦਿੰਦੇ ਹਨ। ਦੁਲਹਨ ਨੂੰ ਆਪਣੇ ਗੋਤ ਵਿਚ ਰਲਾਉਣ ਦੀ ਰਸਮ ਨੂੰ ਗੋਤ ਕਨਾਲਾ ਕਿਹਾ ਜਾਂਦਾ ਹੈ। ਚੌਲ ਜਾਂ ਪ੍ਰਸਾਦ ਨਾਲ ਰੋਟੀਆਂ ਪਕਾ ਕੇ ਪਰਾਂਤ ਵਿੱਚ ਰੱਖ ਲਈਆਂ ਜਾਂਦੀਆਂ ਹਨ ਅਤੇ ਸਾਰੀਆਂ ਗੋਤ ਦੀਆਂ ਸੁਹਾਗਣ ਔਰਤਾਂ ਨਾਲ ਮਿਲ ਕੇ ਦੁਲਹਨ ਚੌਲ ਅਤੇ ਪ੍ਰਸ਼ਾਦ ਅਤੇ ਰੋਟੀਆਂ ਖਾਂਦੀ ਹੈ। ਇਸ ਤਰ੍ਹਾਂ ਉਹ ਮੁੰਡੇ ਦੇ ਗੋਤ ਵਿੱਚ ਰਲ ਜਾਂਦੀ ਹੈ।

ਵਿਆਹ ਦੇ ਹਫ਼ਤਾ ਬਾਅਦ ਨਵੀਂ ਵਿਆਹੀ ਕੁੜੀ ਦੇ ਪੇਕੇ ਉਸ ਨੂੰ ਵਿਆਹ ਤੋਂ ਪਹਿਲੀ ਵਾਰ ਮਿਲਣ ਲਈ ਉਸ ਦੇ ਸਹੁਰੇ ਘਰ ਜਾਂਦੇ ਹਨ। ਉਹ ਕੁੜੀ ਦੇ ਸਹੁਰੇ ਪਰਿਵਾਰ ਲਈ ਕੱਪੜੇ ਆਦਿ ਲਿਜਾ ਕੇ ਮਿਲਣੀ ਦੀ ਰਸਮ ਅਦਾ ਕਰਦੇ ਹੋਏ ਉਸ ਨੂੰ ਸ਼ਗਨ ਦਿੰਦੇ ਹਨ ਅਤੇ ਉਸ ਨੂੰ ਪੇਕੇ ਘਰ ਲੈ ਕੇ ਜਾਂਦੇ ਹਨ। ਵਿਆਹ ਤੋਂ ਸਵਾ ਮਹੀਨਾ ਬਾਅਦ ਨਣਦ ਆਪਣੀ ਨਵੀਂ ਭਰਜਾਈ ਦੇ ਹੱਥੀਂ ਪਾਇਆ ਚੂੜਾ ਵਧਾਉਂਦੀ ਹੈ। ਭਰਜਾਈ ਨਣਦ ਨੂੰ ਚੜ੍ਹਾ ਵਧਾਉਣ ਦਾ ਸ਼ਗਨ ਦਿੰਦੀ ਹੈ।

ਵਿਆਹ ਦੌਰਾਨ ਨਿਭਾਈਆਂ ਜਾਂਦੀਆਂ ਰਸਮਾਂ ਆਪਣਾ ਆਪਣਾ ਮਹੱਤਵ ਰੱਖਦੀਆਂ ਹਨ। ਇਹ ਰਸਮਾਂ ਪਿੰਡਾਂ ਵਿਚ ਆਮ ਨਿਭਾਈਆਂ ਜਾਂਦੀਆਂ ਹਨ ਪਰ ਸ਼ਹਿਰੀ ਜੀਵਨ ਵਿੱਚ ਇਹਨਾਂ ਵੱਲ ਖਾਸ ਧਿਆਨ ਨਹੀਂ ਦਿੱਤਾ ਜਾਂਦਾ ਕਿਉਂਕਿ ਆਧੁਨਿਕ ਜੀਵਨ ਬੜਾ ਤੇਜ਼ ਹੋ ਰਿਹਾ ਹੈ। ਫਿਰ ਵੀ ਇਹਨਾਂ ਰਸਮਾਂ ਨੂੰ ਸਾਂਭਣ ਲਈ ਵਿਸ਼ੇਸ਼ ਉਪਰਾਲਾ ਕੀਤਾ ਜਾਣਾ ਚਾਹੀਦਾ ਹੈ।

### ਮੌਤ ਨਾਲ ਸਬੰਧਿਤ ਪੁਆਧੀ ਜੀਵਨ ਦੀਆਂ ਰਸਮਾਂ

ਸਾਡੇ ਜੀਵਨ ਦਾ ਅੰਤ ਮੌਤ ਹੈ। ਜਦੋਂ ਕਿਸੇ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਮਨੁੱਖ ਦੇ ਜੀਵਨ ਦੀਆਂ ਸਾਰੀਆਂ ਗਤੀਵਿਧੀਆਂ ਸਮਾਪਤ ਹੋ ਜਾਂਦੀਆਂ ਹਨ। ਉਸ ਦਾ ਇਸ ਸੰਸਾਰ ਵਿੱਚੋਂ ਸਭ ਦੇ ਨਾਲੋਂ ਰਿਸ਼ਤਾ ਸਮਾਪਤ ਹੋ ਜਾਂਦਾ ਹੈ। ਸਾਡਾ ਸਭਿਆਚਾਰ ਇੱਕ ਅਮੀਰ ਸਭਿਆਚਾਰ ਹੈ ਜਿਸ ਵਿੱਚ ਜਿੱਥੇ ਅਸੀਂ ਜਨਮ ਦੀ ਖੁਸ਼ੀ ਅਤੇ ਵਿਆਹ ਦੇ ਦੌਰਾਨ ਨਵੀਂ ਪੀੜ੍ਹੀ ਨਿਰਮਾਣ ਦੀ ਲੁਕੀ ਖੁਸ਼ੀ ਵੇਖਦੇ ਹਾਂ ਉੱਥੇ ਮੌਤ ਦੌਰਾਨ ਪੈਂਦਾ ਹੋਵੇ ਦੁੱਖ ਦੌਰਾਨ ਵੀ ਮਰਨ ਵਾਲੇ ਨੂੰ ਆਦਰ ਸਤਿਕਾਰ ਨਾਲ ਇਸ ਸੰਸਾਰ ਵਿਚੋਂ ਰਵਾਨਾ ਕਰਦੇ ਹੋਏ ਦੇਖਦੇ ਹਾਂ।

ਮਨੁੱਖ ਦੇ ਅੰਤਿਮ ਸਾਹ ਲੈਣ ਤੋਂ ਪਹਿਲਾਂ ਉਸ ਨੂੰ ਧਰਤੀ ਉੱਪਰ ਲਿਟਾ ਦਿੱਤਾ ਜਾਂਦਾ ਹੈ ਇਸਨੂੰ **ਤਲੇ ਪਾਉਣਾ** ਆਖਿਆ ਜਾਂਦਾ ਹੈ। ਉਸ ਦੇ ਸਿਰਹਾਣੇ ਵਲੋਂ ਦੀਵਾ ਜਗਾ ਕੇ ਰੱਖਿਆ ਜਾਂਦਾ ਹੈ ਮਰਨ ਤੋਂ ਬਾਅਦ ਇਹ ਦੀਵਾ ਬੁਝਾ ਦਿੱਤਾ ਜਾਂਦਾ ਹੈ। ਜਿਸ ਘਰ ਮੌਤ ਹੋ ਜਾਂਦੀ ਹੈ ਤਾਂ ਉਸ ਨੂੰ **ਰੌਣ ਪਿੱਟਣ** ਪੈਣਾ ਕਿਹਾ ਜਾਂਦਾ ਹੈ। ਪ੍ਰਾਣ ਨਿਕਲਣ ਸਮੇਂ ਜੇਕਰ ਕਿਸੇ ਦੀਆਂ ਅੱਖਾਂ ਖੁੱਲ੍ਹੀਆਂ ਰਹਿ ਜਾਣ ਤਾਂ ਬੰਦ ਕਰ ਦਿੱਤੀਆਂ ਜਾਂਦੀਆਂ ਹਨ। ਲੋਕ ਵਿਸ਼ਵਾਸ ਹੈ ਕਿ ਅੱਖਾਂ ਖੁੱਲ੍ਹੀਆਂ ਰਹਿਣਾ ਮਾੜਾ ਸ਼ਗਨ ਹੁੰਦਾ ਹੈ। ਜਿੰਨਾ ਚਿਰ ਅੰਤਿਮ ਸੰਸਕਾਰ ਨਹੀਂ ਕੀਤਾ ਜਾਂਦਾ ਉੱਨੀ ਦੇਰ ਤੱਕ ਮ੍ਰਿਤਕ ਸਰੀਰ ਨੂੰ **ਸੁੰਨਾ ਨਹੀਂ** ਛੱਡਿਆ ਜਾਂਦਾ। ਇਸ ਦੌਰਾਨ ਮ੍ਰਿਤਕ ਕੋਲ ਨਿੰਬ ਦੇ ਪੱਤੇ ਰੱਖੇ ਜਾਂਦੇ ਹਨ।

ਮ੍ਰਿਤਕ ਦੀ ਅੰਤਿਮ ਯਾਤਰਾ ਜੋ ਕਿ ਘਰ ਤੋਂ ਸ਼ਮਸਾਨ ਘਾਟ ਤੱਕ ਹੁੰਦੀ ਹੈ। ਉਸ ਵਿਚ ਸ਼ਾਮਿਲ ਹੋਣ ਲਈ ਸਾਰੇ ਰਿਸ਼ਤੇਦਾਰ, ਦੋਸਤ ਮਿੱਤਰ ਅਤੇ ਭਾਈਚਾਰਕ ਮੈਂਬਰ ਇਕੱਠੇ ਹੁੰਦੇ ਹਨ ਇਹ ਸਮਾਂ ਬਹੁਤ ਹੀ ਦਰਦ ਭਰਿਆ ਹੁੰਦਾ ਹੈ। ਔਰਤਾਂ ਕੀਰਨੇ ਪਾਉਂਦੀਆਂ ਹਨ ਇਹ ਕੀਰਨੇ ਉਹ ਆਪਣੇ ਆਪ ਨੂੰ ਪਿੱਟ ਕੇ ਲੰਬੀ ਹੇਕ ਵਿੱਚ ਦਰਦ ਭਰੇ ਬੋਲ ਉਚਾਰਦੀਆਂ ਹਨ।

ਹਾਏ ਪੁੱਤ ਕੀ ਲੋੜਾ ਹੋ ਗਿਆ ਵੇ...
ਤੇਰੀ ਭਰੀ ਵੇ ਜਵਾਨੀ ਤੂੰ ਉਮਰ ਭੋਗ ਕੇ
ਜਾਵੀਂ ਵੇ....

ਮ੍ਰਿਤਕ ਨੂੰ ਸ਼ਮਸਾਨ ਘਾਟ ਤਕ ਛੱਡਣ ਤੋਂ ਪਹਿਲਾਂ ਉਸ ਨੂੰ ਇਸ਼ਨਾਨ ਕਰਵਾਇਆ ਜਾਂਦਾ ਹੈ ਤੇ ਇਸ਼ਨਾਨ ਦਾ ਪਾਣੀ ਇਕ ਟੋਏ 'ਚ ਇਕੱਠਾ (ਜਥਾ ਖੋਦਣਾ) ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਮ੍ਰਿਤਕ ਦੇ ਨਵੇਂ ਕੱਪੜੇ ਪਾਏ ਜਾਂਦੇ ਹਨ ਉਸ ਤੋਂ ਬਾਅਦ ਉਸ ਨੂੰ ਅਰਥੀ ਉੱਪਰ ਲਿਟਾ ਦਿੱਤਾ ਜਾਂਦਾ ਹੈ। ਅਰਥੀ ਬਾਂਸ ਆਦਿ ਲੱਕੜਾਂ ਤੋਂ ਤਿਆਰ ਕੀਤੀ ਜਾਂਦੀ ਹੈ ਇਸ ਨੂੰ ਕਾਂਟ ਕੀ ਘੋੜੀ ਵੀ ਕਿਹਾ ਜਾਂਦਾ ਹੈ। ਅਰਥੀ ਉੱਪਰ ਮ੍ਰਿਤਕ ਨੂੰ ਲਟਾ ਕੇ ਉਸ ਉਪਰ ਕੱਫਣ ਪਾਇਆ ਜਾਂਦਾ ਹੈ। ਇਹ ਕੱਫਣ ਪਰਿਵਾਰਕ ਮੈਂਬਰ ਜਾਂ ਸਬੰਧਿਤ ਰਿਸ਼ਤੇਦਾਰ ਪਾਉਂਦੇ ਹਨ।ਅਰਥੀ ਉਪਰ ਪਏ ਮ੍ਰਿਤਕ ਦੇ ਸੰਬੰਧੀ ਸੋਗ ਵਿੱਚ ਡੁੱਬੇ ਹੋਏ ਉਸ ਨੂੰ ਮੱਥਾ ਟੇਕ ਕੇ ਰਵਾਨਾ ਕਰਦੇ ਹਨ।

ਜ਼ਿਆਦਾ ਉਮਰ ਭੋਗ ਚੁੱਕੇ ਬੁਜ਼ਰਗ ਦੀ ਅੰਤਿਮ ਯਾਤਰਾ ਖੁਸ਼ੀ ਭਰੇ ਮਾਹੌਲ ਵਿੱਚ ਬਾਜੇ ਵਜਾ ਕੇ, ਉਸ ਦੀ ਅਰਥੀ ਗੁਬਾਰਿਆਂ ਨਾਲ ਸਜਾ ਕੇ



ਕੀਤੀ ਜਾਂਦੀ ਹੈ। ਬਜ਼ੁਰਗ ਦੀ ਅਰਥੀ ਨੂੰ ਕੰਧਾ ਉਸ ਦੇ ਪੁੱਤ ਪੋਤਰੇ ਦਿੰਦੇ ਹਨ। ਮ੍ਰਿਤਕ ਦੇ ਇਸਨਾਨ ਦੌਰਾਨ ਜੋ ਪਾਣੀ ਇਕ ਟੋਏ ਵਿਚ ਇਕੱਠਾ ਹੁੰਦਾ ਹੈ। ਉਸਨੂੰ ਮਿੱਟੀ ਦੀ ਬਣੀ ਇੱਕ ਹਾਂਢੀ ਵਿੱਚ ਪਾਣੀ ਪਾ ਕੇ ਪਰਿਵਾਰਕ ਔਰਤ (ਜੇਕਰ ਪੁੱਤ ਮਰਦਾ ਹੈ ਤਾਂ ਮਾਂ, ਪਤੀ ਮਰਦਾ ਹੈ ਤਾਂ ਪਤਨੀ, ਸਹੁਰਾ ਮਰਦਾ ਹੈ ਤਾਂ ਨੂੰਹ) ਉਠਾਉਂਦੀ ਹੈ ਅਤੇ ਸ਼ਮਸਾਨ ਘਾਟ ਤੱਕ ਅਰਥੀ ਦੇ ਪਿੱਛੇ-ਪਿੱਛੇ ਤੁਰਦੀ ਹੈ ਇਸ ਨੂੰ **ਹਾਂਢੀ ਚੁੱਕਣਾ** ਕਿਹਾ ਜਾਂਦਾ ਹੈ। ਇਹ ਹਾਂਢੀ ਉਹ ਸ਼ਮਸਾਨ ਘਾਟ ਤੋਂ ਥੋੜ੍ਹੀ ਦੂਰ ਸੁੱਟ ਕੇ ਤੋੜ ਦਿੰਦੀ ਹੈ। ਜਦੋਂ ਮ੍ਰਿਤਕ ਦੀ ਅਰਥੀ ਨੂੰ ਕੰਧਿਆ ਉਪਰ ਚੁੱਕ ਕੇ ਸ਼ਮਸਾਨ ਘਾਟ ਤੱਕ ਲਿਜਾਇਆ ਜਾਂਦਾ ਹੈ ਤਾਂ ਉਸ ਦੌਰਾਨ ਉਸਦਾ ਪੁੱਤਰ ਜਾਂ ਹੋਰ ਕੋਈ ਪਰਿਵਾਰ ਮੈਂਬਰ ਪੰਡਿਤ ਦੇ ਕਹੇ ਅਨੁਸਾਰ ਰਸਤੇ ਵਿੱਚ ਆਟੇ ਦੇ ਬਣੇ ਪੇੜੇ ਰੱਖਦਾ ਜਾਂਦਾ ਹੈ ਇਸ ਨੂੰ ਪਿੰਡ ਦੇਣੇ ਕਿਹਾ ਜਾਂਦਾ ਹੈ। ਅੰਤਿਮ ਸੰਸਕਾਰ ਹੋਣ ਜਾਣ ਤੋਂ ਬਾਅਦ ਦੂਸਰੇ ਦਿਨ ਉਹੀ ਪੁੱਤਰ ਜਿੱਥੇ-ਜਿੱਥੇ ਪੇੜੇ ਰੱਖਦਾ ਹੈ ਉਨ੍ਹਾਂ ਥਾਂਵਾਂ ਉੱਪਰ ਲਗਾਤਾਰ ਦਸ ਦਿਨ ਪੰਡਿਤ ਨਾਲ ਜਾ ਕੇ ਦੀਵੇ ਬਾਲ ਕੇ ਆਉਂਦਾ ਹੈ।

ਮ੍ਰਿਤਕ ਸਰੀਰ ਨੂੰ ਚਿਤਾ ਉੱਪਰ ਲਿਟਾਉਣ ਤੋਂ ਬਾਅਦ ਮ੍ਰਿਤਕ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਜਾਂਦੀ ਹੈ ਉਸ ਤੋਂ ਬਾਅਦ ਪੁੱਤਰ ਚਿਤਾ ਨੂੰ ਅੱਗ ਦਿੰਦਾ ਹੈ। ਮ੍ਰਿਤਕ ਦੇ ਘਰ ਚੁੱਲ੍ਹੇ ਵਿਚ ਅੱਗ ਨਹੀਂ ਜਲਾਈ ਜਾਂਦੀ ਅਤੇ ਨਾ ਹੀ ਅੰਤਿਮ ਸੰਸਕਾਰ ਦੌਰਾਨ ਜੋ ਕੱਪੜੇ ਪਰਿਵਾਰਕ ਮੈਂਬਰ ਨੇ ਪਾਏ ਹੁੰਦੇ ਹਨ ਉਹ ਧੋਤੇ ਜਾਂਦੇ ਹਨ। ਇਹ ਕੱਪੜੇ ਅੰਤਿਮ ਸੰਸਕਾਰ ਤੋਂ ਦਸ ਦਿਨਾਂ ਬਾਅਦ ਧੋਤੇ ਜਾਂਦੇ ਹਨ ਜਿਸ ਨੂੰ ਦਸਾਈ ਧੋਣਾ ਕਿਹਾ ਜਾਂਦਾ ਹੈ।

ਅੰਤਿਮ ਸੰਸਕਾਰ ਕਰਨ ਤੋਂ ਬਾਅਦ ਸ਼ਮਸਾਨ ਘਾਟ ਤੋਂ ਵਾਪਸ ਘਰ ਅੰਦਰ ਦਾਖਲ ਹੋਣ ਤੋਂ ਪਹਿਲਾਂ ਸਾਰੇ ਵਿਅਕਤੀ ਰਸਤੇ ਵਿਚ ਪਾਣੀ ਨਾਲ ਹੱਥ ਧੋਂਦੇ ਹਨ। ਇਹ ਰਸਮਾਂ ਰੱਬ ਦਾ ਭਾਣਾ ਮੰਨਣ ਦਾ ਅਹਿਸਾਸ ਕਰਾਉਂਦੀਆਂ ਹਨ। ਜਿਸ ਟੋਏ ਵਿਚ ਮ੍ਰਿਤਕ ਦੇ ਇਸ਼ਨਾਨ ਕਰਾਉਣ ਸਮੇਂ ਪਾਣੀ ਇਕੱਠਾ ਕੀਤਾ ਹੈ ਚਿਤਾ ਨੂੰ ਅੱਗ ਦੇਣ ਵਾਲਾ ਪੁੱਤ ਉਸ ਟੋਏ ਨੂੰ ਬੰਦ ਕਰਦਾ ਹੈ। ਘਰ ਅੰਦਰ ਦਾਖਲ ਹੋਣ ਤੋਂ ਬਾਅਦ ਕਿਸੇ ਭਾਂਡੇ ਵਿੱਚ ਪਾਣੀ ਹੋਵੇ ਤਾਂ ਡੋਲ੍ਹ ਦਿੱਤਾ ਜਾਂਦਾ ਹੈ। ਇਹ ਵਿਚਾਰ ਕੀਤਾ ਜਾਂਦਾ ਹੈ ਕਿ ਇਸ ਨਾਲ ਮ੍ਰਿਤਕ ਦਾ ਰਿਸ਼ਤਾ ਪਰਿਵਾਰ ਨਾਲ ਟੁੱਟ ਜਾਂਦਾ ਹੈ। ਅੰਤਿਮ ਸੰਸਕਾਰ ਤੋਂ ਦੂਸਰੇ ਤੀਸਰੇ ਦਿਨ ਫੁੱਲ ਚੁੱਗਣ ਦੀ ਰਸਮ ਨਿਭਾਈ ਜਾਂਦੀ ਹੈ। ਫੁੱਲ ਮ੍ਰਿਤਕ ਦੇ ਕੁਝ ਸਰੀਰ ਅੰਗ ਨਹੁੰ,

ਹੱਡੀਆਂ ਆਦਿ ਹੁੰਦੇ ਹਨ। ਫੁੱਲ ਚੁਗਣ ਲਈ ਪਰਿਵਾਰਕ ਮੈਂਬਰ, ਰਿਸ਼ਤੇਦਾਰ ਅਤੇ ਭਾਈਚਾਰੇ ਦੇ ਆਦਮੀ ਇਕੱਠੇ ਹੋ ਕੇ ਜਾਂਦੇ ਹਨ। ਉਹ ਆਪਣੇ ਨਾਲ ਕੱਚੀ ਦੁੱਧ ਦੀ ਲੱਸੀ, ਫੁੱਲ ਪਾਉਣ ਵਾਲੀ ਥੈਲੀ (ਚਿੱਟੀ ਜਾਂ ਲਾਲ) ਮੜ੍ਹੀ ਢੱਕਣ ਲਈ ਕੱਪੜਾ, ਸੂਤ ਦੀ ਡੋਰ ਆਦਿ ਲੈ ਕੇ ਜਾਂਦੇ ਹਨ। ਫੁੱਲ ਚੁੱਗਣ ਤੋਂ ਬਾਅਦ ਥੈਲੀ ਵਿੱਚ ਪਾ ਕੇ ਕਿਸੇ ਦਰਖੱਤ ਨਾਲ ਟੰਗ ਦਿੱਤੇ ਜਾਂਦੇ ਘਰ ਨਹੀਂ ਲਿਆਏ ਜਾਂਦੇ। ਫੁੱਲ ਚੁੱਗਣ ਸਮੇਂ ਪਰਿਵਾਰਕ ਮੈਂਬਰ ਨੂੰ ਸਹਾਇਤਾ ਵਜੋਂ ਪੈਸੇ ਦਿੱਤੇ ਜਾਂਦੇ ਹਨ। ਚੁਗੇ ਹੋਏ ਫੁੱਲ ਹਰਿਦੁਆਰ ਜਾਂ ਕੀਰਤਪੁਰ ਵਿਖੇ ਪਾਣੀ 'ਚ ਅਰਪਿਤ ਕੀਤੇ ਜਾਂਦੇ ਹਨ।

ਜਿਸਨੇ ਹਾਂਢੀ ਤੋੜੀ ਹੁੰਦੀ ਹੈ ਦਸ ਦਿਨਾਂ ਤੱਕ ਉਸ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ ਉਸ ਨੂੰ ਕੋਈ ਕੰਮ ਨਹੀਂ ਕਰਨ ਦਿੱਤਾ ਜਾਂਦਾ ਤੇ ਘਰ ਵਿਚ ਜੋ ਚੀਜ਼ ਬਣਦੀ ਹੈ ਸਭ ਤੋਂ ਪਹਿਲਾਂ ਉਸ ਨੂੰ ਦਿੱਤੀ ਜਾਂਦੀ ਹੈ।

ਮ੍ਰਿਤਕ ਦੀ ਆਤਮਿਕ ਸ਼ਾਂਤੀ ਲਈ ਘਰ ਵਿਚ ਪੂਜਾ ਪਾਠ ਕਰਵਾਇਆ ਜਾਂਦਾ ਹੈ। ਜਿਸ ਦਿਨ ਪਾਠ ਦਾ ਭੋਗ ਪੈਂਦਾ ਹੈ ਉਸ ਨੂੰ **ਵਾਰਾਂ ਕਰਨਾ** ਕਿਹਾ ਜਾਂਦਾ ਹੈ। ਦਸਵੇਂ ਦਿਨ ਦਾ ਖਾਸ ਮਹੱਤਵ ਹੈ ਇਸ ਦਿਨ ਅੰਤਿਮ ਸੰਸਕਾਰ ਵਾਲੇ ਪਾਏ ਕੱਪੜੇ ਧੋਣ ਦੇ ਨਾਲ ਪਰਿਵਾਰਕ ਔਰਤਾਂ ਖਾਸ ਤੌਰ ਤੇ ਹਾਂਢੀ ਤੋੜਣ ਵਾਲੀ ਔਰਤ, ਆਪਣਾ ਸਿਰ ਕਿਸੇ ਖੂਹ ਤੇ ਜਾ ਕੇ ਧੋਂਦੀਆਂ ਹਨ। ਇਸ ਦਿਨ ਤੱਕ ਚਿਤਾ ਨੂੰ ਅੱਗ ਦੇਣ ਵਾਲਾ ਪੁੱਤਰ ਰਸਤੇ (ਘਰ ਤੋਂ ਸਮਸਾਨ ਤੱਕ) ਵਿੱਚ ਦੀਵੇ ਬਾਲਦਾ ਹੈ ਅਤੇ ਦਸਵੇਂ ਦਿਨ ਉਸ ਦੇ ਸਿਰ ਤੋਂ ਵਾਲ ਕੱਟ ਦਿੱਤੇ ਜਾਂਦੇ ਹਨ। ਅੰਤਿਮ ਸੰਸਕਾਰ ਤੋਂ ਗਿਆਰਵੇਂ ਦਿਨ ਬਾਅਦ ਖਾਸ ਪੁੰਨ ਦਾਨ ਕੀਤਾ ਜਾਂਦਾ ਹੈ। ਗੜਵੀਆਂ ਵਿੱਚ ਪਾਣੀ ਭਰ ਕੇ ਡੋਲ੍ਹਿਆ ਜਾਂਦਾ ਹੈ ਅਤੇ ਕੰਜਕਾਂ ਨੂੰ ਰੋਟੀ ਖਵਾਈ ਜਾਂਦੀ ਹੈ। ਇਹ ਕਿਰਿਆ ਚਿਤਾ ਨੂੰ ਅੱਗ ਦੇਣ ਵਾਲਾ ਵਿਅਕਤੀ ਪੰਡਿਤ ਦੇ ਕਹੇ ਅਨੁਸਾਰ ਕਰਦਾ ਹੈ।

ਮ੍ਰਿਤਕ ਆਤਮਿਕ ਸ਼ਾਂਤੀ ਲਈ ਘਰ ਵਿਚ ਰੱਖੇ ਪਾਠ ਦੇ ਸੰਪੂਰਨ ਹੋਣ ਵਾਲੇ ਦਿਨ ਹਵਨ ਕੀਤਾ ਜਾਂਦਾ ਹੈ। ਇਹ ਹਵਨ ਵੀ ਆਤਮਿਕ ਸ਼ਾਂਤੀ ਲਈ ਕੀਤਾ ਜਾਂਦਾ ਹੈ। ਇਸ ਹਵਨ ਵਿੱਚ ਹਾਂਢੀ ਚੁੱਕਣ ਵਾਲੀ ਔਰਤ ਅਤੇ ਚਿਤਾ ਨੂੰ ਅੱਗ ਦੇਣ ਵਾਲਾ ਪੁੱਤਰ ਸ਼ਾਮਿਲ ਹੁੰਦੇ ਹਨ। ਇਸੇ ਦਿਨ ਪੱਗੜੀ ਦੀ ਰਸਮ ਵੀ ਹੁੰਦੀ ਹੈ। ਇਹ ਪੱਗੜੀ ਪਰਿਵਾਰ ਦੇ ਵੱਡੇ ਪੁੱਤਰ ਦੇ ਸਿਰ ਉਪਰ ਪੰਚਾਇਤ ਬੰਨ੍ਹਦੀ ਹੈ। ਪੱਗੜੀ ਬੰਨ੍ਹਣ ਤੋਂ ਭਾਵ ਪਰਿਵਾਰ ਦੀ ਸਾਰੀ ਜ਼ਿੰਮੇਵਾਰ ਹੁਣ ਵੱਡੇ



ਪੁੱਤਰ ਦੇ ਮੋਢਿਆਂ ਉੱਪਰ ਹੈ। ਮ੍ਰਿਤਕ ਨੂੰ ਯਾਦ ਕਰਨ ਵਜੋਂ ਅਤੇ ਉਸ ਦਾ ਇਸ ਸੰਸਾਰ ਵਿਚ ਸਤਿਕਾਰ ਵਧਾਉਣ ਦੇ ਮਨੋਰਥ ਨਾਲ ਮਰਨ ਤੋਂ ਸਾਲ ਬਾਅਦ **ਪਿਤਰਾਂ ਨੂੰ ਸ਼ਰਾਧ** ਦੀ ਰਸਮ ਰੋਟੀ, ਖੀਰ ਆਦਿ ਤਿਆਰ ਕਰਕੇ ਪੰਡਿਤ ਜਾਂ ਗ੍ਰੰਥੀ ਨੂੰ ਖਵਾਈ ਜਾਂਦੀ ਹੈ। ਇਸ ਦਿਨ ਕੱਪੜੇ ਤੇ ਰੁਪਏ ਵੀ ਦਾਨ ਵਜੋਂ ਪੰਡਿਤ ਜਾਂ ਗ੍ਰੰਥੀ ਨੂੰ ਦਿੱਤੇ ਜਾਂਦੇ ਹਨ। ਸਿੱਖ ਤੇ ਹਿੰਦੂ ਪਰਿਵਾਰਾਂ ਤੋਂ ਬਿਨਾਂ ਮੁਸਲਮਾਨ, ਈਸਾਈ ਤੇ ਹੋਰ ਵਰਨਾਂ ਵਾਲੇ ਪੁਆਧ 'ਚ ਵੱਸਣ ਵਾਲੇ, ਆਪਣੇ-ਆਪਣੇ ਧਰਮਾਂ ਤੇ ਵਿਸ਼ਵਾਸਾਂ ਅਨੁਸਾਰ ਰਸਮ-ਰਿਵਾਜ ਕਰਦੇ ਹਨ।

(**ਨੋਟ** : ਸਮੇਂ ਦੀ ਤਬਦੀਲੀ ਨਾਲ ਹੁਣ ਕਈ ਪੁਰਾਣੀਆਂ ਰਸਮਾਂ ਆਧੁਨਿਕ ਢੰਗ ਨਾਲ ਕੀਤੀਆਂ ਜਾਂਦੀਆਂ ਹਨ।) ਸਭਿਆਚਾਰ ਵਿੱਚ ਪ੍ਰੀਵਰਤਨ ਅਤੇ ਵਿਕਾਸ ਇੱਕ ਕੁਦਰਤੀ ਵਰਤਾਰਾ ਹੈ। ਵਿਗਿਆਨਕ-ਸੋਚ ਨੇ ਸਾਡੇ ਰਸਮਾਂ ਰਿਵਾਜਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ।

(2005 'ਚ ਜਾਣਕਾਰੀ ਦੇ ਆਧਾਰ 'ਤੇ ਲਿਖਿਆ ਖੋਜ-ਪੱਤਰ)
- ਸੰਪਾਦਕ

****

# ਪੁਆਧ ਦੀ ਕਵੀਸ਼ਰੀ-ਪਰੰਪਰਾ ਅਤੇ ਕਵੀਸ਼ਰ ਰੌਣਕ ਸਿੰਘ ਚੁੰਨ੍ਹੀ ਕਲਾਂ

**- ਜਗਜੀਤ ਸਿੰਘ** (ਡਾ.)

**ਮੋਬਾ. 9417021427**

ਹਰ ਖਿੱਤੇ ਦਾ ਸਭਿਆਚਾਰ ਉਸਦੇ ਅੰਦਰੂਨੀ ਵਰਤਾਓ ਦਾ ਪਛਾਣ-ਚਿੰਨ੍ਹ ਹੁੰਦਾ ਹੈ। ਇਹ ਉਸਦੀ ਮੌਲਿਕਤਾ ਦੀ ਅਭਿਵਿਅਕਤੀ ਕਰਦਾ ਹੈ ਅਤੇ ਸੰਬੰਧਿਤ ਖਿੱਤੇ ਦੇ ਲੋਕਾਂ ਦੀ ਮਾਣ-ਮਰਿਆਦਾ ਦਾ ਅਤੇ ਮੇਲ-ਜੋਲ ਦੀ ਜਿਊਂਦੀ ਜਾਗਦੀ ਗਵਾਹੀ ਵੀ ਹੁੰਦਾ ਹੈ। ਇਸੇ ਲਈ ਸਭਿਆਚਾਰ ਨੂੰ ਵਿਦਵਾਨਾਂ ਨੇ ਨਿਰੰਤਰ ਵਹਿੰਦਾ ਲੋਕ-ਪ੍ਰਵਾਹ ਪ੍ਰਵਾਨਿਆ ਹੈ। ਲੋਕਧਾਰਾ ਇਸੇ ਲੋਕ-ਪ੍ਰਵਾਹ ਦਾ ਅਜਿਹਾ ਅਹਿਮ ਤੇ ਸੂਖਮ ਅੰਗ ਹੈ। ਜੋ ਮਨੁੱਖ ਦੀ ਕੁਦਰਤੀ ਅਤੇ ਸਮਾਜਿਕ ਹੋਂਦ ਦੇ ਆਪਸੀ ਰਿਸ਼ਤੇ ਵਿਚੋਂ ਜਨਮ ਲੈਂਦਾ ਹੈ। ਦੂਜੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਲੋਕ-ਧਾਰਾ ਹਰੇਕ ਭੂਗੋਲਿਕ ਖਿੱਤੇ ਦੇ ਸਮਾਜਿਕ ਸਮੁੱਚ ਦਾ ਇਤਿਹਾਸਕ ਪਰਿਪੇਖ ਵਿਚ ਰਚਿਆ ਗਿਆ ਮਨੁੱਖੀ ਜੀਵਨ ਦਾ ਉਹ ਪ੍ਰਗਟਾਓ ਮਾਧਿਆਮ ਹੈ ਜਿਸ ਰਾਹੀਂ ਉਹ ਉਸ ਸਮੁੱਚੇ ਸਮਾਜਿਕ ਇਤਿਹਾਸਕ ਅਤੇ ਪ੍ਰਕਿਰਤਕ ਮਨੁੱਖੀ ਵਰਤਾਰੇ ਅਤੇ ਕੁਦਰਤ ਤੋਂ ਪ੍ਰਾਪਤ ਕੀਤੇ ਅਨੁਭਵ ਨੂੰ ਸਮੁੱਚਤਾ ਵਿਚ ਪ੍ਰਗਟਾਉਂਦਾ ਹੈ।

ਕਵੀਸ਼ਰ ਰੌਣਕ ਸਿੰਘ ਚੁੰਨ੍ਹੀ ਕਲਾਂ ਦੇ ਜੀਵਨ, ਰਚਨਾ, ਜੀਵਨ-ਦ੍ਰਿਸ਼ਟੀ ਕੋਣ ਅਤੇ ਕਵੀਸ਼ਰੀ ਕਲਾ ਬਾਰੇ ਵਿਚਾਰ ਚਰਚਾ ਕਰਨ ਤੋਂ ਪਹਿਲਾਂ ਪੁਆਧ ਦੀ ਕਵੀਸ਼ਰੀ ਪਰੰਪਰਾ ਸਿਰਲੇਖ ਅਧੀਨ ਤਿੰਨ ਪਦ ਨਿਖੇੜ ਕੇ ਵਿਚਾਰਨ ਦੀ ਆਵਸ਼ਕਤਾ ਹੈ। ਇਨ੍ਹਾਂ ਵਿਚੋਂ ਪਹਿਲਾਂ ਪਦ ਹੈ 'ਪੁਆਧ' ਦੂਜਾ ਪਦ ਹੈ 'ਕਵੀਸ਼ਰੀ' ਅਤੇ ਤੀਜਾ ਪਦ ਹੈ 'ਪਰੰਪਰਾ' ਬੇਸ਼ਕ ਵਿਚਕਾਰਲਾ ਪਦ 'ਕਵੀਸ਼ਰੀ' ਸਮੁੱਚੀ ਪੰਜਾਬੀ ਕਵੀਸ਼ਰੀ ਦੇ ਸੰਦਰਭ ਵਿੱਚ ਸਮਾਨਤਾ ਰੱਖਦਾ ਹੈ ਪਰ ਜਦੋਂ ਅਸੀਂ ਇਸ ਨੂੰ ਪੁਆਧ ਖੇਤਰ ਦੀ ਇਲਾਕਾਈ ਵੰਡ ਅਤੇ ਪੁਆਧੀ ਕਲਾਵਾਂ ਦੀ ਪਰੰਪਰਾ ਦੇ ਪ੍ਰਸੰਗ ਵਿਚ ਪਰਖਦੇ ਹਾਂ ਤਾਂ ਉਮੀਦ ਬੱਝਦੀ ਹੈ ਕਿ ਇਸ ਨਾਲ ਸੰਬੰਧਿਤ ਕੁਝ ਨਵੇਂ-ਨਵੇਕਲੇ ਨੁਕਤੇ ਵੀ ਉਭਰਨਗੇ।

ਪੁਆਧ ਸਮੁੱਚੇ ਪੰਜਾਬ ਦਾ ਅਜਿਹਾ ਇਲਾਕਾ ਹੈ ਜਿਹੜਾ ਪੰਜਾਬ ਦੇ ਮੈਦਾਨੀ ਤੱਟ ਦੇ ਲਗਪਗ ਸਿਰੇ ਆਣ ਲੱਗਦਾ ਹੈ ਅਤੇ ਪਹਾੜੀ ਇਲਾਕੇ ਦੇ



ਮੁੱਢ ਵਿਚ ਪਿਆ ਹੋਇਆ ਹੈ, ਇਸ ਕਾਰਨ ਕਿਤੇ ਤਾਂ ਪੁਆਧ, ਮਾਝੇ, ਮਾਲਵੇ, ਦੁਆਬੇ ਨਾਲੋਂ ਨਿੱਖੜਦਾ ਹੈ ਅਤੇ ਦੂਜੇ ਪਾਸੇ ਪਹਾੜੀ ਇਲਾਕਿਆਂ ਨਾਲ ਵੀ ਪੂਰਾ ਮੇਲ ਨਹੀਂ ਖਾਂਦਾ। ਅੰਬਾਲਾ ਦੇ ਆਸ ਪਾਸ ਦਾ ਇਲਾਕਾ ਵਧੇਰੇ ਹਿੰਦੀ ਪੁੱਛ ਵਾਲਾ ਹੋਣ ਕਾਰਨ ਠੇਠ, ਕੇਂਦਰੀ ਪੰਜਾਬੀ ਅਤੇ ਠੇਠ ਇਲਾਕਾਈ ਪੁਆਧੀ ਉੱਪ-ਭਾਸ਼ਾ ਤੋਂ ਨਿਰਲੇਪ ਜਾਂ ਅਣਜਾਣ ਹੀ ਲੱਗਦਾ ਹੈ। ਇਸ ਲਿਹਾਜ਼ ਨਾਲ ਪੁਆਧ ਦਾ ਜਿਹੜਾ ਭੂਗੋਲਿਕ ਖੇਤਰ ਸਤਲੁਜ ਦੇ ਨੇੜੇ-ਤੇੜੇ ਹੈ, ਘੱਗਰ ਦਰਿਆ ਦੇ ਆਸ ਪਾਸ ਹੈ ਅਤੇ ਮਾਲਵੇ ਵਾਲੇ ਪਾਸਿਓਂ ਵੱਧਦਾ-ਵੱਧਦਾ ਰੋਪੜ ਤੱਕ ਆਣ ਲੱਗਦਾ ਹੈ। ਇਸ ਇਲਾਕੇ ਦੀਆਂ ਕਲਾਤਮਕ, ਸਭਿਆਚਾਰਕ ਅਤੇ ਪਰੰਪਰਾਗਤ ਵਿਸ਼ੇਸ਼ਤਾਵਾਂ ਨੂੰ ਰੋਪੜ (ਰੂਪਨਗਰ) ਦਾ ਇਲਾਕਾ ਵਿਸ਼ੇਸ਼ ਤੌਰ ਤੇ ਉੱਭਾਰਦਾ ਹੈ। ਅਨੇਕ ਸਮਿਆਂ 'ਚ ਐਸ.ਏ.ਐਸ.ਨਗਰ (ਮੁਹਾਲੀ) ਜ਼ਿਲ੍ਹਾ ਬਣਨ ਨਾਲ ਪੁਆਧ ਦਾ ਇਹ ਖਿੱਤਾ ਵਧੇਰੇ ਚਰਚਾ ਦਾ ਕੇਂਦਰ ਬਣਦਾ ਹੈ। ਕੁਦਰਤੀ ਨਿਯਮਾਂ ਅਨੁਸਾਰ ਦੁਨੀਆਂ ਦੀਆਂ ਸਾਰੀਆਂ ਸਭਿਆਤਾਵਾਂ ਦਾ ਆਰੰਭ ਅਕਸਰ ਦਰਿਆਵਾਂ ਦੇ ਕੰਢਿਆਂ 'ਤੇ ਹੀ ਹੋਇਆ। ਇਸ ਕਰਕੇ ਵਧੇਰੇ ਲੋਕ-ਕਲਾਵਾਂ ਸਤਲੁਜ ਅਤੇ ਘੱਗਰ ਦੇ ਨਾਲ ਜੁੜੇ ਰੋਪੜ ਦੇ ਇਲਾਕੇ ਦੇ ਆਸ-ਪਾਸ ਵੀ ਅਤੇ ਦੂਰ-ਦੁਰਾਡੇ ਤਕ ਵੀ ਪੁਆਧੀ ਪੰਜਾਬੀ ਸਭਿਆਚਾਰ ਦੀ ਰੂਹ ਨੂੰ ਸਾਂਭੀ ਬੈਠੀਆਂ ਹਨ।

ਕਵੀਸ਼ਰੀ ਪਰੰਪਰਾ ਲੋਕ-ਕਾਵਿ ਕਲਾ ਪਰੰਪਰਾ ਹੈ ਪਰੰਪਰਾ ਹਮੇਸ਼ਾਂ ਲੋਕਾਂ ਨਾਲ ਸੰਬੰਧਿਤ ਹੁੰਦੀ ਹੈ।ਲੋਕ ਹੀ ਪਰੰਪਰਾ ਨੂੰ ਅੱਗੇ ਤੋਰਦੇ, ਸਵੀਕਾਰਦੇ ਅਤੇ ਵਿਸਥਾਰਦੇ ਹਨ। ਕਲਾਕਾਰ ਤਾਂ ਸਿਰਫ਼ ਇਸ ਲੋਕ-ਪਰੰਪਰਾ ਨੂੰ ਕਲਾ ਵਿੱਚ ਪਰੋਂਦੇ ਹੋਏ ਲੋਕ, ਲੋਕ-ਮਨ ਨੂੰ ਆਪਣੀ ਕਲਾ ਕੌਸ਼ਲਤਾ ਦੁਆਰਾ ਮੁੜ ਲੋਕਾਂ ਤੱਕ ਪਰਤਾਉਂਦੇ ਹਨ। ਕਵੀਸ਼ਰ ਸ਼ਬਦ ਨੂੰ ਪਦ-ਛੇਦ ਕੀਤਿਆਂ ਕਵੀ-ਈਸ਼ਵਰੀ ਬਣਦਾ ਹੈ। ਇਕ ਆਮ ਧਾਰਨਾ ਹੈ ਕਿ ਹਰ ਕਲਾ ਕੁਦਰਤੀ ਦਾਤ ਹੈ। ਇਸ ਨੂੰ ਰੱਬੀ ਦਾਤ ਵੀ ਮੰਨਿਆ ਜਾਂਦਾ ਹੈ। ਗੁਰਬਾਣੀ ਨੂੰ ਮੰਨਣ ਵਾਲੇ ਤਾਂ ਹਰ ਦਾਤ ਉਸ 'ਦਾਤੇ' ਦੀ ਹੀ ਬਖ਼ਸ਼ੀ ਹੋਈ ਮੰਨਦੇ ਹਨ ਤਾਂ ਕਿ ਕਿਧਰੇ ਆਪਣੀ ਮਿਹਨਤ ਅਤੇ ਕਮਾਈ ਦਾ ਹੰਕਾਰ ਨਾ ਹੋ ਜਾਵੇ। ਇਹ ਹਉਮੈਂ ਦੇ ਤਿਆਗ ਦਾ ਪ੍ਰਤੀਕ ਹੈ। ਸਮੁੱਚੀ ਪੰਜਾਬੀ ਕਵੀਸ਼ਰੀ ਪਰੰਪਰਾ ਵਿਚ ਵੀ ਕਵੀ ਸਬਦਾਂ ਰਾਹੀਂ ਕਾਵਿ ਦਾ ਸਿਰਜਕ ਹੋਣ ਸਦਕਾ, ਉਹ ਆਪਣੀ ਹਰ ਰਚਨਾ ਦੇ ਆਰੰਭ ਵਿਚ ਮੰਗਲਾਚਰਨ ਰਾਹੀਂ ਜੱਗ ਦੇ ਸਿਰਜਣਹਾਰ ਦੀ ਉਪਮਾ ਕਰਦਾ

ਹੈ। ਕਵੀਸ਼ਰੀ ਮੱਧਕਾਲ ਦੀ ਅਜਿਹੀ ਜੀਵੰਤ ਨਿਭਾਓ ਕਲਾ ਹੈ ਜਿਹੜੀ ਸਿੱਖਿਆਤਮਕ, ਕਲਾਤਮਕ ਅਤੇ ਮਨੋਰੰਜਨੀ ਕਾਰਜ ਇਕੋ ਸਮੇਂ ਨਿਭਾਉਂਦੀ ਹੈ, ਉਹ ਵੀ ਬਿਨਾਂ ਸੰਗੀਤਕ ਸਾਜ਼ਾਂ ਦੀ ਸਹਾਇਤਾ ਦੇ। ਇਸ ਪ੍ਰਕਾਰ ਕਵੀਸ਼ਰੀ ਗਾਇਨ-ਕਲਾ। ਹਿੱਕ ਦੇ ਜ਼ੋਰ ਨਾਲ ਗਾਈ ਜਾਣ ਵਾਲੀ ਇਕ ਸ਼ੁੱਧ ਲੋਕ-ਗਾਇਨ-ਕਲਾ ਦਾ ਨਮੂਨਾ ਸਿੱਧ ਹੁੰਦੀ ਹੈ, ਦੂਜਾ ਕਵੀਸ਼ਰ ਬਿਨਾਂ ਸਾਜ਼ਾਂ ਤੋਂ ਕਾਵਿ-ਗਾਇਨ ਪ੍ਰਸਤੁਤ ਕਰਦਿਆਂ ਇਹ ਖੱਪਾ ਆਪਣੀਆਂ ਢੁੱਕਵੀਆਂ ਸਰੀਰਕ ਮੁਦਰਾਵਾਂ ਰਾਹੀਂ ਪੂਰਨ ਦੀ ਮੁਹਾਰਤ ਰੱਖਦਾ ਹੈ।

ਪੁਆਧੀ ਦੀ ਕਵੀਸ਼ਰੀ ਪਰੰਪਰਾ ਨੇ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਉੱਚ ਪੱਧਰੀ ਕਲਾਤਮਕਤਾ ਦਾ ਸਬੂਤ ਦਿੰਦਿਆਂ ਇਸ ਵਿਕੋਲਿਤਰੀ ਪੁਆਧੀ ਕਵੀਸ਼ਰੀ ਪਰੰਪਰਾ ਨੂੰ ਵਿਗਸਾਉਣ ਵਿਚ ਪੂਰਾ ਯੋਗਦਾਨ ਪਾਇਆ ਹੈ। ਇਹ ਯੋਗਦਾਨ ਪੁਆਧੀ ਉਪ-ਭਾਸ਼ਾਈ ਸ਼ਬਦਾਂ ਦੀ ਢੁੱਕਵੀਂ ਵਰਤੋਂ ਅਤੇ ਉਚੇਰੇ ਤੇ ਪਕੇਰੇ ਵਿਚਾਰਾਂ ਦੀ ਕਲਾਤਮਕ ਉਸਾਰੀ ਕਰਕੇ ਸੰਭਵ ਹੋਇਆ ਹੈ ਜਿਸਨੇ ਇਸ ਨਿਵੇਕਲੀ ਕਲਾ ਨੂੰ ਸਦੀਵ ਸੁਹੱਪਣ ਪ੍ਰਦਾਨ ਕੀਤਾ ਹੈ। ਕਿਸੇ ਵੀ ਖਿੱਤੇ ਦੀ ਧਰਤੀ, ਉਸਦਾ ਵਾਤਾਵਰਨ, ਉਸਦਾ ਚੌਗਿਰਦਾ ਅਤੇ ਉਸਦੇ ਮੌਸਮਾਂ ਦਾ ਪ੍ਰਭਾਵ ਉਸਦੇ ਮਹੌਲ ਦੇ ਸਮੁੱਚੇ, ਬੱਝਵੇਂ ਪ੍ਰਭਾਵ ਅਧੀਨ ਨਾ ਕੇਵਲ ਮਨੁੱਖ ਉੱਪਰ, ਮਨੁੱਖੀ ਮਨ ਉੱਪਰ ਹੀ ਪੈਂਦਾ ਹੈ ਸਗੋਂ ਮਨੁੱਖੀ ਕਲਾਵਾਂ ਉੱਪਰ ਵੀ ਇਸਦਾ ਪ੍ਰਭਾਵ ਪੈਂਦਾ ਹੈ। ਪੁਆਧੀ ਖਿੱਤੇ ਦੇ ਲੋਕਾਂ ਦੀ ਸਭਿਆਚਾਰਕ ਪਹਿਚਾਣ ਵੀ ਸਿਰੜੀ, ਸਿਦਕੀ, ਸੰਜਮੀ ਅਤੇ ਕਿਰਤੀ, ਕਿਰਸੀ, ਕਸਬੀ ਹੋਣ ਦੇ ਚਿੰਨ੍ਹਾਂ ਵੱਜੋਂ ਉੱਭਰਦੀ ਅਤੇ ਸਥਾਪਿਤ ਹੁੰਦੀ ਹੈ। ਇੱਥੇ ਇਹ ਵਿਸ਼ੇਸ਼ ਨੁਕਤਾ ਉੱਘੜਦਾ ਹੈ ਕਿ ਇਨ੍ਹਾਂ ਪੁਆਧੀ ਲੋਕਾਂ ਨੇ ਜਿਥੇ ਸੀਮਤ ਸਾਧਨਾਂ, ਸੀਮਤ ਉਪਜਾਊ ਜ਼ਮੀਨਾਂ ਅਤੇ ਸੀਮਤ ਇਲਾਕੇ ਵਿਚ ਰਹਿਣ ਦੇ ਬਾਵਜੂਦ ਵੀ ਲੋਕ-ਕਲਾ-ਕਵੀਸ਼ਰੀ ਦੀਆਂ ਜਿਹੜੀਆਂ ਬੁਲੰਦੀਆਂ ਨੂੰ ਛੋਹਿਆ ਹੈ ਉਹ ਇਨ੍ਹਾਂ ਦੇ ਸਿਰੜ, ਸੰਜਮ ਅਤੇ ਸਿਦਕ ਕਰਕੇ ਹੀ ਸੰਭਵ ਹੋਇਆ ਹੈ।

ਪਰੰਪਰਾ ਸ਼ਬਦ ਆਪਣੇ ਆਪ ਵਿਚ ਸਿਰਫ਼ ਇਕ ਪਦ ਨਹੀਂ ਸਗੋਂ ਇਕ ਮੁਕੰਮਲ ਸੰਕਲਪ ਹੈ ਜਿਹੜਾ ਕਿਸੇ ਵੀ ਖਾਸ ਖਿਤੇ ਦੇ ਮਨੁੱਖ ਨਾਲ਼ ਆਰੰਭ ਤੋਂ ਅਖੀਰ ਤੱਕ ਜੁੜਿਆ ਰਹਿੰਦਾ ਹੈ। ਮਾਨਵੀ ਜੀਵਨ, ਮਾਨਵੀ ਇਤਿਹਾਸ ਅਤੇ ਮਾਨਵੀ ਸਭਿਅਤਾ ਦਾ ਆਧਾਰ ਉਸਦੀ ਪਰੰਪਰਾ ਹੈ। ਪਰੰਪਰਾ ਰੁੱਖ ਦੀ ਜੜ੍ਹ ਵਾਂਗ, ਫਸਲ ਦੇ ਬੀਜ ਵਾਂਗ ਹੀ ਹੁੰਦੀ ਹੈ। ਪਰੰਪਰਾ ਅਤੇ ਜੜ੍ਹਾਂ



ਤੋਂ ਬਗੈਰ ਮਨੁੱਖੀ ਜੀਵਨ ਅਤੇ ਜਲਵਾਯੂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮਨੁੱਖੀ ਪੈਰ ਸਿਰਫ਼ ਜ਼ਮੀਨ ਉੱਤੇ ਹੀ ਨਹੀਂ ਟਿਕਦੇ, ਇਹ ਆਪਣੀ ਪਰੰਪਰਾ ਉੱਤੇ ਵੀ ਟਿਕੇ ਹੁੰਦੇ ਹਨ। ਪੀੜ੍ਹੀ ਦਰ ਪੀੜ੍ਹੀ ਮਨੁੱਖੀ ਮਨ, ਅਚੇਤ, ਸੁਚੇਤ ਇਸੇ ਪਰੰਪਰਾ ਨੂੰ ਹੀ ਅਗਾਂਹ-ਅਗਾਂਹ ਤੋਰੀ ਜਾਂਦਾ ਹੈ। ਇਸ ਤਰ੍ਹਾਂ ਪਰੰਪਰਾ ਮਨੁੱਖੀ ਜੀਵਨ ਦਾ ਇਕ ਨਿਰੰਤਰ, ਸਦੀਵੀ ਵਹਾਓ ਹੈ ਜਿਹੜਾ ਮਨੁੱਖੀ ਜ਼ਿੰਦਗੀ ਦੇ ਨਾਲ-ਨਾਲ ਹੀ ਆਪ ਮੁਹਾਰਾ ਵਹਿੰਦਾ ਰਹਿੰਦਾ ਹੈ। ਪਰੰਪਰਾ ਨੂੰ ਸਾਂਭਣਾ ਮਨੁੱਖੀ ਫਰਜ਼, ਕਰਮ ਅਤੇ ਧਰਮ ਹੈ ਅਤੇ ਇਸਨੂੰ ਭੁੱਲਣਾ ਆਪਣੇ ਆਪ ਨੂੰ ਭੁੱਲਣਾ ਹੈ।

ਪਰੰਪਰਾ ਮਨੁੱਖੀ ਸਭਿਅਤਾ ਦੀ ਪਹਿਚਾਣ ਹੈ ਸਭਿਅਤਾ ਵੀ ਹਮੇਸ਼ਾ ਵਿਕਾਸਸ਼ੀਲ ਰਹਿੰਦੀ ਹੈ ਅਤੇ ਪਰੰਪਰਾ ਵੀ ਮਨੁੱਖ ਦੇ ਨਾਲ ਨਾਲ ਹੀ ਕਾਰਜਸ਼ੀਲ ਰਹਿੰਦੀ ਹੈ। ਜੇ ਅਜੋਕਾ ਮਨੁੱਖ ਆਧੁਨਿਕ ਦੌਰ ਵਿਚ ਤਰੱਕੀ ਦੀਆਂ ਸਿਖਰਾਂ ਛੋਹ ਰਿਹਾ ਹੈ ਤਾਂ ਉਹ ਇਸ ਤਰ੍ਹਾਂ ਹੈ ਕਿ ਉਸਦੇ ਹੱਥ ਅਸਮਾਨ ਨੂੰ ਛੋਹਣ ਲਈ ਤਤਪਰ ਹਨ ਪਰ ਪੈਰ ਉਸਦੇ ਆਪਣੀ ਪਰੰਪਰਾ ਦੀਆ ਜੜ੍ਹਾਂ ਨਾਲ ਹੀ ਜੁੜੇ ਹੋਏ ਹਨ।

ਪੂਰਬੀ ਪੰਜਾਬ ਨੂੰ ਇਸਦੇ ਭੂਗੋਲਿਕ ਅਤੇ ਉੱਪ-ਭਾਸ਼ਾਈ ਆਧਾਰ 'ਤੇ ਚਾਰ ਉੱਪ-ਸੱਭਿਆਚਾਰਕ ਭੂ-ਖੰਡਾਂ; ਮਾਝਾ, ਮਾਲਵਾ ਦੁਆਬਾ ਅਤੇ ਪੁਆਧ ਵਿਚ ਵੰਡਿਆ ਜਾਂਦਾ ਹੈ। ਇਹਨਾਂ ਵਿਚੋਂ 'ਪੁਆਧ ਖੇਤਰ' ਸਾਹਿਤ, ਕਲਾ, ਅਤੇ ਲੋਕ ਧਾਰਾਈ ਅਧਿਐਨ ਦੇ ਪੱਖੋਂ ਵਿਦਵਾਨਾਂ ਦੀ ਨਜ਼ਰ ਵਿਚ ਲੰਮੇ ਸਮੇਂ ਤੱਕ ਅਣਗੌਲਿਆ ਅਤੇ ਅਣਛੋਹਿਆ ਹੀ ਰਿਹਾ ਹੈ। ਇਥੋਂ ਤੱਕ ਕਿ ਕਈ ਵਿਦਵਾਨ ਅਤੇ ਆਲੋਚਕ ਪੁਆਧੀ ਖਿੱਤੇ ਵਿਚ ਪਨਪੇ ਲੋਕ-ਸਾਹਿਤ ਅਤੇ ਸਾਹਿਤ ਦੀ ਹੋਂਦ ਤੋਂ ਹੀ ਮਨੁਕਰ ਹੁੰਦੇ ਰਹੇ ਹਨ। ਪ੍ਰੰਤੂ ਵਰਤਮਾਨ ਸਮੇਂ ਹੋਈ ਖੋਜ ਅਤੇ ਖੇਤਰੀ-ਖੋਜ ਕਾਰਜ ਉਪਰੰਤ ਇਹ ਤੱਥ ਉੱਘੜਕੇ ਸਾਹਮਣੇ ਆਉਂਦਾ ਹੈ ਕਿ ਪੁਆਧੀ-ਖਿੱਤੇ ਵਿਚ ਲੋਕ-ਧਾਰਾ, ਲੋਕ-ਸਾਹਿਤ, ਕਿੱਸਾ-ਕਾਵਿ ਅਤੇ ਇਸ ਦੀਆਂ ਵਿਭਿੰਨ ਗਾਇਨ ਸ਼ੈਲੀਆਂ ਦੀ ਇਕ ਵਿਲੱਖਣ ਪਰੰਪਰਾ ਮੌਜੂਦ ਰਹੀ ਹੈ ਜੋ ਕੁਝ ਇਤਿਹਾਸਕ ਕਾਰਨਾਂ ਕਰਕੇ ਵਿਦਵਾਨਾਂ ਦੀ ਨਜ਼ਰ ਤੋਂ ਉਹਲੇ ਰਹੀ ਹੈ। ਇਥੇ ਸਾਡਾ ਮੁੱਖ ਆਧਾਰ ਤੀਜੇ ਪੁਆਧੀ ਕਵੀਸ਼ਰ ਰੌਣਕ ਸਿੰਘ ਚੁੰਨ੍ਹੀਕਲਾਂ ਦੇ ਜੀਵਨ-ਬਿਰਤਾਂਤ ਰਚਨਾਕਾਰੀ, ਜੀਵਨ ਦ੍ਰਿਸ਼ਟੀਕੋਣ, ਅਤੇ ਕਵੀਸ਼ਰੀ-ਕਲਾ ਨੂੰ ਉਜਾਗਰ ਕਰਨਾ ਹੈ।

**ਕਵੀਸ਼ਰ ਰੌਣਕ ਸਿੰਘ ਚੁੰਨ੍ਹੀਕਲਾਂ : ਜੀਵਨ-ਬਿਰਤਾਂਤ:**

ਕਵੀਸ਼ਰ ਰੌਣਕ ਸਿੰਘ ਦਾ ਜਨਮ 1 ਜੂਨ, 1902 ਈ. ਨੂੰ ਭਗਤ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ ਪੁਆਧੀ ਪਿੰਡ ਚੁੰਨ੍ਹੀਕਲਾਂ ਵਿਖੇ ਹੋਇਆ ਜਿਹੜਾ ਹੁਣ ਮੁਹਾਲੀ ਜ਼ਿਲ੍ਹੇ ਵਿਚ ਸਥਿਤ ਹੈ। ਰੌਣਕ ਸਿੰਘ ਨੇ ਵੀ ਹੋਰਨਾਂ ਰਚਨਾਕਾਰਾਂ ਵਾਂਗ ਆਪਣੇ ਪਿੰਡ ਦਾ ਨਾਂ ਆਪਣੇ ਨਾਂ ਨਾਲ ਤਖੱਲਸ ਵਜੋਂ ਜੋੜ ਕੇ ਆਪਣੇ ਨਾਲ ਆਪਣੇ ਪਿੰਡ ਨੂੰ ਵੀ ਅਮਰ ਕਰ ਦਿੱਤਾ। ਜ਼ਿਕਰਯੋਗ ਹੈ ਕਿ ਰੌਣਕ ਸਿੰਘ ਚੁੰਨ੍ਹੀਕਲਾਂ ਨੇ ਆਸਾ ਰਾਮ ਬੈਦਵਾਨ ਦੀ ਪਰੰਪਰਾ ਨੂੰ ਵਿਕਸਾਇਆ ਵੀ ਅਤੇ ਆਪਣੀ ਮੌਲਿਕ ਕਾਵਿ-ਕੁਸ਼ਲਤਾ ਦੀ ਰੰਗਣ ਰਾਹੀਂ ਰੁਸ਼ਨਾਇਆ ਵੀ।

ਰੌਣਕ ਸਿੰਘ ਚੁੰਨ੍ਹੀਕਲਾਂ ਨੇ ਵਧੇਰੇ ਤਵੱਜੋ ਕਵੀਸ਼ਰੀ ਗਾਇਨ ਵੱਲ ਦਿੱਤੀ। ਕਵੀਸ਼ਰੀ ਅਜਿਹਾ ਕਾਵਿ-ਰੂਪ ਜਿਸ ਨੂੰ ਕਵੀਸ਼ਰ ਆਪਣੇ ਕਵੀਸ਼ਰੀ ਜੱਥੇ ਦੇ ਸਾਥੀਆਂ ਨਾਲ ਨਿਭਾਉਂਦਾ ਹੈ। ਰੌਣਕ ਸਿੰਘ ਦੇ ਕਵੀਸ਼ਰੀ ਜੱਥੇ ਵਿਚ ਸ਼ਾਮਿਲ ਰਛਪਾਲ ਸਿੰਘ 'ਪਾਲ' ਚੁੰਨ੍ਹੀਕਲਾਂ ਅਤੇ ਅਮਰ ਸਿੰਘ ਚੁੰਨ੍ਹੀਕਲਾਂ ਨੇ ਉਮਰ ਭਰ ਇਸਦਾ ਸਾਥ ਨਿਭਾਇਆ। ਇਸ ਦੇ ਨਾਲ-ਨਾਲ ਇਨ੍ਹਾਂ ਦੇ ਇਸ ਜੱਥੇ ਵਿਚ ਮੰਚ-ਸੰਚਾਲਕ ਵਜੋਂ ਗਿਆਨੀ ਗੁਰਮੁਖ ਸਿੰਘ ਬਜਹੇੜੀ ਵੀ ਇਨ੍ਹਾਂ ਦੇ ਨਾਲ-ਨਾਲ ਰਹੇ। ਇੱਥੇ ਇਹ ਵੀ ਵਰਣਨਯੋਗ ਹੈ ਕਿ ਕਵੀਸ਼ਰੀ ਕਲਾ ਦਾ ਗਾਇਨ ਉਹੀ ਕਵੀਸ਼ਰ ਨਿਭਾ ਸਕਦਾ ਹੈ ਜਿਸ ਨੂੰ ਛੰਦ ਦਾ ਗਿਆਨ ਹੋਵੇ ਕਿਉਂਕਿ ਹਰ ਛੰਦ ਦੀ ਆਪਣੀ ਵੱਖਰੀ ਲੈਅ, ਵੱਖਰੀ ਹੇਕ ਅਤੇ ਵੱਖਰੀ ਚਾਲ ਹੁੰਦੀ ਹੈ ਜਿਸ ਰਾਹੀਂ ਉਹ ਸਰੋਤੇ ਨੂੰ ਮੰਤਰ-ਮੁਗਧ ਕਰ ਸਕਣ ਦੀ ਸਮਰੱਥਾ ਰੱਖਦਾ ਹੈ।

ਕਵੀਸ਼ਰ ਰੌਣਕ ਸਿੰਘ ਸਕੂਲੀ ਪੜ੍ਹਾਈ ਪੱਖੋਂ ਕੋਰਾ ਹੀ ਰਿਹਾ ਪਰ ਉਸ ਦੀ ਵਿਲੱਖਣ ਜੀਵਨ-ਸ਼ੈਲੀ, ਵਿਸ਼ਾਲ ਜੀਵਨ-ਅਨੁਭਵ, ਤਕੜਾ ਕਮਾਇਆ ਜੁੱਸਾ ਅਤੇ ਭਰਪੂਰ ਯਾਦ-ਸ਼ਕਤੀ ਉਸਦੀ ਕਾਵਿ-ਕੌਸ਼ਲਤਾ ਅਤੇ ਜੀਵਨ-ਦ੍ਰਿਸ਼ਟੀ ਦੇ ਵਿਸ਼ੇਸ਼ ਪਛਾਣ-ਚਿੰਨ੍ਹ ਹਨ।ਉਸਦੇ ਇਲਾਕੇ ਦੇ ਲੋਕਾਂ, ਰਿਸ਼ਤੇਦਾਰਾਂ, ਸਹਿਯੋਗੀਆਂ ਅਤੇ ਜੋੜੀਦਾਰਾਂ/ਸ਼ਾਗਿਰਦਾਂ ਕੋਲੋਂ ਰੌਣਕ ਸਿੰਘ ਬਾਰੇ ਮਿਲੀ ਜਾਣਕਾਰੀ ਪ੍ਰਾਪਤ ਕਰਨ ਉਪਰੰਤ ਉਸਦੇ ਜੀਵਨ ਸਬੰਧੀ ਬਹੁਤ ਸਾਰੇ ਮਹੱਤਵਪੂਰਨ ਤੱਥ ਉਜਾਗਰ ਹੁੰਦੇ ਹਨ। ਵਿਦਵਾਨ ਜਾਣਦੇ ਹੀ ਹਨ ਕਿ ਤੱਥ-ਵੱਖ-ਵਖ ਕਿਸੇ ਵੀ ਮਹਾਨ ਰਚਨਾ ਦੀ ਜਿੰਦ-ਜਾਨ ਅਤੇ ਆਤਮਾ ਹੁੰਦੇ



ਹਨ। ਉਸਨੂੰ ਜਾਨਣ ਵਾਲਿਆਂ ਨੇ ਦੱਸਿਆ ਕਿ ਰੌਣਕ ਸਿੰਘ ਨੂੰ ਬਚਪਨ ਤੋਂ ਹੀ ਲੋਕ-ਕਹਾਣੀਆਂ ਸੁਣਨ ਦਾ ਸ਼ੌਕ ਸੀ ਅਤੇ ਉਹ ਇਨ੍ਹਾਂ ਲੋਕ-ਕਹਾਣੀਆਂ ਵਰਗੀਆਂ ਹੋਰ ਕਹਾਣੀਆਂ ਜੋੜ-ਜੋੜ ਕੇ ਸੁਣਾਉਣ ਦੀ ਅਥਾਹ ਸਮਰੱਥਾ ਰੱਖਦਾ ਸੀ। ਰੌਣਕ ਸਿੰਘ ਸ਼ੁਰੂ ਤੋਂ ਹੀ ਆਪਣੀਆਂ ਰਚਨਾਵਾਂ ਵਿੱਚ ਆਪਣੇ ਸਮੇਂ ਦਾ ਬਿਰਤਾਂਤ ਆਪਣੇ ਜੀਵਨ-ਬਿਰਤਾਂਤ, ਅਨੁਭਵ ਅਤੇ ਜੀਵਨ ਦ੍ਰਿਸ਼ਟੀਕੋਣ ਨਾਲ ਜੋੜ ਕੇ ਰਚਨਾ ਕਰਨ ਵੱਲ ਰੁਚਿਤ ਹੋਇਆ ਵਿਲੱਖਣ ਅਤੇ ਵਿਸ਼ੇਸ਼ ਪੁਆਧੀ ਕਵੀਸ਼ਰ ਵਜੋਂ ਮੁਕਾਮ ਹਾਸਲ ਕਰਦਾ ਹੈ।

**ਰੌਣਕ ਸਿੰਘ ਚੁੰਨ੍ਹੀਕਲਾਂ : ਜੀਵਨ-ਦ੍ਰਿਸ਼ਟੀਕੋਣ** :

ਇੱਥੇ ਇਹ ਸੰਕੇਤ ਕਰਨਾ ਵੀ ਆਵੱਸ਼ਕ ਹੈ ਕਿ ਉਹ ਪ੍ਰਗਤੀਵਾਦੀ ਵਿਚਾਰਧਾਰਾ ਪ੍ਰਤੀ ਅਨਪੜ੍ਹ ਹੁੰਦਿਆਂ ਹੋਇਆਂ ਵੀ ਵਿਹਾਰਕ ਤੌਰ ਤੇ ਜੁੜਿਆ ਰਿਹਾ। ਉਸ ਦੀਆਂ ਰਚਨਾਵਾਂ ਵਿਚ ਪ੍ਰਗਤੀਵਾਦ ਦੀ ਝਲਕ ਮਿਲਦੀ ਹੈ, ਰੌਣਕ ਸਿੰਘ ਨੇ ਵਿਸ਼ਵ-ਸ਼ਾਂਤੀ ਦਾ ਪੈਗਾਮ ਆਪਣੀਆਂ ਰਚਨਾਵਾਂ ਰਾਹੀਂ ਪ੍ਰਗਟਾਇਆ ਅਤੇ ਪ੍ਰਗਤੀਸ਼ੀਲ ਲੇਖਕ ਅਤੇ ਕਲਾਕਾਰ (ਕਵੀਸ਼ਰ) ਵੱਜੋਂ ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰਨ ਦਾ ਯਤਨ ਕੀਤਾ। ਇਸ ਲਿਹਾਜ਼ ਨਾਲ ਰੌਣਕ ਸਿੰਘ ਦੀ ਜੀਵਨ-ਦ੍ਰਿਸ਼ਟੀ ਇਕ ਪ੍ਰਗਤੀਵਾਦੀ ਲੋਕ-ਕਵੀਸ਼ਰ ਵੱਜੋਂ ਉੱਭਰਦੀ ਹੈ।

**ਰੌਣਕ ਸਿੰਘ ਰਚਨਾਵਲੀ** :

ਰੌਣਕ ਸਿੰਘ ਦੇ ਕਿੱਸਿਆਂ ਨੂੰ ਉਸਨੇ ਆਪ ਲਿਪੀ-ਬਧ ਕਰਕੇ ਪ੍ਰਕਾਸ਼ਿਤ ਨਹੀਂ ਕਰਵਾਇਆ ਪਰ ਉਸਦੇ ਸੁਹਿਰਦ ਸਨੇਹੀਆਂ, ਸਹਿਯੋਗੀਆਂ, ਜੋੜੀਦਾਰਾਂ ਅਤੇ ਸ਼ਾਗਿਰਦਾਂ ਨੇ ਉਸਦੀਆਂ ਮੌਖਿਕ ਰਚਨਾਵਾਂ ਨੂੰ ਲਿਪੀਬੱਧ ਕਰਨ ਦਾ ਉਪਰਾਲਾ ਕੀਤਾ ਜਿਨ੍ਹਾਂ ਵਿਚੋਂ ਰਛਪਾਲ ਸਿੰਘ 'ਪਾਲ' , ਅਮਰ ਸਿੰਘ ਚੁੰਨ੍ਹੀਕਲਾਂ ਅਤੇ ਗੁਰਮੁਖ ਸਿੰਘ ਬਜਹੇੜੀ ਦਾ ਨਾਂ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ।

ਕਵੀਸ਼ਰ ਰੌਣਕ ਸਿੰਘ ਚੁੰਨ੍ਹੀਕਲਾਂ ਰਚਿਤ, ਪ੍ਰਾਪਤ ਕਵੀਸ਼ਰੀ ਕਿੱਸਿਆਂ ਦੀ ਗਿਣਤੀ ਲਗਪਗ 29 (ਉੱਨਤੀ) ਹੈ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਦਲੀਪ ਜੁਆਲਾ
2. ਬਚਨ ਕੌਰ (ਦਲੀਪ ਦੀ ਭੈਣ)
3. ਪੈਂਦ ਦਾ ਮਹੱਲਾ (ਅਜੰਟ ਗੁਜਰੀ)
4. ਭੀਖਮ ਛਾ - (ਭਾਗ ਪਹਿਲਾ)

5. ਭੀਖਮ ਛਾ - (ਭਾਗ ਦੂਜਾ)
6. ਬੰਦਾ ਬਹਾਦਰ
7. ਬੀਬੀ ਰਜਨੀ
8. ਪ੍ਰਸੰਗ ਪਰਬਾਰ ਬਛੋੜਾ
9. ਲਾਲਾਂ ਦੇ ਬਛੋੜੇ
10. ਸੈਹਬਜ਼ਾਦਿਆਂ ਦੀਆਂ ਮੰਗਣੀਆਂ
11. ਸਾਕਾ ਗੜ੍ਹੀ ਚਮਕੌਰ ਦਾ
12. ਸਾਕਾ ਸਰਹੰਦ
13. ਗੁਰੂ ਨਾਨਕ ਪ੍ਰਗਟਿਆ
14. ਪ੍ਰਸੰਗ ਸੁਲਤਾਨਪੁਰ ਦਾ ਮੋਦੀਖਾਨਾ
15. ਪ੍ਰਸੰਗ ਗੁਰੂ ਅਰਜਨ ਦੇਵ
16. ਪ੍ਰਸੰਗ ਨਾਮਧਾਰੀ ਬਾਬਾ ਰਾਮ ਸਿੰਘ
17. ਖਾਲਸੇ ਦੀ ਸਾਜਨਾ
18. ਪੁਰਬ ਬਸਾਖੀ ਦਾ
19. ਸਾਕਾ ਪੰਜਾ ਸੈਹਬ
20. ਨਾਮਧਾਰੀ ਅਵਤਾਰ ਗੁਰੂ ਜਗਜੀਤ ਸਿੰਘ
21. ਫੁਟਕਲ ਛੰਦ (ਆਵਾਜ਼)
22. ਲੜਕੀ ਦਾ ਦਾਨ
23. ਹੁਣ ਦੇ ਜ਼ਮਾਨੇ ਦਾ ਹਾਲ
24. ਸਤਸੰਗਣਾ ਤੇ ਕੁਸੰਗਣਾ
25. ਕੀ ਪੁੱਛਦਾ ਹੈ ਹਾਲ ਬੜਾ
26. ਮਨ ਮੂਰਖ ਬੰਦੇ ਦਾ
27. ਖਵਾਜਾ ਖੀਦਰ
28. ਜਾਨੀ ਚੋਰ
29. ਮਾਡਰਨ ਛੰਦ

ਉਪਰਕੋਤ ਕਾਵਿ-ਰਚਨਾ ਦੇ ਸਿਰਲੇਖ ਉਪਰ ਪੰਛੀ ਝਾਤ ਮਾਰਿਆਂ ਹੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਸੰਬੰਧਿਤ ਕਵੀਸ਼ਰ ਰੌਣਕ ਸਿੰਘ ਚੂੰਨ੍ਹੀਕਲਾਂ ਆਪਣੇ ਸਮੇਂ ਦੇ ਇਤਿਹਾਸਕ, ਸਮਾਜਿਕ, ਧਾਰਮਿਕ, ਸਭਿਆਚਾਰਕ, ਆਧੁਨਿਕ ਅਤੇ ਵਿਚਾਰਧਾਰਕ ਪੱਖੋਂ ਅਜਿਹੇ ਪ੍ਰਸੰਗ ਛੇੜਨ ਵਾਲਾ ਵਿਸ਼ੇਸ਼ ਕਵੀ ਹੈ।



ਸੰਖੇਪ ਵਿਚ ਉਸ ਨੂੰ ਬਹੁਪੱਖੀ ਕਵੀਸ਼ਰ ਆਖਿਆ ਜਾ ਸਕਦਾ ਹੈ। ਇਥੇ ਉਸ ਦੇ ਕੁਝ ਪ੍ਰਮੁੱਖ ਕਿੱਸਿਆਂ, ਦਲੀਪ ਜੁਆਲਾ, ਪੈਂਦ ਦਾ ਮਹੱਲਾ, ਜਾਨੀਚੋਰ, ਲਾਲਾਂ ਦੇ ਬਛੋੜੇ, ਲੜਕੀ ਦਾ ਦਾਨ ਆਦਿ ਵਿੱਚੋਂ ਪ੍ਰਮੁੱਖ ਚੋਣਵੀਆਂ ਕਾਵਿ-ਸੱਤਰਾਂ ਪ੍ਰਮਾਣ ਵਜੋਂ ਪੇਸ਼ ਹਨः-

ਦੋਹਰਾ : ਮਾਲੀ ਨੇ ਫੁੱਲ ਤੋੜਿਆ, ਸੋਗ ਪਿਆ ਬੁਲਬੁਲ ਨੂੰ।
ਸਜਣ ਪਿਆਰਾ ਨਾ ਮਿਲਦਾ ਲਖ ਕਰੋੜਾਂ ਮੁੱਲ ਨੂੰ।

ਦੋਹਰਾ : ਰੌਣਕ ਸਿੰਘ ਛੈਰ ਛੰਦ ਨੂੰ ਬਣਾਲੇਆ।
ਰਛਪਾਲ ਸਿੰਘ ਕੋਲੋਂ ਬੈਠ ਕੇ ਲਖਾਲੇਆ।
ਮੇਬਾ ਸਿੰਘ ਕੈਂਦਾ ਛੰਦ ਠੀਕ ਜੋੜੇ ਜੀ।
ਗੁਰਾਂ ਨਾਲ ਪੈਗੇ ਲਾਲਾਂ ਦੇ ਬਛੋੜੇ ਜੀ।
(ਲਾਲਾਂ ਦੇ ਬਚੋੜੇ ਪੰਨਾ 100)

ਡੇਡਾ ਛੰਦ : ਬੁਰਜਬਾ ਕਲਾਸ ਨੇ ਕੀਆ ਹੈ ਭੰਗੀ ਨੂੰ
ਰੋਂਦੇ ਪਰੋਲੋਤਾਰੀਆਂ।
ਕਡ ਕੇ ਮੇਆਨੋ ਚਮਕਾਮਾ ਚੰਡੀ ਨੂੰ,
ਦੁੱਖੜਾ ਨਿਵਾਰੀਏ।
(ਪੁਰਬ ਬਸਾਖੀ ਦਾ, ਪਨਾ 150)

: ਕੜਾ ਮੁੰਡੇ ਨੂੰ ਕਰਵਾਵੇਓ, ਨਾਲੇ ਮੁੰਦਰੀ ਬੀ ਬਣਵਾਏਓ।
ਮਾਮੇ ਦਾ ਨਾ ਮਾਣ ਘਟਾਏਓ, ਐਮੇ ਨੱਕ ਝੜਾਊਗਾ।
ਜੇੜੀ ਛਾਪ ਤੁਸਾਂ ਹੈ ਪੌਣੀ, ਜਾ ਕੇ ਪਿਡ ਦਖਾਊਗਾ।
(ਲੜਕੀ ਦਾ ਦਾਨ, ਪੰਨਾ 165)

ਮਾਡਰਨ ਛੰਦ : ਮੈ ਪੁਛੇਆ ਡਾਕਟਰ ਨੂੰ ਕੈਂਦਾ ਸਾਡੀ ਨੀ ਕੁਛ ਕਮਾਈ।
ਸਾਨੂੰ ਬਚਦਾ ਕੁਛਨੀ ਜੀ, ਮੈਂਗੀ ਹੋਗੀ ਬੋਹਤ ਦਵਾਈ।
(ਮਾਡਰਨ ਛੰਦ, ਪੰਨਾ 163)

ਕੋਰੜਾ : ਜਾਨੀ ਚੋਰ ਕੰਮ ਕਿਹੋ ਜਿਹਾ ਬਣਾ ਗਿਆ।
ਸਬ ਦੀਆਂ ਅੱਖਾਂ ਵਿਚ ਘੱਟਾ ਪਾ ਗਿਆ।
ਰੌਣਕ ਸਿੰਘ ਲਿਖਦਾ ਪਿੰਗਲ ਪੜ੍ਹ ਕੇ।
ਕੋਈ ਜਾਨੀ ਚੋਰ ਨੂੰ ਲਿਆਓ ਫੜਕੇ।
(ਕਿੱਸਾ ਜਾਨੀ ਚੋਰ ਪੰਨਾ 194)

ਦੋਹਰਾ : ਰਜਨੀ ਸੋਚਾਂ ਸੋਚ ਰਹੀ, ਕੈਂਦੀ ਹੁਣ ਕੀ ਲਾਜ ਬਣਾਮਾ।
ਰੌਣਕ ਸਿੰਘ ਗਿਆਨੀ ਨੂੰ, ਜਾ ਕੇ ਸਾਰਾ ਹਾਲ ਸੁਣਾਮਾ।
ਈਕ ਬੈਠੇਆ ਖਾਰੀ ਤੇ, ਮੈਨੂੰ ਪਤੀ ਨਜ਼ਰ ਨੀ ਔਂਦੇ।
ਕਊਏ ਕਾਲੇ ਨੌਂਦੇ ਨੇ, ਬੀਚੋ ਚੀਟੇ ਬਣ ਬਣ ਔਂਦੇ।
(ਬੀਬੀ ਰਜਨੀ, ਪੰਨਾ 80)

ਤਾਲਾ ਛੰਦ : ਦੋਮੇ ਲਾਲ ਹੋਗੇ ਬਾਰ, ਫੀਰੀ ਸੀਨੇ ਬੀਚ ਤਾਰ,
ਮਾਤਾ ਹੋਗੀ ਹੁਛੇਆਰ, ਨਾ ਤਰਸ ਖਾਂਮਦਾ,
ਗੰਗੂ ਬੇਈਮਾਨ ਤੇਹਾਂ ਨੂੰ ਫੜਾਮਦਾ।
ਰੌਣਕ ਸਿੰਘ ਲੀਖੇ ਛੈਰ, ਲੇਆ ਕਡ ਕੋਈ ਬੈਰ,
ਨਹੀਂ ਕਰੀ ਪਾਪੀ ਖੈਰ, ਕਾਤੋ ਡਰ ਮਾਮਦਾ,
ਗੰਗੂ ਬੇਈਮਾਨ ਪੁਲਸ ਝੜਾਮਦਾ।
(ਪ੍ਰਸੰਗ ਪਰਬਾਰ ਬਛੋੜਾ, ਪੰਨਾ 91)

: ਦੋ ਤਾ ਤੋਰ ਦਤੇ ਸੈਹਰ ਸਰਹੰਦਾਂ ਨੂੰ।
ਦੇ ਦਓ ਬਦਾਈ ਸੂਬੇ ਦੀਆਂ ਕੰਧਾਂ ਨੂੰ।
ਨੀਆਂ ਬੀਚ ਖਾਲਸਾ ਸ਼ਹੀਦੀ ਪਾ ਗੇਆ।
ਪੁੱਤਰਾਂ ਦਾ ਦਾਨੀ ਚਮਕੌਰ ਆ ਗੇਆ।
(ਗੜ੍ਹੀ ਚਮਕੌਰ ਸਾਹਿਬ, ਪੰਨਾ 119)

: ਲੈ ਕੇ ਤਲਵਾਰ ਦੋਵੇ ਬਾਹਾਂ ਨੂੰ ਬਡਦੇ ਨੇ।
ਬਡਦੇ ਬਾਹਾਂ ਹਥ ਦਾੜ੍ਹੀ ਚੋਂ ਕਡਦੇ ਨੇ।
ਰੌਣਕ ਤਾਂ ਸਿੰਘਾਂ, ਸਿੰਘ ਸ਼ਹੀਦੀ ਪਾ ਗੇਆ।
ਨਾਮਧਾਰੀ ਪੰਥ ਦੀ ਛਾਨ ਉਚੀ ਬਣਾਗੇਆ।
(ਨਾਮਧਾਰੀ ਬਾਬਾ ਰਾਮ ਸਿੰਘ, ਪੰਨਾ 146)

ਕੋਰੜਾ ਛੰਦ : ਮਨ ਵਿੱਚ ਰੱਖੀ ਨਾ ਕੋਈ ਵੀ ਸੋਗ ਤੂੰ।
ਮੇਰੇ ਜਿਉਂਦੇ ਜਿਉਂਦੇ ਲੈ ਅਨੰਦ ਭੋਗ ਤੂੰ।
ਹਰਿ ਇਕ ਨਾਲ ਕਰਨਾ ਪਿਆਰ ਤੂੰ।
ਮੇਰੇ ਜਿਉਂਦੇ ਜਿਉਂਦੇ ਲੁਟ ਲੈ ਬਹਾਰ ਤੂੰ।
(ਪੈਂਦ ਦਾ ਮਹੱਲਾ, ਪੰਨਾ 39)



ਦੋਹਰਾ : ਇਥੋਂ ਸਬ ਨੇ ਚਲਣਾ ਹੈ, ਨਾ ਕੋਈ ਇਥੇ ਰਹੂ ਬਚਾਰਾ।
ਕਰਨਾ ਕੂਚ ਸਾਰਿਆਂ ਨੇ, ਬਜਣਾ ਸੀਰ ਤੇ ਕਾਲ ਨਗਾਰਾ।
ਈਕ ਦੀਨ ਰੌਣਕ ਸਿੰਘ ਦੇ ਬੀ, ਹੱਥ ਨੂੰ ਬੰਨਣਾ ਮੌਤ ਨੇ ਗਾਨਾ।
ਦੁਨੀਆਂ ਔਂਦੀ ਜਾਂਦੀ ਹੈ, ਏਹ ਸਬ ਜਗਤ ਮਛਾਫਰਖਾਨਾ।
(ਮਨ ਮੂਰਖ ਬੰਦੇ ਦਾ, ਪੰਨਾ 173)

ਉਪਰੋਕਤ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਪ੍ਰਸਿੱਧ, ਚਰਚਿਤ ਤੇ ਲੋਕ-ਪ੍ਰੀਯ, ਪੁਆਧੀ ਕਵੀਸ਼ਰ ਰੌਣਕ ਸਿੰਘ ਚੁੰਨੀਕਲਾਂ ਇਕ ਲੋਕ-ਚੇਤਨ, ਸਮਾਜਿਕ, ਇਤਿਹਾਸਕ, ਧਾਰਮਿਕ ਚਿੰਤਕ ਅਤੇ ਖੋਜੀ ਪ੍ਰਮਾਣਿਤ ਹੁੰਦਾ ਹੈ। ਉਸ ਦੀ ਕਵਿਤਾ ਵਿਚ ਲਗਭਗ ਸਾਰੇ ਕਾਵਿ-ਰਸ ਮੌਜੂਦ ਹਨ। ਖਾਸ ਕਰਕੇ ਕਰੁਣਾ ਰਸ, ਸ਼ਿੰਗਾਰ ਰਸ, ਬੀਰ ਰਸ, ਹਾਸ-ਰਸ ਦੀ ਵਧੇਰੇ ਪ੍ਰਮੁੱਖਤਾ ਹੈ। ਉਸਨੇ ਛੰਦਾਂ ਦੀ ਵਰਤੋਂ ਵੀ ਪੂਰੀ ਕਲਾਤਮਕਤਾ ਅਤੇ ਵਿਊਂਤਬੱਧਤਾ ਨਾਲ ਕੀਤੀ ਹੈ। ਉਸ ਨੂੰ ਸ਼ਬਦ-ਚੋਣ ਅਤੇ ਸ਼ਬਦ ਵਰਤੋਂ ਦਾ ਵੀ ਪੂਰਾ ਗਿਆਨ ਅਭਿਆਸ ਹੈ। ਇਥੇ ਉਸਦੇ ਸ਼ਬਦ, ਅਰਥ ਅਤੇ ਭਾਵ ਅਸਾਧਾਰਨ ਪ੍ਰਗਟਾਓ ਬੁਲੰਦੀਆਂ ਨੂੰ ਜਾ ਛੂੰਹਦੇ ਹਨ। ਜੋ ਲੋਕ-ਬੋਲੀ ਵਾਲੇ ਹਨ।

ਰੌਣਕ ਸਿੰਘ ਜੱਟ ਕਿਰਸਾਨੀ ਪਰਿਵਾਰ ਵਿਚੋਂ ਹੋਇਆ ਹੈ। ਖੇਤੀ ਲਈ ਉਸ ਕੋਲ ਚੋਖੀ ਜ਼ਮੀਨ ਸੀ। ਨਾਲ਼-ਨਾਲ਼ ਉਹ ਆੜ੍ਹਤ ਵੀ ਕਰਦਾ ਰਿਹਾ, ਇਸ ਕਰਕੇ ਉਸ ਕੋਲ ਕਿਰਸਾਨੀ ਦਾ ਦੋਹਰਾ ਅਨੁਭਵ ਹੋਣਾ ਸੁਭਾਵਿਕ ਸੀ। ਉਸਨੂੰ ਆਮ ਕਿਸਾਨ ਦੀਆਂ ਆਰਥਿਕ, ਸਮਾਜਿਕ ਅਤੇ ਜ਼ਮੀਨੀ ਸਮੱਸਿਆਵਾਂ ਦੇ ਯਥਾਰਥ ਦਾ ਗਿਆਨ ਹੋਣ ਦੇ ਨਾਲ਼-ਨਾਲ਼ ਵਪਾਰੀ ਵਰਗ ਵੱਲੋਂ ਉਸਦੇ ਆਰਥਿਕ ਸ਼ੋਸ਼ਣ ਦਾ ਵੀ ਇਲਮ ਸੀ। ਇਹ ਦੋਵੇਂ ਜੀਵਨ-ਅਨੁਭਵ ਹੀ ਉਸਦੇ ਹੱਡੀਂ ਹੰਢਾਏ ਅਨੁਭਵ ਬਣਦੇ ਹਨ।

ਰੌਣਕ ਸਿੰਘ ਚੁੰਨ੍ਹੀਕਲਾਂ ਆਪਣੀ ਉਮਰ ਦੇ ਆਖਰੀ ਪਲਾਂ ਤੱਕ ਆਪਣੀ ਇਸ ਰਚਨਾਕਾਰੀ ਅਤੇ ਕਵੀਸ਼ਰੀ ਦੀ ਨਿਵੇਕਲੀ ਪ੍ਰਤਿਭਾ ਸਦਕਾ ਪੁਆਧੀ ਲੋਕਾਂ ਵਿਚ ਮਕਬੂਲ ਰਿਹਾ। ਗਿਆਨ ਦਾ ਅਥਾਹ ਖਜ਼ਾਨਾ ਹੋਣ ਕਾਰਨ ਲੋਕ ਉਸ ਨੂ 'ਗਿਆਨੀ ਰੌਣਕ ਸਿੰਘ ਜੀ' ਕਹਿ ਕੇ ਪਿਆਰ ਦੇ ਅਤੇ ਸਤਿਕਾਰਦੇ। ਗਿਆਨੀ ਕਵੀਸ਼ਰ ਰੌਣਕ ਸਿੰਘ ਚੁੰਨ੍ਹੀਕਲਾਂ ਕੋਲ ਜੀਵਨ ਦਾ ਬਹੁਪੱਖੀ ਅਨੁਭਵ ਅਤੇ ਗਿਆਨ ਹੋਣ ਕਾਰਨ ਉਸਦੀ ਜੀਵਨ ਦ੍ਰਿਸ਼ਟੀ ਵੀ ਬਹੁ-ਪੱਖੀ ਅਤੇ ਬਹੁ-ਪਾਸਾਰੀ ਰਹੀ ਹੈ। ਉਹ ਅਗਾਂਹ ਵਧੂ ਵਿਚਾਰਾਂ ਦੇ ਨਾਲ-

ਨਾਲ ਆਪਣੀ ਚੰਗੇਰੀ ਅਤੇ ਪਕੇਰੀ ਯਾਦਸ਼ਕਤੀ ਦੇ ਆਸਰੇ ਰਵਾਇਤੀ, ਇਤਿਹਾਸਕ ਅਤੇ ਪਰੰਪਰਿਕ ਵਿਚਾਰਾਂ ਨੂੰ ਵੀ ਆਪਣੀ ਕਵੀਸ਼ਰੀ ਦੇ ਵਿਸ਼ੇ ਰਾਹੀਂ ਨਿਭਾਉਂਦਾ ਰਿਹਾ ਹੈ। ਇਹੀ ਉਸਦੀ ਜ਼ਿੰਦਗੀ ਨੂੰ ਸਰਵ-ਸਾਂਝਾ, ਸਨਮਾਨਯੋਗ ਵਿਅਕਤੀ ਅਤੇ ਲੋਕਪ੍ਰਿਯ ਕਵੀਸ਼ਰ ਬਣਾਉਂਦੀ ਹੈ। ਆਪਣੀ ਸਾਰੀ ਜ਼ਿੰਦਗੀ ਪੁਆਧੀ ਕਵੀਸ਼ਰੀ ਨੂੰ ਅਰਪਿਤ ਕਰਕੇ ਲਗਪਗ 102 ਸਾਲ (1902-2003 ਈ. ਤੱਕ) ਦੀ ਭਰਪੂਰ ਲੰਮੀ ਉਮਰ ਭੋਗ ਕੇ, ਕਵੀਸ਼ਰ ਰੌਣਕ ਸਿੰਘ ਚੁੰਨ੍ਹੀਕਲਾਂ 25 ਜਨਵਰੀ, 2003 ਈ. ਨੂੰ ਇਸ ਸੰਸਾਰ ਨੂੰ ਅਲਵਿਦਾ ਤਾਂ ਆਖ ਗਿਆ ਪਰ ਆਪਣੇ ਚਹੇਤਿਆਂ ਲਈ ਆਪਣੀਆਂ ਸਿਮਰਤੀਆਂ ਦੀ ਅਮਿੱਟ ਛਾਪ ਹਮੇਸ਼ਾ ਲਈ ਛੱਡ ਗਿਆ। ਇਸੇ ਲਈ ਪੁਆਧੀ ਲੋਕ ਉਸ ਨੂੰ ਤੇ ਉਸਦੇ ਜੱਥੇ ਨੂੰ 'ਚੁੰਨ੍ਹੀ ਵਾਲੇ ਬਾਬੇ' ਕਹਿ ਕੇ ਵਡਿਆਉਂਦੇ ਰਹੇ ਹਨ।

*****



## ਪੁਆਧ ਦਰਸ਼ਨ-ਇੱਕ ਅਭੁੱਲ ਯਾਦ

**- ਨਿਰੰਜਣ ਸਿੰਘ ਸੈਲਾਨੀ**
**ਮੋਬਾ. 98762-28703**

ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਦਾ ਜ਼ਮਾਨਾ ਸੀ। ਲਾਜ਼ਮੀ ਸਿੱਖਿਆ ਲਾਗੂ ਕੀਤੀ ਜਾ ਰਹੀ ਸੀ, ਇੰਟਰਵਿਊ ਦੀ ਚਿੱਠੀ ਆ ਗਈ। ਨਾਭੇ ਦੇ ਕਿਲ੍ਹੇ ਵਿਚ ਇੰਟਰਵਿਊ ਹੋਣੀ ਸੀ। ਮੈਂ ਵੀ ਇਸ ਵਿਚ ਚੁਣਿਆ ਗਿਆ। ਅਜੇ ਉਮਰ ਮਸਾਂ 16 ਸਾਲਾਂ ਦੀ ਹੋਈ ਸੀ। ਛੇਤੀ ਹੀ ਨਿਯੁਕਤੀ ਪੱਤਰ ਡਾਕ ਰਾਹੀਂ ਘਰ ਆ ਗਿਆ।

ਘਰੇ ਸਲਾਹਾਂ ਹੋਣ ਲੱਗੀਆਂ, ਮੁੰਡਾ ਛੋਹਰ ਹੈ, ਉਮਰ ਘਟ ਹੈ। ਨਾ ਮੁੱਛ, ਨਾ ਦਾਹੜੀ। ਕਿਵੇਂ ਰੋਟੀ ਪਕਾਏਗਾ? ਕਿਵੇਂ ਇਕੱਲਾ ਰਹੇਗਾ? ਫਿਰ ਪਤਾ ਲੱਗੇ ਪਿੰਡ ਕਾਮੀ ਖੁਰਦ ਹੈ ਕਿਸ ਪਾਸੇ? ਫਿਰ ਸਿੱਖਿਆ ਮਹਿਕਮੇ ਤੋਂ ਪਤਾ ਲੱਗਾ ਕਿ ਘਨੌਰ ਬਲਾਕ ਵਿਚ ਹੈ। ਸਮਾਨ, ਕੁਝ ਭਾਂਡੇ, ਖਾਣਾ ਬਨਾਉਣ ਦਾ ਸਮਾਨ ਤੇ ਇੱਕ ਬਿਸਤਰਾ ਤਿਆਰ ਕੀਤੇ।

ਦੂਜੇ ਦਿਨ ਮੇਰੇ ਬਾਈ ਜੀ ਮੇਰੇ ਨਾਲ ਚੱਲ ਪਏ। ਸ਼ੰਭੂ ਰੇਲਵੇ ਸਟੇਸ਼ਨ 'ਤੇ ਉਤਰ ਕੇ ਰਾਹ ਪਤਾ ਕੀਤਾ। ਕੋਈ ਬਸ ਨਹੀਂ ਸੀ ਜਾਂਦੀ। ਸਿਆਲ ਦੇ ਦਿਨ ਸਨ। ਠੰਡੀ ਹਵਾ ਚਲ ਰਹੀ ਸੀ। ਪੈਦਲ ਚਲ ਪਏ। ਪਹਿਲਾਂ ਮਰਦਾਂ ਪੁਰ ਨਾਂ ਦਾ ਪਿੰਡ ਆਇਆ। ਉਸ ਪਿੱਛੋਂ ਸੰਧਾਰਸੀ ਆਇਆ ਜਿਸ ਦੇ ਸਕੂਲ ਦੇ ਆਲੇ-ਦੁਆਲੇ ਰੇਤਾ ਹੀ ਰੇਤਾ ਵਿਛਿਆ ਹੋਇਆ ਸੀ। ਜਿਸ ਨੂੰ ਰਾਹ ਪੁੱਛੋ, ਉਹੋ ਕਹਿੰਦਾ, "ਕੋਹਰੀ ਕੋਹਰੀ ਗਾੜ੍ਹੀ ਜਾਊ"। ਫਿਰ ਸਾਨੂੰ ਪਤਾ ਲੱਗਾ ਕਿ ਪਹੇ ਨੂੰ ਗੋਹਰ ਕਹਿੰਦੇ ਹਨ। ਬੋਲੀ ਦਾ ਅੰਤਰ ਸੀ। ਅਸੀਂ ਮਲਵਈ ਬੋਲੀ ਤੋਂ ਜਾਣੂ ਸਾਂ। ਇਹ ਪੁਆਧੀ ਉਪ -ਭਾਸ਼ਾ ਬੋਲਦੇ ਸਨ। ਇਕ ਹੋਰ ਪਿੰਡ ਪਿਪਲ ਮੰਗੋਲੀ, ਜਿਸ ਵਿਚ ਰਫਿਊਜੀ ਰਹਿੰਦੇ ਸਨ, ਆਇਆ। ਰਾਹ ਵਿਚ ਗੁਰਦੁਆਰਾ ਪਾਤਸ਼ਾਹੀ ਨੌਵੀਂ ਨਥਾਣਾ ਸਾਹਿਬ ਆਇਆ। ਇੱਥੇ ਲੰਡੀ ਨਾਂ ਦੀ ਨਦੀ ਵਹਿੰਦੀ ਸੀ ਜਿਸ ਦਾ ਛੋਟਾ ਜਿਹਾ ਪੁਲ ਸੀ। ਸਿਆਲ ਕਾਰਨ ਪਾਣੀ ਬਹੁਤ ਘੱਟ ਸੀ। ਪਤਾ ਲੱਗਾ ਬਰਸਾਤ 'ਚ ਇਸ ਵਿੱਚ ਬਹੁਤ ਪਾਣੀ ਆਉਂਦਾ ਹੁੰਦਾ ਸੀ।

ਉਸ ਤੋਂ ਅੱਗੇ ਜੰਡ ਮੰਘੋਲੀ ਪਿੰਡ ਆਇਆ, ਜਿੱਥੇ ਕਈ ਘੁਲਾੜੀਆਂ ਚਲ ਰਹੀਆਂ ਸਨ ਤੇ ਗੰਨੇ ਪੀੜੇ ਜਾ ਰਹੇ ਸਨ। ਗੁੜ ਪੱਕਣ ਦੀ ਮਿੱਠੀ-ਮਿੱਠੀ ਵਾਸ਼ਨਾ ਹਵਾ 'ਚ ਫੈਲ ਰਹੀ ਸੀ। ਉਥੋਂ ਰਾਹ ਪੁੱਛ ਕੇ ਅਸੀਂ ਕਾਮੀ ਦੇ ਰਾਹ ਪੈ ਗਏ। ਇਕ ਪਾਸੇ ਕਿੱਕਰਾਂ ਹੀ ਕਿੱਕਰਾਂ ਖੜੀਆਂ ਸਨ ਜਿਸਨੂੰ ਲੋਕ "ਵਣੀ" ਕਹਿੰਦੇ ਸਨ। ਤੁਰਦੇ ਗਏ ਤੁਰਦੇ ਗਏ। ਅਖੀਰ ਪਿੰਡ ਦਿੱਸਣ ਲੱਗਾ। ਉੱਥੇ ਪੁਜ ਕੇ ਸਕੂਲ ਪਤਾ ਕਰਕੇ, ਸਕੂਲ ਪੁੱਜ ਗਏ। ਬੜੀ ਉੱਚੀ ਥਾਂ ਤੇ ਧਰਮਸ਼ਾਲਾ ਬਣੀ ਹੋਈ ਸੀ। ਮਾਸਟਰ ਜੀ ਬੈਠੇ ਬੱਚਿਆਂ ਨੂੰ ਪੜ੍ਹਾ ਰਹੇ ਸਨ। ਨਾਂ ਸੀ ਰਾਮ ਲਾਲ 'ਪਸਰੀਚਾ'। ਉਹ ਲਹੌਰ ਦਾ ਪੜ੍ਹਿਆ ਹੋਇਆ ਸੀ। ਸਕੂਲ ਕੀ ਸੀ ? ਖੁੱਲ੍ਹਾ ਜਿਹਾ ਇਕ ਕਮਰਾ ਸੀ, ਵਿਹੜਾ ਸੀ। ਇਹ ਪਿੰਡ ਦੀ ਧਰਮਸ਼ਾਲਾ ਸੀ।

ਅਧਿਆਪਕ ਸਾਨੂੰ ਵੇਖ ਕੇ ਪੁੱਛਣ ਲੱਗਾ, "ਤੁਹਾਡੇ 'ਚੋਂ ਮਾਸਟਰ ਕਿਹੜਾ ਹੈ ? ਬਾਈ ਜੀ ਨੇ ਦਸਿਆ ਕਿ ਇਹ ਮੇਰਾ ਲੜਕਾ ਹੈ, ਇਸਦਾ ਇਹ ਨਿਯੁਕਤੀ ਪੱਤਰ ਹੈ। ਉਸ ਦਿਨ 15.12.1961 ਦੀ ਤਰੀਕ ਸੀ। ਮੈਂ ਨੌਕਰੀ ਤੇ ਲੱਗ ਗਿਆ। ਮਾਸਟਰ ਜੀ ਨੇ ਮੇਰੇ ਰਹਿਣ ਦਾ ਪ੍ਰਬੰਧ ਮੰਗਤ ਰਾਮ ਦੇ ਘਰ ਕਰ ਦਿੱਤਾ। ਰੋਟੀ ਪਾਣੀ ਉਹ ਦਿੰਦੇ ਸਨ ਤੇ ਮੈਂ ਰੋਟੀ ਪਾਣੀ ਦੇ ਝੰਝਟ ਤੋਂ ਮੁਕਤ ਹੋ ਗਿਆ।

ਪਹਿਲੀ ਜਮਾਤ ਵਿਚ 54 ਬੱਚੇ ਸਨ, ਉਹ ਮੇਰੇ ਹਿੱਸੇ ਆਏ। ਫਿਰ ਕੁੱਝ ਦਿਨਾਂ ਬਾਅਦ ਮੇਰੀ ਰਿਹਾਇਸ਼ ਮੇਰੀ ਜਾਤ ਭਾਈ ਦੇ ਘਰ 'ਚ ਚੁਬਾਰੇ 'ਚ ਹੋ ਗਈ। ਲੋਕੀਂ ਮੈਨੂੰ, ਮੇਰਾ ਰੰਗ ਚਿਹਰਾ ਮੁਹਰਾ ਵੇਖ ਕੇ ਕਹਿੰਦੇ "ਤੂੰ ਤਾਂ ਜੱਟਾਂ ਦਾ ਮੁੰਡਾ ਲਗਦੈਂ"। ਪਰ ਮੈਂ ਆਪਣੀ ਜਾਤ ਨਹੀਂ ਲੁਕਾਈ। ਜੇ ਮੈਂ ਜਾਤ ਲੁਕੌਂਦਾ ਤਾਂ ਮਗਰੋਂ ਝੂਠਾ ਪੈਣਾ ਪੈਂਦਾ।

ਉਨ੍ਹਾਂ ਦੇ ਰਹਿਣ-ਸਹਿਣ ਤੇ ਬੋਲੀ ਹੌਲੀ-ਹੌਲੀ ਪਤਾ ਲੱਗਣ ਲੱਗੇ। ਜ਼ਨਾਨੀਆਂ ਜਦੋਂ ਬੋਲਦੀਆਂ ਤਾਂ ਨਾਲ ਹੀ ਕਹਿੰਦੀਆਂ 'ਲਾਲ ਰੀ"।ਅਰਬੀਆਂ ਨੂੰ ਗਾਗਟੀਆਂ ਕਹਿੰਦੀਆਂ। ਜਵਾਨ ਜਹਾਨ ਮੁਟਿਆਰ ਕੁੜੀ ਨੂੰ ਉਹ 'ਬੋਬੋ' ਕਹਿੰਦੇ। ਮਾਲਵੇ 'ਚ ਬੋਬੋ ਜਾਂ ਬੌਬੀ ਬਜ਼ੁਰਗ ਔਰਤ ਨੂੰ ਕਹਿੰਦੇ ਸਨ।

ਪਿੰਡ ਦੇ ਪੂਰਬ ਵੱਲ ਥੋੜ੍ਹੀ ਕੁ ਦੂਰ ਘੱਗਰ ਦਰਿਆ ਵਹਿੰਦਾ ਸੀ, ਜੋ ਬਰਸਾਤਾਂ ਵਿਚ ਬੜੀਆਂ ਸੂਕਰਾਂ ਪਾਉਂਦਾ ਸੀ, ਵੇਖ ਕੇ ਡਰ ਲਗਦਾ ਸੀ। ਕਿਨਾਰੇ 'ਤੇ ਕਿਧਰੇ ਕਿਧਰੇ ਸਰਕੜੇ ਦੇ ਕਾਨੇ ਖੜੇ ਸਨ। ਬੋਲੀ ਬੜੀ ਅਜੀਬ ਲਗਣੀ "ਕਾ ਕਰੇਗਾ ਘੁਲਾੜੀ ਪਰ ਜਾ ਕੇ ਹੁੱਕੀ ਥਾਰੀ ਇੱਖ ਮਾ ਪੜੀ" ਬੋਲਣ



ਵੇਲੇ ਮ੍ਹਾਰੇ, ਥ੍ਹਾਰੇ ਬੜਾ ਕਰਨ। ਉੱਥੋਂ ਦੀ ਮਿੱਟੀ ਵੀ ਬੜੀ ਤਿਲਕਵੀਂ ਸੀ। ਜੇ ਥੋੜ੍ਹਾ ਜਿਹਾ ਮੀਂਹ ਪੈ ਜਾਂਦਾ ਤਾਂ ਬੜੀ ਔਖਿਆਈ ਹੁੰਦੀ। ਸਾਇਕਲ ਦੇ ਮਡਗਾਡਰਾਂ 'ਚ ਗਾਰਾ ਫਸ ਜਾਣਾ। ਸਾਇਕਲ ਦੇ ਪਹੀਏ ਜਾਮ ਹੋ ਜਾਣੇ ਤੇ ਮਜ਼ਬੂਰਨ ਸਾਇਕਲ ਉੱਥੇ ਹੀ ਛੱਡ ਕੇ ਆਉਣਾ ਪੈਂਦਾ। ਬੱਚੇ ਹੀ ਫਿਰ ਸਾਇਕਲ ਚੁੱਕ ਕੇ ਲਿਆਉਂਦੇ, ਪਹੀਏ ਸਾਫ਼ ਕਰਦੇ। ਪਿੰਡ ਵਿਚ ਉਨ੍ਹਾਂ ਦਿਨਾਂ 'ਚੋ ਕੋਈ ਦੁੱਧ ਨਹੀਂ ਵੇਚਦਾ ਸੀ।

ਨੂੰਨਗਰਾਂ ਦੀ ਜਾਤ ਮੈਂ ਇਸ ਪਿੰਡ ਵਿਚ ਵੇਖੀ, ਇਸ ਤੋਂ ਬਿਨਾਂ ਹਰੀਜਨਾਂ ਤੋਂ ਬਣੇ ਈਸਾਈ ਕ੍ਰਿਸ਼ਚਿਅਨ ਲੋਕ ਵੀ ਰਹਿੰਦੇ ਸਨ। ਕਈਆਂ ਦਾ ਨਾਂ ਬਾਬੂ ਮਸੀਹ ਸੀ। ਪਿੰਡ ਵਿੱਚ ਸਰਪੰਚ ਸੀ, ਮੋਤੀ ਲਾਲ, ਜੋ ਖੱਦਰ ਧਾਰੀ ਤੇ ਨਹਿਰੂ ਟੋਪੀ ਪਹਿਨਦਾ ਸੀ, ਥੋੜ੍ਹੀ ਬਹੁਤ ਵੈਦਗੀ ਵੀ ਜਾਣਦਾ ਸੀ। ਇੱਕ ਮੰਦਰ ਸੀ, ਜਿਸ ਨੂੰ ਲੋਕ 'ਮਾਲ੍ਹਦਾ" ਕਹਿੰਦੇ ਸੀ। ਲੋਕ ਖੂਹਾਂ ਤੋਂ ਪਾਣੀ ਭਰਦੇ ਸੀ। ਕਿਸੇ ਕਿਸੇ ਘਰ ਨਲਕਾ ਲੱਗਿਆ ਹੋਇਆ ਸੀ। ਕਈ ਜਾਤਾਂ ਦੇ ਲੋਕ ਰਹਿੰਦੇ ਸਨ। ਕੁੱਝ ਘਰ ਮੁਸਲਮਾਨਾਂ ਦੇ ਵੀ ਸਨ। ਪਿੰਡ ਦੇ ਨੇੜੇ ਨਥਾਨੇ ਸਾਹਿਬ, ਲੋਹੜੀ ਮਾਘੀ ਨੂੰ ਹਰ ਸਾਲ ਮੇਲਾ ਭਰਦਾ ਸੀ। ਲੋਕੀਂ ਦੂਰੋਂ ਦੂਰੋਂ ਵੇਖਣ ਲਈ ਆਉਂਦੇ ਸਨ। ਮੇਲੇ ਵਾਲਾ ਰੰਗ ਬੱਝ ਜਾਂਦਾ ਸੀ। ਇਸ ਇਲਾਕੇ ਦਾ ਇਹ ਬਹੁਤ ਮਸ਼ਹੂਰ ਮੇਲਾ ਸੀ। ਘੱਗਰ ਤੋਂ ਪਾਰ ਰਾਮਪੁਰ ਚਮਾਰੂ ਤੋਂ ਅੱਗੇ ਕਪੂਰੀ ਨਾਂ ਦੇ ਪਿੰਡ ਵਿਚ, ਮਾਤਾ ਰਾਣੀ ਦੇ "ਥਾਨਾਂ" ਤੇ ਬੜਾ ਵਡਾ ਮੇਲਾ ਭਰਦਾ ਸੀ। ਉਥੇ ਬਹੁਤ ਰੌਣਕ ਹੁੰਦੀ ਸੀ। ਬਹੁਤ ਲੋਕ ਵੇਖਣ ਲਈ ਜਾਂਦੇ ਸੀ। ਮੈਂ ਉਥੋਂ ਉਰਦੂ ਦਾ ਕਾਇਦਾ ਲੈ ਕੇ ਮਾਸਟਰ ਜੀ ਤੋਂ ਉਰਦੂ ਸਿੱਖਣਾ ਸ਼ੁਰੂ ਕੀਤਾ। ਸਕੂਲ 'ਚ ਮੇਰੇ ਨਾਲੋਂ ਵੀ ਵੱਡੇ-ਵੱਡੇ ਮੁੰਡੇ ਪੜ੍ਹਦੇ ਸਨ।

ਇਕ ਹਾਕਮ ਦਾ ਬੱਚਾ ਪਹਿਲੀ 'ਚ ਮੇਰੇ ਕੋਲ ਪੜ੍ਹਦਾ ਸੀ। ਇਕ ਦਿਨ ਉਹ ਆਪਣੀ ਮਾਂ ਨੂੰ ਲੈ ਕੇ ਮੇਰੇ ਕੋਲ ਆਇਆ। ਮੈਂ ਪੁੱਛਿਆ ਕੀ ਗੱਲ ? ਉਹ ਕਹਿੰਦੀ ਇਹ ਰੋਂਦਾ ਰਹਿੰਦਾ। ਮੈਂ ਉਸਨੂੰ ਪੁੱਛਿਆ ਕਿ ਤੈਨੂੰ ਕੌਣ ਮਾਰਦਾ ? ਉਹ ਕਹਿੰਦਾ "ਤੌਂ ਮਾਰਾਂ" ਤਾਂ ਉਸ ਦੀ ਮਾਂ ਮੁਸਕੜਏਂ ਹੱਸਣ ਲੱਗ ਪਈ। ਮੈਂ ਕਿਹਾ ਪੜ੍ਹਾਈ ਵੇਲੇ ਥੋੜ੍ਹਾ ਬਹੁਤ ਘੂਰਨਾ ਤਾਂ ਪੈਂਦਾ ਹੀ ਹੈ।

ਪਿੰਡਾਂ ਵਿਚ ਕੁੜੀਆਂ ਦਾ ਮੁੰਡਾ ਬਣ ਕੇ ਰਹਿਣਾ ਤੇ ਔਰਤਾਂ ਦਾ ਮਰਦ ਬਣ ਕੇ ਰਹਿਣਾ ਉਥੋਂ ਦਾ ਬੜਾ ਅਜੀਬ ਵਰਤਾਰਾ ਸੀ। ਸਵਰਨਾ ਦੇਵੀ ਨਾਂ ਦੀ ਪੰਡਤਾਂ ਦੀ ਕੁੜੀ, ਸਾਡੇ ਕੋਲ ਤੀਜੀ ਵਿਚ ਪੜ੍ਹਦੀ ਸੀ ਜੋ ਕੱਦ ਕਾਠ ਦੀ ਕੜੀ

ਜਿਹੀ, ਭਾਰੇ ਜਿਸਮ ਵਾਲੀ ਸੀ। ਜੋ ਮੁੰਡਿਆਂ ਵਾਲੇ ਕੱਪੜੇ ਪਾ ਕੇ ਅਤੇ ਸਿਰ 'ਤੇ ਪੱਗ ਵੀ ਬੰਨ੍ਹਦੀ ਸੀ। ਇਸੇ ਤਰ੍ਹਾਂ "ਮਿੱਸੀ" ਨਾਂ ਦੀ ਜ਼ਨਾਨੀ ਸੀ, ਜੋ ਮਰਦਾਂ ਵਾਲੇ ਕੱਪੜੇ ਪਹਿਨਦੀ ਸੀ, ਪੋਥਾ ਬਾਕਾਇਦਾ ਲਾਉਂਦੀ ਸੀ, ਹੱਥ 'ਚ ਡਾਂਗ ਰੱਖਦੀ ਸੀ। ਬੰਦਿਆਂ ਨਾਲ ਸ਼ਹਿਰ ਵਗੈਰਾ ਜਾਂਦੀ ਰਹਿੰਦੀ ਸੀ ਤੇ ਖੇਤੀ ਵੀ ਕਰਾਉਂਦੀ ਸੀ।

ਪਿੰਡ ਵਿਚ ਜੈਲਦਾਰਾਂ ਦਾ ਘਰ ਸੀ। ਉਨ੍ਹਾਂ ਦਾ ਬਿੰਨੂ ਨਾਂ ਦਾ ਬੱਚਾ ਸਕੂਲ ਵਿਚ ਪੜ੍ਹਦਾ ਸੀ। ਲਾਜ਼ਮੀ ਸਿੱਖਿਆ ਕਾਰਨ ਬੱਚੇ ਰਾਤ ਨੂੰ ਵੀ ਪੜ੍ਹਨ ਆ ਜਾਂਦੇ। ਲੋਕਾਂ ਦੇ ਬੱਚਿਆਂ ਵਿਚ ਸਿੱਖਿਆ ਲਈ ਬੜਾ ਜੋਸ਼ ਸੀ। ਵੱਡੀਆਂ-ਵੱਡੀਆਂ ਕੁੜੀਆਂ ਵੀ ਪੜ੍ਹਨ ਨੂੰ ਆ ਜਾਂਦੀਆਂ ਸਨ।

ਇੱਕ ਵਾਰ, ਬਾਰਸ਼ ਨਾ ਹੋਣ ਕਾਰਨ ਪਿੰਡ ਦੀ ਜ਼ਮੀਨ, ਇੱਕ ਰਿਸ਼ਤੇਦਾਰ ਹਰਦਮ ਸਿੰਘ ਦੇ ਨਾਂ 'ਤੇ ਹੋ ਗਈ। ਪਰ ਮੌਕਾ ਪਾ ਕੇ ਸ਼ਰੀਕ ਸਾਧੂ ਭੰਗੜ ਦੇ ਬੰਦਿਆਂ ਨੇ ਉਸ ਨੂੰ ਬਹੁਤ ਕੁੱਟਿਆ, ਜ਼ਖ਼ਮੀ ਕਰ ਦਿੱਤਾ, ਫਿਰ ਕੇਸ ਚਲਦਾ ਰਿਹਾ।

ਉੱਥੇ ਪਿੰਡਾਂ ਵਿੱਚ ਰਾਤ ਨੂੰ ਅਖਾੜੇ ਲਗਦੇ ਸਨ। ਇੱਕ ਵਾਰ ਮ੍ਹਾਰੀਆਂ, ਹਰਪਾਲਾਂ ਘਗਰ ਤੋਂ ਪਾਰ ਅਖਾੜਾ ਲੱਗਿਆ। ਉਹ ਪੁਆਧੀ ਗੀਤ ਗਾਉਂਦੇ। ਮਰਦ, ਔਰਤਾਂ ਵਾਲੇ ਕੱਪੜੇ ਪਾ ਕੇ ਨੱਚਦੇ ਟੱਪਦੇ ਤੇ ਗਾਉਂਦੇ, ਖ਼ੂਬ ਅੱਖ-ਮਟੱਕਾ ਲਾਉਂਦੇ। ਲੋਕੀਂ ਖ਼ੁਸ਼ ਹੋ ਕੇ ਨਚਾਰਾਂ ਤੋਂ ਨੋਟ ਵਾਰਦੇ। ਉਨ੍ਹਾਂ ਜ਼ਮਾਨਿਆਂ 'ਚ ਬਿਜਲੀ ਨਹੀਂ ਸੀ ਹੁੰਦੀ। ਇੱਕ ਬੰਦਾ ਬੋਤਲ 'ਚ ਮਿੱਟੀ ਦਾ ਤੇਲ ਪਾ ਕੇ ਰੂੰਈ ਬੱਤੀ ਜਲਾ ਕੇ ਨਚਾਰਾਂ ਦੇ ਮੂੰਹ ਤੇ ਕਰੀਂ ਰੱਖਦਾ। ਉਹ ਨਚਾਰ ਸੁਰਖੀ ਬਿੰਦੀ ਲਾ ਕੇ ਮਟਕਦਿਆਂ ਲੋਕਾਂ ਨੂੰ ਬਹੁਤ ਖ਼ੁਸ਼ ਕਰਦੇ। ਤਮਾਸ਼ਾਈ ਉਸਦੇ ਵਾਰੇ-ਵਾਰੇ ਜਾਂਦੇ।

ਇੱਕ ਵਾਰ ਕਾਮੀ ਪਿੰਡ ਵਿਚ ਫਕੀਰੀਏ ਦਾ ਗਾਉਣ ਦਾ ਅਖਾੜਾ ਲੱਗਿਆ। ਖੂਹ ਦੇ ਆਲੇ-ਦੁਆਲੇ ਲੋਕ ਇਕੱਠੇ ਹੋ ਗਏ। ਔਰਤਾਂ ਘਰਾਂ ਦੇ ਬਨੇਰਿਆਂ 'ਤੇ ਬੈਠ ਗਈਆਂ। ਰੋਸ਼ਨੀ ਕਰਨ ਵਾਲਾ ਮਿੱਟੀ ਦੇ ਤੇਲ ਦੀ ਬੋਤਲ, ਰੋਸ਼ਨੀ ਲਈ, ਬੋਤਲ ਤਿਆਰ ਕਰਕੇ ਤਿਆਰ ਬਰ ਤਿਆਰ ਸੀ। ਫਕੀਰੀਏ ਨੇ ਦਾਹੂਦ ਬਾਦਸ਼ਾਹ ਦਾ ਕਿੱਸਾ ਸੁਣਾਇਆ। ਲੋਕਾਂ ਨੇ ਪੂਰਨ ਭਗਤ ਦੇ ਕਿੱਸੇ ਦੀ ਫਰਮਾਇਸ਼ ਕੀਤੀ। ਉਸਨੇ ਪੂਰੇ ਵੇਰਵੇ ਨਾਲ ਸਾਖੀ ਸੁਣਾ ਕੇ, ਲੈਅ ਨਾਲ ਗਾ ਕੇ ਲੋਕਾਂ ਨੂੰ ਖ਼ੂਬ ਖ਼ੁਸ਼ ਕੀਤਾ। ਦੇਰ ਰਾਤ ਤੱਕ ਪੂਰੀ ਰੌਣਕ ਲੱਗੀ ਰਹੀ। ਲੋਕਾਂ ਨੇ



ਉਸਨੂੰ ਇਨਾਮ-ਕਨਾਮ ਤੇ ਸੀਧਾ ਇਕੱਠਾ ਕਰਕੇ ਦਿੱਤਾ। ਉਨ੍ਹਾਂ ਵਕਤਾਂ 'ਚ ਲੋਕੀਂ ਇਸ ਤਰ੍ਹਾਂ ਆਪਣਾ ਦਿਲ ਪਰਚਾ ਕੇ ਮਨੋਰੰਜਨ ਕਰਦੇ ਸਨ।

ਗਰਮੀਆਂ 'ਚ ਹਨੇਰੀਆਂ ਵੀ ਵੱਖ ਹੀ ਤਰ੍ਹਾਂ ਦੀਆਂ ਆਉਂਦੀਆਂ ਸਨ। ਸਿਖਰ ਦੁਪਹਿਰੇ ਧੂੜ ਅਸਮਾਨ 'ਚ ਉੱਡਦੀ, ਅੰਧ ਗ਼ੁਬਾਰ ਹੋ ਜਾਂਦਾ, ਜੋ ਇੰਨਾ ਵੱਧ ਹੋ ਜਾਂਦਾ ਕਿ ਸਿਖਰ ਦੁਪਹਿਰੇ ਰਾਤ ਹੋ ਜਾਂਦੀ, ਪੂਰੀ ਰਾਤ ਬਣ ਜਾਂਦੀ। ਦੁਪਹਿਰ ਨੂੰ ਸੁੱਤੇ ਲੋਕੀਂ ਜਾਗ ਜਾਂਦੇ। ਤਾਕੀਆਂ, ਦਰ, ਘਰਾਂ ਦੇ ਬੂਹੇ ਬੰਦ ਕਰਦੇ ਤਾਂ ਕਿ ਧੂੜ ਗ਼ੁਬਾਰ ਘਰਾਂ 'ਚ ਦਾਖਲ ਨਾ ਹੋ ਜਾਏ। ਹਵਾ ਵਿਚ ਰੇਤ ਦੇ ਵਾਅ-ਵਰੋਲੇ ਉੱਡਦੇ ਰਹਿੰਦੇ। ਹੌਲੀ-ਹੌਲੀ ਘੁੰਮਦੇ-ਘੁੰਮਦੇ ਹਵਾ 'ਚੋਂ ਉਨ੍ਹਾਂ ਦੀ ਹੋਂਦ, ਹਵਾ ਹੋ ਜਾਂਦੀ। ਕੁਦਰਤ, ਅਜਬ ਕ੍ਰਿਸ਼ਮਾ ਕਰਦੀ ਹੌਲੀ-ਹੌਲੀ ਕੁਦਰਤ ਦਾ ਕਹਿਰ ਸ਼ਾਂਤ ਹੁੰਦਾ, ਕੁਦਰਤ ਸ਼ਾਂਤ ਹੋ ਜਾਂਦੀ। ਲੋਕਾਈ ਸੁੱਖ ਦਾ ਸਾਹ ਲੈਂਦੀ।

ਉਸ ਇਲਾਕੇ 'ਚ ਖੇਤੀ ਲਗਭਗ ਮਾਰੂ ਹੀ ਸੀ। ਪਿੰਡੇ ਦੇ ਪੂਰਬ ਵਾਲੇ ਪਾਸੇ ਇੱਕ ਖੂਹ ਟਿੰਡਾਂ ਵਾਲਾ ਚਲਦਾ ਰਹਿੰਦਾ ਸੀ। ਮੈਂ ਨਹਿਰਾਂ, ਸੂਇਆਂ ਵਾਲੇ ਇਲਾਕੇ ਤੋਂ ਆਇਆ ਸਾਂ। ਪਰ ਇਥੇ ਇੱਕੋ ਇੱਕ ਖੂਹ ਖੇਤਾਂ ਵਿੱਚ ਚਲਦਾ ਰਹਿੰਦਾ ਸੀ। ਹਾਂ ਲੋਕੀ ਘੱਗਰ 'ਚੋਂ ਜ਼ਰੂਰ ਇਕੱਠਾ ਹੋਇਆ ਪਾਣੀ ਖੇਤਾਂ ਨੂੰ ਲਾ ਲੈਂਦੇ। ਪਾਣੀ ਸਾਫ਼ ਹੁੰਦਾ ਸੀ ਲੋਕ ਖੇਤਾਂ ਨੂੰ ਲੋੜ ਮੁਤਾਬਕ ਸਿੰਜ ਲੈਂਦੇ। ਮੈਂ ਵੀ ਕਈ ਵਾਰ ਘੱਗਰ ਦੇ ਪਾਣੀ ਨਾਲ ਨਹਾਇਆ ਸੀ।

ਉਂਝ ਬੜੀ ਸ਼ਾਂਤ ਮਈ ਜ਼ਿੰਦਗੀ ਸੀ। ਪਿੰਡ ਦੀ ਸਾਂਝ ਬੜੀ ਪੀਢ੍ਹੀ ਸੀ। ਵਿਆਹ ਸ਼ਾਦੀ 'ਚ ਲੋਕ ਮਿਲ ਕੇ ਸਹਾਇਤਾ ਕਰਦੇ। ਮੈਂ ਵੀ ਬੜੇ ਵਧੀਆ ਤੇ ਯਾਦਗਾਰੀ ਦਿਨ ਉੱਥੇ ਬਿਤਾਏ। ਸਕੂਲ 'ਚ ਮੈਂ ਮਾਸਟਰ ਜੀ ਤੋਂ ਉਰਦੂ ਸਿੱਖਦਾ ਤੇ ਅਖੀਰ ਮੈਂ, ਪੰਜਾਬ ਯੂਨੀਵਰਸਿਟੀ ਦੀ ਉਰਦੂ ਦੀ ਦਸਵੀਂ ਪਾਸ ਕੀਤੀ। ਸ਼ਾਮ ਨੂੰ ਸ਼ਾਸਤਰੀ ਜੀ ਤੋਂ ਸੰਸਕ੍ਰਿਤ ਸਿੱਖਦਾ। ਹੁਣ ਵੀ ਉਹ ਦਿਨ ਬਹੁਤ ਯਾਦ ਆਉਂਦੇ ਹਨ ਅਤੇ ਜਦੋਂ ਵਕਤ ਮਿਲਦਾ ਹੈ ਤਾਂ ਉਸ ਪਿੰਡ 'ਚ ਆਪਣੇ ਪੜ੍ਹਾਏ ਬੱਚਿਆਂ ਨੂੰ ਮਿਲ ਆਈਦਾ ਹੈ।

ਇੱਕ ਵਾਰ 1962 ਸਤੰਬਰ 'ਚ ਤਿੰਨ ਦਿਨ ਲਗਾਤਾਰ ਇੰਨੀ ਬਾਰਸ਼ ਹੋਈ ਕਿ ਲੋਕਾਂ ਨੂੰ ਘਰਾਂ ਤੋਂ ਬਾਹਰ ਨਿਕਲਣਾ ਔਖਾ ਹੋ ਗਿਆ। ਘੱਗਰ ਵੀ ਉੱਛਲ ਕੇ ਪਾਣੀ ਤਾਰੋ ਤਾਰ ਹੋ ਗਿਆ। ਕੋਠਿਆਂ 'ਤੇ ਚੜ੍ਹ ਕੇ ਲੋਕੀਂ ਦੇਖ ਰਹੇ ਸਨ, ਚਾਰੋਂ ਪਾਸੇ ਪਾਣੀ ਹੀ ਪਾਣੀ ਘੁੰਮ ਰਿਹਾ ਸੀ। ਨਰਵਾਣਾ ਨਹਿਰ ਦੇ

ਕਿਨਾਰੇ ਵੀ ਟੁੱਟ ਗਏ ਸਨ। ਕੁੱਝ ਕਿਨਾਰੇ ਲੋਕਾਂ ਨੇ ਪਾਣੀ ਕੱਢਣ ਲਈ ਵੱਢ ਦਿੱਤੇ ਸਨ। ਚਾਰੇ ਪਾਸੇ ਹਾਹਾ ਕਾਰ ਮਚ ਰਹੀ ਸੀ। ਦੋਵੇਂ ਬੰਧੇ ਵੀ ਥਾਂ-ਥਾਂ ਤੋਂ ਟੁੱਟ ਗਏ ਸਨ। ਲੰਡੀ ਬਰਸਾਤੀ ਦਰਿਆ ਵੀ ਪੁਲ ਤੋਂ ਉੱਪਰ ਦੀ ਉੱਛਲ ਰਿਹਾ ਸੀ। ਉਸ ਵਿਚ ਵੀ ਹੜ੍ਹ ਆਇਆ ਹੋਇਆ ਸੀ। ਲੋਕਾਂ ਦੇ ਕੱਚੇ ਘਰ ਡਿੱਗ ਰਹੇ ਸਨ। ਕਮਜ਼ੋਰ ਛੱਤਾਂ ਬਹੁਤ ਚੋ ਰਹੀਆਂ ਸਨ।

ਹੁਣ ਉਸ ਪੁਆਧ ਦੇ ਦਰਸ਼ਨ ਸਿਮਰਤੀਆ 'ਚ ਹੀ ਹਨ, ਪੁਆਧ 'ਚ ਅੰਤਾਂ ਦੀ ਤਬਦੀਲੀ ਵੇਖ ਕੇ ਹੈਰਾਨੀ ਬਹੁਤ ਹੁੰਦੀ ਹੈ।

****



## ਜਲਸਾ-ਆਸਾ ਰਾਮ ਬੈਦਵਾਨ ਦਾ- ਇੱਕ ਝਲਕ

**- ਅਵਤਾਰ ਸਿੰਘ ਬਿਲਿੰਗ**

ਨਕਲਾਂ-ਜਲਸਿਆਂ ਦੀ ਰੁੱਤ ਭਾਦੋਂ ਆ ਗਈ।

ਕਈ ਦਿਨਾਂ ਤੋਂ ਸਰਵਰਪੁਰ ਜਲਸਾ ਲੱਗਦਾ। ਆਸਾ ਰਾਮ ਬੈਦਵਾਨ ਦੀ ਢਾਹੇ ਦੇ ਇਸ ਇਲਾਕੇ ਵਿਚ ਪੂਰੀ ਗੁੱਡੀ ਚੜ੍ਹੀ ਹੋਈ ਸੀ। ਜਲਸਾ ਸੁਣਨ ਜਾਂਦੇ ਪਿੰਡਾਂ ਦੇ ਲੋਕ ਬੈਦਵਾਨ ਦੇ ਹੀ ਬੋਲ ਦੁਹਰਾਉਂਦੇ :

"ਗੱਡੀ ਦੀ ਉਡੀਕ ਹੋਵੇ,
ਪਹਿਲਾਂ ਜਾਣਾ ਚੰਗਾ।
ਮੁਕੱਦਮੇ ਦੀ ਤਾਰੀਖ ਹੋਵੇ,
ਪਹਿਲਾਂ ਜਾਣਾ ਚੰਗਾ।
ਜਲਸਾ ਬੈਦਵਾਨ ਹੋਵੇ,
ਪਹਿਲਾਂ ਜਾਣਾ ਚੰਗਾ।
ਚੰਨਣ ਨਾਚਾ ਨਾਲ ਹੋਵੇ,
ਪਹਿਲਾਂ ਜਾਣਾ ਚੰਗਾ।"

ਪਛੜ ਕੇ ਪਹੁੰਚਿਆਂ ਨੂੰ ਥਾਂ ਨਹੀਂ ਸੀ ਮਿਲਦੀ। ਜਲਸੇ ਦੇ ਸ਼ੌਕੀਨ ਲੋਕ ਬਾਰਾਂ ਬਾਰਾਂ ਕੋਹਾਂ ਤੋਂ ਚੱਲ ਕੇ ਸਰਵਰਪੁਰ ਪਹੁੰਚਦੇ ਅਤੇ ਲੋਹੀ ਮਿਸਣ ਤੋਂ ਪਹਿਲਾਂ ਆਪੋ ਆਪਣੇ ਟਿਕਾਣੇ ਮੱਲ ਲੈਂਦੇ।

ਸਾਧੂ ਦਾ ਛੋਟਾ ਭਰਾ ਭਾਗੂ ਰਸਾਲੇ ਵਿਚੋਂ ਛੁੱਟੀ ਆਇਆ, ਕਈ ਦਿਨਾਂ ਤੋਂ ਸਰਵਰਪੁਰ ਜਾਣ ਲਈ ਰੱਸੇ ਤੁੜਾਉਂਦਾ ਸੀ ਪਰ ਚਾਚਾ ਇੰਦਰ ਸਿੰਘ ਉਸ ਨੂੰ ਵਰਜਦਾ ਰਿਹਾ : "ਓਏ ਭਾਗ ਸਿਆਂ। ਏਹਨਾਂ ਕੱਠਾਂ-ਮੱਠਾਂ 'ਚ ਕੁਸ਼ ਨ੍ਹੀਂ ਰੱਖਿਆ ਹੋਇਆ। ਏਹ ਸਭ ਅਨਪੜ੍ਹ ਲੋਕਾਂ ਦੀ ਕੁੱਤੇ ਭਕਾਈ ਹੈ। ਤੂੰ ਛੁੱਟੀ ਕੱਟ ਆਪਣੀ, ਪ੍ਰਾਹੁਣਿਆਂ ਵਾਂਗੂੰ। ਨਹਾ ਧੋ ਕੇ ਸ਼ੌਕੀਨੀ ਲਾ ਕੇ ਬਹਿ ਜਾਇਆ ਕਰ। ਖੁਰਾਕ ਖਾਹ ਰੱਜਵੀਂ।"

ਆਥਣ ਵਕਤ ਉਹ ਆਪਣੇ ਫੌਜੀ ਭਤੀਜੇ ਨੂੰ ਲੱਭ ਕੇ ਸਾਝਰੇ ਘਰ ਬੁਲਾ ਲਿਆਉਂਦਾ। ਆਪਣੇ ਕੋਲ ਬਿਠਾ ਕੇ ਰੱਜਵਾਂ ਘਿਓ ਬੂਰਾ ਪਾ ਕੇ ਰੋਟੀ ਖੁਵਾਉਂਦਾ। ਚਿੱਤੋ ਤੋਂ ਚੋਰੀ ਕਦੇ ਕਦਾਈਂ ਮੰਗਲ ਸੈਂਸੀ ਕੋਲੋਂ ਮੁਰਗਾ ਸਾਫ਼ ਕਰਾ

ਕੇ ਚਾਚਾ ਭਤੀਜਾ ਸਰੀਂਹ ਵਾਲੇ ਖੂਹ ਉਤੇ ਭੁੰਨ ਕੇ ਇਕੱਲੇ ਹੀ ਛਕ ਜਾਂਦੇ। ਜੇ ਚਿੰਤੋ ਨੂੰ ਭਿਣਕ ਵੀ ਲੱਗ ਜਾਂਦੀ ਤਾਂ ਇੰਦਰ ਆਖਦਾ : "ਜੇ ਦਾਤਾ ਦੇਵੇ ਤਾਂ ਜੁਆਕਾਂ ਨੂੰ ਖਾਣ ਹੁੰਢਾਉਣ ਤੋਂ ਕਦੇ ਨਾ ਰੋਕੀਏ, ਭਾਬੀ। ਪਰ ਉਹ ਕੀ ਕਰਦੇ ਨੇ? ਕੀਹਦੇ ਕੋਲ ਬਹਿੰਦੇ ਉੱਠਦੇ ਨੇ? ਇਸ ਗੱਲ ਦੀ ਪੱਕੀ ਸੁਰਲ-ਵਿਰਲ ਵੀ ਜ਼ਰੂਰ ਰੱਖੀਏ।"

ਇੱਕ ਸ਼ਾਮ ਨੂੰ ਉਹ ਥੋੜ੍ਹਾ ਜਿਹਾ ਅਵੇਸਲਾ ਹੋ ਗਿਆ ਅਤੇ ਭਾਗੂ ਨੇ ਬਾਹਰ ਹੀ ਵਗਲ ਦੀ ਮੁੰਡੀਹਰ ਨਾਲ ਮਿਲ ਕੇ ਜਲਸਾ ਦੇਖਣ ਦੀ ਤਿਆਰੀ ਖਿੱਚ ਲਈ। ਸਾਧੂ ਨੇ ਟੋਕਣਾ ਜਾਇਜ਼ ਨਾ ਸਮਝਿਆ, ਪਰ ਉਹ ਗਟੈਣੂ ਗੁੱਜਰ, ਜਗਤੇ-ਭਗਤੇ ਅਤੇ ਨਾਉਂਕਟੇ ਦੇ ਰਾਮ ਸਿੰਘ ਨੂੰ ਹਿਫ਼ਾਜ਼ਤ ਵਜੋਂ ਨਾਲ ਲੈ ਕੇ ਤੁਰ ਪਿਆ।

ਬਿਸ਼ਨਾ ਨਾਉਂਕਟਾ ਅਤੇ ਸ਼ੇਰ ਮੁਹੰਮਦ, ਡਾਂਗ ਬਹਾਦਰ ਨਾਲ ਕਿਸੇ ਮੁਹਿੰਮ ਉਤੇ ਨਿਕਲੇ ਹੋਏ ਸਨ।

ਢੋਲਕੀ ਦੀ ਢਮ੍ਰਕ ਢਮ੍ਰਕ ਅਤੇ ਖੰਜਰੀ ਦੀ ਛਣਕਾਹਟ ਟਿਕੀ ਹੋਈ ਰਾਤ ਨੂੰ ਦੂਰੋਂ ਹੀ ਸੁਣਾਈ ਦੇ ਰਹੀ ਸੀ। ਸਰਵਰਪੁਰ ਦੇ ਘੁਲਾੜੀਆਂ ਵਾਲੇ ਰੜਿਆਂ ਵਿਚੋਂ ਆਸਾ ਰਾਮ ਦੀ ਸੁਰੀਲੀ ਅਵਾਜ਼ ਸਰੋਤਿਆਂ ਦੇ ਮਨਾਂ ਉਤੇ ਜਿਵੇਂ ਜਾਦੂ ਧੂੜ ਰਹੀ ਸੀ :

"ਆਖਦੀ ਸਲੋਚਨਾ; ਸੁਣੋ ਸਸੁਰ ਜੀ;
ਮੇਰੇ ਨਾਲ ਤੁਸਾਂ ਕੱਢੀ, ਕੀ ਕਸਰ ਜੀ?
ਪਤੀ ਮਰਵਾਇਆ, ਵਸਦੀ ਨੂੰ ਗਾਲਿਆ।
ਰਾਮ ਜੀ ਦੇ ਨਾਲ ਕਿਉਂ ਵਿਰੋਧ ਪਾ ਲਿਆ?
ਜਿਹੜਿਆਂ ਸਮੁੰਦਰਾਂ ਦਾ ਤੈਨੂੰ ਮਾਣ ਰੇ,
ਬਾਨਰਾਂ ਦੀ ਫੌਜ ਉਥੇ ਬੈਠੀ ਆਣ ਰੇ।
ਤੋੜ ਦਿੱਤਾ ਪਾਣੀ, ਪੁਲ ਸੀ ਬਣਾ ਲਿਆ।
ਓਦੋਂ ਰੌਣਾਂ ਤੇਰਾ ਬਲ ਕਿੱਥੇ ਗਿਆ ਸੀ?
ਸੂਰਮੇ ਨੇ ਜਦੋਂ ਕੱਛ ਵਿਚ ਲਿਆ ਸੀ?
ਬਾਲੀ ਅੱਗੇ ਜ਼ੋਰ ਕਿਉਂ ਨਾ ਲਗਾ ਲਿਆ?
ਇਕ ਨੂੰ ਕੀ ਰੋਂਦੈਂ? ਸਾਰੇ ਹੀ ਮਰਨਗੇ।



ਲੰਕਾ ਵਿਚ ਬਾਨਰ ਕਲੋਲਾਂ ਕਰਨਗੇ।
ਸੁੱਤਾ ਪਿਆ ਸ਼ੇਰ ਕਾਸਨੂੰ ਜਗਾ ਲਿਆ?"

ਪੁਆਧੀਆ ਜੱਟ ਆਸਾ ਰਾਮ ਬੈਦਵਾਨ ਕਈ ਰੋਜ਼ ਤੋਂ ਰਮਾਇਣ ਗਾ ਰਿਹਾ ਸੀ।

ਗੇੜਾ ਕੱਢ ਕੇ ਉਹ ਅਰਥ ਕਰਦਾ। ਡੱਫਾਂ, ਖੰਜਰੀਆਂ, ਸਾਰੰਗੀਆਂ ਵਾਲੇ ਸਾਥੀ ਬੈਠ ਕੇ ਸਿਗਰਟਾਂ ਪੀਣ ਲੱਗ ਜਾਂਦੇ। ਉਸਨੂੰ ਕੋਈ ਕਾਹਲੀ ਨਾ ਹੁੰਦੀ। ਕਥਾ ਮੁਕਾਉਣ ਲਈ ਕੋਈ ਬੇਅਰਾਮੀ ਨਾ ਹੁੰਦੀ। ਉਹ ਮਸਤ ਹੋਇਆ ਜਿਵੇਂ ਇਕ-ਇਕ ਸ਼ਬਦ ਵਿਚੋਂ ਆਪ ਵੀ ਰਸ ਲੈਂਦਾ। ਮਰਦਾਂ ਨੇ ਤਾਂ ਆਉਣਾ ਹੀ ਸੀ, ਔਰਤਾਂ ਵੀ ਉਸਦਾ ਵਖਿਆਨ ਸੁਣਨ ਆਉਂਦੀਆਂ।

ਜਦੋਂ ਅੱਜ ਸਰੀਂਹ ਵਾਲੇ ਵਗਲ ਦੇ ਗੱਭਰੂ ਸਰਵਰਪੁਰ ਪਹੁੰਚੇ ਤਾਂ ਕਥਾ ਜਾਰੀ ਸੀ। ਚੰਗੇ ਭਾਗਾਂ ਨਾਲ ਉਹਨਾਂ ਨੂੰ ਉੱਚੀ ਥੇਮ੍ਹੜੀ ਉਤੇ ਜਗਾ ਮਿਲ ਗਈ। ਰੁਲਦੇ ਜੀਵੇਂ ਹੋਰੀਂ ਪਹਿਲਾਂ ਹੀ ਹੁੰਮਾ ਹਮਾ ਕੇ ਗੱਡੇ ਉਤੇ ਬੈਠੇ ਸਨ। ਉਹ ਤਾਂ ਹਰ ਰੋਜ਼ ਹੀ ਆਉਂਦੇ।

ਕਿੰਨੀ ਦੇਰ ਰਾਮਾਇਣ ਜੱਗ ਹੁੰਦਾ ਰਿਹਾ। ਉਤਾਰ ਉਮਰ ਦੇ ਬਜ਼ੁਰਗ ਅਤੇ ਬਨੇਰਿਆਂ ਉੱਪਰ ਬੈਠੀਆਂ ਤੀਵੀਆਂ ਰਮਾਇਣ ਕਥਾ ਸੁਣਨ ਵਿਚ ਮਗਨ ਸਨ।

ਅਚਾਨਕ ਭੂਤਰੀ ਹੋਈ ਮੁੰਡੀਹਰ ਬੋਲੀਆਂ ਸੁਣਨ ਲਈ ਕਾਹਲੀ ਪੈ ਗਈ : "ਬੈਦਵਾਨ ਜੀ ਮਹਾਰਾਜ? ਹੁਣ ਕਿੱਲੀ ਬਦਲ ਦਿਓ।"

ਸਾਹਮਣੇ ਖੜ੍ਹੇ ਗੱਡੇ ਉਪਰੋਂ ਰੁਲਦੇ ਗਮੰਤਰੀ ਨੇ ਫ਼ੁਰਮਾਇਸ ਕੇਹੀ ਪਾਈ ਕਿ ਹੋਰ ਕਿੰਨੀਆਂ ਅਵਾਜ਼ਾਂ ਇਕੱਠੀਆਂ ਉੱਠੀਆਂ : "ਮੁੰਡਿਆਂ ਖੁੰਡਿਆਂ ਦੀ ਰੂਹ ਵੀ ਖੁਸ਼ ਕਰ ਦਿਓ, ਗੁਣੀ ਪੁਰਸ਼ੋ?"

ਆਸਾ ਰਾਮ ਨੇ ਹੱਥ ਜੋੜੇ ਪਰ ਨੌਜਵਾਨ ਸ਼ਾਂਤ ਨਾ ਹੋਏ। ਅਖ਼ੀਰ ਚੰਨਣ ਨਚਾਰ ਉੱਠ ਕੇ ਖੜ੍ਹਾ ਹੋਇਆ। ਉਸ ਨੇ ਉੱਚਾ ਰੱਖ ਕੇ ਸਿਰ ਗੁੰਦਿਆਂ ਸੀ, ਜਿਵੇਂ ਡਾਕ ਬੰਗਲਾ ਪਾਇਆ ਹੋਵੇ, ਸੱਗੀ ਫੁੱਲ, ਛਿੰਗ ਤਵੀਤ, ਟੂਲ ਦੀ ਕੁੜਤੀ ਨਾਲ ਹਰੀ ਛੈਲ ਦੀ ਘੱਗਰੀ! ਮਸ਼ਾਲ ਦੀ ਰੌਸ਼ਨੀ ਵਿਚ ਦੂਰੋਂ ਹੀ ਲਿਸ਼ਕਾਂ ਮਾਰ ਰਹੀ ਸੀ।

ਪੂਰਨ-ਪਾਛੂ ਨੇ ਆਪਣੇ ਕੰਨ ਉੱਤੇ ਹੱਥ ਰੱਖਿਆ। ਕਿਸੇ ਗੱਭਰੂ ਜੇਹੀ ਸੁਰੀਲੀ ਭਰਵੀਂ ਅਵਾਜ਼ ਹਵਾ ਵਿਚ ਟੁਣਕੀ:

"ਮੈਂ ਤਾਂ ਪੁੱਛਦਾ ਨੱਚਣ ਵਾਲੀਏ
ਕਿੱਥੇ ਨੇ ਘਰ ਤੇਰੇ ?
ਮੈਂ ਤਾਂ ਪਰੀਏ ਬੰਨ੍ਹ ਦਿਖਾਏ,
ਤੇਰੇ ਨਾਉਂ ਦੇ ਸਿਹਰੇ।
ਜੇ ਕੋਈ ਦੇਵੇ ਪਤਾ ਨਿਸ਼ਾਨੀ,
ਮਿਲੀਏ ਸੰਝ-ਸਵੇਰੇ।
ਕਸ ਕੇ ਮਾਰ ਗਈ,
ਬਾਣ ਕਾਲਜੇ ਮੇਰੇ..."

ਨਚਾਰ ਨੇ ਗੇੜਾ ਕੱਢਿਆ। ਫੇਰ ਜਿਵੇਂ ਉਹ ਚੱਕਰੀ ਬਣ ਗਿਆ। ਸਾਜ਼ਾਂ ਦੀ ਧੰਮੜ-ਧੈਂਅ ਅਤੇ ਸਾਥੀਆਂ ਦੇ ਧੀਮੇ-ਰਸੀਲੇ ਬੋਲਾਂ ਨੇ ਅਨੋਖਾ ਰੰਗ ਬੰਨ੍ਹ ਦਿੱਤਾ।

ਰੁਲਦਾ ਗਮੰਤਰੀ ਉੱਭੜ ਕੇ ਖੜ੍ਹਾ ਹੋਇਆ। ਉਸਨੇ ਗੱਡੇ ਉਪਰੋਂ ਰੁਮਾਲ ਹਿਲਾਇਆ। ਮਲਕਾ ਦਾ ਇਕ ਰੁਪਈਆ ਆਪਣੇ ਬੁੱਲ੍ਹਾਂ ਵਿਚ ਭੀਚ ਲਿਆ। ਚੰਨਣ ਨਚਾਰ ਧਮਾਲਾਂ ਪਾਉਂਦਾ ਉਸ ਦੇ ਸਨਮੁਖ ਜਾ ਖੜ੍ਹਿਆ। ਬੜੀ ਅਦਾ ਨਾਲ ਉਸ ਨੇ ਆਪਣੇ ਦੋਵੇਂ ਹੱਥ ਜੋੜੇ ਅਤੇ ਚੁੰਗੀਆਂ ਭਰਦਾ ਵਾਪਸ ਆ ਗਿਆ।

ਛੁੱਟੀ ਆਏ ਭਾਗੇ ਨੂੰ ਜਿਵੇਂ ਸੱਤੀਂ ਕੱਪੜੀਂ ਅੱਗ ਲੱਗ ਗਈ। ਉਸ ਦੇ ਲਹ ਰੀਆਂ ਉੱਠਣ ਲੱਗੀਆਂ। ਰੁਪਿਆ ਤਾਂ ਭਾਵੇਂ ਚੰਨਣ-ਨਾਚੇ ਨੇ ਫੜਿਆ ਨਹੀਂ ਸੀ, ਪਰ ਗਮੰਤਰੀ ਪੂਰੀ ਹਵਾ ਕਰ ਗਿਆ ਸੀ।

ਐਤਕੀਂ ਚੰਨਣ ਨਚਾਰ ਦਾ ਬੋਲ ਫ਼ਿਜ਼ਾ ਵਿਚ ਗੂੰਜਿਆ :

"ਮੈਂ ਤਾਂ ਪੁੱਛਦੀ, ਖੜ੍ਹਨ ਵਾਲਿਆ,
ਕਿਸ ਨਗਰੀ ਵਿਚ ਰਹਿੰਦਾ ?
ਦਾਰੂ ਪੀ ਕੇ ਫਿਰੇ ਭੌਂਕਦਾ,
ਸਿਰੋਂ ਮੰਡਾਸਾ ਢਹਿੰਦਾ।



ਧੀਆਂ ਭੈਣਾਂ ਤੋਂ ਜਗਤ ਜਨਮਿਆ,
ਕੀ ਬੂਥੇ ਤੋਂ ਕਹਿੰਦਾ ?
ਕੁੱਤੇ ਵਾਂਗੂ ਜਬਾ ਮਾਰਦੈਂ,
ਘਰ ਕਿਵੇਂ ਟਿਕ ਬਹਿੰਦਾ ?
ਧੀਆਂ ਪਰਾਈਆਂ ਦੇ
ਨਾਲ ਚੋਬਰਾ ਖਹਿੰਦਾ।"

ਸਰੋਤਿਆਂ ਦੀ ਤਰਫ਼ ਤੋਂ 'ਅਸ਼ਕੇ', 'ਬਲਿਹਾਰੇ' ਦੇ ਅਵਾਜ਼ੇ ਉਚੇ ਹੋਏ। ਭਾਗ ਸਿੰਘ ਕੋਲ ਬੈਠੇ ਛੱਜੂ ਛੜੇ ਨੇ ਤਿੱਖੀ ਕਿਲਕਾਰੀ ਮਾਰੀ। ਪਹਿਲਾਂ ਵਰਗੀ 'ਸ਼ਾਬਾਸ਼ੇ' ਫੇਰ ਰੁਲਦੇ ਵੱਲੋਂ ਨਹੀਂ ਆਈ।

ਬੈਦਵਾਨ ਦਾ ਇਕ ਹੋਰ ਸ਼ਾਗਿਰਦ ਬੋਲੀ ਪਾਉਣ ਲਈ ਬੜੇ ਮਿਜਾਜ਼ ਨਾਲ ਖੜ੍ਹਾ ਹੋਇਆ :

"ਮੋਰ ਬੋਲਦੇ ਕੋਇਲ ਕੂਕਦੀ
ਗੂੰਜ ਪਈ ਵਿਚ ਦਰ ਦੇ।
ਛਾਤੀ ਨਾਲੋਂ ਮੁਖੜਾ ਸੋਹਣਾ,
ਨੇਤਰ ਟਹਿ-ਟਹਿ ਕਰਦੇ।
ਸੁੰਨੀਆਂ ਸੇਜਾਂ ਸੋਈ ਮਾਣਦੇ,
ਕੱਫਣ ਸਿਰਾਹਣੇ ਧਰਦੇ।
ਸਮਝ ਮਨਾ, ਸਮਝਾਅ ਨੈਣਾਂ ਨੂੰ,
ਬਿਨ ਹਥਿਆਰੋਂ ਲੜਦੇ।
ਦਿਓਰ ਕੁਆਰੇ ਦਾ
ਭਾਬੀ ਹੀਲਾ ਕਰ ਦੇ।"

ਸਾਜ਼ੀ ਚੁੱਪ ਹੋਏ। ਭਾਗੇ ਫੌਜੀ ਨੇ ਉੱਚੀ ਥੇਮੜ੍ਹੀ ਉੱਪਰੋਂ ਇਸ਼ਾਰਾ ਕੀਤਾ। ਨਚਾਰ ਬਿਜਲੀ ਦੀ ਲਿਸ਼ਕ ਵਾਂਗ ਭਾਗ ਸਿੰਘ ਦੇ ਸਾਹਮਣੇ ਆ ਬੈਠਿਆ। ਉਸ ਨੇ ਰੁਮਾਲ ਵਾਲਾ ਹੱਥ ਖ਼ਾਸ ਅਦਾ ਨਾਲ ਫੌਜੀ ਦੇ ਮੂੰਹ ਉਤੇ ਫੇਰਿਆ ਅਤੇ ਫੇਰ ਗੱਲ ਦਾਇਰੇ ਵਿਚ ਵਾਪਸ ਪਰਤ ਕੇ ਗੱਭਰੂ ਦਾ ਜਵਾਬ ਮੋੜਿਆ :

"ਤੇਲ ਬਾਝ ਨਹੀਂ ਪੱਕਦੇ ਗੁਲਗੁਲੇ,
ਦੇਖ ਰਹੀ ਅਜ਼ਮਾ ਕੇ।
ਵੱਡਿਆਂ ਘਰਾਂ ਦੇ ਹੋਣ ਤਿਹੌਲੇ
ਤਿੰਨੇ ਮੇਲ ਮਿਲਾ ਕੇ।
ਮਾੜਿਆਂ ਘਰਾਂ ਦੀਆਂ ਹੁੰਦੀਆਂ ਗੋਈਆਂ,
ਗੁੜ ਦੀ ਰੋੜੀ ਪਾ ਕੇ।
ਤੂੰ ਬਹੁਤ ਮਿਜਾਜ਼ ਕਰੇਂ,
ਵਿਚ ਮੁੰਡਿਆਂ ਦੇ ਜਾ ਕੇ।"

ਵੇਲਾਂ ਕਰਾਉਣ ਲਈ ਬੰਦੇ ਖੜ੍ਹੇ ਹੋਏ ਪਰ ਆਸਾ ਰਾਮ ਬੈਦਵਾਨ ਨੇ ਹੱਥ ਉੱਚਾ ਕੀਤਾ:

ਸਾਡੀ ਮਰਿਆਦਾ ਬਣੀ ਰਹਿਣੇ ਦਿਓ ਸਰਦਾਰੋ? ਇਹ ਸਾਡਾ ਕਿਸਬ ਨਹੀਂ, ਰੂਹ ਦੀ ਖੁਰਾਕ ਐ। ਅਸੀਂ ਰੁਪਈਆਂ ਵਾਸਤੇ ਨਹੀਂ, ਸ਼ੌਕ ਪੂਰਤੀ ਲਈ ਥੁਆਡੇ ਚਰਨਾਂ ਮੇਂ ਆਏ ਹੈਂ।"

ਬੈਦਵਾਨ ਦੀ ਜਲਸਾ ਮੰਡਲੀ ਨੇ ਰੁਪਈਆ ਨਾ ਲੈਣ ਦੀ ਪੁਰਾਣੀ ਰੀਤ ਉਸੇ ਤਰ੍ਹਾਂ ਬਰਕਰਾਰ ਰੱਖੀ ਸੀ। ਉਹ ਸਿਰਫ਼ ਪੱਕੀ ਰਸਦ ਲੈਂਦੇ। ਨਚਾਰ ਲਈ ਨਾਂ ਮਾਤਰ ਰਕਮ ਵੀ ਸਵੀਕਾਰ ਕਰਨੋਂ ਸੰਕੋਚ ਨਾ ਕਰਦੇ। ਪਰ ਜਲਸਾ ਹੁੰਦੇ ਸਮੇਂ ਕਦੇ ਵੀ ਗਾਉਣ ਭੇਟਾ ਪਰਵਾਨ ਨਾ ਕੀਤੀ ਜਾਂਦੀ।

ਆਸਾ ਰਾਮ ਦੇ ਇਸ਼ਾਰੇ ਉਤੇ ਬੋਲੀਆਂ ਪੈਣੀਆਂ ਵੀ ਬੰਦ ਹੋ ਗਈਆਂ ਜਦੋਂ ਖ਼ੁਦ ਬੈਦਵਾਨ ਦਾ ਖੂੰਡੀ ਵਾਲਾ ਹੱਥ ਹਵਾ ਵਿੱਚ ਉੱਚਾ ਉੱਠਿਆ:

"ਹੁੱਕਾ ਪੀਣਿਆਂ ਦੀ ਲੋਕੋ ਨੀਤ ਮਾੜੀ...

ਉਸ ਨੇ ਆਪਣੀ ਤੰਬਾਕੂ ਪੀਣ ਬੈਠੀ ਟੋਲੀ ਵੱਲ ਵੀ ਇਸ਼ਾਰਾ ਕੀਤਾ। ਮਿੰਨ੍ਹੀ ਜਿਹੀ ਮੁਸਕਰਾਹਟ ਉਸ ਦੇ ਬੁੱਲ੍ਹਾਂ ਉਤੇ ਖੇਡਣ ਲੱਗੀ:

...ਹੁੱਕਾ ਪੀਣਿਆਂ ਦੀ ਲੋਕੋ ਨੀਤ ਮਾੜੀ
ਲੱਕ ਬੰਨ੍ਹਿਆ ਪਾਥੀਆਂ ਚੱਕਣੇ ਨੂੰ।
ਦਾਣੇ ਚੁੱਕ ਘੁਮਾਰਾਂ ਦਿਓ ਚਿਲਮ ਲਿਆਉਂਦੇ,
ਚਿਮਟਾ ਬੰਨ੍ਹਿਆ ਚੁੱਲ੍ਹੇ ਦੇ ਪੱਟਣੇ ਨੂੰ।



ਆਸਾ ਰਾਮ ਕਹਿੰਦਾ, ਧੂੰਆਂ ਨਿਕਲ ਜਾਂਦੈ,
ਇਕ ਹੱਥ ਰੱਖੋ, ਗੋਟਾ ਦੱਬਣੇਂ ਨੂੰ।"

ਪੰਡਤ ਆਸਾ ਰਾਮ ਨੇ ਹਾਸ ਰਸ ਛੇੜੀ ਰੱਖਿਆ। ਅਮਲੀਆਂ, ਛੜਿਆਂ ਅਤੇ ਭਾਨੀਮਾਰਾਂ ਬਾਰੇ ਉਸ ਦੇ ਆਪਣੇ ਘੜੇ ਹੋਏ ਟੋਟਕੇ ਆਪ ਮੁਹਾਰੇ ਆਉਂਦੇ ਰਹੇ।

ਅੱਧੀ ਰਾਤ ਟੁੱਟੀ ਤਾਂ ਜਲਸਾ ਬੰਦ ਹੋਇਆ। ਚੰਨਣ ਨਚਾਰ ਪਤਾ ਨਹੀਂ ਉਸ ਮੌਕੇ ਕਿਧਰ ਅਲੋਪ ਹੋ ਗਿਆ। ਬਾਰੋਂ ਆਏ ਲੋਕ ਗੰਡਾਸੀਆਂ ਬਰਛੇ ਲਿਸ਼ਕਾਉਂਦੇ ਆਪਣੇ ਪਿੰਡਾਂ ਨੂੰ ਤੁਰ ਪਏ।

**(ਪੰਜਾਬੀ ਵਿਰਸਾ, ਸਤੰਬਰ 2004 'ਚੋਂ ਧੰਨਵਾਦ ਸਹਿਤ)**

* * * *

## ਖੰਡ - ਦੂਜਾ

ਪੁਆਧ ਦੇ ਵੇਖਣ ਯੋਗ ਅਸਥਾਨ



## ਖ਼ਾਲਸੇਈ ਵਿਰਾਸਤ ਦਾ ਦਰਪਣ : ਵਿਰਾਸਤ-ਏ-ਖ਼ਾਲਸਾ

**ਡਾ. ਜਸਵਿੰਦਰ ਸਿੰਘ ਧਾਲੀਵਾਲ**
**ਮੋਬਾ. 89688-00495**

ਵਿਸ਼ਵ ਪ੍ਰਸਿੱਧ ਧਾਰਮਿਕ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਖ਼ਾਲਸੇ ਦੀ ਅਮੀਰ ਵਿਰਾਸਤ ਦਾ ਦਰਪਣ ਵਿਰਾਸਤ-ਏ-ਖ਼ਾਲਸਾ ਸਥਿਤ ਹੈ। ਪੰਜਾਬ ਦੇ ਸੱਭਿਆਚਾਰ ਅਤੇ ਖ਼ਾਲਸੇ ਦੇ ਸ਼ਾਨਾਮੱਤੇ ਇਤਿਹਾਸ ਨੂੰ ਸਦੀਵੀਂ ਸਾਂਭਣ ਲਈ 1999 ਈਸਵੀ ਵਿੱਚ ਖ਼ਾਲਸੇ ਦੇ 300 ਸਾਲਾ ਸਾਜਨਾ ਦਿਵਸ ਮੌਕੇ ਤਤਕਾਲੀ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਇਹ ਅਜਾਇਬ ਘਰ ਬਣਾਉਣ ਦਾ ਨਿਰਣਾ ਲਿਆ ਅਤੇ 25 ਨਵੰਬਰ, 2011 ਨੂੰ ਇਸ ਅਜਾਇਬ ਘਰ ਦੇ ਉਦਘਾਟਨ ਉਪਰੰਤ ਇਸ ਦਾ ਪਹਿਲਾ ਭਾਗ ਲੋਕਾਂ ਦੇ ਦੇਖਣ ਲਈ ਖੋਲ੍ਹਿਆ ਗਿਆ। ਇਜ਼ਰਾਇਲ ਦੇ ਰਹਿਣ ਵਾਲੇ ਅੰਤਰਰਾਸ਼ਟਰੀ ਪ੍ਰਸਿੱਧੀ ਹਾਸਿਲ ਆਰਕੀਟੈਕਚਰ ਮੋਸ਼ੇਸ਼ੈਫਦੀ ਨੇ ਵਿਰਾਸਤ-ਏ-ਖ਼ਾਲਸਾ ਦਾ ਡਿਜ਼ਾਇਨ ਤਿਆਰ ਕੀਤਾ। ਇਸ ਅਜਾਇਬ ਘਰ ਦਾ ਪਹਿਲਾ ਨਾਂ ਖ਼ਾਲਸਾ ਹੈਰੀਟੇਜ ਮੈਮੋਰੀਅਲ ਕੰਪਲੈਕਸ ਸੀ।

ਵਿਰਾਸਤ-ਏ-ਖ਼ਾਲਸਾ ਪੰਜਾਬ ਅਤੇ ਸਿੱਖ ਧਰਮ ਦੀ ਪਰੰਪਰਾ ਦੇ 550 ਸਾਲਾਂ ਦੀ ਯਾਦ ਦਿਵਾਉਂਦਾ ਹੈ ਤੇ ਇਸ ਦਾ ਦੂਜਾ ਭਾਗ 25 ਨਵੰਬਰ, 2016 ਨੂੰ ਲੋਕ ਅਰਪਿਤ ਕੀਤਾ ਗਿਆ। ਪੰਜਾਬ ਸਰਕਾਰ ਵਲੋਂ ਇਸ ਅਜਾਇਬ ਘਰ ਦੇ ਨਿਰਮਾਣ ਲਈ 450 ਕਰੋੜ ਰੁਪਏ ਦੇ ਕਰੀਬ ਖਰਚ ਕੀਤਾ ਗਿਆ। ਤਕਰੀਬਨ 100 ਏਕੜ ਵਿੱਚ ਬਣਿਆ ਵਿਰਾਸਤ-ਏ-ਖ਼ਾਲਸਾ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਮੁੱਖ ਦੁਆਰ 'ਚੋਂ ਪ੍ਰਵੇਸ਼ ਹੁੰਦਿਆਂ ਹੀ ਸੱਜੇ ਪਾਸੇ ਡਿਜ਼ੀਟਲ ਲਾਇਬ੍ਰੇਰੀ ਤੇ ਰੀਡਿੰਗ ਹਾਲ ਆਉਂਦਾ ਹੈ। ਖੱਬੇ ਹੱਥ ਪ੍ਰਦਰਸ਼ਨੀ ਹਾਲ ਅਤੇ ਆਡੀਟੋਰੀਅਮ ਹੈ। ਇਸ ਤੋਂ ਅਗਾਂਹ 165 ਮੀਟਰ ਲੰਮਾ ਪੁਲ ਹੈ ਜਿਹੜਾ ਪੂਰਬ ਵੱਲ ਦੀ ਮੁੱਖ ਇਮਾਰਤ ਬਲਾਕ-ਏ ਅਤੇ ਬਲਾਕ-ਬੀ ਨੂੰ ਜੋੜਦਾ ਹੈ। ਪੁਲ ਪਾਰ ਕਰਨ ਸਮੇਂ ਇਕ ਵੱਖਰਾ ਦਿਲਕਸ਼ ਤੇ ਕੁਦਰਤੀ ਨਜ਼ਾਰਾ ਵੇਖਣ ਨੂੰ ਮਿਲਦਾ ਹੈ। ਹਰੇ-ਭਰੇ ਪਾਰਕ ਤੇ ਸੱਤ ਏਕੜ ਵਿੱਚ ਬਣੀ ਜਲ ਝੀਲ ਦੇ ਮਨਮੋਹਕ ਦ੍ਰਿਸ਼ ਸੈਲਾਨੀਆਂ ਦਾ ਉਚੇਚਾ ਧਿਆਨ

ਖਿੱਚਦੇ ਹਨ । ਆਲੇ-ਦੁਆਲੇ ਦੀਆਂ ਹਰਿਆਲੀ ਭਰਪੂਰ ਪਹਾੜੀਆਂ ਮਨ ਅੰਦਰ ਧੂਹ ਪਾਉਂਦੀਆਂ ਹਨ। ਪੁਲ ਦੇ ਹੇਠਾਂ ਹੀ ਸੈਲਾਨੀਆਂ ਦੇ ਖਾਣ-ਪੀਣ ਲਈ ਕੈਫੇਟੇਰੀਆ ਬਣਿਆ ਹੋਇਆ ਹੈ।

ਵਿਰਾਸਤ-ਏ-ਖ਼ਾਲਸਾ ਭਵਨ ਨਿਰਮਾਣ ਕਲਾ ਦਾ ਇੱਕ ਉੱਤਮ ਨਮੂਨਾ ਹੈ। ਸਾਰੀ ਇਮਾਰਤ ਦੀ ਉਸਾਰੀ ਕੰਕਰੀਟ ਤੋਂ ਬਣੀ ਹੈ। ਸਥਾਨਕ ਭੂਰੇ ਰੰਗ ਦੇ ਪੱਥਰ ਇਮਾਰਤ ਨੂੰ ਢੱਕਣ ਲਈ ਵਰਤੇ ਗਏ ਹਨ । ਇਸ ਅਜਾਇਬ ਘਰ ਦੀਆਂ ਵੱਡ-ਆਕਾਰੀ ਸਟੀਲ ਦੀਆਂ ਛੱਤਾਂ ਸੂਰਜ ਦੀ ਰੌਸ਼ਨੀ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਵੱਲ ਨੂੰ ਪ੍ਰਤੀਬਿੰਬਤ ਕਰਦੀਆਂ ਹਨ। ਆਰਕੀਟੈਕਚਰ ਵਲੋਂ ਪੰਜ ਪੱਤੀਆਂ ਅਤੇ ਕਿਸ਼ਤੀ ਨੁਮਾ ਇਮਾਰਤਾਂ ਰਾਹੀਂ ਪੰਜ ਦਰਿਆਵਾਂ ਦੀ ਧਰਤੀ ਅਤੇ ਪੰਜ ਪਿਆਰਿਆਂ ਦੇ ਸੰਕਲਪ ਨੂੰ ਪ੍ਰਗਟਾਇਆ ਗਿਆ ਹੈ। ਇਨ੍ਹਾਂ ਦੋਵਾਂ ਇਮਾਰਤਾਂ ਵਿੱਚ ਕੁੱਲ 27 ਗੈਲਰੀਆਂ ਹਨ ਜਿਨ੍ਹਾਂ ਵਿੱਚ ਪੁਰਾਣੇ ਪੰਜਾਬੀ ਸੱਭਿਆਚਾਰ, ਦਸ ਗੁਰੂ ਸਾਹਿਬਾਨ, ਬਾਰਾਂ ਮਿਸਲਾਂ, ਮਹਾਰਾਜਾ ਰਣਜੀਤ ਸਿੰਘ ਦੇ ਸ਼ਾਹੀ ਦਰਬਾਰ, ਈਸਟ ਇੰਡੀਆ ਕੰਪਨੀ ਦੇ ਪ੍ਰਵੇਸ਼, ਐਂਗਲੋ-ਸਿੱਖ ਜੰਗਾਂ ਅਤੇ ਅੰਗਰੇਜ਼ਾਂ ਦੇ ਕਾਬਜ਼ ਹੋਣ ਬਾਰੇ ਇਤਿਹਾਸਕ ਪਹਿਲੂਆਂ ਨੂੰ ਬਹੁਤ ਹੀ ਸੁੰਦਰ ਅਤੇ ਦਿਲ ਖਿੱਚਵੇਂ ਰੂਪ ਵਿੱਚ ਦਿਖਾਇਆ ਗਿਆ ਹੈ।

ਵਿਰਾਸਤ-ਏ-ਖ਼ਾਲਸਾ ਦੇ ਪਹਿਲੇ ਪੜਾਅ ਵਿੱਚ 14 ਗੈਲਰੀਆਂ ਹਨ ਜਿੱਥੇ ਅਤਿ-ਆਧੁਨਿਕ ਤਕਨੀਕਾਂ ਅਤੇ ਮਲਟੀਮੀਡੀਆ ਦੇ ਜ਼ਰੀਏ ਪੁਰਾਣੇ ਪੰਜਾਬੀ ਸੱਭਿਆਚਾਰ, ਰਹਿਣ-ਸਹਿਣ, ਸਿੱਖ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਮਿਲਣ ਤੱਕ ਦੇ ਇਤਿਹਾਸ ਨੂੰ ਰੂਪਮਾਨ ਕੀਤਾ ਗਿਆ ਹੈ। ਪਹਿਲੀ ਗੈਲਰੀ ਵਿੱਚ ਪ੍ਰਵੇਸ਼ ਕਰਦਿਆਂ ਹੀ ਲੋਕ-ਗੀਤਾਂ ਦੇ ਸੁਰੀਲੇ ਬੋਲ ਸੁਣਾਈ ਦਿੰਦੇ ਹਨ। ਇੱਥੇ ਹੀ 8 ਮਿੰਟਾਂ ਦੇ ਲਾਈਟ ਐਂਡ ਸਾਊਂਡ ਸ਼ੋਅ ਰਾਹੀਂ ਸੂਰਜ ਉਦੈ ਹੋਣ ਤੋਂ ਲੈ ਕੇ ਸ਼ਾਮ ਤੱਕ ਦੇ ਪੰਜਾਬੀ ਸੱਭਿਆਚਾਰ ਦੇ ਝਲਕਾਰੇ ਪੇਸ਼ ਕੀਤੇ ਗਏ ਹਨ। ਇੱਥੇ ਇਹ ਗੱਲ ਦੱਸਣਯੋਗ ਹੈ ਕਿ ਹਰ ਸੈਲਾਨੀ ਨੂੰ ਪਹਿਲੀ ਗੈਲਰੀ ਵਿੱਚ ਪ੍ਰਵੇਸ਼ ਕਰਨ ਸਮੇਂ ਸੁਣਨ ਵਾਲਾ ਯੰਤਰ ਦਿੱਤਾ ਜਾਂਦਾ ਹੈ ਜਿਹੜਾ ਸੈਂਸਰ ਜ਼ਰੀਏ ਹਰ ਗੈਲਰੀ ਵਿੱਚ ਪ੍ਰਵੇਸ਼ ਹੁੰਦਿਆਂ ਸਾਰ ਹੀ ਤਿੰਨ ਭਾਸ਼ਾਵਾਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਉਸ ਗੈਲਰੀ ਦੇ ਇਤਿਹਾਸ ਬਾਰੇ ਜਾਣੂੰ ਕਰਵਾਉਂਦਾ ਹੈ।



ਦੂਜੇ ਪੜਾਅ ਵਿੱਚ 15 ਤੋਂ ਲੈ ਕੇ 27 ਤੱਕ ਗੈਲਰੀਆਂ ਹਨ ਜਿਨ੍ਹਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਭਾਰਤ ਦੀ ਆਜ਼ਾਦੀ ਤੱਕ ਦੇ ਪੰਜਾਬ ਦੇ ਅਮੀਰ ਤੇ ਗੌਰਵਮਈ ਸਿੱਖ ਇਤਿਹਾਸ ਨੂੰ ਹਸਤਕਲਾ ਅਤਿ-ਆਧੁਨਿਕ ਥ੍ਰੀ-ਡੀ ਤਕਨੀਕ ਸਮੇਤ ਆਡੀਓ-ਵਿਜ਼ੂਅਲ (ਸੁਣਨ-ਵੇਖਣ) ਮਾਧਿਅਮ ਰਾਹੀਂ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਇਕ ਲੜੀ ਵਿਚ ਪਰੋਇਆ ਗਿਆ ਹੈ। ਇੱਥੇ ਹੀ ਸਿਲੀਕਾਨ ਤੋਂ ਬਣੇ ਬੁੱਤ ਅਸਲੀ ਅਤੇ ਮੂੰਹੋਂ ਬੋਲਦੇ ਪ੍ਰਤੀਤ ਹੁੰਦੇ ਹਨ। ਮਾਸਟਰ ਤਾਰਾ ਸਿੰਘ ਦਾ ਭਾਸ਼ਣ ਦਿੰਦਾ ਹੋਇਆ ਬੁੱਤ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੋਇਆ ਉਨ੍ਹਾਂ ਦਾ ਧਿਆਨ ਉਚੇਚੇ ਰੂਪ ਵਿਚ ਖਿੱਚਦਾ ਹੈ।

ਵਿਰਾਸਤ-ਏ-ਖ਼ਾਲਸਾ ਦੇਸ਼ ਵਿੱਚ ਸਭ ਤੋਂ ਵੱਧ ਵੇਖਿਆ ਜਾਣ ਵਾਲਾ ਅਜਾਇਬ ਘਰ ਹੈ। ਅਕਸਰ ਹੀ ਵੱਡੀ ਗਿਣਤੀ ਵਿੱਚ ਇੱਥੇ ਸੈਲਾਨੀਆਂ ਦੀ ਆਮਦ ਬਣੀ ਰਹਿੰਦੀ ਹੈ। ਰਿਕਾਰਡ ਤੋੜ ਦਰਸ਼ਕਾਂ ਵਲੋਂ ਵੇਖੇ ਜਾਣ ਕਰਕੇ ਇਸ ਦਾ ਨਾਂ 'ਲਿਮਕਾ ਬੁੱਕ ਆਫ ਰਿਕਾਰਡਜ਼', ਏਸ਼ੀਆ ਬੁੱਕ ਆਫ ਰਿਕਾਰਡਜ਼' ਅਤੇ 'ਵਰਲਡ ਬੁੱਕ ਆਫ ਰਿਕਾਰਡਜ਼' ਵਿੱਚ ਦਰਜ ਹੋ ਚੁੱਕਾ ਹੈ। ਦੇਸ਼-ਵਿਦੇਸ਼ ਦੀਆਂ ਪ੍ਰਮੁੱਖ ਹਸਤੀਆਂ ਕੈਨੇਡਾ ਦੇ ਪ੍ਰਧਾਨ ਮੰਤਰੀ, ਮੌਰੀਸ਼ਸ ਦੇ ਰਾਸ਼ਟਰਪਤੀ, ਵੱਖ-ਵੱਖ ਸੂਬਿਆਂ ਦੇ ਰਾਜਪਾਲ, ਮੁੱਖ ਮੰਤਰੀ, ਕੈਬਨਿਟ ਮੰਤਰੀ ਰਾਜਦੂਤ ਅਤੇ ਮੈਂਬਰ ਪਾਰਲੀਮੈਂਟ ਇਸਦੇ ਦਰਸ਼ਨ ਕਰ ਚੁੱਕੇ ਹਨ।

ਸੈਰ-ਸਪਾਟਾ ਵਿਭਾਗ, ਪੰਜਾਬ ਵਲੋਂ ਬੜੇ ਸੁਚੱਜੇ ਢੰਗ ਨਾਲ ਵਿਰਾਸਤ-ਏ-ਖ਼ਾਲਸਾ ਦੀ ਸਾਂਭ-ਸੰਭਾਲ ਅਤੇ ਸੰਚਾਲਨ ਕੀਤਾ ਜਾ ਰਿਹਾ ਹੈ। ਇਸ ਦੀ ਸਾਂਭ-ਸੰਭਾਲ ਅਤੇ ਸੈਲਾਨੀਆਂ ਦੀ ਸਹੂਲਤ ਲਈ ਤਿੰਨ ਭਾਂਤੀ ਲਗਭਗ 150 ਸਟਾਫ਼ ਮੈਂਬਰਜ਼ (1. ਸਕਿਓਰਿਟੀਸਟਾਫ਼ - ਦਰਸ਼ਕਾਂ ਤੇ ਬਿਲਡਿੰਗ ਦੀ ਸੁਰੱਖਿਆ ਲਈ, 2. ਸਮਾਨ ਦੇ ਰੱਖ-ਰਖਾਵ ਲਈ ਸਟਾਫ਼, 3. ਮਾਰਗ ਦਰਸ਼ਨ ਲਈ ਸਟਾਫ਼ ) ਦਾ ਪ੍ਰਬੰਧ ਕੀਤਾ ਗਿਆ ਹੈ ਜਿਹੜੇ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦੇ ਹਨ। ਸੈਲਾਨੀ ਦਿਨ ਸੋਮਵਾਰ ਨੂੰ ਛੱਡ ਕੇ ਹਫ਼ਤੇ ਦੇ ਬਾਕੀ ਦਿਨ ਸਵੇਰੇ 10:00 ਵਜੇ ਤੋਂ ਸ਼ਾਮ 4:30 ਵਜੇ ਤੱਕ ਟਿਕਟ ਕਾਊਂਟਰ ਉੱਤੇ ਆਪਣਾ ਪਛਾਣ ਪੱਤਰ ਦਿਖਾ ਕੇ ਪਾਸ ਲੈ ਕੇ ਇਹ ਅਜਾਇਬ ਘਰ ਵੇਖ ਸਕਦੇ ਹਨ। ਵਿਰਾਸਤ-ਏ-ਖ਼ਾਲਸਾ ਨੂੰ ਵੇਖਣ ਲਈ ਪਾਸ ਫ੍ਰੀ ਮਿਲਦਾ ਹੈ ਤੇ ਇਕ ਪਾਸ ਨਾਲ 10 ਦਰਸ਼ਕ ਇਸ ਦੇ

ਦਰਸ਼ਨ ਕਰ ਸਕਦੇ ਹਨ। ਰੋਜ਼ਾਨਾ ਲਗਭਗ 5200 ਤੋਂ ਵੱਧ ਸੈਲਾਨੀ ਇਸ ਅਜਾਇਬ ਘਰ ਦੇ ਦਰਸ਼ਨ ਕਰਦੇ ਹਨ। ਇਹ ਮੁਕੱਦਸ ਸਥਾਨ ਚੰਡੀਗੜ੍ਹ ਤੋਂ 95 ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ। ਰੇਲ ਤੇ ਸੜਕ ਮਾਰਗ ਰਾਹੀਂ ਇੱਥੇ ਸੌਖਿਆਂ ਪਹੁੰਚਿਆ ਜਾ ਸਕਦਾ ਹੈ। ਚੰਡੀਗੜ੍ਹ ਤੋਂ ਨੰਗਲ-ਊਨਾ ਜਾਣ ਵਾਲੀਆਂ ਸਾਰੀਆਂ ਰੇਲ ਗੱਡੀਆਂ ਅਤੇ ਬੱਸਾਂ ਸ੍ਰੀ ਅਨੰਦਪੁਰ ਸਾਹਿਬ 'ਚੋਂ ਲੰਘਦੀਆਂ ਹਨ। ਸਭ ਤੋਂ ਨੇੜੇ ਦਾ ਹਵਾਈ ਅੱਡਾ ਲਗਪਗ 100 ਕਿਲੋਮੀਟਰ ਦੀ ਦੂਰੀ ਉੱਤੇ ਚੰਡੀਗੜ੍ਹ ਵਿਖੇ ਹੈ। ਅਸੀਂ ਕਹਿ ਸਕਦੇ ਹਾਂ ਕਿ ਵਿਰਾਸਤ-ਏ ਖਾਲਸਾ ਸਿੱਖ ਪੰਥ ਦੀ ਅਮੀਰ ਇਨਕਲਾਬੀ ਵਿਰਾਸਤ ਅਤੇ ਪੰਜਾਬ ਦੇ ਇਤਿਹਾਸ ਅਤੇ ਸਭਿਆਚਾਰ ਦੇ ਖ਼ਜ਼ਾਨੇ ਨੂੰ ਸਦੀਵੀ ਪ੍ਰੇਰਨਾ ਲਈ ਹੋਂਦ ਵਿੱਚ ਲਿਆਉਣ ਲਈ ਚਿਤਵਿਆ ਗਿਆ ਸੀ। ਮਨੋਰਥ ਇਹ ਵੀ ਸੀ ਕਿ ਸ੍ਰੀ ਆਨੰਦਪੁਰ ਸਾਹਿਬ ਵਿਖੇ ਆਉਣ ਵਾਲੇ ਯਾਤਰੀ ਮਹਾਨ ਸਿੱਖ ਗੁਰੂਆਂ ਦੀ ਦੂਰ-ਦ੍ਰਿਸ਼ਟੀ ਅਤੇ ਮਹਾਨ ਸੰਦੇਸ਼ਾਂ ਤੋਂ ਜਾਣੂ ਹੋ ਸਕਣ। ਗੁਰਧਾਮਾਂ ਉੱਪਰ ਬਣੇ ਗੋਲ ਗੁੰਬਦਾਂ ਵਾਲਾ ਇਹ ਅਜਾਇਬ ਘਰ ਚਾਪ ਰੂਪ ਛੱਤਾਂ ਵਾਲਾ ਹੈ ਅਤੇ ਇਸ ਨੂੰ ਅਕਾਸ਼ ਮੁਖੀ ਬਣਾਇਆ ਗਿਆ ਹੈ।

******



## ਦਾਸਤਾਨ-ਏ ਸ਼ਹਾਦਤ - ਸ੍ਰੀ ਚਮਕੌਰ ਸਾਹਿਬ

- ਸਤਵਿੰਦਰ ਸਿੰਘ ਮੜੌਲਵੀ
ਮੋਬਾ. 94634-92426

- ਪੰਜਾਬ ਦਾ ਪੁਆਧੀ ਖੇਤਰ ਜਿੱਥੇ ਆਪਣੀ ਉਪ ਬੋਲੀ 'ਪੁਆਧੀ' ਕਰਕੇ ਵਿਲੱਖਣ ਹੈ, ਉਥੇ ਇਸ ਧਰਤੀ ਦੀ ਸਿੱਖ ਇਤਿਹਾਸ ਵਿੱਚ ਵੀ ਆਪਣੀ ਵੱਖਰੀ ਮਹਾਨਤਾ ਹੈ। ਇਸ ਧਰਤੀ ਨੂੰ ਇਹ ਮਾਣ ਪ੍ਰਾਪਤ ਹੈ ਕਿ ਉਸ ਨੇ ਸਮੇਂ-ਸਮੇਂ ਗੁਰੂ ਸਾਹਿਬਾਨਾਂ ਦੀ ਨੂਰੀ ਹੋਂਦ ਨੂੰ ਆਪਣੀ ਬੁੱਕਲ ਵਿੱਚ ਸਮੋਈ ਰੱਖਿਆ ਹੈ।
- ਪੇਂਡੂ ਖੇਤਰ ਨਾਲ ਜਾਣੀ ਜਾਂਦੀ ਧਰਤੀ ਸ੍ਰੀ ਚਮਕੌਰ ਸਾਹਿਬ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਉਨ੍ਹਾਂ ਦੇ ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਅਤੇ ਹੋਰ ਸਿੱਖ ਯੋਧਿਆਂ ਦੀ ਚਰਨ-ਛੂਹ ਪ੍ਰਾਪਤ ਪਵਿੱਤਰ ਸਥਾਨ ਹੈ।
- ਜ਼ਿਲ੍ਹਾ ਰੂਪਨਗਰ ਦੀ ਤਹਿਸੀਲ ਸ੍ਰੀ ਚਮਕੌਰ ਸਾਹਿਬ, ਪਹਿਲਾਂ ਪਹਿਲ ਇਕ ਕਸਬੇ ਦੇ ਰੂਪ ਵਿੱਚ ਜਾਣਿਆ ਜਾਂਦਾ ਸੀ ਪਰ ਹੁਣ ਇਹ ਇਕ ਉੱਘੇ ਸ਼ਹਿਰ ਦਾ ਰੂਪ ਧਾਰਨ ਕਰ ਚੁੱਕਾ ਹੈ।
- ਪੰਜਾਬ ਸਰਕਾਰ ਵੱਲੋਂ ਇਸ ਧਰਤੀ 'ਤੇ ਭਾਖੜਾ-ਸਰਹਿੰਦ ਨਹਿਰ ਕੋਲ, ਰਮਣੀਕ ਥਾਂ ਉੱਤੇ ਉਸਾਰਿਆ ਗਿਆ; ਸਿੱਖ ਕੌਮ ਦੀ ਵੱਡੀ ਯਾਦਗਾਰ ਵਜੋਂ ਸਥਾਪਿਤ ਥੀਮ ਪਾਰਕ 'ਦਾਸਤਾਨ-ਏ- ਸ਼ਹਾਦਤ' ਸ੍ਰੀ ਚਮਕੌਰ ਸਾਹਿਬ ਦੀ ਪਛਾਣ ਨੂੰ ਹੋਰ ਜ਼ਿਆਦਾ ਗੂੜ੍ਹਾ ਕਰਦਾ ਹੈ।
- 'ਖਾਲਸੇ ਦੀ ਧਰਤੀ' ਵਜੋਂ ਜਾਣੀ ਜਾਂਦੀ ਪਵਿੱਤਰ ਗੁਰੂ ਨਗਰੀ ਸ੍ਰੀ ਆਨੰਦਪੁਰ ਸਾਹਿਬ ਤੋਂ ਕਿਲ੍ਹਾ ਅਨੰਦਗੜ੍ਹ ਛੱਡਣ ਉਪਰੰਤ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਆਪਣੇ ਪਰਿਵਾਰ ਅਤੇ ਸਿੰਘਾਂ ਦੀ ਫ਼ੌਜ ਸਮੇਤ, ਸਰਸਾ ਨਦੀ ਵੱਲ ਆਏ ਤਾਂ ਇੱਥੇ ਉਨ੍ਹਾਂ ਦਾ ਪਰਿਵਾਰ ਵਿੱਛੜ ਗਿਆ।

- ਮਾਤਾ ਗੁਜਰੀ ਜੀ ਅਤੇ ਗੁਰੂ ਸਾਹਿਬ ਦੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਮੋਰਿੰਡਾ ਵੱਲ ਨੂੰ ਹੋ ਨਿਕਲੇ ਅਤੇ ਗੁਰੂ ਸਾਹਿਬ ਆਪਣੇ ਦੋਵੇਂ ਵੱਡੇ ਸਾਹਿਬਜ਼ਾਦਿਆਂ ਅਤੇ 42 ਕੁ ਸਿੰਘ ਸੂਰਮਿਆਂ ਸਮੇਤ ਸ੍ਰੀ ਚਮਕੌਰ ਸਾਹਿਬ ਦੀ ਧਰਤੀ 'ਤੇ ਪਹੁੰਚ ਗਏ।
- ਇੱਥੇ ਆ ਕੇ ਗੁਰੂ ਸਾਹਿਬ ਨੇ 'ਚਮਕੌਰ ਦੀ ਕੱਚੀ ਗੜ੍ਹੀ' ਵਿਖੇ ਆਪਣੇ ਸਾਥੀਆਂ ਸਮੇਤ ਟਿਕਾਣਾ ਕੀਤਾ।
- 1704 ਈਸਵੀਂ ਵਿਚ ਹੋਇਆ ਇਹ ਮਹਾਂਯੁੱਧ, 'ਸਾਕਾ ਚਮਕੌਰ ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹੈ।
- ਗੁਰੂ ਸਾਹਿਬ ਦੀ ਯੋਗ ਅਗਵਾਈ ਵਿਚ ਇੱਕ-ਇੱਕ ਸਿੰਘ, ਦਲੇਰੀ ਅਤੇ ਬਹਾਦਰੀ ਨਾਲ ਲੱਖਾਂ ਮੁਗ਼ਲਾਂ ਦੇ ਨਾਲ ਭਿੜਿਆ ਅਤੇ ਜੰਗ ਦੇ ਮੈਦਾਨ ਵਿੱਚ ਲਾਸਾਨੀ ਸ਼ਹਾਦਤ ਪ੍ਰਾਪਤ ਕੀਤੀ। ਇਸ ਯੁੱਧ ਦਾ ਸਭ ਤੋਂ ਦੁਖਾਂਤਕ ਪੰਨਾ ਇਹ ਹੈ ਇਸ ਵਿਚ ਗੁਰੂ ਸਾਹਿਬ ਦੇ ਦੋਵੇਂ ਵੱਡੇ ਸਾਹਿਬਜ਼ਾਦੇ, ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਵੀ ਸ਼ਹੀਦੀ ਪ੍ਰਾਪਤ ਕਰ ਗਏ।
- ਪੰਜਾਬ ਸਰਕਾਰ ਵੱਲੋਂ ਸ੍ਰੀ ਚਮਕੌਰ ਸਾਹਿਬ ਵਿਖੇ ਬਣਾਈ ਗਈ, ਸਿੱਖ ਕੌਮ ਦੇ ਮਹਾਨ ਇਤਿਹਾਸ ਨੂੰ ਵਿਰਾਸਤੀ ਰੂਪ ਵਿਚ ਦਰਸਾਉਂਦੀ ਯਾਦਗਾਰ, 'ਦਾਸਤਾਨ-ਏ-ਸ਼ਹਾਦਤ' ਪੰਜਾਬ ਅਤੇ ਖ਼ਾਸਕਰ ਸਿੱਖ ਕੌਮ ਲਈ ਅਥਾਹ ਸ਼ਰਧਾ ਅਤੇ ਮਾਣ ਕਰਨਯੋਗ ਹੈ।

  ਇਸ ਥੀਮ ਪ੍ਰੋਜੈਕਟ ਦੀ ਨੀਂਹ, ਸੰਨ 2006 ਵਿਚ ਰੱਖੀ ਗਈ ਸੀ ਪਰ ਕਰੀਬ ਪੰਦਰਾਂ ਸਾਲਾਂ ਦੇ ਲੰਮੇ ਵਕਫ਼ੇ ਬਾਅਦ, ਇਹ ਖ਼ੂਬਸੂਰਤ ਯਾਦਗਾਰ ਸਾਲ 2021 ਦੇ ਅੰਤਲੇ ਸਮੇਂ ਵਿਚ ਆ ਕੇ ਮੁਕੰਮਲ ਹੋਈ ਹੈ।
- ਤੱਤਕਾਲੀ ਮੁੱਖ ਮੰਤਰੀ ਪੰਜਾਬ, ਸ. ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪ੍ਰੋਹਿਤ ਨੇ ਇਸ ਵਿਸ਼ਾਲ ਥੀਮ ਪਾਰਕ ਦਾ ਉਦਘਾਟਨ 19 ਨਵੰਬਰ, 2021 ਨੂੰ ਆਪਣੇ ਕਰ ਕਮਲਾਂ ਨਾਲ ਕੀਤਾ।



- 22 ਨਵੰਬਰ 2021 ਨੂੰ ਇਹ ਯਾਦਗਰ ਆਮ ਲੋਕਾਂ ਲਈ ਖੋਲ੍ਹ ਦਿੱਤੀ ਗਈ।
- ਲਗਭਗ 14 ਏਕੜ ਦੇ ਰਕਬੇ ਵਿੱਚ ਫੈਲੀ ਇਹ ਵੇਖਣਯੋਗ ਥੀਮ ਪਾਰਕ, ਇਮਾਰਤ-ਕਲਾ ਦਾ ਇੱਕ ਵਧੀਆ ਨਮੂਨਾ ਹੈ।
- ਜਾਣਕਾਰੀ ਅਨੁਸਾਰ ਇਸਨੂੰ ਡਿਜ਼ਾਇਨ ਸ੍ਰੀ ਅਮਰ ਬਹਿਲ ਅਤੇ ਵਿਰਾਸਤ-ਏ-ਖਾਲਸਾ ਨੂੰ ਤਿਆਰ ਕਰਨ ਵਾਲੀ ਪ੍ਰਸਿੱਧ ਤਕਨੀਕੀ ਮਾਹਿਰਾਂ ਦੀ ਟੀਮ ਨੇ ਤਿਆਰ ਕੀਤਾ ਹੈ।
- ਕਾਰੀਗਰਾਂ ਨੇ ਇਸ ਨੂੰ ਬੜੀ ਮਿਹਨਤ ਤੇ ਮਜ਼ਬੂਤੀ ਨਾਲ, ਟਾਇਲ ਇੱਟਾਂ ਨਾਲ ਬੜੇ ਸੁੰਦਰ ਢੰਗ ਨਾਲ ਬਣਾਇਆ ਹੈ ਅਤੇ ਲਾਲ ਰੰਗ ਵਿੱਚ ਪ੍ਰਾਚੀਨ ਸਮੇਂ ਦੀ ਇਮਾਤਰਸਾਜ਼ੀ ਦੀ ਦਿੱਖ ਪ੍ਰਦਾਨ ਕੀਤੀ ਹੈ।
- 'ਦਾਸਤਾਨ-ਏ- ਸ਼ਹਾਦਤ' ਦੀ ਮੁੱਖ ਇਮਾਰਤ ਨੂੰ ਗੁਲਾਈਦਾਰ ਉਸਾਰ ਕੇ ਵੱਖ-ਵੱਖ ਗੈਲਰੀਆਂ ਦਾ ਰੂਪ ਦਿੱਤਾ ਅਤੇ ਇਨ੍ਹਾਂ ਦੇ ਬਾਹਰ ਕੰਧਾਂ ਉੱਤੇ ਯੁੱਧ ਨੂੰ ਦਰਸਾਉਂਦੀਆਂ ਕਲਾਕ੍ਰਿਤਾਂ ਬਹੁਤ ਹੀ ਖ਼ੂਬਸੂਰਤ ਰੂਪ ਵਿਚ ਤਿਆਰ ਕੀਤੀਆਂ ਗਈਆਂ ਹਨ ਜੋ ਕਿ ਇਸਨੂੰ ਹੋਰ ਆਕ੍ਰਸ਼ਿਤ ਬਣਾਉਂਦੀਆਂ ਹਨ।
- ਇਸ ਥੀਮ ਪਾਰਕ ਦੇ ਖੁੱਲ੍ਹੇ ਖੇਤਰ ਵਿਚ ਬਹੁਤ ਹੀ ਖ਼ੂਬਸੂਰਤ ਹਰੇ ਭਰੇ ਲਾਅਨ ਹਨ, ਜੋ ਪ੍ਰਵੇਸ਼ ਕਰਦੇ ਸਾਰ ਹੀ ਦਰਸ਼ਕ ਦਾ ਧਿਆਨ ਆਪਣੇ ਵੱਲ ਖਿੱਚਦੇ ਹੋਏ ਮਨ ਨੂੰ ਇਕ ਵੱਖਰੀ ਤਰ੍ਹਾਂ ਦਾ ਸੁਖ਼ਦ ਅਹਿਸਾਸ ਕਰਵਾਉਂਦੇ ਹਨ।
- ਇੱਥੇ ਸਟੀਲ ਦਾ ਇੱਕ ਵੱਡਾ ਖੰਡਾ ਸਾਹਿਬ ਬਣਾਇਆ ਗਿਆ ਹੈ, ਜਿਸ ਦੀ ਉੱਚਾਈ ਕੋਈ ਤੀਹ ਫੁੱਟ ਹੈ। ਇਸਦੇ ਆਲੇ-ਦੁਆਲੇ ਫੁਹਾਰੇ ਵੀ ਲਗਾਏ ਗਏ ਹਨ ਜੋ ਸਿੱਖ ਕੌਮ ਦੇ ਪ੍ਰਤੀਕ ਨੂੰ ਚਾਰ ਚੰਨ ਲਗਾ ਦਿੰਦੇ ਹਨ। ਇਹ ਇੱਕ ਕਿਸਮ ਦਾ 'ਵਾਟਰ ਸ਼ੋਅ' ਦਰਸਾਇਆ ਗਿਆ ਹੈ।
- ਸਟੀਲ ਦੇ ਨਾਲ ਹੀ ਅੰਦਰ ਗੈਲਰੀਆਂ ਦੇ ਵਿਹੜੇ ਵਿਚ ਬਣੀਆਂ ਹੋਈਆਂ ਦਸ ਦਸ ਮੀਟਰ ਉੱਚੀਆਂ ਕਿਰਪਾਨਾਂ ਦਾ ਮਾਡਲ ਵੀ ਦਰਸ਼ਕਾਂ ਦਾ ਖ਼ਾਸ ਤੌਰ 'ਤੇ ਧਿਆਨ ਖਿੱਚਦਾ ਹੈ।

- ਥਾਹਰ, ਇਕ ਪਾਸੇ ਤਾਂਬੇ ਦੀ ਧਾਤ ਦੇ ਵੱਡ-ਅਕਾਰੀ ਪੰਜ ਘੋੜਿਆਂ ਦੇ ਬੁੱਤ/ਮਾਡਲ ਬਣਾਏ ਗਏ ਹਨ ਜਿਨ੍ਹਾਂ ਉੱਤੇ ਸਵਾਰ ਸਿੱਖ ਯੋਧੇ ਪੂਰੇ ਯੁੱਧ ਕਰਨ ਦੇ ਐਕਸ਼ਨ ਵਿਚ ਦਰਸਾਏ ਗਏ ਹਨ।
- ਇਸੇ ਥੀਮ ਪਾਰਕ ਵਿੱਚ ਇੱਕ ਪਾਸੇ 42 ਯਾਦਗਾਰੀ ਸਮਾਰਕ (ਸਤੰਭ) ਸਥਾਪਿਤ ਕੀਤੇ ਗਏ ਹਨ ਜਿਨ੍ਹਾਂ ਉੱਤੇ ਸ੍ਰੀ ਚਮਕੌਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋਏ, ਗੁਰੂ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦਿਆਂ ਸਮੇਤ ਬਾਕੀ ਸਿੱਖ ਯੋਧਿਆਂ ਦੇ ਨਾਮ ਅੰਕਿਤ ਕੀਤੇ ਗਏ ਹਨ। ਇਸ ਜਤਨ ਨਾਲ ਸ਼ਰਧਾਲੂ ਦਰਸ਼ਕਾਂ ਸਾਹਮਣੇ, ਇਨ੍ਹਾਂ ਸਾਰੇ ਸਿੱਖ ਸੂਰਬੀਰਾਂ ਦੀ ਇੱਕ ਸੂਚੀ ਝੱਟ ਹੀ ਸਾਹਮਣੇ ਆ ਜਾਂਦੀ ਹੈ ਜੋ ਵਧੇਰੇ ਯਾਦ ਰੱਖਣ ਯੋਗ ਬਣ ਜਾਂਦੀ ਹੈ।
- ਸਰਕਾਰੀ ਸੂਤਰਾਂ ਮੁਤਾਬਕ ਇਸ ਥੀਮ ਪਾਰਕ ਪ੍ਰੋਜੈਕਟ ਨੂੰ ਮੁਕੰਮਲ ਕਰਨ ਲਈ 55 ਕਰੋੜ ਰੁਪਏ ਖਰਚ ਹੋਏ ਹਨ।
- ਇਸ ਨੂੰ ਬਣਾਉਣ ਲਈ, ਭਾਰਤ ਭਰ ਤੋਂ ਉੱਚ ਦਰਜੇ ਦੇ ਕਾਰੀਗਰਾਂ ਦੀਆਂ ਸੇਵਾਵਾਂ ਲਈਆਂ ਗਈਆਂ ਹਨ; ਜਿਨ੍ਹਾਂ ਨੇ ਇਸ ਨੂੰ ਤਿਆਰ ਕਰਨ ਲਈ ਆਪਣੇ ਹਿੱਸੇ ਆਏ ਕੰਮ ਨੂੰ ਉੱਤਮ ਦਿੱਖ ਪ੍ਰਦਾਨ ਕਰਕੇ ਨੇਪਰੇ ਚਾੜ੍ਹਿਆ ਹੈ। ਉਦਾਹਰਨ ਦੇ ਤੌਰ ’ਤੇ ਜਿਵੇਂ ਤਾਂਬੇ ਦੇ ਘੋੜਿਆਂ ’ਤੇ ਸਵਾਰ ਸਿੱਖ ਯੋਧਿਆਂ ਦੇ ਮਾਡਲਾਂ ਨੂੰ ਵਿਸ਼ੇਸ਼ ਤੌਰ ’ਤੇ ਪੱਛਮੀ ਬੰਗਾਲ ਦੇ ਕਾਰੀਗਰਾਂ ਨੇ ਤਿਆਰ ਕੀਤਾ ਹੈ।
- ਇਸ ਥੀਮ ਪਾਰਕ ਦੇ ਪ੍ਰੋਜੈਕਟ ਅੰਦਰ ਤਿਆਰ ਕੀਤੀ ਗਈ, ‘ਦਾਸਤਾਨ-ਏ ਸ਼ਹਾਦਤ’ ਦੀ ਮੁੱਖ ਇਮਾਰਤ ਨੂੰ ਕੁੱਲ 11 ਗੈਲਰੀਆਂ ਦੇ ਰੂਪ ਵਿਚ ਵੰਡ ਕੇ ਬੜੀ ਸੂਝ ਨਾਲ ਤਿਆਰ ਕੀਤਾ ਗਿਆ ਹੈ।
- ਸ਼ਰਧਾਲੂ ਦਰਸ਼ਕਾਂ ਦੀ ਜਾਣਕਾਰੀ ਲਈ ਇਨ੍ਹਾਂ ਗੈਲਰੀਆਂ ਦੀ ਕਾਰਜਸ਼ੈਲੀ ਨੂੰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਤੱਕ ਦੇ ਗੌਰਵਸ਼ਾਲੀ ਇਤਿਹਾਸਿਕ ਘਟਨਾਕ੍ਰਮ ਨੂੰ ਬਹੁਤ ਹੀ ਵਿਉਂਤਬੰਦੀ ਨਾਲ ਤਿਆਰ ਕਰਕੇ ਪ੍ਰਦਰਸ਼ਿਤ ਕਰਨ ਦਾ ਅਤਿ-ਆਧੁਨਿਕ ਕਾਰਜ ਕੀਤਾ ਗਿਆ ਹੈ।



- ਇਨ੍ਹਾਂ ਵਿੱਚੋਂ ਜ਼ਿਆਦਾਤਰ ਗੈਲਰੀਆਂ ਨੂੰ ਵੱਖ-ਵੱਖ ਤਰ੍ਹਾਂ ਦਾ ਥੀਏਟਰ ਰੂਪ ਦੇ ਕੇ, ਇਨ੍ਹਾਂ ਵਿਚ ਚੱਲਣ ਵਾਲੀਆਂ ਐਮੀਨੇਸ਼ਨ ਫ਼ਿਲਮਾਂ ਨੂੰ ਸਿੱਖ ਕੌਮ ਦੇ ਇਤਿਹਾਸ ਦਾ ਕੇਂਦਰ ਬਣਾਇਆ ਗਿਆ ਹੈ; ਤਾਂ ਜੋ ਦਰਸ਼ਕਾਂ ਨੂੰ ਸੰਖੇਪ ਪਰ ਭਾਵਪੂਰਤ ਜਾਣਕਾਰੀ ਪ੍ਰਦਾਨ ਕੀਤੀ ਜਾ ਸਕੇ।
- ਪਹਿਲੀ ਗੈਲਰੀ ਨੂੰ ਇੱਕ ਡੋਮ ਦਾ ਆਕਾਰ ਦੇ ਕੇ ਇਸ ਦੀ ਛੱਤ ਉੱਤੇ ਵਿਸ਼ਾਲ ਸਕ੍ਰੀਨ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੱਕ ਬਹੁਮੱਲੀ ਜਾਣਕਾਰੀ ਹੈ।
- ਦੂਜੀ ਗੈਲਰੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਉਪਰੰਤ, ਆਪ ਦਾ ਸੀਸ ਚਾਂਦਨੀ ਚੌਕ ਦਿੱਲੀ ਤੋਂ ਬੜੀ ਸ਼ਰਧਾ, ਦਲੇਰੀ ਅਤੇ ਬਹਾਦਰੀ ਨਾਲ ਚੁੱਕ ਕੇ ਲੈ ਕੇ ਆਉਣ ਵਾਲੇ ਮਹਾਨ ਸਿੱਖ ਯੋਧੇ, ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ) ਨਾਲ ਸੰਬੰਧਿਤ ਹੈ। ਇਸ ਮਹਾਨ ਕਾਰਜ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਆਪਣੀ ਛਾਤੀ ਨਾਲ ਲਾ ਕੇ ‘ਰੰਘਰੇਟੇ ਗੁਰੂ ਕੇ ਬੇਟੇ’ ਹੋਣ ਦਾ ਵੱਡਾ ਮਾਣ ਬਖ਼ਸ਼ਿਆ ਸੀ।
- ਇਸ ਛੋਟੇ ਆਕਾਰ ਦੀ ਗੈਲਰੀ ਨੂੰ ਭਾਵੇਂ ਥੀਏਟਰ ਰੂਪ ਵਿੱਚ ਨਹੀਂ ਦਰਸਾਇਆ ਗਿਆ ਪਰ ਉਸ ਸਮੇਂ ਦੇ ਦ੍ਰਿਸ਼ ਨੂੰ ਇੰਨੀ ਕਮਾਲ ਨਾਲ ਮੂਰਤੀਮਾਨ ਕੀਤਾ ਹੈ ਕਿ ਦੇਖ ਕੇ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਭਾਈ ਜੈਤਾ ਜੀ ਸੱਚਮੁੱਚ ਹੀ ਸਾਡੀਆਂ ਅੱਖਾਂ ਦੇ ਸਾਹਮਣੇ ਬੜੀ ਸ਼ਰਧਾ ਤੇ ਹਿਫ਼ਾਜ਼ਤ ਨਾਲ ਨੌਵੇਂ ਪਾਤਸ਼ਾਹ ਦਾ ਨੂਰੀ ਸੀਸ, ਆਪਣੀ ਬੁੱਕਲ ਵਿੱਚ ਲੈ ਕੇ ਬੈਠੇ ਹੋਣ।
- ਇਸੇ ਪ੍ਰਕਾਰ ਅਗਲੀਆਂ ਗੈਲਰੀਆਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਮਹਾਨ ਇਤਿਹਾਸਿਕ ਘਟਨਾਵਾਂ ‘ਖ਼ਾਲਸਾ ਪੰਥ ਦੀ ਸਾਜਨਾ’, ਕਿਲ੍ਹਾ ਅਨੰਦਗੜ੍ਹ ਛੱਡਣ ਤੋਂ ਬਾਅਦ ਸਰਸਾ ਦੇ ਕੰਢੇ ’ਤੇ ਪਿਆ ਆਪ ਜੀ ਦੇ ਪਰਿਵਾਰ ਦਾ ਵਿਛੋੜਾ, ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਦਾ ਗੰਗੂ ਦੇ ਘਰ ਜਾਣਾ ਅਤੇ ਮੋਰਿੰਡਾ ਦੀ

ਕੋਤਵਾਲੀ ਤੋਂ ਲੈ ਕੇ ਸੂਬਾ ਸਰਹਿੰਦ ਦੇ ਵਜ਼ੀਰ ਖ਼ਾਨ ਦੀ ਕਚਹਿਰੀ ਦੇ ਦ੍ਰਿਸ਼ ਬਹੁਤ ਹੀ ਭਾਵੁਕ ਕਰ ਦੇਣ ਵਾਲੇ ਪਲਾਂ ਨਾਲ ਪੇਸ਼ ਕੀਤੇ ਗਏ ਹਨ।

- ਇਸੇ ਪ੍ਰਕਾਰ ਦਰਸ਼ਕ, ਅੱਗੇ ਹੋਰ ਵੇਖਦੇ ਹਨ ਕਿ ਕਿਵੇਂ ਸ੍ਰੀ ਚਮਕੌਰ ਸਾਹਿਬ ਵਿਖੇ 'ਕੱਚੀ ਗੜ੍ਹੀ ਚਮਕੌਰ ਦੀ ਮਹਾਂ ਜੰਗ ਹੋਈ। ਇਸ ਗੈਲਰੀ ਵਿਚ ਫ਼ਿਲਮ ਦਾ ਪ੍ਰਦਰਸ਼ਨ, ਛੱਤ ਤੋਂ ਥੱਲੇ ਪੂਰੀਆਂ ਕੰਧਾਂ 'ਤੇ ਆਲੇ-ਦੁਆਲੇ ਫੈਲ ਜਾਂਦਾ ਹੈ ਅਤੇ ਦਰਸ਼ਕਾਂ ਦੀਆਂ ਕੁਰਸੀਆਂ ਦ੍ਰਿਸ਼ ਮੁਤਾਬਿਕ ਘੁੰਮਦੀਆਂ ਰਹਿੰਦੀਆਂ ਹਨ।
- ਇਸ ਤੋਂ ਬਾਅਦ ਕ੍ਰਮਵਾਰ ਗੁਰੂ ਜੀ ਦਾ ਮਾਛੀਵਾੜੇ ਦੇ ਜੰਗਲਾਂ ਵਿਚ ਜਾਣਾ ਅਤੇ ਚਾਲ਼ੀ ਮੁਕਤਿਆਂ ਦੀ ਧਰਤੀ ਸ੍ਰੀ ਮੁਕਤਸਰ ਸਾਹਿਬ  ਦੀ ਜੰਗ ਦੀਆਂ ਘਟਨਾਵਾਂ ਆਦਿ ਦ੍ਰਿਸ਼ ਬਹੁਤ ਹੀ ਪ੍ਰਭਾਵਸ਼ਾਲੀ ਰੂਪ ਵਿੱਚ ਪੇਸ਼ ਕੀਤੇ ਗਏ  ਹਨ।
- ਸਿੱਖ ਸ਼ਹਾਦਤ ਬਾਰੇ ਲਿਖਣ ਵਾਲੇ ਲਿਖਾਰੀ ਜੋਗੀ ਅੱਲ੍ਹਾ ਯਾਰ ਖਾਂ ਦੀ ਸ਼ਾਇਰੀ ਅਤੇ ਬੋਲਾਂ ਨੂੰ ਵੀ ਉਚਿੱਤ ਸਥਾਨ 'ਤੇ ਮਾਣ ਦਿੱਤਾ ਗਿਆ ਹੈ।
- 'ਦਾਸਤਾਨ-ਏ-ਸ਼ਹਾਦਤ' ਦੀਆਂ ਅੰਤਿਮ ਤਿੰਨੇ ਗੈਲਰੀਆਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਨਾਲ ਹੀ ਸਬੰਧਿਤ ਹਨ।
- ਇੱਕ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਉਨ੍ਹਾਂ ਦੀ ਹੋਈ ਭੇਂਟ ਦੀ ਪੇਸ਼ਕਾਰੀ ਹੈ। ਗੈਲਰੀ ਦਸ ਵਿਚ ਗੁਰੂ ਜੀ ਦਾ ਥਾਪੜਾ ਲੈਣ ਤੋਂ ਬਾਅਦ ਨਾਂਦੇੜ ਸਾਹਿਬ ਤੋਂ ਪੰਜਾਬ ਵੱਲ ਕੂਚ ਕਰਨ ਦਾ ਦ੍ਰਿਸ਼ ਕੇਵਲ ਦੀਵਾਰਾਂ 'ਤੇ ਹੀ ਮੂਰਤੀਮਾਨ ਕੀਤਾ ਗਿਆ ਹੈ।
- ਅੰਤਿਮ ਗੈਲਰੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਚੱਪੜਚਿੜੀ ਅਤੇ ਸਰਹਿੰਦ ਦੇ ਸਥਾਨ 'ਤੇ ਹੋਈ ਮੁਗ਼ਲਾਂ  ਨਾਲ ਗਹਿਗੱਚ ਟੱਕਰ ਨੂੰ ਦਰਸਾਉਂਦੇ ਹੋਏ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਸਰਹਿੰਦ ਫ਼ਤਹਿ ਕਰਨ ਦੇ ਜੋਸ਼ੀਲੇ ਦ੍ਰਿਸ਼ ਖ਼ੂਬਸੂਰਤ ਢੰਗ ਨਲ ਪੇਸ਼ ਕੀਤੇ ਗਏ ਹਨ।



- ਇਸ ਪ੍ਰਕਾਰ ਇਨ੍ਹਾਂ ਗਿਆਰਾਂ ਗੈਲਰੀਆਂ ਦੀ ਪਰਿਕਰਮਾ ਕਰਦਾ ਹੋਇਆ ਦਰਸ਼ਕ, ਸਿੱਖ ਸ਼ਹਾਦਤ ਦੇ ਵਿਰਾਸਤੀ ਪਲਾਂ ਨੂੰ ਇੱਕੋ ਸਮੇਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਵੇਖ ਲੈਂਦਾ ਹੈ।
- ਹੈਰਾਨੀ ਦੀ ਗੱਲ ਹੈ ਕਿ ਉਕਤ ਸਾਰੀਆਂ ਗੈਲਰੀਆਂ ਵਿੱਚ ਆਪਣੀ ਹਾਜ਼ਰੀ ਭਰਦਿਆਂ, ਸ਼ਰਧਾਲੂ ਦਰਸ਼ਕ ਸਿੱਖ ਕੌਮ ਦੇ ਸਾਰੇ ਇਤਿਹਾਸਕ ਬਿਰਤਾਂਤ ਨੂੰ ਵੇਖਦੇ ਹੋਏ ਇੰਜ ਮਹਿਸੂਸ ਕਰਦਾ ਹੈ ਜਿਵੇਂ ਉਹ ਖ਼ੁਦ ਉਸ ਸਮੇਂ ਦਾ ਅੱਖੀਂ ਡਿੱਠਾ ਹਾਲ ਅਨੁਭਵ ਕਰ ਰਿਹਾ ਹੋਵੇ ਜਾਂ ਉਹ ਖ਼ੁਦ ਉਸ ਯੁੱਗ ਵਿਚ ਵਿਚਰ ਰਿਹਾ ਹੋਵੇ ਜਦੋਂ ਇਹ ਸਭ ਵਾਪਰਿਆ । ਇਹ ਸਭ ਇਨ੍ਹਾਂ ਗੈਲਰੀਆਂ ਨੂੰ ਅਤਿ-ਆਧੁਨਿਕ ਤਕਨੀਕ ਨਾਲ ਤਿਆਰ ਕਰਨ ਦਾ ਹੀ ਕਮਾਲ ਹੈ।
- 'ਦਾਸਤਾਨ-ਏ-ਸ਼ਹਾਦਤ' ਦੀਆਂ ਇਨ੍ਹਾਂ ਗੈਲਰੀਆਂ ਤੋਂ ਜਾਣੂ ਕਰਵਾਉਣ ਲਈ ਇੱਥੋਂ ਦਾ ਪ੍ਰਬੰਧਕੀ ਸਟਾਫ ਦਰਸ਼ਕਾਂ ਨਾਲ ਬਹੁਤ ਹੀ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਂਦਾ ਹੈ।
- ਗੈਲਰੀਆਂ ਵਿੱਚ ਕਿਸੇ ਕਿਸਮ ਦੀ ਕੋਈ ਭੀੜ ਜਾਂ ਹੁੱਲੜਬਾਜ਼ੀ ਨਾ ਹੋਵੇ; ਇਸ ਗੱਲ ਤੋਂ ਪ੍ਰਸ਼ਾਸਨ ਵੱਲੋਂ ਕਰੀਬ ਚਾਲੀ ਚਾਲੀ ਦਰਸ਼ਕਾਂ ਨੂੰ ਇਨ੍ਹਾਂ ਗੈਲਰੀਆਂ ਵਿੱਚ ਲੈ ਕੇ ਜਾਣ ਦੀ ਸੁਵਿਧਾ ਪ੍ਰਦਾਨ ਕੀਤੀ ਗਈ ਹੈ।
- ਜਦੋਂ ਚਾਲੀ ਕੁ ਜਾਂ ਇਸ ਤੋਂ ਘੱਟ ਦਰਸ਼ਕਾਂ ਦਾ ਇੱਕ ਗਰੁੱਪ ਬਾਹਰ ਰਿਸੈਪਸ਼ਨ 'ਤੇ ਤਿਆਰ ਹੋ ਜਾਂਦਾ ਹੈ ਤਾਂ ਇੱਥੋਂ ਦਾ ਕੋਈ ਸਟਾਫ਼ ਮੈਂਬਰ ਇਸ ਗਰੁੱਪ ਦੀ ਅਗਵਾਈ ਕਰਦਾ ਹੋਇਆ ਉਸ ਨੂੰ ਪਹਿਲੀ ਗੈਲਰੀ ਵਿੱਚ ਲੈ ਕੇ ਜਾਂਦਾ ਹੈ। ਫੇਰ ਅੱਗੇ ਇਹ ਸਿਲਸਿਲਾ ਚਲਦਾ ਰਹਿੰਦਾ ਹੈ।
- ਇਨ੍ਹਾਂ ਗੈਲਰੀਆਂ ਦੇ ਫਿਲਮਾਂਕਣ ਦੌਰਾਨ ਜੋ ਸੰਗੀਤਕ ਧੁਨਾਂ ਬਿਖੇਰੀਆਂ ਗਈਆਂ ਹਨ ਉਹ ਵੀ ਆਪਣੇ ਆਪ ਵਿੱਚ ਮਾਰਮਿਕ ਹਨ। ਇਹ ਸੰਗੀਤ ਮੁੰਬਈ ਅਤੇ ਦਿੱਲੀ ਦੇ ਪ੍ਰਸਿੱਧ ਸਟੂਡੀਓਜ਼ ਦੁਆਰਾ ਤਿਆਰ ਕੀਤਾ ਗਿਆ ਹੈ।
- ਇਸ ਪ੍ਰੋਜੈਕਟ ਦੀ ਸਕ੍ਰਿਪਟ ਪੰਜਾਬੀ ਦੇ ਮਹਿਬੂਬ ਸ਼ਾਇਰ ਡਾ. ਸੁਰਜੀਤ ਪਾਤਰ ਦੁਆਰਾ ਲਿਖੀ ਗਈ ਹੈ। ਗਾਇਕੀ ਦੀ ਭੂਮਿਕਾ

ਬਾਲੀਵੁੱਡ ਦੇ ਪ੍ਰਸਿੱਧ ਗਾਇਕ ਸੁਖਵਿੰਦਰ ਤੇ ਕੈਲਾਸ਼ ਖੈਰ ਸਮੇਤ ਦੁਰਗਾ ਰੰਗੀਲਾ, ਜਸਪਿੰਦਰ ਨਰੂਲਾ, ਹਰਸ਼ਦੀਪ ਕੌਰ ਅਤੇ ਦਿਲਜਾਨ ਆਦਿ ਗਾਇਕਾਂ ਨੇ ਨਿਭਾਈ ਹੈ।

- ਅੰਦਰਲੀਆਂ ਸਾਰੀਆਂ ਗੈਲਰੀਆਂ ਦਾ ਪ੍ਰਦਰਸ਼ਨ ਦੇਖਣ ਲਈ ਸ਼ਰਧਾਲੂ ਦਰਸ਼ਕਾਂ ਨੂੰ ਲਗਪਗ ਢਾਈ ਤੋਂ ਤਿੰਨ ਕੁ ਘੰਟੇ ਦਾ ਸਮਾਂ ਲੱਗ ਜਾਂਦਾ ਹੈ।
- ਮੁੱਖ ਦੁਆਰ 'ਤੇ ਟਿਕਟ ਖਿੜਕੀ ਉੱਤੇ, ਅੰਦਰ ਦਾਖ਼ਲ ਹੋਣ ਵਾਲੇ ਵਿਅਕਤੀ ਦਾ ਕੋਈ ਪਛਾਣ-ਪੱਤਰ ਵੇਖ ਕੇ ਉਸ ਨੂੰ ਪਾਸ ਜਾਰੀ ਕੀਤਾ ਜਾਂਦਾ ਹੈ।
- ਸੋਮਵਾਰ ਵਾਲੇ ਦਿਨ ਦਾਸਤਾਨ-ਏ ਸ਼ਹਾਦਤ ਬੰਦ ਰੱਖਿਆ ਜਾਂਦਾ ਹੈ।

•••••



# ਸਰਹਿੰਦ ਫਤਿਹ ਦਾ ਪ੍ਰਤੀਕ ਫਤਿਹ ਬੁਰਜ ਚੱਪੜਚਿੜੀ

- ਗੁਰਪ੍ਰੀਤ ਸਿੰਘ ਨਿਆਮੀਆਂ

**ਮੋਬਾ. 98155-44926**

ਚੱਪੜਚਿੜੀ ਵਿਖੇ ਫਤਿਹ ਬੁਰਜ 2011 ਵਿੱਚ ਸਾਬਕਾ ਮੁੱਖ-ਮੰਤਰੀ ਪੰਜਾਬ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਲਾਸਾਨੀ ਜਿੱਤ ਦੀ ਯਾਦ ਵਿੱਚ ਬਣਾਇਆ ਗਿਆ ਸੀ। ਇਸ ਨੂੰ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਰਾਹੀਂ ਤਿਆਰ ਕਰਵਾਇਆ ਗਿਆ ਅਤੇ ਗਮਾਡਾ ਹੀ ਇਸ ਦੀ ਦੇਖਭਾਲ ਕਰਦੀ ਹੈ। 1950 ਈ. ਤੱਕ ਇਥੇ ਸਰਹਿੰਦ ਫ਼ਤਿਹ ਦੀ ਕੋਈ ਯਾਦਗਾਰ ਨਹੀਂ ਸੀ ਬਣੀ ਹੋਈ। 1950 ਵਿਚੋਂ ਦੋਵੇਂ ਪਿੰਡ (ਚੱਪੜਚਿੜੀ ਕਲਾਂ ਅਤੇ ਚੱਪੜਚਿੜੀ ਖੁਰਦ) ਦੇ ਲੋਕਾਂ ਨੇ ਇਕੱਠੇ ਹੋ ਕੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਅਤੇ 1970 ਵਿਚ ਇੱਥੇ ਵੱਡਾ ਹਾਲ ਬਣਾਇਆ ਗਿਆ ਸੀ।

ਜਦੋਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸਰਹਿੰਦ ਉੱਤੇ ਫ਼ਤਿਹ ਦੀ ਚੱਪੜਚਿੜੀ ਦੀ ਜੰਗ ਦੀ ਤੀਜੀ ਸ਼ਤਾਬਦੀ ਮਨਾਈ ਜਾ ਰਹੀ ਸੀ ਤਾਂ ਉਸੇ ਯਾਦ ਵਿੱਚ ਇਹ ਮੀਨਾਰ ਬਣਾਉਣਾ ਸ਼ੁਰੂ ਕੀਤਾ ਗਿਆ ਸੀ। ਇਹ 8 ਭੁਜਾ ਮੀਨਾਰ ਹੈ ਜਿਸ ਦੇ ਵਾਸਤੂਕਾਰ (ਆਰਕੀਟੈਕਟ) ਰੋਨੂ ਖੰਨਾ ਤੇ ਐਸੋਸੀਏਟ ਪੰਚਕੂਲਾ ਹਨ। ਸਾਰੀ ਲੈਂਡ ਸਕੇਪਿੰਗ ਵੀ ਇਨ੍ਹਾਂ ਵੱਲੋਂ ਹੀ ਕੀਤੀ ਗਈ ਹੈ। ਇਸ ਫਤਿਹ ਬੁਰਜ 'ਤੇ ਕੁੱਲ 46 ਕਰੋੜ, 2 ਲੱਖ ਰੁਪਏ ਦੀ ਲਾਗਤ ਆਈ ਅਤੇ ਇਸ ਨੂੰ ਕੇਵਲ 11 ਮਹੀਨਿਆਂ ਦੇ ਰੀਕਾਰਡ ਸਮੇਂ ਵਿਚ ਬਣਾ ਕੇ ਤਿਆਰ ਕਰ ਦਿੱਤਾ ਗਿਆ ਸੀ। ਇਹ ਬੁਰਜ ਸਟੀਲ ਅਤੇ ਕੰਕਰੀਟ ਨਾਲ ਤਿਆਰ ਕੀਤਾ ਗਿਆ ਹੈ। ਇਸ ਬੁਰਜ ਦੀਆਂ ਤਿੰਨ ਮੰਜ਼ਿਲਾਂ ਹਨ ਜੋ ਕਿ ਬਾਬਾ ਜੀ ਦੀਆਂ 3 ਅਹਿਮ ਜਿੱਤਾਂ ਸਮਾਣਾ, ਸਢੌਰਾ ਅਤੇ ਸਰਹਿੰਦ ਨੂੰ ਦਰਸਾਉਂਦੀਆਂ ਹਨ। ਪਹਿਲੀ ਮੰਜ਼ਿਲ ਜੋ ਕਿ ਬਾਬਾ ਜੀ ਦੀ ਸਮਾਣਾ ਉੱਤੇ ਜਿੱਤ ਨੂੰ ਦਰਸਾਉਂਦੀ ਹੈ, ਉਹ 67 ਫੁੱਟ 'ਤੇ ਬਣਾਈ ਗਈ ਹੈ। ਦੂਜੀ ਸਢੌਰਾ ਫਤਿਹ ਕਰਨ ਦੀ ਯਾਦ ਵਿਚ 117 ਫੁੱਟ 'ਤੇ ਅਤੇ ਤੀਜੀ ਮੰਜ਼ਿਲ ਜੋ ਕਿ ਚੱਪੜਚਿੜੀ ਦੇ ਮੈਦਾਨ ਵਿਚ ਸਰਹਿੰਦ ਫ਼ਤਿਹ ਕਰਨ ਦੀ ਯਾਦ ਨੂੰ ਦਰਸਾਉਂਦੀ

ਹੈ, 220 ਫੁੱਟ 'ਤੇ ਬਣਾਈ ਗਈ ਹੈ। ਬੁਰਜ ਦੇ ਧੁਰ ਉੱਪਰ ਇਕ ਗੁੰਬਦ ਬਣਾ ਕੇ ਉਸ ਉੱਤੇ ਖੰਡਾ ਵੀ ਬਣਾਇਆ ਗਿਆ ਹੈ। ਫਤਿਹ ਬੁਰਜ ਕੰਪਲੈਕਸ 20 ਏਕੜ ਵਿਚ ਫੈਲਿਆ ਹੋਇਆ ਹੈ ਜਿਸਦੇ ਲਈ ਜ਼ਮੀਨ ਪਿੰਡ ਚੱਪੜਚਿੜੀ ਦੀ ਸ਼ਾਮਲਾਤ 'ਚੋਂ ਦਿੱਤੀ ਗਈ ਹੈ। ਹੁਣ ਇਹ ਮੋਹਾਲੀ ਦੇ ਸੈਕਟਰ 93 ਵਿਚ ਪੈਂਦਾ ਹੈ।

ਇਹ ਮੀਨਾਰ ਭਾਰਤ ਵਿੱਚ ਸਭ ਤੋਂ ਉੱਚਾ ਮੀਨਾਰ ਹੈ ਜਿਸ ਦੀ ਉਚਾਈ 328 ਫੁੱਟ ਹੈ। ਇਹ ਪਹਿਲੀ ਵਾਰ 30 ਨਵੰਬਰ, 2011 ਨੂੰ ਆਮ ਸੰਗਤਾਂ ਲਈ ਖੋਲ੍ਹਿਆ ਗਿਆ ਸੀ। ਇਹ ਮੀਨਾਰ ਕੁਤਬ ਮੀਨਾਰ ਤੋਂ ਵੀ 100 ਫੁੱਟ ਉੱਚਾ ਹੈ। ਇੱਥੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਲਈ ਸੈਰ ਸਪਾਟਾ ਵਿਭਾਗ ਵੱਲੋਂ ਪੁਰਸ਼ ਅਤੇ ਔਰਤ ਗਾਇਡ ਦੀ ਨਿਯੁਕਤ ਕੀਤੇ ਹਨ। ਇਕ ਗਾਇਡ ਦਾ ਨਾਂ ਸ਼ਵੇਤਾ ਹੈ। ਇੱਥੇ ਆਮ ਤੌਰ ਤੇ ਰੋਜ਼ਾਨਾ 500 ਤੋਂ ਜ਼ਿਆਦਾ ਸੈਲਾਨੀ (ਯਾਤਰੀ) ਆਉਂਦੇ ਹਨ ਜਦ ਕਿ ਸ਼ਨੀਵਾਰ ਅਤੇ ਐਤਵਾਰ ਨੂੰ ਇਹ ਗਿਣਤੀ ਦੁੱਗਣੀ ਹੋ ਜਾਂਦੀ ਹੈ। ਇਹ ਯਾਦਗਾਰੀ ਕੰਪਲੈਕਸ ਹਰ ਸੋਮਵਾਰ ਅਤੇ ਸਰਕਾਰੀ ਛੁੱਟੀਆਂ ਵਾਲੇ ਦਿਨ ਬੰਦ ਰਹਿੰਦਾ ਹੈ। ਇਸ ਦੇ ਖੁੱਲ੍ਹਣ ਦਾ ਸਮਾਂ 10 ਵਜੇ ਹੈ।

ਇੱਥੇ 6 ਉੱਚੇ ਟਿੱਲੇ ਬਣਾ ਕੇ ਉਨ੍ਹਾਂ ਉਤੇ 6 ਬੁੱਤ ਲਗਾਏ ਗਏ ਹਨ ਜੋ ਕਿ ਪ੍ਰਭਾਤ ਰਾਇ ਨੇ ਤਿਆਰ ਕੀਤੇ ਹਨ। ਇਹ ਬੁੱਤ ਬਾਬਾ ਬੰਦਾ ਸਿੰਘ ਬਹਾਦਰ ਜੀ ਅਤੇ ਉਨ੍ਹਾਂ ਦੇ ਹੋਰ ਪੰਜ ਜਰਨੈਲਾਂ ਦੇ ਹਨ ਜਿਨ੍ਹਾਂ ਨੇ ਕਿ ਚੱਪੜਚਿੜੀ ਦੀ ਜੰਗ ਵਿੱਚ ਖ਼ਾਲਸਾ ਫ਼ੌਜਾਂ ਦੀ ਅਗਵਾਈ ਕੀਤੀ ਸੀ। ਇਹ ਪੰਜ ਜਰਨੈਲ ਪੰਜ ਵੱਖੋ-ਵੱਖ ਟਿੱਲਿਆਂ 'ਤੇ ਚੜ੍ਹ ਕੇ ਆਪਣੀ ਫ਼ੌਜ ਦੀ ਨਿਗਰਾਨੀ ਤੇ ਅਗਵਾਈ ਕਰ ਰਹੇ ਹਨ। ਹੁਣ ਵੀ ਜਦੋਂ ਇਨ੍ਹਾਂ ਵੱਲ ਦੇਖਦੇ ਹਾਂ ਤਾਂ ਜੰਗ ਦਾ ਇਕ ਸਾਕਾਰ ਦ੍ਰਿਸ਼ ਉਭਰ ਆਉਂਦਾ ਹੈ ਕਿ ਇਹ ਪੰਜ ਸਿਰਲੱਥ ਯੋਧੇ ਅਜੇ ਵੀ ਟਿੱਲਿਆਂ 'ਤੇ ਖਲੋ ਕੇ ਫ਼ੌਜ ਦੀ ਕਮਾਂਡ ਕਰ ਰਹੇ ਹੋਣ। ਇਹ ਪੰਜ ਜਰਨੈਲ ਬਾਬਾ ਬਾਜ਼ ਸਿੰਘ ਜੀ, ਬਾਬਾ ਰਾਮ ਸਿੰਘ ਜੀ, ਬਾਬਾ ਆਲੀ ਸਿੰਘ ਜੀ, ਬਾਬਾ ਮਾਲੀ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ ਸਨ। ਬਾਬਾ ਬਾਜ਼ ਸਿੰਘ ਜੀ ਇਕ ਮਹਾਨ ਯੋਧੇ ਸਨ ਜਿਨ੍ਹਾਂ ਨੂੰ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫ਼ਤਿਹ ਕਰਨ ਮਗਰੋਂ ਖ਼ਾਲਸਾ ਰਾਜ ਦੀ ਸਥਾਪਨਾ ਕਰਕੇ ਸਰਹਿੰਦ ਦਾ ਪਹਿਲਾ ਗਵਰਨਰ ਨਿਯੁਕਤ ਕੀਤਾ ਸੀ। ਬਾਬਾ ਬਾਜ਼ ਸਿੰਘ ਜੀ ਨੂੰ ਬਾਬਾ ਬੰਦਾ ਸਿੰਘ



ਬਹਾਦਰ ਜੀ ਦੇ ਨਾਲ ਹੀ 9 ਜੂਨ, 1716 ਨੂੰ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ ਸੀ। ਬਾਬਾ ਰਾਮ ਸਿੰਘ ਜੀ ਮਹਾਨ ਜਰਨੈਲ ਬਾਬਾ ਬਾਜ਼ ਸਿੰਘ ਜੀ ਦੇ ਭਰਾ ਸਨ ਤੇ ਬਾਬਾ ਬੰਦਾ ਸਿੰਘ ਜੀ ਦੀ ਫ਼ੌਜ ਦੇ ਆਹਲਾ ਕਿਸਮ ਦੇ ਕਮਾਂਡਰ ਸਨ। ਆਪ ਮੀਰਾਂਪੁਰ ਪੱਟੀ ਪਿੰਡ ਦੇ ਰਹਿਣ ਵਾਲੇ ਸਨ। ਆਪ ਜੀ ਨੂੰ ਬਾਬਾ ਬੰਦਾ ਸਿੰਘ ਜੀ ਨੇ ਲਾਂਡਰਾਂ ਵਾਲੇ ਪਾਸੇ ਦੀ ਫੌਜੀ ਟੁਕੜੀ ਦਾ ਕਮਾਂਡਰ ਬਣਾਇਆ ਹੋਇਆ ਸੀ। ਬਾਬਾ ਆਲੀ ਸਿੰਘ ਤੇ ਬਾਬਾ ਮਾਲੀ ਸਿੰਘ ਜੀ ਪਿੰਡ ਸਲੈਦੀ ਸਿੰਘਾਂ (ਨੇੜੇ ਖੰਨਾ) ਦੇ ਰਹਿਣ ਵਾਲੇ ਸਨ ਅਤੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਦੀ ਫ਼ੌਜ ਵਿਚ ਫੌਜਦਾਰ ਸਨ। ਬੰਦਾ ਸਿੰਘ ਜੀ ਦੀ ਆਮਦ ਬਾਰੇ ਸੁਣ ਕੇ ਇਕ ਦਿਨ ਬਾਬਾ ਆਲੀ ਸਿੰਘ ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਨੇ ਆਪਣੇ ਕੋਲ ਬੁਲਾਇਆ ਅਤੇ ਵਿਅੰਗ ਕਸਦੇ ਹੋਏ ਕਿਹਾ ਕਿ ਸੁਣਿਆ ਹੈ ਕਿ ਤੁਹਾਡਾ ਇਕ ਹੋਰ ਆਗੂ ਸਾਡੇ ਨਾਲ ਟਾਕਰਾ ਕਰਨ ਲਈ ਪੰਜਾਬ ਆਇਆ ਹੈ, ਤੁਸੀਂ ਵੀ ਜਾਓ ਉਸਦੀ ਮਦਦ ਕਰੋ, ਨਹੀਂ ਤਾਂ ਇੱਥੇ ਪਹੁੰਚਣ ਤੇ ਉਸਦੀ ਅਲਖ ਮਿਟਾ ਦਿੱਤੀ ਜਾਵੇਗੀ। ਬਾਬਾ ਆਲੀ ਸਿੰਘ ਵਜ਼ੀਰ ਖਾਨ ਦੀ ਇਹ ਗੱਲ ਸੁਣ ਕੇ ਗੁੱਸੇ ਨਾਲ ਲਾਲ ਹੋ ਗਏ ਤੇ ਕਿਹਾ ਕਿ ਸਾਡਾ ਆਗੂ ਤਾਂ ਜਦੋਂ ਆਵੇਗਾ ਉਦੋਂ ਵੇਖੀ ਜਾਓ, ਜੇਕਰ ਤੈਨੂੰ ਕੋਈ ਭੁਲੇਖਾ ਹੈ ਤਾਂ ਹੁਣ ਦੋ ਦੋ ਹੱਥ ਕਰ ਲੈ। ਵਜੀਰ ਖਾਨ ਨੇ ਉਸ ਵੇਲੇ ਹੁਕਮ ਜਾਰੀ ਕਰ ਦਿੱਤਾ ਤੇ ਬਾਬਾ ਆਲੀ ਸਿੰਘ ਤੇ ਉਸਦੇ ਸਾਥੀ ਉਸਦੇ ਭਰਾ ਬਾਬਾ ਮਾਲੀ ਸਿੰਘ ਨੂੰ ਬੁਲਾਕੇ ਜੇਲ੍ਹ ਵਿੱਚ ਕੈਦ ਕਰ ਦਿੱਤਾ। ਛੇਤੀ ਹੀ ਬਾਬਾ ਆਲੀ ਸਿੰਘ ਤੇ ਮਾਲੀ ਸਿੰਘ ਜੇਲ੍ਹ ਵਿਚੋਂ ਫਰਾਰ ਹੋ ਗਏ ਅਤੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਜਾ ਮਿਲੇ। ਬਾਬਾ ਜੀ ਨੇ ਬਾਬਾ ਅਲੀ ਸਿੰਘ ਜੀ ਨੂੰ ਬਾਬਾ ਬਾਜ਼ ਸਿੰਘ ਜੀ ਦੇ ਨਾਲ ਸਰਹਿੰਦ ਦਾ ਮੀਤ ਗਵਰਨਰ ਨਿਯੁਕਤ ਕੀਤਾ ਸੀ। ਬਾਬਾ ਮਾਲੀ ਸਿੰਘ ਜੀ ਨੂੰ ਖਰੜ ਵਾਲੇ ਪਾਸੇ ਦਾ ਅਤੇ ਬਾਬਾ ਆਲੀ ਸਿੰਘ ਜੀ ਨੂੰ ਸੈਂਟਰ ਵਾਲੇ ਦਸਤੇ ਦਾ ਕਮਾਂਡਰ ਬਣਾਇਆ ਗਿਆ ਸੀ।

ਬਾਬਾ ਫ਼ਤਿਹ ਸਿੰਘ ਜੀ ਨੇ ਵਜ਼ੀਰ ਖਾਂ ਦਾ ਸਿਰ ਕਲਮ ਕੀਤਾ ਸੀ ਅਤੇ ਆਪ ਜੀ ਦੀ ਫੁਰਤੀ ਦਾ ਕੋਈ ਜੁਆਬ ਨਹੀਂ ਸੀ। ਆਪ ਜੀ ਮਾਲਵਾ ਤੋਂ ਕਾਫੀ ਸਿੰਘਾਂ ਨੂੰ ਨਾਲ ਲੈ ਕੇ ਬਾਬਾ ਬੰਦਾ ਸਿੰਘ ਜੀ ਕੋਲ ਆਏ ਸਨ ਤੇ ਚੱਪੜਚਿੜੀ ਦੀ ਜੰਗ ਵਿੱਚ ਆਪ ਜੀ ਦੀ ਅਹਿਮ ਭੂਮਿਕਾ ਰਹੀ। ਆਪ ਜੀ ਦਾ ਦਸਤਾ ਸਭ ਤੋਂ ਅੱਗੇ ਦੀ ਕਮਾਂਡ ਸਾਂਭ ਰਿਹਾ ਸੀ। ਆਪ ਜੀ ਦੇ ਨਾਂ ਤੇ ਹੀ

ਬਠਿੰਡਾ ਵਿਚ ਪਿੰਡ ਚੱਕ ਫ਼ਤਿਹ ਸਿੰਘ ਵਾਲਾ ਵਸਿਆ ਹੋਇਆ ਹੈ। ਆਪ ਜੀ ਪੰਜਾਬ ਦੇ ਉੱਪ ਮੁੱਖ ਮੰਤਰੀ ਰਹੇ ਸੁਖਬੀਰ ਸਿੰਘ ਬਾਦਲ ਦੇ ਨਾਨਕਿਆਂ ਦੇ ਵਡੇਰੇ ਸਨ। ਬਾਬਾ ਫ਼ਤਿਹ ਸਿੰਘ ਦੇ ਟਿੱਲੇ ਦੇ ਹੇਠਾਂ ਇਕ 3 ਡੀ ਸ਼ੋਅ ਵੀ ਬਣਾਇਆ ਜਾ ਰਿਹਾ ਹੈ। ਇੱਥੇ ਇੱਕ ਓਪਨ ਏਅਰ ਥੀਏਟਰ ਵੀ ਬਣਾਇਆ ਗਿਆ ਹੈ ਜਿਥੇ ਕਲਚਰਲ ਪ੍ਰੋਗਰਾਮ ਕੀਤੇ ਜਾਂਦੇ ਹਨ ਅਤੇ ਕੁੱਝ ਖਾਸ ਮੌਕਿਆਂ ਤੇ ਲੇਜ਼ਰ ਸ਼ੋਅ ਵੀ ਕੀਤਾ ਜਾਂਦਾ ਹੈ। ਇੱਥੇ ਇਕ ਬਨਾਵਟੀ ਝੀਲ ਵੀ ਬਣਾਈ ਗਈ ਹੈ ਜੋ ਇਸ ਨੂੰ ਸ਼ਾਨਦਾਰ ਦਿੱਖ ਪ੍ਰਦਾਨ ਕਰਦੀ ਹੈ।

* * * *



## ਚੰਡੀਗੜ੍ਹ ਦਾ ਰਾਕ-ਗਾਰਡਨ ਨਿਵੇਕਲੀ ਕਲਾ ਦਾ ਅਚੰਭਾ

**- ਡਾ. ਰਾਜਿੰਦਰ ਸਿੰਘ ਕੰਬੋਜ**
**ਮੋਬਾ. 9855112234**

ਚੰਡੀਗੜ੍ਹ ਦਾ ਰਾਕ–ਗਾਰਡਨ ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਪੂਰੇ ਵਿਸ਼ਵ ਵਿੱਚ ਆਪਣੀ ਵਿਲੱਖਣ ਕਲਾ ਲਈ ਪ੍ਰਸਿੱਧ ਹੈ। ਭਾਰਤ ਵਿਚ ਚਟਾਨ–ਕਲਾ ਦੇ ਸ਼ੌਕੀਨਾਂ ਲਈ ਇਹ ਮੂਰਤੀ–ਬਾਗ਼ ਕਿਸੇ ਪ੍ਰੇਰਨਾ–ਦਰਗਾਹ ਤੋਂ ਘੱਟ ਨਹੀਂ। ਮੌਜੂਦਾ ਪੰਜਾਬ ਦੇ ਚਾਰ ਉਪ–ਭਾਸ਼ਾਈ ਖਿੱਤਿਆਂ ਵਿੱਚੋਂ ਪੁਆਧ ਖਿੱਤੇ ਵਿੱਚ ਸਥਿਤ ਇਸ ਗਾਰਡਨ ਨੂੰ ਨੇਕ ਚੰਦ ਸੈਣੀ ਦੇ ਰਾਕ–ਗਾਰਡਨ ਵਜੋਂ ਵੀ ਜਾਣਿਆ ਜਾਂਦਾ ਹੈ। ਰਾਕ–ਗਾਰਡਨ ਦੀ ਅਸਲ ਪਛਾਣ ਇਸ ਦੀ ਅਦਭੁਤ ਕਲਾ ਤੇ ਵਿਲੱਖਣ ਖ਼ੂਬਸੂਰਤੀ ਕਰਕੇ ਹੈ, ਸ਼ਾਇਦ ਇਹੀ ਕਾਰਨ ਹੈ ਕਿ ਵਿਸ਼ਵ–ਭਰ ਤੋਂ ਸੈਲਾਨੀ ਇਸ ਵੱਲ ਖਿੱਚੇ ਜਾਂਦੇ ਹਨ। ਚੰਡੀਗੜ੍ਹ ਬਾਰੇ ਕਿਹਾ ਜਾਂਦਾ ਹੈ ਕਿ ਜਿਸ ਨੇ ਚੰਡੀਗੜ੍ਹ ਆ ਕੇ ਰਾਕ–ਗਾਰਡਨ, ਰੋਜ਼–ਗਾਰਡਨ ਤੇ ਸੁਖਨਾ–ਝੀਲ ਨਹੀਂ ਵੇਖੇ ਸਮਝੋ, ਉਸ ਨੇ ਚੰਡੀਗੜ੍ਹ ਵੇਖਿਆ ਹੀ ਨਹੀਂ। ਇਹ ਗੱਲ ਰਾਕ–ਗਾਰਡਨ ਨੂੰ ਵੇਖਣ ਤੋਂ ਬਾਅਦ ਕਾਫ਼ੀ ਹੱਦ ਤੱਕ ਸਹੀ ਲਗਦੀ ਹੈ।

ਰਾਕ–ਗਾਰਡਨ ਦੇ ਸੰਸਥਾਪਕ ਨੇਕ ਚੰਦ ਸੈਣੀ ਨੇ ਚੰਡੀਗੜ੍ਹ–ਪ੍ਰਸ਼ਾਸਨ ਦੇ ਸੜਕ–ਨਿਰਮਾਣ ਵਿਭਾਗ ’ਚ ਨੌਕਰੀ ਕਰਦਿਆਂ, ਲਗਪਗ 1957–58 ਵਿੱਚ ਆਪਣੇ ਵਿਹਲੇ ਸਮੇਂ ਵਿੱਚ, ਗੁਪਤ ਰੂਪ ਵਿਚ, ਸੁਖਨਾ–ਝੀਲ ਦੇ ਲਾਗੇ ਖਾਲੀ ਪਈ ਉਜਾੜ ਥਾਂ ਵਿੱਚ ਆਪਣੇ ਕਾਰਜ ਦੀ ਸ਼ੁਰੂਆਤ ਕੀਤੀ। ਉਹ ਲੋਕਾਂ ਦਾ ਸੁੱਟਿਆ ਹੋਇਆ ਕਬਾੜ ਤੇ ਫਾਲਤੂ ਚੀਜ਼ਾਂ ਆਦਿ ਆਪਣੇ ਸਾਈਕਲ ’ਤੇ ਇਕੱਠੀਆਂ ਕਰਕੇ ਜੰਗਲ ਵਿਚ ਢੇਰ ਲਾਉਂਦੇ ਰਹਿੰਦੇ। ਨੇਕ ਚੰਦ ਲਗਪਗ ਅਠਾਰਾਂ ਸਾਲ ਟੁੱਟੀਆਂ–ਭੱਜੀਆਂ ਚੀਜ਼ਾਂ ਇਕੱਠੀਆਂ ਕਰਦੇ ਰਹੇ ਤੇ ਉਸ ਕਬਾੜ ਤੋਂ ਸ਼ਾਹਕਾਰ ਕਲਾ–ਕ੍ਰਿਤਾਂ ਦਾ ਨਿਰਮਾਣ ਕਰਦੇ ਰਹੇ। ਆਪਣੇ ਕੰਮ ਲਈ ਸੁਖਨਾ ਝੀਲ ਦੇ ਨੇੜੇ ਇਕ ਜੰਗਲ ਵਿੱਚ ਜਿਸ ਖੱਡ ਦੀ ਉਹਨਾਂ ਨੇ ਚੋਣ ਕੀਤੀ ਸੀ, ਉਸ ਨੂੰ ਇੱਕ ਭੂਮੀ ਸੰਭਾਲ ਵਜੋਂ ਮਨੋਨੀਤ ਕੀਤਾ ਗਿਆ ਸੀ ਅਤੇ 1902 ਈ. ਵਿੱਚ ਸਥਾਪਿਤ ਉਸ ਜੰਗਲ ਬਰਫ਼ ਜਿਸ ਉੱਤੇ/ਵਿੱਚ ਕੁਝ ਵੀ ਬਣਾਇਆ ਨਹੀਂ ਜਾ ਸਕਦਾ ਸੀ। ਨੇਕ–ਚੰਦ ਦਾ ਇਹ ਕੰਮ ਗ਼ੈਰ–ਕਾਨੂੰਨੀ ਸੀ ਤੇ ਹੈਰਾਨੀ ਦੀ ਗੱਲ ਹੈ ਕਿ ਜੰਗਲ ਵਿਚ ਆਪਣੀਆਂ ਕਲਾ–ਕ੍ਰਿਤਾਂ ਨੂੰ

ਸਿਰਜਦਿਆਂ ਉਹਨਾਂ ਨੇ ਕਿਸੇ ਨੂੰ ਇਸ ਦੀ ਭਿਣਕ ਤੱਕ ਨਾ ਪੈਣ ਦਿੱਤੀ, ਇਸ ਕਾਰਜ ਵਿਚ ਕਦੇ-ਕਦਾਈਂ ਉਹਨਾਂ ਦੀ ਪਤਨੀ ਜ਼ਰੂਰ ਹੱਥ ਵਟਾ ਦਿੰਦੀ ਸੀ। ਵਰਤਮਾਨ ਰਾਕ-ਗਾਰਡਨ ਉਦੋਂ ਬੀਆਬਾਨ ਜੰਗਲ ਸੀ ਤੇ ਉਸ ਪਾਸੇ ਵੱਲ ਕੋਈ ਜਾਣ ਦਾ ਹੀਆ ਘੱਟ ਹੀ ਕਰਦਾ ਸੀ, ਨੇਕ-ਚੰਦ ਸਰਕਾਰੀ ਡਿਊਟੀ ਤੋਂ ਬਾਅਦ ਹਨੇਰਾ ਹੋਣ ਤੱਕ ਇੱਥੇ ਆ ਕੇ ਆਪਣੇ ਕੰਮ ਵਿੱਚ ਰੁੱਝੇ ਰਹਿੰਦੇ। ਕਲਾਕ੍ਰਿਤਾਂ ਬਣਾਉਣ ਸਮੇਂ ਉਹ ਸਾਈਕਲਾਂ ਦੇ ਪੁਰਾਣੇ ਟਾਇਰ ਬਾਲ ਕੇ ਚਾਨਣ ਕਰਦੇ ਤੇ ਰਾਤ ਨੂੰ ਜੰਗਲ ਵਿੱਚੋਂ ਬਾਹਰ ਆਉਣ ਲਈ ਬਲਦੇ ਟਾਇਰ ਨੂੰ ਮਸ਼ਾਲ ਵਾਂਗ ਵਰਤਦੇ।

1986 ਈ. ਵਿਚ ਅਧਿਕਾਰੀਆਂ ਦੁਆਰਾ ਇਸਦੀ ਖੋਜ ਕੀਤੇ ਜਾਣ ਤੋਂ ਪਹਿਲਾਂ ਤੱਕ, ਉਹ ਇਸ ਨੂੰ 18 ਸਾਲਾਂ ਤੱਕ ਲੁਕਾਉਣ ਵਿੱਚ ਕਾਮਯਾਬ ਰਹੇ। ਅਠਾਰਾਂ ਸਾਲਾਂ ਵਿੱਚ ਨੇਕ ਚੰਦ ਨੇ ਚੁੱਪ-ਚਾਪ ਕਬਾੜ ਤੋਂ ਬਹੁਤ ਸਾਰੇ ਬੁੱਤ ਤੇ ਮੂਰਤੀਆਂ ਤਿਆਰ ਕਰ ਲਈਆਂ। ਫਿਰ ਇਕ ਦਿਨ ਨੇਕ-ਚੰਦ ਦੇ ਮਹਿਕਮੇ ਦੇ ਅਫ਼ਸਰਾਂ ਨੂੰ ਇਸ ਦੀ ਭਿਣਕ ਪੈ ਗਈ, ਜਦੋਂ ਉਹਨਾਂ ਨੇ ਜੰਗਲ ਵਿਚਲੀ ਉਸ ਥਾਂ 'ਤੇ ਆ ਕੇ ਨੇਕ ਚੰਦ ਦੀਆਂ ਕ੍ਰਿਤਾਂ ਨੂੰ ਵੇਖਿਆ ਤਾਂ ਉਹ ਹੈਰਾਨ ਰਹਿ ਗਏ ਕਿ ਕਬਾੜ ਦੀ ਇਸ ਤਰ੍ਹਾਂ ਵਰਤੋਂ ਵੀ ਹੋ ਸਕਦੀ ਹੈ। ਭਾਵੇਂ ਇਸ ਨਾਲ ਉਸ ਦੇ ਕੰਮ ਨੂੰ ਥੋੜ੍ਹੀ ਜਿਹੀ ਮਾਨਤਾ ਮਿਲ ਗਈ ਪਰ ਉਹਨਾਂ ਨੂੰ ਆਪਣਾ ਇਹ ਕੰਮ ਢਹਿ-ਢੇਰੀ ਹੋਣ ਦਾ ਖ਼ਤਰਾ ਸੀ, ਪਰ ਉਹ ਆਪਣੇ ਪੱਖ ਵਿਚ ਲੋਕਾਂ ਦੀ ਰਾਏ ਲੈਣ ਵਿਚ ਕਾਮਯਾਬ ਰਹੇ।

ਚੰਡੀਗੜ੍ਹ ਦੇ ਪਹਿਲੇ ਚੀਫ਼ ਕਮਿਸ਼ਨਰ ਡਾ. ਐਮ.ਐਸ. ਰੰਧਾਵਾ ਨੂੰ ਇਹ ਪੱਥਰ ਬਾਗ ਬਹੁਤ ਪਸੰਦ ਆਇਆ। ਉਨ੍ਹਾਂ ਨੇ ਚੰਡੀਗੜ੍ਹ ਦੀ ਲੈਂਡਸਕੇਪ ਐਡਵਾਈਜ਼ਰੀ ਕਮੇਟੀ ਨੂੰ ਸੁਝਾਅ ਦਿੱਤਾ ਕਿ ਇਸ ਰਾਕ-ਗਾਰਡਨ ਨੂੰ ਜਿਉਂ ਦਾ ਤਿਉਂ ਰਹਿਣ ਦਿੱਤਾ ਜਾਵੇ ਤੇ ਇਸ ਵਿੱਚ ਕਿਸੇ ਵੀ ਆਰਕੀਟੈਕਟ ਜਾਂ ਟਾਊਨ ਪਲੇਨਰ ਨੂੰ ਦਖ਼ਲ ਨਾ ਦੇਣ ਦਿੱਤਾ ਜਾਵੇ। ਜੰਗਲ ਵਿੱਚ ਇਸ ਥਾਂ ਤੱਕ ਆਉਣ ਲਈ ਸੜਕੀ ਰਸਤੇ ਦਾ ਪ੍ਰਬੰਧ ਕੀਤਾ ਜਾਣ ਲੱਗਾ। ਪਹਿਲੀ ਵਾਰ 24 ਜਨਵਰੀ, 1976 ਈਸਵੀ ਵਿੱਚ ਇਸ ਕਲਾ-ਸਥਾਨ ਨੂੰ ਲੋਕਾਂ ਦੇ ਦੇਖਣ ਲਈ ਸਰਕਾਰੀ ਤੌਰ 'ਤੇ ਖੋਲ੍ਹ ਦਿੱਤਾ ਗਿਆ। ਇਸ ਵਿਲੱਖਣ ਕਲਾ-ਸਥਾਨ ਦਾ ਨਾਂ ਨੇਕ ਚੰਦ ਨੇ 'ਰਾਕ-ਗਾਰਡਨ' ਭਾਵ 'ਪੱਥਰਾਂ ਦਾ ਬਾਗ਼' ਰੱਖ ਦਿੱਤਾ। ਨੇਕ ਚੰਦ ਨੂੰ ਤਨਖ਼ਾਹ, ਇਕ ਖ਼ਿਤਾਬ (ਸਬ ਡਿਵੀਜ਼ਨਲ ਇੰਜੀਨੀਅਰ, ਰਾਕ ਗਾਰਡਨ) ਅਤੇ 50 ਮਜ਼ਦੂਰ ਦਿੱਤੇ ਗਏ ਤਾਂ ਜੋ ਉਹ ਪੂਰਾ ਸਮਾਂ ਕੰਮ ਕਰ



ਸਕਣ। ਰਾਕ -ਗਾਰਡਨ 1983 ਵਿੱਚ ਇੱਕ ਭਾਰਤੀ ਡਾਕ-ਟਿਕਟ ਦੇ ਵਿਚ ਵੀ ਪ੍ਰਗਟ ਹੋਇਆ। ਰਾਕ-ਗਾਰਡਨ ਸੁਖਨਾ ਝੀਲ ਦੇ ਨੇੜੇ ਸਥਿਤ ਹੈ ਤੇ ਰੀਸਾਈਕਲ ਕੀਤੀ ਸਮੱਗਰੀ ਤੋਂ ਬਣਿਆ ਹੈ। ਇਸ ਵਿੱਚ ਮਨੁੱਖ ਦੁਆਰਾ ਬਣਾਏ ਗਏ ਆਪਸ ਵਿਚ ਜੁੜੇ ਝਰਨੇ ਅਤੇ ਹੋਰ ਬਹੁਤ ਸਾਰੀਆਂ ਮੂਰਤੀਆਂ ਹਨ ਜੋ ਸਕ੍ਰੈਪ ਅਤੇ ਹੋਰ ਕਿਸਮ ਦੇ (ਬੋਤਲਾਂ,ਸ਼ੀਸ਼ੇ, ਚੂੜੀਆਂ, ਟਾਈਲਾਂ, ਕੁੰਭ-ਕਾਰੀ ਬਰਤਨ, ਸਿੰਕ, ਬਿਜਲੀ ਦਾ ਕੂੜਾ, ਟੁੱਟੀਆਂ ਪਾਈਪਾਂ ਆਦਿ) ਤੋਂ ਬਣਾਈਆਂ ਗਈਆਂ ਹਨ। ਇਸ ਸਮੇਂ ਤੱਕ ਇਹ ਆਪਸ ਵਿਚ ਜੁੜੇ ਵਿਹੜਿਆਂ ਦੇ ਇਕ 12-ਏਕੜ (4.9 ਹੈਕਟੇਅਰ)ਕੰਪਲੈਕਸ ਵਿਚ ਵੱਧ ਗਿਆ ਸੀ, ਹਰ ਵਿਹੜਾ ਮਿੱਟੀ ਜਾਂ ਚੀਨੀ ਮਿੱਟੀ ਦੇ ਭਾਂਡਿਆਂ ਨਾਲ ਢਕੀਆਂ ਕੰਕਰੀਟ ਦੀਆਂ ਡਾਂਸਰਾਂ, ਸੰਗੀਤਕਾਰਾਂ ਅਤੇ ਜਾਨਵਰਾਂ ਦੀਆਂ ਸੈਂਕੜੇ ਤਰ੍ਹਾਂ ਮੂਰਤੀਆਂ ਨਾਲ ਭਰਿਆ ਹੋਇਆ ਹੈ।

ਅਜੋਕੇ ਸਮੇਂ ਵਿੱਚ ਇਹ 40 ਏਕੜ (16 ਹੈਕਟੇਅਰ) ਦੇ ਖੇਤਰ ਵਿੱਚ ਫੈਲਿਆ ਹੋਇਆ ਹੈ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੇ ਇਸ ਦੀ ਦੇਖ-ਰੇਖ ਆਪਣੇ ਹੱਥਾਂ ਵਿਚ ਲੈ ਲਈ ਹੈ। ਰਾਕ-ਗਾਰਡਨ ਕਈ ਖੰਡਾਂ ਵਿੱਚ ਵੰਡਿਆ ਹੋਇਆ ਹੈ, ਇਸ ਦੇ ਇੱਕ ਭਾਗ ਵਿਚ ਬਹੁਤ ਹੀ ਸੁੰਦਰ ਰੂਪ ਵਿਚ ਝਰਨੇ ਤੋਂ ਉਚਾਈ ਤੋਂ ਪਾਣੀ ਡਿਗ ਰਿਹਾ ਹੈ। ਇਕ ਹੋਰ ਭਾਗ ਵਿੱਚ ਇੱਕ ਬਹੁਤ ਖੁੱਲ੍ਹਾ ਸਟੇਜ ਤੇ ਸਾਹਮਣੇ ਬੈਠਣ ਲਈ ਕੰਕਰੀਟ ਦੇ ਫ਼ਾਲਤੂ ਸਮੱਗਰੀ ਨਾਲ ਸੀਟਾਂ ਬਣਾਈਆਂ ਗਈਆਂ ਹਨ, ਜਿੱਥੇ ਭਾਂਤ-ਭਾਂਤ ਦੇ ਪ੍ਰੋਗਰਾਮ ਤੇ ਫ਼ਿਲਮਾਂ ਦੀ ਸ਼ੂਟਿੰਗ ਹੁੰਦੀ ਰਹਿੰਦੀ ਹੈ। ਹਾਲ ਹੀ ਵਿੱਚ ਰਿਲੀਜ਼ ਹੋਈਆਂ ਕਈ ਫ਼ਿਲਮਾਂ ਵਿੱਚ ਕੁਝ ਦ੍ਰਿਸ਼ ਰਾਕ-ਗਾਰਡਨ ਵਿਚ ਫਿਲਮਾਏ ਗਏ ਹਨ। ਇਸੇ ਭਾਗ ਵਿੱਚ ਝੂਟਣ ਲਈ ਕਈ ਤਰ੍ਹਾਂ ਦੀਆਂ ਪੀਂਘਾਂ ਪਾਈਆਂ ਹੋਈਆਂ ਹਨ, ਜਿੱਥੇ ਬੱਚੇ ਤਾਂ ਕੀ ਵੱਡੇ ਵੀ ਪੀਂਘਾਂ ਝੂਟਦੇ ਹਨ, ਭਾਵੇਂ ਰਾਕ-ਗਾਰਡਨ ਇਸ ਹਿੱਸੇ ਵਿਚ ਗੱਡੀਆਂ ਦੇ ਆਉਣ ਲਈ ਕੈਂਬਵਾਲਾ ਪਿੰਡ ਨੂੰ ਜਾਂਦੀ ਸੜਕ ਵਾਲੇ ਪਾਸਿਓਂ ਜੰਗਲ ਵਿੱਚੋਂ ਆਉਣ ਲਈ ਰਸਤਾ ਬਣਾ ਦਿੱਤਾ ਗਿਆ ਹੈ ਪਰ ਰਾਕ-ਗਾਰਡਨ ਦੇ ਜ਼ਿਆਦਾਤਰ ਹਿੱਸੇ ਨੂੰ ਤੁਸੀਂ ਕੇਵਲ ਪੈਦਲ ਤੁਰ ਕੇ ਹੀ ਵੇਖ ਸਕਦੇ ਹੋ। ਜਦੋਂ ਤੁਸੀਂ ਪ੍ਰਵੇਸ਼ ਦੁਆਰ ਰਾਹੀਂ ਇਸ ਅੰਦਰ ਵੜਦੇ ਹੋ ਤਾਂ ਅਰੰਭ ਤੋਂ ਹੀ ਕਲਾ-ਕ੍ਰਿਤਾਂ ਤੁਹਾਨੂੰ ਆਪਣੇ ਵੱਲ ਖਿੱਚ ਲੈਂਦੀਆਂ ਹਨ ਤੇ ਪੈਦਲ ਤੁਰਦਿਆਂ-ਤੁਰਦਿਆਂ ਤੁਹਾਨੂੰ ਪਤਾ ਹੀ ਨਹੀਂ ਲੱਗਦਾ ਕਿ ਤੁਸੀਂ ਕਿੰਨਾ ਪੈਂਡਾ ਪੈਦਲ ਹੀ ਕਿਤੋਂ ਉੱਬੜ-ਖਾਬੜ, ਕਿਤੋਂ ਪਥਰੀਲੇ, ਕਿਤੋਂ ਭੀੜੇ, ਕਿਤੋਂ ਗੁਫ਼ਾ ਵਾਂਗ,

ਕਿਤੋਂ ਉੱਚੇ-ਨੀਵੇਂ ਰਸਤਿਆਂ ਤੋਂ ਤੈਅ ਕਰ ਲਿਆ ਹੈ। ਰਾਕ-ਗਾਰਡਨ ਦਾ ਕੋਈ ਵੀ ਸਥਾਨ ਅਜਿਹਾ ਨਹੀਂ ਜਿੱਥੇ ਕਲਾਕਾਰੀ ਦੇ ਦਰਸ਼ਨ ਨਾ ਹੋਣ। ਰਾਕ-ਗਾਰਡਨ ਦੇ ਅੰਦਰ ਇੱਕ ਡੌਲਸ ਮਿਊਜ਼ੀਅਮ ਵੀ ਹੈ। ਇਸ ਦਾ ਉਦਘਾਟਨ ਯੂ.ਟੀ. ਦੇ ਪ੍ਰਸ਼ਾਸਕ ਵੀ. ਪੀ. ਸਿੰਘ ਬਦਨੌਰ ਵੱਲੋਂ ਇਸ ਦੇ ਸੰਸਥਾਪਕ ਨੇਕ ਚੰਦ ਦੀ ਦੂਜੀ ਬਰਸੀ ਮਨਾਉਣ ਸਮੇਂ ਕੀਤਾ ਗਿਆ। ਇਸ ਅਜਾਇਬ ਘਰ ਵਿੱਚ ਫਟੇ-ਪੁਰਾਣੇ ਕੱਪੜਿਆਂ ਤੋਂ ਬਣੀਆਂ ਲਗਪਗ 200 ਗੁੱਡੀਆਂ ਰੱਖੀਆਂ ਗਈਆਂ ਹਨ, ਇਹ ਗੁੱਡੀਆਂ ਨੇਕ ਚੰਦ ਨੇ 1970 ਵਿਚ ਬਣਾਈਆਂ ਸਨ। ਨੇਕ ਚੰਦ ਦੀ ਕਲਾ ਤੇ ਸਿਰੜ ਦਾ ਸਤਿਕਾਰ ਕਰਦਿਆਂ ਭਾਰਤ ਸਰਕਾਰ ਨੇ ਉਹਨਾਂ ਨੂੰ 'ਪਦਮ ਸ਼੍ਰੀ' ਸਨਮਾਨ ਨਾਲ ਨਿਵਾਜਿਆ। ਨੇਕ ਚੰਦ ਨੇ ਚੰਡੀਗੜ੍ਹ ਸਥਿਤ ਇਸ ਰਾਕ-ਗਾਰਡਨ ਦੀ ਤਰਜ ’ਤੇ ਪੈਰਿਸ, ਵਾਸ਼ਿੰਗਟਨ, ਜਰਮਨ ਵਿਖੇ ਵੀ ਆਪਣੀ ਦੇਖ-ਰੇਖ ਵਿੱਚ ਛੋਟੇ-ਛੋਟੇ ਰਾਕ ਗਾਰਡਨ ਦਾ ਨਿਰਮਾਣ ਕਰਵਾਇਆ ਹੈ।

ਇਸ ਦੇ ਨਵੇਂ ਤਿਅਰ ਹੋ ਰਹੇ ਖੰਡਾਂ ਵਿੱਚ ਨੇਕ ਚੰਦ ਦੀ ਪੁਰਾਤਨ ਕਲਾਕਾਰੀ ਅਨੁਸਾਰ ਹੀ ਕ੍ਰਿਤਾਂ ਬਣਾਉਣ ਦਾ ਕੰਮ ਪੂਰੀ ਤਰ੍ਹਾਂ ਉਦਯੋਗਿਕ ਤੇ ਘਰੇਲੂ ਰਹਿੰਦ-ਖੂੰਹਦ ਅਤੇ ਰੱਦ ਕੀਤੀਆਂ ਫ਼ਾਲਤੂ ਜਿਹੀਆਂ ਚੀਜ਼ਾਂ ਤੋਂ ਜਾਰੀ ਹੈ । ਨੇਕ ਚੰਦ ਨੇ ਆਪਣੇ ਇਸ ਸ਼ਾਹਕਾਰ ਵਿਚਲੀਆਂ ਕਲਾ-ਕ੍ਰਿਤਾਂ ਦਾ ਨਿਰਮਾਣ ਪਹਿਲਾਂ ਕਾਗਜ਼ਾਂ ’ਤੇ ਯੋਜਨਾ ਬਣਾ ਕੇ ਨਹੀਂ ਸੀ ਕੀਤਾ, ਉਹਨਾਂ ਦੇ ਮਨ ਵਿੱਚ ਜਿਵੇਂ-ਜਿਵੇਂ ਖ਼ਿਆਲ ਆਉਂਦੇ ਗਏ, ਕਲਾ-ਕ੍ਰਿਤਾਂ ਸਿਰਜਦੇ ਗਏ। ਇਸੇ ਕਾਰਨ ਰਾਕ-ਗਾਰਡਨ ਦੀਆਂ ਕ੍ਰਿਤਾਂ ਵਿੱਚ ਕੁਦਰਤੀਪਣ ਝਲਕਦਾ ਹੈ ਤੇ ਫ਼ਾਲਤੂ ਸਮਾਨ, ਕਬਾੜ ਦੀ ਸਹੀ ਵਰਤੋਂ ਤੇ ਨਿਪਟਾਣ ਦੇ ਹੁਨਰ ਦਾ ਸੁਨੇਹਾ ਮਿਲਦਾ ਹੈ। ਨੇਕ ਚੰਦ ਦੱਸਦੇ ਸਨ (12 ਜੂਨ, 2015 ਨੂੰ ਉਹ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ) ਕਿ ਉਹਨਾਂ ਨੇ ਰਾਕ-ਗਾਰਡਨ ਦੀ ਬਣਤਰ ਰਾਹੀਂ ਪੱਥਰਾਂ ਤੇ ਕਬਾੜ ’ਚ ਛੁਪੀ ਜ਼ਿੰਦਗੀ ਨੂੰ ਦਰਸਾਇਆ ਹੈ। ਰਾਕ-ਗਾਰਡਨ ਨੂੰ ਵੇਖਣ ਤੋਂ ਬਾਅਦ ਤੁਹਾਨੂੰ ਇਹ ਗੱਲ ਬਿਲਕੁਲ ਸਹੀ ਲੱਗੇਗੀ। ਕਲਾ-ਸਿਰਜਕ ਨੇਕ ਚੰਦ ਨੂੰ ਬਹੁਤ ਸਾਰੀਆਂ ਸੰਸਥਾਵਾਂ ਤੇ ਅਦਾਰਿਆਂ ਵੱਲੋਂ ਸਨਮਾਨਿਤ ਕੀਤਾ ਗਿਆ ਜਿਵੇਂ ਪੰਜਾਬ ਲਲਿਤ ਕਲਾ ਅਕਾਦਮੀ, ਹਰਿਆਣਾ ਸਰਕਾਰ ਸਨਮਾਨ, ਦਿਲਗੀਰ ਐਵਾਰਡ, ਪੰਜਾਬੀ ਸੱਥ ਲਾਂਬੜਾ-ਜਲੰਧਰ ਆਦਿਕ।



### ਪਾਪਾ ਦੇ ਸੁਪਨੇ ਨੂੰ ਕੀਤਾ ਹੈ ਪੂਰਾ: ਅਨੁਜ ਸੈਣੀ

ਗਾਰਡਨ ਦਾ ਵਿਸਥਾਰ ਕਰਵਾ ਰਹੇ ਅਨੁਜ ਸੈਣੀ ਨੇ ਦੱਸਿਆ ਕਿ ਪਾਪਾ ਦਾ ਸੁਪਨਾ ਸੀ ਕਿ ਬੱਚੇ ਮੇਰੀਆਂ ਬਣਾਈਆਂ ਹੋਈਆਂ ਕਲਾਕ੍ਰਿਤੀਆਂ ਨੂੰ ਦੇਖਣ ਦੇ ਨਾਲ ਨਾਲ ਉਨ੍ਹਾਂ ਦੇ ਨਾਲ ਖੇਡਣ ਵੀ। ਇਸੇ ਸੋਚ ਨੂੰ ਲੈ ਕੇ ਉਨ੍ਹਾਂ ਨੇ ਕੁਝ ਜਾਨਵਰਾਂ ਦੀਆਂ ਅਜਿਹੀਆਂ ਕਲਾਕ੍ਰਿਤੀਆਂ ਬਣਾਉਣੀਆਂ ਸ਼ੁਰੂ ਕੀਤੀਆਂ ਸਨ ਜਿਨ੍ਹਾਂ ’ਤੇ ਬੈਠਿਆ ਜਾ ਸਕਦਾ ਹੈ। ਉਨ੍ਹਾਂ ’ਚ ਘੋੜੇ ਅਤੇ ਉਠ ਦੀਆਂ ਮੂਰਤਾਂ ਬਣਾਈਆਂ ਗਈਆਂ ਹਨ। ਪਾਪਾ ਨੇ ਅੰਤਿਮ ਸਮੇਂ ’ਚ ਇਸ ਹਿੱਸੇ ’ਚ ਆਕੇ ਮੇਰੇ ਨਾਲ ਕੰਮ ਕਰਵਾਇਆ ਸੀ, ਤਾਂ ਕਿ ਮੂਰਤਾਂ ਨੂੰ ਮਜ਼ਬੂਤੀ ਮਿਲਣ ਦੇ ਨਾਲ ਆਕਰਸ਼ਕ ਬਣਾਇਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਇਹ ਕਲਾਕ੍ਰਿਤੀਆਂ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣਨਗੀਆਂ। ਉਨ੍ਹਾਂ ਨੇ ਕਿਹਾ ਰਾਕ ਗਾਰਡਨ ਦਾ ਹੋਰ ਵੀ ਵਿਸਥਾਰ ਕੀਤਾ ਜਾਵੇਗਾ।

* * * * *

## ਛੱਤਬੀੜ ਚਿੜੀਆ ਘਰ ਇਕ ਅਦੁੱਤੀ ਸੰਸਥਾਨ

**- ਰਣਧੀਰ ਸਿੰਘ**
**ਮੋਬਾ. 9876606039**

ਐੱਮ.ਸੀ. (ਮਹਿੰਦਰ ਮੋਹਨ ਚੌਧਰੀ) ਜ਼ੋਆਲੋਜੀ ਪਾਰਕ ਜੋ ਪਿੰਡ ਛੱਤ ਜ਼ਿਲ੍ਹਾ ਐੱਸ. ਏ. ਨਗਰ ਪੰਜਾਬ ਵਿਚ ਸਥਿਤ ਹੈ, ਅਜੋਕੇ ਸਮੇਂ ਵਿੱਚ ਛੱਤਬੀੜ ਚਿੜੀਆ ਘਰ ਵਜੋਂ ਜਾਣਿਆ ਜਾਂਦਾ ਹੈ। ਸ਼ਬਦ ਛੱਤਬੀੜ ਦੋ ਸ਼ਬਦਾਂ ਦਾ ਸੁਮੇਲ ਹੈ ਇਸ ਵਿੱਚ ਛੱਤ ਸ਼ਬਦ ਉਸ ਪਿੰਡ ਦਾ ਨਾਮ ਹੈ ਜਿੱਥੇ ਇਹ ਚਿੜੀਆ ਘਰ ਸਥਿਤ ਹੈ। ਮਹਾਨ ਕੋਸ਼ ਅਨੁਸਾਰ 'ਬੀੜ' ਸ਼ਬਦ ਸੰਘਣੇ ਵਣ ਜਾਂ ਜੰਗਲ ਲਈ ਵਰਤਿਆ ਜਾਂਦਾ ਹੈ। ਕਿਸੇ ਸਮੇਂ ਤਕਰੀਬਨ 200 ਹੈਕਟੇਅਰ ਵਿੱਚ ਫੈਲੀ ਹੋਈ ਇਹ ਬੀੜ ਮਹਾਰਾਜਾ ਪਟਿਆਲਾ ਦੀਆਂ ਸੈਨਿਕ ਮਸ਼ਕਾਂ ਲਈ ਵਰਤੀ ਜਾਂਦੀ ਸੀ। ਇਸ ਬੀੜ ਨੂੰ ਜ਼ੋਆਲੋਜੀ ਪਾਰਕ ਵਜੋਂ ਵਿਕਸਤ ਕਰਨ ਦੀ ਪ੍ਰਸਤਾਵਨਾ 1973 ਈ: ਵਿੱਚ ਪੰਜਾਬ ਸਰਕਾਰ ਵਲੋਂ ਲਿਆਂਦੀ ਗਈ ਅਤੇ 13 ਅਪ੍ਰੈਲ, 1977 ਨੂੰ ਵਿਸਾਖੀ ਵਾਲੇ ਦਿਨ ਉਸ ਸਮੇਂ ਦੇ ਗਵਰਨਰ ਸ੍ਰੀ ਮਹਿੰਦਰ ਮੋਹਨ ਚੌਧਰੀ ਵੱਲੋਂ ਇਸ ਪਾਰਕ ਨੂੰ ਲੋਕ ਅਰਪਿਤ ਕੀਤਾ ਗਿਆ, ਬਾਅਦ ਵਿੱਚ ਇਸ ਪਾਰਕ ਦਾ ਨਾਮ ਵੀ ਉਹਨਾ ਦੇ ਨਾਮ ਉੱਤੇ ਰੱਖਿਆ ਗਿਆ। ਅਜੋਕੇ ਸਮੇਂ ਵਿੱਚ ਇਹ ਚਿੜੀਆ ਘਰ ਉੱਤਰ ਭਾਰਤ ਦੇ ਸਭ ਤੋਂ ਵੱਡੇ ਚਿੜੀਆ ਘਰ ਵੱਜੋਂ ਜਾਣਿਆ ਜਾਂਦਾ ਹੈ।

ਇਹ ਚਿੜੀਆ ਘਰ ਜ਼ੀਰਕਪੁਰ ਦੇ ਕੋਲ ਚੰਡੀਗੜ੍ਹ ਤੋਂ ਪਟਿਆਲਾ ਸੜਕ ਮਾਰਗ 'ਤੇ ਸਥਿਤ ਹੈ ਅਤੇ ਸੜਕ ਮਾਰਗ ਰਾਹੀਂ ਰੇਲਵੇ ਮਾਰਗ ਅਤੇ ਹਵਾਈ ਮਾਰਗ ਨਾਲ ਜੁੜਿਆ ਹੋਇਆ ਹੈ। ਚੰਡੀਗੜ੍ਹ ਤੋਂ ਤਕਰੀਬਨ 22 ਕਿਲੋਮੀਟਰ, ਪਟਿਆਲੇ ਤੋਂ 50 ਕਿਲੋਮੀਟਰ, ਚੰਡੀਗੜ੍ਹ ਰੇਲਵੇ ਸ਼ਟੇਸ਼ਨ ਤੋਂ 18 ਕਿਲੋਮੀਟਰ ਅਤੇ ਮੁਹਾਲੀ ਬੱਸ ਅੱਡੇ ਤੋਂ 14 ਕਿਲੋਮੀਟਰ ਦੀ ਦੂਰੀ ਉੱਤੇ ਸਥਿੱਤ ਹੈ। ਪ੍ਰਸਿੱਧ ਘੱਗਰ ਦਰਿਆ ਇਸ ਚਿੜੀਆ ਘਰ ਦੇ ਕੋਲ ਵਗਦਾ ਹੈ।

ਇਸ ਪਾਰਕ ਨੂੰ ਵਿਕਸਤ ਕਰਨ ਦਾ ਮੁੱਖ ਆਸ਼ਾ ਜੰਗਲੀ ਜੀਵਾਂ ਦੀਆ ਲੁਪਤ ਹੋਣ ਦੀ ਕਗਾਰ 'ਤੇ ਪਹੁੰਚ ਚੁੱਕੀਆਂ ਪ੍ਰਜਾਤੀਆ ਦੀ ਸੰਭਾਲ, ਜੰਗਲੀ ਜੀਵਾਂ ਦੀਆਂ ਲੁਪਤ ਹੋਣ ਦੀ ਕਗਾਰ 'ਤੇ ਪਹੁੰਚ ਚੁਕੀਆਂ ਪ੍ਰਜਾਤੀਆਂ



ਤੇ ਪ੍ਰਕਿਰਤੀ ਦੀ ਸੰਭਾਲ ਦੀ ਸਿੱਖਿਆ ਅਤੇ ਜਾਗਰੂਕਤਾ ਪੈਦਾ ਕਰਨਾ ਸੀ। ਇਸ ਲਈ ਸ਼ੁਰੂਆਤੀ ਦਿਨਾਂ ਵਿਚ ਗੁਹਾਟੀ, ਅਸਾਮ ਅਤੇ ਦੇਸ ਦੇ ਹੋਰ ਚਿੜੀਆ ਘਰਾਂ ਵਿੱਚੋਂ ਜੀਵ-ਜੰਤੂ ਅਤੇ ਪੰਛੀ ਲਿਆਂਦੇ ਗਏ ਅਤੇ ਇਹਨਾਂ ਨਸਲਾਂ ਨੂੰ ਵਿਕਸਤ ਕਰਨ ਦਾ ਪ੍ਰਕਾਰਜ ਸ਼ੁਰੂ ਕੀਤਾ ਗਿਆ। ਇਸ ਲੰਮੇ ਸਮੇਂ ਵਿੱਚ ਇਸ ਪਾਰਕ ਤੋਂ ਦੇਸ ਦੇ ਦੂਜੇ ਚਿੜੀਆਂ ਘਰਾਂ ਨਾਲ ਜੀਵ-ਜਤੂੰਆਂ ਅਤੇ ਪੰਛੀਆਂ ਦਾ ਅਦਾਨ-ਪ੍ਰਦਾਨ ਕੀਤਾ ਜਾਂਦਾ ਰਿਹਾ ਹੈ ਅਤੇ ਕੀਤਾ ਜਾਂਦਾ ਹੈ।

ਛੱਤਬੀੜ ਜ਼ੋਆਲੋਜੀ ਪਾਰਕ ਦੇ ਜੰਗਲੀ ਅਤੇ ਪ੍ਰਾਕਿਰਤਕ ਵਾਤਾਵਰਨ ਵਿੱਚ ਤਕਰੀਬਨ 370 ਮਨੁੱਖੀ ਮਿੱਤਰ ਅਤੇ ਖੱਤਰਨਾਕ ਜਾਨਵਰ ਰਹਿੰਦੇ ਹਨ ਜਿਨ੍ਹਾਂ ਵਿੱਚ ਵਖ-ਵੱਖ ਨਸਲਾਂ ਦੇ ਸ਼ੇਰ/ਸ਼ੇਰਨੀਆਂ, ਚੀਤੇ, ਸਫ਼ਾਰੀ ਸ਼ੇਰ, ਹਾਥੀ/ਹਥਨੀਆਂ, ਹਿਰਨ/ਹਿਰਨੀਆਂ, ਬਾਰਾਂ ਸਿੰਙੇ, ਗੈਂਡੇ, ਸ਼ੁਤਰਮੁਰਗ, ਨੀਲ ਗਾਵਾਂ, ਜੈਬਰਾ, ਕੈਜਵਰੀ, ਈਮੂ, ਰਿੱਛ, ਬਣ-ਮਾਣਸ, ਬਾਂਦਰ/ਬਾਂਦਰੀਆਂ, ਲੰਗੂਰ, ਲੂੰਬੜ/ਲੂੰਬੜੀਆਂ, ਆਦਿ ਰਹਿੰਦੇ ਹਨ। ਇਹਨਾਂ ਜਾਨਵਰਾਂ ਨੂੰ ਰੱਖਣ ਲਈ ਅਲੱਗ-ਅਲੱਗ ਵਾੜੇ, ਘੋਰਨੇ ਅਤੇ ਗੁਫਾਵਾਂ ਬਣਾਈਆਂ ਗਈਆਂ ਹਨ ਤਾਂ ਜੋ ਉਹਨਾਂ ਨੂੰ ਸੰਪੂਰਨ ਜੰਗਲੀ ਮਾਹੌਲ ਪ੍ਰਦਾਨ ਕੀਤਾ ਜਾ ਸਕੇ। ਇਸ ਤਰ੍ਹਾਂ ਹੀ 20 ਦੇ ਕਰੀਬ ਪਾਣੀ ਵਿਚ ਰਹਿਣ ਵਾਲੇ ਜੀਵਾਂ ਵਿੱਚੋਂ ਮਗਰਮੱਛ, ਦਰਿਆਈ ਘੋੜੇ, ਕੱਛੂਕੁੰਮੇ, ਪੱਤਲਾਂ ਆਦਿ ਹਨ ਜਿਹਨਾਂ ਦੀ ਰਿਹਾਇਸ਼ ਲਈ ਵੱਖ-ਵੱਖ ਤਲਾਬ ਬਣਾਏ ਗਏ ਹਨ।

ਇਸ ਪਾਰਕ ਵਿੱਚ 400 ਦੇ ਕਰੀਬ ਪੰਛੀਆਂ ਦੀਆਂ ਪ੍ਰਜਾਤੀਆਂ ਲਈ ਵੱਖਰੇ ਜਾਲੀਦਾਰ ਖੇਤਰ ਦਾ ਪ੍ਰਬੰਧ ਕੀਤਾ ਗਿਆ ਹੈ ਜਿਸ ਵਿਚ ਉਹਨਾਂ ਦੀ ਉਡਾਰੀ ਵੀ ਕਾਇਮ ਰਹਿੰਦੀ ਹੈ ਅਤੇ ਉਹ ਖ਼ਤਰਨਾਕ ਜੀਵਾਂ ਤੋਂ ਵੀ ਸੁਰੱਖਿਅਤ ਮਹਿਸੂਸ ਕਰਦੇ ਹਨ। ਇਹਨਾਂ ਪੰਛੀਆਂ ਵਿੱਚ ਕਈ ਕਿਸਮ ਦੇ ਕਬੂਤਰ/ਕਬੂਤਰੀਆਂ, ਘੁੱਗੀਆਂ, ਗੁਟਾਰਾਂ, ਨੀਲਗਿਰੀ ਮੈਨਾ, ਮੈਗਪਾਈ, ਅਸਾਰਟਡ ਮੈਨਾ, ਬਜਰੀਗਰ, ਮੋਰ/ਮੋਰਨੀਆਂ, ਵੰਨ-ਸੁਵੰਨੀਆਂ ਚਿੜੀਆਂ, ਅਲੱਗ-ਅਲੱਗ ਤਰ੍ਹਾਂ ਦੇ ਤੋਤੇ, ਤਿੱਤਰ, ਬਟੇਰ, ਕੁੱਕੜ-ਕੁੱਕੜੀਆਂ, ਬਿੱਜੜੇ, ਕੋਇਲਾਂ, ਉੱਲੂ, ਬਿੱਲ-ਬਤੌਰੀਆ, ਸਾਰਸ, ਸ਼ਿਕਰਾ, ਚੀਲ੍ਹ ਆਦਿ ਹਨ । ਇਹਨਾਂ ਨੂੰ ਸ਼੍ਰੇਣੀ ਵੰਡ ਅਤੇ ਦਰਜਾਬੰਦੀ ਦੇ ਅਨੁਸਾਰ ਰੱਖਣ ਲਈ ਵੱਖਰੇ-ਵੱਖਰੇ ਆਲ੍ਹਣੇ ਤਿਆਰ ਕੀਤੇ ਗਏ ਹਨ ਇਹਨਾਂ ਦੇ

ਖਾਣੇ-ਦਾਣੇ ਤੇ ਪਾਣੀ ਦੀ ਵਿਵਸਥਾ ਦੇ ਨਾਲ-ਨਾਲ ਸੰਪੂਰਨ ਡਾਕਟਰੀ ਸਹਾਇਤਾ ਪ੍ਰਾਪਤ ਹੈ।

ਇਸ ਜ਼ੋਆਲੋਜੀ ਪਾਰਕ ਵਿੱਚ ਵਿਸੇਬਾ ਕਰ ਰਹੇ ਜਾਨਵਰਾਂ, ਜੀਵਾਂ ਅਤੇ ਪੰਛੀਆਂ ਦਾ ਬਹੁਪੱਖੀ ਧਿਆਨ ਰੱਖਣ ਲਈ ਲੋੜੀਂਦੇ ਕਰਮਚਾਰੀ/ ਕਰਮਚਾਰਣਾ ਤਾਇਨਾਤ ਕੀਤੀਆਂ ਗਈਆਂ ਹਨ ਜੋ ਇਹਨਾਂ ਦੇ ਭੋਜਨ, ਖਾਣੇ-ਦਾਣੇ ਅਤੇ ਪਾਣੀ ਸਹਿਤ ਹੋਰ ਲੋੜਾਂ ਦਾ ਧਿਆਨ ਰੱਖਦੇ ਹਨ। ਇਹਨਾਂ ਦੀ ਸਿਹਤਯਾਬੀ ਦੀ ਜਾਂਚ ਨਿਰਵਿਘਨ ਹੁੰਦੀ ਰਹਿੰਦੀ ਹੈ ਜਿਸ ਲਈ ਸੰਪੂਰਨ ਡਾਕਟਰੀ ਸਹਾਇਤਾ ਦੀ ਵਿਵਸਥਾ ਕੀਤੀ ਗਈ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਇਸ ਪਾਰਕ ਵਿੱਚ ਜਾਨਵਰਾਂ, ਜੀਵਾਂ ਅਤੇ ਪੰਛੀਆਂ ਦੀ ਗਿਣਤੀ, ਹੋਂਦ-ਅਣਹੋਂਦ ਵਿੱਚ ਸਮੇਂ-ਸਮੇਂ ਤਬਦੀਲੀ ਹੁੰਦੀ ਰਹਿੰਦੀ ਹੈ। ਅਜੋਕੇ ਸਮੇਂ ਵਿੱਚ ਵੀ ਇਸ ਸੰਸਥਾਨ ਨੂੰ ਪ੍ਰਦੂਸ਼ਣ ਮੁਕਤ ਰੱਖਿਆ ਗਿਆ ਹੈ ਇਸ ਲਈ ਅੰਦਰ ਕਿਸੇ ਕਿਸਮ ਦਾ ਆਵਾਜਾਈ ਦਾ ਨਿੱਜੀ ਸਾਧਨ ਲੈ ਕੇ ਜਾਣਾ ਮਨ੍ਹਾ ਹੈ।

ਦਰਸ਼ਕ, ਵਿਭਿੰਨ ਖੋਜਾਰਥੀ, ਸੈਲਾਨੀ, ਘੁਮੱਕੜ ਬਿਰਤੀ ਦੇ ਲੋਕ ਇਸ ਪਾਰਕ ਨੂੰ ਦੇਖਣ-ਘੁੰਮਣ, ਖੋਜਾਂ ਕਰਨ ਅਤੇ ਪ੍ਰਯੋਗ ਕਰਨ ਲਈ ਲਗਾਤਾਰ ਆਉਂਦੇ ਰਹਿੰਦੇ ਹਨ। ਇਸ ਕਾਰਜ ਲਈ ਚਿੜੀਆ ਘਰ ਸੋਮਵਾਰ ਨੂੰ ਛੱਡ ਕੇ ਹਫ਼ਤੇ ਦੇ ਬਾਕੀ ਦਿਨ ਸਵੇਰੇ 9.00 ਵਜੇ ਤੋਂ 5.00 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ। ਛੱਤਬੀੜ ਚਿੜੀਆ ਘਰ ਵਿੱਚ ਦਾਖ਼ਲ ਹੋਣ ਲਈ ਸੈਲਾਨੀਆਂ ਨੂੰ ਦਾਖਲਾ ਫ਼ੀਸ ਅਦਾ ਕਰਨੀ ਪੈਂਦੀ ਹੈ। ਸੈਲਾਨੀ ਇਹ ਦਾਖਲਾ ਫੀਸ ਕਾਊਂਟਰ ਉੱਤੇ ਜਾਂ ਆਨ ਲਾਈਨ ਭਰੀ ਜਾ ਸਕਦੀ ਹੈ। ਚਿੜੀਆ-ਘਰ ਨੂੰ ਦੇਖਣ ਦੇ ਪੱਖ ਤੋਂ ਇਸ ਸਥਾਨ ਨੂੰ ਸਧਾਰਨ ਅਤੇ ਖ਼ਤਰਨਾਕ ਭਾਗਾਂ ਵਿੱਚ ਵੰਡਿਆ ਗਿਆ ਹੈ। ਸਧਾਰਨ ਖੇਤਰ ਵਿੱਚ ਸੈਲਾਨੀ ਆਪਣੇ-ਆਪ ਬੋਰਡਾਂ ਅਤੇ ਦਿੱਤੇ ਇਸ਼ਾਰਿਆਂ ਦੇ ਸਨਮੁੱਖ ਘੁੰਮ ਸਕਦੇ ਹਨ। ਉਹ ਆਪਣੀ ਸਹੂਲਤ ਲਈ ਇਥੇ ਕਾਰਜਸ਼ੀਲ ਬਿਜਲਈ ਸਾਧਨ ਰਾਹੀਂ ਵੀ ਘੁੰਮ ਸਕਦੇ ਹਨ ਪਰ ਖ਼ਤਰਨਾਕ ਖੇਤਰ ਵਿੱਚ ਉਹ ਸਿਰਫ਼ ਸੁਰੱਖਿਅਤ ਸਾਧਨਾਂ ਰਾਹੀਂ ਹੀ ਜਾ ਸਕਦੇ ਹਨ ਜਿਸ ਲਈ ਉਹਨਾਂ ਨੂੰ ਵਿਸ਼ੇਸ਼ ਭੁਗਤਾਨ ਕਰਨਾ ਪੈਂਦਾ ਹੈ। ਸੈਲਾਨੀਆਂ ਦੀ ਸਹੂਲਤ ਲਈ ਕੰਟੀਨ, ਅਰਾਮ ਸ਼ੈੱਡਾਂ ਅਤੇ ਪਖਾਨਿਆਂ ਦਾ ਪ੍ਰਬੰਧ ਕੀਤਾ ਗਿਆ ਹੈ।



ਉਪਰੋਕਤ ਚਰਚਾ ਦੇ ਆਦਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਜਿਨ੍ਹਾਂ ਉਦੇਸ਼ਾਂ ਨੂੰ ਲੈ ਕੇ ਇਸ ਜ਼ੋਆਲੋਜੀ ਪਾਰਕ ਜਾਂ ਚਿੜੀਆ ਘਰ ਦਾ ਨਿਰਮਾਣ ਕੀਤਾ ਗਿਆ ਸੀ ਇਹ ਅੱਜ ਉਹਨਾਂ ਉਦੇਸ਼ਾਂ ਦੀ ਪੂਰਤੀ ਕਰ ਰਿਹਾ ਹੈ। ਅੱਜ ਪੰਜਾਬ ਹੀ ਨਹੀਂ ਸਗੋਂ ਉੱਤਰ ਭਾਰਤ ਵਿਚੋਂ ਸੈਲਾਨੀ ਇਹ ਸਥਾਨ ਘੁੰਮਣ ਲਈ ਉਤਸੁਕ ਰਹਿੰਦੇ ਹਨ। ਇਸ ਦੇ ਨਾਲ ਹੀ ਪ੍ਰਕ੍ਰਿਤਕ ਵਾਤਾਵਰਨ ਨੂੰ ਸੰਭਾਲਣ ਅਤੇ ਪੰਜਾਬ ਦੇ ਜੀਵਾਂ ਦੇ ਜੰਗਲ ਸੱਭਿਆਚਾਰ ਦਿੱਖ ਇਥੇ ਭਲੀ-ਭਾਂਤ ਨਜ਼ਰੀਂ ਪੈਂਦੀ ਹੈ। ਪੁਆਧ ਖੇਤਰ ਲਈ ਇਸ ਚਿੜੀਆ ਘਰ ਦੀ ਮਾਣ-ਮੱਤੀ ਪ੍ਰਾਪਤੀ ਕਹੀ ਜਾ ਸਕਦੀ ਹੈ।

*****

## ਖੰਡ - ਤੀਜਾ

ਪੁਆਧ ਦੇ ਇਤਿਹਾਸ ਦੇ ਪੰਨਿਆਂ ਦਾ
ਅਣਗੌਲਿਆ ਪ੍ਰਸੰਗ



# ਪੁਆਧ ਦੀ ਇਤਿਹਾਸਕਤਾ: ਮੁਗਲਾਂ ਦੇ ਰਾਜ ਤੋਂ ਬੰਦਾ ਸਿੰਘ ਬਹਾਦਰ ਦਾ ਖਾਲਸਾ ਰਾਜ

**- ਡਾ. ਕੇਸਰ ਸਿੰਘ ਬਰਵਾਲੀ** (ਸਵ.)

ਮੁਗਲ ਸਲਤਨਤ ਦੇ ਸ਼ਾਹ ਸਵਾਰ ਬਾਬਰ ਨੇ ਲੋਧੀ ਸੁਲਤਾਨਾਂ ਨੂੰ ਹਰਾਉਣ ਤੋਂ ਬਾਅਦ ਦਿੱਲੀ ਸਲਤਨਤ ਦੇ ਇਲਾਕਿਆਂ ਦੇ ਨਾਲ ਹੀ ਪੁਆਧੀ ਖਿਤੇ ਉੱਤੇ ਵੀ ਆਪਣਾ ਅਧਿਕਾਰ ਜਮਾ ਲਿਆ। ਮੁਗਲਾਂ ਦੇ ਦੌਰ ਵਿਚ ਸਿਰਫ ਕੁਝ ਅਰਸਾ ਇਹੋ ਜਿਹਾ ਸੀ ਜਦੋਂ ਸ਼ੇਰ ਸ਼ਾਹ ਸੂਰੀ ਨੇ ਹਮਾਯੂੰ ਨੂੰ ਹਰਾ ਕੇ ਹਿੰਦੋਸਤਾਨ ਦੀ ਰਾਜਧਾਨੀ ਦਿੱਲੀ ਦੇ ਨਾਲੋ ਨਾਲ ਸਰਹੰਦ ਦੇ ਸੂਬੇ ਉਤੇ ਵੀ ਕਬਜ਼ਾ ਕਰ ਲਿਆ ਜਿਸ ਵਿਚ ਪੁਆਧੀ ਖੇਤਰ ਸ਼ਾਮਲ ਸੀ। ਉਸਤੋਂ ਬਾਅਦ ਨਿਰੰਤਰ ਤੌਰ ਤੇ ਦੁਬਾਰਾ ਫਿਰ ਮੁਗਲ ਸਲਤਨਤ ਅਧੀਨ ਹਮਾਯੂੰ, ਅਕਬਰ ਜਹਾਂਗੀਰ, ਸ਼ਾਹ ਜਹਾਨ, ਔਰੰਗਜ਼ੇਬ ਆਦਿ ਨੇ ਇਹਨਾਂ ਖੇਤਰਾਂ ਉਤੇ ਡੇਢ ਸਦੀ ਦੇ ਕਰੀਬ ਰਾਜ ਕੀਤਾ। ਆਪਣੇ ਰਾਜਕਾਲ ਦੌਰਾਨ ਉਹਨਾਂ ਨੇ ਪੁਆਧ ਦੇ ਕਸਬਿਆਂ ਬਨੂੜ, ਸਮਾਣਾ, ਸਰਹੰਦ ਤੇ ਹੋਰ ਬਹੁਤ ਸਾਰੇ ਕਸਬਿਆਂ ਜਾਂ ਸ਼ਹਿਰਾਂ ਵਿਚ ਧਾਰਮਿਕ ਪ੍ਰਚਾਰ ਦੇ ਨਾਲ-ਨਾਲ ਆਰਥਿਕ ਖੇਤਰਾਂ ਵਿਚ ਵੀ ਕਾਰਗੁਜ਼ਾਰੀ ਦਿਖਾਈ। ਇਹਨਾਂ ਕਾਰਜਾਂ ਵਿਚ ਮੁੱਖ ਸਨ, ਸਿੰਜਾਈ ਪ੍ਰਬੰਧਾਂ ਦੀ ਉੱਨਤੀ, ਬਾਗ ਲਾਉਣੇ, ਸ਼ਾਹ ਰਾਹਾਂ ਉੱਤੇ ਸਰਾਵਾਂ ਦੀ ਤਾਮੀਰ ਕਰਨੀ, ਸ਼ਹਿਰਾਂ ਅਤੇ ਕਸਬਿਆਂ ਨੂੰ ਵਪਾਰਕ ਨਿਗਾਹ ਤੋਂ ਵਿਕਸਤ ਕਰਨਾ ਆਦਿ । ਮੁਗਲ ਦੌਰ ਵਿਚ ਵੀ ਇਸ ਪੁਆਧੀ ਖਿੱਤੇ ਦੀ ਰਾਜਧਾਨੀ ਸਰਹਿੰਦ ਹੀ ਰਹੀ।

ਇਸ ਦੌਰ ਵਿੱਚ ਹੀ ਸਿੱਖ ਵਿਚਾਰਧਾਰਾ ਨੂੰ ਹੋਰ ਪ੍ਰਫੁੱਲਤ ਤੇ ਪਰਪੱਕ ਕਰਨ ਲਈ ਅਤੇ ਇਸ ਦਾ ਪ੍ਰਚਾਰ ਕਰਨ ਹਿੱਤ ਗੁਰੂ ਅਮਰਦਾਸ ਜੀ ਵੱਲੋਂ ਬਾਈ ਮੰਜੀਆਂ ਦੀ ਸਥਾਪਨਾ ਕੀਤੀ ਗਈ। ਇਹਨਾਂ ਵਿੱਚੋਂ ਇਕ ਮੰਜੀ ਪੁਆਧ ਖੇਤਰ ਦੇ ਪਿੰਡ ਦਾਊਂ ਖਰੜ ਤੋਂ ਆ ਵਸੇ ਬਾਬਾ ਖੜਕ ਸਿੰਘ ਦੇ ਪੁਰਖਿਆਂ ਬਾਬਾ ਗੰਗ ਦਾਸ ਨੂੰ ਬਖਸ਼ੀ। ਇਸ ਮੰਜੀ ਦਾ ਸਬੰਧ ਪੰਜੌਰ ਨੇੜਲੇ ਪਿੰਡ ਹਰੀਪੁਰ ਨਾਲ ਵੀ ਜਾ ਜੁੜਦਾ (ਪਿੰਡ ਦਾਊਂ ਅਜੋਕੀ ਮੁਹਾਲੀ ਤਹਿਸੀਲ ਵਿਚ ਸਥਿਤ ਹੈ ਜਿਹੜਾ ਕਿ ਐੱਸ.ਏ.ਐੱਸ ਨਗਰ ਤੋਂ ਚੰਡੀਗੜ੍ਹ ਜਾਣ ਵਾਲੀ ਸੜਕ ਉਤੇ ਪੈਂਦਾ ਹੈ) ਅਕਬਰ ਦੇ ਰਾਜ ਦੌਰਾਨ ਬੇਗਮ ਖਾਨ ਸਰਹਿੰਦ ਦਾ ਸੂਬੇਦਾਰ ਸੀ ਅਤੇ

ਉਸਨੇ ਪੁਆਧੀ ਖੇਤਰਾਂ ਦੀਆਂ ਸੂਫੀ ਖਾਨਗਾਹਾਂ ਨੂੰ ਭਰਵੀਂ ਸਰਪ੍ਰਸਤੀ ਦਿਤੀ। ਇਸ ਸਮੇਂ ਦੌਰਾਨ ਪੁਆਧ ਖੇਤਰ ਦੇ ਹਿੰਦੂ ਮੰਦਰ ਵੀ ਭਰ ਜੋਬਨ 'ਤੇ ਰਹੇ। ਮਿਥਿਹਾਸਕ ਕਥਾ ਅਨੁਸਾਰ ਦੇਵੀ ਦੁਰਗਾ ਦੇ 52 ਵਸਤ (ਭਾਵ ਸਰੀਰ ਦੇ ਹਿੱਸੇ ਜਾਂ ਅੰਗ) ਹਿੰਦੂਆਂ ਲਈ 52 ਪੂਜਣਯੋਗ ਪਵਿੱਤਰ ਸਥਾਨ ਬਣੇ ਕਿਉਂਕਿ ਸ਼ਿਵ ਪਾਰਬਤੀ ਦੀ ਕਥਾ ਅਨੁਸਾਰ ਆਪਣੇ ਪਿਤਾ ਵਲੋਂ ਆਯੋਜਤ ਮਹਾਨ ਜੱਗ ਵਿਚ ਸ਼ਿਵ ਨੂੰ ਨਾ ਬੁਲਾਉਣ ਕਰਕੇ ਪਾਰਬਤੀ ਨੇ ਕ੍ਰੋਧਿਤ ਹੋ ਕੇ ਪੂਜਾ ਲਈ ਬਣਾਏ ਹਵਨ ਕੁੰਡ ਵਿਚ ਛਾਲ ਲਗਾ ਦਿੱਤੀ। ਸ਼ਿਵ ਜੀ ਦੈਵਿਕ ਦ੍ਰਿਸ਼ਟੀ ਰਾਹੀਂ ਇਸ ਵਰਤਾਰੇ ਨੂੰ ਵੇਖਦਿਆਂ ਉਥੇ ਪ੍ਰਗਟ ਹੋਇਆ ਅਤੇ ਪਾਰਬਤੀ ਨੂੰ ਉਸ ਅਗਨ ਕੁੰਡ ਵਿਚੋਂ ਕੱਢ ਕੇ ਆਪਣੇ ਸਥਾਨ ਨੂੰ ਲਿਜਾਣ ਲੱਗਾ। ਜਿਥੇ ਜਿਥੇ ਦੇਵੀ ਜਾਂ ਪਾਰਵਤੀ ਦੇ ਸਰੀਰ ਦੇ ਅੰਗ ਗਿਰਦੇ ਗਏ ਉਥੇ ਹੀ ਪੂਜਣ ਯੋਗ ਸਥਾਨ ਬਣ ਗਏ। ਇਸ ਤਰ੍ਹਾਂ ਇਹ ਅੰਗ 52 ਥਾਵਾਂ ਉਤੇ ਗਿਰੇ ਹਨ ਅਤੇ ਇਹ ਸਥਾਨ ਹੀ ਹਿੰਦੂਆਂ ਲਈ 52 ਵਸਤ ਜਾਂ ਪੂਜਣਯੋਗ ਸਥਾਨ ਬਣ ਗਏ। ਇਹਨਾਂ ਸਥਾਨਾਂ ਵਿੱਚੋਂ ਕੁਝ ਪੁਆਧ ਦੇ ਖੇਤਰਾਂ ਅਤੇ ਨਾਲ ਲਗਦੇ ਪਹਾੜੀ ਇਲਾਕਿਆਂ ਵਿਚ ਸਥਿਤ ਹਨ। ਮਾਤਾ ਮਨਸ਼ਾ ਦੇਵੀ ਦਾ ਮੰਦਰ ਇਹਨਾਂ ਵਿਚੋਂ ਇਕ ਹੈ, ਇਸ ਤੋਂ ਬਿਨ੍ਹਾਂ ਬਹੁਤਿਆਂ ਦਾ ਕਥਨ ਹੈ ਕਿ ਜੈਂਤੀ ਦੇਵੀ ਦਾ ਮੰਦਰ ਵੀ ਇਸੇ ਕਤਾਰ ਵਿਚ ਆਉਂਦਾ ਹੈ। ਇਹ ਹੀ ਵਜ੍ਹਾ ਹੈ ਕਿ ਪੁਆਧ ਦੇ ਖੇਤਰਾਂ ਵਿਚ ਜ਼ਿਆਦਾਤਰ ਲੋਕ ਦੇਵੀ ਜਾਂ ਸ਼ਿਵ ਦੇ ਉਪਾਸ਼ਕ ਹਨ। ਦੁਰਗਾ ਦੇ ਵੱਖੋ-ਵਖ ਰੂਪਾਂ ਨੂੰ ਪੂਜਣ ਦੇ ਨਾਲ ਨਾਲ ਪੁਆਧੀ ਸਭਿਆਚਾਰ ਵਿਚ ਕਿਸੇ ਵੀ ਸਮਾਜਿਕ ਜਾਂ ਆਰਥਿਕ ਕਾਰਜ ਦਾ ਸ਼ੁਭ ਅਰੰਭ ਦੇਵੀ ਦੀ ਉਸਤਤੀ ਜਾਂ ਮੰਗਲਾਚਰਨ ਨਾਲ ਹੀ ਹੁੰਦਾ ਰਿਹਾ ਹੈ।

ਪੁਆਧ ਵਿਚਲੇ ਲੋਕ ਸੰਗੀਤ ਦੀ ਪ੍ਰਬਲ ਪਰੰਪਰਾ ਜਲਸਾ ਰਹੀ ਹੈ। ਆਖਾੜਾ ਰੂਪੀ ਲੋਕ ਇਕੱਠ ਵਿਚ ਇਕ ਸੰਗੀਤਕ ਮੰਡਲੀ ਵਲੋਂ ਨਚਾਰ (ਮੁੰਡੇ ਵੱਲੋਂ ਕੁੜੀਆਂ ਦੇ ਕਪੜੇ ਪਾ ਕੇ) ਦੀ ਸੰਗਤ ਵਿਚ ਗੇੜਾ ਦੇ ਕੇ ਕੀਤੀ ਜਾਣ ਵਾਲੀ ਇਸ ਪੇਸ਼ਕਾਰੀ ਦਾ ਸ਼ੁਭ ਅਰੰਭ ਦੇਵੀ ਦੀ ਉਸਤਤੀ ਅਤੇ ਅਰਾਧਨਾ ਨਾਲ ਹੀ ਹੁੰਦਾ ਰਿਹਾ। ਇਸ ਜਲਸਾ ਰੂਪੀ ਪਰੰਪਰਾ ਵਿਚ ਲੋਕ ਸਾਹਿਤ ਦੇ ਵਿਭਿੰਨ ਰੂਪਾਂ ਤਹਿਤ ਜਲਸੇ ਦੇ ਮੋਢੀ ਵਲੋਂ ਕੀਤੀ ਜਾਣ ਵਾਲੀ ਕਥਾ ਦਾ ਕੇਂਦਰ ਬਿੰਦੂ ਦੇਵੀਆਂ ਦੀ ਸ਼ਕਤੀ, ਭੈਰੋਂ ਸ਼ਿਵ ਜਾਂ ਜਤੀਆਂ ਸਤੀਆਂ ਤੇ ਸੂਰਬੀਰਾਂ ਦੀਆਂ ਸੂਰਮਗਤੀ ਵਾਲੀਆਂ ਕਰਾਮਾਤੀ ਘਟਨਾਵਾਂ ਹੀ ਰਿਹਾ ਹੈ।



ਇਥੋਂ ਤੀਕ ਕਿ ਬਾਅਦ ਵਿਚਲੇ ਦੌਰ ਵਿੱਚ ਸਿਰਜਤ ਕਿੱਸਾ ਸਾਹਿਤ (ਜੋ ਖਾਸ ਕਰਕੇ ਜਲਸਾ ਪਰੰਪਰਾ ਨੂੰ ਜਿਊਂਦਾ ਰੱਖਣ ਅਤੇ ਰੋਚਿਕ ਬਣਾਉਣ ਲਈ ਲਿਖਿਆ ਗਿਆ) ਵਿਚ ਵੀ ਮੰਗਲਾਚਰਣ ਦੇਵੀ ਜਾਂ ਸ਼ਿਵ ਉਸਤਤੀ ਨਾਲ ਹੀ ਹੁੰਦਾ ਹੈ। ਇਸੇ ਕਰਕੇ ਮੁਗਲ ਦੌਰ ਵਿਚ ਅਕਬਰ ਨੇ ਆਪਣੀ ਰਾਜਸ਼ਕਤੀ ਨੂੰ ਵਧਾਉਣ ਲਈ ਜਾਂ ਉਸ ਵਿਚ ਪਰਪੱਕਤਾ ਲਿਆਉਣ ਖਾਤਰ ਦੇਵੀ ਪੂਜਾ ਦਾ ਸਹਾਰਾ ਲਿਆ ਅਤੇ ਖਾਸ ਕਰਕੇ ਦੇਵੀ ਦੇ 52 ਵਸਤਾਂ ਪ੍ਰਤੀ ਆਪਣਾ ਰੁਖ ਇਕ ਸ਼ਰਧਾਲੂ ਵਾਲਾ ਰੱਖਿਆ। ਜਹਾਂਗੀਰ, ਸ਼ਾਹਜਹਾਨ ਅਤੇ ਔਰੰਗਜ਼ੇਬ ਦੇ ਦੌਰ ਵਿਚ ਸ਼ਰਈ ਕਨੂੰਨਾਂ ਨੂੰ ਪਹਿਲ ਦੇਣ ਕਰ ਕੇ ਅਤੇ ਨਜ਼ਾਮ-ਏ-ਮੁਸਤਫਾ (ਹਜ਼ਰਤ ਮੁਹੰਮਦ ਸਾਹਿਬ ਦੇ ਰਾਜ ਵਰਗਾ ਰਾਜ) ਨੂੰ ਅਧਾਰ ਬਣਾਉਣ ਦੀ ਵਕਾਲਤ ਕਰਨ ਕਰਕੇ ਮੁਸਲਿਮ ਸ਼ਾਸਕਾਂ ਵੱਲੋਂ ਦੇਵੀ ਪੂਜਾ ਦੀ ਪ੍ਰਵਿਰਤੀ ਪਹਿਲਾਂ ਨਾਲੋਂ ਕਾਫੀ ਘਟ ਗਈ। ਪਰੰਤੂ ਜਨ ਸਧਾਰਨ ਅਤੇ ਆਮ ਲੋਕਾਈ ਦੇ ਮਨਾਂ ਵਿਚ ਦੇਵੀ ਪੂਜਾ ਆਪਣਾ ਘਰ ਕਰ ਚੁੱਕੀ ਸੀ, ਲੋਕਾਂ ਨੇ ਇਸ ਨੂੰ ਆਪਣਾ ਲਿਆ ਸੀ। ਇਹ ਵੀ ਵਜ੍ਹਾ ਹੈ ਕਿ ਅੱਜ ਵੀ ਪੁਆਧੀ ਖੇਤਰ ਦੇ ਸਮੁਚੇ ਬਸਿੰਦਿਆਂ ਵੱਲੋਂ, ਬਿਨਾਂ ਕਿਸੇ ਧਾਰਮਿਕ ਭੇਦਭਾਵ ਤੋਂ, ਦੇਵੀ ਦੀ ਅਰਾਧਨਾ ਸੁਚੇਤ ਜਾਂ ਅਚੇਤ ਰੂਪ ਵਿਚ ਕੀਤੀ ਜਾਂਦੀ ਹੈ। ਇਸ ਖੇਤਰ ਵਿਚ ਦੇਵੀ ਪੂਜਾ ਦਾ ਰੁਝਾਨ ਪੰਜਾਬ ਦੇ ਦੂਸਰੇ ਖਿਤਿਆਂ ਦੇ ਮੁਕਾਬਲਤਨ ਕਾਫੀ ਜ਼ਿਆਦਾ ਹੈ।

ਜਹਾਂਗੀਰ ਦੀ ਬਾਦਸ਼ਾਹੀ ਦੌਰਾਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਕੀਰਤਪੁਰ ਸਾਹਿਬ ਨੂੰ ਟਿਕਾਣਾ ਬਣਾਉਣ ਪਿਛੋਂ ਇਸ ਖਿੱਤੇ ਨੂੰ ਸਿੱਖ ਵਿਚਾਰਧਾਰਾ ਦੀ ਨਿਰੰਤਰ ਛੋਹ ਰਹੀ। ਗੁਰੂ ਹਰ ਰਾਏ ਜੀ ਦੇ ਵਕਤ ਇਸ ਖੇਤਰ ਦੇ ਇਕ ਸੁਪ੍ਰਸਿੱਧ ਸਿੱਖ ਸੇਵਕ ਭਾਈ ਭਗਵਾਨ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਹਿੰਦੋਸਤਾਨ ਦੇ ਵੱਖੋ-ਵੱਖਰੇ ਇਲਾਕਿਆਂ ਵਿਚ 360 ਕੇਂਦਰ ਸਥਾਪਤ ਕੀਤੇ। ਇਸ ਇਲਾਕੇ ਦੇ ਹੀ ਇਕ ਹੋਰ ਸਿਖ ਭਾਈ ਸੰਗਤੀਆ ਜੀ ਨੇ ਉੱਤਰ ਪੱਛਮੀ ਪੰਜਾਬ ਦੇ ਖੇਤਰਾਂ (ਅਜੋਕੇ ਪਾਕਿਸਤਾਨੀ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ) ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਅੱਠਵੇਂ ਗੁਰੂ ਸ੍ਰੀ ਹਰਕ੍ਰਿਸ਼ਨ ਜੀ ਜਦੋਂ ਔਰੰਗਜ਼ੇਬ ਦੇ ਸੱਦੇ ਉਤੇ ਦਿੱਲੀ ਗਏ ਤਾਂ ਉਹਨਾਂ ਨੇ ਪੁਆਧੀ ਇਲਾਕਿਆਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ ਭਰਮ ਭੁਲੇਖਿਆਂ ਵਾਲੇ ਕਰਮਕਾਂਡਾਂ ਤੋਂ ਦੂਰ ਰਹਿਣ ਦਾ ਸੰਦੇਸ਼ਾ ਦਿੱਤਾ। ਅੰਬਾਲਾ ਸ਼ਹਿਰ ਵਿਚ ਗੁਰੂ ਸਾਹਿਬ ਨਾਲ ਸਬੰਧਤ ਗੁਰਦੁਆਰਾ ਸਾਹਿਬ ਇਸ ਗੱਲ ਦੀ ਤਸਦੀਕ ਕਰਦਾ ਹੈ। ਗੁਰੂ ਤੇਗ

ਬਹਾਦਰ ਜੀ ਨਾਲ ਸਬੰਧਤ ਬਹੁਤ ਸਾਰੇ ਸਥਾਨ ਇਸ ਪੁਆਧੀ ਖੇਤਰ ਵਿਚ ਵੀ ਪੈਂਦੇ ਹਨ। ਕਸ਼ਮੀਰੀ ਪੰਡਤਾਂ ਦੀ ਬੇਨਤੀ ਉਤੇ ਦਿੱਲੀ ਸਲਤਨਤ ਦੇ ਜ਼ੁਲਮਾਂ ਦੇ ਖਿਲਾਫ਼ ਰੋਸ ਪ੍ਰਗਟਾਉਣ ਲਈ ਜਦੋਂ ਗੁਰੂ ਸਾਹਿਬ ਨੇ ਦਿੱਲੀ ਨੂੰ ਚਾਲੇ ਪਾਏ ਤਾਂ ਆਪ ਜੀ ਨੇ ਪੁਆਧ ਦੇ ਬਹੁਤ ਸਾਰੇ ਪਿੰਡਾਂ ਵਿਚ ਆਪਣੇ ਕਿਯਾਮ ਦੌਰਾਨ ਸਿੱਖ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਅਤੇ ਲੋਕਾਈ ਨੂੰ ਇਸ ਫਲਸਫੇ ਬਾਬਤ ਜਾਗਰੂਕ ਕੀਤਾ। ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜ਼ਿੰਦਗੀ ਦੀਆਂ ਸਮੁੱਚੀਆਂ ਲੜਾਈਆਂ, ਜਿਹੜੀਆਂ ਕਿ ਸਮੇਂ ਦੀਆਂ ਹਕੂਮਤਾਂ ਦੇ ਜ਼ੁਲਮੋਂ-ਸਿਤਮ ਦੇ ਖਿਲਾਫ ਲੜੀਆਂ, ਵਿਚੋਂ ਕਰੀਬ ਅੱਠ ਇਸ ਖੇਤਰ ਜਾਂ ਇਸਦੇ ਨਾਲ ਲਗਦੇ ਪਹਾੜੀ ਖਿੱਤਿਆਂ ਵਿਚ ਲੜੀਆਂ।

ਸਢੌਰੇ ਦੇ ਪੀਰ ਬੁਧੂ ਸ਼ਾਹ, ਉਸਦੇ ਪਰਿਵਾਰ ਦੇ ਮੈਂਬਰਾਂ ਅਤੇ ਮੁਰੀਦਾਂ ਵਲੋਂ ਗੁਰੂ ਸਾਹਿਬ ਦੇ ਹੱਕ ਵਿਚ ਅਤੇ ਮੁਗਲ ਤੇ ਪਹਾੜੀ ਰਾਜਿਆਂ ਦੇ ਖਿਲਾਫ਼ ਲੜੀ ਜਾਣ ਵਾਲੀ ਲੜਾਈ ਵਿਚ ਭਾਗ ਲੈਣਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਸੂਫ਼ੀ ਵਿਚਾਰਾਂ ਨਾਲ ਲੈਸ ਮੁਸਲਿਮ ਪੀਰ ਫ਼ਕੀਰ ਗੁਰੂ ਸਾਹਿਬ ਦੇ ਫਲਸਫੇ ਵਿਚ ਯਕੀਨ ਰੱਖਣ ਦੇ ਨਾਲੋਂ-ਨਾਲ, ਇਸ ਫਲਸਫੇ ਦੀਆਂ ਵਿਰੋਧੀ ਤਾਕਤਾਂ ਨੂੰ ਪਛਾੜਨ ਦੀ ਮੁਹਿੰਮ ਵਿਚ ਖਾਲਸਾ ਪੰਥ ਦੇ ਜੋਟੀਦਾਰ ਵੀ ਬਣੇ। ਜੇਕਰ ਅਸੀਂ ਵਿਸ਼ਲੇਸ਼ਣੀ ਲਹਿਜੇ ਵਿਚ ਗੱਲ ਕਰੀਏ ਤਾਂ ਅਸੀਂ ਵੇਖ ਸਕਦੇ ਹਾਂ ਕਿ ਗੁਰੂ ਸਾਹਿਬ ਦੇ ਜੀਵਨ ਨਾਲ ਜੁੜੀਆਂ ਪ੍ਰਤੀਕਮਈ ਕਹਾਣੀਆਂ, ਜਿਹਨਾਂ ਵਿਚ ਪਆਧੀ ਖੇਤਰਾਂ ਵਿਚ ਵਸਦੇ ਮੁਸਲਿਮ ਸੂਫ਼ੀ ਸੰਤ ਗੁਰੂ ਸਾਹਿਬ ਦੀ ਇਸ ਦੁਨੀਆਂ ਵਿਚਲੀ ਆਮਦ ਨੂੰ ਹੱਕ-ਸੱਚ ਅਤੇ ਬਰਾਬਰੀ ਵਾਲੇ ਸਮਾਜ ਦੀ ਉਸਾਰੀ ਲਈ ਇਕ ਸ਼ੁਭ ਸ਼ਗਨ ਮੰਨਦੇ ਹਨ, ਅਸਲ ਵਿਚ ਬਰਾਬਰੀ ਅਤੇ ਜਾਤਪਾਤ ਰਹਿਤ ਵਾਲੇ ਰਾਜ ਅਤੇ ਸਮਾਜ ਦੀ ਗੱਲ ਕਰਦੀਆਂ ਹਨ ਜਿਹੜਾ ਕਿ ਸਿੱਖ ਵਿਚਾਰਧਾਰਾ ਦਾ ਕੇਂਦਰੀ ਬਿੰਦੂ ਹੈ ਅਤੇ ਸੂਫ਼ੀ ਵਿਚਾਰਧਾਰਾ ਵੀ ਕਾਫੀ ਹਦ ਤੀਕ ਇਸ ਨਾਲ ਸਹਿਮਤ ਹੈ। ਸੋ ਅਸੀਂ ਕਹਿ ਸਕਦੇ ਹਾਂ ਗੁਰਮਤਿ ਵਿਚਾਰਧਾਰਾ ਤਹਿਤ ਇਨਸਾਨੀ ਭਾਈਚਾਰੇ ਦੀ ਬੇਹਤਰੀ ਲਈ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਦਾ ਸੂਫ਼ੀ ਵਿਚਾਰਧਾਰਾ ਦੇ ਅਲੰਮਬਰਦਾਰਾਂ ਨੇ ਵੀ ਸਾਥ ਦਿੱਤਾ ਅਤੇ ਜੇ ਲੋੜ ਪਈ ਤਾਂ ਜਾਨ ਦੀ ਅਹੁਤੀ ਵੀ ਦਿੱਤੀ। ਇਸ ਖੇਤਰ ਵਿਚ ਲੜੀਆਂ ਜਾਣ ਵਾਲੀਆਂ ਲੜਾਈਆਂ ਵਿਚ ਇਕ ਪਾਸੇ ਰਜਵਾੜਾ ਸ਼ਾਹੀ ਨੂੰ ਪ੍ਰਣਾਏ ਪਹਾੜੀ ਰਾਜਪੂਤ ਰਾਜੇ ਅਤੇ ਨਾਮ ਨਿਹਾਦ ਇਸਲਾਮੀ



ਪਹੁੰਚ ਨੂੰ ਪ੍ਰਣਾਇਆ ਮੁਗਲ ਸਾਮਰਾਜ ਸੀ, ਦੂਸਰੇ ਪਾਸੇ ਸਮੂਹ ਸੰਗਤ ਅਤੇ ਅਵਾਮ ਵਲੋਂ ਸਿਰਜੀ ਖਾਲਸਾ ਫੌਜ, ਜਿਸਨੂੰ ਮਾਨਵੀ ਕਦਰਾਂ ਕੀਮਤਾਂ ਤੇ ਹੱਕਾਂ ਦੇ ਰਾਖਵਾਲੇ ਸੂਫ਼ੀਆਂ, ਸੰਤਾਂ, ਪੀਰਾਂ, ਫ਼ਕੀਰਾਂ ਅਤੇ ਕਿਰਤੀਆਂ ਦੀ ਹਮਾਇਤ ਹਾਸਲ ਸੀ। ਇਹਨਾਂ ਲੜਾਈਆਂ ਵਿਚੋਂ ਸਭ ਤੋਂ ਪ੍ਰਮੁੱਖ ਲੜਾਈ ਚਮਕੌਰ ਸਾਹਿਬ ਦੀ ਹੈ ਜਿਸ ਵਿਚ ਖਾਲਸਾ ਫੌਜ ਅਤੇ ਇਸਦੇ ਸਿਪਾਹੀਆਂ, ਜਿਹਨਾਂ ਵਿਚ ਗੁਰੂ ਸਾਹਿਬ ਦੇ ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਵੀ ਸ਼ਾਮਲ ਸਨ, ਵੱਲੋਂ ਸੂਰਮਗਤੀ ਨਾਲ ਪਾਈਆਂ ਸ਼ਹਾਦਤਾਂ ਸਭ ਨੂੰ ਯਾਦ ਹਨ। ਇਹ ਵੀ ਯਾਦ ਹੈ ਕਿ ਸੰਗਤ ਦੇ ਫੈਸਲੇ ਰਾਹੀਂ ਗੁਰੂ ਸਾਹਿਬ ਨੂੰ ਚਮਕੌਰ ਦੀ ਗੜ੍ਹੀ ਵਿਚੋਂ ਕੂਚ ਕਰਨ ਅਤੇ ਬਾਹਰ ਜਾ ਕੇ ਖਾਲਸਾ ਫੌਜ ਨੂੰ ਫਿਰ ਮਜ਼ਬੂਤ ਕਰਨ ਦਾ ਹੁਕਮ ਸੁਣਾਇਆ ਗਿਆ। ਇਸ ਦੇ ਨਾਲੋਂ ਨਾਲ ਇਹ ਵੀ ਯਾਦ ਹੋਵੇਗਾ ਕਿ ਪੀਰ ਬੁੱਧੂ ਸ਼ਾਹ ਦੇ ਮੁਰੀਦਾਂ, ਗਨੀਂ ਖਾਂ ਅਤੇ ਨਬੀ ਖਾਂ ਨੇ ਗੁਰੂ ਸਾਹਿਬ ਨੂੰ ਉੱਚ ਦੇ ਪੀਰ ਦੇ ਰੁਤਬੇ ਰਾਹੀਂ ਮਾਲਵੇ ਵੱਲ ਨੂੰ ਜਾਣ ਵਿੱਚ ਮਦਦ ਕੀਤੀ।

ਬਾਬਾ ਬੰਦਾ ਸਿੰਘ ਬਹਾਦਰ ਦਾ ਦੌਰ ਇਸ ਖਿੱਤੇ ਲਈ ਬਹੁਤ ਹੀ ਮਹੱਤਤਾ ਰੱਖਦਾ ਹੈ ਕਿਉਂਕਿ ਉਸਦੀ 1709 ਈਸਵੀ ਦੀ ਸਮਾਣਾ ਅਤੇ ਸਢੌਰਾ ਦੀ ਜਿੱਤ ਨੇ ਪੁਆਧੀ ਖੇਤਰ ਨੂੰ ਸਭ ਤੋਂ ਪਹਿਲੇ ਸਿੱਖ ਰਾਜ ਦੀ ਸਥਾਪਤੀ ਦਾ ਮਾਣ ਹਾਸਲ ਕਰਵਾਇਆ। ਪੁਆਧੀ ਖਿੱਤੇ ਵਿਚ ਸਥਾਪਿਤ ਹੋਇਆ ਸਿੱਖ ਰਾਜ ਸ਼ਾਇਦ ਹਿੰਦੋਸਤਾਨ ਭਰ ਵਿਚ ਆਪਣੀ ਕਿਸਮ ਦਾ ਪਹਿਲਾ ਰਾਜ ਸੀ ਜਿਥੇ ਕਿਸਾਨ ਨੂੰ ਜ਼ਮੀਨੀ ਹੱਕ ਦਿੱਤੇ ਗਏ ਅਤੇ ਕਿਰਤੀਆਂ ਨੂੰ ਰਾਜ ਸੱਤਾ ਵਿਚ ਹਿੱਸੇਦਾਰੀ ਪ੍ਰਾਪਤ ਹੋਈ। ਇਸੇ ਪੁਆਧੀ ਖਿੱਤੇ ਦੇ ਗੰਗੂ ਪ੍ਰੋਹਤ ਦੀ ਬੇਵਫ਼ਾਈ ਸਦਕਾ ਸੂਬਾ ਸਰਹੰਦ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ (ਬਹੁਤ ਹੀ ਬਾਲੜੀ ਉਮਰ, ਭਾਵ 9 ਸਾਲ ਅਤੇ 7 ਸਾਲ) ਅਤੇ ਮਾਤਾ ਗੁਜਰੀ ਜੀ ਨੂੰ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ। ਉਪਰੋਕਤ ਸ਼ਹਾਦਤ ਦਾ ਬਦਲਾ ਲੈਣ ਅਤੇ ਸਰਹੰਦ ਦੇ ਸੂਬੇਦਾਰ ਵਜੀਰ ਖਾਨ ਦੇ ਅਵਾਮ ਵਿਰੋਧੀ ਰਾਜ ਨੂੰ ਖਤਮ ਕਰਨ ਵਾਸਤੇ ਮਝੈਲ ਸਿੰਘਾਂ ਦੀ ਮਦਦ ਨਾਲ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਪੁਆਧ ਦੇ ਰੋਪੜ ਖੇਤਰ ਵਿਚ ਲੜੀ ਗਈ ਲੜਾਈ ਬਹੁਤ ਹੀ ਮਹੱਤਵਪੂਰਨ ਹੈ ਜਿਸ ਵਿਚ ਸਰਹੰਦ ਦਾ ਫੌਜਦਾਰ ਖਿਜ਼ਰਖਾਨ ਮਾਰਿਆ

ਗਿਆ। 1710 ਈਸਵੀ ਵਿਚ ਚਿਪੜਚਿੜੀ ਦੀ ਫੈਸਲਾਕੁਨ ਲੜਾਈ, ਜਿਹੜੀ ਕਿ ਧੁਰ ਪੁਆਧ ਵਿਚ ਲੜੀ ਗਈ, ਸਰਹੰਦ ਦੇ ਸੂਬੇਦਾਰ ਵਜੀਰ ਖਾਨ ਦੀ ਮੌਤ ਹੋ ਨਿਬੜੀ। ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿਤੀ ਗਈ ਅਤੇ ਖਾਲਸਾ ਫੌਜ ਸਮੁੱਚੇ ਪੁਆਧ ਉਤੇ ਕਾਬਜ ਹੋ ਗਈ। ਇਤਿਹਾਸਕ ਕਸਬੇ ਸਢੌਰਾ ਦੇ ਨੇੜੇ ਮੁਖਲਿਸਗੜ੍ਹ ਨੂੰ ਬੰਦਾ ਸਿੰਘ ਬਹਾਦਰ ਨੇ ਖਾਲਸੇ ਦੀ ਰਾਜਧਾਨੀ ਬਣਾਇਆ ਅਤੇ ਸਰਹੰਦ ਦੇ ਬਾਈ ਪਰਗਨਿਆ (ਸਮੁੱਚੇ ਪੁਆਧੀ ਖੇਤਰ ਸਮੇਤ) ਉਤੇ ਆਪਣਾ ਕਬਜ਼ਾ ਜਮਾਇਆ।

**('ਸਾਨੂੰ ਕਿਹੜੀ ਜੂਨੇ ਪਾਇਆ' ਪੁਸਤਕ 'ਚੋਂ ਧੰਨਵਾਦ ਸਹਿਤ)**
**- ਸੰਪਾਦਕ**



# ਪੁਆਧ ਦੀਆਂ ਪ੍ਰਮੁੱਖ ਰਿਆਸਤਾਂ

**- ਹਰਪ੍ਰੀਤ ਸਿੰਘ ਨਾਜ਼, ਮੋਬਾ.** 85670-20995
**- ਅਮਨ ਸਿੰਘ, ਮੋਬਾ.** 81463-87388

ਪੁਆਧ ਖੇਤਰ ਵਿੱਚ ਮਾਨਵ ਪ੍ਰਜਾਤੀ ਵਿਕਸਿਤ ਹੋਈ। ਇੱਥੇ ਨਦੀਆਂ-ਨਾਲਿਆਂ ਦੇ ਕਿਨਾਰੇ ਮਨੁੱਖੀ ਸਭਿਅਤਾ ਵਧੀ ਫੁੱਲੀ। ਇੱਥੇ ਸ਼ਕ, ਕੁਸ਼ਾਨ, ਗੁਪਤ ਰਾਜਿਆਂ ਅਤੇ ਰਾਜਪੂਤ ਰਾਜਿਆਂ ਨੇ ਰਾਜ ਕੀਤਾ। ਫਿਰ ਪੱਛਮ ਤੋਂ ਆਏ ਮੁਸਲਮਾਨ ਪਠਾਣ ਸੁਲਤਾਨਾਂ ਨੇ ਇਸ ਇਲਾਕੇ ਨੂੰ ਆਪਣੇ ਅਧੀਨ ਕਰ ਲਿਆ। ਉਨ੍ਹਾਂ ਨੂੰ ਹਰਾਕੇ, ਇੱਥੇ ਮੁਗ਼ਲਾਂ ਨੇ ਰਾਜ ਕਾਇਮ ਕਰ ਲਿਆ।

ਮੁਗ਼ਲ ਕਾਲ ਦੇ ਸਮੇਂ ਸਰਹਿੰਦ ਸਰਕਾਰ ਵਿਚ ਪੁਆਧ ਦਾ ਕਾਫੀ ਇਲਾਕਾ ਆਉਂਦਾ ਸੀ। ਅਕਬਰ ਦੇ ਸਮੇਂ ਸੂਬਾ ਦਿੱਲੀ ਦੇ ਅਧੀਨ ਸਰਹਿੰਦ ਨੂੰ ਪਰਗਨਿਆਂ, 33 ਮਹਲਾਂ ਅਤੇ 4 ਦਸਤੂਰਾਂ ਦੀ ਸਰਕਾਰ ਦਾ ਰੁਤਬਾ ਪ੍ਰਾਪਤ ਸੀ। ਜਿਸ ਵਿੱਚ ਪੁਆਧ ਦੇ ਇਲਾਕੇ ਦੇ ਮਹਲ ਅੰਬਾਲਾ , ਸਢੌਰਾ, ਸ਼ਾਹਬਾਦ, ਖ਼ਿਜਰਾਬਾਦ, ਸਰਹਿੰਦ, ਰੋਪੜ, ਬਨੂੜ, ਛੱਤ, ਘੁੜਾਮ, ਮਸੀਂਗਣ ਆਦਿ ਸਰਹਿੰਦ ਦੇ ਅਧੀਨ ਆਉਂਦੇ ਸਨ। ਮੁਗ਼ਲਾਂ ਦੇ ਕਮਜ਼ੋਰ ਹੋਣ ਤੋਂ ਬਾਅਦ ਇੱਥੇ ਸਿੱਖਾਂ ਦਾ ਪ੍ਰਭਾਵ ਵਧਣ ਲੱਗ ਪਿਆ ਅਤੇ ਕੁਝ ਖੇਤਰਾਂ 'ਤੇ ਉਨ੍ਹਾਂ ਦਾ ਅਧਿਕਾਰ ਹੋ ਗਿਆ।

ਔਰੰਗਜ਼ੇਬ ਦੇ ਸਮੇਂ ਤੋਂ ਸਰਹਿੰਦ ਧਾਰਮਿਕ ਕੱਟੜਤਾ ਦਾ ਗੜ੍ਹ ਬਣ ਗਿਆ ਸੀ। ਸੂਬੇਦਾਰ ਵਜ਼ੀਰ ਖ਼ਾਨ ਤੋਂ ਲੈ ਕੇ ਜ਼ੈਨ ਖ਼ਾਨ ਤੱਕ ਦੇ ਸ਼ਾਸਕਾਂ ਨੇ ਪਰਜਾ 'ਤੇ ਜ਼ੁਲਮ ਕੀਤੇ। ਜਿਸ ਕਾਰਨ ਖ਼ਾਲਸਾ ਦਲ ਨੇ 1764 ਈ. ਵਿੱਚ ਜ਼ੈਨ ਖ਼ਾਨ ਨੂੰ ਮਾਰ ਕੇ ਸਰਹਿੰਦ ਸਰਕਾਰ 'ਤੇ ਕਬਜ਼ਾ ਕਰ ਲਿਆ। ਪੁਆਧ ਦੇ ਇਲਾਕੇ ਉਤੇ ਵੱਖ-ਵੱਖ ਸਿੱਖ ਮਿਸਲਾਂ ਨੇ ਕਬਜ਼ਾ ਕਰਕੇ ਰਿਆਸਤਾਂ ਕਾਇਮ ਕਰ ਲਈਆਂ । ਇਨ੍ਹਾਂ ਵਿੱਚੋਂ ਪ੍ਰਮੁੱਖ ਰਿਆਸਤਾਂ ਦਾ ਵਰਨਣ ਇਸ ਤਰ੍ਹਾਂ ਹੈ :

## ਡੱਲੇਵਾਲੀਆ ਮਿਸਲ ਦੀਆਂ ਰਿਆਸਤਾਂ

### ਰੋਪੜ (ਰੂਪਨਗਰ)

ਰੋਪੜ, ਪੁਆਧ ਦਾ ਪ੍ਰਸਿੱਧ ਨਗਰ ਹੈ, ਜੋ ਰਾਜਧਾਨੀ ਚੰਡੀਗੜ੍ਹ ਤੋਂ 43 ਕਿ.ਮੀ. ਦੂਰ ਸਥਿਤ ਹੈ। ਇਸ ਨੂੰ ਰੂਪਨਗਰ ਵੀ ਕਿਹਾ ਜਾਂਦਾ ਹੈ। ਇਸ ਨਗਰ 'ਤੇ ਡੱਲੇਵਾਲੀਆ ਮਿਸਲ ਨੇ ਰਿਆਸਤ ਕਾਇਮ ਕੀਤੀ ਸੀ। ਇਸ

ਮਿਸਲ ਦਾ ਸ. ਹਰੀ ਸਿੰਘ ਵਿਰਕ (ਜੋ ਕਸੂਰ ਦੇ ਨੇੜੇ ਕਾਲੇਕੀ ਪਿੰਡ ਦਾ ਰਹਿਣ ਵਾਲਾ ਸੀ) ਇਕ ਵਾਰ ਸ. ਮਾਣਕ ਸਿੰਘ ਕੋਲ ਪਿੰਡ ਹੰਡਿਆਇਆ (ਜ਼ਿਲ੍ਹਾ ਬਰਨਾਲਾ) ਵਿਖੇ ਮਿਲਣ ਆਇਆ। ਉਥੋਂ ਉਹ ਗੁਰਦੁਆਰਾ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਦਰਸ਼ਨ ਕਰਨ ਲਈ ਗਏ, ਜਿੱਥੇ ਉਸ ਨੂੰ 400 ਸਿੱਖਾਂ ਦੇ ਜੱਥੇ ਦਾ ਆਗੂ ਬਣਾ ਦਿੱਤਾ ਗਿਆ। 1760ਈ. ਵਿੱਚ ਉਨ੍ਹਾਂ ਦਾ ਜੱਥਾ ਸ੍ਰੀ ਅਨੰਦਪੁਰ ਸਾਹਿਬ ਦੀ ਯਾਤਰਾ ਲਈ ਰਵਾਨਾ ਹੋਇਆ। ਰਸਤੇ ਵਿੱਚ ਉਨ੍ਹਾਂ ਦੀ ਰੋਪੜ ਦੇ ਪਠਾਣ ਨਵਾਬਾਂ ਨਾਲ ਝੜਪ ਹੋ ਗਈ। ਸ. ਹਰੀ ਸਿੰਘ ਦੇ ਜੱਥੇ, ਨੇ ਬਹਾਦਰੀ ਨਾਲ ਉਨ੍ਹਾਂ ਦਾ ਮੁਕਾਬਲਾ ਕੀਤਾ। ਇਹ ਲੜਾਈ ਜਿੱਤ ਕੇ ਸ. ਹਰੀ ਸਿੰਘ ਰੋਪੜ ਰਿਆਸਤ ਦਾ ਸਰਦਾਰ ਬਣ ਗਿਆ। ਇਸ ਤੋਂ ਉਪਰੰਤ ਸ. ਹਰੀ ਸਿੰਘ ਖਿਜ਼ਰਾਬਾਦ ਦੇ ਚੌਧਰੀ ਟੇਕ ਚੰਦ ਨੂੰ ਹਰਾ ਕੇ ਉਸ ਕਿਲ੍ਹੇ ’ਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ ਸਿਆਲਬਾ, ਖਿਜ਼ਰਾਬਾਦ, ਸੀਸਵਾਂ ਅਤੇ ਕੁਰਾਲੀ ਆਦਿ ਨਗਰਾਂ ’ਤੇ ਵੀ ਉਸ ਦਾ ਅਧਿਕਾਰ ਹੋ ਗਿਆ। ਉਸਨੇ ਸਰਦਾਰ ਮਾਣਕ ਸਿੰਘ (ਹੰਡਿਆਇਆ ਵਾਸੀ) ਦੇ ਪੁੱਤਰ ਭਾਈ ਭਾਗ ਸਿੰਘ ਨੂੰ ਆਪਣਾ ਧਾਰਮਿਕ ਸਲਾਹਕਾਰ (ਰਾਜ ਗ੍ਰੰਥੀ) ਨਿਯੁਕਤ ਕੀਤਾ। 1762 ਈ. ਵਿੱਚ ਸਰਦਾਰ ਹਰੀ ਸਿੰਘ ਦੀ ਮੌਤ ਹੋ ਗਈ ਤਾਂ ਉਸਦਾ ਇਲਾਕਾ, ਉਸਦੇ ਦੋ ਪੁੱਤਰਾਂ ਸ. ਚੜ੍ਹਤ ਸਿੰਘ ਅਤੇ ਸ. ਦੇਵਾ ਸਿੰਘ ਵਿੱਚ ਵੰਡਿਆ ਗਿਆ। ਇਸ ਵੰਡ ਵਿਚ ਸ. ਚੜ੍ਹਤ ਸਿੰਘ ਨੂੰ ਰੋਪੜ ਅਤੇ ਸ. ਦੇਵਾ ਸਿੰਘ ਨੂੰ ਸਿਆਲਬਾ ਦੇ ਇਲਾਕੇ ਮਿਲੇ। ਕੁਝ ਸਮੇਂ ਬਾਅਦ ਹੀ ਸ. ਚੜ੍ਹਤ ਸਿੰਘ ਦੀ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਉਸਦਾ ਨਾਬਾਲਗ ਪੁੱਤਰ ਭੂਪ ਸਿੰਘ ਉਸਦਾ ਉੱਤਰਾਧਿਕਾਰੀ ਬਣਿਆ।

ਭੂਪ ਸਿੰਘ ਦੀ ਉਮਰ ਅਜੇ ਛੋਟੀ ਸੀ, ਇਸ ਲਈ ਭਾਈ ਬਿਸ਼ਨ ਸਿੰਘ ਨੂੰ ਉਸ ਦਾ ਸਲਾਹਕਾਰ ਨਿਯੁਕਤ ਕੀਤਾ ਗਿਆ। ਪਰ ਫਿਰ ਨਾਬਾਲਗ ਭੂਪ ਸਿੰਘ ਨੂੰ ਅੰਗਰੇਜ਼ਾਂ ਨੇ 1813 ਈ. ਨੂੰ ਆਪਣੀ ਸੁਰੱਖਿਆ ਵਿਚ ਲੈ ਲਿਆ ਸੀ। ਜਿਵੇਂ ਹੀ ਰਾਜਾ ਭੂਪ ਸਿੰਘ ਵੱਡਾ ਹੋਇਆ, ਉਹ ਅੰਗਰੇਜ਼ਾਂ ਦੀ ਦਖਲਅੰਦਾਜ਼ੀ ਤੋਂ ਦੁਖੀ ਹੋ ਗਿਆ ਅਤੇ ਇਸ ਤੋਂ ਨਿਜਾਤ ਪਾਉਣਾ ਚਾਹੁੰਦਾ ਸੀ। ਉਸ ਨੇ ਭਾਈ ਬਿਸ਼ਨ ਸਿੰਘ ਦੀ ਸਲਾਹ ਨਾਲ ਲੋਕਾਂ ਵਿਚ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਕਈ ਕਦਮ ਚੁੱਕੇ। ਉਸ ਨੇ ਪੁਆਧ ਦੇ ਕਈ ਗੁਰਦੁਆਰਿਆਂ ਦੀ ਸੇਵਾ ਕਰਵਾਈ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਰਾਜਾ ਭੂਪ ਸਿੰਘ ਨੂੰ ਸਿੱਖਾਂ ਦਾ ਸਮਰਥਨ ਮਿਲਿਆ ਅਤੇ ਉਸ ਦੀ ਤਾਕਤ ਵੀ



ਵਧੀ। ਰਾਜਾ ਭੂਪ ਸਿੰਘ ਨੇ ਰਾਜਸੀ ਤਾਕਤ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਦਾ ਸਮਰਥਨ ਵੀ ਪ੍ਰਾਪਤ ਕੀਤਾ। ਪਰ ਅੰਗਰੇਜ਼ ਉਸ ਦੀਆਂ ਗਤੀਵਿਧੀਆਂ ਨੂੰ ਧਿਆਨ ਨਾਲ ਦੇਖ ਰਹੇ ਸਨ ਅਤੇ ਉਸ ਦੇ ਰਾਜ ਨੂੰ ਜ਼ਬਤ ਕਰਨ ਦੇ ਬਹਾਨੇ ਲੱਭ ਰਹੇ ਸਨ। ਜਦੋਂ ਤੱਕ ਮਹਾਰਾਜਾ ਰਣਜੀਤ ਸਿੰਘ ਜਿਉਂਦਾ ਰਿਹਾ, ਰਾਜਾ ਭੂਪ ਸਿੰਘ ਸੁਰੱਖਿਅਤ ਸੀ। 1839 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋਣ ਉਪਰੰਤ ਰਾਜਾ ਭੂਪ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਛੋਟੇ ਉੱਤਰਾਅਧਿਕਾਰੀ ਦਲੀਪ ਸਿੰਘ ਅਤੇ ਮਹਾਰਾਣੀ ਜਿੰਦ ਕੌਰ ਦਾ ਸਾਥ ਦਿੱਤਾ ਸੀ। ਰਾਜਾ ਭੂਪ ਸਿੰਘ ਦੁਆਰਾ ਦਿੱਤੀ ਗਈ ਇਹ ਮਦਦ ਅੰਗਰੇਜ਼ਾਂ ਲਈ ਅਸਹਿ ਸੀ। ਅੰਗਰੇਜ਼ਾਂ ਨੇ ਆਪਣੀ ਵਫ਼ਾਦਾਰੀ ਦਾ ਪਤਾ ਲਗਾਉਣ ਲਈ ਸਾਰੇ ਰਾਜਿਆਂ ਨੂੰ ਲਾਹੌਰ ਬੁਲਾਇਆ, ਪਰ ਰੋਪੜ ਦੇ ਰਾਜਾ ਭੂਪ ਸਿੰਘ ਨੇ ਇਸ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਅੰਗਰੇਜ਼ਾਂ ਲਈ ਰਾਜੇ ਨੂੰ ਗੱਦਾਰ ਕਰਾਰ ਦੇਣ ਅਤੇ ਉਸ ਦੇ ਰਾਜ ਨੂੰ ਜ਼ਬਤ ਕਰਨ ਲਈ, ਇਹ ਬਹਾਨਾ ਕਾਫ਼ੀ ਸੀ। ਉਸ ਦੇ ਸਲਾਹਕਾਰ ਭਾਈ ਬਿਸ਼ਨ ਸਿੰਘ ਨੂੰ ਵੀ ਅੰਗਰੇਜ਼ ਆਪਣਾ ਦੁਸ਼ਮਣ ਸਮਝਦੇ ਸਨ। ਇਸ ਲਈ ਅੰਗਰੇਜ਼ਾਂ ਨੇ ਰਾਜਾ ਭੂਪ ਸਿੰਘ ਅਤੇ ਭਾਈ ਬਿਸ਼ਨ ਸਿੰਘ ਗ੍ਰੰਥੀ ਨੂੰ 29 ਜਨਵਰੀ, 1847 ਈ. ਨੂੰ ਸਹਾਰਨਪੁਰ ਵਿਖੇ ਕੈਦ ਕਰ ਦਿੱਤਾ। ਇੱਥੋਂ ਹੀ 1851 ਈ. ਵਿਚ ਰਾਜਾ ਭੂਪ ਸਿੰਘ ਦਾ ਦੇਹਾਂਤ ਹੋ ਗਿਆ। ਇਸ ਤਰ੍ਹਾਂ ਇਸ ਰਿਆਸਤ ਦਾ ਸੂਰਜ ਅਸਤ ਹੋ ਗਿਆ।

**ਮੁਸਤਫ਼ਾਬਾਦ**

ਮੁਸਤਫ਼ਾਬਾਦ, ਜਗਾਧਰੀ (ਹਰਿਆਣਾ) ਤੋਂ ਉਤਰ ਵੱਲ 10 ਕਿ.ਮੀ. ਦੂਰ ਹੈ। 1763 ਈ. ਵਿਚ ਜਦੋਂ ਸਿੱਖਾਂ ਨੇ ਇਲਾਕੇ ਵੰਡੇ ਤਾਂ ਸ. ਦੇਸੂ ਸਿੰਘ ਡੱਲੇਵਾਲੀਆ ਨੇ ਮੁਸਤਾਫ਼ਾਬਾਦ ਅਤੇ ਇਸ ਦੇ ਨੇੜੇ ਦੇ ਕੁਝ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ। ਉਹ 1775 ਈ. ਵਿੱਚ ਚੰਦੌਸੀ ਦੀ ਲੜਾਈ ਵਿੱਚ ਮਾਰਿਆ ਗਿਆ।

ਉਸਤੋਂ ਬਾਅਦ ਉਸ ਦਾ ਭਤੀਜਾ ਮਹਿਤਾਬ ਸਿੰਘ ਜਗੀਰ ਦਾ ਮਾਲਕ ਬਣਿਆ। ਪਰ ਮਹਿਤਾਬ ਸਿੰਘ ਦਾ ਵੱਡਾ ਲੜਕਾ ਜੋਧ ਸਿੰਘ 1706 ਈ. ਵਿਚ ਮਰਹੱਟਿਆਂ ਵਿਰੁੱਧ ਬਿਆਨਾਂ ਦੀ ਲੜਾਈ ਵਿਚ ਮਾਰਿਆ ਗਿਆ। ਮਹਿਤਾਬ ਸਿੰਘ ਦੀ ਮੌਤ ਤੋਂ ਬਾਅਦ ਉਸ ਦੀ ਵਿਧਵਾ ਨੇ ਜਾਗੀਰ ਸੰਭਾਲੀ। ਕੁਝ ਸਮੇਂ ਬਾਅਦ ਮਹਿਤਾਬ ਸਿੰਘ ਦੇ ਛੋਟੇ ਲੜਕੇ ਰਤਨ ਸਿੰਘ ਨੇ ਆਪਣੀ

ਮਾਂ ਤੋਂ ਡੇਰਾ ਅਤੇ ਟੰਡਵਾਲਾ ਦਾ ਇਲਾਕਾ ਖੋਹ ਲਿਆ। ਇਸ ਸਮੇਂ ਮਹਿਤਾਬ ਸਿੰਘ ਦੀ ਵਿਧਵਾ ਨੇ ਥਾਨੇਸਰ ਦੇ ਸ. ਭੰਗਾ ਸਿੰਘ ਤੋਂ ਮਦਦ ਪ੍ਰਾਪਤ ਕੀਤੀ। 1833 ਈ. ਵਿੱਚ ਮਹਿਤਾਬ ਸਿੰਘ ਦੀ ਵਿਧਵਾ ਦੀ ਮੌਤ ਹੋ ਜਾਣ ਤੇ ਸਾਰੀ ਜਾਗੀਰ ਰਤਨ ਸਿੰਘ ਨੇ ਸੰਭਾਲ ਲਈ। ਉਸ ਦੀ ਮੌਤ ਤੋਂ ਬਾਅਦ ਵਿੱਚ ਜਾਗੀਰ ਉਸ ਦੇ ਪੋਤਿਆਂ ਨੈਬ ਸਿੰਘ ਤੇ ਤਿਲੋਕ ਸਿੰਘ ਨੇ ਸੰਭਾਲੀ। ਨੈਬ ਸਿੰਘ ਦੇ ਕੋਈ ਔਲਾਦ ਨਹੀਂ ਸੀ। 1893 ਈ. ਵਿੱਚ ਉਸ ਦੇ ਦੇਹਾਂਤ ਤੋਂ ਬਾਅਦ ਤਿਲੋਕ ਸਿੰਘ ਮਾਲਕ ਹੋਇਆ। 1905 ਈ. ਵਿਚ ਉਹ ਵੀ ਮਰ ਗਿਆ, ਉਪਰੰਤ ਉਸ ਦਾ ਲੜਕਾ ਜਵਾਹਰ ਸਿੰਘ ਜਾਗੀਰ ਦਾ ਮਾਲਕ ਬਣਿਆ।

ਅੰਗਰੇਜ਼ਾਂ ਨੇ ਜਵਾਹਰ ਸਿੰਘ ਨੂੰ ਆਨਰੇਰੀ ਮੈਜਿਸਟ੍ਰੇਟ ਅਤੇ ਸਿਵਲ ਜੱਜ ਦਾ ਅਹੁਦਾ ਵੀ ਦਿੱਤਾ। ਉਸ ਨੂੰ ਤਾਜਪੋਸ਼ੀ ਮੈਡਲ, ਸਿਲਵਰ ਜੁਬਲੀ ਮੈਡਲ ਅਤੇ 'ਸਵੋਰਡ ਆਫ ਆਨਰ' ਦੇ ਖ਼ਿਤਾਬ ਨਾਲ ਵੀ ਸਨਮਾਨਿਤ ਕੀਤਾ ਗਿਆ। ਵੱਡੀ ਜੰਗ ਵਿਚ ਸਰਦਾਰ ਬਹਾਦਰ ਨੇ ਭਾਰਤੀ ਫ਼ੌਜ ਲਈ ਆਪਣੇ ਖਰਚ 'ਤੇ ਸੌ ਜਵਾਨ ਭਰਤੀ ਕੀਤੇ। ਅਕਾਲੀ ਅੰਦੋਲਨ ਸਮੇਂ ਵੀ ਉਸ ਨੇ ਸਰਕਾਰ ਦੀ ਚੰਗੀ ਸਹਾਇਤਾ ਕੀਤੀ ਤੇ ਉਸ ਨੇ ਜ਼ਿਮੀਂਦਾਰਾ ਐਸੋਸੀਏਸ਼ਨ ਸ਼ੁਰੂ ਕੀਤੀ। ਉਸ ਨੇ ਸਿੱਖ ਸੁਧਾਰ ਅੰਦੋਲਨ ਸ਼ੁਰੂ ਕਰਵਾਉਣ ਵਿਚ ਵੀ ਪਹਿਲ ਕੀਤੀ। 1924 ਈ. ਵਿਚ ਉਹ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਨਾਮਜ਼ਦ ਹੋਇਆ ਅਤੇ ਉਸ ਤੋਂ ਸਾਲ ਬਾਅਦ ਸੀ.ਆਈ.ਸੀ. ਦੇ ਖਿਤਾਬ ਨਾਲ ਸਨਮਾਨਿਤ ਹੋਇਆ।

### ਸਿੰਘਪੁਰੀਆ ਮਿਸਲ ਦੀਆਂ ਰਿਆਸਤਾਂ

### ਭਰਤਗੜ੍ਹ, ਮਨੌਲੀ, ਘਨੌਲੀ, ਕੰਧੋਲਾ, ਬੇਲਾ

1763 ਈ. ਵਿੱਚ ਸਰਹਿੰਦ ਦੇ ਪਤਨ ਤੋਂ ਬਾਅਦ, ਮੌਜੂਦਾ ਰੂਪਨਗਰ ਜ਼ਿਲ੍ਹੇ ਦਾ ਕਾਫ਼ੀ ਹਿੱਸਾ ਸਿੰਘਪੁਰੀਆ ਮਿਸਲ ਅਧੀਨ ਆ ਗਿਆ। ਇਸ ਮਿਸਲ ਦਾ ਮੁਖੀ ਨਵਾਬ ਕਪੂਰ ਸਿੰਘ ਫੈਜ਼ਲਪੁਰੀਆ ਸੀ। ਉਸਨੇ ਕਈ ਲੜਾਈਆਂ ਲੜੀਆਂ। ਉਸਦੀ ਆਖ਼ਰੀ ਲੜਾਈ 1763 ਈ. ਵਿਚ ਸਰਹਿੰਦ ਦੀ ਸੀ। ਸਰਹਿੰਦ ਨੂੰ ਜਿੱਤਣ ਤੋਂ ਬਾਅਦ, ਜਿਵੇਂ ਕਿ ਹੋਰ ਮਿਸਲਾਂ ਨੇ ਸਰਹਿੰਦ ਸੂਬੇ ਦੇ ਖੇਤਰਾਂ 'ਤੇ ਆਪੋ-ਆਪਣੇ ਕਬਜ਼ੇ ਕਰ ਲਏ। ਉਸੇ ਤਰ੍ਹਾਂ ਸਿੰਘਪੁਰੀਆ ਮਿਸਲ ਨੇ ਪੰਜਾਬ ਦੇ ਕਈ ਪ੍ਰਮੁੱਖ ਇਲਾਕਿਆਂ 'ਤੇ ਕਬਜ਼ਾ ਕਰ ਲਿਆ, ਜਿਨ੍ਹਾਂ ਵਿਚ



ਮਨੌਲੀ, ਘਨੌਲੀ, ਭਰਤਗੜ੍ਹ, ਕੰਧੋਲਾ, ਚੁੰਨੀ, ਭਰੇਲੀ, ਬੁੰਗਾ, ਬੇਲਾ, ਅਟਲਗੜ੍ਹ ਸ਼ਾਮਿਲ ਹਨ।

ਨਵਾਬ ਕਪੂਰ ਸਿੰਘ ਦੇ ਕੋਈ ਸੰਤਾਨ ਨਹੀਂ ਸੀ, ਇਸ ਲਈ ਉਸਦੇ ਚਲਾਣੇ ਤੋਂ ਬਾਅਦ ਉਸਦਾ ਭਤੀਜਾ ਸ. ਖੁਸ਼ਹਾਲ ਸਿੰਘ ਸਿੰਘਪੁਰੀਆ ਮਿਸਲ ਦਾ ਆਗੂ ਬਣਿਆ। ਜਦੋਂ ਅਬਦਾਲੀ ਭਾਰਤ ਉਤੇ ਆਪਣੇ ਨੌਵੇਂ ਹਮਲੇ ਤੋਂ ਬਾਅਦ ਵਾਪਿਸ ਗਿਆ ਤਾਂ ਸਿੰਘਪੁਰੀਆ ਮਿਸਲ ਨੇ ਪੰਜਾਬ ਦੇ ਦੁਆਬੇ ਵਿੱਚ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਕੁਝ ਨਗਰਾਂ, ਬਾਰੀ-ਦੁਆਬ ਵਿੱਚ ਖਾਪੜਖੇੜੀ, ਸਿੰਘਪੁਰਾ, ਆਦਮਪੁਰ ਆਦਿਕ ਹੋਰ ਇਲਾਕਿਆਂ ਉਤੇ ਕਬਜ਼ਾ ਕਰ ਲਿਆ ਸੀ। ਸ. ਖੁਸ਼ਹਾਲ ਸਿੰਘ ਨੇ ਸਤਲੁਜ ਦਰਿਆ ਦੇ ਦੋਵੇਂ ਕੰਢਿਆਂ 'ਤੇ ਸਿੰਘਪੁਰੀਆ ਮਿਸਲ ਦੇ ਖੇਤਰ ਨੂੰ ਵਧਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਖੁਸ਼ਹਾਲ ਸਿੰਘ ਦੇ ਕਬਜ਼ੇ ਵਿਚੋਂ ਸਭ ਤੋਂ ਮਹੱਤਵਪੂਰਨ ਪੱਟੀ, ਭਰਤਗੜ੍ਹ, ਨੂਰਪੁਰ, ਬਹਿਰਾਮਪੁਰ ਸਨ। ਖੁਸ਼ਹਾਲ ਸਿੰਘ ਨੇ ਲੁਧਿਆਣੇ ਉੱਤੇ ਵੀ ਕਬਜ਼ਾ ਕਰ ਲਿਆ, ਪਰ ਉਸ ਨੂੰ ਬਨੂੜ ਨੂੰ ਪਟਿਆਲਾ ਨਾਲ ਵੰਡਣਾ ਪਿਆ। 1795 ਈ. ਵਿੱਚ ਉਸਦੀ ਮੌਤ ਹੋ ਗਈ।

ਸ. ਖੁਸ਼ਹਾਲ ਸਿੰਘ ਤੋਂ ਬਾਅਦ ਉਸਦੇ ਪੁੱਤਰ ਬੁੱਧ ਸਿੰਘ ਨੇ ਗੱਦੀ ਸੰਭਾਲੀ। ਪਰ ਇਸ ਸਮੇਂ ਸਿੰਘਪੁਰੀਆ ਮਿਸਲ ਦਾ ਪਤਨ ਸ਼ੁਰੂ ਹੋ ਗਿਆ। ਸਿੰਘਪੁਰੀਆ ਮਿਸਲ ਦੇ ਸਤਲੁਜ ਤੋਂ ਪੱਛਮ ਵੱਲ ਦੇ ਸਾਰੇ ਇਲਾਕੇ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਅਧਿਕਾਰ ਕਰ ਲਿਆ ਸੀ ਤਾਂ ਸ. ਬੁੱਧ ਸਿੰਘ ਸਤਲੁਜ ਤੋਂ ਪੂਰਬ ਵੱਲ ਦੇ ਆਪਣੇ ਇਲਾਕੇ ਵਿੱਚ ਆ ਗਿਆ। ਬੁੱਧ ਸਿੰਘ 1816 ਈ. ਵਿੱਚ ਚਲਾਣਾ ਕਰ ਗਿਆ ਅਤੇ ਆਪਣੇ ਪਿੱਛੇ ਸੱਤ ਪੁੱਤਰ ਛੱਡ ਗਿਆ। ਉਸ ਦੇ ਵੱਡੇ ਪੁੱਤਰ ਅਮਰ ਸਿੰਘ ਨੇ ਭਰਤਗੜ੍ਹ ਦਾ ਕਬਜ਼ਾ ਬਰਕਰਾਰ ਰੱਖਿਆ ਅਤੇ ਬਾਕੀ ਦੇ ਇਲਾਕੇ ਆਪਣੇ ਛੇ ਭਰਾਵਾਂ ਵਿੱਚ ਵੰਡ ਦਿੱਤੇ। ਭੋਪਾਲ ਸਿੰਘ ਨੂੰ ਘਨੌਲੀ ਦੀ ਜਾਇਦਾਦ ਦਿੱਤੀ ਗਈ, ਗੋਪਾਲ ਸਿੰਘ ਨੂੰ ਮਨੌਲੀ, ਲਾਲ ਸਿੰਘ ਨੂੰ ਬੁੰਗਾ, ਗੁਰਦਿਆਲ ਸਿੰਘ ਨੂੰ ਅਟਲਗੜ੍ਹ, ਹਰਦਿਆਲ ਸਿੰਘ ਨੂੰ ਬੇਲਾ ਅਤੇ ਦਿਆਲ ਸਿੰਘ ਨੂੰ ਕੰਧੋਲਾ ਦੇ ਇਲਾਕੇ ਦਿੱਤੇ ਗਏ। ਇਹਨਾਂ ਸਰਦਾਰਾਂ ਦੇ ਕੁਝ ਵੰਸ਼ਜ ਅੱਜ ਵੀ ਆਪੋ-ਆਪਣੀਆਂ ਜਾਇਦਾਦਾਂ ਵਿੱਚ ਰਹਿੰਦੇ ਹਨ।

## ਨਿਸ਼ਾਨ ਵਾਲੀ ਮਿਸਲ ਦੀਆਂ ਰਿਆਸਤਾਂ

### ਖਰੜ

ਖਰੜ ਸ਼ਹਿਰ, ਚੰਡੀਗੜ੍ਹ ਤੋਂ 13 ਕਿ.ਮੀ. ਦੂਰ ਸਥਿਤ ਹੈ। ਸਰਹਿੰਦ ਨੂੰ ਜਿੱਤਣ ਤੋਂ ਬਾਅਦ, ਜੈ ਸਿੰਘ ਨਿਸ਼ਾਨਵਾਲੀ ਮਿਸਲ ਨੇ ਖਰੜ ਅਤੇ ਨੇੜੇ ਦੇ 34 ਪਿੰਡਾਂ 'ਤੇ ਕਬਜ਼ਾ ਕਰਨ ਵਿਚ ਸਫਲ ਰਿਹਾ। ਥੋੜ੍ਹੇ ਸਮੇਂ ਬਾਅਦ ਜੈ ਸਿੰਘ ਤੇ ਉਸਦੇ ਸਾਥੀਆਂ ਨੂੰ ਅਹਿਮਦ ਸ਼ਾਹ ਅਬਦਾਲੀ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਉਨ੍ਹਾਂ ਨੂੰ ਅੰਬਾਲਾ ਦੇ ਉੱਤਰ ਵੱਲ ਪਹਾੜੀ ਦੇਸ਼ ਵਿੱਚ ਸ਼ਰਨ ਲੈਣੀ ਪਈ। ਉਸ ਸਮੇਂ ਪਟਿਆਲੇ ਦੇ ਰਾਜਾ ਅਮਰ ਸਿੰਘ ਨੇ ਖਰੜ ਦੇ ਆਲੇ-ਦੁਆਲੇ ਦੇ ਸੱਤ ਪਿੰਡ ਆਪਣੇ ਨਾਲ ਮਿਲਾ ਲਏ। ਇਸ ਨਾਲ ਵਿਵਾਦ ਪੈਦਾ ਹੋ ਗਿਆ। ਆਖ਼ਰਕਾਰ ਇਨ੍ਹਾਂ ਵਿਚਕਾਰ ਸਮਝੌਤਾ ਹੋਇਆ ਅਤੇ ਪਟਿਆਲਾ ਦਾ ਰਾਜਾ ਚਾਰੇ ਪਿੰਡ ਛੱਡਣ ਲਈ ਸਹਿਮਤ ਹੋ ਗਿਆ। ਸ. ਜੈ ਸਿੰਘ ਦੀ ਧੀ ਦਾ ਵਿਆਹ ਨਾਭਾ ਦੇ ਰਾਜਾ ਜਸਵੰਤ ਸਿੰਘ ਨਾਲ ਹੋਇਆ ਸੀ। 1784 ਈ. ਵਿੱਚ ਜੈ ਸਿੰਘ ਦੀ ਮੌਤ ਹੋ ਗਈ। ਉਸਦੇ ਬਾਅਦ ਉਸਦਾ ਉਤਰਧਿਕਾਰੀ ਬਣੇ ਪੁੱਤਰ ਚੜ੍ਹਤ ਸਿੰਘ ਨੇ 1809 ਈ. ਵਿੱਚ ਬ੍ਰਿਟਿਸ਼ ਸੁਰੱਖਿਆ ਸਵੀਕਾਰ ਕਰ ਲਈ।

### ਅੰਬਾਲਾ

ਅੰਬਾਲਾ, ਹਰਿਆਣਾ ਰਾਜ ਦਾ ਇਕ ਮਹੱਤਵਪੂਰਣ ਨਗਰ ਹੈ, ਜੋ ਦਿੱਲੀ-ਅੰਮ੍ਰਿਤਸਰ ਮੁੱਖ ਮਾਰਗ 'ਤੇ ਪੈਂਦਾ ਹੈ। 1764 ਈ. ਵਿੱਚ ਜਦੋਂ ਸਰਹਿੰਦ ਉਤੇ ਸਿੱਖਾਂ ਦਾ ਕਬਜ਼ਾ ਹੋ ਗਿਆ ਤਾਂ ਨਿਸ਼ਾਨਾਂਵਾਲੀ ਮਿਸਲ ਦੇ ਸ. ਦਸੌਂਧਾ ਸਿੰਘ ਨੇ ਕਈ ਕਸਬਿਆਂ ਨੂੰ ਆਪਣੇ ਅਧਿਕਾਰ ਵਿਚ ਕਰਕੇ ਅੰਬਾਲਾ ਨੂੰ ਆਪਣੀ ਰਾਜਧਾਨੀ ਬਣਾਇਆ। ਸ. ਦਸੌਂਧਾ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਛੋਟਾ ਭਰਾ ਸੰਗਤ ਸਿੰਘ ਮਿਸਲ ਦਾ ਮੁਖੀ ਬਣਿਆ। ਉਸਨੇ ਲੁਟੇਰਿਆਂ ਤੋਂ ਸੁਰੱਖਿਆ ਪ੍ਰਦਾਨ ਕਰਨ ਲਈ ਆਪਣੀ ਰਾਜਧਾਨੀ ਅੰਬਾਲਾ ਸ਼ਹਿਰ ਦੇ ਆਲੇ-ਦੁਆਲੇ ਇੱਟਾਂ ਦੀ ਕੰਧ ਬਣਵਾਈ। ਇਸ ਕਸਬੇ ਵਿੱਚ ਪੀਣ ਯੋਗ ਪਾਣੀ ਦੀ ਘਾਟ ਕਾਰਨ ਉਸ ਨੇ ਅੰਬਾਲਾ ਛੱਡ ਦਿੱਤਾ ਅਤੇ ਸਿੰਘਾਂਵਾਲਾ ਪਿੰਡ ਵਿਖੇ ਰਹਿਣ ਲੱਗਾ। ਉਸ ਨੇ ਅੰਬਾਲੇ ਦਾ ਕਬਜ਼ਾ ਆਪਣੇ ਸਾਲੇ ਧਿਆਨ ਸਿੰਘ ਨੂੰ ਸੌਂਪ ਦਿੱਤਾ। ਉਸ ਨੇ ਗੁਰਬਖ਼ਸ਼ ਸਿੰਘ ਅਤੇ ਲਾਲ ਸਿੰਘ ਨੂੰ ਅੰਬਾਲਾ ਅਤੇ ਨਾਲ ਲਗਦੇ ਇਲਾਕਿਆਂ ਦੇ ਥਾਣੇਦਾਰ ਨਿਯੁਕਤ ਕਰ ਦਿੱਤੇ। ਛੇਤੀ ਹੀ ਸੰਗਤ



ਸਿੰਘ ਦੀ ਮੌਤ ਹੋ ਗਈ ਅਤੇ ਧਿਆਨ ਸਿੰਘ ਨੇ ਅੰਬਾਲਾ ਵੱਲ ਜ਼ਿਆਦਾ ਧਿਆਨ ਨਹੀਂ ਦਿੱਤਾ। ਉਸ ਦੀ ਬੇਧਿਆਨੀ ਕਾਰਨ ਗੁਰਬਖ਼ਸ਼ ਸਿੰਘ ਅਤੇ ਲਾਲ ਸਿੰਘ ਨੇ ਅੰਬਾਲਾ 'ਤੇ ਆਪਣਾ ਅਧਿਕਾਰ ਜਮਾ ਲਿਆ।

1786 ਈ. ਵਿਚ ਸ. ਗੁਰਬਖ਼ਸ਼ ਸਿੰਘ ਦਾ ਦੇਹਾਂਤ ਤੋਂ ਬਾਅਦ ਉਸ ਦੀ ਰਾਣੀ ਦਯਾ ਕੌਰ ਨੇ ਰਿਆਸਤ ਦੀ ਵਾਗ-ਡੋਰ ਆਪਣੇ ਹੱਥ ਵਿਚ ਲੈ ਲਈ ਅਤੇ 37 ਸਾਲ ਬੜੇ ਸੁਚੱਜੇ ਢੰਗ ਨਾਲ ਪ੍ਰਸ਼ਾਸਨ ਕੀਤਾ। ਸੰਨ 1823 ਈ. ਵਿੱਚ ਰਾਣੀ ਦਯਾ ਕੌਰ ਦੀ ਮ੍ਰਿਤੂ ਤੋਂ ਬਾਦ ਉਸ ਦੀ ਰਿਆਸਤ ਅਤੇ ਜਾਇਦਾਦ ਨੂੰ ਅੰਗਰੇਜ਼ਾਂ ਨੇ ਆਪਣੇ ਅਧਿਕਾਰ ਵਿਚ ਲੈ ਲਿਆ।

### ਸ਼ਾਹਬਾਦ

ਸ਼ਾਹਬਾਦ, ਅੰਬਾਲਾ ਤੋਂ ਲਗਭਗ 28 ਕਿ.ਮੀ.ਦੂਰ ਸਥਿਤ ਹੈ। ਨਿਸ਼ਾਨਾਂਵਾਲੀ ਮਿਸਲ ਦੇ ਜੱਥੇਦਾਰ ਸ. ਹਿੰਮਤ ਸਿੰਘ ਦੇ ਭਤੀਜੇ ਸ. ਕਰਮ ਸਿੰਘ ਨੇ ਸਰਹਿੰਦ ਦੀ ਜਿੱਤ ਤੋਂ ਬਾਅਦ ਇਸਮਾਇਲਾਬਾਦ ਅਤੇ ਸ਼ਾਹਬਾਦ ਮਾਰਕੰਡਾ 'ਤੇ ਕਬਜ਼ਾ ਕੀਤਾ। 1771ਈ. ਵਿੱਚ ਹਿੰਮਤ ਸਿੰਘ ਬੇ-ਔਲਾਦ ਅਕਾਲ ਚਲਾਣਾ ਕਰ ਗਿਆ, ਇਸ ਲਈ ਸ. ਕਰਮ ਸਿੰਘ, ਨਿਸ਼ਾਨਾਂਵਾਲੀ ਮਿਸਲ ਦਾ ਉੱਤਰਾਧਿਕਾਰੀ ਬਣਿਆ। ਸ. ਕਰਮ ਸਿੰਘ ਨੇ 1779 ਈ. ਵਿੱਚ ਪਟਿਆਲਾ ਖ਼ਿਲਾਫ਼ ਦਿੱਲੀ ਦੇ ਮੰਤਰੀ ਅਬਦੁਲ ਅਹਦ ਦੀ ਮੁਹਿੰਮ ਸਮੇਂ ਉਸ ਦਾ ਸਾਥ ਦਿੱਤਾ। 1786 ਈ. ਵਿਚ ਸ. ਕਰਮ ਸਿੰਘ ਨੇ ਹੋਰਨਾਂ ਮਿਸਲਾਂ ਦੇ ਸਰਦਾਰਾਂ ਨਾਲ ਮਿਲ ਕੇ ਗੰਗਾ ਦੁਆਬ ਤੋਂ ਉਗਰਾਹੀ ਕੀਤੀ। ਸ. ਕਰਮ ਸਿੰਘ ਨੂੰ ਮੁਗ਼ਲ ਹਕੂਮਤ ਦੇ ਸ਼ਾਹੀ ਪ੍ਰਤਿਨਿਧ ਮਹਾਦਜੀ ਸਿੰਧੀਆ ਨੇ ਜਗੀਰ ਵਿਚ ਸ਼ਿਕਾਰਪੁਰ ਪਿੰਡ ਅਤੇ ਸ਼ਾਹੀ ਮੋਹਰ ਹੇਠ ਸਰਦਾਰ ਦੀ ਉਪਾਧੀ ਪ੍ਰਦਾਨ ਕੀਤੀ। ਉਹ 1808 ਈ. ਵਿੱਚ ਚਲਾਣਾ ਕਰ ਗਿਆ। ਉਸਦੇ ਚਾਰ ਪੁੱਤਰ ਖੜਕ ਸਿੰਘ, ਰਣਜੀਤ ਸਿੰਘ, ਸ਼ੇਰ ਸਿੰਘ ਅਤੇ ਕਾਨ੍ਹ ਸਿੰਘ ਸਨ, ਜਿਨ੍ਹਾਂ ਨੇ ਜਾਇਦਾਦ ਨੂੰ ਬਰਾਬਰ ਵੰਡ ਲਿਆ। ਖੜਕ ਸਿੰਘ ਦਾ ਵਿਆਹ ਪਟਿਆਲੇ ਦੇ ਰਾਜਾ ਸਾਹਿਬ ਸਿੰਘ ਦੀ ਪੁੱਤਰੀ ਪ੍ਰੇਮ ਕੌਰ ਨਾਲ ਹੋਇਆ ਸੀ। ਪਰ ਉਹ 1831 ਈ. ਵਿੱਚ ਬੇ-ਔਲਾਦ ਮਰ ਗਿਆ। ਉਸਦਾ ਹਿੱਸਾ ਉਸਦੇ ਭਰਾ ਸ਼ੇਰ ਸਿੰਘ ਨੂੰ ਦਿੱਤਾ ਗਿਆ। 1861 ਈ. ਵਿੱਚ ਸ਼ੇਰ ਸਿੰਘ ਦੀ ਮੌਤ ਹੋ ਗਈ ਅਤੇ ਉਸ ਦਾ ਇਕਲੌਤਾ ਪੁੱਤਰ ਕੇਸਰ ਸਿੰਘ ਵਾਰਿਸ ਹੋਇਆ। ਡੇਢ ਸਾਲ ਬਾਅਦ ਕੇਸਰ ਸਿੰਘ ਮਰ ਗਿਆ ਤਾਂ ਉਸਦੀ ਜਾਇਦਾਦ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਈ।

## ਭੰਗੀ ਮਿਸਲ ਦੀਆਂ ਰਿਆਸਤਾਂ

### ਬੂੜੀਆ

ਬੂੜੀਆ, ਹਰਿਆਣੇ ਦੇ ਜ਼ਿਲ੍ਹਾ ਯਮਨਾਨਗਰ ਦੇ ਜਗਾਧਰੀ ਨਗਰ ਤੋਂ ਲਗਭਗ 5 ਕਿ.ਮੀ. ਪੂਰਬ ਵਾਲੇ ਪਾਸੇ ਵਸਿਆ ਹੋਇਆ ਹੈ। 1764 ਈ. ਵਿੱਚ ਭੰਗੀ ਮਿਸਲ ਦੇ ਸ. ਨਾਨੂੰ ਸਿੰਘ ਨੇ ਸੂਬਾ ਸਰਹਿੰਦ ਵਿੱਚੋਂ ਦਿਆਲਗੜ੍ਹ, ਦਾਦੂਪੁਰ, ਖਰਵਾਨ, ਦਾਮਲਾ, ਵਜੀਦਪੁਰ, ਜਗਾਧਰੀ ਦੇ ਨਾਲ-ਨਾਲ ਬੂੜੀਆ ਉਪਰ ਵੀ ਕਬਜ਼ਾ ਕਰ ਲਿਆ। ਉਸ ਨੇ ਇਸ ਨਗਰ ਨੂੰ ਆਪਣੀ ਰਾਜਧਾਨੀ ਬਣਾ ਲਿਆ, ਜਿਸ ਨਾਲ ਇਸ ਰਿਆਸਤ ਦਾ ਨਾਂ ਵੀ ਬੜੀਆ ਪ੍ਰਚਲਿਤ ਹੋ ਗਿਆ। ਪਰ ਇਸੇ ਸਾਲ ਔਰੰਗਾਬਾਦ ਦੇ ਪਠਾਣਾਂ ਨੇ ਘਰ ਬੁਲਾ ਕੇ ਧੋਖੇ ਨਾਲ ਸ. ਨਾਨੂੰ ਸਿੰਘ ਦਾ ਕਤਲ ਕਰ ਦਿੱਤਾ ਸੀ। ਉਸਦੇ ਪੁੱਤਰਾਂ, ਸ. ਭਾਗ ਸਿੰਘ ਅਤੇ ਰਾਇ ਸਿੰਘ (ਮੁਤਬੰਨੇ) ਨੇ ਸ. ਨਾਨੂੰ ਸਿੰਘ ਦੀ ਮੌਤ ਦਾ ਬਦਲਾ ਲੈਣ ਲਈ ਪਠਾਣਾਂ ਉਪਰ ਹਮਲਾ ਕਰਕੇ, ਉਨ੍ਹਾਂ ਦਾ ਕਿਲ੍ਹਾ ਢਾਹ ਦਿੱਤਾ। ਉਨ੍ਹਾਂ ਨੇ ਇਸ ਇਲਾਕੇ ਦੇ ਦੋ ਸੌ ਤੋਂ ਵਧੇਰੇ ਪਿੰਡਾਂ ਉਪਰ ਕਬਜ਼ਾ ਕਰ ਲਿਆ। ਬਾਅਦ ਵਿੱਚ ਦੋਵਾਂ ਭਰਾਵਾਂ ਨੇ ਪਿੰਡ ਆਪਸ ਵੰਡ ਲਏ। ਜਗਾਧਰੀ ਤੇ ਦਿਆਲਗੜ੍ਹ ਦੇ 84 ਪਿੰਡ ਸ. ਰਾਇ ਸਿੰਘ ਦੇ ਹਿੱਸੇ ਆਏ ਅਤੇ ਬੂੜੀਆ ਦੇ 120 ਪਿੰਡ ਸ. ਭਾਗ ਸਿੰਘ ਦੇ ਹਿੱਸੇ ਸਨ। ਸ. ਭਾਗ ਸਿੰਘ ਤੋਂ ਬਾਅਦ ਸ. ਸ਼ੇਰ ਸਿੰਘ ਜਗੀਰ ਦਾ ਮਾਲਕ ਬਣਿਆ। 1805 ਈ. ਵਿੱਚ ਉਸਦੀ ਮੌਤ ਹੋ ਗਈ। ਉਸ ਦੇ ਦੋ ਪੁੱਤਰ ਜੈਮਲ ਸਿੰਘ ਤੇ ਗੁਲਾਬ ਸਿੰਘ ਸਨ। ਗੁਲਾਬ ਸਿੰਘ 1844 ਈ. ਵਿੱਚ ਮਰ ਗਿਆ ਤੇ ਜੈਮਲ ਸਿੰਘ ਤੇ ਗੁਲਾਬ ਸਿੰਘ ਸਨ। ਗੁਲਾਬ ਸਿੰਘ 1844 ਈ. ਵਿੱਚ ਮਰ ਗਿਆ ਤੇ ਜੈਮਲ ਸਿੰਘ 1861 ਈ. ਵਿੱਚ ਬੇ-ਔਲਾਦ ਮਰ ਗਿਆ। ਇਸ ਲਈ ਗੁਲਾਬ ਸਿੰਘ ਦਾ ਪੁੱਤਰ ਜੀਵਨ ਸਿੰਘ ਜਾਇਦਾਦ ਦਾ ਮਾਲਕ ਬਣਿਆ।

ਪਟਿਆਲਾ ਤੇ ਕੈਥਲ ਤੋਂ ਬਾਅਦ ਬੂੜੀਆ ਵੱਡੀ ਸਿੱਖ ਰਿਆਸਤ ਸੀ। 1804 ਈ. ਵਿੱਚ ਰਿਆਸਤ ਦੀ ਸਲਾਨਾ ਆਮਦਨ ਇੱਕ ਲੱਖ ਰੁਪਏ ਸੀ। 1857 ਈ. ਦੇ ਗਦਰ ਸਮੇਂ ਸ. ਜੀਵਨ ਸਿੰਘ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ, ਜਿਸ ਬਦਲੇ ਇਸ ਨੂੰ ਆਨਰੇਰੀ ਮੈਜਿਸਟਰੇਟ ਤੇ ਸਬ-ਰਜਿਸਟਰਾਰ ਬਣਾ ਦਿੱਤਾ। ਪਰ ਸ. ਜੀਵਨ ਸਿੰਘ ਦੇ ਸਮੇਂ ਇਸ ਰਿਆਸਤ ਵਿੱਚ ਅੰਗਰੇਜ਼ਾਂ ਦਾ ਦਖ਼ਲ ਵੱਧ ਗਿਆ ਸੀ। ਉਨ੍ਹਾਂ ਨੇ ਪ੍ਰਸ਼ਾਸਕੀ ਸੁਧਾਰਾਂ ਦੇ ਬਹਾਨੇ ਇਸ ਨੂੰ ਤੀਸਰੇ



ਦਰਜੇ ਦੀ ਨਗਰਪਾਲਿਕਾ ਬਣਾ ਦਿੱਤਾ ਸੀ। ਉਸ ਤੋਂ ਬਾਅਦ ਸ. ਗਜੇਂਦਰ ਸਿੰਘ, ਸ. ਲਛਮਣ ਸਿੰਘ ਅਤੇ ਸ. ਰਤਨ ਅਮੋਲ ਸਿੰਘ ਇਸ ਰਿਆਸਤ ਦੇ ਰਈਸ ਬਣੇ। ਰਤਨ ਅਮੋਲ ਸਿੰਘ ਇੱਥੋਂ ਦਾ ਅੰਤਿਮ ਰਈਸ ਸੀ, ਉਸ ਨੇ ਹੀ 1948 ਈ. ਵਿੱਚ ਬੂੜੀਆ ਰਿਆਸਤ ਨੂੰ ਪੈਪਸੂ ਅਧੀਨ ਕਰ ਦਿੱਤਾ ਸੀ।

**ਦਿਆਲਗੜ੍ਹ**

ਸ. ਰਾਏ ਸਿੰਘ ਜਿਸਨੂੰ ਦਿਆਲਗੜ੍ਹ ਤੇ ਜਗਾਧਰੀ ਮਿਲੇ ਸਨ, ਉਹ 1805 ਈ. ਵਿੱਚ ਚਲਾਣਾ ਕਰ ਗਿਆ। ਪਿੱਛੋਂ ਉਸਦਾ ਭਤੀਜਾ ਭਗਵਾਨ ਸਿੰਘ ਜਗੀਰ ਦਾ ਮਾਲਕ ਹੋਇਆ। ਪਰ ਉਹ 1812 ਈ. ਵਿੱਚ ਲਾਵਲਦ ਮਰ ਗਿਆ ਤਾਂ ਜਾਇਦਾਦ ਉਸਦੀਆਂ ਦੋ ਵਿਧਵਾਵਾਂ ਵਿੱਚ ਵੰਡੀ ਗਈ। ਦਇਆ ਕੌਰ ਨੂੰ ਜਗਾਧਰੀ ਤੇ ਸੁੱਖਾਂ ਨੂੰ ਦਿਆਲਗੜ੍ਹ ਦਾ ਇਲਾਕਾ ਮਿਲਿਆ। 1828 ਈ. ਵਿੱਚ ਦਇਆ ਕੌਰ ਚਲਾਣਾ ਕਰ ਗਈ ਤਾਂ ਅੰਗਰੇਜ਼ਾਂ ਨੇ ਉਸਦੀ ਜਾਇਦਾਦ ਜ਼ਬਤ ਕਰ ਲਈ। ਸੁੱਖਾਂ 1852 ਈ. ਵਿੱਚ ਮਰ ਗਈ ਤਾਂ ਉਸ ਦੇ ਕੁਝ ਪਿੰਡ ਉਸ ਦੇ ਭਰਾਵਾਂ ਤੇ ਭਤੀਜਿਆਂ ਨੂੰ ਦੇ ਕੇ ਬਾਕੀ ਦੀ ਜਗੀਰ ਜ਼ਬਤ ਕਰ ਲਈ।

## ਸ਼ਹੀਦ ਮਿਸਲ ਦੀ ਰਿਆਸਤ

### ਸ਼ਾਹਜਾਦਪੁਰ

ਸ਼ਾਹਜ਼ਾਦਪੁਰ, ਅੰਬਾਲਾ ਜ਼ਿਲ੍ਹੇ ਦਾ ਛੋਟਾ ਜਿਹਾ ਕਸਬਾ ਹੈ, ਜਿਹੜਾ ਅੰਬਾਲਾ ਤੋਂ 30 ਕਿ.ਮੀ. ਉੱਤਰ ਵੱਲ ਵਸਿਆ ਹੋਇਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਸਿੱਖ ਬਾਬਾ ਦੀਪ ਸਿੰਘ ਜੀ ਨੇ ਮਿਸਲ ਸ਼ਹੀਦਾਂ ਬਣਾਈ। ਬਾਬਾ ਦੀਪ ਸਿੰਘ ਦੀ ਸ਼ਹੀਦੀ ਤੋਂ ਪਿੱਛੋਂ 1763 ਈ. ਵਿੱਚ ਇਸ ਮਿਸਲ ਦਾ ਜਥੇਦਾਰ ਸ. ਕਰਮ ਸਿੰਘ ਬਣਿਆ। ਉਸ ਨੇ ਆਪਣੇ ਭਰਾ ਧਰਮ ਸਿੰਘ ਨਾਲ ਸ਼ਾਹਜਾਦਪੁਰ ਅਤੇ ਇਸ ਦੇ ਗਿਰਦ ਦੇ ਇਲਾਕੇ ਤੇ ਕਬਜ਼ਾ ਕਰ ਲਿਆ। ਸ. ਕਰਮ ਸਿੰਘ ਤੋਂ ਬਾਅਦ ਸ. ਗੁਲਾਬ ਸਿੰਘ, ਸ. ਕਿਰਪਾਲ ਸਿੰਘ , ਸ. ਜੀਵਨ ਸਿੰਘ, ਸ. ਰਾਮ ਸਿੰਘ ਅਤੇਸ, ਰਣਜੀਤ ਸਿੰਘ ਆਦਿ ਸ਼ਾਹਜ਼ਾਦਪੁਰ ਦੇ ਰਈਸ ਹੋਏ ਸਨ। 1847 ਈ. ਤੋਂ ਬਾਅਦ ਉਹ ਅੰਗਰੇਜ਼ਾਂ ਦੇ ਅਧੀਨ ਹੋ ਗਏ। ਸ਼ਾਹਜ਼ਾਦਪੁਰ ਵਿੱਚ ਅੱਜ ਵੀ ਇਨ੍ਹਾਂ ਦਾ ਕਿਲ੍ਹਾ ਕਾਇਮ ਹੈ।

## ਕਰੋੜਸਿੰਘੀਆ ਮਿਸਲ ਦੀ ਰਿਆਸਤ

### ਛਛਰੌਲੀ (ਕਲਸੀਆ)

ਛਛਰੌਲੀ, ਹਰਿਆਣੇ ਦੇ ਜ਼ਿਲ੍ਹਾ ਯਮੁਨਾਨਗਰ ਦੀ ਤਹਿਸੀਲ ਜਗਾਧਰੀ ਵਿੱਚ ਸਥਿਤ ਹੈ। ਇਸ ਨਗਰ ਵਿੱਚ ਕਰੋੜਸਿੰਘੀਆ ਮਿਸਲ ਦੇ ਇੱਕ ਸਰਦਾਰ ਗੁਰਬਖ਼ਸ਼ ਸਿੰਘ ਨੇ ਰਿਆਸਤ ਕਾਇਮ ਕੀਤੀ ਸੀ, ਜੋ ਕਿ ਮਾਝੇ ਦੇ ਪਿੰਡ ਕਲਸੀਆ ਦਾ ਵਸਨੀਕ ਸੀ। ਇਹ ਕਰੋੜਸਿੰਘੀਆ ਮਿਸਲ ਦੇ ਜਥੇਦਾਰ ਸ. ਬਘੇਲ ਸਿੰਘ ਦਾ ਸਾਥੀ ਸੀ। 1764 ਈ. ਵਿੱਚ ਸਰਹਿੰਦ ਦੀ ਜਿੱਤ ਤੋਂ ਬਾਅਦ ਸ. ਗੁਰਬਖ਼ਸ਼ ਸਿੰਘ ਛਛਰੌਲੀ ਦੇ ਪਰਗਨੇ ਵਿਚ 114 ਪਿੰਡਾਂ ਉਤੇ ਕਬਜ਼ਾ ਕਰਕੇ, ਛਛਰੌਲੀ ਨੂੰ ਰਾਜਧਾਨੀ ਬਣਾ ਲਿਆ। ਸ. ਗੁਰਬਖ਼ਸ਼ ਸਿੰਘ ਦੇ ਜੱਦੀ ਪਿੰਡ ਦੇ ਨਾਂ 'ਤੇ ਇਸ ਰਿਆਸਤ ਦਾ ਨਾਮ 'ਕਲਸੀਆ' ਹੋ ਗਿਆ। 1774 ਈ. ਵਿੱਚ ਉਸ ਦਾ ਦੇਹਾਂਤ ਹੋ ਗਿਆ।

ਉਸ ਤੋਂ ਪਿਛੋਂ ਉਸ ਦਾ ਪੁੱਤਰ ਸ. ਜੋਧ ਸਿੰਘ ਰਿਆਸਤ ਦਾ ਮਾਲਕ ਬਣਿਆ ਅਤੇ ਉਸ ਨੇ ਆਪਣੀ ਹਿੰਮਤ ਨਾਲ ਆਪਣੇ ਇਲਾਕੇ ਵਿਚ ਹੋਰ ਵਾਧਾ ਕਰ ਲਿਆ। ਉਸ ਨੇ 1807 ਈ. ਵਿੱਚ ਨਰਾਇਣਗੜ੍ਹ ਦੀ ਲੜਾਈ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮਦਦ ਕੀਤੀ, ਜਿਸ ਕਾਰਨ ਉਸ ਦਾ ਬਦਲਾ ਖੇੜੀ ਅਤੇ ਸ਼ਾਮ ਚਪਾਲ ਪਿੰਡ ਜਗੀਰ ਦੇ ਤੌਰ 'ਤੇ ਦਿੱਤੇ ਗਏ। 1818 ਈ. ਵਿੱਚ ਇਸ ਨੇ ਮੁਲਤਾਨ ਦੀ ਜੰਗ ਵਿੱਚ ਫਿਰ ਮਹਾਰਾਜਾ ਰਣਜੀਤ ਸਿੰਘ ਦਾ ਸਾਥ ਦਿੱਤਾ। ਮੁਲਤਾਨ ਦੀ ਜਿੱਤ ਤੋਂ ਬਾਅਦ ਇਸ ਨੂੰ ਮੁਲਤਾਨ ਦਾ ਪਹਿਲਾ ਫ਼ੌਜਦਾਰ ਨਿਯੁਕਤ ਕੀਤਾ ਗਿਆ। ਉਥੇ ਹੀ 67 ਸਾਲ ਦੀ ਉਮਰ ਵਿੱਚ ਇਸ ਦਾ ਦੇਹਾਂਤ ਹੋਇਆ।

ਸ. ਜੋਧ ਸਿੰਘ ਤੋਂ ਪਿੱਛੋਂ ਉਸ ਦਾ ਵੱਡਾ ਲੜਕਾ ਸ. ਸੋਭਾ ਸਿੰਘ ਜਾਗੀਰ ਦਾ ਮਾਲਕ ਬਣਿਆ। ਉਹ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ ਅਤੇ ਅੰਗਰੇਜ਼-ਸਿੱਖ ਯੁੱਧਾਂ ਵਿੱਚ ਅੰਗਰੇਜ਼ਾਂ ਦਾ ਸਾਥ ਦਿੱਤਾ। 1857 ਈ. ਵਿੱਚ ਵੀ ਅੰਗਰੇਜ਼ਾਂ ਦਾ ਪੱਖ ਲਿਆ। ਉਸਦਾ 1858 ਈ. ਵਿੱਚ ਦੇਹਾਂਤ ਹੋ ਗਿਆ ਤਾਂ ਇਸ ਦਾ ਵੱਡਾ ਪੁੱਤਰ ਸ. ਲਹਿਣਾ ਸਿੰਘ ਰਿਆਸਤ ਦਾ ਮੁਖੀ ਬਣਿਆ। ਉਸ ਤੋਂ ਬਾਅਦ ਸ. ਬਿਸ਼ਨ ਸਿੰਘ ਅਤੇ ਫਿਰ ਸ. ਜਗਜੀਤ ਸਿੰਘ ਗੱਦੀ ਉੱਪਰ ਬੈਠਿਆ। ਮਗਰੋਂ ਉਸ ਦਾ ਛੋਟਾ ਭਰਾ ਰਣਜੀਤ ਸਿੰਘ ਕਲਸੀਆ ਰਿਆਸਤ ਦਾ ਮਾਲਕ ਸੀ। 1908 ਈ. ਵਿੱਚ ਉਸਦੀ ਵੀ ਮੌਤ ਹੋ ਗਈ ਤਾਂ ਉਸ ਦਾ ਨਾਬਾਲਗ



ਪੁੱਤਰ ਸ. ਰਵੀ ਸ਼ੇਰ ਸਿੰਘ ਗੱਦੀ ਉਪਰ ਬੈਠਿਆ। ਉਸਦੀ ਨਾਬਾਲਗੀ ਦੇ ਸਮੇਂ ਦੌਰਾਨ ਤਿੰਨ ਮੰਤਰੀਆਂ ਦੀ ਕੌਂਸਲ ਨੇ ਰਾਜ ਪ੍ਰਬੰਧ ਚਲਾਇਆ। ਪਹਿਲੀ ਸੰਸਾਰ ਜੰਗ ਸਮੇਂ ਰਿਆਸਤ ਦੀ ਕੌਂਸਲ ਨੇ 1916 ਈ. ਵਿਚ ਆਪਣੇ ਸ਼ਾਸਕ ਲਈ ਰਾਜਾ ਦਾ ਖ਼ਿਤਾਬ ਹਾਸਲ ਕਰ ਲਿਆ। ਰਾਜਾ ਰਵੀ ਸ਼ੇਰ ਸਿੰਘ ਨੇ ਐਚਿਸਨ ਕਾਲਜ (ਲਾਹੌਰ) 'ਚੋਂ ਵਿੱਦਿਆ ਪ੍ਰਾਪਤ ਕੀਤੀ ਅਤੇ 1922 ਈ. ਵਿਚ ਰਾਜ ਪ੍ਰਬੰਧਕੀ ਸ਼ਕਤੀਆਂ ਪ੍ਰਾਪਤ ਕਰਨ ਤੋਂ ਪਹਿਲਾਂ ਵਿਦੇਸ਼ ਵੀ ਗਿਆ। ਰਾਜਾ ਰਵੀ ਸ਼ੇਰ ਸਿੰਘ 1947 ਈ. ਵਿੱਚ ਚਲਾਣਾ ਕਰ ਗਿਆ ਤਾਂ ਇਸ ਦਾ ਪੁੱਤਰ ਰਾਜਾ ਕਰਨ ਸ਼ੇਰ ਸਿੰਘ ਗੱਦੀ 'ਤੇ ਬੈਠਾ। 1947 ਈ. ਵਿੱਚ ਅੰਗਰੇਜ਼ੀ ਰਾਜ ਖਤਮ ਹੋਣ ਉਪਰੰਤ ਕਲਸੀਆ ਰਿਆਸਤ ਭਾਰਤੀ ਸੰਘ ਵਿਚ ਮਿਲ ਗਈ ਅਤੇ 1948 ਈ. ਵਿੱਚ ਪਟਿਆਲਾ ਅਤੇ ਈਸਟ ਪੰਜਾਬ ਸਟੇਟਸ ਯੂਨੀਅਨ (ਪੈਪਸੂ) ਵਿਚ ਸ਼ਾਮਲ ਹੋ ਗਈ ਅਤੇ ਕਲਸੀਆ ਦੇ ਅਖ਼ੀਰੀ ਰਾਜੇ ਸ. ਕਰਨ ਸ਼ੇਰ ਸਿੰਘ ਨੂੰ 65 ਹਜ਼ਾਰ ਰੁਪਏ ਸਾਲਾਨਾ ਭੱਤਾ ਖਰਚ ਲਈ ਮਿਲਣ ਲੱਗ ਪਿਆ।

### ਪਟਿਆਲਾ ਰਿਆਸਤ

ਪਟਿਆਲਾ ਰਿਆਸਤ ਦੇ ਬਾਨੀ ਬਾਬਾ ਆਲਾ ਸਿੰਘ ਨੇ ਸਰਹਿੰਦ ਦੇ ਮਹਲ ਬਨੂੜ, ਹਵੇਲੀ, ਮਸੀਂਗਣ, ਛੱਤ, ਘੁੜਾਮ ਦੇ ਪਿੰਡਾਂ 'ਤੇ ਕਬਜ਼ਾ ਕਰ ਲਿਆ ਸੀ। ਇਸ ਤਰ੍ਹਾਂ ਪੁਆਧ ਦੇ ਵੱਡੇ ਖੇਤਰ ਤੇ ਰਿਆਸਤ ਪਟਿਆਲਾ ਦਾ ਕਬਜ਼ਾ ਸੀ। ਬਾਬਾ ਆਲਾ ਸਿੰਘ ਤੋਂ ਬਾਅਦ 1765 ਈ. ਵਿੱਚ ਅਮਰ ਸਿੰਘ ਰਾਜਾ ਬਣਿਆ। ਰਾਜਾ ਅਮਰ ਸਿੰਘ ਨੇ ਮਨੀਮਾਜਰਾ ਦੇ ਰਈਸ ਗਰੀਬ ਦਾਸ 'ਤੇ ਹਮਲਾ ਕਰਕੇ ਉਸ ਤੋਂ ਖਰਾਜ ਲਿਆ। ਫਿਰ ਉਸ ਨੇ ਸਿਆਲਬਾ ਦੇ ਸ. ਹਰੀ ਸਿੰਘ 'ਤੇ ਵੀ ਧਾਵਾ ਕੀਤਾ ਪਰ ਹਾਰ ਗਿਆ। ਉਸ ਨੇ ਇੱਕ ਵਾਰ ਫੇਰ ਨਾਭਾ, ਜੀਂਦ, ਮਲੇਰਕੋਟਲਾ, ਕੈਥਲ ਆਦਿ ਰਿਆਸਤਾਂ ਦੀ ਮਦਦ ਸਿਆਲਬਾ ਉਤੇ ਹਮਲਾ ਕੀਤਾ। ਸ. ਹਰੀ ਸਿੰਘ ਹਾਰ ਗਿਆ ਤੇ ਉਸ ਨੇ ਰਾਜਾ ਅਮਰ ਸਿੰਘ ਨੂੰ ਨਜ਼ਰਾਨਾ ਦਿੱਤਾ। ਰਾਜਾ ਅਮਰ ਸਿੰਘ ਤੋਂ ਬਾਅਦ ਸਾਹਿਬ ਸਿੰਘ, ਕਰਮ ਸਿੰਘ, ਨਰਿੰਦਰ ਸਿੰਘ, ਮਹਿੰਦਰ ਸਿੰਘ, ਰਜਿੰਦਰ ਸਿੰਘ, ਭੁਪਿੰਦਰ ਸਿੰਘ, ਯਾਦਵਿੰਦਰ ਸਿੰਘ ਰਾਜੇ ਹੋਏ। ਫਿਰ ਇਹ ਰਿਆਸਤ ਪੈਪਸੂ ਵਿੱਚ ਮਿਲ ਗਈ।

## ਮਨੀਮਾਜਰਾ ਰਿਆਸਤ

ਮਨੀਮਾਜਰਾ ਇੱਕ ਇਤਿਹਾਸਕ ਕਸਬਾ ਹੈ, ਜੋ ਚੰਡੀਗੜ੍ਹ ਦੇ ਬਿਲਕੁਲ ਨਾਲ ਹੀ ਪੈਂਦਾ ਹੈ। ਇੱਥੇ ਵੀ ਪੁਆਧ ਦੀ ਇਕ ਰਿਆਸਤ ਹੋਂਦ ਵਿੱਚ ਆਈ। ਦੱਸਿਆ ਜਾਂਦਾ ਹੈ ਕਿ ਮੁਗ਼ਲਾਂ ਦੇ ਸਮੇਂ ਪੁਆਧ ਵਿੱਚ ਇਕ ਗੰਗਾ ਰਾਮ ਨਾਲ ਦਾ ਮਾਲ ਅਫ਼ਸਰ ਸੀ। ਉਸਦੇ ਪੁੱਤਰ ਗਰੀਬ ਦਾਸ ਨੇ 1763 ਈ. ਵਿੱਚ ਸਰਹਿੰਦ ਦੇ ਪਤਨ ਤੋਂ ਬਾਅਦ ਮਨੀਮਾਜਰਾ ਅਤੇ ਮੁੱਲਾਂਪੁਰ ਦੇ ਪਰਗਨਿਆਂ ਦੇ 84 ਪਿੰਡਾਂ ’ਤੇ ਕਬਜ਼ਾ ਕਰ ਲਿਆ, ਜੋ ਕਿ ਉਸਦੇ ਪਿਤਾ ਦੇ ਅਧਿਕਾਰ ਖੇਤਰ ਵਿੱਚ ਸਨ।

ਗਰੀਬ ਦਾਸ ਨੇ ਮੁੱਲਾਂਪਰ ਅਤੇ ਮਨੀਮਾਜਰਾ ਕਿਲ੍ਹੇ ਬਣਵਾਏ। ਉਸ ਨੇ ਮੁੱਲਾਂਪੁਰ ਨੇੜੇ ਜੈਅੰਤੀ ਦੇਵੀ ਦਾ ਮੰਦਰ ਵੀ ਬਣਵਾਇਆ ਸੀ। ਗਰੀਬਦਾਸ ਦੇ ਨਾਂ ਤੋਂ ਹੀ ਮੁੱਲਾਂਪੁਰ ਦਾ ਨਾਮ ‘ਮੁੱਲਾਂਪੁਰ ਗਰੀਬਦਾਸ’ ਪੈ ਗਿਆ ਸੀ। ਉਸਨੇ ਮਨੀਮਾਜਰਾ ਨੂੰ ਆਪਣੀ ਰਾਜਧਾਨੀ ਬਣਾਇਆ। ਉਸ ਨੇ ਪਿੰਜੌਰ ਅਤੇ ਕਾਲਕਾ ’ਤੇ ਵੀ ਅਧਿਕਾਰ ਕਰ ਲਿਆ। 1778 ਈ. ਵਿੱਚ ਰਾਜਾ ਅਮਰ ਸਿੰਘ ਪਟਿਆਲਾ ਨੇ ਉਸਦੇ ਕੁੱਝ ਇਲਾਕੇ ’ਤੇ ਹਮਲਾ ਕਰ ਅਧਿਕਾਰ ਕੀਤਾ, ਪਰ ਗਰੀਬ ਦਾਸ ਨੇ ਪਟਿਆਲਾ ਦੇ ਰਾਜਾ ਨੂੰ ਕਾਫੀ ਧਨ-ਦੌਲਤ ਦੇ ਕੇ ਇਸ ਇਲਾਕੇ ’ਤੇ ਆਪਣਾ ਕਬਜ਼ਾ ਮੁੜ ਬਹਾਲ ਕਰਵਾ ਲਿਆ।

1783 ਈ. ਵਿੱਚ ਗ਼ਰੀਬ ਦਾਸ ਦੀ ਮੌਤ ਹੋ ਗਈ ਅਤੇ ਪਿੱਛੇ ਉਹ ਦੋ ਪੁੱਤਰ ਗੋਪਾਲ ਸਿੰਘ ਅਤੇ ਪ੍ਰਕਾਸ਼ ਚੰਦ ਛੱਡ ਗਿਆ। ਉਨ੍ਹਾਂ ਵਿਚੋਂ ਵੱਡੇ ਨੇ 1809 ਈ. ਵਿੱਚ ਅਤੇ 1814 ਈ. ਦੀ ਗੋਰਖਾ ਮੁਹਿੰਮ ਵਿੱਚ ਅੰਗਰੇਜ਼ਾਂ ਦੀ ਚੰਗੀ ਮਦਦ ਕੀਤੀ ਇਸ ਲਈ ਸਰ ਡੇਵਿਡ ਅਖਤਰਲੋਨੀ ਨੇ ਇਸ ਨੂੰ ਹੋਰ ਜਗੀਰ ਦੇਣ ਦੀ ਸਿਫਾਰਿਸ਼ ਕੀਤੀ, ਪਰ ਇਸ ਦੀ ਬਜਾਏ ਉਸ ਨੇ ਰਾਜਾ ਦੀ ਉਪਾਧੀ ਦੀ ਮੰਗ ਕੀਤੀ, ਜੋ ਉਸ ਨੂੰ ਦੇ ਦਿੱਤੀ ਗਈ। 1816 ਈ. ਵਿੱਚ ਉਸ ਦੀ ਮੌਤ ਹੋ ਗਈ ਅਤੇ ਉਸ ਦਾ ਉੱਤਰਾਧਿਕਾਰੀ ਹਮੀਰ ਸਿੰਘ ਰਾਜਾ ਬਣਿਆ, ਜਿਸਦੀ ਆਪਣੇ ਪਿਤਾ ਤੋਂ ਕੁਝ ਸਾਲ ਬਾਅਦ ਹੀ ਮੌਤ ਹੋ ਗਈ। ਉਸ ਦਾ ਪੁੱਤਰ ਗੋਵਰਧਨ ਸਿੰਘ ਵੀ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ ਅਤੇ ਉਸ ਨੇ 1845 ਈ. ਵਿੱਚ ਮੁੱਦਕੀ ਦੀ ਜੰਗ ਲਈ ਸੈਨਿਕ ਸਹਾਇਤਾ ਦਿੱਤੀ। ਉਹ 1847 ਈ. ਵਿੱਚ ਚਲਾਣਾ ਕਰ ਗਿਆ ਅਤੇ ਉਸ ਦਾ ਉੱਤਰਾਧਿਕਾਰੀ ਗੁਰਬਖ਼ਸ਼ ਸਿੰਘ ਹੋਇਆ। 1866 ਈ. ਵਿੱਚ ਉਸਦੇ ਦੇਹਾਂਤ ਤੋਂ ਬਾਅਦ ਉਸਦੇ



ਛੋਟੇ ਭਰਾ ਭਗਵਾਨ ਸਿੰਘ ਨੂੰ 77 ਪਿੰਡ ਦੀ ਜਾਇਦਾਦ ਵਿਰਾਸਤ ਵਿਚ ਮਿਲੀ। ਫਰੀਦਕੋਟ ਦੇ ਰਾਜਾ ਬਲਬੀਰ ਸਿੰਘ ਦਾ ਵਿਆਹ ਭਗਵਾਨ ਸਿੰਘ ਦੀ ਪੁੱਤਰੀ ਨਾਲ ਹੋਇਆ।

ਅੰਤ ਵਿਚ ਕਹਿ ਸਕਦੇ ਹਾਂ ਕਿ ਪੁਆਧ ਦਾ ਇਲਾਕਾ ਭਾਰਤ ਦੇ ਕਈ ਮਸ਼ਹੂਰ ਰਾਜਵੰਸ਼ਾਂ ਦੇ ਅਧੀਨ ਰਿਹਾ। ਮੁਗਲਾਂ ਦੇ ਅਧਿਕਾਰ ਵਿੱਚ ਆਉਣ ਤੋਂ ਬਾਅਦ ਇਸ ਇਲਾਕੇ ਦਾ ਵਿਕਾਸ ਸ਼ੁਰੂ ਹੋਇਆ। ਸਰਹਿੰਦ ਸਰਕਾਰ ਦੇ ਅਧੀਨਇਸ ਨੇ ਕਾਫੀ ਤਰੱਕੀ ਕੀਤੀ। ਪਰ ਕੁਝ ਅਨਿਆਇ ਕਰਨ ਵਾਲੇ ਸੂਬੇਦਾਰਾਂ ਕਾਰਨ ਇਸਦਾ ਪਤਨ ਹੋ ਗਿਆ ਅਤੇ ਸਿੱਖਾਂ ਨੇ ਇਸ ਇਲਾਕੇ ਨੂੰ ਜਿੱਤ ਕੇ ਇਥੇ ਰਿਆਸਤਾਂ ਕਾਇਮ ਕਰ ਲਈਆਂ। ਜਿਸ ਨਾਲ ਇਹ ਇਲਾਕਾ ਉੱਨਤ ਹੋਇਆ ਅਤੇ ਇੱਥੇ ਸਿੱਖ ਧਰਮ ਦਾ ਫੈਲਾਅ ਹੋਇਆ। ਇੱਥੋਂ ਦੇ ਰਾਜੇ-ਰਈਸਾਂ ਨੇ ਬਹੁਤ ਗੁਰਧਾਮ ਬਣਵਾਏ ਅਤੇ ਉਨ੍ਹਾਂ ਦੇ ਨਾਂ ਜਾਗੀਰਾਂ ਲਗਵਾਈਆਂ। ਫਿਰ ਇਹ ਰਿਅਸਤਾਂ ਪੈਪਸੂ ਵਿਚ ਸ਼ਾਮਿਲ ਹੋ ਗਈਆਂ। ਕੁਝ ਸਮੇਂ ਬਾਅਦ ਇਹ ਰਿਆਸਤਾਂ ਭਾਰਤ ਦਾ ਹਿੱਸਾ ਬਣ ਗਈਆਂ। ਅੱਜ ਵੀ ਕੁਝ ਰਿਆਸਤਾਂ ਦੇ ਵੰਸ਼ਜ ਪੁਆਧ ਵਿਚ ਵਸ ਰਹੇ ਹਨ। ਇਨ੍ਹਾਂ ਰਿਆਸਤਾਂ ਦੀਆਂ ਕੁਝ ਨਿਸ਼ਾਨੀਆਂ ਕਿਲ੍ਹਿਆਂ ਦੇ ਰੂਪ ਵਿੱਚ ਅਜੇ ਵੀ ਖੜੀਆਂ ਹਨ, ਜੋ ਪੁਆਧ ਦੀ ਅਨਮੋਲ ਵਿਰਾਸਤ ਦਾ ਹਿੱਸਾ ਹਨ।

* * * *

# ਸਿੰਘਪੁਰੀਆ ਮਿਸਲ ਦੇ ਪੁਆਧੀ ਕਿਲ੍ਹਿਆਂ ਦੀ ਦਾਸਤਾਨ

**- ਡਾ. ਗੁਰਬਚਨ ਸਿੰਘ ਮਾਵੀ**
**ਮੋਬਾ. 9878149511**


ਸਿੰਘਪੁਰੀਆ (ਫੈਜਲਪੁਰੀਆ) ਮਿਸਲ ਦੇ ਬਾਨੀ ਅਠਾਰਵੀਂ ਸਦੀ ਦੇ ਪ੍ਰਸਿੱਧ ਸੂਰਬੀਰ ਸਿੱਖ ਯੋਧੇ, ਸ. ਕਪੂਰ ਸਿੰਘ ਜੀ ਸਨ। ਨਵਾਬੀ ਦਾ ਖਿਤਾਬ ਮਿਲਣ ਕਰਕੇ ਆਪ ਨਵਾਬ ਕਪੂਰ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਏ। ਇਨ੍ਹਾਂ ਦਾ ਪਿੰਡ ਸਿੰਘਪੁਰਾ (ਫੈਜਲਪੁਰਾ) ਉਸ ਸਮੇਂ ਜ਼ਿਲ੍ਹਾ ਅੰਮ੍ਰਿਤਸਰ ਅਤੇ ਹੁਣ ਤਰਨਤਾਰਨ ਸਾਹਿਬ ਵਿੱਚ ਹੈ। ਆਪ ਦੇ ਪਿਤਾ ਚੌਧਰੀ ਦਲੀਪ ਸਿੰਘ ਦਸਮੇਸ਼ ਪਿਤਾ ਗੁਰੂ ਗੋਬਿਦ ਸਿੰਘ ਜੀ ਦੇ ਨਿਕਟਵਰਤੀ ਸਿੰਘ ਸਨ। ਨਵਾਬ ਕਪੂਰ ਸਿੰਘ ਜੀ ਦੀ ਕੋਈ ਔਲਾਦ ਨਹੀਂ ਸੀ। ਆਪ ਦੇ ਭਰਾ ਦਾਨ ਸਿੰਘ ਦਾ ਪੁੱਤਰ ਸ. ਖੁਸ਼ਹਾਲ ਸਿੰਘ ਸੀ। ਸ. ਕਪੂਰ ਸਿੰਘ ਨੇ ਪੰਥ ਖਾਲਸੇ ਦਾ ਇਕੱਠ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੱਦਿਆ ਅਤੇ ਪੰਥ ਦੀ ਜਥੇਦਾਰੀ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਅਤੇ ਮਿਸਲ ਦੀ ਜ਼ਿੰਮੇਵਾਰੀ ਆਪਣੇ ਭਤੀਜੇ ਸ. ਖੁਸ਼ਹਾਲ ਸਿੰਘ ਨੂੰ ਸੌਂਪੀ। ਇਸ ਤੋਂ ਬਾਅਦ ਸ. ਕਪੂਰ ਸਿੰਘ 7 ਅਕਤੂਬਰ 1753 ਨੂੰ ਅਕਾਲ ਚਲਾਣਾ ਕਰ ਗਏ। ਖੁਸ਼ਹਾਲ ਸਿੰਘ ਦੇ ਸਮੇਂ ਸਿੰਘਪੁਰੀਆ ਮਿਸਲ ਬਹੁਤ ਪ੍ਰਫੁਲਤ ਹੋਈ। ਸ. ਖੁਸ਼ਹਾਲ ਸਿੰਘ ਸੰਨ 1795 ਵਿਚ ਸੁਰਗਵਾਸ ਹੋ ਗਏ। ਇਨ੍ਹਾਂ ਦੇ ਦੋ ਬੇਟੇ ਸਨ ਸ. ਬੁੱਧ ਸਿੰਘ ਅਤੇ ਸ. ਸੁਧ ਸਿੰਘ। ਸ. ਸੁਧ ਸਿੰਘ ਤਾਂ ਆਪਣੇ ਪਿਤਾ ਦੇ ਹੁੰਦਿਆਂ ਹੀ 1794 ਈ. ਵਿਚ ਚੜ੍ਹਾਈ ਕਰ ਗਏ। ਸ. ਬੁੱਧ ਸਿੰਘ ਨੂੰ ਰੋਪੜ, ਖਰੜ ਅਤੇ ਬਨੂੜ ਦੇ ਇਲਾਕੇ ਵਿਰਾਸਤ ਵਿੱਚ ਮਿਲੇ। ਜਿਸ ਦੀ ਸਲਾਨਾ ਆਮਦਨ ਡੇਢ ਲੱਖ ਰੁਪਏ ਸੀ। ਸ. ਬੁੱਧ ਸਿੰਘ ਦੇ 7 ਬੇਟੇ ਸਨ ਇਨ੍ਹਾਂ ਸੱਤਾਂ ਨੇ ਇੱਕ ਇਕ ਕਿਲ੍ਹਾ ਅਤੇ ਨਾਲ ਲੱਗਦੇ ਪਿੰਡਾਂ ਦੀ ਜਾਇਦਾਦ ਸੰਭਾਲੀ। ਸ. ਅਮਰ ਸਿੰਘ ਭਰਤਗੜ੍ਹ, ਸ. ਲਾਲ ਸਿੰਘ ਬੁੰਗਾ, ਸ. ਭੋਪਾਲ ਸਿੰਘ ਘਨੌਲੀ, ਸ.ਗੁਰਦਿਆਲ ਸਿੰਘ ਘਨੌਲਾ, ਸ. ਹਰਦਿਆਲ ਸਿੰਘ ਬੇਲਾ, ਸ. ਦਿਆਲ ਸਿੰਘ ਕੰਧੋਲਾ ਅਤੇ ਸ. ਗੋਪਾਲ ਸਿੰਘ ਮਨੌਲੀ ਦੇ ਕਿਲ੍ਹਿਆਂ ਦੇ ਕਾਬਜ਼ ਹੋਏ। ਇਨ੍ਹਾਂ ਸਾਰੇ ਸਰਦਾਰਾਂ ਵਿਚੋਂ ਮਨੌਲੀ ਦੀ ਜਾਇਦਾਦ ਸਭ ਤੋਂ ਵੱਧ ਸੀ। ਸੰਨ 1809 ਈ. ਤੋਂ ਸੰਨ 1847 ਈ. ਤੱਕ ਇਹ ਸਰਦਾਰ, ਆਜ਼ਾਦ ਸਟੇਟਾਂ ਵੱਜੋਂ ਕਾਜ ਕਰਦੇ ਰਹੇ ਭਾਵ ਆਪਣੇ ਇਲਾਕਿਆਂ ਦੇ ਖੁਦ ਮੁਖਤਿਆਰ ਮਾਲਿਕ ਸਨ। ਪਰ ਸੰਨ 1847 ਈ. ਵਿਚ ਜਦੋਂ ਅੰਗਰੇਜ਼ਾਂ ਨੇ ਆਖਰੀ ਸਿੱਖ-



ਅੰਗਰੇਜ਼ ਜੰਗ ਜਿੱਤ ਲਈ ਤਾਂ ਇਨ੍ਹਾਂ ਸਰਦਾਰਾਂ ਦੀ ਆਜ਼ਾਦ ਹਸਤੀ ਖਤਮ ਕਰ ਦਿਤੀ ਅਤੇ ਇਨ੍ਹਾਂ ਨੂੰ ਜਗੀਰਾਂ ਦੇ ਕੇ ਜਗੀਰਦਾਰ ਬਣਾ ਦਿਤਾ ਗਿਆ। ਇਨ੍ਹਾਂ ਸੱਤ ਕਿਲ੍ਹਿਆਂ ਵਿਚੋਂ ਮਨੌਲੀ, ਬੇਲਾ ਅਤੇ ਭਰਤਗੜ੍ਹ ਦੀ ਵਾਰਤਾ ਕਿਤਾਬ 'ਪੁਆਧ ਕੀਆਂ ਝਲਕਾਂ ਪਰਗਾ ਤੀਜਾ 2021 ਸੰਪਾਦਕ ਸ. ਮਨਮੋਹਨ ਸਿੰਘ ਦਾਊਂ ਵਿੱਚ ਛਪ ਚੁਕੀ ਹੈ। ਇਸ ਲੇਖ ਵਿਚ ਬਾਕੀ ਚਾਰ ਕਿਲ੍ਹਿਆਂ ਕੰਧੋਲਾ, ਬੁੰਗਾ, ਘਨੌਲੀ ਅਤੇ ਘਨੌਲੇ ਦੀ ਗਾਥਾ ਬਿਆਨ ਕੀਤੀ ਜਾ ਰਹੀ ਹੈ।

## ਕੰਧੋਲੇ ਪਿੰਡ ਦਾ ਖੰਡਰ ਕਿਲ੍ਹਾ

ਪਿੰਡ ਕੰਧੋਲਾ, ਤਹਿਸੀਲ ਚਮਕੌਰ ਸਾਹਿਬ, ਜ਼ਿਲ੍ਹਾ ਰੋਪੜ ਵਿੱਚ ਚਮਕੌਰ ਸਾਹਿਬ ਤੋਂ 2 ਕਿ.ਮੀ. ਛਿਪਦੇ ਪਾਸੇ ਅਤੇ ਰੋਪੜ-ਸਮਰਾਲਾ ਸੜਕ ਤੋਂ ਚੜ੍ਹਦੇ ਪਾਸੇ 1 ਕਿ. ਮੀ. ਦੂਰੀ 'ਤੇ ਵਾਕਿਆ ਹੈ। ਮੋਰਿੰਡੇ ਤੋਂ ਇਹ ਪਿੰਡ 16 ਕਿ.ਮੀ. ਦੂਰ ਹੈ। ਇਸ ਪਿੰਡ ਦੀ ਪ੍ਰਸਿੱਧੀ ਇਥੋਂ ਦੇ ਇਤਿਹਾਸਕ ਕਿਲ੍ਹੇ ਕਰਕੇ ਹੈ। ਇਹ



ਕਿਲ੍ਹਾ ਲੋਧੀ (ਸੰਨ 1517-1526 ਈ.) ਦੇ ਸਮੇਂ ਦਾ ਬਣਿਆ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਨਾਲ ਇਸ ਕਿਲ੍ਹੇ ਵਿੱਚ ਤਕਰੀਬਨ ਪੰਜ ਸੌ ਸਾਲ ਦਾ ਇਤਿਹਾਸ ਸਮੋਇਆ ਹੋਇਆ ਹੈ। ਸ. ਬੁਧ ਸਿੰਘ ਦਾ ਸਪੁੱਤਰ ਸ. ਦਿਆਲ ਸਿੰਘ ਸੰਨ 1816 ਤੋਂ ਬਾਅਦ ਇਸ ਕਿਲ੍ਹੇ ਦਾ ਮਾਲਕ ਬਣਿਆ। ਸੰਨ 1863 ਈ. ਵਿੱਚ ਸ. ਦਿਆਲ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਬੇਟੇ ਬਿਸ਼ਨ ਸਿੰਘ, ਕਿਸ਼ਨ ਸਿੰਘ ਅਤੇ ਕੇਹਰ ਸਿੰਘ ਕਿਲ੍ਹੇ ਦੀ ਗੋਦੀ ਦੇ ਵਾਰਸ ਬਣੇ। ਸ. ਕਿਸ਼ਨ ਸਿੰਘ ਦਾ ਵੰਸ਼ ਦੋ ਪੀੜ੍ਹੀਆਂ ਅਤੇ ਕੇਹਰ ਸਿੰਘ ਦਾ ਤਿੰਨ ਪੀੜ੍ਹੀਆਂ ਬਾਅਦ ਖਤਮ ਹੋ

ਗਿਆ। ਪਰ ਸ. ਬਿਸ਼ਨ ਸਿੰਘ ਵੰਸ ਅਜ ਤਕ ਚਲ ਰਿਹਾ ਹੈ, ਉਨ੍ਹਾਂ ਦੀ ਮੌਤ ਤੋਂ ਬਾਅਦ (ਸੰਨ 1879) ਸ. ਹਰਬੰਸ ਸਿੰਘ ਨੇ ਜਾਇਦਾਦ ਸੰਭਾਲੀ। ਸੰਨ 1890 ਵਿੱ ਚ ਬੁੰਗੇ ਵਾਲੇ ਸਰਦਾਰਾਂ ਦੀ ਜਾਇਦਾਦ ਦਾ ਤੀਜਾ ਹੀਸਾ ਕੰਧੋਲੇ ਵਾਲੇ ਸਰਦਾਰਾਂ ਨੂੰ ਮਿਲਿਆ। ਸ. ਹਰਬੰਸ ਸਿੰਘ ਤੋਂ ਬਾਅਦ ਸ. ਭਗਵਾਨ ਸਿੰਘ ਕਿਲ੍ਹੇਦਾਰ ਬਣੇ। ਫਿਰ ਇਨ੍ਹਾਂ ਦੇ ਬੇਟੇ ਆਤਮ ਇੰਦਰ ਸਿੰਘ ਨੂੰ ਸੰਨ 1923 ਵਿੱਚ ਜਾਗੀਰ ਪ੍ਰਾਪਤ ਹੋਈ। ਸ. ਆਤਮ ਇੰਦਰ ਸਿੰਘ ਸੰਨ 1962 ਵਿੱਚ ਅਕਾਲ ਚਲਾਣਾ ਕਰ ਗਏ। ਅੱਜਕਲ੍ਹ ਸ. ਗੁਰ ਜਤਿੰਦਰ ਸਿੰਘ, ਹਰਦੀਪ ਇੰਦਰ ਸਿੰਘ ਅਤੇ ਬਲੇਸ਼ਵਰ ਸਿੰਘ ਇਸ ਜਾਇਦਾਦ ਦੇ ਮਾਲਕ ਹਨ। ਢਹਿ ਰਹੇ ਕਿਲ੍ਹੇ ਦੇ ਇਕ ਹਿੱਸੇ ਵਿੱਚ ਸ. ਹਰਦੀਪ ਇੰਦਰ ਸਿੰਘ ਦੀ ਰਿਹਾਇਸ਼ ਹੈ। ਸ. ਗੁਰ ਜਤਿੰਦਰ ਸਿੰਘ ਕੰਧੋਲੇ ਪਿੰਡ ਵਿੱਚ ਹੀ ਵੱਖਰੇ ਮਕਾਨ ਵਿੱਚ ਰਹਿੰਦੇ ਹਨ। ਸ. ਬਲੇਸ਼ਵਰ ਸਿੰਘ ਕੈਨੇਡਾ (ਕੈਲਗਰੀ) ਵਿੱਚ ਰਹਿ ਰਹੇ ਹਨ। ਸ. ਗੁਰ ਜਤਿੰਦਰ ਸਿੰਘ ਅਤੇ ਸ. ਹਰਦੀਪ ਇੰਦਰ ਸਿੰਘ ਦੀ ਕੋਸ਼ਿਸ਼ ਹੈ ਕਿ ਕਿਲ੍ਹੇ ਦੀ ਰੱਖ-ਰਖਾਅ ਕਰਕੇ ਇਸ ਵਿਰਸੇ ਨੂੰ ਸੰਭਾਲਿਆ ਜਾਵੇ।

## ਘਨੌਲੀ ਪਿੰਡ ਦਾ ਅਜੋਕਾ ਕਿਲ੍ਹਾ

ਘਨੌਲੀ ਤਹਿਸੀਲ ਸ੍ਰੀ ਚਮਕੌਰ ਸਾਹਿਬ ਤੇ ਜ਼ਿਲ੍ਹਾ ਰੋਪੜ ਦਾ ਇਕ ਪ੍ਰਸਿੱਧ ਪਿੰਡ ਹੈ ਜੋ ਕਿ ਰੋਪੜ-ਅਨੰਦਪੁਰ ਸਾਹਿਬ ਮਾਰਗ ਤੇ ਰੋਪੜ ਤੋਂ 10-12 ਕਿ.ਮੀ. ਉੱਤਰ ਦਿਸ਼ਾ ਵਲ ਵਸਦਾ ਹੈ। ਸਰਹੰਦ-ਰੋਪੜ ਅਨੰਦਪੁਰ ਸਾਹਿਬ ਰੇਲ ਮਾਰਗ ਦਾ ਇਕ ਸਟੇਸ਼ਨ ਵੀ ਇਸ ਪਿੰਡ ਵਿੱਚ ਬਣਿਆ ਹੋਇਆ ਹੈ। ਇਥੋਂ ਦਾ ਕਿਲ੍ਹਾ ਮੁਗਲ ਕਲ ਦੇ ਸਮੇਂ ਦਾ ਬਣਿਆ ਹੋਇਆ ਸੀ, ਪਰ ਇਸ ਬਾਰੇ ਪੁਖਤਾ ਜਾਣਕਾਰੀ ਪ੍ਰਾਪਤ ਨਹੀਂ ਹੈ। ਇਸ ਕਿਲ੍ਹੇ ਉਤੇ ਸਿੰਘਪੁਰੀਆ ਮਿਸਲ ਦੇ ਸਰਦਾਰ ਬੁੱਧ ਸਿੰਘ ਦੇ ਬੇਟੇ ਭੋਪਾਲ ਸਿੰਘ ਨੇ ਸੰਨ 1815 ਦੇ ਲਗਪਗ ਕਬਜ਼ਾ ਕੀਤਾ। ਸ. ਭੋਪਾਲ ਸਿੰਘ ਦੇ ਚਾਰ ਬੇਟੇ ਸਨ ਸ. ਉੱਤਮ ਸਿੰਘ, ਸ. ਪ੍ਰਤਾਪ ਸਿੰਘ, ਸ. ਸ਼ੇਰ ਸਿੰਘ ਅਤੇ ਸ. ਰਮਿੰਦਰ ਸਿੰਘ। ਸ. ਸ਼ੇਰ ਸਿੰਘ ਸੰਨ 1861 ਅਤੇ ਰਮਿੰਦਰ ਸਿੰਘ 1847 ਵਿੱਚ ਹੀ ਅਕਾਲ ਚਲਾਣਾ ਕਰ ਗਏ। ਸ. ਉੱਤਮ ਸਿੰਘ ਅਤੇ ਸ. ਪ੍ਰਤਾਪ ਸਿੰਘ ਦੇ ਵੰਸ ਅੱਜ ਤਕ ਚਲ ਰਹੇ ਹਨ। ਅੱਜ ਕਲ੍ਹ ਇਨ੍ਹਾਂ ਦੇ ਟੱਬਰ ਪਿੰਡ ਘਨੌਲੀ ਅਤੇ ਕੁਝ ਹੋਰ ਥਾਵਾਂ ਤੇ ਵਸ ਰਹੇ ਹਨ। ਬੁੰਗੇ ਵਾਲੇ ਸਰਦਾਰਾਂ ਦੀ ਜਾਇਦਾਦ ਦਾ ਕੁੱਝ ਹਿੱਸਾ ਸੰਨ 1890 ਦੇ ਲਗਪਗ ਘਨੌਲੀ ਵਾਲੇ ਸਰਦਾਰਾਂ ਨੂੰ ਮਿਲਿਆ।



ਇਹ ਕਿਲ੍ਹਾ ਵੱਡੇ ਅਕਾਰ ਦਾ 40-50 ਏਕੜ ਵਿੱਚ ਫੈਲਿਆ ਹੋਇਆ ਸੀ। ਪਰ ਹੁਣ ਸਿਰਫ਼ ਇੱਕ ਛੋਟਾ ਦਰਵਾਜ਼ਾ ਅਤੇ ਦੋ ਕੁ ਕਮਰੇ ਹੀ ਪੁਰਾਣੀ ਝਲਕ ਦਰਸਾ ਰਹੇ ਹਨ। ਬਾਕੀ ਕਿਲ੍ਹੇ ਦੀ ਸ਼ਕਲ ਵਰਤਮਾਨ ਮਕਾਨਾਂ ਵਿੱਚ ਤਬਦੀਲ ਹੋ ਚੁੱਕੀ ਹੈ। ਇਸ ਪੁਰਾਤਨ ਦਰਵਾਜੇ ਅਤੇ ਕਮਰਿਆਂ ਦੇ ਨਾਲ ਬਣੇ ਅਜੋਕੇ ਮਕਾਨ ਵਿੱਚ ਅੱਜਕਲ੍ਹ ਸ. ਅਮਨਦੀਪ ਸਿੰਘ ਦਾ ਪਰਿਵਾਰ ਅਤੇ ਹੋਰ ਕਈ ਪਰਿਵਾਰ ਨਵੇਂ ਬਣੇ ਮਕਾਨਾਂ ਵਿੱਚ ਰਹਿੰਦੇ ਹਨ। ਇੱਕ ਪਾਸੇ ਪਬਲਿਕ ਸਕੂਲ ਵੀ ਖੋਲ੍ਹਿਆ ਹੋਇਆ ਹੈ।

ਸ. ਅਮਨਦੀਪ ਸਿੰਘ ਹੋਰਾਂ ਕੋਲ ਇੱਕ ਪੁਰਾਤਨ ਸ੍ਰੀ ਸਾਹਿਬ ਜੋ ਕਿ 250 ਸਾਲ ਪੁਰਾਣੀ ਦੱਸੀ ਜਾਂਦੀ ਹੈ ਵੀ ਸੰਭਾਲ ਕੇ ਰੱਖੀ ਹੋਈ ਹੈ। ਇਸ ਉੱਤੇ ਤਿੰਨ ਛੋਟੇ ਛੋਟੇ ਨਿਸ਼ਾਨ ਉੱਕਰੇ ਹੋਏ ਹਨ ਜੋ ਕਿ ਇਸ ਗੱਲ ਦੇ ਪ੍ਰਤੀਕ ਹਨ ਕਿ ਇਹ ਤਲਵਾਰ ਤਿੰਨ ਜੰਗਾਂ ਵਿੱਚ ਵਰਤੀ ਗਈ ਸੀ। ਸ. ਅਮਨਦੀਪ ਸਿੰਘ ਹੋਰਾਂ ਨੇ ਦੱਸਿਆ ਕਿ ਨਵਾਬ ਕਪੂਰ ਸਿੰਘ ਜੀ ਦੀ ਸਾਲਾਨਾ ਬਰਸੀ 11 ਅੱਸੂ ਦੇ ਦਿਨ ਘਨੌਲੀ ਵਿਖੇ ਮਨਾਈ ਜਾਂਦੀ ਹੈ। ਇਹ ਰਿਵਾਇਤ ਤਕਰੀਬਨ ਦੋ ਸੌ ਸਾਲ ਤੋਂ ਚਲਦੀ ਆ ਰਹੀ ਹੈ। ਨੌਂ ਅੱਸੂ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕਰਾਏ ਜਾਂਦੇ ਹਨ ਜਿਨ੍ਹਾਂ ਦਾ ਭੋਗ 11 ਅੱਸੂ ਵਾਲੇ ਦਿਨ ਪਾਇਆ ਜਾਂਦਾ ਹੈ ਅਤੇ ਸਾਰਾ ਦਿਨ ਸ਼ਬਦ ਕੀਰਤਨ ਤੇ ਕਥਾ ਸਮਾਗਮ ਚੱਲਦਾ ਰਹਿੰਦਾ ਹੈ। ਤਿੰਨੋ ਦਿਨ ਗੁਰੂ ਕਾ ਲੰਗਰ ਵਰਤਦਾ ਹੈ। ਇਹ ਪ੍ਰੋਗਰਾਮ ਪਿੰਡ ਦੇ ਨਵੇਂ ਬਣ ਰਹੇ ਗੁਰਦੁਆਰਾ ਸਾਹਿਬ ਜੋ ਕਿ ਇੱਕ ਸ਼ਹੀਦ ਸਿੰਘ ਦੀ ਯਾਦਗਾਰ ਹੈ ਵਿੱਚ ਹੁੰਦੇ ਹਨ।

## ਘਨੌਲੇ ਪਿੰਡ ਦਾ ਸੁੰਨ-ਮਸਾਨ ਕਿਲ੍ਹਾ

ਪਿੰਡ ਘਨੌਲਾ, ਤਹਿਸੀਲ ਤੇ ਜ਼ਿਲ੍ਹਾ ਰੋਪੜ ਵਿੱਚ ਵਾਕਿਆ ਹੈ। ਰੋਪੜ-ਨਾਲਾਗੜ੍ਹ ਸੜਕ ਉਤੇ ਘਨੌਲੀ ਤੋਂ 4-5 ਕਿ.ਮੀ. ਦੂਰ ਇਹ ਪਿੰਡ ਵੱਸਦਾ ਹੈ। ਇਥੋਂ ਦਾ ਇਤਿਹਾਸਕ ਕਿਲ੍ਹਾ ਵੀ ਮੁਸਲਮਾਨੀ ਰਾਜ ਵੇਲੇ ਦਾ ਨਿਰਮਾਣ ਕੀਤਾ ਹੋਇਆ ਪ੍ਰਤੀਤ ਹੁੰਦਾ ਹੈ। ਇਹ ਕਿਲ੍ਹਾ ਸਿੰਘਪੁਰੀਏ ਸਰਦਾਰਾਂ ਦੇ 7 ਕਿਲ੍ਹਿਆਂ ਵਿਚੋਂ ਇਕ ਹੈ। ਇਹ ਕਿਲ੍ਹਾ ਛੋਟੇ ਆਕਾਰ ਦਾ ਹੈ। ਸਰਦਾਰ ਬੁੱਧ ਸਿੰਘ ਸਿੰਘਪੁਰੀਆ ਮਿਸਲ ਦੇ ਬੇਟੇ ਗੁਰਦਿਆਲ ਸਿੰਘ ਨੇ ਇਸ ਕਿਲ੍ਹੇ ਤੇ ਸੰਨ 1815 ਦੇ ਲਗਪਗ ਕਬਜ਼ਾ ਕੀਤਾ। ਮਾਲਵਾ ਸਿੱਖ ਇਤਿਹਾਸ ਭਾਗ ਦੂਜਾ ਦੇ ਕਰਤਾ ਸੰਤ ਵਿਸਾਖਾ ਸਿੰਘ ਨੇ ਸਿੰਘਪੁਰੀਆ ਮਿਸਲ ਦਾ ਇਤਿਹਾਸ ਲਿਖਦੇ ਹੋਏ ਇਸ ਕਿਲ੍ਹੇ ਦਾ ਨਾਮ ਅਟੱਲਗੜ੍ਹ ਲਿਖਿਆ ਹੈ ਇਸ ਤੋਂ ਬਾਅਦ

ਹੋਰ ਕਈ ਇਤਿਹਾਸਕਾਰਾਂ ਨੇ ਵੀ ਅਟੱਲਗੜ੍ਹ ਨਾਮ ਹੀ ਲਿਖ ਦਿੱਤਾ ਹੈ। ਪਰ ਇਸ ਲੇਖ ਦੇ ਕਰਤਾ ਨੇ ਪੁੱਛ-ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਇਹ ਕਿਲ੍ਹਾ ਅਟੱਲਗੜ੍ਹ ਨਹੀਂ ਸਗੋਂ ਪਿੰਡ ਘਨੌਲੇ ਵਿੱਚ ਹੀ ਹੈ। ਅਟੱਲਗੜ੍ਹ ਨਾਮ ਦਾ ਪਿੰਡ ਘਨੌਲੇ, ਘਨੌਲੀ ਦੇ ਆਸ ਪਾਸ ਕੋਈ ਨਹੀਂ ਹੈ। ਹਾਂ ਇੱਕ ਪਿੰਡ ਅਟੱਲਗੜ੍ਹ, ਸਿੰਘ ਭਗਵੰਤ ਪੁਰਾ ਪਿੰਡ ਰੋਪੜ-ਕੁਰਾਲੀ ਮਾਰਗ ਤੋਂ 4-5 ਕਿ.ਮੀ. ਦੂਰ ਵਾਕਿਆ ਹੈ। ਉਸ ਪਿੰਡ ਵਿਚ ਕੋਈ ਕਿਲ੍ਹਾ ਨਹੀਂ ਅਤੇ ਨਾ ਹੀ ਇਸ ਦੀ ਕੋਈ ਨਿਸ਼ਾਨੀ ਕਾਇਮ ਹੈ। ਇਹ ਜਾਣਕਾਰੀ ਸ. ਰਾਜਿੰਦਰ ਸਿੰਘ ਸਾਬਕਾ ਸਰਪੰਚ ਪਿੰਡ ਅਟੱਲਗੜ੍ਹ ਨੇ ਸਾਂਝੀ ਕੀਤੀ ਹੈ। ਇੱਕ ਹੋਰ ਵੀ ਕਾਰਨ ਹੈ ਕਿ ਇਸ ਇਲਾਕੇ ਤੇ ਸ. ਭੂਪ ਸਿੰਘ ਅਤੇ ਉਸ ਦੇ ਵਾਰਸ ਜਿਨ੍ਹਾਂ ਦਾ ਮੁੱਖ ਸਥਾਨ ਸਿਆਲਬਾ ਮਾਜਰੀ ਸੀ ਦਾ ਕਬਜ਼ਾ ਰਿਹਾ ਹੈ ਨਾ ਕਿ ਸਿੰਘ ਪੁਰੀਆ ਮਿਸਲ ਦੇ ਸਰਦਾਰਾਂ ਦਾ। ਇਸ ਲਈ ਸਿੰਘ ਪੁਰੀਆ ਮਿਸਲ ਦੇ ਸ. ਗੁਰਦਿਆਲ ਸਿੰਘ ਦਾ ਕਿਲ੍ਹਾ ਘਨੌਲੇ ਵਾਲਾ ਹੀ ਹੈ। ਇਸ ਦੀ ਤਸਦੀਕ ਘਨੌਲੀ ਦੇ ਮੌਜੂਦਾ ਸਰਦਾਰ ਅਮਰਇੰਦਰ ਸਿੰਘ, ਅਮਨਦੀਪ ਸਿੰਘ ਅਤੇ ਦੀਪਇੰਦਰ ਸਿੰਘ ਭਰਤਗੜ੍ਹ ਕਿਲ੍ਹੇ ਵਾਲਿਆਂ ਨੇ ਕੀਤੀ ਹੈ। ਮਨੌਲੀ ਕਿਲ੍ਹੇ ਦੇ ਮੌਜੂਦਾ ਵਾਰਸ ਸ. ਸਤਿੰਦਰ ਸਿੰਘ ਦਿੱਲੀ ਨੇ ਵੀ ਤਸਦੀਕ ਕੀਤਾ ਹੈ ਕਿ ਘਨੌਲਾ ਕਿਲ੍ਹਾ ਉਨ੍ਹਾਂ ਦੀ ਨਿਜੀ ਜਾਇਦਾਦ ਹੈ।

ਸ. ਗੁਰਦਿਆਲ ਸਿੰਘ ਬੇ-ਔਲਾਦ ਹੀ ਸੰਨ 1843 ਵਿੱਚ ਸੁਰਗਵਾਸ ਹੋ ਗਏ। ਉਨ੍ਹਾਂ ਤੋਂ ਬਾਅਦ ਇਹ ਕਿਲ੍ਹਾ ਅਤੇ ਹੋਰ ਜਾਇਦਾਦ ਮਨੌਲੀ ਵਾਲੇ ਸਰਦਾਰਾਂ ਦੇ ਹਿੱਸੇ ਆਈ। ਸ. ਉਮਰਾਓ ਸਿੰਘ ਮਨੌਲੀ ਦੇ ਸਮੇਂ ਇਹ ਕਿਲ੍ਹਾ ਆਬਾਦ ਸੀ ਕਿਉਂਕਿ ਉਹ ਅਕਸਰ ਇਥੇ ਆਉਂਦੇ ਰਹਿੰਦੇ ਸਨ। ਇਸ ਕਿਲ੍ਹੇ ਦੇ ਬਿਲਕੁਲ ਨਾਲ ਹੀ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹੀ ਦਸਵੀਂ ਕਿਲ੍ਹਾ ਘਨੌਲਾ ਸੁਭਾਇਮਾਨ ਹੈ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੋ ਵਾਰ ਇਸ ਅਸਥਾਨ ਤੇ ਚਰਨ ਪਾਏ ਪਹਿਲੀ ਵਾਰ ਨਾਹਣ ਜਾਂਦੇ ਹੋਏ ਇਥੇ ਪੜਾਅ ਕੀਤਾ ਅਤੇ ਦੂਜੀ ਵਾਰ ਸ੍ਰੀ ਆਨੰਦਪੁਰ ਸਾਹਿਬ ਛੱਡ ਕੇ ਸ੍ਰੀ ਚਮਕੌਰ ਸਾਹਿਬ ਨੂੰ ਜਾਂਦੇ ਹੋਏ ਆਏ।

ਸ. ਉਮਰਾਓ ਸਿੰਘ ਮਨੌਲੀ ਨੇ ਗੁਰਦੁਆਰਾ ਸਾਹਿਬ ਨੂੰ 90 ਕਨਾਲ ਜ਼ਮੀਨ ਭੇਟ ਕੀਤੀ ਅਤੇ ਇਮਾਰਤ ਦਾ ਨਿਰਮਾਣ ਕਰਾਇਆ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪਿੰਡ ਦੀ ਲੋਕਲ ਕਮੇਟੀ ਕਰਦੀ ਹੈ। ਅੱਜ ਕਲ੍ਹ ਇਹ ਕਿਲ੍ਹਾ



ਸੁੰਨ-ਮਸਾਨ ਪਿਆ ਹੈ ਦਰਵਾਜੇ 'ਤੇ ਤਾਲਾ ਵਜਾ ਹੈ, ਆਲੇ ਦੁਆਲੇ ਘਾਹ ਫੂਸ ਹੋਣ ਕਰਕੇ ਕਿਲ੍ਹੇ ਤੱਕ ਜਾਣਾ ਵੀ ਸੌਖਾ ਨਹੀਂ ਹੈ।

ਇਹ ਪਿੰਡ ਰੋਪੜ-ਅਨੰਦਪੁਰ ਸਾਹਿਬ ਸੜਕ ਤੋਂ 2 ਕਿ. ਮੀ. ਚੜ੍ਹਦੇ ਪਾਸੇ ਨੰਗਲ ਨਹਿਰ ਤੋਂ ਪਾਰ ਹੈ। ਪਿੰਡ ਬੁੰਗਾ ਕੀਰਤਪੁਰ ਸਾਹਿਬ ਤੋਂ 5-6 ਕਿ. ਮੀ. ਰੋਪੜ ਵਾਲੇ ਪਾਸੇ ਹੈ। ਇਸ ਪਿੰਡ ਵਿੱਚ ਸਤਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪਵਿੱਤਰ ਚਰਨ ਛੋਹ ਅਸਥਾਨ ਗੁਰਦੁਆਰਾ ਬੁੰਗਾ ਸਾਹਿਬ ਸੁਭਾਇਮਾਨ ਹੈ। ਗੁਰੂ ਜੀ ਬਰਸਾਤ ਦੇ ਦਿਨਾਂ ਵਿੱਚ ਇਸ ਅਸਥਾਨ ਤੇ ਆਉਂਦੇ ਸਨ ਅਤੇ ਉਨ੍ਹਾਂ ਦੇ ਘੋੜਿਆਂ ਦੇ ਤਬੇਲੇ ਅਤੇ ਚਰਾਂਦਾ ਇੱਥੇ ਸਨ। ਇਹ ਕਿਲ੍ਹਾ ਵੀ ਮੁਸਲਮਾਨਾਂ ਦਾ ਹੀ ਨਿਰਮਾਣ ਕੀਤਾ ਹੋਇਆ ਮੰਨਿਆ ਜਾਂਦਾ ਹੈ। ਇਸ ਬਾਰੇ ਬਹੁਤੀ ਜਾਣਕਾਰੀ ਪ੍ਰਾਪਤ ਨਹੀਂ ਹੈ। ਇਸ ਕਿਲ੍ਹੇ ਤੇ ਸਿੰਘਪੁਰੀਆ ਮਿਸਲ ਦੇ ਸ. ਬੁੱਧ ਸਿੰਘ ਦੇ ਬੇਟੇ ਸ. ਲਾਲ ਸਿੰਘ ਨੇ ਕਬਜ਼ਾ ਕੀਤਾ। ਸ. ਲਾਲ ਸਿੰਘ ਦੀ ਮੌਤ (ਸੰਨ 1853) ਤੋਂ ਬਾਅਦ ਉਨ੍ਹਾਂ ਦੇ ਬੇਟੇ ਲਹਿਣਾ ਸਿੰਘ, ਸੰਤੋਖ ਸਿੰਘ ਅਤੇ ਰਾਮ ਨਾਰਾਇਣ ਸਿੰਘ ਇਸ ਜਾਇਦਾਦ ਦੇ ਵਾਰਸ ਬਣੇ। ਸ. ਲਹਿਣਾ ਸਿੰਘ ਦੀ ਲਾਵਾਰਸ ਹੀ ਮੌਤ ਹੋ ਗਈ। ਸ. ਰਾਮ ਨਾਰਾਇਣ ਸਿੰਘ ਦੇ ਬੇਟੇ ਕਾਕਾ ਸਿੰਘ ਵੀ ਬੇ-ਔਲਾਦ ਹੀ ਚਲ ਵਸੇ। ਸ. ਸੰਤੋਖ ਸਿੰਘ ਦੇ ਬੇਟੇ ਬਚਿੱਤਰ ਸਿੰਘ (ਮੌਤ 1867) ਅਤੇ ਲਛਮਣ ਸਿੰਘ (1891) ਵਿੱਚ ਸੁਰਗਵਾਸ ਹੋ ਗਏ। ਇਨ੍ਹਾਂ ਦੋਹਾਂ ਭਰਾਵਾਂ ਦੀ ਕੋਈ ਔਲਾਦ ਨਹੀਂ ਸੀ। ਇਸ ਪ੍ਰਕਾਰ ਇਹ ਵੰਸ 1890-91 ਦੇ ਕਰੀਬ ਖਤਮ ਹੋ ਗਿਆ ਅਤੇ ਕਿਲ੍ਹਾ ਵੀ ਅਲੋਪ ਹੋ ਗਿਆ। ਇਸ ਕਿਲ੍ਹੇ ਦੀ ਜਾਇਦਾਦ ਘਨੌਲੀ, ਕੰਧੋਲਾ, ਭਰਤਗੜ੍ਹ ਅਤੇ ਮਨੌਲੀ ਦੇ ਸਰਦਾਰਾਂ ਵਿੱਚ ਵੰਡੀ ਗਈ।

*'ਪੁਆਧ ਕੀਆਂ ਝਲਕਾਂ' ਪੁਸਤਕ ਵਿਚ ਲਗਪਗ ਪੁਆਧ ਦੇ 15 ਕਿਲ੍ਹਿਆਂ ਬਾਰੇ ਖੋਜ ਭਰਪੂਰ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਥੇ ਸਿੰਘਪੁਰੀਆ ਮਿਸਲ ਦੇ ਚਾਰ ਕਿਲ੍ਹਿਆਂ ਦੀ ਦਾਸਤਾਨ ਖੋਜੀ ਵਿਦਵਾਨ ਡਾ. ਗੁਰਬਚਨ ਸਿੰਘ ਮਾਵੀ ਨੇ ਬਹੁਤ ਮਿਹਨਤ ਕਰਕੇ ਪ੍ਰਾਪਤ ਕੀਤੀ ਹੈ। ਪਾਠਕਾਂ ਨਾਲ ਸਾਂਝੀ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ।*

**-ਸੰਪਾਦਕ**

# ਸ਼ਹਿਰ ਸਰਹਿੰਦ ਦੀਆਂ ਯਾਦਗਾਰਾਂ ਤੇ ਬੁਲੰਦੀਆਂ

**ਗੁਲਜ਼ਾਰ ਸਿੰਘ ਸੰਧੂ**
**ਮੋਬਾ. 9815778469**

ਮੁਖ ਰੂਪ ਵਿੱਚ ਖੰਡਰ ਹੋ ਚੁੱਕਿਆ ਅੱਜ ਵਾਲਾ ਸਰਹਿੰਦ ਕਿਸੇ ਵੇਲੇ ਲਾਹੌਰ-ਮੁਲਤਾਨ ਤੇ ਦਿੱਲੀ ਵਿਚਕਾਰ ਆਲੀਸ਼ਾਨ ਸ਼ਹਿਰ ਹੁੰਦਾ ਸੀ। ਏਥੋਂ ਦੀਆਂ ਬਣੀਆਂ ਜੁੱਤੀਆਂ, ਲਿਲਨ ਤੇ ਰੱਤਾ ਸਾਲੂ ਹੀ ਨਹੀਂ ਤੀਰਕਮਾਨ ਵੀ ਕਾਬਲ, ਕੰਧਾਰ, ਤੁਰਕੀ, ਈਰਾਨ, ਚੀਨ ਤੇ ਅਫਗਾਨਿਸਤਾਨ ਜਾਂਦੇ ਸਨ ਤੇ ਉਨ੍ਹਾਂ ਦੇਸ਼ਾਂ ਦੀਆਂ ਮੁਲਵਾਨ ਵਸਤੂਆਂ ਏਥੇ ਆਉਂਦੀਆਂ ਸਨ। ਬ੍ਰਿਟਿਸ਼ ਰਾਜ ਸਮੇਂ ਏਥੋਂ ਦਾ ਬਣਿਆ ਰੱਤਾ ਸਾਲੂ ਗੋਰੀਆਂ ਮੇਮਾਂ ਬਹੁਤ ਪਸੰਦ ਕਰਦੀਆਂ ਸਨ। ਇਸ ਸ਼ਹਿਰ ਨੂੰ ਵਸਾਉਣ ਵਾਲੀ ਹੰਸਾਲੀ ਨਦੀ ਸੀ ਜਿਸ ਦੀ ਬਦੌਲਤ ਸਮੇਂ ਇਸ ਸ਼ਹਿਰ ਵਿੱਚ 360 ਮਸਜਿਦਾਂ, ਮਕਬਰੇ, ਸਰਾਵਾਂ ਅਤੇ ਖੂਹ ਸਨ। ਇਹ ਨਦੀ ਸ਼ਹਿਰ ਦੇ ਐਨ ਕੋਲੋਂ ਦੀ ਲੰਘਦੀ ਸੀ। ਅੱਜ ਦੇ ਦਿਨ ਸ਼ਹਿਰ ਹੀ ਖੰਡਰ ਨਹੀਂ ਹੋਇਆ ਹੰਸਲਾ ਨਦੀ ਵੀ ਹੰਸਾਲਾ ਚੋਅ ਹੋ ਕੇ ਰਹਿ ਗਈ ਹੈ। ਕੋਈ ਸਮਾਂ ਸੀ ਕਿ ਸਰਹਿੰਦ ਵਿਚ ਹਾਥੀਆਂ ਦੇ ਇਲਾਜ ਲਈ ਇੱਕ ਵੱਡਾ ਹਸਪਤਾਲ ਵੀ ਸੀ।

ਚੇਤੇ ਰਹੇ ਕਿ ਬਾਦਸ਼ਾਹ ਹਮਾਯੂੰ ਦੀ ਮ੍ਰਿਤੂ ਸਮੇਂ ਉਸਦਾ ਬਾਲਕ ਪੁੱਤਰ ਅਕਬਰ ਬੈਰਮ ਖਾਂ ਸਮੇਤ ਪੰਜਾਬ ਦੇ ਕਲਾਨੌਰ (ਗੁਰਦਾਸਪੁਰ) ਕਸਬੇ ਵਿਚ ਸੀ। ਬੈਰਮ ਖਾਂ ਨੇ 21 ਫਰਵਰੀ, 1556 ਨੂੰ ਉਸਦੀ ਤਾਜਪੋਸ਼ੀ ਦੀ ਰਸਮ ਅਦਾ ਕਰਕੇ 13 ਸਾਲਾਂ ਦੇ ਬਾਲਕ ਨੂੰ ਆਪ ਦੀ ਗੱਦੀ ਉੱਤੇ ਬਿਰਾਜਮਾਨ ਕੀਤਾ ਸੀ। ਜਦੋਂ ਬੈਰਮ ਖਾਂ ਅਕਬਰ ਨੂੰ ਨਾਲ ਲੈ ਕੇ 23 ਅਕਤੂਬਰ ਨੂੰ ਸਰਹਿੰਦ ਪਹੁੰਚਿਆ ਤਾਂ ਅਕਬਰ ਦੀ ਉਮਰ ਕੇਵਲ 14 ਸਾਲ ਸੀ। ਉਸ ਤੋਂ ਪਿੱਛੋਂ ਬੈਰਮ ਖਾਂ ਬਾਲਕ ਬਾਦਸ਼ਾਹ ਨੂੰ ਇਸ ਸ਼ਹਿਰ ਛੱਡ ਕੇ ਖੁਦ ਦਿੱਲੀ ਚਲਾ ਗਿਆ ਸੀ। ਬਾਲ ਬਾਦਸ਼ਾਹ ਪੂਰੇ ਤਿੰਨ ਮਹੀਨੇ ਏਥੇ ਰਿਹਾ। ਉਸ ਉਮਰੇ ਅਕਬਰ ਦਾ ਇਸ ਸ਼ਹਿਰ ਨਾਲ ਏਨਾ ਮੋਹ ਪਿਆ ਕਿ ਅਕਬਰ ਨੇ ਆਪਣੇ ਰਾਜ ਕਾਲ ਵਿਚ ਇਸ ਨੂੰ ਸੂਬੇ ਦਾ ਦਰਜਾ ਦੇ ਦਿੱਤਾ। ਅਜਿਹਾ ਸੂਬਾ ਜਿਸ ਵਿੱਚ ਅੱਜ ਵਾਲਾ ਮਾਲਕ ਖੇਤਰ ਹੀ ਨਹੀਂ ਪੁਆਧ ਤੇ ਹਰਿਆਣਾ ਦਾ ਵੱਡਾ ਹਿੱਸਾ ਸ਼ਾਮਲ ਸੀ। ਇਸ ਸ਼ਹਿਰ ਨੂੰ ਬਾਗਾਂ ਦਾ ਸ਼ਹਿਰ, ਜਿਸ ਵਿਚ ਆਮ ਖ਼ਾਸ ਬਾਗ਼ ਵੀ ਸ਼ਾਮਲ ਹੈ। ਜਿਸ ਨੂੰ



ਬਣਾਉਣ ਦਾ ਸਿਹਰਾ ਵੀ ਅਕਬਰ ਦੇ ਸਿਰ ਬੱਝਦਾ ਹੈ। ਮੂਲ ਮੰਤਵ ਇਸ ਸ਼ਹਿਰ ਨੂੰ ਮਾਲੀਏ ਦੀ ਉਗਰਾਹੀ ਦੇ ਸੁਵਿਧਾ ਕੇਂਦਰ ਵਜੋਂ ਸਥਾਪਤ ਕਰਨਾ ਸੀ ਜਿੱਥੇ ਸ਼ਾਹੀ ਅਮਲੇ ਫੈਲੇ ਦੀ ਠਾਹਰ ਲਈ ਹਰ ਤਰ੍ਹਾਂ ਦਾ ਪ੍ਰਬੰਧ ਸੀ। ਇਹ ਥਾਂ ਦਿੱਲੀ ਤੇ ਮੁਲਤਾਨ ਦੇ ਅੱਧ ਵਿਚਕਾਰ ਪੈਂਦੀ ਸੀ। ਅਕਬਰ ਦੇ ਹੁੰਦਿਆਂ, ਤੇ ਉਸ ਤੋਂ ਪਿੱਛੋਂ ਵੀ , ਸ਼ਾਹਜਹਾਂ ਖੁਦ ਏਸ ਸ਼ਹਿਰ ਵਿੱਚ ਸੱਤ ਵਾਰ ਠਹਿਰਿਆ। ਚੇਤੇ ਰਹੇ ਕਿ ਸ਼ਾਹਜਹਾਂ ਨੇ ਏਸ ਸ਼ਹਿਰ ਦੀ ਸਰਹਿੰਦੀ ਬੇਗਮ ਨਾਲ ਸ਼ਾਦੀ ਕੀਤੀ ਸੀ ਤੇ ਸ਼ਾਹਜਹਾਂ ਦੀ ਹੀ ਦੂਜੀ ਤੇ ਪ੍ਰਸਿੱਧ ਬੇਗਮ ਮੁਮਤਾਜ ਮਹਿਲ ਨੇ ਆਪਣੇ ਇਕ ਬੇਟੇ ਉੱਮੀਦ ਬਖ਼ਸ਼ ਨੂੰ ਏਸ ਸ਼ਹਿਰ ਦੇ ਆਮ ਖਾਸ ਬਾਗ ਵਿੱਚ ਜਨਮ ਦਿੱਤਾ ਸੀ। ਦਿੱਲੀ ਤੋਂ ਮੁਲਤਾਨ ਦੇ ਰਾਹ ਵਿਚ ਪੈਂਦੇ ਦਿੱਲੀ ਦੇ ਅਧ ਵਿਚਕਾਰ ਸਥਾਪਤ ਕੀਤੇ ਇਸ ਸ਼ਹਿਰ ਨੂੰ ਪੁਰਾਤਨ ਹਿੰਦੁਸਤਾਨ ਦਾ ਸਿਰ ਭਾਵ ਸਰਹਿੰਦ ਕਹਿੰਦੇ ਹਨ। ਇੱਕ ਸਮੇ ਇਸਨੂੰ ਜਿੱਤਣਾ ਪੂਰੇ ਹਿੰਦੁਸਤਾਨ ਨੂੰ ਜਿੱਤਣ ਸਮਾਨ ਸਮਝਿਆ ਜਾਂਦਾ ਸੀ। ਔਰੰਗਜ਼ੇਬ ਦੇ ਗੱਦੀ ਉੱਤੇ ਬੈਠਣ ਤੱਕ ਇਹ ਸ਼ਹਿਰ ਅਖੰਡ ਹਿੰਦੁਸਤਾਨ ਵਿੱਚ ਇੱਕ ਚਮਕਦੇ ਸਿਤਾਰੇ ਦੀ ਨਿਆਈ ਹੋ ਚੁੱਕਿਆ ਸੀ। ਇਹ ਗੱਲ ਵੱਖਰੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਬਿਨਾਂ ਕਿਸੇ ਕਾਰਨ ਦੇ ਸ਼ਹੀਦ ਕਰਨ ਦਾ ਕੁਕਰਮ ਏਥੋਂ ਦੇ ਸੂਬੇਦਾਰ ਵਜ਼ੀਰ ਖਾਂ ਨੇ ਕੀਤਾ ਸੀ। ਔਰੰਗਜ਼ੇਬ ਦੀ ਮੁਸਲਿਮ ਧਰਮ ਪ੍ਰਤੀ ਅੰਨ੍ਹੀ ਸ਼ਰਧਾ ਨੂੰ ਹਵਾ ਦੇਣ ਲਈ ਏਥੋਂ ਦੇ ਕਰਤੇ ਧਰਤੇ ਉਹ ਕਾਰ ਵੀ ਕਰਦੇ ਰਹੇ ਜਿਨ੍ਹਾਂ ਨੂੰ ਇਤਿਹਾਸ ਰਹਿੰਦੀ ਦੁਨੀਆ ਤੱਕ ਮੁਆਫ਼ ਨਹੀਂ ਕਰ ਸਕਦਾ। ਇਹ ਗੱਲ ਕਿਸੇ ਨੂੰ ਭੁੱਲੀ ਹੋਈ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਤੋਂ ਬੰਦਾ ਵੈਰਾਗੀ ਨੂੰ ਬੰਦਾ ਸਿੰਘ ਦਾ ਜਾਮਾ ਪਹਿਨਾ ਕੇ ਸਰਹਿੰਦ ਭੇਜਿਆ ਜਿਸਨੇ 14 ਮਈ, 1710 ਨੂੰ ਸਰਹਿੰਦ ਵਿੱਚ ਦਾਖਲ ਹੋ ਕੇ ਵਜ਼ੀਰ ਖਾਂ ਨੂੰ ਲਲਕਾਰਿਆ ਤੇ ਦੋ ਤਿੰਨ ਦਿਨਾਂ ਅੰਦਰ ਚੱਪੜਚਿੜੀ ਦੇ ਮੈਦਾਨ ਵਿੱਚ ਮੌਤ ਦੇ ਘਾਟ ਉਤਾਰ ਕੇ ਸੂਬੇ ਦੀ ਕਮਾਂਡ ਬਾਜ ਸਿੰਘ ਨੂੰ ਸੌਂਪ ਦਿੱਤੀ। ਜਿਵੇਂ ਇਸ ਸ਼ਹਿਰ ਦੀ ਬੰਦਾ ਸਿੰਘ ਬਹਾਦਰ ਵੱਲੋਂ ਕੀਤੀ ਤਬਾਹੀ ਕਾਫ਼ੀ ਨਾ ਹੋਵੇ ਅੱਧੀ ਸਦੀ ਲੰਘਣ ਤੋਂ ਪਿੱਛੋਂ ਜੱਸਾ ਸਿੰਘ ਆਹਲੂਵਾਲੀਆ ਨੇ ਇਸ ਸ਼ਹਿਰ ਨੂੰ ਅਜਿਹਾ ਮਲੀਆਮੇਟ ਕੀਤਾ ਕਿ ਪੂਰੀ ਇਕ ਸਦੀ ਇਸ ਦੀਆਂ ਇੱਟਾਂ ਕੰਢੇ ਨਹੀਂ ਲੱਗ ਸਕੀਆਂ। ਅੰਤ 1869 ਵਿੱਚ ਅੰਬਾਲਾ-ਲੁਧਿਆਣਾ ਰੇਲਵੇ ਵਿਛਾਉਣ ਸਮੇਂ ਇਨ੍ਹਾਂ ਇੱਟਾਂ ਦਾ ਮਲਬਾ ਰੇਲ ਦੀ ਪੱਟੜੀ ਵਿਛਾਉਣ ਦੇ ਕੰਮ ਆਇਆ। ਇਸ ਸ਼ਹਿਰ ਦੀ

ਕਿਸਮਤ ਵਿੱਚ ਇਹ ਵੀ ਲਿਖਿਆ ਸੀ ਕਿ ਜਦੋਂ ਅਹਿਮਦ ਸ਼ਾਹ ਅਬਦਾਲੀ ਆਪਣੇ ਸਤਵੇਂ ਹਮਲੇ ਸਮੇਂ ਏਥੇ ਪਹੁੰਚਿਆ ਤਾਂ ਏਥੇ ਆਦਮੀ ਤਾਂ ਕੀ ਪੰਛੀ ਤੱਕ ਦੇਖਣ ਨੂੰ ਨਹੀਂ ਮਿਲਿਆ।

ਇਸ ਤੋਂ ਪਹਿਲਾਂ ਕਿ ਮੈਂ ਇਨ੍ਹਾਂ ਖੰਡਰਾਂ ਨੂੰ ਸੁਰਜੀਤ ਕਰਕੇ ਵੇਖਣਯੋਗ ਬਣੀਆਂ ਯਾਦਗਾਰਾਂ ਦੇ ਨਾਂ ਲਿਖਾਂ, ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਉਪਰੋਕਤ ਜਾਣਕਾਰੀ ਪਹਿਲਾਂ ਬਸੀ ਪਠਾਣਾ ਤੇ ਹੁਣ ਲੰਮੇ ਅਰਸੇ ਤੋਂ ਸਰਹਿੰਦ ਰਹਿ ਰਹੇ ਗੁਰਬਚਨ ਸਿੰਘ ਵਿਰਦੀ ਦੀ ਨਵੀਂ ਪੁਸਤਕ 'ਮੁਗ਼ਲ ਸ਼ਹਿਰ ਦੀਆਂ ਯਾਦਗਾਰਾਂ' ਵਿੱਚ ਦਰਜ ਹੈ। ਇਸਦਾ ਪ੍ਰਕਾਸ਼ਕ ਯੂਨੀਸਟਾਰ ਬੁਕਸ ਵਾਲਾ ਹਰੀਸ਼ ਜੈਨ ਹੈ ਜਿਹੜਾ ਖ਼ੁਦ ਕਿਸੇ ਸਮੇਂ ਸਰਹਿੰਦ ਨਾਲ ਜੁੜਿਆ ਰਿਹਾ ਹੈ। ਉਸ ਨੇ ਇਸ ਨੂੰ ਕੁਆਰਟੋ ਸਾਈਜ਼ ਦੇ 108 ਪੰਨਿਆਂ ਵਿੱਚ ਛਾਪ ਕੇ ਇਸਦਾ ਮੁੱਲ ਕੇਵਲ 255 ਰੁਪਏ ਰੱਖਿਆ ਹੈ। ਪੁਸਤਕ ਸਚਿਤ੍ਰ ਤੇ ਪੜ੍ਹਨਯੋਗ ਹੈ।

ਇਸ ਰਚਨਾ ਵਿੱਚ ਲੇਖਕ ਨੇ ਸ਼ਹਿਰ ਦੇ ਸ਼ੀਸ਼ ਮਹਿਲ, ਹਾਥੀਖਾਨਾ, ਨੌ ਘਰਾ, ਖ਼ੁੱਲ੍ਹਾ ਬਾਗ਼, ਸ਼ਾਹੀ ਹਮਾਮ, ਦੌਲਤਖਾਨਾ-ਏ-ਖਾਸ, ਆਮ ਖਾਸ ਬਾਗ, ਸ਼ਾਹੀ ਪੁਲ, ਚਕਰੇਸ਼ਵਰੀ ਦੇਵੀ ਜੈਨ ਮੰਦਰ, ਮਜ਼ਾਰ ਅੱਤਾ ਉੱਲ੍ਹਾ ਖਾਂ, ਮਸੀਤ ਭਗਤ ਸਦਨਾ, ਜਹਾਜ਼ ਹਵੇਲੀ, ਰੋਜ਼ਾ ਸ਼ਰੀਫ਼ ਤੋਂ ਬਿਨਾਂ ਦੀਵਾਨ ਟੋਡਰਮੱਲ ਹਾਲ, ਬਿਬਾਣ ਗੜ੍ਹ, ਅਤੇ ਠੰਢਾ ਬੁਰਜ, ਜੋਤੀ ਸੂਰਪ, ਰਥ ਸਾਹਿਬ ਤੇ ਸੀਸ ਗੰਜ ਵਰਗੇ ਗੁਰਦੁਵਾਰਾ ਸਾਹਿਬਾਨ ਤੇ ਹੋਰ ਅਨੇਕਾਂ ਪ੍ਰਸਿੱਧ ਧਾਰਮਿਕ, ਇਤਿਹਾਸਕ ਤੇ ਮਿਥਿਹਾਸਕ ਸਥਾਨਾਂ ਤੇ ਮਹੱਤਵ ਬਾਰੇ ਸ਼ਬਦੀ ਅਤੇ ਸਚਿੱਤਰ ਪੇਸ਼ਕਾਰੀ ਵੀ ਹੈ ਜਿਸ ਵਿੱਚ ਗੁਰਦਵਾਰਾ ਸ੍ਰੀ ਮੋਤੀ ਰਾਮ ਜੀ ਤੇ ਯਾਦਗਾਰ ਭਾਈ ਸੰਗਤ ਸਿੰਘ ਸ਼ਹੀਦ ਵੀ ਸ਼ਾਮਲ ਹਨ। ਗੁਰਬਚਨ ਸਿੰਘ ਵਿਰਦੀ ਦੀ ਮਿਹਨਤ, ਸੂਝ ਤੇ ਸਿਆਣਪ ਦਾ ਸਵਾਗਤ ਹੈ।

*ਰੋਜ਼ਾਨਾ ਅਜੀਤ ਦੇ ਐਤਵਾਰ ਅੰਕ (ਨਿੱਕ-ਸੁੱਕ)*
*31 ਅਕਤੂਬਰ, 2021 'ਚੋਂ ਧੰਨਵਾਦ ਸਹਿਤ।*
*-ਸੰਪਾਦਕ*

* * * *



## 'ਮਹਾਰਾਜਾ ਅਜ ਸਰੋਵਰ ਖਰੜ' ਦੀ ਆਪਣੀ ਜ਼ੁਬਾਨੀ

**- ਪ੍ਰਿੰਸੀਪਲ ਗੁਰਮੀਤ ਸਿੰਘ ਖਰੜ**
**ਮੋਬਾ. 94634-10877**

ਮੇਰੀ ਉਮਰ ਦਾ ਕਿਸੇ ਨੂੰ ਵੀ ਅਨੁਮਾਨ ਨਹੀਂ ਹੋਣਾ। ਮੈਂ ਖਰੜ ਸ਼ਹਿਰ ਦੇ ਹਾਣ ਦਾ ਹੋਵਾਂਗਾ। ਅੱਜ ਤੋਂ ਪੰਜਾਹ ਸਾਲ ਪਹਿਲਾਂ ਤੱਕ ਖਰੜ ਦੇ ਲੋਕ ਮੈਨੂੰ ਪਿਆਰ ਨਾਲ ਤਲਾਅ ਆਖਦੇ ਸੀ। ਮੇਰੇ ਵਿਹੜੇ ਵਿਚ ਹਰ ਸਮੇਂ ਰੌਣਕ ਲੱਗੀ ਰਹਿੰਦੀ ਸੀ। ਸੂਰਜ ਚੜ੍ਹਨ ਤੋਂ ਪਹਿਲਾਂ ਹੀ ਸ਼ਹਿਰ ਨਿਵਾਸੀ ਮੈਨੂੰ ਜਗਾਅ ਦਿੰਦੇ ਸੀ। ਮੇਰੇ ਸਾਫ਼ ਪਾਣੀ ਵਿਚ ਇਸ਼ਨਾਨ ਕਰਨ ਲਈ ਲੋਕੀਂ ਮੂੰਹ-ਹਨੇਰੇ ਹੀ ਮੇਰਾ ਦਰ ਖੜਕਾ ਦਿੰਦੇ ਸੀ। ਕੋਈ ਨਹਾਉਣ ਲਗ ਜਾਂਦਾ, ਕੋਈ ਕਸਰਤ ਅਤੇ ਪੂਜਾ ਅਰਚਣਾ ਵਿਚ ਲੀਨ ਹੋ ਜਾਂਦਾ ਸੀ। ਸਵੇਰ ਦੀ ਰੋਟੀ-ਟੁੱਕ ਦੇ ਕੰਮ ਤੋਂ ਵਿਹਲੇ ਹੋ ਕੇ ਸ਼ਹਿਰ ਦੀਆਂ ਔਰਤਾਂ ਕਪੜੇ ਧੋਣ ਲਈ ਖੁਸ਼ੀ-ਖੁਸ਼ੀ ਆਉਂਦੀਆਂ ਸਨ। ਸਾਰੇ ਘਾਟਾਂ ਉਤੇ ਰੌਣਕ ਲਗੀ ਰਹਿੰਦੀ ਸੀ। ਨੌਜਵਾਨ ਛਾਲਾਂ ਮਾਰਦੇ, ਤਾਰੀਆਂ ਲਾਉਂਦੇ, ਇਕ ਦੂਜੇ ਨੂੰ ਛੂੰਹਦੇ, ਖੇਡਾਂ-ਖੇਡਦੇ ਮੁਕਾਬਲੇ ਚਲਦੇ ਰਹਿੰਦੇ ਸੀ। ਬਹੁਤ ਸਾਰੇ ਪੰਛੀ ਮੇਰੇ ਤਲ 'ਤੇ ਆ ਕੇ ਨੱਚਦੇ ਟੱਪਦੇ, ਹਠਖੇਲੀਆਂ ਕਰਦੇ, ਡੁਬਕੀਆਂ ਲਾਉਂਦੇ ਬਹੁਤ ਸੁੰਦਰ ਲਗਦੇ ਸੀ। ਜਦੋਂ ਕਮਲ ਦੇ ਫੁੱਲ ਖਿੜੇ ਹੁੰਦੇ, ਉਦੋਂ ਮੇਰੀ ਟੌਹਰ ਦੇਖਣ ਵਾਲੀ ਹੁੰਦੀ ਸੀ। ਮੇਰੇ ਪਾਣੀਆਂ ਵਿੱਚ ਮੱਛੀਆਂ ਦਾ ਰੈਣ-ਬਸੇਰਾ ਸੀ, ਉਹ ਇਥੇ ਜੰਮਦੀਆਂ ਪਲਦੀਆਂ ਤੇ ਵੱਡੀਆਂ ਹੁੰਦੀਆਂ। ਲੋਕੀਂ ਇਹਨਾਂ ਨੂੰ ਆਪਣੇ ਭੋਜਨ ਲਈ ਫੜਕੇ ਵੀ ਲੈ ਜਾਂਦੇ ਸੀ। ਸਾਂਝੇ ਪੰਜਾਬ ਵਿਚ ਖਰੜ ਅੰਬਾਲਾ ਜ਼ਿਲ੍ਹੇ ਦੀ ਸਭ ਤੋਂ ਵੱਡੀ ਤਹਿਸੀਲ ਹੁੰਦੀ ਸੀ। ਉਸ ਸਮੇਂ ਦੇ ਜ਼ਿਲ੍ਹਾ ਕੁਲੈਕਟਰ ਨੇ ਮੱਛੀਆਂ ਨੂੰ ਫੜਣ ਦੀ ਮਨਾਹੀ ਵਾਲਾ ਪੱਥਰ ਮੇਰੇ ਮੱਥੇ ਉੱਤੇ ਲਾਇਆ ਹੋਇਆ ਸੀ। 25 ਜੂਨ, 1926 ਦਾ Sub DC officer, Roper Distt Ambala ਦਾ ਲੱਗਿਆ ਪੱਥਰ ਇਸ ਦੀ ਗੁਆਹੀ ਭਰਦਾ ਹੈ।

ਜਿਵੇਂ-ਜਿਵੇਂ ਖਰੜ ਸ਼ਹਿਰ ਦਾ ਵਿਕਾਸ ਤੇਜ਼ ਹੁੰਦਾ ਗਿਆ, ਮੇਰੀ ਹਾਲਤ ਪਤਲੀ ਪੈਂਦੀ ਗਈ। ਮੇਰਾ ਸਾਫ਼ ਪਾਣੀ ਮੈਲਾ ਹੁੰਦਾ ਗਿਆ। ਸ਼ਹਿਰ ਕਰਮੀ ਮੇਰੇ ਤੋਂ ਪਰ੍ਹਾ ਹਟਦੇ ਗਏ। ਸੁਆਣੀਆਂ ਦੇ ਕੱਪੜੇ ਧੋਣ ਦੀ ਆਮਦ ਰੁਕ ਗਈ, ਮੀਂਹ ਦਾ ਪਾਣੀ ਜਿਹੜਾ ਕਈ ਕਿਲੋਮੀਟਰ ਸਫ਼ਰ ਤਹਿ ਕਰਕੇ ਮੇਰੇ

ਢੱਡ ਆ ਪੈਂਦਾ ਸੀ; ਉਹ ਮੁੱਕ ਗਿਆ। ਖਰੜ ਦੇ ਇਰਦ ਗਿਰਦ ਪੈਲੀਆਂ ਦੀ ਥਾਂ ਕਲੋਨੀਆਂ ਨੇ ਮਲ ਲਈ। ਜਿਹਨਾਂ ਨੇ ਮੇਰਾ ਪਾਣੀ ਰੋਕ ਲਿਆ। ਮੈਂ ਸੁੱਕ ਗਿਆ, ਮੁਰਝਾ ਗਿਆ। ਮੁੰਡੀ ਖਰੜ, ਦੇਸੂਮਾਜਰਾ ਤੇ ਹੋਰ ਪਿੰਡਾਂ ਦਾ ਬਰਸਾਤੀ ਪਾਣੀ ਭਰ ਜਾਂਦਾ ਸੀ ਤੇ ਸੜਕ ਤੱਕ ਆ ਜਾਂਦਾ ਸੀ। ਪਾਣੀ ਬਿਨਾਂ ਕਾਹਦਾ ਜੀਵਨ। ਪਸ਼ੂ-ਪੰਛੀ ਜਿਹੜੇ ਹਮੇਸ਼ਾ ਮੇਰੇ ਪਾਸ ਆਕੇ ਆਪਣੀ ਪਿਆਸ ਬੁਝਾਂਦੇ, ਹਠਕੇਲੀਆਂ ਕਰਨ ਹਟ ਗਏ। ਜਿਹਨਾਂ ਘਰਾਂ ਲੈਟਰਿਨ ਨਹੀਂ ਸਨ, ਉਹਨਾਂ ਦੇ ਮੈਂਬਰ ਮੈਨੂੰ ਜੰਗਲ ਪਾਣੀ ਤੇ ਤੌਰ ਤੇ ਵਰਤਨ ਲਗ ਪਏ। ਮੇਰੇ ਸੀਨੇ ਵਿਚ ਮਹਿਕਦੇ ਕਮਲ ਦੇ ਫੁੱਲ ਮੁਰਝਾ ਗਏ। ਮੇਰੇ ਪਾਣੀਆਂ ਉਤੇ ਤੈਰਦੀਆਂ ਪੱਤਲਾਂ ਅਲੋਪ ਹੋ ਗਈਆਂ। ਬਰਸਾਤ ਦੇ ਦਿਨਾਂ ਵਿੱਚ ਮੈਂ ਨੱਕੋ-ਨੱਕ ਭਰਿਆ ਹੁੰਦਾ ਸੀ। ਬਜ਼ੁਰਗਾਂ ਨੇ ਬਹੁਤ ਹੀ ਸੂਝਬੂਝ ਨਾਲ ਮੇਰੀ ਖੇਤਾਂ ਵਾਲੇ ਪਾਸੇ ਵਾਲੀ ਵਾਹੀ 'ਤੇ ਚਾਰ ਪੱਕੇ ਮੋਗੇ ਬਣਾਏ ਹੋਏ ਸਨ ਤਾਂ ਜੋ ਪਾਣੀ ਉਛਲਕੇ ਸ਼ਹਿਰ ਵਿਚ ਜਾ ਨਾ ਵੜੇ। ਕਦੇ-ਕਦੇ ਬੱਚਿਆਂ ਦਾ ਮੇਰੇ ਪਾਸ ਖੇਡਦੇ ਖੇਡਦੇ ਡੁੱਬ ਜਾਣ ਦਾ ਦਾਗ ਵੀ ਮੈਨੂੰ ਸਹਿਣਾ ਪਇਆ। ਲੋਕਾਂ 'ਚ ਆਮ ਦੰਦ-ਕਥਾ ਸੀ ਕਿ ਮੈਂ ਹਰ ਸਾਲ ਬੱਚੇ ਦੀ ਬਲੀ ਲੈਂਦਾ ਹਾਂ।

ਅੱਜ ਤੋਂ ਕੋਈ ਤੀਹ ਕੁ ਸਾਲ ਪਹਿਲਾਂ ਇਥੇ ਦੇ ਸ਼ਹਿਰ ਵਾਸੀਆਂ ਨੇ ਰਲਕੇ ਮੇਰੀ ਜੂਨ ਸੁਆਰਨ ਲਈ ਹੰਭਲਾ ਮਾਰਿਆ। ਉਹਨਾਂ ਨੇ ਰਲਕੇ ਇਕ ਕਮੇਟੀ ਦਾ ਗਠਣ ਕੀਤਾ। ਉਹਨੂੰ ਰਜਿਸਟਰ ਕਰਵਾਇਆ ਅਤੇ ਉਹਦਾ ਨਾਂ ਰੱਖਿਆ 'ਅੱਜ ਸਰੋਵਰ ਪਰਿਸ਼ਦ।' ਮੇਰਾ ਵੀ ਪਹਿਲੀ ਵਾਰ ਨਾਮ ਕਰਨ ਹੋਇਆ। ਬਕਾਇਦਾ ਧਾਰਮਿਕ ਰੌਅ-ਰੀਤਾਂ ਨਾਲ ਮੈਨੂੰ ਪਹਿਚਾਣ ਦਿੱਤੀ ਗਈ। ਹੁਣ ਤੱਕ ਮੈਨੂੰ ਤਲਾਅ ਕਹਿੰਦੇ ਸੀ। ਪਰ ਇਹਨਾਂ ਭਦਰ ਪੁਰਸ਼ਾਂ ਨੇ ਮੇਰਾ ਨਾਮ ਰਖ ਦਿੱਤਾ 'ਮਹਾਰਾਜਾ ਅਜ ਸਰੋਵਰ।" ਉਹਨਾਂ ਨੇ ਖੋਜ ਕਰਕੇ ਪਤਾ ਲਗਾਇਆ ਕਿ ਮੇਰੀਆਂ ਜੜ੍ਹਾਂ ਤਾਂ ਰਾਮ ਚੰਦਰ ਜੀ ਦੇ ਦਾਦਾ ਜੀ 'ਮਹਾਰਾਜਾ ਅਜ' ਨਾਲ ਜਾ ਜੁੜਦੀਆਂ ਹਨ। ਸਚਮੁੱਚ ਹੀ ਪਰਿਸ਼ਦ ਵਾਲਿਆਂ ਨੇ ਤਾਂ ਮੈਨੂੰ ਅਮਰ ਕਰ ਦਿੱਤਾ। ਮੇਰੀ ਉਮਰ ਤਾਂ ਕਈ ਸਦੀਆਂ ਦੇ ਬਰਾਬਰ ਰਮਾਇਣ ਦੇ ਸਮੇਂ ਨਾਲ ਜਾ ਰਲੀ। ਮੈਨੂੰ ਉਮੀਦ ਹੋਈ ਕਿ ਹੁਣ ਮੇਰੀ ਦਸ਼ਾ ਸੁਧਰ ਜਾਵੇਗੀ। ਹੌਲੀ-ਹੌਲੀ ਮੇਰੇ ਘਾਟਾਂ ਨੂੰ ਸਵਾਰਿਆ ਜਾਣ ਲੱਗਾ। ਲਹਿੰਦੇ ਪਾਸੇ ਮੇਰੀ ਇਕ ਕੰਨੀ 'ਤੇ ਪਰਿਸ਼ਦ ਵਾਲਿਆਂ ਨੇ ਭਵਨ ਉਸਾਰ ਦਿੱਤਾ। ਉਸ ਦਾ ਨਾਂ ਰਖਿਆ ਗਿਆ 'ਰਾਮ ਭਵਨ'। ਇੱਥੇ ਹੁਣ ਲੋਕੀਂ ਆਪਣੇ ਸੁਖਦੁੱਖ ਲਈ ਅਤੇ ਵਿਆਹ-



ਸ਼ਾਦੀਆਂ ਵਾਸਤੇ ਇਸ ਭਵਨ ਵਿੱਚ ਸਮਾਗਮ ਰਚਾਉਂਦੇ ਹਨ। ਇਸ ਵਿਚ ਹਰ ਵਰਗ ਦੇ ਲੋਕ ਧਾਰਮਿਕ ਤੇ ਸਮਾਜਿਕ ਇਕੱਠ ਕਰਦੇ ਹਨ। ਰਾਜਨੀਤਕ ਲੋਕ ਵੀ ਆਪਣੀ ਰੋਟੀਆਂ ਸੇਕਦੇ ਹਨ। ਕੋਈ ਦਿਨ ਹੀ ਖਾਲੀ ਰਹਿੰਦਾ ਹੋਵੇਗਾ, ਜਦੋਂ ਚਹਿਲ ਪਹਿਲ ਨਾ ਹੋਵੇ।

ਜਿੱਥੇ ਮੇਰੀ ਉਮਰ ਬਹੁਤ ਲੰਮੀ ਹੈ, ਉਥੇ ਮੇਰਾ ਕੱਦ ਵੀ ਬਹੁਤ ਵੱਡਾ ਹੈ। 152 ਕਨਾਲ ਰਕਬੇ ਵਿਚ ਫੈਲਿਆ ਹੋਇਆ ਹਾਂ। ਨਗਰ ਕੌਂਸਿਲ ਖਰੜ ਵਾਲੇ ਵੀ ਹੁਣ ਮੇਰੀ ਪੁੱਛ-ਪ੍ਰਤੀਤ ਕਰਨ ਲੱਗ ਪਏ ਹਨ। ਮੇਰੇ ਕਿਨਾਰਿਆਂ ਨੂੰ ਪੱਥਰ ਲਗਾ ਕੇ ਮਜ਼ਬੂਤ ਕਰ ਰਹੇ ਨੇ। ਸੈਰ ਗਾਹ ਲਈ ਪੱਕੀ ਪਟੜੀ ਮੇਰੇ ਤਿੰਨ ਪਾਸੇ ਬਣਾਈ ਗਈ ਹੈ। ਬਹੁਤ ਸਾਰੇ ਮੰਤਰੀਆਂ ਨੇ ਮੇਰੀ ਦਿੱਖ ਨੂੰ ਸੁਆਰਨ-ਨਿਖਾਰਨ ਲਈ, ਮੈਨੂੰ ਖੂਬਸੂਰਤ ਬਣਾਉਣ ਲਈ ਮਹਾਰਾਜਾ ਅਜ ਪਰੀਸ਼ਦ ਨੂੰ ਖੁਲ੍ਹੇ ਗੱਫੇ ਦਿੱਤੇ ਹਨ। ਦਾਨਸ਼ਵਰ ਲੋਕਾਂ ਨੇ ਵੱਧ ਚੜ੍ਹਕੇ ਹਿੱਸਾ ਪਾਇਆ ਹੈ। ਕਾਫੀ ਕੁਝ ਬਦਲ ਗਿਆ ਹੈ। ਹੋਰ ਬਦਲ ਹੋ ਰਿਹਾ ਹੈ। ਖਰੜ ਦਾ ਜੰਮਪਲ, (ਸਾਬਕਾ ਮੁੱਖ ਮੰਤਰੀ, ਪੰਜਾਬ) ਸਰਦਾਰ ਚਰਨਜੀਤ ਚੰਨੀ ਨੇ ਮੇਰੇ ਹੁਲੀਏ ਨੂੰ ਸੁੰਦਰ ਬਣਾਉਣ ਖਾਤਰ ਇਕ ਤਰ੍ਹਾਂ ਦੀ ਲਹਿਰ ਹੀ ਚਲਾ ਦਿੱਤੀ। ਉਹਨਾਂ ਵਲੋਂ ਮੇਰੇ ਵਿਹੜੇ ਵਿਚ ਕਈ ਤਰ੍ਹਾ ਦੇ ਪ੍ਰੋਜੈਕਟ ਲਗਾਉਣ ਲਈ, ਸਭਿਆਚਾਰ ਤੇ ਸੈਰ ਸਪਾਟਾ ਵਿਭਾਗ ਨੂੰ ਹੱਲਾਸ਼ੇਰੀ ਦਿੱਤੀ। ਇੱਕ ਸੁੰਦਰ ਵਿਸ਼ਾਲ ਪਾਰਕ, ਇਕ ਆਲੀਸ਼ਾਨ ਰੈਸਟੋਰੈਂਟ, ਝੀਲ ਆਦਿ ਦਾ ਨਿਰਮਾਣ ਕੀਤਾ ਜਾ ਰਿਹਾ ਹੈ।

ਮੇਰੇ ਸ਼ਹਿਰ ਵਾਲੇ ਪਾਸੇ ਕਿੰਨੇ ਹੀ ਸਮਿਆਂ ਤੋਂ ਦੁਸਹਿਰੇ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਦੁਸਹਿਰਾ ਕਮੇਟੀ ਵਲੋਂ ਮਨਾਇਆ ਜਾਂਦਾ ਹੈ। ਮੇਰੇ ਇਤਿਹਾਸ ਦੇ ਪਿਛੋਕੜ ਦੀਆਂ ਲੋਕ ਗੱਲਾਂ ਕਰਦੇ ਹਨ। ਮੇਰਾ ਸੁੰਦਰ-ਸੁਜੀਲਾ ਸਰੂਪ ਖਰੜ ਸ਼ਹਿਰ ਲਈ ਮਾਣ-ਮੱਤਾ ਹੋਣ ਦੀ ਆਸ ਕੀਤੀ ਜਾਂਦੀ ਹੈ। ਮੇਰੇ ਪੂਰਬੀ ਕੰਢੇ 'ਤੇ ਗੁੱਗਾ ਨੌਮੀ ਤੇ ਰੱਖੜੀਆਂ ਦੇ ਮੇਲੇ ਭਰਦੇ ਹਨ। ਲੋਕਾਂ ਦਾ ਇਕੱਠ ਸ਼ਾਂਝੀਵਾਲਤਾ ਦਾ ਸੁਨੇਹਾ ਦੇਂਦਾ ਹੈ। ਖ਼ੂਬ ਰੌਣਕਾਂ ਲਗਦੀਆਂ ਹਨ।

*ਨੋਟ : 'ਅਜ' ਅਯੋਧਾਪਤਿ ਸੂਰਯਵੰਸ਼ੀ ਰਾਜਾ ਰਘੁ ਦਾ ਪੁੱਤਰ ਸੀ ਜੋ ਇੰਦੁਮਤੀ ਦਾ ਪਤੀ ਸੀ ਅਤੇ ਦਸਰਥ ਦਾ ਪਿਤਾ ਸੀ।*

*"ਤਾਂਤੇ ਪੁਤ੍ਰ ਹੋਤ ਭਯੋ ਅਜ ਬਰ॥" (ਵਿਚਿਤ੍ਰ) (ਮਹਾਨ ਕੋਸ਼)*

*- ਸੰਪਾਦਕ*

****

# ਕੁੰਮੇ ਮਾਸ਼ਕੀ ਦੀ ਝੁੱਗੀ ਦਾ ਇਤਿਹਾਸਕ ਪ੍ਰਸੰਗ

**- ਦਲਜੀਤ ਕੌਰ ਦਾਊਂ**
**99155-60280**

ਸਤਲੁਜ ਅਤੇ ਸਰਸਾ ਦੇ ਸਾਂਝੇ ਪੱਤਣ 'ਤੇ ਇਥੇ ਕੁੰਮੇ ਮਾਸ਼ਕੀ ਦੀ ਝੁੱਗੀ ਸੀ। 'ਭਾਈ ਦੂਨਾ ਸਿੰਘ ਹੰਡੂਰੀਆ' ਆਪਣੀ ਰਚਨਾ "ਸਾਖੀ ਗੁਰ ਕੇ ਸੁਤਨ ਕੀ" ਵਿਚ ਇਸ ਤਰ੍ਹਾਂ ਲਿਖਦੇ ਹਨ :

"ਇਕ ਹਿੰਦੂ ਕੁੰਮੇ ਮਲਾਹ ਦੀ ਝੁੱਗੀ ਸੀ। ਇਸ ਨੇ ਤੁਰਕਾਂ ਦੇ ਜਬਰ ਨਾਲ ਆਪਣਾ ਧਰਮ ਬਦਲ ਲਿਆ ਸੀ। ਕੁੰਮੇ ਮਲਾਹ ਤੋਂ ਨਾਮ ਬਦਲ ਕੇ ਕੀਮਾ ਮਲਾਹ ਹੋ ਗਿਆ ਸੀ। ਇਸੇ ਝੁੱਗੀ ਵਿਚ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿ ਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਨੇ ਮੁਸਾਫ਼ਰੀ ਦੀ ਪਹਿਲੀ ਰਾਤ ਕੱਟੀ।" ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ, ਸਰਸਾ ਨਦੀ ਪਾਰ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪਰਿਵਾਰ ਵਿਛੜ ਗਿਆ।

**'ਇਕ ਸੱਕਾ ਹਿੰਦੂ ਤਹਿ ਆਹੀ,**
**ਤੁਰਕ ਜ਼ੋਰ ਤਿਹ ਜਨਮ ਵਟਾ ਹੀ।**
**ਕੁੰਮੇ ਤੋਂ ਕੀਮਾ ਤਹਿ ਕੀਨਾ,**
**ਤਿਸ ਹੀ ਕੇ ਗ੍ਰਹਿ ਵਾਸਾ ਲੀਨਾ।"**

ਕਿਹਾ ਜਾਂਦਾ ਹੈ ਕਿ ਭਾਈ ਦੂਨਾ ਸਿੰਘ ਹੰਡੂਰੀਆ, ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ। ਉਨ੍ਹਾਂ ਨੇ ਲਿਖਿਆ ਹੈ:

ਨੇੜੇ ਹੀ ਕਿਸੇ ਪਿੰਡ ਵਿਚ ਲਛਮੀਂ ਨਾਂ ਦੀ ਬ੍ਰਾਹਮਣੀ ਰਹਿੰਦੀ ਸੀ। ਉਹ ਆਏ ਗਏ ਮੁਸਾਫ਼ਰਾਂ ਦੀ ਲੰਗਰ ਦੀ ਸੇਵਾ ਕਰਦੀ ਸੀ। ਕੀਮਾ ਰਾਤ ਨੂੰ ਜਾ ਕੇ ਮਾਤਾ ਲੱਛਮੀਂ ਪਾਸੋਂ ਪਰਸ਼ਾਦੇ ਲਿਆਇਆ, ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਛਕਾਏ। ਅਗਲੀ ਸਵੇਰ ਮਾਤਾ ਲੱਛਮੀ ਆਪ ਪਰਸ਼ਾਦਾ ਤਿਆਰ ਕਰਕੇ ਲੈ ਆਈ। ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੇ ਦਰਸ਼ਨ ਕਰਕੇ ਨਿਹਾਲ ਹੋ ਗਈ। ਬੇਨਤੀ ਕਰਕੇ ਮਾਤਾ ਜੀ ਨੂੰ ਆਪਣੇ ਗ੍ਰਹਿ ਵਿਖੇ ਵੀ ਲੈ ਗਈ। ਇਸ ਜਗ੍ਹਾ ਅੱਜ ਕਲ੍ਹ ਮਾਤਾਜੀ ਅਤੇ ਸਾਹਿਬਜ਼ਾਦਿਆਂ ਦੀ ਯਾਦ



ਵੱਜੋਂ ਆਲੀਸ਼ਾਨ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਮਾਤਾ ਲਛਮੀ ਦੇ ਨਾਂ 'ਤੇ ਪਿੰਡ ਚੱਕ ਢੇਰਾ ਕੋਲ ਸੁੰਦਰ ਗੇਟ ਬਣਾਇਆ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਸੇਵਾ ਨਿਭਾਈ ਹੈ। ਕਵੀ ਕਿਸ਼ਨ ਸਿੰਘ ਦੇ ਸ਼ਬਦਾਂ ਵਿਚ :

**"ਦੋਇ ਮੋਹਰ ਕੀ ਆਰਸੀ, ਪੰਚ ਚੂੜੀ ਸਾਥ,**
**ਤਿਸਹੀ ਬ੍ਰਾਹਮਨੀ ਕੋ ਦਈ, ਜੋ ਪ੍ਰਸਾਦ ਵਹ ਖਵਾਤ।**
**ਰੂਪਯਾ ਪਾਂਚ ਸੋ ਤਿਸ ਦਯੋ, ਕੀਮਾ ਨਾਮ ਜੋ ਆਹਿ,**
**ਤਿਨਹੂੰ ਜੋ ਮਸਤਕਿ ਟੇਕ ਕੈ, ਲੀਨਾ ਤਬੈ ਉਠਾਹਿ।"**

ਮਾਤਾ ਜੀ ਨੇ ਦੋ ਮੋਹਰਾਂ ਦੀ ਮੁੰਦਰੀ ਤੇ ਪੰਜ ਸੋਨੇ ਦੀਆਂ ਚੂੜੀਆਂ ਬੀਬੀ ਲੱਛਮੀ ਨੂੰ ਅਤੇ ਪੰਜ ਸੌ ਰੁਪਯਾ ਕੀਮੇ ਮਲਾਹ ਨੂੰ ਇਨਾਮ ਵਜੋਂ ਦਿੱਤਾ। ਪਿੰਡ ਚੱਕ ਢੇਰਾ ਰੋਪੜ ਵਿਚ ਪੈਂਦਾ ਹੈ। ਜੋ ਪੁਆਧ ਖੇਤਰ ਵਿਚ ਹੈ।

'ਯਾਦਗਾਰ ਛੰਨ ਬਾਬਾ ਕੁੰਮਾਂ ਮਾਸ਼ਕੀ ਜੀ' ਪਿੰਡ ਚੱਕ ਢੇਰਾ ਵਾਲੇ ਪਵਿੱਤਰ ਅਸਥਾਨ ਦੀ ਖੋਜ ਬਾਬਾ ਸੁਰਿੰਦਰ ਸਿੰਘ ਖਾਲਸਾ 'ਪਿੰਡ ਖਜੂਰਲਾ' ਵਾਲਿਆਂ ਨੇ ਕੀਤੀ। ਇਸ ਕਾਰਜ ਲਈ ਪਿੰਡ-ਪਿੰਡ ਖੋਜ ਕਰਦਿਆਂ ਕਈ ਸਾਲ ਲੱਗੇ। ਪਿੰਡ-ਪਿੰਡ ਜਾ ਕੇ ਪੁਰਾਤਨ ਇਤਿਹਾਸ ਖੋਜਿਆ ਪਿੰਡਾਂ ਵਿਚ ਲੋਕ ਮੌਖਿਕ ਇਤਿਹਾਸ ਪਿਆ ਹੁੰਦਾ ਹੈ ਜਿਸਨੂੰ ਘੋਖਣਾ ਬਣਦਾ ਹੈ। 1996-97 ਵਿਚ ਖੋਜ ਚਲ ਰਹੀ ਸੀ। ਉਦੋਂ ਇਕ ਪੇਪਰ ਵਿਚ ਆਇਆ ਸੀ ਜੋ ਮੈਂ ਖ਼ੁਦ ਵੀ ਪੜ੍ਹਿਆ ਸੀ। ਖੋਜ ਭਰਪੂਰ ਕਿਤਾਬ 2004 ਵਿਚ ਛਪੀ। ਇਸ ਵਿਚ ਪੁਰਾਤਨ ਹਵਾਲਿਆਂ ਸਮੇਤ ਦੱਸਿਆ ਗਿਆ ਹੈ ਕਿ ਇੱਕ ਖੱਚਰ ਸਮੇਤ ਮਾਤਾ ਜੀ ਤੇ ਦੋਵੇਂ ਸਾਹਿਬਜ਼ਾਦੇ ਅਤੇ ਗੰਗੂ ਨੂੰ ਆਪਣੀ ਬੇੜੀ ਵਿਚ ਬਿਠਾ ਕੇ ਕੁਮਾ ਮਾਸ਼ਕੀ ਸਤਲੁਜ ਪਾਰ ਕਰਵਾ ਕੇ ਆਪਣੇ ਨਾਲ ਲੈ ਆਇਆ। ਮਾਤਾ ਜੀ ਇੱਥੇ ਗੰਗੂ ਨੂੰ ਦੇਖਕੇ ਬਹੁਤ ਖੁਸ਼ ਹੋਏ। ਕਿਉਂਕਿ ਉਹ ਉਨ੍ਹਾਂ ਦਾ 15-20 ਸਾਲਾਂ ਤੋਂ ਰਸੋਈਆ ਚਲਿਆ ਆ ਰਿਹਾ ਸੀ। ਗੰਗੂ ਮਾਤਾ ਜੀ ਨੂੰ ਲੱਭਦਾ-ਲੱਭਦਾ ਕੁੰਮੇ ਮਾਸ਼ਕੀ ਪਾਸ ਹੀ ਆ ਪੁੱਜਾ। ਇਤਿਹਾਸਕਾਰ ਇਹ ਵੀ ਕਹਿੰਦੇ ਹਨ ਕਿ ਗੰਗੂ ਨੂੰ ਮਾਤਾ ਜੀ ਪਾਸ ਇੰਨੇ ਧਨ ਦਾ ਪਹਿਲਾਂ ਹੀ ਪਤਾ ਸੀ। ਪਰ ਕਈ ਇਤਿਹਾਸਕਾਰ ਕਹਿੰਦੇ ਹਨ ਕਿ ਮਾਤਾ ਨੂੰ ਮਿਲਣ ਉਪਰੰਤ ਉਨ੍ਹਾਂ ਪਾਸ ਧਨ ਦੇਖ ਕੇ ਉਸਦੀ ਨੀਅਤ ਬਦਲ ਗਈ।

ਜਦੋਂ ਆਪਣੇ ਵਿਸ਼ਵਾਸਪਾਤਰ ਹੀ ਦੁਸ਼ਮਣ ਬਣ ਜਾਣ ਉਦੋਂ ਇਨਸਾਨ ਦਾ ਕੋਈ ਟਿਕਾਣਾ ਨਹੀਂ ਰਹਿੰਦਾ। ਸਗੋਂ ਰਸੋਈਆ ਤਾਂ ਰੱਖਿਆ ਹੀ ਉਸ ਇਨਸਾਨ ਨੂੰ ਜਾਂਦਾ ਜੋ ਬਹੁਤ ਨਜ਼ਦੀਕੀ ਅਤੇ ਵਿਸ਼ਵਾਸ ਵਾਲਾ ਹੋਵੇ। ਮਾਤਾ ਜੀ ਨੇ ਗੰਗੂ ਨੂੰ ਕਿਹਾ ਰੋਪੜ ਵੱਲ ਚਲ ਤੇ ਸਾਨੂੰ ਗੁਰੂ ਸਾਹਿਬ ਦੇ ਕਾਫ਼ਲੇ ਨਾਲ ਮਿਲਾ ਦੇ। ਗੰਗੂ ਮਾਤਾ ਜੀ ਪਾਸ ਧਨ ਦੌਲਤ ਦੇਖ ਕੇ ਬੇਈਮਾਨ ਹੋ ਗਿਆ ਤੇ ਸੋਚਣ ਲੱਗਾ ਕਿ ਕਿਵੇਂ ਇਹ ਧਨ ਹਾਸਲ ਕੀਤਾ ਜਾਵੇ। ਸੋਚਾਂ-ਸੋਚਦਾ ਕਹਿਣ ਲੱਗਾ, "ਮਾਤਾ ਜੀ! ਮੇਰਾ ਪਿੰਡ ਇੱਥੇ ਨੇੜੇ ਹੀ ਹੈ। ਆਪਾਂ ਉੱਥੇ ਚਲਦੇ ਹਾਂ, ਫ਼ੌਜ ਦੇ ਇੱਥੋਂ ਹਟਣ ਤੋਂ ਬਾਅਦ ਮੈਂ ਤੁਹਾਨੂੰ ਗੁਰੂ ਜੀ ਕੋਲ ਲੈ ਜਾਵਾਂਗਾ।" ਗੰਗੂ ਲੋਭੀ ਮਾਇਆਵਸ ਹੋ ਕੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਆਪਣੇ ਨਾਲ ਲੈ ਕੇ ਚਲ ਪਿਆ।

ਰੋਪੜ ਨੇੜੇ ਆ ਕੇ ਮਾਤਾ ਜੀ ਨੂੰ ਕਹਿਣ ਲੱਗਾ ਰੋਪੜ ਤਾਂ ਮੁਗ਼ਲ ਫ਼ੌਜ ਉੱਤਰੀ ਹੋਈ ਹੈ। ਏਧਰ ਜਾਣਾ ਠੀਕ ਨਹੀਂ ਰਹੇਗਾ। ਜੇਕਰ ਤੁਸੀਂ ਅੱਗੇ ਗਏ ਤਾਂ ਫ਼ੌਜੀ ਸਿਪਾਹੀ ਤੁਹਾਨੂੰ ਫੜ ਲੈਣਗੇ ਹੁਣ ਤੁਸੀਂ ਹੀ ਦੱਸੋ ਕੀ ਕਰੀਏ? ਗੰਗੂ ਨਹੀਂ ਸੀ ਚਾਹੁੰਦਾ ਕਿ ਮਾਤਾ ਜੀ ਕੋਟਲਾ ਨਿਹੰਗ ਖਾਂ ਵੱਲ ਕਿਸੇ ਸਿੱਖ ਪਰਿਵਾਰ ਕੋਲ ਜਾਣ ਕਿਉਂਕਿ ਧਨ ਚਰਾਉਣ ਵਿਚ ਫਿਰ ਉਸਦਾ ਦਾਅ ਨਹੀਂ ਸੀ ਲੱਗਣਾ। ਮਾਤਾ ਜੀ ਨੇ ਹਰਖ ਵਿੱਚ ਆ ਕੇ ਕਿਹਾ :

**'ਤਬ ਮਾਤਾ ਬਿਲਖੀ ਭਈ ਜਿਉਂ ਜਾਨਹੁ ਤਿਉ ਕੀਨ,**
**ਤਬ ਦੁਸ਼ਾਟਤਮ ਯਹ ਕਹੀਂ, ਮਮ ਗ੍ਰਿਹਿ ਚਲਾਉ ਪ੍ਰਬੀਨ।**

(ਦੂਨਾ ਸਿੰਘ ਹੰਡੂਰੀਆ)

ਗੰਗੂ ਮਾਤਾ ਜੀ ਦੇ ਅੱਗੇ-ਅੱਗੇ ਤੁਰਿਆ ਜਾਂਦਾ ਇਸ ਤਾਕ ਵਿਚ ਸੀ ਕਿ ਕਦੋਂ ਮੌਕਾ ਮਿਲੇ ਤੇ ਮੈਂ ਮੁਹਰਾਂ ਤੇ ਧਨ ਦੌਲਤ ਖਿਸਕਾ ਕੇ ਮਾਤਾ ਜੀ ਨੂੰ ਤੇ ਸਾਹਿਬਜ਼ਾਦਿਆਂ ਨੂੰ ਕਿਸੇ ਪਾਸੇ ਛੱਡ ਦੌੜਦਾ ਬਣਾ। ਇਸ ਤਰ੍ਹਾਂ ਚਲਦੇ-ਚਲਦੇ ਸ਼ਾਮ ਪੈ ਗਈ। ਦੋਵੇਂ ਲਾਲ ਮਾਤਾ ਜੀ ਨੂੰ ਪੁੱਛਦੇ, "ਮਾਂ! ਵੱਡੇ ਵੀਰਾਂ, ਪਾਸ ਕਦੋਂ ਪਹੁੰਚਾਂਗੇ। ਉਹ ਸਾਨੂੰ ਛੱਡਕੇ ਕਿੰਨੀ ਦੂਰ ਚਲੇ ਗਏ।" ਮਾਤਾ ਜੀ ਦਿਲਾਸਾ ਦਿੰਦੇ ਬਸ ਹੁਣ ਪੁੱਜ ਜਾਵਾਂਗੇ ਜਲਦੀ ਹੀ।' ਰੋਪੜ ਮੋਰਿੰਡਾ ਰਾਹ 'ਤੇ ਤੁਰਦੇ-ਤੁਰਦੇ ਬੂਰ ਮਾਜਰਾ ਲੰਘ ਕੇ ਕਾਈਨੌਰ ਪਿੰਡ ਪੁੱਜ ਗਏ। ਕਾਈਨੌਰ ਦੇ



ਚੜ੍ਹਦੇ ਪਾਸੇ ਹੀ ਇਕ ਟੋਭਾ, (ਛੱਪੜ) ਸੀ। ਉਸਦੇ ਨਾਲ ਹੀ ਕਿਨਾਰੇ 'ਤੇ ਝਿੜੀ ਸੀ (ਛੋਟਾ ਜੰਗਲ ) ਗੰਗੂ ਮਾਤਾ ਜੀ ਨੂੰ ਉੱਥੇ ਬਿਠਾ ਕੇ ਕਹਿਣ ਲੱਗਾ, "ਮੇਰਾ ਪਿੰਡ ਇੱਥੇ ਕੋਲ ਹੀ ਹੈ। ਮੈਂ ਜਾ ਕੇ ਆਸੇ ਪਾਸੇ ਦੇਖਦਾ ਹਾਂ ਕਿ ਕਿਤੇ ਮੁਗ਼ਲ ਫ਼ੌਜਾਂ ਨਾ ਹੋਣ।" ਮੁਸਾਫ਼ਰੀ ਦੀ ਦੂਜੀ ਠੰਢੀ ਪੋਹ ਦੀ ਰਾਤ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੇ ਇੱਥੇ ਬਿਨਾਂ ਕਿਸੇ ਟਿਕਾਣੇ, ਮੰਜੇ ਬਿਸਤਰੇ ਤੋਂ ਦਰਖ਼ਤਾਂ ਹੇਠ ਕੱਟੀ। ਇਸਦਾ ਹਵਾਲਾ ਭਾਈ ਬੀਰ ਸਿੰਘ ਬੱਲ ਆਪਣੀ ਪੁਸਤਕ 'ਸਿੰਘ ਸਾਗਰ' ਵਿਚ ਦਿੰਦੇ ਹਨ।

**'ਜ਼ੋਰਾਵਰ ਸਿੰਘ ਫਤਿਹ ਸਿੰਘ ਗੁਜਰੀ ਮਾਤਾ ਸਾਥ,**
**ਕਾਈਨੌਰ ਤੇ ਤੱਲ ਕੇ ਵਸੇ ਏਕ ਪੁਰ ਰਾਤ।**

ਕਾਈਨੌਰ ਪਿੰਡ ਵਿਚ ਇਸ ਜਗ੍ਹਾ 'ਤੇ ਹੁਣ ਗੁਰਦੁਆਰਾ ਸੁਸ਼ੋਭਿਤ ਹੈ। ਅਗਲੇ ਦਿਨ ਗੰਗੂ ਮਾਤਾ ਜੀ ਨੂੰ ਆਪਣੇ ਪਿੰਡ ਦੇ ਪੂਰਵ ਵੱਲ ਇਕ ਝਿੜੀ ਵਿਚ ਲੈ ਗਿਆ। ਇੱਥੇ ਇਕ ਸਾਧੂ ਫ਼ਕੀਰ ਰਹਿੰਦਾ ਸੀ। ਉਸਨੇ ਮਾਤਾ ਜੀ ਦੇ ਦਰਸ਼ਨ ਕੀਤੇ ਤੇ ਪੁੱਛਿਆ, "ਤੁਸੀਂ ਇੱਥੇ ਕਿਵੇਂ ਆਏ ਹੋ।" ਮਾਤਾ ਜੀ ਨੇ ਕਿਹਾ, "ਐਮੇਂ ਹੀ ਆਏ ਹਾਂ।" ਸੋ ਇਸ ਜਗ੍ਹਾ ਗੁਰਦੁਆਰਾ ਐਮੇਂ ਸਾਹਿਬ ਸੁਸ਼ੋਭਿਤ ਹੈ। ਗੰਗੂ ਮਾਤਾ ਜੀ ਨੂੰ ਉੱਥੇ ਬਿਠਾ ਕੇ ਆਪਣੇ ਪਿੰਡ ਸਹੇੜੀ ਚਲਾ ਗਿਆ।

ਸਹੇੜੀ ਆਪਣੇ ਘਰ ਗੰਗੂ ਨੇ ਜੋ ਬਦਨੀਤੀ ਕਰ ਕੇ ਗੁਰੂ ਪਰਿਵਾਰ ਨਾਲ ਕੀਤੀ, ਉਸ ਸਾਕੇ ਨਾਲ ਸਬੰਧਿਤ ਸਰਹਿੰਦ ਦੀ ਖ਼ੂਨੀ ਦੀਵਾਰ ਅਤੇ ਠੰਢੇ ਬੁਰਜ ਦਾ ਬਿਰਤਾਂਤ ਅਤੀ ਕਰੁਣਾਮਈ ਹੈ।

*( 'ਪੁਆਧ ਦੀ ਮਿੱਟੀ ਦਾ ਕ੍ਰਿਸ਼ਮਾ' 'ਚੋਂ ਧੰਨਵਾਦ ਸਹਿਤ)*
*-ਸੰਪਾਦਕ*

* * * *

# ਖ਼ਾਲਸਾਈ ਜਹੋ-ਜਲਾਲ ਦਾ ਪ੍ਰਤੀਕ : ਹੋਲਾ ਮਹੱਲਾ

**ਪ੍ਰੋ. ਸੁਖਵਿੰਦਰ ਸਿੰਘ ਕਾਹਲੋਂ**
**ਮੋਬਾ. 9592418152**

ਹੋਲਾ ਮਹੱਲਾ ਖਾਲਸੇ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਕੌਮੀ ਜੋੜ ਮੇਲਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ, ਅਣਖ ਅਤੇ ਉਤਸ਼ਾਹ ਪੈਦਾ ਕਰਨ ਲਈ ਹੋਲੀ ਦੇ ਪਰੰਪਰਾਗਤ ਰੂਪ ਨੂੰ ਅਪ੍ਰਵਾਨ ਕਰਦਿਆਂ ਅਨੰਦਪੁਰ ਸਾਹਿਬ ਦੇ ਕਿਲ੍ਹੇ 'ਹੋਲਗੜ੍ਹ' ਦੇ ਸਥਾਨ ਉੱਤੇ ਚੇਤ ਵਦੀ ਏਕਮ ਸੰਮਤ 1757 (1700 ਈਸਵੀ) ਨੂੰ ਹੋਲੀ



**ਨਿਹੰਗ ਸਿੰਘ ਦੋ ਘੋੜਿਆਂ 'ਤੇ ਸਵਾਰ**

ਨੂੰ ਹੋਲੇ ਮਹੱਲੇ ਦੇ ਰੂਪ ਵਿਚ ਮਨਾਉਣ ਦੀ ਰੀਤ ਚਲਾਈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ ਸਿਰਜਣਾ ਤੋਂ ਤੁਰੰਤ ਬਾਅਦ ਹੋਲੇ ਮਹੱਲੇ ਨੂੰ ਸੁਤੰਤਰ ਸਿੱਖ ਸੋਚ ਅਨੁਸਾਰ ਮਨਾਉਣ ਦਾ ਆਰੰਭ ਕੀਤਾ ਤਾਂ ਜੋ ਖ਼ਾਲਸਾ ਆਪਣੀ ਵਿਲੱਖਣ ਅਤੇ ਸੁਤੰਤਰ ਹੋਂਦ ਅਨੁਸਾਰ ਆਪਣਾ ਤਿਉਹਾਰ ਮਨਾ ਕੇ ਆਪਣੇ ਨਿਆਰੇਪਣ ਦਾ ਪ੍ਰਗਟਾਵਾ ਕਰ ਸਕੇ।



'ਹੋਲਾ' ਅਰਬੀ ਭਾਸ਼ਾ ਦੇ ਸ਼ਬਦ 'ਹੂਲ' ਤੋਂ ਬਣਿਆ ਹੈ ਜਿਸ ਦਾ ਅਰਥ ਭਲੇ ਕੰਮ ਲਈ ਜੂਝਣਾ, ਸੀਸ ਤਲੀ ਉੱਤੇ ਧਰ ਕੇ ਲੜਨਾ, ਤਲਵਾਰ ਦੀ ਧਾਰ ਉੱਤੇ ਚੱਲਣਾ ਕੀਤੇ ਗਏ ਹਨ। 'ਮਹੱਲਾ' ਸ਼ਬਦ ਦੇ ਅਰਥ ਹਨ ਉਹ ਅਸਥਾਨ ਜਿੱਥੇ 'ਫ਼ਤਿਹ' ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਹੋਲੇ' ਦੇ ਅਰਥ ਹਮਲਾ ਜਾਂ ਹੱਲਾ ਕਰਨਾ ਹੈ।

ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਡਾ. ਵਣਜਾਰਾ ਬੇਦੀ) ਅਨੁਸਾਰ, 'ਮਹੱਲਾ' ਅਰਬੀ ਭਾਸ਼ਾ ਦੇ ਸ਼ਬਦ 'ਮਹੋਲਵੋ' ਦਾ ਤਦਭਵ ਹੈ, ਜਿਸ ਦਾ ਭਾਵ ਉਸ ਸਥਾਨ ਤੋਂ ਹੈ ਜਿੱਥੇ 'ਫ਼ਤਿਹ' ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ।

ਦਸਮ ਪਾਤਸ਼ਾਹ ਹੋਲੇ ਮਹੱਲੇ ਵਾਲੇ ਦਿਨ ਖ਼ਾਲਸੇ ਨੂੰ ਦੋ ਦਲਾਂ ਵਿੱਚ ਵੰਡ ਕੇ ਉਨ੍ਹਾਂ ਵਿਚਕਾਰ ਨਕਲੀ ਮੁਕਾਬਲਾ ਕਰਵਾਇਆ ਕਰਦੇ ਸਨ। ਇੱਕ ਦਲ ਨਿਸ਼ਚਿਤ ਸਥਾਨ ਉਤੇ ਕਾਬਜ਼ ਹੋ ਜਾਂਦਾ ਹੈ ਤੇ ਦੂਜਾ ਉਸ ਉੱਤੇ ਹਮਲਾ ਕਰਕੇ ਉਸ ਸਥਾਨ ਨੂੰ ਖੋਹਣ ਦਾ ਯਤਨ ਕਰਦਾ। ਇਸ ਸਮੇਂ ਯੁੱਧ ਦੇ ਨਗਾਰੇ ਵੱਜਦੇ, ਹਥਿਆਰਾਂ ਦਾ ਟਕਰਾਓ ਹੁੰਦਾ, ਜੈਕਾਰੇ ਗੂੰਜਦੇ ਅਤੇ ਫ਼ਤਹਿ ਦੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ। ਜਿਹੜਾ ਦਲ ਜਿੱਤ ਪ੍ਰਾਪਤ ਕਰਦਾ ਉਸ ਨੂੰ ਗੁਰੂ ਸਾਹਿਬ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਕਰਦੇ। ਫਿਰ ਉੱਥੇ ਹੀ ਦਰਬਾਰ ਸੱਜਦਾ ਅਤੇ ਸ਼ਸਤਰਧਾਰੀ ਸਿੰਘ ਆਹਮੋ-ਸਾਹਮਣੇ ਆਪਣੇ ਕਰਤੱਵ ਵਿਖਾਉਂਦੇ। ਹੋਲੇ ਮਹੱਲੇ ਦੀ ਅਲੌਕਿਕ ਮਹਿਮਾ ਦਾ ਵਰਣਨ ਕਰਦਿਆਂ ਕਵੀ ਸੁਮੇਰ ਸਿੰਘ ਲਿਖਦੇ ਹਨ:

ਔਰਨ ਕੀ ਹੋਲੀ ਮਮ ਹੋਲਾ। ਕਹਯੋ ਕ੍ਰਿਪਾਨਿਧ ਬਚਨ ਅਮੋਲਾ।

ਹਰ ਤਿਉਹਾਰ ਦੇ ਪਿਛੋਕੜ ਵਿਚ ਕੋਈ ਨਾ ਕੋਈ ਇਤਿਹਾਸਕ ਘਟਨਾ ਜਾਂ ਮਿੱਥ ਜ਼ਰੂਰ ਹੁੰਦੀ ਹੈ। ਕੁਝ ਵਿਦਵਾਨ ਹੋਲੀ ਦਾ ਆਰੰਭ ਸ੍ਰੀ ਕ੍ਰਿਸ਼ਨ ਦੀ ਗੋਪੀਆਂ ਨਾਲ ਪ੍ਰੇਮ-ਕੀੜਾ ਤੋਂ ਮੰਨਦੇ ਹਨ, ਜਿਸ ਵਿਚ ਗੁਲਾਲ ਅਤੇ ਰੰਗ ਨੂੰ ਪੂਰਨ ਉਲਾਸ ਨਾਲ ਇੱਕ ਦੂਜੇ ਉੱਤੇ ਪਾਇਆ ਜਾਂਦਾ ਹੈ। ਹੋਲੀ ਬਾਰੇ ਇਕ ਪ੍ਰਸੰਗ ਇਹ ਵੀ ਹੈ ਕਿ ਹਰਨਾਖਸ਼ ਇਕ ਬਹੁਤ ਹੰਕਾਰੀ ਰਾਜਾ ਸੀ ਅਤੇ ਆਪਣੇ ਆਪ ਨੂੰ ਸਰਬ-ਸ਼ਕਤੀਮਾਨ ਪ੍ਰਮਾਤਮਾ ਅਖਵਾਉਂਦਾ ਸੀ। ਪਰ ਉਸ ਦਾ ਪੁੱਤਰ ਪ੍ਰਹਿਲਾਦ ਪ੍ਰਮਾਤਮਾ ਦਾ ਭਗਤ ਹੋਣ ਕਾਰਨ ਉਸ

ਨੂੰ ਰੱਬ ਮੰਨਣ ਤੋਂ ਮੁਨਕਰ ਸੀ। ਪੁੱਤਰ ਦੀ ਇਸ ਗੱਲ ਤੋਂ ਨਿਰਾਸ਼ ਅਭਿਮਾਨੀ ਬਾਪ ਨੇ ਆਪਣੀ ਭੈਣ ਹੋਲਿਕਾ (ਜਿਸ ਨੂੰ ਅੱਗ ਵਿੱਚ ਨਾ ਸੜਨ ਦਾ ਵਰ ਪ੍ਰਾਪਤ ਸੀ ) ਦੀ ਹਦਾਇਤ ਨਾਲ ਪੁੱਤਰ ਨੂੰ ਅੱਗ ਵਿੱਚ ਸਾੜਨਾ ਚਾਹਿਆ। ਪਰ ਵਰ ਸਰਾਪ ਸਾਬਤ ਹੋਇਆ ਤੇ ਹੋਲਿਕਾ ਸੜ ਗਈ ਤੇ ਪ੍ਰਹਿਲਾਦ ਬਚ ਗਿਆ। ਅੰਤ ਭਗਵਾਨ ਨਰਸਿੰਘ ਰੂਪ ਵਿਚ ਪ੍ਰਗਟ ਹੋਏ ਅਤੇ ਹਰਨਾਖਸ਼ ਨੂੰ ਤੇਜ਼ ਨਹੁੰਆਂ ਨਾਲ ਚੀਰ ਦਿੱਤਾ। ਜ਼ਾਲਮ ਤੇ ਹੰਕਾਰੀ ਬਾਦਸ਼ਾਹ ਦਾ ਅੰਤ ਹੋਇਆ ਤੇ ਲੋਕਾਂ ਨੇ ਸੁੱਖ ਦਾ ਸਾਹ ਲਿਆ। ਇਸ ਤਰ੍ਹਾਂ ਹੋਲਿਕਾ ਦਹਨ ਦੀ ਰਸਮ ਚੱਲ ਪਈ ਤੇ ਲੋਕਾਂ ਨੇ ਹੋਲੀ ਮਨਾਉਣੀ ਸ਼ੁਰੂ ਕਰ ਦਿੱਤੀ। ਜੇਕਰ ਸਾਰਾ ਭਾਰਤ ਹੋਲੀ ਨੂੰ ਹੋਲਿਕਾ ਦੀ ਯਾਦ ਵਿੱਚ ਸੁਗੰਧ, ਰੰਗ ਆਦਿ ਦੀ ਵਰਤੋਂ ਰਾਹੀਂ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ ਤਾਂ ਉਸ ਦੇ ਸਮਾਨੰਤਰ ਖ਼ਾਲਸਾ ਹੋਲੀ ਦੇ ਪਰੰਪਰਾਗਤ ਰੂਪ ਦੀ ਥਾਂ ਹੋਲਾ ਮਹੱਲਾ ਮਨਾਉਣ ਵਿੱਚ ਗੌਰਵ ਸਮਝਦਾ ਹੈ।

ਅਜੋਕੇ ਸਮੇਂ ਹੋਲਾ ਮਹਲਾ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਦੂਰੋਂ-ਦੂਰੋਂ ਸੰਗਤਾਂ ਗੁਰੂ ਘਰ ਨਤਮਸਤਕ ਹੁੰਦੀਆਂ ਹਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਰੂਪ ਵਿਚ ਖਾਲਸੇ ਦਾ ਭਾਰੀ ਇਕੱਠ ਹੁੰਦਾ ਹੈ ਅਤੇ ਜਲੂਸ ਦੇ ਰੂਪ ਵਿਚ ਹਰ ਸਾਲ 'ਮਹੱਲਾ ਕੱਢਿਆ ਜਾਂਦਾ ਹੈ। ਇਸ ਦਿਨ ਪੰਜ ਪਿਆਰੇ ਅਰਦਾਸ ਕਰਕੇ ਅਨੰਦਗੜ੍ਹ ਤੋਂ ਨਿਸ਼ਾਨ ਸਾਹਿਬ ਲੈ ਕੇ ਜਲੂਸ ਦੇ ਰੂਪ ਵਿਚ ਚੜ੍ਹਦੇ ਹਨ। ਨਿਹੰਗ ਸਿੰਘ ਘੋੜਿਆਂ ਉੱਤੇ ਸਵਾਰ ਹੋ ਕੇ ਸ਼ਸ਼ਤਰ ਧਾਰਨ ਕਰ ਕੇ ਇਸ ਜਲੂਸ ਵਿਚ ਸ਼ਾਮਿਲ ਹੁੰਦੇ ਹਨ। ਨਗਾਰੇ ਉੱਤੇ ਚੋਟ ਪੈਣ 'ਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਆਕਾਸ਼ ਜੈ ਕਾਰੇ ਗੂੰਜਦੇ ਛੱਡੇ ਜਾਂਦੇ ਹਨ। ਇਹ ਭਾਰੀ ਜਲੂਸ ਅਨੰਦਗੜ੍ਹ ਤੋਂ ਮਾਤਾ ਜੀਤੋ ਜੀ ਦੇ ਦਹੁਰੇ ਅਤੇ ਫਿਰ ਹੋਲਗੜ੍ਹ ਤੇ ਉਸ ਤੋਂ ਬਾਅਦ ਚਰਨ ਗੰਗਾ ਸਟੇਡੀਅਮ ਵਿਚ ਪੁੱਜਦਾ ਹੈ। ਇੱਥੇ ਖ਼ਾਲਸੇ ਦੀ ਫ਼ੌਜ ਆਪਣੇ ਜੰਗੀ ਕਰਤੱਵ ਦਿਖਾਉਂਦੀ ਹੈ। ਇਸ ਉਤਸਵ ਵਿਚ ਬਦੇਸਾਂ ਤੋਂ ਵੀ ਖਾਲਸਈ-ਸੰਗਤਾਂ ਪੁੱਜਦੀਆਂ ਹਨ। ਗਤਕੇ ਦੇ ਵੱਖ-ਵੱਖ ਕਰਤਵ ਬਹੁਤ ਫੁਰਤੀ ਨਾਲ ਪੇਸ਼ ਕੀਤੇ ਜਾਂਦੇ ਹਨ। ਨਿਹੰਗ ਸਿੰਘ ਘੋੜਿਆਂ 'ਤੇ ਸੁਆਰ ਹੋ ਆਪਣੀ ਕਲਾ ਦਾ ਅਦਭੁੱਤ ਦ੍ਰਿਸ਼ ਪੇਸ਼ ਕਰ ਕੇ ਦਰਸ਼ਕਾਂ ਨੂੰ ਨਿਹਾਲ ਕਰਦੇ ਹਨ।



ਅਸ਼ਤਰਾਂ-ਸਾਸ਼ਤਰਾਂ ਦਾ ਜਲੌਅ ਵੇਖਣ ਯੋਗ ਹੁੰਦਾ ਹੈ। ਨਿਹੰਗ ਸਿੰਘਾਂ ਦੇ ਸਜਾਏ ਦੁਮਾਲੇ ਹਰ ਇੱਕ ਨੂੰ ਅਚੰਭਤ ਕਰਦੇ ਹਨ। ਠਾਠਾਂ ਮਾਰਦਾ ਇਹ ਹੋਲੇ ਮਹਲੇ ਦਾ ਸਮੁੰਦਰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤ ਨੂੰ ਖਾਲਸਾਈ ਰੰਗ 'ਚ ਰੰਗਾ ਦਿੰਦਾ ਹੈ । ਗੁਰੂ ਕਾ ਲੰਗਰ ਵੰਨ-ਸਵੰਨਤਾ ਦੇ ਪਕਵਾਨਾਂ ਨਾਲ ਆਪਣੀ ਮਹਿਮਾ ਖਿਲਾਰ ਰਿਹਾ ਹੁੰਦਾ। ਹੋਲੇ -ਮਹੱਲੇ ਮੌਕੇ ਭਾਵੇਂ ਰੰਗਾਂ ਦਾ ਛਿੜਕਾਅ ਵੀ ਹੁੰਦਾ ਹੈ ਪਰ ਇਸ ਦਾ ਵਿਸ਼ੇਸ਼ ਚਮਤਕਾਰ ਸ਼ਸਤਰ ਵਿੱਦਿਆ ਦੇ ਪ੍ਰਦਰਸ਼ਨ ਵਿੱਚ ਵੇਖਿਆ ਜਾ ਸਕਦਾ ਹੈ। ਬਾਅਦ ਦੁਪਹਿਰ ਇਹ ਜਲੂਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲ ਚਲਦਾ ਹੈ ਅਤੇ ਉੱਥੇ ਪੁੱਜ ਕੇ ਮਹੱਲੇ ਦੀ ਸਮਾਪਤੀ ਉਪਰੰਤ ਅਰਦਾਸ ਕੀਤੀ ਜਾਂਦੀ ਹੈ। ਹੋਲੇ ਮਹੱਲੇ ਮੌਕੇ ਧਾਰਮਿਕ ਦੀਵਾਨ ਵੀ ਸੱਜਦੇ ਹਨ, ਜਿੱਥੇ ਗੁਰਬਾਣੀ ਦਾ ਰਹੱਸਮਈ ਤੇ ਬੀਰਰਸੀ ਕੀਰਤਨ ਕੀਤਾ ਜਾਂਦਾ ਹੈ।

ਵਰਤਮਾਨ ਸਮੇਂ ਲੋਕ ਮਨਾਂ ਨੂੰ ਆਲਮੀ ਅਲਾਮਤਾਂ ਤੋਂ ਨਿਰਲੇਪ ਰੱਖਣ ਅਤੇ ਚੇਤਨਾ ਪੈਦਾ ਕਰਨ ਲਈ ਹੋਲੇ ਮਹੱਲੇ ਦੀ ਮੂਲ ਭਾਵਨਾ ਨੂੰ ਉਜਾਗਰ ਕਰਨ ਦੀ ਬਹੁਤ ਲੋੜ ਹੈ। ਇਸ ਨਾਲ ਲੋਕ ਮਨਾਂ ਅੰਦਰ ਹੱਕ-ਸੱਚ ਲਈ ਲੜਨ ਦਾ ਜਜ਼ਬਾ, ਉਤਸਾਹ ਤੇ ਚੜ੍ਹਦੀ ਕਲਾ ਦੀ ਭਾਵਨਾ ਪੈਦਾ ਹੋਵੇਗੀ।

* * * *


## ਖੰਡ - ਚਾਰ

ਪੁਆਧ ਦੇ ਪ੍ਰਮੁੱਖ ਪਿੰਡ/ਕਸਬੇ ਤੇ ਸ਼ਹਿਰ
(ਸਰਵੇਖਣ ਝਲਕ)



# ਅਜ਼ਾਦੀ ਘੁਲਾਟੀਏ ਦਾ ਪਿੰਡ ਸਹੌੜਾਂ

**- ਜੀਵਨ ਸਿੰਘ**
**ਮੋਬਾ. 978123542**


**ਗਿ. ਰਤਨ ਸਿੰਘ ਸਹੌੜਾਂ ਵਾਲਾ**

ਚੰਡੀਗੜ੍ਹ ਨੂੰ ਰੋਪੜ ਨਵਾਂ ਸ਼ਹਿਰ ਰਾਹੀਂ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਜੋੜਦੇ ਕੌਮੀ ਸ਼ਾਹ ਮਾਰਗ 205 'ਤੇ ਸਥਿੱਤ ਪਿੰਡ ਸਹੌੜਾਂ ਖਰੜ ਤੋਂ 6 ਕਿਲੋਮੀਟਰ ਦੀ ਦੂਰੀ ਤੋਂ ਖੱਬੇ ਹੱਥ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦਾ ਘੁੱਗ ਵਸਦਾ ਪਿੰਡ ਹੈ। ਤਕਰੀਬਨ ਇੱਕ ਹਜ਼ਾਰ ਸਾਲ ਪੁਰਾਣੇ ਇਸ ਪਿੰਡ ਦੇ ਇਥੇ ਵੱਸਣ ਸਬੰਧੀ ਭਾਵੇਂ ਕੋਈ ਖ਼ਾਸ ਸਬੂਤ ਨਹੀਂ ਮਿਲਦੇ ਪਰੰਤੂ ਪਿੰਡ ਦੇ ਬਜ਼ੁਰਗਾਂ ਦਾ ਖ਼ਿਆਲ ਹੈ ਕਿ ਕਿਸੇ ਜਾਗੋ ਨਾਂ ਦੇ ਬੰਦੇ ਨੇ ਇਸ ਪਿੰਡ ਦੀ ਮੋਹੜੀ ਗੱਡੀ, ਜਿਸ ਦੇ ਨਾਂ ਤੇ ਪਿੰਡ ਵਿੱਚ ਜਾਗੋਆਣਾਂ ਟੋਭਾ ਮਿਲਦਾ ਹੈ। ਇਹ ਟੋਭਾ ਕਿਸੇ ਸਮੇਂ ਪਿੰਡ ਦੀ ਜਿੰਦਜਾਨ ਹੋਇਆ ਕਰਦਾ ਸੀ। ਇਸ ਦੇ ਨਿਰਮਲ ਪਾਣੀ ਨੂੰ ਇਸ਼ਨਾਨ ਕਰਨ, ਕੱਪੜੇ ਧੋਣ, ਡੰਗਰਾਂ ਨੂੰ ਪਿਲਾਉਣ ਅਤੇ ਨੁਹਾਉਣ ਲਈ ਵਰਤਿਆ ਜਾਂਦਾ ਸੀ। ਇਸ ਦੇ ਕੰਢੇ 'ਤੇ ਘਾਟ ਬਣਿਆ ਹੋਇਆ ਸੀ। ਸਮੇਂ ਦੇ ਬੀਤਣ ਨਾਲ ਇਹ ਟੋਭਾ ਹੁਣ ਆਪਣੀ ਹੋਂਦ ਗੁਆ ਚੁਕਾ ਹੈ। ਪੁਰਾਣੇ ਤਿੰਨ ਖੂਹਾਂ ਨੂੰ ਸੰਭਾਲ ਕੇ ਰੱਖਿਆ ਗਿਆ ਹੈ, ਭਾਵੇਂ ਪਾਣੀ ਦੀ ਵਰਤੋਂ ਨਹੀਂ ਰਹੀ।

ਕੋਈ ਪੰਜ ਕੁ ਹਜ਼ਾਰ ਵੱਸੋਂ ਵਾਲੇ ਇਸ ਪਿੰਡ ਦਾ ਰਕਬਾ ਤਕਰੀਬਨ 8000 ਬਿੱਘੇ ਹੈ। ਇਸ ਦਾ ਬੰਨਾਂ ਦੱਸ ਪਿੰਡਾਂ ਨਾਲ ਲਗਦਾ ਹੈ। ਇਸ ਸਮੇਂ ਪਿੰਡ ਵਿਚ ਪੰਜ ਨੰਬਰਦਾਰ ਹਨ। ਪਿੰਡ ਦੇ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਹੈ। ਬਹੁਤ ਸਾਰੇ ਜ਼ਿਮੀਦਾਰ ਸਬਜ਼ੀਆਂ ਲਾਉਣ ਦਾ ਕੰਮ ਕਰਕੇ ਵਧੀਆ ਕਮਾਈ ਕਰ ਰਹੇ ਹਨ। ਬਹੁਤ ਸਾਰੇ ਵਸਨੀਕ ਸਰਕਾਰੀ ਤੇ ਪ੍ਰਾਈਵੇਟ ਮੁਲਾਜ਼ਮਤ ਵਿਚ ਵੀ ਹਨ। ਪਿੰਡ ਵਿੱਚ ਚਾਰ ਮੁੱਖ ਪੱਤੀਆਂ, ਝਿੰਗੜ ਪੱਤੀ, ਮਾਵੀ ਪੱਤੀ, ਸੈਣੀ ਪੱਤੀ

ਅਤੇ ਅਨੁਸੂਚਿਤ ਜਾਤੀ ਦੀ ਪੱਤੀ। ਪਿੰਡ ਵਿੱਚ ਮੁੱਖ ਤੌਰ ਤੇ ਗਿੱਲ, ਮਾਵੀ, ਧਾਲੀਵਾਲ, ਧੌਣ, ਮਾਨ, ਜੰਡੌਰੀਆ, ਬਨਵੈਤ ਅਤੇ ਚੇਪੜ੍ਹ ਗੋਤ ਦੇ ਜ਼ਿਮੀਦਾਰ ਵਸਦੇ ਹਨ। ਬਹੁਤ ਸਾਰੇ ਲੋਕ ਜ਼ਮੀਨ ਦੀ ਖਰੀਦੋ ਫਰੋਖਤ ਵਿੱਚ ਕੰਮ ਕਰ ਰਹੇ ਹਨ। ਪਿੰਡ ਵਿੱਚ ਹਰ ਤਰ੍ਹਾਂ ਦੀਆਂ ਦੁਕਾਨਾਂ ਹਨ ਜਿੱਥੋਂ ਹਰ ਤਰ੍ਹਾਂ ਦਾ ਸਮਾਨ ਪ੍ਰਾਪਤ ਹੋ ਜਾਂਦਾ ਹੈ। ਅਵਤਾਰ ਸਿੰਘ ਦੀ ਖਾਲਸਾ ਬੇਕਰੀ ਤੋਂ ਬਣਾਏ ਬਿਸਕੁਟ ਵਿਦੇਸ਼ਾਂ ਤੱਕ ਭੇਜੇ ਜਾਂਦੇ ਹਨ। ਮੇਨ ਰੋਡ 'ਤੇ ਬੱਸ ਸਟੈਂਡ ਨੇੜੇ ਤਾਂ ਪੂਰਾ ਬਾਜ਼ਾਰ ਬਣ ਚੁੱਕਾ ਹੈ।

ਪਿੰਡ ਦੇ ਮਸ਼ਹੂਰ ਬੰਦਿਆਂ ਵਿੱਚ ਜੱਥੇਦਾਰ ਚੰਨਣ ਸਿੰਘ ਮਾਵੀ, ਹਜ਼ੂਰਾ ਸਿੰਘ ਸਰਪੰਚ, ਨਿੱਕਾ ਸਿੰਘ, ਸੱਦਾ ਸਿੰਘ, ਜੋਗਿੰਦਰ ਸਿੰਘ ਭੂਰੂ, ਨੰਬਰਦਾਰ ਨਿੱਕਾ ਸਿੰਘ ਧਾਲੀਵਾਲ, ਹੈਡਮਾਸਟਰ ਸ਼ਾਮ ਸਿੰਘ, ਜਮਾਂਦਾਰ ਉੱਤਮ ਸਿੰਘ, ਦਰੋਗਾ ਗੁਰਬਖਸ਼ ਸਿੰਘ, ਮਾਸਟਰ ਗੁਰਦਿਤ ਸਿੰਘ, ਸੁਕੈਰਡਨ ਲੀਡਰ ਨਿਰਮਲ ਸਿੰਘ, ਰਜਿੰਦਰ ਸਿੰਘ ਐਕਸੀਅਨ, ਮੱਖਣ ਸਿੰਘ ਪੰਚਾਇਤ ਅਫ਼ਸਰ, ਡਾਕਟਰ  ਸੁਰਿੰਦਰ ਸਿੰਘ, ਜੰਗਲਾਤ ਅਫ਼ਸਰ ਪਿਆਰਾ ਸਿੰਘ ਆਦਿ ਹੋਏ ਹਨ। ਇੰਸਪੈਕਟਰ ਹਰਬੰਸ ਸਿੰਘ ਮਾਵੀ, ਥਾਣੇਦਾਰ ਅਜੀਤ ਸਿੰਘ, ਥਾਣੇਦਾਰ ਭਾਗ ਸਿੰਘ ਨੇ ਪੁਲਿਸ ਵਿੱਚ ਸੇਵਾ ਕੀਤੀ। ਸ. ਜਗਤ ਸਿੰਘ ਮਾਵੀ ਕਲਕੱਤੇ ਵਾਲੇ ਪਿੰਡ ਦੇ ਵੱਡੇ ਦਾਨੀ ਪੁਰਸ਼ ਹੋਏ ਹਨ ਜਿਨ੍ਹਾਂ ਨੇ ਹਰੀਜਨ ਪੱਟੀ ਦੀ ਧਰਮਸ਼ਾਲਾ ਬਣਵਾਈ ਅਤੇ ਹੋਰ ਵੀ ਲੋਕ ਭਲਾਈ ਦੇ ਕੰਮ ਕੀਤੇ। ਲਾਲਾ ਕੇਵਲ ਰਾਮ ਜੀ ਕਸੌਲੀ ਵਾਲਿਆਂ ਨੇ ਆਪਣੇ ਪਿਤਾ ਸਾਲਿਗ ਰਾਮ ਦੀ ਯਾਦ ਵਿੱਚ ਬਹੁਤ ਹੀ ਵਧੀਆ ਧਰਮਸ਼ਾਲਾ 1925 ਵਿੱਚ ਬਣਵਾਈ। ਜਿਸ ਨੂੰ ਬਾਣੀਆਂ ਦੀ ਧਰਮਸ਼ਾਲਾ ਕਿਹਾ ਜਾਂਦਾ ਹੈ। 2006 ਵਿੱਚ ਮਾਸਟਰ ਕਿਰਪਾਲ ਸਿੰਘ ਸਰਪੰਚ ਦੀ ਅਗਵਾਈ ਵਿੱਚ ਇਸ ਨੂੰ ਹੋਰ ਵੀ ਵਧੀਆ ਬਣਾ ਦਿੱਤਾ ਗਿਆ। ਬੰਸਲ ਪਰਿਵਾਰ ਵਿੱਚੋਂ ਲਾਲਾ ਹਰਗੁਲਾਲ ਨੇ ਆਪਣੇ ਸਮੇਂ ਵਿੱਚ ਥਾਣੇਦਾਰ ਲਾਭ ਸਿੰਘ ਜੋ ਕਿ 10 ਸਾਲ ਪਿੰਡ ਦੇ ਸਰਪੰਚ ਰਹੇ, ਨਾਲ ਮਿਲ ਕੇ ਪਿੰਡ ਦੀ ਤਰੱਕੀ ਵਿੱਚ ਵੱਡਾ ਹਿੱਸਾ ਪਾਇਆ। ਵਿਦਵਾਨ ਗਿਆਨੀ ਰਵੀ ਦਰਸ਼ਨ ਸਿੰਘ ਨੇ ਵੀ ਆਪਣੇ ਸਮੇਂ ਵਿੱਚ ਪਿੰਡ ਵਿੱਚ ਬਹੁਤ ਸੇਵਾ ਕੀਤੀ। ਬੀਬੀ ਨਸੀਬ ਕੌਰ ਪਤਨੀ ਮਾਸਟਰ ਕਿਰਪਾਲ ਸਿੰਘ ਮੈਂਬਰ ਪੰਚਾਇਤ ਸੰਮਤੀ ਰਹੇ। ਬੀਬੀ ਚਰਨਜੀਤ ਕੌਰ, ਪੰਚਾਇਤ ਸੰਮਤੀ ਖਰੜ ਦੀ ਵਾਇਸ ਚੈਅਰਮੈਨ ਰਹੇ ਅਤੇ ਮੌਜੂਦਾ ਸਮੇਂ ਬੀਬੀ ਦਵਿੰਦਰ ਕੌਰ ਸੰਮਤੀ ਦੀ ਮੈਂਬਰ ਹੈ। ਸੁਰਿੰਦਰ



ਪਾਲ ਸਿੰਘ ਬੀ.ਐਸ.ਪੀ. ਦਾ ਜ਼ਿਲ੍ਹਾ ਪ੍ਰਧਾਨ ਹੈ। ਮਸ਼ਹੂਰ ਪੌਪ ਸਿੰਗਰ ਦਲੇਰ ਮਹਿੰਦੀ ਅਤੇ ਮੀਕਾ ਸਿੰਘ ਮੂਲ ਤੌਰ ਤੇ ਪਿੰਡ ਸਹੌੜਾਂ ਦੇ ਹੀ ਵਸਿੰਦੇ ਹਨ। ਧਰਮ ਸਿੰਘ ਮਰਚੈਂਟ ਨੇਵੀ ਵਿੱਚ ਇੰਜੀਨਿਅਰ, ਤਾਰਾ ਸਿੰਘ ਏਅਰ ਫੋਰਸ ਵਿੱਚ ਗਰੁੱਪ ਕਮਾਂਡਰ ਰਹੇ। ਇਸੇ ਤਰ੍ਹਾਂ ਡਾ. ਪ੍ਰੀਤਮ ਸਿੰਘ, ਬੀਬੀ ਦੀਦਾਰ ਜੀਤ ਕੌਰ, ਨਵਨੀਤ ਕੌਰ, ਬੀਬੀ ਸਿਮਰਜੀਤ ਕੌਰ ਅਮਰੀਕਾ ਵਿੱਚ ਡਾਕਟਰ ਹਨ। ਸ੍ਰੀ ਬਰਿੰਦਰ ਕੁਮਾਰ ਬਾਂਸਲ, ਸੌਰਵ ਬਾਂਸਲ, ਹਰਸਿਮਰਨ ਸਿੰਘ, ਇੰਦਰਜੀਤ ਸਿੰਘ ਨੇ ਇੰਜੀਨਿਅਰ ਵਜੋਂ ਅਤੇ ਗੁਰਦੀਪ ਸਿੰਘ ਗਿੱਲ, ਨਰਵੇਦਨ ਸਿੰਘ ਗਿੱਲ, ਡਾ. ਬਲਵਿੰਦਰ ਸਿੰਘ, ਬੀਬੀ ਨਿਸ਼ੀ ਕਾਂਤ, ਜਗਜੀਤ ਸਿੰਘ, ਦਿਲਬਾਗ ਸਿੰਘ, ਜਸਵੰਤ ਸਿੰਘ ਬੈਂਕ ਮਨੇਜਰ ਰਹੇ। ਗਿਆਨੀ ਜਸਵੰਤ ਸਿੰਘ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਰਹੇ। ਇਨ੍ਹਾਂ ਸਾਰਿਆਂ ਨੇ ਪਿੰਡ ਦਾ ਨਾਮ ਚਮਕਾਇਆ ।ਸ੍ਰੀ ਮਾਨ ਗਿਆਨੀ ਇੰਦਰਜੀਤ ਸਿੰਘ ਰਕਬੇ ਵਾਲਿਆਂ ਨੇ ਇਸ ਪਿੰਡ ਵਿਚ ਵੱਸ ਕੇ ਪਿੰਡ ਦੀ ਸ਼ਾਨ ਵਧਾਈ ਹੈ। ਇਹਨਾਂ ਨੇ ਮਾਤਾ ਰਾਜ ਕੌਰ ਦੇ ਅਸਥਾਨ ਦੀ ਕਾਰ ਸੇਵਾ ਵੀ ਕਰਵਾਈ। ਗੁਰਮਤਿ ਦੇ ਖੋਜੀ ਦੇਸ਼ ਵਿਦੇਸ਼ ਤੋਂ ਪਿੰਡ ਸਹੌੜਾਂ ਵਿਖੇ ਉਹਨਾਂ ਕੋਲ ਪੁੱਜਦੇ ਰਹਿੰਦੇ ਹਨ। ਗਿਆਨੀ ਗੁਰਨਾਮ ਸਿੰਘ ਨੇ ਵੀ ਮਾਵੀ ਪੱਤੀ ਦੇ ਗੁਰਦੁਆਰਾ ਸਾਹਿਬ ਵਿੱਚ ਲੰਬਾ ਸਮਾਂ ਨਿਸ਼ਕਾਮ ਸੇਵਾ ਕੀਤੀ। ਚਰਨ ਸਿੰਘ ਮਾਵੀ ਨਿਸ਼ਕਾਮ ਸਮਾਜ ਸੇਵਾ ਲਈ ਹਰ ਸਮੇਂ ਤੱਤਪਰ ਰਹਿੰਦੇ ਹਨ।

ਦੇਸ਼ ਦੀ ਅਜ਼ਾਦੀ ਲਹਿਰ ਵਿੱਚ ਪਿੰਡ ਦਾ ਉੱਘਾ ਰੋਲ ਹੈ। ਜਿਨ੍ਹਾਂ ਵਿਚ ਵਿਦਵਾਨ-ਲੇਖਕ ਗਿਆਨੀ ਰਤਨ ਸਿੰਘ ਸਹੌੜਾਂ ਵਾਲਾ ਨੇ ਪਹਿਲਾਂ ਕਿਰਪਾਨ ਮੋਰਚੇ ਵਿੱਚ ਫੌਜ ਦੀ ਨੌਕਰੀ ਛੱਡੀ, ਤਸੀਹੇ ਝੱਲੇ ਅਤੇ ਮਹਾਤਮਾ ਗਾਂਧੀ ਵੱਲੋਂ ਚਲਾਈ ਨਾ-ਮਿਲ-ਵਰਤਨ ਲਹਿਰ ਵਿਚ ਕੈਦ ਕੱਟੀ, ਆਪਣੇ ਸਾਥੀਆਂ ਭਾਈ ਭੂਪ ਸਿੰਘ ਅਤੇ ਭਾਈ ਦਲੀਪ ਸਿੰਘ ਗਿੱਲ ਸਮੇਤ ਜੈਤੋਂ ਦੇ ਮੋਰਚੇ ਵਿੱਚ ਹਿੱਸਾ ਲਿਆ।

ਆਪ ਜੀ ਨੂੰ ਭਾਰਤ ਦੇ ਦੋ ਪ੍ਰਧਾਨ ਮੰਤਰੀਆਂ ਵਲੋਂ ਤਾਮਰ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਆਪ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਮੈਂਬਰ ਵੀ ਰਹੇ। ਪੁਆਧੀ ਪੰਜਾਬੀ ਸੱਥ ਮੋਹਾਲੀ ਵਲੋਂ ਉਨ੍ਹਾਂ ਦੇ ਨਾਮ ਤੇ ਸਾਲਾਨਾ ਯਾਦਗਾਰੀ ਪੁਰਸਕਾਰ ਜਾਰੀ ਕੀਤਾ ਜਾਂਦਾ ਹੈ। ਆਪ ਦੀਆਂ ਦੋ ਗੁਰਮਤਿ ਸਾਹਿਤ ਨਾਲ ਸਬੰਧਤ ਪੁਸਤਕਾਂ 'ਨਿਰਾਲੀ ਚਮਕ'

ਅਤੇ 'ਨੂਰੀ ਦਰ ਦਾ ਰਹੱਸ' ਛਪ ਚੁਕੀਆਂ ਹਨ। ਸੁਭਾਸ਼ ਚੰਦਰ ਬੋਸ ਦੀ ਆਈ. ਐਨ. ਏ. ਵਿਚ ਵੀ ਬਹੁਤ ਸਾਰੇ ਲੋਕਾਂ ਨੇ ਹਿੱਸਾ ਪਾਇਆ। ਪੰਜਾਬੀ ਦੇ ਉੱਘੀ ਲੇਖਿਕਾ ਬਚਿੰਤ ਕੌਰ (ਦਿੱਲੀ) ਦਾ ਸਹੁਰਾ ਪਿੰਡ ਸਹੌੜਾਂ ਹੀ ਸੀ। ਉਹ ਲਿਖਦੀ ਹੈ ਕਿ ਆਪਣੀ ਸੱਸ ਦਾ ਘੱਗਰਾ (ਗਿੱਠ ਉੱਚਾ) ਪਹਿਨਕੇ ਤੇ ਘੁੰਡ ਕੱਢਕੇ ਗਲੀ 'ਚੋਂ ਲੰਘਿਆ ਕਰਦੀ ਸੀ। ਉਨ੍ਹਾਂ ਦੇ ਪਤੀ ਸ. ਸਾਧੂ ਸਿੰਘ ਸਨ।

ਚਰਨਜੀਤ ਸਿੰਘ ਕਤਰਾ, ਸ਼ੀਤਲ ਸਿੰਘ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਤੋਂ ਰਿਟਾਇਰ ਹੋਏ ਉੱਘੇ ਖੇਤੀ ਵਿਗਿਆਨੀ ਡਾ. ਗੁਰਬਚਨ ਸਿੰਘ ਮਾਵੀ ਸਾਹਿਤ ਰਚਨਾਂ ਦੇ ਖੇਤਰ ਵਿੱਚ ਪਿੰਡ ਦਾ ਨਾਮ ਰੋਸ਼ਨ ਕਰ ਰਹੇ ਹਨ। ਡਾ. ਮਾਵੀ ਮੂਲ ਰੂਪ ਵਿਚ ਪਿੰਡ ਸਹੌੜਾਂ ਦੇ ਵਸਨੀਕ ਹਨ। ਜੋ ਕਿ ਪਾਕਿਸਤਾਨ ਤੋਂ ਆ ਕੇ ਪਿੰਡ ਸੁਹਾੜਾ ਵਿਖੇ ਵੱਸੇ ਅਤੇ ਹੁਣ ਮੋਹਾਲੀ ਰਹਿ ਰਹੇ ਹਨ।

ਪਿੰਡ ਵਿੱਚ ਐਲੀਮੈਂਟਰੀ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲ ਹਨ। ਜਿੱਥੇ ਮਿਹਨਤੀ ਸਟਾਫ ਵਧੀਆ ਵਿੱਦਿਆ ਪ੍ਰਦਾਨ ਕਰ ਰਿਹਾ ਹੈ। ਰਿਐਤ ਬਾਹਰਾ ਯੂਨੀਵਰਸਿਟੀ ਉੱਚ ਵਿਦਿਆ ਖੇਤਰ ਵਿੱਚ ਉੱਘਾ ਸਥਾਨ ਰੱਖਦੀ ਹੈ। ਇਸ ਯੂਨੀਵਰਸਿਟੀ ਨੇ ਪਿੰਡ ਦੇ ਅਤੇ ਇਲਾਕੇ ਦੇ ਲੋਕਾਂ ਨੂੰ ਵਧੀਆ ਰੋਜ਼ਗਾਰ ਵੀ ਦਿੱਤਾ ਹੈ।

ਪਿੰਡ ਵਿੱਚ ਚਾਰ ਮੁੱਖ ਗੁਰਦੁਆਰਾ ਸਾਹਿਬ ਤੋਂ ਬਿਨਾਂ ਸ਼ਿਵ ਮੰਦਰ, ਮਾਤਾ ਰਾਣੀ ਦਾ ਸਥਾਨ, ਬਾਬਾ ਮਲੂਕ ਦਾਸ ਦਾ ਸਥਾਨ, ਗੁੱਗਾ ਮਾੜੀ ਅਤੇ ਨਗਰ ਖੇੜਾ ਸਥਿੱਤ ਹੈ। ਬਾਬਾ ਸੇਵਾ ਸਿੰਘ ਆਸ਼ਰਮ ਵੀ ਪਿੰਡ ਦੇ ਲੋਕਾਂ ਦੀ ਸ਼ਰਧਾ ਦਾ ਸਾਂਝਾ ਕੇਂਦਰ ਹੈ। ਪਿੰਡ ਵਿਚ ਮੁਸਲਮਾਨ ਭਰਾਵਾਂ ਦੇ 15 ਕੁ ਘਰ ਹਨ। ਆਪਣੀ ਮਸਜਿਦ ਹੈ। ਜਿੱਥੇ ਫਕੀਰ ਮੁਹੰਮਦ ਨਿਸ਼ਕਾਮ ਸੇਵਾ ਕਰ ਰਿਹਾ ਹੈ ਅਤੇ ਪੰਜੇ ਵਕਤ ਨੁਵਾਜ ਪੜ੍ਹੀ ਜਾਂਦੀ ਹੈ। ਪਿੰਡ ਵਿਚ ਸਾਰੇ ਧਰਮਾਂ ਦੇ ਲੋਕ ਪਿਆਰ ਨਾਲ ਰਹਿ ਰਹੇ ਹਨ ਅਤੇ ਕਦੇ ਵੀ ਕੋਈ ਬਖੇੜਾ ਖੜ੍ਹਾ ਨਹੀਂ ਹੋਇਆ।

ਪਿੰਡ ਵਿੱਚ ਵਾਟਰ ਸਪਲਾਈ ਲਈ ਦੋ ਟੈਂਕੀਆਂ ਹਨ। ਜਿਸਦਾ ਪ੍ਰਬੰਧ ਪਿੰਡ ਦੀ ਕਮੇਟੀ ਵਾਟਰ ਸਪਲਾਈ ਮਹਿਕਮੇ ਦੇ ਸਹਿਯੋਗ ਨਾਲ ਚਲਾ ਰਹੀ ਹੈ।



ਰਜੀਵ ਕੁਮਾਰ ਬਾਂਸਲ ਦੀ ਅਗਵਾਈ ਵਿੱਚ ਡਾਕ ਘਰ ਦਾ ਸੁਚੱਜਾ ਪ੍ਰਬੰਧ ਹੈ, ਜਿਥੇ ਪਿੰਡ ਵਾਸੀਆਂ ਲਈ ਹਰ ਸਹੂਲਤ ਉਪਲੱਬਧ ਹੈ।

ਪਿੰਡ ਵਿੱਚ ਸੂਝਵਾਨ ਨਿਸ਼ਕਾਮ ਸੇਵਾ ਕਰਨ ਵਾਲਿਆਂ ਦੀ ਸਹਾਇਤਾ ਨਾਲ ਮਨਜੀਤ ਸਿੰਘ ਅਤੇ ਗੁਰਮੀਤ ਸਿੰਘ ਦੀ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਵੈਲਫੇਅਰ ਸੁਸਾਇਟੀ, ਪਿੰਡ ਵਾਸੀਆਂ ਦੀ ਨਿਸ਼ਕਾਮ ਸੇਵਾ ਕਰ ਰਹੀ ਹੈ। ਪਿੰਡ ਦੇ ਗਰੀਬ ਲੋਕਾਂ ਲਈ ਲੜਕੀਆਂ ਦੀ ਸ਼ਾਦੀ, ਬਿਮਾਰਾਂ ਦੀ ਅਤੇ ਵਿਦਿਆਰਥੀਆਂ ਦੀ ਖੁੱਲ੍ਹ ਕੇ ਮਦਦ ਕਰ ਰਹੀ ਹੈ। ਵਿਦੇਸ਼ਾਂ ਤੋਂ ਵੀ ਪਿੰਡ ਦੇ ਵਸਨੀਕ ਇਸ ਸੁਸਾਇਟੀ ਦੀ ਮਦਦ ਕਰਦੇ ਰਹਿੰਦੇ ਹਨ।

ਪਿੰਡ ਚੰਡੀਗੜ੍ਹ ਦੇ ਨੇੜੇ ਹੋਣ ਕਾਰਨ ਬਾਹਰਲੇ ਲੋਕਾਂ ਖ਼ਾਸ ਕਰਕੇ ਹਿਮਾਚਲ ਪ੍ਰਦੇਸ਼ ਦੇ ਵਸਨੀਕਾਂ ਨੇ ਪਲਾਟ ਖਰੀਦ ਕੇ ਆਪਣਾ ਵਸੇਬਾ ਕਰ ਲਿਆ ਹੈ। ਖੇਤੀ ਯੋਗ ਜ਼ਮੀਨ ਦਿਨੋਂ ਦਿਨ ਘਟਦੀ ਜਾ ਰਹੀ ਹੈ। ਆਲੇ-ਦੁਆਲੇ ਬਹੁ-ਮੰਜ਼ਿਲੀਆਂ ਇਮਾਰਤਾਂ ਉਸਰ ਰਹੀਆਂ ਹਨ।

ਚਾਹੇ ਪਿੰਡ ਵਿੱਚ ਹਰ ਸਹੂਲਤ ਪ੍ਰਾਪਤ ਹੈ ਫਿਰ ਵੀ ਸਿਹਤ ਸੇਵਾਵਾਂ ਲਈ ਡਿਸਪੈਂਸਰੀ, ਪਸ਼ੂ ਡਿਸਪੈਂਸਰੀ ਅਤੇ ਸੀਵਰੇਜ ਪਾਉਣ ਦੀ ਬਹੁਤ ਜ਼ਰੂਰਤ ਹੈ। ਪਿੰਡ ਦੇ ਟੋਭਿਆਂ ਅਤੇ ਨਾਲਿਆਂ ਦੀ ਸਫ਼ਾਈ ਵੀ ਬਹੁਤ ਹੀ ਜ਼ਿਆਦਾ ਧਿਆਨ ਮੰਗਦੀ ਹੈ।

* * * *

# ਸ਼ਹੀਦ ਕਾਂਸ਼ੀ ਰਾਮ ਦਾ ਪਿੰਡ-ਮੜੌਲੀ ਕਲਾਂ

- ਸਤਵਿੰਦਰ ਸਿੰਘ ਮੜੌਲਵੀ
ਮੋਬਾ. 9463492426



ਸ਼ਹੀਦ ਕਾਂਸ਼ੀ ਰਾਮ

ਪਿੰਡ ਮੜੌਲੀ ਕਲਾਂ, ਜ਼ਿਲ੍ਹਾ ਰੂਪਨਗਰ ਦੇ ਪੁਆਧ ਦੇ ਇਲਾਕੇ ਦਾ ਇਕ ਉੱਘਾ ਪਿੰਡ ਹੈ। ਭਾਵੇਂ ਇਸ ਪਿੰਡ ਦੀ ਬੋਲੀ, ਸ਼ੁੱਧ ਰੂਪ ਵਿੱਚ ਪੁਆਧੀ ਤਾਂ ਨਹੀਂ ਪਰ ਪੁਆਧੀ ਬੋਲੀ ਤੇ ਰਹਿਣੀ-ਬਹਿਣੀ ਦਾ ਇਸ 'ਤੇ ਪ੍ਰਭਾਵ ਹੈ।

ਇਸ ਨਾਮ ਦੇ ਦੋ ਪਿੰਡ ਹਨ। ਇਕ ਮੜੌਲੀ ਕਲਾਂ/ਬੜੀ ਮੜੌਲੀ, ਦੂਜਾ ਮੜੌਲੀ ਖੁਰਦ/ਛੋਟੀ ਮੜੌਲੀ।

ਇਹ ਪਿੰਡ, ਤਹਿਸੀਲ ਮੋਰਿੰਡਾ ਦੇ ਅਧੀਨ ਅਤੇ ਨਜ਼ਦੀਕ ਹੈ। ਇਸ ਦੇ ਆਸ ਪਾਸ ਵਸਦੇ ਵੱਡੇ ਪਿੰਡ ਘੜੂੰਆਂ ਅਤੇ ਢੰਗਰਾਲੀ ਹਨ।

ਪਿੰਡ ਦਾ ਸਿਆਣਾ ਬਜ਼ੁਰਗ; ਕਰੋੜਾ (ਬਸ਼ੀਰ ਮੁਹੰਮਦ) ਦੱਸਦਾ ਹੁੰਦਾ ਸੀ ਕਿ ਇਸ ਪਿੰਡ ਦੀ ਮੋੜ੍ਹੀ ਲੁਬਾਣਾ ਜਾਤੀ ਦੇ ਲੋਕਾਂ ਨੇ ਕੁਝ ਸਦੀਆਂ ਪਹਿਲਾਂ ਗੱਡੀ ਸੀ। ਜਦਕਿ ਕੁਝ ਵਿਅਕਤੀਆਂ ਦਾ ਇਹ ਵੀ ਕਹਿਣਾ ਹੈ ਕਿ ਇਸ ਪਿੰਡ ਦੀ ਮੋੜ੍ਹੀ, ਜ਼ਿਲ੍ਹਾ ਬਠਿੰਡਾ ਤੋਂ ਆਏ, ਪਿੰਡ ਮੌੜ ਦੇ ਇੱਕ ਵਿਅਕਤੀ ਨੇ ਗੱਡੀ ਸੀ।

ਹੌਲੀ-ਹੌਲੀ ਇਸ ਪਿੰਡ ਵਿੱਚ ਮਾਨ ਗੋਤ ਦੇ ਲੋਕ ਆ ਕੇ ਵਸ ਗਏ ਜੋ ਮੁੱਖ ਰੂਪ ਵਿੱਚ ਇਸ ਸਮੇਂ ਜ਼ਿਮੀਂਦਾਰ ਭਾਈਚਾਰੇ ਨਾਲ ਸਬੰਧਿਤ ਹਨ।

ਪਿੰਡ ਵਿੱਚ ਪ੍ਰਮੁੱਖ ਤੌਰ 'ਤੇ ਤਿੰਨ ਬਸਤੀਆਂ; ਜੱਟ ਸਿੱਖ, ਰਵਿਦਾਸੀਏ/ ਰਾਮਦਾਸੀਏ ਸਿੱਖ ਅਤੇ ਮਜ਼੍ਹਬੀ ਸਿੱਖ ਹੀ ਹਨ।

ਸਵਰਗੀ ਤਾਇਆ ਕਰੋੜਾ ਨੇ ਦੱਸਿਆ ਸੀ ਕਿ ਹੱਲਿਆਂ ਦੀ ਮਾਰ ਇਸ ਪਿੰਡ ਨੂੰ ਵੀ ਝਲਣੀ ਪਈ। ਹੱਲਿਆਂ ਦੇ ਸਮੇਂ ਇੱਥੇ ਚਾਲੀ ਮੁਸਲਮਾਨਾਂ ਦੇ, ਦੋ



ਦਰਜੀਆਂ ਦੇ, ਚਾਰ ਗੁੱਜਰ ਬਰਾਦਰੀ ਦੇ, ਦੋ ਤੇਲੀਆਂ ਦੇ, ਇਕ ਫਕੀਰਾਂ ਦਾ, ਛੇ ਮਰਾਸੀਆਂ ਅਤੇ ਦੋ ਘਰ ਪੇਂਜਿਆਂ ਦੇ ਸਨ।

ਤਾਏ ਕਰੋੜੇ ਅਨੁਸਾਰ, ਜਿਸ ਸਮੇਂ ਹੱਲੇ ਪਏ, ਉਸ ਸਮੇਂ ਉਸਦੀ ਉਮਰ ਕੋਈ ਅਠਾਰਾਂ ਕੁ ਸਾਲ ਦੀ ਸੀ। ਕੋਈ ਤਿੰਨ ਮਹੀਨੇ ਹੱਲਿਆਂ ਕਾਰਨ ਅਸ਼ਾਂਤੀ ਫੈਲੀ ਰਹੀ ਤੇ ਇਥੇ ਵੀ ਕਰੀਬ ਚੌਦਾਂ-ਪੰਦਰਾਂ ਬੰਦੇ ਹੱਲਿਆਂ ਦਾ ਸ਼ਿਕਾਰ ਹੋਏ।

ਤਿੰਨ ਭਰਾਵਾਂ ਦੇ ਨਾਮ 'ਤੇ ਬਣੀਆਂ ਪੱਤੀਆਂ, ਪੱਤੀ ਸ਼ੇਰ ਸਿੰਘ, ਪੱਤੀ ਝੰਡਾ ਸਿੰਘ ਤੇ ਪੱਤੀ ਗੁਜਰ ਸਿੰਘ, ਅੱਜ ਵੀ ਇਸ ਪਿੰਡ ਦੀ ਪਛਾਣ ਅਤੇ ਸ਼ਾਨ ਹਨ। ਇਸ ਪਿੰਡ ਦੀ ਇਹ ਖ਼ਾਸੀਅਤ ਰਹੀ ਹੈ ਕਿ ਇੱਥੇ, ਸ਼ੁਰੂ ਤੋਂ ਹੀ ਵੱਖ-ਵੱਖ ਜਾਤਾਂ ਤੇ ਧਰਮਾਂ ਦੇ ਲੋਕਾਂ ਦਾ ਬਸੇਰਾ ਰਿਹਾ ਹੈ ਪਰ ਕਦੇ ਵੀ ਜਾਤ, ਮਜ਼੍ਹਬ ਦੇ ਨਾਂ 'ਤੇ ਕੋਈ ਖਿੱਚੋਤਾਣ ਪੈਦਾ ਨਹੀਂ ਹੋਈ। ਲੋਕ, ਆਪਸੀ ਪ੍ਰੇਮ-ਪਿਆਰ ਦੇ ਨਾਲ ਮਿਲਜੁਲ ਕੇ ਰਹਿੰਦੇ ਹਨ। ਪਿੰਡ ਵਾਸੀ, ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਸਹਾਈ ਹਨ ਅਤੇ ਆਪਸੀ ਭਾਈਚਾਰਾ ਤੇ ਏਕਤਾ ਬਣਿਆ ਹੋਇਆ ਹੈ।

ਇਸ ਵੇਲੇ ਇਸ ਪਿੰਡ ਦੀ ਆਬਾਦੀ ਤਿੰਨ ਕੁ ਹਜ਼ਾਰ ਦੇ ਨੇੜੇ ਤੇੜੇ ਪਹੁੰਚ ਗਈ ਹੈ ਅਤੇ ਪੰਜ ਸੌ ਤੋਂ ਵੱਧ ਘਰ ਹਨ।

ਪਿੰਡ ਮੜੌਲੀ ਕਲਾਂ ਦੀ ਇਤਿਹਾਸਕ ਖ਼ਾਸੀਅਤ ਇਹ ਹੈ ਕਿ ਦੇਸ਼ ਦੀ ਆਜ਼ਾਦੀ ਵਿੱਚ, ਆਪਣਾ ਵਡਮੁੱਲਾ ਯੋਗਦਾਨ ਪਾਉਣ ਵਾਲੇ ਗ਼ਦਰ ਪਾਰਟੀ ਦੇ ਮੋਢੀ ਮੈਂਬਰ ਤੇ ਖ਼ਜ਼ਾਨਚੀ 'ਸ਼ਹੀਦ ਕਾਂਸ਼ੀ ਰਾਮ ਮੜੌਲੀ' ਇਥੋਂ ਦੇ ਹੀ ਜੰਮਪਲ ਸਨ।

13 ਅਕਤੂਬਰ, 1883 ਨੂੰ ਆਪ ਦਾ ਜਨਮ, ਪਿਤਾ ਪੰਡਤ ਗੰਗਾ ਰਾਮ ਦੇ ਗ੍ਰਹਿ ਅਤੇ ਮਾਤਾ ਮਹਿਤਾਬ ਕੌਰ ਦੀ ਕੁੱਖੋਂ ਬ੍ਰਾਹਮਣ ਸ਼੍ਰੇਣੀ ਵਿਚ ਹੋਇਆ ਸੀ। ਆਪ ਦਾ ਗੋਤਰ ਜੋਸ਼ੀ ਸੀ।

ਭਾਈ ਸੋਹਣ ਸਿੰਘ ਭਕਨਾ ਦੀ ਅਗਵਾਈ ਵਿੱਚ ਗ਼ਦਰ ਪਾਰਟੀ ਦੀ ਬੁਨਿਆਦ ਰੱਖਣ ਵਾਲੇ, ਮੁੱਢਲੇ ਮੈਂਬਰਾਂ ਵਿੱਚ ਕਾਸ਼ੀ ਰਾਮ ਮੜੌਲੀ ਦਾ ਨਾਮ ਜ਼ਿਕਰਯੋਗ ਹੈ।

ਪਾਰਟੀ ਲਈ ਆਪ ਨੇ ਬਹੁਤ ਹੀ ਇਮਾਨਦਾਰੀ ਤੇ ਸਮਰਪਿਤ ਭਾਵਨਾਵਾਂ ਨਾਲ ਕੰਮ ਕੀਤਾ ਅਤੇ ਦਿਲ ਖੋਲ੍ਹ ਕੇ ਪਾਰਟੀ ਲਈ ਵਿੱਤੀ ਸਹਾਇਤਾ ਪ੍ਰਦਾਨ ਕੀਤੀ।

27 ਨਵੰਬਰ, 1914 ਨੂੰ ਉਹ ਆਪਣੇ ਸਾਥੀਆਂ ਸਮੇਤ "ਫੇਰੂ ਸ਼ਹਿਰ" ਦੀ ਘਟਨਾ ਤਹਿਤ ਅੰਗਰੇਜ਼ ਸਰਕਾਰ ਵੱਲੋਂ ਗ੍ਰਿਫਤਾਰ ਕਰ ਲਏ ਗਏ। 27 ਮਾਰਚ, 1915 ਨੂੰ ਆਪ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਖੇ ਫਾਂਸੀ ਦੇ ਦਿੱਤੀ ਗਈ।

ਕਾਂਸ਼ੀ ਰਾਮ ਦੀ ਕੁਰਬਾਨੀ ਬਹੁਤ ਵੱਡੀ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਪੂਰੇ ਤਨ, ਮਨ ਅਤੇ ਧਨ ਨਾਲ ਦੇਸ਼ ਲਈ ਸ਼ਹਾਦਤ ਦਿੱਤੀ।

ਅੱਜ ਪਿੰਡ ਮੜੌਲੀ ਕਲਾਂ ਤਾਂ ਕੀ ਪੂਰਾ ਪੁਆਧ ਦਾ ਇਲਾਕਾ, ਉਨ੍ਹਾਂ ਦੀ ਇਸ ਵੱਡੀ ਕੁਰਬਾਨੀ ਅੱਗੇ ਸੀਸ ਝੁਕਾਉਂਦਾ ਹੈ।

ਪਿੰਡ ਵਿੱਚ ਉਨ੍ਹਾਂ ਦੀ ਯਾਦ ਵਿੱਚ ਆਪ ਦਾ ਇਕ ਬੁੱਤ ਸਥਾਪਿਤ ਹੈ ਅਤੇ ਵੱਡਾ ਖੇਡ ਸਟੇਡੀਅਮ ਵੀ ਬਣਿਆ ਹੋਇਆ ਹੈ। ਸਰਕਾਰੀ ਹਾਈ ਸਮਾਰਟ ਸਕੂਲ ਮੜੌਲੀ ਕਲਾਂ ਦਾ ਨਾਮ ਵੀ ਉਨ੍ਹਾਂ ਦੇ ਨਾਮ 'ਤੇ ਰੱਖਿਆ ਗਿਆ ਹੈ।

ਇਸ ਤੋਂ ਇਲਾਵਾ, ਖਰੜ ਨੇੜੇ ਪਿੰਡ ਭਾਗੋਮਾਜਰਾ ਵਿਖੇ ਉਨ੍ਹਾਂ ਦੀ ਯਾਦ ਵਿਚ ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ ਅਤੇ ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਫਿਜ਼ੀਕਲ ਕਾਲਜ ਖਰੜ ਹਲਕਾ ਦੇ ਵਿਧਾਇਕ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਦੇ ਜਤਨਾਂ ਨਾਲ ਸਥਾਪਤ ਕੀਤੇ ਗਏ। ਪਿੰਡ ਦੇ ਸਰਪੰਚ, ਦਲਜੀਤ ਸਿੰਘ ਨੇ ਪੰਚਾਇਤ ਵੱਲੋਂ ਮਤਾ ਪਾ ਕੇ ਸ਼ਹੀਦ ਕਾਂਸ਼ੀ ਰਾਮ ਜੀ ਦੀ ਯਾਦ ਵਿਚ ਪਿੰਡ ਮੜੌਲੀ ਤੋਂ ਮੋਰਿੰਡਾ-ਕੁਰਾਲੀ ਲਿੰਕ ਰੋਡ ਤੱਕ ਜਾਣ ਵਾਲੇ ਮਾਰਗ ਦਾ ਨਾਮ "ਸ਼ਹੀਦ ਕਾਂਸ਼ੀ ਰਾਮ ਮਾਰਗ" ਰਖ ਕੇ ਇਕ ਹੋਰ ਉਪਰਾਲਾ ਕੀਤਾ ਹੈ।

ਪਿੰਡ ਮੜੌਲੀ ਕਲਾਂ ਦੇ ਧਾਰਮਿਕ ਸਥਾਨਾਂ ਵਿੱਚ ਗੁੱਗਾ ਮਾੜੀ ਅਤੇ ਮੰਦਰ ਮਾਤਾ ਮਨਸਾ ਦੇਵੀ ਬੜੇ ਮਸ਼ਹੂਰ ਹਨ।

ਗੁੱਗਾ ਮਾੜੀ, ਪਿੰਡ ਮੜੌਲੀ ਕਲਾਂ ਅਤੇ ਛੋਟੀ ਮੜੌਲੀ ਭਾਵ ਮੜੌਲੀ ਖੁਰਦ ਦਾ ਸਾਂਝਾ ਧਾਰਮਿਕ ਸਥਾਨ ਹੈ; ਜਿੱਥੇ ਹਰ ਸਾਲ ਭਾਦੋਂ ਦੇ ਮਹੀਨੇ, ਰੱਖੜੀਆਂ ਤੋਂ ਤੀਜੇ ਦਿਨ ਬੜਾ ਵੱਡਾ ਮੇਲਾ ਲੱਗਦਾ ਹੈ। ਇਕ ਦਿਨ ਭਰਨ ਵਾਲੇ ਇਸ ਮੇਲੇ ਦੀ ਰੌਣਕ ਖ਼ੂਬ ਹੁੰਦੀ ਹੈ। ਸ਼ਾਮ ਸਮੇਂ ਮਾੜੀ ਦੇ ਨਾਲ ਇਕ ਅਖਾੜੇ ਵਿੱਚ ਪਹਿਲਵਾਨਾਂ ਦੇ ਘੋਲ ਵੀ ਹੁੰਦੇ ਹਨ। ਪਿੰਡ ਦੀ ਮਾੜੀ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਸੰਭਾਲੀ ਹੋਈ ਹੈ।

ਸਵਰਗੀ ਬਾਬਾ ਮੁਕੰਦ ਨਾਥ ਨੇ ਕਈ ਦਹਾਕੇ ਪਹਿਲਾਂ ਤਨ, ਮਨ ਨਾਲ ਇਥੇ ਸੇਵਾ ਕੀਤੀ ਅਤੇ ਇਸ ਪਵਿੱਤਰ ਸਥਾਨ ਨੂੰ ਫੁੱਲ-ਫਲੇਲ ਤੇ ਰੁੱਖ ਬੂਟੇ ਲਗਾ ਕੇ ਵਧੀਆ ਢੰਗ ਨਾਲ ਬਣਾ ਕੇ ਰੱਖਿਆ।



ਪਿੰਡ ਦੇ ਚੜ੍ਹਦੇ ਪਾਸੇ, ਬਾਈਪਾਸ ਦੇ ਉੱਪਰ ਮਾਤਾ ਮਨਸਾ ਦੇਵੀ ਦਾ ਬਹੁਤ ਪ੍ਰਾਚੀਨ ਮੰਦਰ ਬਣਿਆ ਹੋਇਆ ਹੈ।

ਇਸਦੀ ਹੋਂਦ ਬਾਰੇ ਕਿਸੇ ਨੂੰ ਨਹੀਂ ਪਤਾ ਕਿ ਇਹ ਕਦੋਂ ਦਾ ਹੈ। ਬਜ਼ੁਰਗ ਦੱਸਦੇ ਹਨ ਕਿ ਇਸ ਅਸਥਾਨ 'ਤੇ ਇਕ ਤਲਾਬ ਸੀ। ਅਨੇਕਾਂ ਖਜੂਰਾਂ ਅਤੇ ਹੋਰ ਵੱਡੇ ਰੁੱਖ ਬੂਟੇ, ਹੀਂਸ, ਝਾੜੀਆਂ ਹੋਇਆ ਕਰਦੇ ਸਨ। ਇਸ ਨੂੰ 'ਦੇਵੀ ਤਾਲ' ਵੀ ਕਹਿੰਦੇ ਸਨ।

ਇੱਥੇ ਦਿਨ ਵਿੱਚ ਜਾਣ ਵੇਲੇ ਵੀ ਡਰ ਲੱਗਦਾ ਸੀ। ਬਜ਼ੁਰਗਾਂ ਤੋਂ ਹੀ ਸੁਣਿਆ ਹੈ ਕਿ ਇੱਥੇ ਇੱਕ ਬਹੁਤ ਪੁਰਾਣਾ ਸੱਪ ਵੀ ਰਹਿੰਦਾ ਰਿਹਾ, ਜਿਸ ਦੀ ਲੰਬਾਈ ਕਈ ਫੁੱਟ ਦੱਸੀ ਜਾਂਦੀ।

ਮਾਤਾ ਮਨਸਾ ਦੇਵੀ ਦੀਆਂ ਪ੍ਰਾਚੀਨ ਛੋਟੀਆਂ ਮੂਰਤਾਂ ਇਸ ਸਮੇਂ ਵੀ ਮੰਦਰ ਵਿਚ ਸ਼ਸ਼ੋਭਿਤ ਹਨ। ਸ਼ਰਧਾਲੂ ਇੱਥੇ ਨਰਾਤਿਆਂ ਦੇ ਦਿਨਾਂ ਵਿਚ ਪੂਰਨ ਸ਼ਰਧਾ ਨਾਲ ਮੱਥਾ ਟੇਕਦੇ, ਜਗਰਾਤਾ ਕਰਵਾਉਂਦੇ ਤੇ ਲੰਗਰ ਲਗਾਉਂਦੇ ਹਨ।

ਇਹਨਾਂ ਤੋਂ ਇਲਾਵਾ ਪਿੰਡ ਵਿਚ ਨਗਰ ਖੇੜਾ, ਸ਼ਿਵ ਮੰਦਰ, ਰਿਸ਼ੀ ਵਾਲਮਿਕ ਮੰਦਰ, ਲਾਲਾ ਵਾਲਾ ਪੀਰ ਸਥਾਨ ਅਤੇ ਹੋਰ ਸਿੰਘਾਂ ਸ਼ਹੀਦਾਂ ਦੀਆਂ ਸਮਾਧਾਂ ਤੋਂ ਬਿਨਾਂ ਸਤੀਆ ਦੇ ਸਥਾਨ ਵੀ ਹਨ।

ਪਿੰਡ ਵਿੱਚ ਛੇ ਸੱਤ ਦੇ ਕਰੀਬ ਬਹੁਤ ਹੀ ਖ਼ੂਬਸੂਰਤ ਗੁਰਦੁਆਰਾ ਸਾਹਿਬ ਸ਼ਸ਼ੋਭਿਤ ਹਨ। ਪਿੰਡ ਦੇ ਲੋਕ ਸਵੇਰੇ ਸ਼ਾਮ ਇੱਥੇ ਪੂਰਨ ਸ਼ਰਧਾ ਨਾਲ ਮੱਥਾ ਟੇਕਦੇ ਹਨ। ਪਿੰਡ ਦੇ ਘੱਟੋ-ਘੱਟ ਚਾਰ ਗੁਰੂ ਘਰ ਤਾਂ ਕਾਫੀ ਵੱਡੇ ਹਨ, ਜਿੱਥੇ ਲੋਕ ਆਪਣੇ ਦੁੱਖ-ਸੁੱਖ ਦੇ ਪ੍ਰੋਗਰਾਮ ਵੀ ਕਰਦੇ ਹਨ।

ਇਸ ਪਿੰਡ ਵਿੱਚ ਕਿਸੇ ਸਮੇਂ ਪੁਰਾਣੇ ਪੇਂਡੂ ਸੱਭਿਆਚਾਰ ਦੀਆਂ ਝਲਕਾਂ ਵੀ ਵੇਖਣ ਨੂੰ ਮਿਲਦੀਆਂ ਰਹੀਆਂ ਹਨ। ਲੱਕੜ, ਲੋਹੇ ਤੇ ਮਿੱਟੀ ਦੇ ਭਾਂਡੇ ਬਣਾਉਣ ਆਦਿ ਦਾ ਕੰਮ ਕਰਨ ਵਾਲੇ ਕਾਰੀਗਰ ਮੌਜੂਦ ਸਨ। ਜੁੱਤੀਆਂ ਤਿਆਰ ਕਰਨ ਅਤੇ ਦਰੀਆਂ-ਖੇਸ ਬੁਣਨ ਦਾ ਕੰਮ ਵੀ ਇੱਥੇ ਹੁੰਦਾ ਰਿਹਾ ਹੈ। ਬਲ਼ਦਾਂ ਨੂੰ ਖੁਰੀਆਂ ਲਾਉਣ ਵਾਲੇ, ਬਲਦਾਂ ਦੀਆਂ ਤਾਂਗੀਆਂ ਭਜਾਉਣ ਵਾਲੇ ਲੋਕ ਵੀ ਇੱਥੋਂ ਦਾ ਸ਼ਿੰਗਾਰ ਰਹੇ ਹਨ। ਕਬੂਤਰ ਰੱਖਣ ਅਤੇ ਉਡਾਉਣ ਦੇ ਸ਼ੌਕੀਨ ਨੌਜਵਾਨ ਤਾਂ ਅੱਜ ਵੀ ਬਹੁਤ ਹਨ।

ਪਿੰਡ ਵਿਚ ਅਜੇ ਵੀ ਕਈ ਪੁਰਾਣੇ ਟੋਭੇ ਹਨ। ਪੁਰਾਣੇ ਵਿਰਾਸਤੀ ਖੂਹਾਂ ਨੂੰ ਵੀ ਲੋਕਾਂ ਨੇ ਸੰਭਾਲਿਆ ਹੋਇਆ ਹੈ, ਭਾਵੇਂ ਕਿ ਅੱਜ ਕਲ੍ਹ ਇਹ ਸੁੱਕ

ਗਏ ਹਨ। ਵਰਤਣ ਯੋਗ ਪਾਣੀ ਪਿੰਡ ਦੀ ਸਰਕਾਰੀ ਟੈਂਕੀ ਜਾਂ ਲੋਕਾਂ ਦੇ ਘਰਾਂ ਵਿੱਚ ਲੱਗੇ ਸਬਮਰਸੀਬਲ ਪੰਪਾਂ ਤੋਂ ਪ੍ਰਾਪਤ ਹੁੰਦਾ ਹੈ। ਪੁਰਾਣਾ ਨਲਕਾ ਕੋਈ ਟਾਵਾਂ-ਟੱਲਾ ਹੀ ਹੈ।

ਪਿੰਡ ਵਿਚ ਮਾਨ ਗੋਤ ਦੇ ਲੋਕ ਵਧੇਰੇ ਰਹਿੰਦੇ ਹਨ ਜੋ ਕਿ ਮੁੱਖ ਤੌਰ 'ਤੇ ਜ਼ਿਮੀਂਦਾਰ ਜਾਂ ਕਿਸਾਨ ਭਾਈਚਾਰੇ ਨਾਲ ਸਬੰਧਤ ਹਨ। ਖੇਤੀਬਾੜੀ ਕਰਦੇ ਇਨ੍ਹਾਂ ਪਰਿਵਾਰਾਂ 'ਚ ਬਹੁਤ ਸਾਰੇ ਨੌਜਵਾਨ ਬਾਹਰਲੇ ਮੁਲਕਾਂ 'ਚ ਜਾ ਵਸੇ ਹਨ; ਜਿਨ੍ਹਾਂ ਵਿੱਚੋਂ ਬਹੁਤੇ ਪਿੰਡ ਦੇ ਵੱਖ-ਵੱਖ ਸਮਾਜ ਸੇਵਾ ਦੇ ਕਾਰਜਾਂ ਤੇ ਖੇਡਾਂ ਵਿਚ ਵਿੱਤੀ ਯੋਗਦਾਨ ਦੇ ਕੇ ਆਪਣੀ ਮਾਂ-ਭੂਮੀ ਤੇ ਪਿੰਡ ਲਈ ਆਪਣਾ ਪਿਆਰ ਬਣਾਈ ਰੱਖਦੇ ਹਨ।

ਇੱਕ ਵਿਕਸਤ ਪਿੰਡ ਹੋਣ ਕਰਕੇ ਅਤੇ ਸ਼ਹਿਰੀ ਖੇਤਰ ਦੇ ਨੇੜੇ ਲੱਗਣ ਕਰਕੇ ਅੱਜ ਕੱਲ੍ਹ ਆਸ ਪਾਸ ਦੇ ਇਲਾਕੇ ਜਾਂ ਪਿੰਡਾਂ ਤੋਂ ਬਹੁਤ ਸਾਰੇ ਲੋਕ ਆ ਕੇ ਰਹਿਣ ਲਗ ਪਏ ਹਨ। ਪਿੰਡ ਦੇ ਮੂਲ ਨਿਵਾਸੀ, ਬਹੁਤੇ ਲੋਕਾਂ ਨੇ ਬਾਹਰ ਖੁੱਲ੍ਹੇ ਖੇਤਾਂ 'ਚ ਘਰ ਬਣਾ ਲਏ ਹਨ ਇਨ੍ਹਾਂ ਦੇ ਪੁਰਾਣੇ ਘਰਾਂ ਨੂੰ ਬਾਹਰੋਂ ਆਏ ਲੋਕਾਂ ਖਰੀਦ ਲਿਆ ਹੈ।

ਬਾਹਰੋਂ ਆਏ ਲੋਕਾਂ ਦੀ ਇਸ ਪਿੰਡ ਵਿੱਚ ਖਿੱਚ ਦਾ ਸਭ ਤੋਂ ਵੱਡਾ ਕਾਰਨ ਇੱਥੇ ਆਸ-ਪਾਸ ਰੁਜ਼ਗਾਰ ਦੇ ਹੀਲੇ-ਵਸੀਲੇ ਹਨ। ਪਿੰਡ ਘੜੂੰਆਂ ਕੋਲ ਯੂਨੀਵਰਸਿਟੀ ਅਤੇ ਕਈ ਕਿਸਮ ਦੇ ਕਾਲਜ ਹੋਣ ਕਰਕੇ ਲੋਕਾਂ ਨੂੰ ਰੁਜ਼ਗਾਰ ਦਾ ਵੱਡਾ ਫਾਇਦਾ ਹੋਇਆ ਹੈ।

ਪਿੰਡ ਮੜੌਲੀ ਕਲਾਂ ਦੇ ਬਿਲਕੁਲ ਨਾਲ ਲੱਗਦੇ ਰਕਬੇ ਵਿੱਚ ਕੱਪੜਿਆਂ ਲਈ ਮਸ਼ਹੂਰ, 'ਅਜੀਤ ਮਿਲਜ਼' ਫਰਨੀਚਰ ਫੈਕਟਰੀ 'ਪ੍ਰੋਮਾਰਕ' ਅਤੇ ਕੰਬਾਈਨਾਂ ਬਣਾਉਣ ਵਾਲੀ ਵੱਡੀ ਫੈਕਟਰੀ 'ਕਲਾਸ' ਵੀ ਰੁਜ਼ਗਾਰ ਦਾ ਸਾਧਨ ਬਣੇ ਹਨ।

ਪਿੰਡ ਮੜੌਲੀ ਕਲਾਂ ਦੀ ਜ਼ਮੀਨ ਵਿੱਚ ਹੀ ਇਕ ਬਹੁਤ ਹੀ ਸੁੰਦਰ 'ਗਲੋਬਲ ਇਨਕਲੇਵ' ਦੀ ਉਸਾਰੀ ਹੋ ਚੁੱਕੀ ਹੈ ਜਿਸ ਵਿੱਚ ਦੂਰ-ਦੁਰਾਡੇ ਦੀਆਂ ਥਾਵਾਂ ਤੋਂ ਆ ਕੇ ਲੋਕ ਆਪਣੇ ਵਧੀਆ ਤੇ ਆਲੀਸ਼ਾਨ ਕੋਠੀਆਂ ਬਣਾ ਕੇ ਰਹਿ ਰਹੇ ਹਨ।

ਵਿੱਦਿਆ ਪੱਖੋਂ ਪਿੰਡ ਮੜੌਲੀ ਕਲਾਂ ਕਾਫ਼ੀ ਵਿਕਸਿਤ ਹੈ। ਇੱਥੇ ਇਕ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਅਤੇ ਸਰਕਾਰੀ ਹਾਈ ਸਮਾਰਟ



ਸਕੂਲ ਤੋਂ ਇਲਾਵਾ ਘੱਟੋ-ਘੱਟ ਤਿੰਨ ਹੋਰ ਪ੍ਰਾਈਵੇਟ ਸਕੂਲ ਵੀ ਚੱਲ ਰਹੇ ਹਨ; ਜਿਸ ਨਾਲ ਵਿਦਿਆਰਥੀਆਂ ਨੂੰ ਵਧੀਆ ਵਿੱਦਿਅਕ ਮਾਹੌਲ ਮਿਲਿਆ ਹੋਇਆ ਹੈ।

ਇੱਥੋਂ ਦੇ ਸਕੂਲਾਂ ਵਿਚ ਆਸ ਪਾਸ ਦੇ ਪਿੰਡਾਂ ਤੋਂ ਇਲਾਵਾ, ਲੋਕਲ ਸ਼ਹਿਰ ਮੋਰਿੰਡਾ (ਬਾਗਾਂਆਲੇ ਤੋਂ) ਵੀ ਬੱਚੇ ਪੜ੍ਹਨ ਆਉਂਦੇ ਹਨ। ਪਿੰਡ ਵਿੱਚ ਦੋ ਤਿੰਨ ਆਂਗਨਵਾੜੀ ਸੈਂਟਰ ਵੀ ਚੱਲ ਰਹੇ ਹਨ।

ਸਿਹਤ ਸਹੂਲਤਾਂ ਵਜੋਂ ਪਿੰਡ ਵਿੱਚ ਇੱਕ ਸਰਕਾਰੀ ਡਿਸਪੈਂਸਰੀ ਹੈ। ਇਸ ਤੋਂ ਇਲਾਵਾ ਦੋ ਕੁ ਪ੍ਰਾਈਵੇਟ ਆਰ ਐੱਮ ਪੀ ਵੀ ਆਪਣੀਆਂ ਪੇਂਡੂ ਸਿਹਤ ਸੇਵਾਵਾਂ ਦੇ ਰਹੇ ਹਨ। ਇਸ ਦੇ ਨਾਲ ਹੀ ਇੱਕ ਸਰਕਾਰੀ ਪਸ਼ੂ ਹਸਪਤਾਲ ਵੀ ਬਣਿਆ ਹੋਇਆ ਹੈ।

ਪਿੰਡ ਵਿੱਚ ਵੱਖ-ਵੱਖ ਪੱਤੀਆਂ ਵਿੱਚ ਧਰਮਸ਼ਾਲਾਵਾਂ ਵੀ ਬਣੀਆਂ ਹੋਈਆਂ ਹਨ ਕਦੇ ਇਨ੍ਹਾਂ ਵਿੱਚ ਪਿੰਡ ਦੀਆਂ ਕੁੜੀਆਂ ਦੀਆਂ ਜੰਞਾਂ ਉੱਤਰਦੀਆਂ ਹੁੰਦੀਆਂ ਸਨ। ਅੱਜ ਕੱਲ੍ਹ ਇਹ, ਹੋਰ ਸਮਾਜਿਕ ਤੇ ਧਾਰਮਿਕ ਕਾਰਜਾਂ ਵਾਸਤੇ ਵਰਤੀਆਂ ਜਾਂਦੀਆਂ ਹਨ।

ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਲੱਬ (ਰਜਿ.) ਤੋਂ ਇਲਾਵਾ ਪਿੰਡ ਵਿੱਚ ਹੋਰ ਵੀ ਕੁਝ ਨੌਜਵਾਨ ਕਲੱਬ ਬਣੇ ਹੋਏ ਹਨ ਜੋ ਸਮੇਂ-ਸਮੇਂ, ਵੱਖ-ਵੱਖ ਖੇਡਾਂ, ਧਾਰਮਿਕ ਅਤੇ ਸਮਾਜ ਸੇਵੀ ਕਾਰਜ ਕਰਦੇ ਰਹਿੰਦੇ ਹਨ।

ਪਿੰਡ ਦੀ 'ਸਾਂਝੀ ਭੂਆ' ਸ਼ਾਂਤੀ, ਅੱਜ ਕੱਲ੍ਹ ਦੀ ਵਡੇਰੀ ਉਮਰ ਵਿੱਚ ਸਰਗਰਮ ਹੈ ਜਿਸ ਦੀ ਪਿੰਡ ਵਿੱਚ ਤਾਂ ਕੀ, ਆਸ ਪਾਸ ਵੀ ਬੜੀ ਕਦਰ ਹੈ। ਪਿੰਡ ਦੀ ਉਹ 'ਸਦਾਬਹਾਰ ਪੰਚ' ਹੈ ਜੋ ਅੱਜ ਵੀ ਲੋਕਾਂ ਦੇ ਦੁੱਖ-ਸੁੱਖ ਵਿਚ ਸ਼ਰੀਕ ਹੁੰਦੀ ਰਹਿੰਦੀ ਹੈ।

ਬੀਬੀ ਸ਼ਾਂਤੀ ਨੇ ਵਿਆਹ ਨਹੀਂ ਕਰਵਾਇਆ, ਇਸੇ ਲਈ ਉਹ ਪਿੰਡ ਦੀ 'ਸਾਂਝੀ ਭੂਆ' ਬਣ ਗਈ। ਧੱਤੂ ਦਿਆਂ ਦੇ ਡਡਿਆਣੀਏ, ਹਕੀਮਾਂ ਦੇ, ਲੰਬੜਾਂ ਦੇ, ਗਲੀ ਆਲਿਆਂ ਦੇ, ਦਿੱਲੀ ਆਲਿਆਂ ਦੇ, ਬਾਰੀਆਂ ਦੇ, ਢਾਬੇ ਆਲਿਆਂ ਦੇ, ਢੀਂਡਸਿਆਂ ਦੇ, ਗਿੱਲਾਂ ਦੇ, ਫੜੰਗਏ, ਘਟੌਰੀਏ; ਇਸ ਪਿੰਡ ਦੀਆ ਅੱਲਾਂ ਰਹੀਆਂ ਹਨ।

ਕਦੇ ਬਾਬੂ ਜੀ ਦੀ, ਗੌੜਾਂ ਦੀ, ਸੂਦਾਂ ਦੀ ਤੇ ਵਲਾਇਤੀ ਰਾਮ ਦੀਆਂ ਹੱਟੀਆਂ ਮਸ਼ਹੂਰ ਸਨ।

ਇਸ ਤਰ੍ਹਾਂ ਪ੍ਰੇਮ ਆਲੀ, ਹਕੀਮਾਂ ਆਲੀ, ਘਟੌਰੀਆਂ ਆਲੀ, ਗੌੜਾਂ ਆਲੀ, ਗਲੀ ਵੀ ਪਿੰਡ ਦੀ ਪਛਾਣ ਬਣੀਆਂ ਹਨ।

ਵੈਦ ਨੌਹਰੀਆ ਰਾਮ, ਲੋਕਾਂ ਨੂੰ ਦਵਾਈ-ਬੂਟੀ ਦੇਣ ਲਈ ਆਸ-ਪਾਸ ਵੀ ਪ੍ਰਸਿੱਧ ਸੀ।

ਚਮੜੇ ਦੀਆਂ ਜੁੱਤੀਆਂ ਤਿਆਰ ਕਰਨ ਵਾਲਾ ਲਾਲ, ਖੇਸੀਆਂ, ਦਰੀਆਂ ਬੁਣਨ ਵਾਲਾ ਜੀਤ, ਗੱਡੇ ਦੇ ਪਹੀਏ ਬਣਾਉਣ ਵਾਲਾ ਮਿਸਤਰੀ ਰੱਖਾ, ਲੁਹਾਰ ਕਲਿਆਣ, ਬਲ਼ਦਾਂ ਨੂੰ ਖੁਰੀਆਂ ਲਾਉਣ ਵਾਲੇ ਬੱਲੂ ਤੇ ਸ਼ੇਰਾ, ਪਰਜਾਪੱਤ ਪਿਆਰਾ, ਆਪਣੀ ਕਲਾ ਨਾਲ ਗੀਤ ਗਾਉਣ ਵਕਤ ਇਕੱਲਾ ਹੀ ਮਰਦਾਨਾ ਤੇ ਜਨਾਨਾ ਆਵਾਜ਼ ਕੱਢਣ ਵਾਲਾ ਗੁਰਮੀਤ ਸਿੰਘ ਘੋਲਾ, ਤੁਰਲੇ ਵਾਲੀ ਪੱਗ ਬੰਨ੍ਹ ਕੇ ਡਾਕ ਵੰਡਣ ਵਾਲਾ ਬਾਬੂ ਰਾਮ ਗੌੜ, ਬੱਚਿਆਂ ਨੂੰ ਧਾਰਮਿਕ ਤੇ ਸੰਗੀਤ ਦੀ ਵਿੱਦਿਆ ਦੇਣ ਵਾਲੇ ਮਾਸਟਰ ਸਾਧੂ ਸਿੰਘ, ਖੂਹ 'ਚ ਵੜ ਕੇ ਪਾਣੀ ਦੀਆਂ ਮੋਟਰਾਂ ਕੱਢਣ ਤੇ ਸੁਆਰਨ ਵਾਲਾ ਮਿੰਦਰ, ਬਾਬਾ ਸਾਧੂ ਸਿੰਘ, ਬਾਬਾ ਬੰਤਾ ਸਿੰਘ, ਉੱਚੇ ਲੰਬੇ ਕੱਦ, ਦਰਸ਼ਨੀ ਜੁੱਸੇ ਤੇ ਸਾਊ ਸੁਭਾਅ ਵਾਲਾ ਧਰਮ ਸਿੰਘ ਮਾਂਗਟ, ਲੰਬੜਦਾਰ ਗੁਰਚਰਨ ਸਿੰਘ, ਚੌਕੀਦਾਰ ਬਾਬਾ ਭਗਤ ਤੇ ਰਾਮ ਸਰਨ, ਸੱਜਣ ਹਕੀਮ, ਰਾਜ ਮਿਸਤਰੀ-ਮਸਤ ਤੇ ਭਗਤੂ, ਭਾਗ ਰੇਡੀਓ ਮਕੈਨਿਕ, ਉਰਦੂ ਤੇ ਅੰਗਰੇਜ਼ੀ ਭਾਸ਼ਾ ਦਾ ਮਾਹਿਰ, ਕਰਿਆਨੇ ਦੀ ਦੁਕਾਨ ਵਾਲਾ, ਅਸੂਲਾਂ ਦਾ ਪੱਕਾ ਬਜ਼ੁਰਗ ਪ੍ਰਤਾਪ ਸਿੰਘ (ਬਾਬੂ ਜੀ) ਅਤੇ ਕਿਰਤੀ ਬਾਬਾ ਦੀਨਾ ਸਿੰਘ; ਹਮੇਸ਼ਾ ਪਿੰਡ ਦੇ ਲੋਕਾਂ ਦੇ ਚੇਤਿਆਂ ਵਿੱਚ ਜਿਉਂਦੇ ਰਹਿਣਗੇ।

ਤਾਏ ਕਰੋੜੇ ਨੇ ਪਿੰਡ ਦੀ ਛਿੰਝ ਅਤੇ ਮੇਲੇ ਉੱਤੇ ਕਈ ਦਹਾਕੇ ਢੋਲ ਵਜਾਇਆ। ਪਿੰਡ ਦੇ ਲੋਕਾਂ ਦੇ ਵਿਆਹ ਸ਼ਾਦੀ, ਛਟੀ ਤੇ ਭੋਗਾਂ ਦੇ ਸੁਨੇਹੇ ਘਰ ਘਰ ਪਹੁੰਚਾਉਣ ਦੀ ਸੇਵਾ ਵੀ ਨਿਭਾਈ। ਅੱਜ ਕੱਲ੍ਹ ਤਾਏ ਦੇ ਵਾਰਸ (ਪੜਪੋਤੇ) ਇਹ ਢੋਲ ਵਜਾਉਣ ਦੀ ਸੇਵਾ ਨਿਭਾ ਰਹੇ ਹਨ।

ਅੱਜ ਇਸ ਪਿੰਡ ਵਿੱਚ ਨਾਮਧਾਰੀ ਪਰਿਵਾਰ ਆਪਣਾ ਚੰਗਾ ਕਾਰੋਬਾਰ ਕਰ ਰਹੇ ਹਨ। ਉਨ੍ਹਾਂ ਦੀ ਆਟਾ ਚੱਕੀ ਅਤੇ ਜਨਰੇਟਰ ਤਿਆਰ ਕਰਨ ਦੀਆਂ ਵਰਕਸ਼ਾਪਾਂ ਦੂਰ-ਦੂਰ ਤੱਕ ਮਸ਼ਹੂਰ ਹਨ।

ਪਿੰਡ ਵਿੱਚ ਅਜੇ ਵੀ ਸੱਥਾਂ ਦਾ ਸੰਕਲਪ ਹੈ। ਲੋਕ ਆਪਣੇ ਦੁੱਖ-ਸੁੱਖ ਪਿੰਡ ਵਿੱਚ ਲੱਗੇ ਵੱਖ-ਵੱਖ ਪਿੱਪਲ ਤੇ ਬੋਹੜ ਦੇ ਦਰੱਖਤਾਂ ਥੱਲੇ ਬੈਠ ਕੇ, ਪੇਂਡੂ ਸੱਭਿਆਚਾਰ ਦੀ ਜਿੰਦ ਜਾਨ 'ਸੱਥ' ਨੂੰ ਜਿਉਂਦਾ ਰੱਖ ਰਹੇ ਹਨ।



ਪਿੰਡ ਮੜੌਲੀ ਕਲਾਂ ਦੀ ਧਰਤੀ ਨੂੰ ਇਹ ਮਾਣ ਪ੍ਰਾਪਤ ਹੈ ਕਿ ਇਸ ਦੀ ਮਿੱਟੀ ਵਿਚੋਂ ਬਹੁਤ ਸਾਰੇ ਹੀਰੇ ਅਜਿਹੇ ਪੈਦਾ ਹੋਏ, ਜਿਨ੍ਹਾਂ ਨੇ ਵਿਗਿਆਨ, ਮੈਡੀਕਲ ਸਮੇਤ ਅਕਾਦਮਿਕ ਖੇਤਰ ਵਿੱਚ ਉੱਚੀਆਂ ਡਿਗਰੀਆਂ ਪ੍ਰਾਪਤ ਕੀਤੀਆਂ।

ਇਨ੍ਹਾਂ ਵਿਚ ਸਿਰਫ਼ ਮਰਦ ਹੀ ਨਹੀਂ, ਪਿੰਡ ਦੀਆਂ ਧੀਆਂ ਵੀ ਸ਼ਾਮਲ ਹਨ; ਜਿਨ੍ਹਾਂ ਨੇ 1960-61 ਦੇ ਦੌਰਾਨ ਉਚੇਰੀ ਵਿੱਦਿਆ ਹਾਸਲ ਕਰਕੇ, ਉੱਚੇ ਅਹੁਦਿਆਂ ਨੂੰ ਪ੍ਰਾਪਤ ਕੀਤਾ। ਭਾਵੇਂ ਕਿ ਇਨ੍ਹਾਂ ਮਹਾਨ ਹਸਤੀਆਂ ਨੇ ਜੀਵਨ ਦੇ ਸ਼ੁਰੂ ਵਿਚ ਹੀ ਵਧੇਰੇ ਕਰਕੇ ਬਾਹਰਲੇ ਮੁਲਕਾਂ ਵਿੱਚ ਆਪਣੇ ਜਾ ਟਿਕਾਣੇ ਕੀਤੇ; ਪਰ ਪਿੰਡ ਮੜੌਲੀ ਕਲਾਂ ਦੀ ਹੀ ਭੂਮੀ ਦੇ ਜਾਏ ਰਹੇ ਹਨ। ਪਿੰਡ ਦੀਆਂ ਕੁਝ ਜ਼ਿਕਰਯੋਗ ਸ਼ਖ਼ਸੀਅਤਾਂ ਵਿੱਚ ਸ. ਬਲਜੀਤ ਸਿੰਘ ਜਹਾਜ਼ਾਂ ਦੇ ਪਾਇਲਟ ਰਹੇ ਹਨ, ਭਜਨ ਸਿੰਘ ਨਾਇਬ ਤਹਿਸੀਲਦਾਰ, ਹਰਦੇਵ ਸਿੰਘ ਡਿਪਟੀ ਕੰਟਰੋਲਰ, ਅਜੈਬ ਸਿੰਘ ਅੰਡਰ ਸੈਕਟਰੀ, ਆਸਾ ਸਿੰਘ ਸੁਤੰਤਰਤਾ ਸੰਗਰਾਮੀ, ਗਿਆਨ ਸਿੰਘ ਮਾਨ ਤੇ ਵਕੀਲ ਖੁਸ਼ਵੰਤ ਰਾਏ ਜੋਸ਼ੀ ਆਦਿ ਜ਼ਿਕਰਯੋਗ ਨਾਮ ਰਹੇ ਹਨ।

ਕੈਨੇਡਾ ਵਿਚ ਰਹਿੰਦੇ, ਬੀਬੀ ਗਿਆਨ ਕੌਰ ਜੀ ਵਡੇਰੀ ਉਮਰ ਵਿੱਚ ਵੀ, ਆਪਣੇ ਪਿੰਡ ਦੀ ਬਿਹਤਰੀ ਲਈ ਹਮੇਸ਼ਾਂ ਸੋਚਦੇ ਤੇ ਦਾਨ ਦਿੰਦੇ ਰਹਿੰਦੇ ਹਨ। ਉਨ੍ਹਾਂ ਦੇ ਮਨ ਦੀ ਤਮੰਨਾ ਹੈ ਕਿ ਪਿੰਡ ਦੇ ਨੌਜਵਾਨ ਅਤੇ ਬੱਚੇ ਚੰਗੇ ਇਨਸਾਨ ਬਣਨ, ਆਪਣੀ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਨ ਤੇ ਪਿੰਡ ਦੀ ਸੇਵਾ ਕਰਕੇ ਉੱਚੀਆਂ ਤਰੱਕੀਆਂ ਪ੍ਰਾਪਤ ਕਰਨ।

ਸ. ਰਛਪਾਲ ਸਿੰਘ ਵੀ ਅਜਿਹੀ ਸੋਚ ਲੈ ਕੇ ਬਾਹਰਲੇ ਮੁਲਕ ਤੋਂ ਪਿੰਡ ਨਾਲ ਜੁੜੇ ਰਹਿੰਦੇ ਹਨ। ਐਨ.ਆਰ.ਆਈ.ਜਸਪਾਲ ਸਿੰਘ ਮਾਨ ਨੇ ਟ੍ਰੈਫਿਕ ਜਾਗਰੂਕਤਾ ਬਾਰੇ ਕਾਫ਼ੀ ਕੰਮ ਕੀਤਾ ਹੈ।

ਰਮਨਿੰਦਰ ਚੌਹਾਨ (ਕਾਲਜ ਲੈਕਚਰਾਰ) ਤੇ ਕੁਲਵਿੰਦਰ ਮਾਨ ਸਮੇਤ ਇਕ ਦੋ ਹੋਰ ਨੌਜਵਾਨਾਂ ਨੂੰ ਗਾਉਣ ਦੇ ਗੀਤ ਲਿਖਣ ਦਾ ਸ਼ੌਕ ਹੈ। ਇਸ ਲੇਖ ਦੇ ਲੇਖਕ (ਸਤਵਿੰਦਰ ਸਿੰਘ ਮੜੌਲਵੀ ) ਨੇ ਸਿੱਖਿਆ ਦੇ ਖੇਤਰ ਵਿੱਚ ਸਟੇਟ ਐਵਾਰਡ ਪ੍ਰਾਪਤ ਕੀਤਾ ਅਤੇ ਕਈ ਪੁਸਤਕਾਂ ਦੀ ਪ੍ਰਕਾਸ਼ਨਾ ਕੀਤੀ ਹੈ।

ਪਿੰਡ ਦੇ ਜੰਮਪਲ, ਤਾਰਾ ਸਿੰਘ (ਜਲੰਧਰ) ਨੇ ਪਿੰਡ ਵਿੱਚ ਵੱਡਾ ਗੇਟ ਬਣਵਾਇਆ ਹੈ।

ਨੌਜਵਾਨ ਉਮਰੇ ਪਹਿਲਵਾਨੀ 'ਚ ਨਾਮ ਕਮਾਉਣ ਵਾਲਾ ਗੁਰਜੀਤ ਮਾਨ, ਬਹੁਤ ਛੇਤੀ ਦੁਨੀਆਂ ਤੋਂ ਕੂਚ ਕਰ ਗਿਆ। ਉਸ ਦੀ ਯਾਦ ਵਿੱਚ, ਉਸ ਦੇ ਪਿਤਾ ਕਰਨੈਲ ਸਿੰਘ ਨੇ ਗੁੱਗਾ ਮਾੜੀ ਕੋਲ, ਇੱਕ ਗੇਟ ਅਤੇ ਕੁਸ਼ਤੀ ਅਖਾੜਾ ਸਥਾਪਿਤ ਕੀਤਾ ਹੋਇਆ ਹੈ।

ਕੱਬਡੀ ਦੇ ਖੇਤਰ ਵਿੰਚ ਦਵਿੰਦਰ ਕੋਚ ਨੇ ਸ੍ਰੀ ਚਮਕੌਰ ਸਾਹਿਬ ਵਿਖੇ ਖੇਡਾਂ ਨੂੰ ਪ੍ਰਫੁੱਲਤ ਕੀਤਾ ਹੈ। ਨੌਜਵਾਨ ਗਗਨ ਵੀ ਕਬੱਡੀ ਖੇਡਦਾ ਹੈ।

ਪਚਵੰਜਾ ਕੁ ਸਾਲ ਦਾ ਸੁਰਮੁਖ ਸਿੰਘ (ਸਵਾਮੀ ਜੀ) ਦੌੜਾਂ ਵਿਚ ਗੋਲਡ ਅਤੇ ਸਿਲਵਰ ਮੈਡਲ ਜਿੱਤ ਚੁੱਕਾ ਹੈ। ਨੌਜਵਾਨਾਂ ਨੂੰ ਖੇਡਾਂ ਦਾ ਅਭਿਆਸ ਕਰਵਾਉਣ ਲਈ ਉਹ ਮੋਹਰੀ ਰਹਿੰਦਾ ਹੈ।

ਨਾਮਵਰ ਕਿਸਾਨ ਤੇ ਪਸ਼ੂ ਪਾਲਕ ਕਰਨੈਲ ਸਿੰਘ ਮਾਨ ਦੀਆਂ ਗਾਵਾਂ ਨੇ ਕਈ ਉੱਚ-ਪੱਧਰ ਦੇ ਐਵਾਰਡ ਹਾਸਲ ਕੀਤੇ ਹਨ। ਮੈਨੂੰ ਆਪਣੇ ਪਿੰਡ ਦੀ ਵਿਰਾਸਤ ਅਤੇ ਬਹੁ-ਪੱਖੀ ਪ੍ਰਾਪਤੀਆਂ 'ਤੇ ਮਾਣ ਹੈ।

****




# ਸਿਸਵਾਂ ਪਿੰਡ ਦਾ ਅਤੀਤ ਤੇ ਵਰਤਮਾਨ

**- ਸੁਖਪਾਲ ਸਿੰਘ**

**ਮੋਬਾ. 99157-25200**

ਸ਼ਿਵਾਲਿਕ ਦੀਆਂ ਕੁਦਰਤੀ ਹਰਿਆਲੀ ਨਾਲ ਲੱਦੀਆਂ ਪਹਾੜੀਆਂ ਦੀ ਗੋਦ 'ਚ ਵਸਿਆ ਮੁਹਾਲੀ ਜ਼ਿਲ੍ਹੇ ਦਾ ਨਿੱਕਾ ਜਿਹਾ ਪਿੰਡ ਸਿਸਵਾਂ ਇਸ ਸਮੇਂ ਸੈਲਾਨੀਆਂ ਦੇ ਪੰਜਾਬ ਅੰਦਰ ਘੁੰਮਣ ਦੀ ਮਨਪਸੰਦ ਇੱਕ ਵੱਡੀ ਸੈਰਗਾਹ ਵਜੋਂ ਉੱਭਰ ਰਿਹਾ ਹੈ। ਚਾਰੇ ਪਾਸੇ ਹਰਿਆਲੀ ਹੀ ਹਰਿਆਲੀ ਹੋਣ ਕਰਕੇ ਇੱਥੋਂ ਦਾ ਮੌਸਮ ਬੜਾ ਹੀ ਸੁਹਾਵਣਾ ਤੇ ਖ਼ੂਬਸੂਰਤ ਰਹਿੰਦਾ ਹੈ। ਪਿੰਡ ਦੇ ਆਸ - ਪਾਸ ਜੰਗਲੀ ਖੇਤਰ ਜ਼ਿਆਦਾ ਹੋਣ ਕਰਕੇ ਇੱਥੇ ਵੰਨ ਸੁਵੰਨੀ



**ਪ੍ਰਾਚੀਨ ਸ਼ਿਵ ਮੰਦਿਰ ਸਿਸਵਾਂ**

ਬਨਸਪਤੀ ਦੇ ਦਰਖ਼ਤ, ਬੂਟੇ ਤੇ ਵੱਖ-ਵੱਖ ਕਿਸਮਾਂ ਦੇ ਜੀਵ-ਜੰਤੂ ਰਾਸ਼ਟਰੀ ਪੰਛੀ ਮੋਰਾਂ ਦੇ ਝੁੰਡ ਆਮ ਵੇਖਣ ਨੂੰ ਮਿਲਦੇ ਹਨ। ਜੰਗਲੀ ਜਾਨਵਰਾਂ ਦੀ ਗੱਲ ਕਰੀਏ ਤਾਂ ਸਾਂਭਰ, ਜੰਗਲੀ ਮੁਰਗੇ, ਨੀਲ ਗਊ, ਜੰਗਲੀ ਸੂਰ ਤੇ ਹੋਰ ਰੰਗ-ਬਿਰੰਗੇ ਪੰਛੀਆਂ ਦੀਆਂ ਉਡਾਰੀਆਂ ਨੀਲੇ ਆਸਮਾਨ ਵਿੱਚ ਘੁੰਮਦੀਆਂ ਚਹਿਚਹਾਉਂਦੀਆਂ ਵੇਖੀਆਂ ਜਾ ਸਕਦੀਆਂ ਹਨ। ਮਾਜਰਾ, ਸੁਲਤਾਨਪੁਰ

ਟੱਪਰੀਆਂ, ਪੜੌਲ, ਛੋਟੀ ਵੱਡੀ ਨੰਗਲ, ਮਿਰਜਾਪੁਰ, ਪੱਲਣਪੁਰ ਆਦਿ ਪਿੰਡਾਂ ਦੇ ਵਿਚਕਾਰ ਘਿਰਿਆ ਘਾੜ ਦੇ ਇਲਾਕੇ ਦਾ ਇਹ ਪਿੰਡ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਉੱਤਰੀ ਦਿਸ਼ਾ ਵੱਲ 19 ਕਿਲੋਮੀਟਰ ਦੀ ਦੂਰੀ 'ਤੇ ਵਾਇਆ ਪੀ.ਜੀ.ਆਈ. ਤੋਂ ਮੁੱਲਾਂਪੁਰ ਬੈਰੀਅਰ, ਮਾਜਰਾ ਟੀ-ਪੁਆਇੰਟ ਤੋਂ ਬੱਦੀ ਰੋਡ 'ਤੇ ਸਥਿਤ ਹੈ। ਨਿਊ ਚੰਡੀਗੜ੍ਹ ਦੇ ਕਸਬਾ ਮੁੱਲਾਂਪੁਰ ਗਰੀਬਦਾਸ ਤੋਂ 9 ਕਿਲੋਮੀਟਰ, ਕੁਰਾਲੀ ਤੋਂ 18 ਕਿਲੋਮੀਟਰ, ਬੱਦੀ (ਹਿਮਾਚਲ ਪ੍ਰਦੇਸ਼) ਤੋਂ 17 ਕਿਲੋਮੀਟਰ ਦੀ ਦੂਰੀ 'ਤੇ ਪੈਂਦਾ ਹੈ। 2009 ਤੋਂ ਪਹਿਲਾਂ ਇਸ ਪਿੰਡ ਤੱਕ ਇੱਕ ਤੰਗ ਜਿਹਾ ਅਧਪੱਕਾ ਰਾਸਤਾ ਸੀ ਜੋ ਪਹਾੜੀਆਂ ਸ਼ੁਰੂ ਹੁੰਦਿਆਂ ਹੀ ਬਿਲਕੁਲ ਇੱਕ ਪਗਡੰਡੀ ਦੀ ਤਰ੍ਹਾਂ ਸੀ। 2009 ਤੋਂ ਬਾਅਦ ਇੱਕ ਖੁੱਲ੍ਹੀ ਸੜਕ ਅੱਗੇ ਹਿਮਾਚਲ ਦੇ ਇੰਡਸਟਰੀਜ਼ ਦੇ ਗੜ੍ਹ ਵੱਜੋਂ ਜਾਣੇ ਜਾਂਦੇ ਬੱਦੀ ਸ਼ਹਿਰ ਨੂੰ ਕੱਢੀ ਗਈ। ਬ੍ਰਿਟਿਸ਼ ਸਾਸ਼ਨ ਕਾਲ ਦੇ ਸਮੇਂ ਤਹਿਸੀਲ ਕਾਲਕਾ ਜ਼ਿਲ੍ਹਾ ਅੰਬਾਲਾ ਦੇ ਅਧੀਨ ਰਿਹਾ, ਪਿੰਡ ਸਿਸਵਾਂ ਵਰਤਮਾਨ ਸਮੇਂ ਵਿਧਾਨ ਸਭਾ ਹਲਕਾ ਖਰੜ ਤੇ ਲੋਕ ਸਭਾ ਹਲਕਾ ਆਨੰਦਪੁਰ ਸਾਹਿਬ ਦੇ ਅਧੀਨ ਆਉਂਦਾ ਹੈ। ਪੰਜਾਬ ਦੇ ਪੁਆਧ ਖਿੱਤੇ ਦੇ ਇਸ ਪਿੰਡ ਦੀ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਦੋਵਾਂ ਸੂਬਿਆਂ ਨਾਲ ਹੱਦਬੰਦੀ ਲੱਗਦੀ ਹੈ ਤੇ ਇੱਥੋਂ ਦੇ ਲੋਕਾਂ ਦੀ ਬੋਲੀ ਪੁਆਧੀ ਹੈ।

ਪਿੰਡ ਦੇ ਵਸਨੀਕ ਬਲਵੰਤ ਸਿੰਘ (82 ਸਾਲ) ਦੇ ਦੱਸਣ ਮੁਤਾਬਕ ਪੁਰਾਣੇ ਸਮਿਆਂ ਵਿੱਚ ਸਿਸਵਾਂ ਦਾ ਪੁਰਾਤਨ ਨਾਮ ਸ਼ੀਸ਼ ਮਹਿਲ ਤੋਂ ਸਿਸਵਾਂ ਨਾਮ ਤਬਦੀਲ ਹੋ ਗਿਆ। ਇਹ ਪਿੰਡ ਪਹਾੜਾਂ ਦੀ ਸਭ ਤੋਂ ਪੁਰਾਣੀ ਤੇ ਮਸ਼ਹੂਰ ਮੰਡੀ ਰਿਹਾ ਹੈ। ਇੱਥੋਂ ਵੱਡੀ ਪੱਧਰ 'ਤੇ ਪਹਾੜਾਂ ਤੇ ਮੈਦਾਨੀ ਇਲਾਕਿਆਂ ਦਾ ਆਪਸੀ ਵਪਾਰ ਹੁੰਦਾ ਸੀ। ਵਪਾਰ ਇੰਨਾ ਕੁ ਜ਼ਿਆਦਾ ਹੁੰਦਾ ਸੀ ਕਿ ਉਸ ਸਮੇਂ ਧੇਲੇ ਦੀ ਆੜਤ ਹੁੰਦੀ ਸੀ ਤੇ ਇੱਕ ਲੱਖ ਦੇ ਕਰੀਬ ਆੜਤ ਹੀ ਬਣ ਜਾਂਦੀ ਸੀ। ਵਪਾਰੀ ਪਹਾੜਾਂ ਵਿੱਚੋਂ ਪੱਤਿਆਂ ਵਿੱਚ ਲਪੇਟ ਕੇ ਅਫੀਮ ਲਿਆਉਂਦੇ ਤੇ ਇੱਥੇ ਵੇਚਦੇ ਅਤੇ ਇਧਰੋਂ ਮੈਦਾਨੀ ਇਲਾਕਿਆਂ ਤੋਂ ਖਾਣ ਦੀਆਂ ਵਸਤਾਂ ਦਾ ਪਹਾੜੀ ਇਲਾਕਿਆਂ ਵਿੱਚ ਸ਼ਿਮਲੇ ਤੱਕ ਵਪਾਰ ਕਰਦੇ ਰਹੇ । ਇੱਥੇ ਮੁਸਲਿਮ ਵਸੋਂ ਦਾ ਗੜ੍ਹੀ ਪਿੰਡ ਆਬਾਦ ਸੀ ਜਿੱਥੇ ਉਸ ਸਮੇਂ ਮੁਸਲਿਮ ਪਰਿਵਾਰਾਂ ਦੇ 60-65 ਘਰ ਇੱਥੇ ਅਬਾਦ ਹੋਇਆ ਕਰਦੇ ਸਨ ਜਿਸ ਦੇ ਖੰਡਰਾਤ ਦੇ ਨਿਸ਼ਾਨ ਹਾਲੇ ਵੀ ਇੱਥੇ ਮੌਜੂਦ ਹਨ ਤੇ ਇੱਥੇ ਇੱਕ ਪੁਰਾਣੀ ਮਸੀਤ ਸੀ ਜੋ ਕਿ ਸਾਂਭ-ਸੰਭਾਲ ਤੋਂ ਵਿਰਵੀ ਰਹਿਣ ਕਰਕੇ 1950 ਤੋਂ ਬਾਅਦ ਢਹਿ-ਢੇਰੀ ਹੋ ਗਈ।



ਪੁਰਾਣੇ ਬਜ਼ੁਰਗ ਲਾਲ ਖਾਂ ਨੰਬਰਦਾਰ (ਉਮਰ 86 ਸਾਲ) ਦੀ ਜ਼ੁਬਾਨੀ ਇੱਥੋਂ ਦੇ ਵਾਸ਼ਿੰਦੇ ਲੋਕ ਬਹੁਤੇ ਮਜ਼ਦੂਰੀ ਨਾਲ ਜੁੜੇ ਹੋਏ ਸਨ। ਉਹ ਦੱਸਦੇ ਹਨ ਕਿ ਉਹ ਖ਼ੁਦ ਆਸ-ਪਾਸ ਦੀਆਂ ਪਹਾੜੀਆਂ ਤੋਂ ਬੱਬੜ, ਸਰਕੰਡਾ ਊਠਾਂ 'ਤੇ ਲਿਆ ਕੇ ਵੇਚਦੇ ਰਹੇ ਜੋ ਕਿ ਅੱਗੇ ਠੇਕੇਦਾਰ ਇਕੱਠਾ ਖਰੀਦ ਕੇ ਲੈ ਜਾਇਆ ਕਰਦਾ ਸੀ ਜੋ ਕਿ ਅੱਗੇ ਜਾ ਕੇ ਦਿੱਲੀ ਤੇ ਅੰਬਾਲੇ ਦੀਆਂ ਫੈਕਟਰੀਆਂ ਵਿੱਚ ਗੱਤਾ ਬਣਾਉਣ ਵਜੋਂ ਵਰਤਿਆ ਜਾਂਦਾ ਸੀ। ਭਾਰਤ-ਪਾਕਿਸਤਾਨ ਦੀ 1947 ਦੀ ਵੰਡ ਦੇ ਦਰਦ ਨੂੰ ਬਿਆਨ ਕਰਦਿਆਂ ਲਾਲ ਖਾਂ ਦੱਸਦਾ ਹੈ ਕਿ ਉਸ ਸਮੇਂ ਹੋਈ ਕਤਲੋਗਾਰਤ ਨੂੰ ਉਸ ਨੇ ਆਪਣੇ ਉੱਪਰ ਹੰਢਾਇਆ ਹੈ ਤੇ ਉਸ ਸਮੇਂ ਉਪਰਲੇ ਪਹਾੜੀ ਖੇਤਰਾਂ ਤੋਂ ਵੀ ਮੁਸਲਿਮ ਲੋਕ ਕੁਰਾਲੀ ਕੈਂਪ ਵਿੱਚ ਜਾਣ ਲਈ ਆਏ ਹੋਏ ਸਨ ਜੋ ਸਾਰੇ ਇੱਥੇ ਆ ਕੇ ਠਹਿਰੇ ਸਨ ਜਿਨ੍ਹਾਂ ਵਿੱਚ ਔਰਤਾਂ,ਬੱਚੇ, ਬਜ਼ੁਰਗ ਸਭ ਸ਼ਾਮਿਲ ਸਨ ਤਾਂ ਕੁਝ ਜਾਨੂੰਨੀ ਲੋਕਾਂ ਦੇ ਹਜੂਮ ਨੇ ਉਹਨਾਂ ਤੇ ਹਮਲਾ ਕਰ ਦਿੱਤਾ ਜਿਸ ਵਿਚ ਹਜ਼ਾਰ ਦੇ ਕਰੀਬ ਲੋਕ ਮਾਰੇ ਗਏ ਤੇ ਨਾਲ ਪੈਂਦੀ ਸਿਸਵਾਂ ਨਦੀ ਲਾਸ਼ਾਂ ਤੇ ਖ਼ੂਨ ਨਾਲ ਲਾਲ ਰੰਗੀ ਹੋ ਗਈ। ਹਜੂਮੀ ਲੋਕਾਂ ਵਿੱਚੋਂ ਬਹੁਤੇ ਉਹਨਾਂ ਦੀਆਂ ਔਰਤਾਂ ਤੇ ਜਵਾਨ ਕੁੜੀਆਂ ਨੂੰ ਚੁੱਕ ਕੇ ਲੈ ਗਏ। ਉਹ ਆਪਣੀ ਮਾਸੀ ਜਿਸਨੂੰ ਇੱਕ ਰਤਵਾੜੇ ਦਾ ਜੱਟ ਸਿੱਖ ਲੈ ਗਿਆ ਸੀ ਦੇ ਨਾਲ ਚਲੇ ਗਏ ਤਾਂ ਉਹ ਇਸ ਹੋਈ ਕਤਲੋਗਾਰਤ ਤੋਂ ਬਚ ਸਕੇ ਤੇ ਉਹਨਾਂ ਦਾ ਇੱਕ ਭਰਾ ਵੀ ਇੱਥੇ ਬਚ ਕੇ ਉਪਰਲੇ ਪਹਾੜੀ ਖੇਤਰ ਜਾ ਲੁਕਿਆ। 1947 ਦੇ ਬਟਵਾਰੇ ਦੇ ਸਮੇਂ ਇਹ ਪਿੰਡ ਇੱਕ ਵਾਰ ਬੁਰੀ ਤਰ੍ਹਾਂ ਉੱਜੜ ਗਿਆ ਸੀ ਤੇ ਛੇ ਮਹੀਨੇ ਤੱਕ ਇੱਥੇ ਦੀਵਾ ਤੱਕ ਨਹੀਂ ਬਲਿਆ। ਜਿਉਂ-ਜਿਉਂ ਹਾਲਾਤ ਸਾਮਾਨ ਹੁੰਦੇ ਗਏ ਤਾਂ ਫਿਰ ਤੋਂ ਲੋਕਾਂ ਨੇ ਇੱਥੇ ਆ ਕੇ ਪਿੰਡ ਨੂੰ ਆਬਾਦ ਕੀਤਾ। ਲਾਲ ਖਾਂ ਤੇ ਬਾਬੂ ਖਾਂ ਦੋਵੇਂ ਮੁਸਲਿਮ ਭਰਾ ਵੀ ਦੁਬਾਰਾ ਆ ਕੇ ਵਸ ਗਏ ਜਿਨ੍ਹਾਂ ਦੇ ਅੱਗੇ ਪੀੜ੍ਹੀਆਂ ਦੇ ਹੁਣ 12-13 ਘਰ ਰਹਿ ਰਹੇ ਹਨ।

ਪੁਰਾਤਨ ਧਾਰਮਿਕ ਇਮਾਰਤਾਂ ਤੇ 101 ਖ਼ੂਹ ਜਿਨ੍ਹਾਂ ਵਿੱਚੋਂ ਕਾਫ਼ੀ ਖ਼ੂਹ ਪਿੰਡ ਵਾਸੀਆਂ ਨੇ ਹਾਲੇ ਵੀ ਸਾਂਭੇ ਹੋਏ ਹਨ। ਇਸ ਪਿੰਡ ਦੀ ਪ੍ਰਾਚੀਨਤਾ ਦੀ ਗਵਾਹੀ ਭਰਦੇ ਹਨ। ਧਾਰਮਿਕ ਸਥਾਨਾਂ ਦੀ ਗੱਲ ਕਰੀਏ ਤਾਂ ਬੱਦੀ ਰੋਡ 'ਤੇ ਪਿੰਡ ਦੇ ਬਿਲਕੁਲ ਨਾਲ ਲੱਗਦੀ ਪਹਾੜੀ 'ਤੇ ਪੁਰਾਤਨ ਭੈਰੋਂ ਜਤੀ ਬਾਬਾ ਦਾ ਮੰਦਿਰ ਹੈ ਜਿੱਥੇ ਹਰ ਐਤਵਾਰ ਵੱਡੀ ਤਦਾਦ ਵਿੱਚ ਸ਼ਰਧਾਲੂਆਂ ਦਾ ਆਉਣਾ ਜਾਣਾ ਲੱਗਿਆ ਰਹਿੰਦਾ ਹੈ ਤੇ ਸਾਲ ਵਿੱਚ ਇੱਕ ਦਿਨ ਵੱਡਾ ਮੇਲਾ

ਭਰਦਾ ਹੈ। ਪਿੰਡ ਦੇ ਵਿਚਕਾਰ ਇੱਕ ਪ੍ਰਾਚੀਨ ਸ਼ਿਵ ਮੰਦਿਰ ਤੇ ਇਕ ਹੋਰ ਸ਼ਿਵ ਮੰਦਿਰ ਬਣਿਆ ਹੋਇਆ ਹੈ ਤੇ ਲਾਲ ਹੀ ਜੈਨ ਧਰਮ ਨਾਲ ਸਬੰਧਿਤ ਸਮਤਾ ਯੋਗ ਆਸ਼ਰਮ ਬਣਾਇਆ ਹੋਇਆ ਹੈ ਜਿੱਥੇ ਸਮੇਂ-ਸਮੇਂ ਤੇ ਧਾਰਮਿਕ ਪ੍ਰੋਗਰਾਮ ਹੁੰਦੇ ਰਹਿੰਦੇ ਹਨ। ਪਿੰਡ ਵਿੱਚ ਵੜਨ ਤੋਂ ਪਹਿਲਾਂ ਸਿਸਵਾਂ ਬੱਦੀ ਮਾਰਗ 'ਤੇ ਖੱਬੇ ਪਾਸੇ ਬਾਬਾ ਹਰੀਪੁਰ ਵਾਲਿਆਂ ਦੀ ਯਾਦ ਵਿੱਚ ਇਕ ਗੁਰਦੁਆਰਾ ਸਾਹਿਬ (ਹਲਟੀ ਵਾਲਾ) ਬਣਿਆ ਹੋਇਆ ਹੈ। ਜਿੱਥੇ ਹਰ ਮਹੀਨੇ ਦੀ ਸੰਗਰਾਂਦ ਵਾਲੇ ਦਿਨ ਪਿੰਡ ਦੇ ਲੋਕ ਇਕੱਤਰ ਹੁੰਦੇ ਹਨ। ਅੱਗੇ ਜਾ ਕੇ ਰੋਡ ਤੋਂ ਪਿੰਡ ਦੀ ਪਹਿਲੀ ਗਲੀ 'ਤੇ ਖੱਬੇ ਪਾਸੇ ਸ਼ੀਤਲਾ ਮਾਤਾ ਦਾ ਮੰਦਿਰ ਤੇ ਸੱਜੇ ਪਾਸੇ ਗੁੱਗਾ ਜਾਹਿਰ ਪੀਰ ਦਾ ਸਥਾਨ ਬਣਿਆ ਹੋਇਆ ਹੈ ਤੇ ਦਸ ਕੁ ਕਦਮ ਅੱਗੇ ਜਾ ਕੇ ਰੋਡ 'ਤੇ ਸੱਜੇ ਪਾਸ ਮੁਸਲਿਮ ਭਾਈਚਾਰੇ ਦੀ ਮਸੀਤ ਸੁਸ਼ੋਭਿਤ ਹੈ। ਸਿਸ਼ਵਾਂ ਤੋਂ ਪੜੌਲ ਨੂੰ ਜਾਂਦੇ ਪੱਕੇ ਰਾਸਤੇ 'ਤੇ ਪਹਿਲਾਂ ਖੱਬੇ ਪਾਸੇ ਸਾਬਕਾ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਛੇ ਏਕੜ 'ਚ ਬਣੀ ਰਿਹਾਇਸ਼ ਮਹਿੰਦਰ ਬਾਗ ਫਾਰਮ ਹਾਊਸ ਹੈ। (ਮੁੱਖ ਮੰਤਰੀ ਦੇ ਕਾਰਜਕਾਲ ਸਮੇਂ ਧਰਨਿਆਂ ਦੇ ਕੇਂਦਰ ਵਜੋਂ ਸੁਰਖੀਆਂ ਵਿਚ ਰਿਹਾ) ਅਤੇ ਦੋ ਕੁ ਸੌ ਮੀਟਰ ਅੱਗੇ ਜਾ ਕੇ ਸੱਜੇ ਪਾਸੇ ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਬਣਿਆ ਹੋਇਆ ਹੈ ਜੋ ਕਿ ਸੰਤ ਬਾਬਾ ਕਰਤਾਰ ਸਿੰਘ ਭੈਰੋਂ ਮਾਜਰੇ ਵਾਲਿਆਂ ਦੀ ਯਾਦ ਵਿੱਚ ਬਣਾਇਆ ਗਿਆ ਹੈ। ਜਿੱਥੇ ਹਰ ਮਹੀਨੇ ਦੀ 18 ਤਾਰੀਖ ਨੂੰ ਦੀਵਾਨ ਸਜਦੇ ਹਨ ਤੇ ਹਰ ਸਾਲ 16,17,18 ਨਵੰਬਰ ਨੂੰ ਸਲਾਨਾ ਮੇਲਾ ਭਰਦਾ ਹੈ। ਮਾਜਰਾ ਟੀ-ਪੁਆਇੰਟ ਤੋਂ ਸਿਸਵਾਂ ਪਿੰਡ ਨੂੰ ਜਾਂਦਿਆਂ ਰੋਡ 'ਤੇ ਖੱਬੇ ਪਾਸੇ ਸੁਤੰਤਰਤਾ ਸੰਗਰਾਮੀ ਸ਼ਹੀਦ ਡਾ. ਦੀਵਾਨ ਸਿੰਘ ਕਾਲੇਪਾਣੀ ਮਿਊਜ਼ੀਅਮ ਤੇ ਲਾਇਬ੍ਰੇਰੀ ਸਥਿਤ ਹੈ ਜੋ ਕਿ ਉਹਨਾਂ ਦੇ ਵੱਲੋਂ ਪਰਿਵਾਰ ਦੁਆਰਾ ਬਣਾਇਆ ਗਿਆ ਹੈ, ਇਸ ਸਥਾਨ 'ਤੇ ਹਰ ਰੋਜ਼ ਸੈਲਾਨੀ ਪਹੁੰਚਦੇ ਹਨ ਅਤੇ ਸ਼ਹੀਦ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਸੰਘਰਸ਼ੀ ਜੀਵਨ ਤੇ ਉਹਨਾਂ ਦੀ ਆਜ਼ਾਦੀ ਲਈ ਦਿੱਤੀ ਸ਼ਹਾਦਤ ਨੂੰ ਪ੍ਰਣਾਮ ਤੇ ਪ੍ਰੇਰਨਾ ਲੈਂਦੇ ਹਨ। ਇਹ ਮਿਊਜ਼ੀਅਮ ਬਿਨਾਂ ਕਿਸੇ ਟਿਕਟ ਤੋਂ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਸੈਲਾਨੀਆਂ ਲਈ ਖੁੱਲ੍ਹਾ ਰਹਿੰਦਾ ਹੈ ਤੇ ਹਰ ਸੋਮਵਾਰ ਬੰਦ ਰਹਿੰਦਾ ਹੈ। ਸੌ ਕੁ ਮੀਟਰ ਅੱਗੇ ਜਾ ਕੇ ਸ਼ਿਸ਼ਵਾਂ ਨਦੀ ਦੇ ਪੁਲ ਦੇ ਨਾਲ ਖੱਬੇ ਪਾਸੇ ਨੌਂ ਗਜਾ ਪੀਰ ਦੀ ਦਰਗਾਹ ਤੇ ਮਦਰੱਸਾ ਬਣਿਆ ਹੋਇਆ ਹੈ। ਇਸ ਦਰਗਾਹ 'ਤੇ ਵੀ ਸਲਾਨਾ ਇੱਕ ਦਿਨ ਦਾ ਮੇਲਾ ਭਰਦਾ ਹੈ।



ਪਿੰਡ ਦੇ ਨਾਲ ਉੱਤਰੀ ਦਿਸ਼ਾ ਵੱਲ ਵਰਲਡ ਬੈਂਕ ਦੀ ਸਕੀਮ ਅਧੀਨ ਸ਼ਿਸ਼ਵਾਂ ਨਦੀ ਨੂੰ ਬੰਨ੍ਹ ਮਾਰਕੇ 2001 ਵਿੱਚ ਡੈਮ ਦੀ ਉਸਾਰੀ ਕੀਤੀ ਗਈ ਹੈ ਜੋ ਕਿ ਹੁਣ ਪੰਜਾਬ ਸਰਕਾਰ ਦੁਆਰਾ ਇਸ ਨੂੰ ਟੂਰਿਸਟ ਪੈਲੇਸ ਵਜੋਂ ਵਿਕਸਿਤ ਕੀਤਾ ਜਾ ਰਿਹਾ ਹੈ। ਜਿੱਥੇ ਡੈਮ ਦੇ ਕਿਨਾਰੇ ਹਰਬਲ ਪਾਰਕ, ਸੈਲਾਨੀਆਂ ਦੇ ਠਹਿਰਣ ਲਈ ਟੈਂਟ ਨੁਮਾ ਘਰ, ਤੇ ਡੈਮ ਦੇ ਪਾਣੀ ਵਿੱਚ ਘੁੰਮਣ ਲਈ ਕਿਸ਼ਤੀਆਂ (ਬੋਟਿੰਗ) ਦੀ ਸ਼ੁਰੂਆਤ ਕੀਤੀ ਗਈ ਹੈ। ਇੱਥੇ ਹੀ ਪਹਾੜੀਆਂ ਦੇ ਵਿਚਕਾਰੋਂ ਸਾਢੇ 6 ਕਿਲੋਮੀਟਰ ਰਾਸਤਾ ਕੱਢ ਕੇ ਨੈਚਰਲ ਟਿੰਬਰ ਟਰੇਨ ਬਣਾਈ ਗਈ ਹੈ ਜੋ ਅੱਗੇ ਜਾ ਕੇ ਪਹਾੜੀਆਂ ਵਿਚ ਘਿਰੇ ਮਿਰਜਾਪੁਰ ਪਿੰਡ ਨਾਲ ਜਾ ਜੁੜਦਾ ਹੈ।

ਲਗਭਗ 700 ਸੌਂ ਦੀ ਵੱਸੋਂ ਵਾਲੇ ਪਿੰਡ ਸ਼ਿਸ਼ਵਾਂ ਤੇ ਸੁਲਤਾਨ ਟੱਪਰੀਆਂ (ਟੀ-ਪੁਆਇੰਟ ਕੋਲ ) ਦੋਵੇਂ ਪਿੰਡਾਂ ਦੀ ਸਾਂਝੀ ਪੰਚਾਇਤ ਬਣਾਈ ਹੋਈ ਹੈ। ਸ਼ਿਸ਼ਵਾਂ ਪਿੰਡ ਤੇ ਟੱਪਰੀਆਂ ਪਿੰਡ ਦੀ ਕੁੱਲ ਵੋਟ 519 ਹੈ। ਪੰਚਾਇਤ ਕੋਲ ਪਹਾੜੀਆਂ ਅਤੇ ਮੈਦਾਨੀ ਏਰੀਏ ਦੀ 3300 ਏਕੜ ਦੇ ਕਰੀਬ ਜ਼ਮੀਨ ਹੈ ਜਿਥੇ ਜੰਗਲਾਤ ਵਿਭਾਗ ਦੁਆਰਾ ਜੰਗਲੀ ਏਰੀਏ ਨੂੰ ਵਧਾਉਣ ਅਤੇ ਜੰਗਲੀ ਜਾਨਵਰਾਂ ਦੇ ਰਹਿਣ ਬਸੇਰੇ ਲਈ ਵੱਖ-ਵੱਖ ਤਰ੍ਹਾਂ ਦੇ ਬੂਟੇ ਲਾ ਕੇ ਇਨ੍ਹਾਂ ਦੀ ਸੰਭਾਲ ਕੀਤੀ ਜਾਂਦੀ ਹੈ। ਪੰਚਾਇਤ ਦੀ ਆਮਦਨ ਦਾ ਮੁੱਖ ਸਰੋਤ ਖੈਰ ਦੀ ਲੱਕੜੀ ਹੈ। ਜੋ ਕੱਥੇ ਦੇ ਲਈ ਵਰਤੋਂ ਵਿੱਚ ਆਉਂਦੀ ਹੈ। ਪਿੰਡ ਨੂੰ ਸਰਕਾਰ ਦੁਆਰਾ ਦਿੱਤੀਆਂ ਸਰਕਾਰੀ ਸਹੂਲਤਾਂ ਦੀ ਗੱਲ ਕਰੀਏ ਤਾਂ ਇਹ ਨਾ-ਮਾਤਰ ਹੀ ਕਹੀਆਂ ਜਾ ਸਕਦੀਆਂ ਹਨ। ਪਿੰਡ ਵਿਚ ਸਿਰਫ਼ ਇੱਕ ਸਰਕਾਰੀ ਪ੍ਰਾਇਮਰੀ ਸਕੂਲ ਤੇ ਆਂਗਨਵਾੜੀ ਸੈਂਟਰ ਚੱਲ ਰਿਹਾ ਹੈ। ਪਿੰਡ ਦੇ ਲੋਕਾਂ ਦੀ ਸਰਕਾਰ ਤੋਂ ਸਿਹਤ ਸੇਵਾਵਾਂ ਲਈ ਹਸਪਤਾਲ ਅਤੇ ਪੀਣ ਵਾਲੇ ਪਾਣੀ ਦਾ ਉੱਚਿਤ ਪ੍ਰਬੰਧ ਕਰਨ ਦੀ ਮੁੱਖ ਮੰਗ ਹੈ। ਵਰਤਮਾਨ ਸਮੇਂ ਹਿੰਦੂ, ਮੁਸਲਿਮ, ਸਿੱਖ ਆਦਿ ਧਰਮਾਂ ਦੇ ਵੱਖ-ਵੱਖ ਜਾਤਾਂ ਦੇ ਲੋਕ ਇਨਸਾਨੀਅਤ ਨੂੰ ਸਭ ਤੋਂ ਉੱਪਰ ਰੱਖਦਿਆਂ ਬਿਨਾਂ ਕਿਸੇ ਭੇਦਭਾਵ ਤੋਂ ਪਿਆਰ ਭਾਵ ਨਾਲ ਇੱਕ ਦੂਸਰੇ ਦੇ ਧਾਰਮਿਕ ਰੀਤੀ-ਰਿਵਾਜਾਂ ਤਿਉਹਾਰਾਂ ਤੇ ਇੱਕ ਦੂਸਰੇ ਨਾਲ ਗਮੀ-ਖੁਸ਼ੀ ਦੇ ਪਲਾਂ ਦੀ ਸਾਂਝ ਰੱਖਦੇ ਹਨ।

******

# ਤਾਰਾਪੁਰ ਮਾਜਰੀ ਦਾ ਇਤਿਹਾਸ

**-ਸਰੂਪ ਸਿਆਲਵੀ**
**ਮੋਬਾ.** 8847201454

ਪਿੰਡ ਤਾਰਾਪੁਰ ਮਾਜਰੀ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਵਸਿਆ ਹੋਇਆ ਹੈ। ਇਹ ਪਿੰਡ ਬੂਥਗੜ੍ਹ ਪੁਰਖਾਲੀ ਸੜਕ ਤੋਂ ਲਗਭਗ 5 ਕਿਲੋਮੀਟਰ ਦੀ ਦੂਰੀ ’ਤੇ ਹੈ। ਹਿਮਾਚਲ ਪ੍ਰਦੇਸ ਦੇ ਸ਼ਹਿਰ ਕਾਲਕਾ ਬੱਦੀ ਸੜਕ ਤੋਂ ਵੀ ਤਾਰਾਪੁਰ ਮਾਜਰੀ ਪਿੰਡ ਦੀ ਦੂਰੀ ਲਗਭਗ ਚਾਰ ਕਿਲੋਮੀਟਰ ਹੈ। ਇਹ ਕੱਚਾ ਰਸਤਾ ਪਹਾੜੀਆਂ ਕੱਟਕੇ ਬਣਾਇਆ ਹੋਇਆ ਹੈ। ਪਿੰਡ ਦੇ ਤਾਰਾਪੁਰ ਤੇ ਮਾਜਰੀ ਦੋ ਅਲਗ -ਅਲਗ ਧਾਮ ਹਨ, ਪਰ ਦੋਹਾਂ ਦੀ ਜ਼ਮੀਨ ਸਾਂਝੀ ਹੈ। ਪਿੰਡ ਦਾ ਵਹਿੰਦੜ ਰਕਬਾ ਲਗਭਗ 150 ਏਕੜ ਹੈ ਪਰ 1000 ਏਕੜ ਪਹਾੜੀ ਖੇਤਰ ਹੈ। ਪਿੰਡ ਦੀ ਅਬਾਦੀ ਲਗਭਗ 350 ਹੈ ਤੇ ਵੋਟਾਂ ਦੀ ਗਿਣਤੀ 200 ਹੈ।

ਪਿੰਡ ਵਿੱਚ ਗੁੱਜਰਾਂ ਤੇ ਰਵਿਦਾਸੀਆਂ ਦੇ ਘਰ ਹਨ। ਮੁੱਖ ਕਿੱਤਾ ਪਸ਼ੂ-ਪਾਲਣਾ ਹੈ। ਗਾਵਾਂ ਮੱਝਾਂ ਤੇ ਭੇਡਾਂ, ਬੱਕਰੀਆਂ ਪਾਲੀਆਂ ਜਾਂਦੀਆਂ ਹਨ। ਪਹਾੜੀ ਖੇਤਰ ਵਿੱਚ ਖੁੱਲ੍ਹੀਆਂ ਚਰਾਂਦਾਂ ਹਨ। ਪਸ਼ੂ ਸਾਰਾ ਦਿਨ ਘਾਹ ਚਰਦੇ ਰਹਿੰਦੇ ਹਨ। ਸੰਝ ਨੂੰ ਭੇਡਾਂ, ਬੱਕਰੀਆਂ ਸੰਭਾਲਣੀਆਂ ਪੈਂਦੀਆਂ ਹਨ। ਚੋਹੀਂ ਪਾਸੀਂ ਪਹਾੜੀਆਂ ਹੋਣ ਕਰਕੇ ਸੂਰ, ਹਿਰਨ, ਨੀਲ ਗਾਂ ਆਦਿ ਜੰਗਲੀ ਜਾਨਵਰ ਫਸਲਾਂ ਦਾ ਬਹੁਤ ਉਜਾੜਾ ਕਰਦੇ ਹਨ। ਫ਼ਸਲਾਂ ਦੀ ਦਿਨ ਰਾਤ ਰਾਖੀ ਕਰਨੀ ਪੈਂਦੀ ਹੈ। ਘਰ-ਘਰ ਊਠ ਰੱਖੇ ਹੋਏ ਹਨ। ਪਿੰਡ ਦੇ ਲੋਕ ਊਠਾਂ ਉੱਤੇ ਲੱਦ ਕੇ ਲੱਕੜ, ਬੱਬੜ ਤੇ ਬਟਵਾ ਦਾ ਵਪਾਰ ਕਰਦੇ ਹਨ।

ਮਾਸਟਰ ਇੰਦਰਜੀਤ ਸਿੰਘ ਤਾਰਾ ਪੁਰ ਤੇ ਮਾਜਰੀ ਦੇ ਸਕੂਲਾਂ ਵਿਚ ਲੰਮੇ ਸਮੇਂ ਤੱਕ ਪੜ੍ਹਾਉਂਦੇ ਰਹੇ ਨੇ। ਉਹ ਪਿੰਡ ਦੇ ਵਿਆਹ ਸ਼ਾਦੀਆਂ ਤੇ ਹੋਰ ਰਸਮਾਂ-ਰਿਵਾਜਾਂ ਵਿਚ ਸ਼ਾਮਿਲ ਹੁੰਦੇ ਰਹੇ ਨੇ। ਉਹ ਦੱਸਦੇ ਨੇ ਗੁੱਜਰਾਂ ਵਿਚ ਲੜਾਈ ਝਗੜੇ ਬਹੁਤ ਘੱਟ ਹੁੰਦੇ ਨੇ। ਕਿਉਂਕਿ ਉਹ ਇਕ ਦੂਸਰੇ ਦੀ ਭੈਣ ਨਾਲ (ਵੱਟਾ-ਸੱਟਾ) ਵਿਆਹ ਕਰਦੇ ਨੇ। ਦਾਜ ਦਹੇਜ ਵੀ ਇਕ ਦੂਸਰੇ ਨੂੰ ਇਕੋ ਜਿਹਾ ਦਿੰਦੇ ਨੇ। ਜੇ ਕੋਈ ਆਪਣੀ ਪਤਨੀ ਦੀ ਕੁੱਟ-ਮਾਰ ਕਰੂਗਾ..ਤਾਂ ਉਹੋ ਜਿਹੀ ਕੁੱਟ-ਮਾਰ ਉਹਦਾ ਸਾਲਾ ਕਮ ਬਹਿਨੋਈ ਉਹਦੀ ਭੈਣ ਦੀ ਕਰੂਗਾ।



ਪਰ ਸਮੱਸਿਆ ਉਦੋਂ ਪੇਸ਼ ਆਉਂਦੀ ਏ ਜੇਕਰ ਕਿਸੇ ਦੇ ਭੈਣ ਨਾ ਹੋਵੇ ਤਾਂ ਫਿਰ ਉਹਨੂੰ ਆਪਣਾ ਵਿਆਹ ਕਰਵਾਉਣ ਲਈ ਆਪਣੇ ਸਾਲੇ ਨੂੰ ਰਿਸ਼ਤੇਦਾਰੀ ਵਿਚੋਂ ਚਾਚੇ, ਤਾਏ ਜਾਂ ਭੂਆ ਜਾਂ ਮਾਮੇ ਦੀ ਕੁੜੀ ਦਾ ਸਾਕ ਦੇਣਾ ਪੈਂਦਾ ਏ ਤੇ ਜੇਕਰ ਅਗੋਂ ਕੱਲਾ ਹੀ ਮੁੰਡਾ ਹੋਵੇ...ਫ਼ੇਰ ਭੈਣ ਦਾ ਰਿਸ਼ਤਾ ਕਿਸ ਨੂੰ ਦਵੇ। ਮਾਸਟਰ ਇੰਦਰਜੀਤ ਸਿੰਘ ਨੇ ਇਕ ਅਜਿਹੀ ਮਿਸਾਲ ਦਿੱਤੀ ਕਿ ਗੋਚਰ ਤੋਂ ਜਿਹੜੀ ਕੁੜੀ ਮਾਜਰੀ ਪਿੰਡ ਵਿਚ ਵਿਆਹੀ ਹੋਈ ਹੈ। ਉਹਦੇ ਪਤੀ ਦੀ ਭੈਣ ਦਾ ਰਿਸ਼ਤਾ ਗੋਚਰ ਵਾਲੀ ਕੁੜੀ ਦੇ ਕੋਈ ਭਰਾ ਨਾ ਹੋਣ ਕਰਕੇ ਉਹਦੇ ਚਾਚੇ ਨੂੰ ਵੱਟਾ-ਸੱਟਾ ਕਰਕੇ ਦੇਣਾ ਪਿਆ।



**ਪਿੰਡ ਤਾਰਾਪੁਰ ਮਾਜਰੀ ਪੀਰ ਦਰਗਾਹ**

ਹੋਰ ਵੀ ਕਬੀਲਿਆਂ ਵਿਚ ਇਕ ਦੂਸਰੇ ਦੀ ਭੈਣ ਨਾਲ ਵਿਆਹ ਕਰਵਾਉਣ, ਵੱਟਾ-ਸੱਟਾ ਕਰਨ ਦਾ ਆਮ ਰਿਵਾਜ਼ ਹੈ। ਪਿੰਡ ਦੇ ਗੇਟ ਕੋਲ ਸੜਕ ਨਾਲ ਲਗਦੀ ਖਾਲੀ ਥਾਂ ਵਿਚ ਗਾਡੀ ਲੋਹਾਰ, ਗੱਡੀਆਂ ਵਾਲਿਆਂ ਦਾ ਪੱਕਾ ਈ ਡੇਰਾ ਰਹਿੰਦਾ ਏ। ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਇਹਨਾਂ ਵਿਚੋਂ ਕੁਝ ਗੱਡੀਆਂ ਵਾਲੇ ਜਾਂਦੇ ਤੇ ਕੁਝ ਆਉਂਦੇ ਰਹਿੰਦੇ ਹਨ। ਇਹਨਾਂ ਵਿਚ ਵੀ ਇਕ ਦੂਸਰੇ ਦੀ ਭੈਣ ਨਾਲ ਵਿਆਹ ਕਰਵਾਉਣ ਦੀ ਰਵਾਇਤ ਹੈ। ਕੁਝ ਕੇਸਾਂ ਵਿਚ, ਇਹਨਾਂ

ਦਾ ਛੱਡ-ਛੁਡਾ ਵੀ ਆਪਸੀ ਝਗੜੇ ਤੋਂ ਬਾਅਦ ਹੋ ਜਾਂਦਾ ਹੈ। ਆਪਣੀ ਤੀਵੀਂ ਨੂੰ ਛੱਡਣ ਵਾਲਾ, ਗੱਡੀ ਤੇ ਪਰਿਵਾਰ ਸਮੇਤ ਆ ਧਮਕਦਾ ਹੈ ਤੇ ਝਗੜਾ ਹੁੰਦਾ ਹੈ ਕਿ 'ਮੇਰੀ ਪਤਨੀ, ਭਾਵ ਆਪਣੀ ਭੈਣ ਸਾਂਭੋ ਤੇ (ਉਹਨਾਂ ਨੂੰ ਵਿਆਹੀ) ਮੇਰੀ ਭੈਣ ਸਾਡੇ ਹਵਾਲੇ ਕਰੋ। ਪੰਚਾਇਤ ਜੁੜਦੀ ਹੈ ਤੇ ਛੱਡ-ਛੁਡਾ ਹੋ ਜਾਂਦਾ ਹੈ। ਵਿਆਹ ਦੀ ਕੋਈ ਰਸਮ ਨਹੀਂ, ਕੋਈ ਕਾਨੂੰਨ ਲਾਗੂ ਨਹੀਂ ਹੁੰਦਾ। ਜ਼ੁਬਾਨੀ-ਕਲਾਮੀ ਵਿਆਹ ਤੋਂ ਜ਼ੁਬਾਨੀ ਕਲਾਮੀ ਤਲਾਕ ਹੋ ਜਾਂਦਾ ਹੈ। ਦੋਵੇਂ ਧਿਰਾਂ ਆਪਣੀ-ਆਪਣੀ ਭੈਣ ਕਿਸੇ ਹੋਰ ਨਾਲ ਵਟਾ ਕੇ...ਵੱਟੇ-ਸੱਟੇ ਦਾ ਵਿਆਹ ਕਰਨ ਲਈ ਸੁਤੰਤਰ ਹੁੰਦੀਆਂ ਹਨ।

ਬਹੁ ਗਿਣਤੀ ਗੁਜਰਾਂ ਦੇ ਆਪਣੇ ਬਣਾਏ ਰੀਤੀ ਰਿਵਾਜ ਹਨ ਤੇ ਗੁੱਜਰਾਂ ਦੀ ਬਹੁ ਗਿਣਤੀ ਹਿਮਾਚਲ ਪ੍ਰਦੇਸ ਵਿਚ ਹੈ। ਇਸ ਕਰਕੇ ਤਾਰਾਪੁਰ ਮਾਜਰੀ ਦੇ ਗੁਜਰਾਂ ਦੀਆਂ ਬਹੁਤੀਆਂ ਰਿਸ਼ਤੇਦਾਰੀਆਂ ਵੀ ਹਿਮਾਚਲ ਪ੍ਰਦੇਸ ਵਿਚ ਹਨ। ਜਿਵੇਂ ਗੁੱਜਰਾਂ ਦੇ ਹੁਣ ਵੀ ਬਹੁਤ ਜ਼ਿਆਦਾ ਪਸ਼ੂ-ਪਾਲਕ ਘੁੰਮਾਤਰੂ ਕਬੀਲੇ ਹਨ। ਇਸੇ ਤਰ੍ਹਾਂ ਤਾਰਾਪੁਰ ਮਾਜਰੀ ਦੇ ਗੁੱਜਰਾਂ ਦਾ ਵੀ ਘੁੰਮਾਤਰੂ ਪਸ਼ੂ ਪਾਲਕ ਕਬੀਲਾ ਸੀ। ਉਹਨਾਂ ਦੀ ਪੀੜ੍ਹੀ-ਦਰ ਪੀੜ੍ਹੀ ਪੁਰਖ ਦਸਦੇ ਆਏ ਕਿ ਚਾਰ-ਪੰਜ ਪੀੜ੍ਹੀਆਂ ਲਗਭਗ 100 ਕੁ ਸਾਲ ਪਹਿਲਾਂ ਉਹਨਾਂ ਦੇ ਪੁਰਖੇ ਤਾਰਾਪੁਰ ਮਾਜਰੀ ਪਿੰਡ ਵਿਚ ਪੱਕੇ ਤੌਰ 'ਤੇ ਵਸ ਗਏ ਸਨ।

ਤਾਰਾਪੁਰ ਵਿਚ ਇਕ ਮਾਤਾ ਰਾਣੀ ਮੰਦਰ ਹੈ। ਤਾਰਾਪੁਰ ਤੇ ਮਾਜਰੀ ਦੇ ਵਿਚਕਾਰ ਲਾਲਾਂ ਵਾਲੇ ਪੀਰ ਦਾ ਪ੍ਰਸਿੱਧ ਮੰਦਰ (ਮੀਨਾਰ) ਹੈ। ਇਥੇ ਹਰ ਵੀਰਵਾਰ ਨੂੰ ਲੋਕੀਂ ਮੱਥਾ ਟੇਕਣ ਆਉਂਦੇ ਨੇ। ਪਰ ਹਰ ਸਾਲ ਜੇਠ ਮਹੀਨੇ ਦੇ ਪਹਿਲੇ ਵੀਰਵਾਰ ਨੂੰ ਇਥੇ ਲਾਲਾਂ ਵਾਲੇ ਪੀਰ ਦਾ ਭਾਰੀ ਮੇਲਾ ਭਰਦਾ ਹੈ। ਲੋਕੀ ਦੂਰੋਂ-ਦੂਰੋਂ ਸੁੱਖਾਂ ਉਤਾਰਨ ਲਈ ਆਉਂਦੇ ਨੇ। ਲੋਕਾਂ ਦਾ ਅਟੱਲ ਵਿਸ਼ਵਾਸ ਹੈ ਕਿ ਲਾਲਾਂ ਵਾਲੇ ਦੀਆਂ ਸੁੱਖੀਆਂ ਸੁੱਖਾਂ ਬਰ ਆਉਂਦੀਆਂ ਨੇ। ਮਜ਼ਾਰ 'ਤੇ ਲੂਣ, ਝਾੜੂ, ਪਿਆਜ਼, ਅਨਾਜ ਦੀਆਂ ਬੋਰੀਆਂ, ਬੱਕਰੇ, ਮੱਝਾਂ, ਝੋਟੀਆਂ ਆਮ ਚੜ੍ਹਾਈਆਂ ਜਾਂਦੀਆਂ ਹਨ। ਕਣਕ, ਗੁੜ ਦੀਆਂ ਗੱਡੀਆਂ ਭਰਦੀਆਂ ਰਹਿੰਦੀਆਂ ਹਨ। ਮੇਲੇ ਉੱਤੇ ਵੱਖ-ਵੱਖ ਪਿੰਡਾਂ ਦੇ ਖੀਰ, ਕੜਾਹ-ਪ੍ਰਸ਼ਾਦ, ਪਕੌੜੇ, ਦਾਲ-ਫੁਲਕਾ, ਛੋਲੇ ਭਟੂਰੇ ਆਦਿ ਤਰ੍ਹਾਂ ਤਰ੍ਹਾਂ ਦੇ ਲੰਗਰ ਲੱਗੇ ਹੁੰਦੇ ਹਨ। ਭੀੜ-ਭੜੱਕਾ ਅੱਤ ਦਾ ਹੁੰਦਾ ਹੈ। ਲੋਕੀਂ ਟਰੈਕਟਰ-ਟਰਾਲੀਆਂ, ਕਾਰਾਂ, ਮੋਟਰ ਸਾਇਕਲਾਂ ਤੇ ਟਰੱਕਾਂ ਵਿਚ ਆਉਂਦੇ ਨੇ। ਵੱਡਾ ਮੇਲਾ ਜੇਠ ਦੇ ਮਹੀਨੇ



ਵੀਰਵਾਰ ਨੂੰ ਭਰਦਾ ਹੈ। ਉਂਝ ਜੇਠ ਦੇ ਸਾਰੇ ਵੀਰਵਾਰਾਂ ਨੂੰ ਲੋਕੀਂ ਵਡੀ ਗਿਣਤੀ ਵਿਚ ਆਉਂਦੇ ਰਹਿੰਦੇ ਨੇ।

ਤਾਰਾਪੁਰ ਮਾਜਰੀ ਦੇ ਲੋਕ ਪਾਣੀ ਦੀ ਬਹੁਤ ਔਖ ਕੱਟਦੇ ਰਹੇ ਨੇ। ਪਿੰਡ ਵਿਚ ਇਕ ਗੁੱਜਰਾਂ ਦਾ ਤੇ ਇਕ ਰਵਿਦਾਸੀਆਂ ਦਾ ਖੂਹ ਹੈ। ਗਰਮੀਆਂ ਵਿਚ ਤੜਕੇ-ਤੜਕੇ ਜਿਹਨੇ ਪਾਣੀ ਭਰ ਲਿਆ ਭਰ ਲਿਆ, ਦਿਨ ਚੜ੍ਹੇ ਪਾਣੀ ਖਤਮ। ਲੋਕਾਂ ਨੇ ਨਾਲ ਵਗਦੀ ਨਦੀ ਬੁਧਕੀ ਤੇ ਹੋਰ ਚੋਇਆਂ ਨਾਲਿਆਂ ਵਿੱਚ ਟੋਏ ਪੁਟਕੇ, ਆਲੇ-ਦੁਆਲੇ ਪੱਥਰ ਚਿਣਕੇ ਖੂਹ ਪੁੱਟੇ ਹੁੰਦੇ ਸਨ। ਇਨ੍ਹਾਂ ਵਿਚ ਸੇਮ ਦਾ ਕੁਝ ਪਾਣੀ ਇਕੱਠਾ ਹੋ ਜਾਂਦਾ ਸੀ ਪਰ ਪਾਣੀ ਦੀ ਜ਼ਰੂਰਤ ਅਧ-ਪੱਚਧ ਹੀ ਪੂਰੀ ਹੁੰਦੀ ਸੀ। ਪਰ ਦੋ ਤਿੰਨ ਸਾਲਾਂ ਤੋਂ ਪਿੰਡ ਵਿਚ ਟੂਟੀਆਂ ਲੱਗ ਗਈਆਂ ਨੇ ਤੇ ਸਰਕਾਰ ਵੱਲੋਂ ਵਾਟਰ ਸਪਲਾਈ ਦਾ ਪਾਣੀ ਦਿਤਾ ਜਾਣ ਲਗ ਪਿਆ ਏ। ਬਰਸਾਤ ਵਿਚ ਇਹਨਾਂ ਪਿੰਡਾਂ ਦਾ ਸੰਬੰਧ ਸ਼ਹਿਰ ਨਾਲੋ ਕੱਟ ਜਾਂਦਾ ਸੀ। ਹੁਣ ਦੋ ਕੁ ਸਾਲਾਂ ਤੋਂ ਮੀਆਂਪਰ ਚੰਗਰ ਤੋਂ ਪੱਕੀ ਸੜਕ ਬਣਾ ਦਿੱਤੀ ਗਈ ਏ ਤੇ ਨਦੀਆਂ, ਨਾਲਿਆਂ ਨੂੰ ਪੁਲ ਲਗਾ ਦਿੱਤੇ ਗਏ ਨੇ।

ਤਾਰਾ ਪੁਰ ਮਾਜਰੀ ਪਿੰਡ ਦੇ ਕੁਝ ਪਤਵੰਤੇ ਸੱਜਨਾਂ ਦੇ ਨਾਂ ਜਿਨ੍ਹਾਂ ਨੇ ਪਿੰਡ ਦੇ ਵਿਕਾਸ ਤੇ ਪਿੰਡ ਦਾ ਭਾਈਚਾਰਾ ਬਣਾ ਕੇ ਰੱਖਣ ਵਿਚ ਯੋਗਦਾਨ ਪਾਇਆ-ਨੰਬਰਦਾਰ ਮੁਣਸ਼ੀ, ਦਿਆਰਾਮ, ਸਾਬਕਾ ਸਰਪੰਚ ਕ੍ਰਿਸ਼ਨ, ਸਰਪੰਚ ਰੂਪ ਚੰਦ, ਠੇਕੇਦਾਰ ਮੇਵਾ ਸਿੰਘ, ਨਸੀਬ, ਰਘਬੀਰ ਸਿੰਘ। ਅਨਪੜ੍ਹਤਾ ਹੋਣ ਕਰਕੇ ਪਿਡ ਦਾ ਕੋਈ ਵਿਅਕਤੀ ਉੱਚੇ ਅਹੁਦੇ ਤਕ ਨਹੀਂ ਪਹੁੰਚ ਸਕਿਆ। ਚਾਰ ਪੰਜ ਬੰਦੇ ਫ਼ੌਜ ਵਿਚ ਗਏ ਨੇ। ਹੁਣ ਪਿੰਡ ਵਿਚ ਦੋ ਆਂਗਨਬਾੜੀਆਂ ਤੇ ਇਕ ਮਿਡਲ ਸਕੂਲ ਹੈ। ਹੁਣ ਕੁਝ ਵਿਦਿਆਰਥੀ ਨੇੜੇ ਦੇ ਸ.ਸ.ਸ.ਸ. ਖਿਜਰਾਬਾਦ ਵਿੱਚ ਪੜ੍ਹਦੇ ਨੇ ਤੇ ਉੱਚ ਸਿਖਿਆ ਵੀ ਗ੍ਰਹਿਣ ਕਰ ਰਹੇ ਨੇ। ਜਿਹੜੇ ਪਿੰਡ ਦਾ ਨਾਂ ਰੋਸ਼ਨ ਕਰਨਗੇ।

* * * *

## ਪਿੰਡ ਮਾਜਰੀ ਦੀ ਵਿਲੱਖਣਤਾ

**-ਸਰੂਪ ਸਿਆਲਵੀ**
**ਮੋਬਾ.** 8847201454

ਕੁਰਾਲੀ ਬੱਦੀ ਸੜਕ 'ਤੇ 9 ਕਿਲੋਮੀਟਰ ਦੀ ਦੂਰੀ 'ਤੇ ਬਲਾਕ ਮਾਜਰੀ ਆਉਂਦਾ ਹੈ। ਖੱਬੇ ਹੱਥ ਪੰਜ ਪੀਰਾਂ ਦੀ ਮਜਾਰ ਤੋਂ ਲਗਭਗ 1 ਕਿਲੋਮੀਟਰ 'ਤੇ ਪੁਰਾਤਨ ਪਿੰਡ ਮਾਜਰੀ ਵਸਿਆ ਹੋਇਆ ਹੈ। ਮੈਂ ਸਵੈ-ਜੀਵਨੀ 'ਜ਼ਲਾਲਤ' ਵਿਚ ਪਿੰਡ ਦੀਆਂ ਹੱਦਾਂ ਇੰਜ ਲਿਖੀਆਂ ਨੇ-

ਪੂਰਵ ਵਿਚ ਨੇ ਠਾਕੁਰ ਦੁਆਰੇ
ਪੱਛਮ ਵਿਚ ਨੇ ਦੋ ਗੁਰਦੁਆਰੇ
ਉੱਤਰ ਵਿਚ ਨੇ ਤਾਲ ਸੁਹਾਣੇ
ਦੱਖਣ ਵਿਚ ਹੈ ਨਦੀ
ਓ ਯਾਰਾ ! ਮੇਰਾ ਪਿੰਡ ਮਾਜਰੀ।

ਇਹ ਪਿੰਡ ਰਾਠੌਰ ਰਾਜਪੂਤਾਂ ਦਾ ਪਿੰਡ ਹੈ। ਜੋ ਕਿ ਲੰਬੇ ਸਮੇਂ ਤੋਂ ਰਾਜਸਥਾਨ ਦੇ ਬਿਜ਼ਨੌਰ ਵਿਚ ਵਸਦੇ ਆ ਰਹੇ ਸਨ। ਦਰਿਆ ਸਤਲੁਜ ਆਦਿ ਕਾਲ ਤੋਂ ਰੋਪੜ ਤੋਂ ਪੂਰਵ ਵਲ ਵਗਦਿਆਂ ਸ਼ੁਤਰਾਨੇ ਦੇ ਸਥਾਨ 'ਤੇ ਸਰਸਵਤੀ ਵਿਚ ਜਾ ਡਿਗਦਾ ਸੀ। ਸਰਸਵਤੀ ਦੀ ਵਿਸ਼ਾਲ ਧਾਰਾ ਰਾਜਸਥਾਨ ਦੇ ਇਲਾਕੇ ਨੂੰ ਸਰ-ਸਬਜ ਬਣਾਉਂਦੀ ਹੋਈ ਕੱਛ ਦੇ ਸਥਾਨ 'ਤੇ ਅਰਬ ਸਾਗਰ ਨੂੰ ਜਾ ਗਲਵਕੜੀ ਪਾਉਂਦੀ ਸੀ। ਪਰ ਕੁਦਰਤ ਦੇ ਰੰਗ ਨਿਆਰੇ ਨੇ। ਧਰਤੀ ਵਿਚ ਭੂਗੋਲਿਕ ਤਬਦੀਲੀ ਆਉਣੀ ਸ਼ੁਰੂ ਹੋਈ, ਅਰਾਵਲੀ ਪਰਬਤ ਊਚਾ ਉੱਠਣ ਲਗਿਆ। ਸਰਸਵਤੀ ਦੀ ਧਾਰਾ ਆਲੋਪ ਹੋਣ ਲੱਗੀ। ਸਤਲੁਜ ਦਰਿਆ ਆਪਣਾ ਵਹਾਅ ਬਦਲਦਾ ਬਦਲਦਾ ਲਗਭਗ 700 ਬਰਸ ਪਹਿਲਾਂ ਪੂਰਨ ਤੌਰ 'ਤੇ ਰੋਪੜ ਤੋਂ ਪੂਰਵ ਦੀ ਥਾਂ ਪੱਛਮ ਦਿਸ਼ਾ ਵੱਲ ਵਗਣ ਲੱਗ ਪਿਆ।

ਦਰਿਆਈ ਪਾਣੀਆਂ ਦੀ ਅਣਹੋਂਦ ਹੋਣ ਕਰਕੇ, ਰਾਜਸਥਾਨ ਦੀ ਉਪਜਾਊ ਧਰਤੀ ਮਾਰੂਥਲ ਬਣਨ ਲੱਗੀ। ਰਾਜਸਥਾਨ ਦੇ ਬਿਜਨੌਰ ਇਲਾਕੇ ਰਾਠੌਰ ਰਾਜਪੂਤ ਆਪਣੀ ਜਨਮ ਭੂਮੀ ਤੋਂ ਪਲਾਇਨ ਕਰਕੇ ਪੰਜਾਬ ਵੱਲ ਵਧਣ ਲੱਗੇ। ਭ੍ਰਮਣ ਕਰਦਿਆਂ ਉਨ੍ਹਾਂ ਨੂੰ ਸ਼ਿਵਾਲਿਕ ਦੀਆ ਪਹਾੜੀਆਂ ਵਿਚ ਸਥਿਤ ਵਪਾਰਕ ਕੇਂਦਰ, ਸੀਸਵਾਂ ਨਾਲ ਲਗਦੀ ਬਰਸਾਤੀ, ਨਦੀ-ਨਾਲਿਆਂ ਵਾਲਾ ਅਰਧ-ਪਹਾੜੀ ਖੇਤਰ ਬਹੁਤ ਪਸੰਦ ਆਇਆ। ਪਲਾਇਨ ਕਰਕੇ ਆਏ ਰਾਠੌਰ ਰਾਜਪੂਤ ਵੱਸਣ ਤੇ ਖੇਤੀ-ਬਾੜੀ ਯੋਗ ਭੂਮੀ ਬਣਾਉਣ ਲਈ ਜੰਗਲਾਂ-ਬੇਲਿਆਂ ਨੂੰ ਉਜਾੜਨ ਲੱਗੇ ਤੇ ਜੰਗਲਾਂ ਬੇਲਿਆਂ ਵਿਚ ਰਹਿੰਦੇ ਜੰਗਲੀ ਜਾਨਵਰ, ਪਸ਼ੂ-ਪੰਛੀ ਆਪਣੇ ਘਰ ਛੱਡਕੇ ਪਲਾਇਨ ਕਰਨ ਲੱਗੇ।



ਉਹਨਾਂ ਦੀ ਰਾਜਨੀਤਕ ਸੋਝੀ ਵੀ ਕੰਮ ਆਈ। ਉਸ ਵੇਲੇ ਇਹ ਇਲਾਕਾ, ਰਾਜੇ ਰਜਵਾੜਿਆਂ ਦੀ ਉਥਲ-ਪੁਥਲ ਤੋਂ ਰਹਿਤ ਸੀ। ਸੋ ਰਾਜਪੂਤ ਰਾਠੌਰ ਮਨ-ਮਰਜ਼ੀ ਦੀ ਭੂਮੀ ਦੇ ਮਾਲਕ ਬਣ ਬੈਠੇ।

ਮਾਜਰੀ ਪਿੰਡ ਦਾ ਹਦਬਸਤ ਨੰ: 147 ਹੈ। ਬੰਨਾ ਮਾਣਕਪੁਰ ਸ਼ਰੀਫ, ਸੰਗਤਪੁਰਾ, ਬਜੀਦਪੁਰ, ਚੰਦਪੁਰ, ਖ਼ਿਜਰਾਬਾਦ, ਖੇੜਾ, ਝੰਡੇਮਾਜਰਾ, ਮਹਿਰੌਨੀ, 11 ਪਿੰਡਾਂ ਨੂੰ ਲਗਦਾ ਹੈ। ਇੱਥੋਂ ਤੱਕ ਕਿ ਮਾਜਰੀ ਪਿੰਡ ਦਾ ਬੰਨਾ ਕਈ ਪਿੰਡਾਂ ਦੀ ਅਬਾਦੀ ਤੱਕ ਜਾ ਪਹੁੰਚਦਾ ਹੈ।

ਪਿੰਡ ਵਿਚ ਰਾਠੌਰ ਰਾਜਪੂਤਾਂ ਦੀਆਂ ਦੋ ਪੱਟੀਆਂ ਹਨ। ਉਪਰਲੀ ਪੱਟੀ ਤੇ ਉਸ ਤੋਂ ਹੇਠਲੀ ਪੱਟੀ। ਦੋਹਾਂ ਪੱਟੀਆਂ ਦੀਆਂ ਅਲੱਗ-ਅਲੱਗ ਧਰਮਸ਼ਾਲਾ ਹਨ। ਉਸ ਤੋਂ ਅੱਗੇ ਬ੍ਰਾਹਮਣਾਂ ਦੇ ਘਰ ਹਨ। ਦੋ, ਤਿੰਨ ਪੁਸ਼ਤਾਂ ਪਹਿਲਾਂ ਤੱਕ ਉਹਨਾਂ ਨੇ ਗੁਜ਼ਾਰੇ ਲਈ ਆਲੇ-ਦੁਆਲੇ ਦੇ ਪਿੰਡ ਵੰਡੇ ਹੋਏ ਸਨ। ਪਿੰਡ ਵਿਚ ਵੀ ਉਨ੍ਹਾਂ ਦਾ ਪੂਜਣਯੋਗ ਸਥਾਨ ਸੀ। ਨਾਈ ਪਿੰਡ ਵਿੱਚ ਸਚਮੁੱਚ ਦੇ ਰਾਜੇ ਸਨ। ਕਿਉਂਕਿ ਰਾਜ-ਰਜਵਾੜੇ ਤੇ ਰਾਜਪੂਤ ਆਦਿ ਉੱਚ ਵਰਨ ਦੇ ਲੋਕ ਧੀ ਦੇ ਘਰ ਦਾ ਪਾਣੀ ਤੱਕ ਨਹੀਂ ਸਨ ਪੀਂਦੇ। ਤੇ ਉਹ ਨਰਪਤ ਪਾਧੇ ਤੇ ਦੇਵ ਰਾਜ ਨਾਈ ਨੂੰ ਆਪਣੀਆਂ ਲੜਕੀਆਂ ਦੇ ਰਿਸ਼ਤੇ ਕਰਨ ਲਈ ਵੀ ਭੇਜ ਦਿੰਦੇ ਸਨ। ਉਹਨਾਂ 'ਤੇ ਪੂਰਾ ਭਰੋਸਾ ਕੀਤਾ ਜਾਂਦਾ ਸੀ। ਉਹ ਲੜਕੀ ਵਾਲੇ ਦੇ ਬਰਾਬਰ ਦੇ ਪਰਿਵਾਰ ਦੇ ਲੜਕੇ ਨਾਲ ਹੀ ਰਿਸ਼ਤਾ ਗੰਢਦੇ ਸਨ। ਜੇਕਰ ਉਹ ਤੰਦਰੁਸਤ ਲੜਕੀ ਦਾ ਸਰੀਰਕ ਨੁਕਸ ਵਾਲੇ ਲੜਕੇ ਨਾਲ, ਕਿਸੇ ਲਾਲਚ ਲਈ ਰਿਸ਼ਤਾ ਕਰ ਦਿੰਦੇ ਤਾਂ ਇਸਦਾ ਪਤਾ ਪਿੰਡ ਵਿਚ ਬਰਾਤ ਢੁਕਣ 'ਤੇ ਹੀ ਲਗਦਾ। ਤੇ ਉਹ ਆਖ ਦਿੰਦੇ ਕਿ ਮੰਗਣੀ ਵੇਲੇ ਤਾਂ ਲੜਕਾ ਤਾਂ ਠੀਕ ਸੀ ਬਾਅਦ ਵਿਚ ਨੁਕਸ ਪੈ ਗਿਆ ਹੋਣਾ। ਲੜਕੀ ਵਾਲੇ ਤਾਂ 'ਧੀਏ ਤੇਰੀ ਕਿਸਮਤ' ਆਖ ਲੜਕੀ ਨੂੰ ਤੋਰ ਦਿੰਦੇ। ਪਰ ਲੋਕ ਤਾਂ ਕਿਸੇ ਨੂੰ ਬਖ਼ਸ਼ਦੇ ਨਹੀਂ ਲੋਕ ਬੋਲੀ ਪ੍ਰਚਲਤ ਹੈ -

ਕਿਸੇ ਦਾ ਮੁੰਡਾ ਕਿਸੇ ਦੀ ਧੀ
ਨਾਈ ਖਾ ਗਏ ਸ਼ਕਰ-ਘੀ
ਇਹਨੂੰ ਕਹਿੰਦੇ ਨੇ ਚਾਰ ਸੌ ਵੀਹ।

ਇਥੇ ਹੀ ਬਸ ਨਹੀਂ, ਸਾਡੇ ਪਿੰਡ ਦੇ ਉਹ ਵਰਨ ਦੇ ਲੋਕ ਦੇਬੂ ਨਾਈ ਤੇ ਸੋਧਾਂ ਨੈਣ ਨੂੰ ਆਪਣੇ ਵਿਸ਼ਵਾਸ ਪਾਤਰ ਸਮਝਕੇ ਉਹਨਾਂ ਨੂੰ ਵਿਆਂਹਦੜ ਕੁੜੀ ਨਾਲ ਭੇਜਦੇ ਸਨ। ਕਿਉਂਕਿ ਉਦੋਂ ਲੜਕੀਆਂ ਸੰਗਦੀਆਂ ਬਹੁਤ ਹੁੰਦੀਆਂ ਸਨ। ਤੇ ਸੰਗਦੀ-ਸੰਗਾਉਂਦੀ ਨਵੀਂ ਨਵੇਲੀ ਵਿਆਂਹਦੜ ਕੁੜੀ ਨੂੰ ਜਾਣਕਾਰ ਨੈਣ ਹੀ ਪੁਚਕਾਰ ਕੇ ਰੋਟੀ-ਪਾਣੀ, ਖਾਣ-ਪੀਣ ਨੂੰ ਮਨਾਉਂਦੀ ਹੁੰਦੀ ਸੀ।

ਪਿੰਡ ਦੇ ਬਾਣੀਏ ਦੁਕਾਨਾਂ ਤੇ ਵਪਾਰ ਕਰਦੇ ਨੇ। ਪਿੰਡ ਦੇ ਦੱਖਣ ਵਿੱਚ ਸੈਣੀਆਂ ਦੇ ਘਰ ਨੇ। ਉਹ ਥੋੜ੍ਹੀਆਂ ਥੋੜ੍ਹੀਆਂ ਜ਼ਮੀਨਾਂ ਦੇ ਸਿਰ 'ਤੇ ਸਾਗ ਸਬਜ਼ੀਆਂ ਲਿਆ ਕੇ ਵਧੀਆ ਗੁਜ਼ਾਰਾ ਕਰੀ ਜਾ ਰਹੇ ਨੇ। ਉਹਨਾਂ ਦੇ ਮੁਹੱਲੇ ਵਿਚ ਗੁੱਗਾ ਮਾੜੀ ਵੀ ਹੈ, ਜਿਸਦੀ ਉਸਾਰੀ ਰਾਜਸਥਾਨ ਦੀ ਗੁੱਗਾ ਮਾੜੀ ਦੇ ਨਕਸ਼ੇ ਅਨੁਸਾਰ ਕੀਤੀ ਗਈ ਹੈ।

ਪਿੰਡ ਵਿਚ ਕਾਸ਼ਤਕਾਰਾਂ ਦੇ ਨਾਲ-ਨਾਲ ਕਿੱਤਾਕਾਰਾਂ ਦਾ ਵੀ ਆਪਣਾ ਵੱਖਰਾ ਸਥਾਨ ਰਿਹਾ। ਪਿੰਡ ਵਿਚ ਲੁਹਾਰਾਂ, ਤਰਖਾਣਾਂ, ਘੁਮਾਰਾਂ ਦਾ ਆਪਣਾ ਵੱਖਰਾ ਸਥਾਨ ਰਿਹਾ। ਪਿੰਡ ਵਿੱਚ ਲੁਹਾਰਾਂ, ਤਰਖਾਣਾਂ, ਘੁਮਾਰਾਂ, ਜੁਲਾਹਿਆਂ, ਤੇਲੀਆਂ, ਸੁਨਿਆਰਾਂ, ਪੀਜਿਆਂ ਆਦਿ ਦੇ ਵੱਖਰੇ ਵੱਖਰੇ ਮੁਹੱਲੇ ਨੇ ਤੇ ਕੱਪੜਾ, ਜੁੱਤੀ, ਕਹੀ, ਖੁਰਪਾ, ਮਿੱਟੀ ਦੇ ਬਰਤਨ, ਲੂਣ, ਤੇਲ, ਲਕੜੀਆਂ ਕਿਸੇ ਚੀਜ਼ ਬਿਨਾਂ ਵੀ ਨਹੀਂ ਸਰਦਾ, ਗਹਿਣੇ ਪਹਿਨਣਾ ਹਰ ਔਰਤ ਦਾ ਚਾਅ ਤੇ ਸ਼ੌਂਕ ਹੈ ਜੋ ਸੋਨੇ ਦੇ ਨਹੀਂ ਤਾਂ ਚਾਂਦੀ ਦੇ ਹੀ ਸਹੀ। ਮੇਰੇ ਪੁਰਵਜਾਂ ਦੀਆਂ ਜ਼ਰੂਰਾਂ ਬਹੁਤ ਘੱਟ ਸਨ। ਮੇਰਾ ਪਿੰਡ ਆਤਮ-ਨਿਰਭਰ ਪਿੰਡ ਰਿਹਾ, ਸੈਂਕੜੇ ਹਜ਼ਾਰਾਂ ਸਾਲਾਂ ਤੋਂ।

ਪਰ ਜਿਵੇਂ ਸਿਆਲਵੀਏ ਰਜਵਾੜੇ ਦੇ ਅਹਿਲਕਾਰ ਕਿਸਾਨਾਂ ਦੇ ਬੋਹਲਾਂ ਤੋਂ ਹੀ ਰਾਜੇ ਦੇ ਟੈਕਸ ਦੇ ਨਾਂ 'ਤੇ ਅਨਾਜ ਦੀਆ ਬੋਰੀਆਂ ਭਰ ਲਿਜਾਂਦੇ ਸਨ। ਇਸ ਤਰ੍ਹਾਂ ਕਾਸ਼ਤਕਾਰ ਵੀ ਗੁੱਸਾ ਕਿੱਤਾਕਾਰਾਂ ਤੇ ਝਾੜਦੇ ਤੇ ਉਹਨਾਂ ਤੋਂ ਗੁਡਾਈ-ਵਢਾਈ ਵੇਲੇ ਵਗਾਰ ਵਜੋਂ ਕਈ-ਕਈ ਦਿਹਾੜੀਆਂ ਲੁਆਈਆਂ ਜਾਂਦੀਆਂ ਸਨ।

ਪਿੰਡ ਦੇ ਹਰ ਅਦਾਰੇ ਵਿਚ ਉੱਚੇ-ਨੀਵੇਂ ਦੀ ਝੇਪ ਤਾਂ ਰਹਿੰਦੀ ਹੀ ਏ। ਪਰ ਬਿਪਤਾ ਪੈਣ 'ਤੇ ਸਾਰਾ ਪਿੰਡ ਇਕ ਥਾਂ ਖੜ੍ਹ ਜਾਂਦਾ ਹੈ। ਦੇਸ਼ ਵੰਡ ਤੋਂ ਪਹਿਲਾਂ ਪਿਓ ਦਾਦੇ ਦੇ ਦੱਸਣ ਅਨੁਸਾਰ ਸਾਡੇ ਪਿੰਡ ਵਿੱਚ ਮੁਸਲਮਾਨਾਂ ਦੇ ਤਿੰਨ ਚਾਰ ਸੌ ਘਰ ਸਨ। ਉਹਨਾਂ ਵਿਚੋਂ ਬਹੁ-ਗਿਣਤੀ ਜੁਲਾਹਿਆਂ ਦੀ ਸੀ ਜਿਹੜੇ ਖੱਡੀ ਉਤੇ ਕੱਪੜਾ ਬੁਣਦੇ ਸਨ। ਉਹਨਾਂ ਵਿਚੋਂ ਪੜ੍ਹੇ ਲਿਖੇ ਮੁਣਸ਼ੀ ਤੇ



ਪਟਵਾਰੀ ਲੱਗੇ ਹੋਏ ਸਨ। ਸਾਡੇ ਬਾਬੇ ਨੰਬਰਦਾਰ ਨੱਥਾ ਸਿੰਘ ਨੇ ਚਾਚਾ ਅਜੀਤ ਸਿੰਘ ਨੂੰ ਵੀ ਉਰਦੂ ਦੀਆਂ ਚਾਰ ਜਮਾਤਾਂ ਪੜ੍ਹਾ ਦਿਤਾ ਸੀ। ਪਰ ਉਹ ਅਧਰੰਗ ਹੋ ਜਾਣ ਕਰਕੇ ਨੌਕਰੀ ਨਹੀਂ ਕਰ ਸਕਿਆ। ਮੁਸਲਮਾਨ ਮਾਂ ਦਾ ਦੁੱਧ ਛੱਡਕੇ ਨਿਕਾਹ ਕਰ ਲੈਂਦੇ ਸਨ। ਬਾਪੂ ਦੱਸਦਾ ਹੁੰਦਾ ਸੀ ਕਿ ਮੁਸਲਮਾਨਾਂ ਦੀ ਬਰਾਤ ਘਰੋਂ ਉਠਕੇ, ਪਿੰਡ ਦਾ ਚੱਕਰ ਲਾ ਕੇ, ਵਿਆਹ ਵਾਲੇ ਘਰ ਆ ਕੇ ਵੜਦੀ ਸੀ। 1947 ਦੀ ਵੰਡ ਵੇਲੇ ਸਾਡੇ ਪਿੰਡ ਦੇ ਲੋਕਾਂ ਨੇ ਮੁਸਲਮਾਨਾਂ ਨੂੰ ਸਹੀ ਸਲਾਮਤ ਕੁਰਾਲੀ ਮੁਸਲਮਾਨਾਂ ਦੇ ਕੈਂਪ ਵਿੱਚ ਛੱਡ ਕੇ ਆਂਦਾ। ਫਿਰ ਵੀ ਤੇਲੀਆਂ, ਪੀਂਜਿਆਂ ਤੇ ਰਾਜਪੂਤਾਂ ਦੇ ਮੁਸਲਮਾਨਾਂ ਦੇ ਸਣੇ ਕੁਝ ਘਰ ਪਿੰਡ ਵਿੱਚ ਹੀ ਰਹਿ ਗਏ ਸਨ ਉਹ ਪਿੰਡ ਵਿਚ ਵਿਆਹ ਕਰਨ ਤੋਂ ਹਟ ਗਏ ਸਨ। ਹਿੰਦੂਆਂ ਵਰਗੇ ਨਾ ਰੱਖਣ ਲਗ ਪਏ ਸਨ। ਪਰ 15-20 ਸਾਲਾਂ ਤੋਂ ਉੱਤਰ ਪ੍ਰਦੇਸ ਦੇ ਮੁਸਲਮਾਨਾਂ ਨੇ ਪੰਜਾਬ ਆਉਣਾ ਸ਼ੁਰੂ ਕਰ ਦਿੱਤਾ ਸੀ। ਹੁਣ ਪਿੰਡ ਦੇ ਵਿਚਕਾਰ ਸਾਡੇ ਪਿੰਡ ਦੀ ਮਸਜਿਦ ਨੂੰ ਵੀ ਨਵੀਂ ਦਿੱਖ ਦਿੱਤੀ ਗਈ, ਉਤੇ ਦੋ ਮੀਨਾਰ ਖੜ੍ਹੇ ਕਰ ਦਿੱਤੇ ਨੇ ਤੇ ਸੁਬਹ ਸਵੇਰੇ ਜਦ ਗੁਰਦੁਆਰੇ ਵਿਚ ਅਰਦਾਸ, ਮੰਦਰ ਵਿਚ ਆਰਤੀ ਹੁੰਦੀ ਏ ਤਾਂ ਮਸਜਿਦ ਵਿਚ ਵੀ ਅਜਾਨ ਦਿੱਤੀ ਜਾਂਦੀ ਏ ਤੇ ਮੁਸਲਮਾਨ ਘਰਾਂ ਤੋਂ ਨਿਕਲਕੇ ਨਿਮਾਜ਼ ਅਦਾ ਕਰਨ ਲਈ ਮਸਜਿਦ ਵੱਲ ਜਾਣ ਲਗਦੇ ਨੇ। ਹੁਣ ਉਨ੍ਹਾਂ ਦੇ 70-75 ਘਰ ਬਣ ਗਏ ਨੇ। ਮੌਲਵੀ ਮੁੰਡਿਆਂ ਦੀ ਸੁੰਨਤ ਕਰਦਾ ਹੈ, ਮੁਸਲਮਾਨਾਂ ਵਾਲੇ ਨਾਂ ਰੱਖੇ ਜਾਂਦੇ ਨੇ। ਨਿਕਾਹ ਪੜ੍ਹਾਏ ਜਾਂਦੇ ਹਨ।

ਸਾਡੇ ਘਰਾਂ ਦੀ ਵਿਲੱਖਣਤਾ ਸੀ ਕਿ ਸਾਡੇ ਪਿੰਡ ਵਿੱਚ ਧਰਮ ਵੀਰ, ਹਕੀਕਤ ਰਾਏ, ਰਾਜਾ ਹਰੀਸ਼ ਚੰਦਰ, ਕਿਰਨ ਮਈ ਆਦਿ ਪੁਰਾਤਨ ਨਾਟਕ ਖੇਡੇ ਜਾਂਦੇ ਸਨ। ਪੁਰਾਤਨ ਨਾਟਕ ਦੀ ਇਹ ਕਲਾ ਸਾਡੇ ਪਿੰਡ ਦਾ ਦੀਨਾ ਨਾਥ ਦਰਜ਼ੀ ਸ਼ਿਮਲੇ ਤੋਂ ਲੈ ਆਇਆ ਸੀ। ਨਾਟਕ ਖੇਡਣ ਵਾਲੇ ਮੁਖ ਪਾਤਰ ਪੰ. ਦੀਨਾ ਨਾਥ, ਰਾਮ ਮੂਰਤੀ, ਚੌ. ਰਤਨ ਸਿੰਘ, ਧਰਮ ਸਿੰਘ, ਸੁੰਦਰ ਭਡਪੂੰਜਾ ਆਦਿ ਹੁੰਦੇ ਸਨ। ਸੁੰਦਰ ਭਡਪੂੰਜਾ ਜਦ ਕਾਲੇ ਕੱਪੜੇ ਪਾ ਕੇ ਹਕੀਕਤ ਰਾਏ ਨੂੰ ਕਤਲ ਕਰਨ ਦਾ ਰੋਲ ਕਰਦਾ ਤਾਂ ਦਰਸ਼ਕਾਂ ਦੇ ਦਿਲ ਕੰਬ ਜਾਂਦੇ ਸਨ। ਹਕੀਕਤ ਰਾਏ ਨੂੰ ਕਤਲ ਕਰਕੇ ਉਹਦੇ ਸਿਰ ਧੜ ਦਾ ਦਿਲ ਕੰਬਾਉ ਦ੍ਰਿਸ਼ ਸਟੇਜ ਤੇ ਦਿਖਾਇਆ ਜਾਂਦਾ। ਹਕੀਕਤ ਰਾਏ ਦੇ ਪਾਤਰ ਦੀਨਾ ਨਾਥ ਦਾ ਸਿਰ ਇਕ ਮੰਜੇ ਦੀ ਦੌਣ ਵਿਚੋਂ ਕੱਢਕੇ ਗਰਦਨ ਦੁਆਲੇ ਗੱਤੇ ਦਾ ਥਾਲ ਬਣਾ ਦਿੱਤਾ ਜਾਂਦਾ ਤੇ ਦੂਸਰੇ ਆਦਮੀ ਦੀ ਗਰਦਨ ਥੱਲੇ ਨੂੰ ਕਰਕੇ ਕੇਲੇ ਦੀ ਗਰਦਨ ਬਣਾ

ਕੇ ਉਤੇ ਲਾਲ ਰੰਗ ਲਾ ਦਿੱਤਾ ਜਾਂਦਾ। ਸਾਬਤ-ਸਬੂਤ ਬੰਦੇ ਦੀ ਕੱਟੀ ਹੋਈ ਗਰਦਨ ਨਜ਼ਰ ਆਉਂਦੀ।

ਸਾਡੇ ਪਿੰਡ ਦੀ ਪੁਰਾਤਨ ਨਾਟਕ ਕਲਾ ਸਿਮਟ ਜਾਣ ਤੋਂ ਬਾਅਦ ਨਾਟਕ ਖੇਡਣ ਦੀ ਕਮਾਨ ਸਾਡੇ ਪਿੰਡ ਦੇ ਬਾਜ਼ੀਗਰ ਨਕਲੀਆਂ ਨੇ ਸੰਭਾਲ ਲਈ ਸੀ। ਦੇਸ਼ ਵੰਡ ਤੋਂ ਬਾਅਦ ਮੁਸਲਮਾਨਾਂ ਰਾਹੀਂ ਛੱਡੇ ਘਰਾਂ ਨੂੰ, ਪਾਕਿਸਤਾਨ ਤੋਂ ਪਲਾਇਨ ਕਰਕੇ ਆਏ ਬਾਜ਼ੀਗਰਾਂ ਨੇ ਸੰਭਾਲ ਲਿਆ ਸੀ। ਉਹ ਆਪਣੇ ਨਾਲ ਜੇ ਕੁਝ ਹੋਰ ਨਹੀਂ ਤਾਂ ਢੋਲ ਲੈ ਕੇ ਆਏ ਸਨ। ਹਰ ਘਰ ਵਿਚ ਜੇ ਵਧ ਨਹੀਂ ਤਾਂ ਇਕ ਢੋਲ ਤਾਂ ਜ਼ਰੂਰੀ ਸੀ। ਸਾਡੇ ਪਿੰਡ ਦੇ ਰਲੇ ਮਰਾਸੀ ਤੋਂ ਬਾਜ਼ੀਗਰਾਂ ਦੇ ਮੁੰਡਿਆਂ ਪ੍ਰੇਮ, ਖਰੈਤੀ, ਸੁੰਦਰੀ, ਬਹਾਦਰ, ਦਲੀਪ, ਪਠਾਣੀਆ ਆਦਿ ਨੇ ਗੀਤ-ਸੰਗੀਤ ਸਿਖਿਆ ਤੇ ਮੇਰੇ ਪਿਤਾ ਸ. ਆਸਾ ਸਿੰਘ ਨੇ ਨੰਬਰਦਾਰ ਤੋਂ ਪੰਜਾਬੀ ਪੜ੍ਹਨੀ, ਲਿਖਣੀ ਸਿੱਖੀ ਤਾਂ ਜੋ ਗੀਤਾਂ ਨੂੰ ਲਿਖਕੇ ਯਾਦ ਕਰ ਸਕੇ। ਇਹਨਾਂ ਦੀ ਤੇ ਅਗਲੀ ਪੀੜ੍ਹੀ ਕਰਮ ਚੰਦ, ਸੋਹਨ ਲਾਲ (ਸੋਹਣੀ) ਮਿਹਰੂ, ਪੂਰਨ, ਬੱਗੂ ਆਦਿ ਦੀ ਨਕਲੀਆਂ ਦੀ ਪਾਰਟੀ ਨੇ ਪੰਜਾਬ ਹਰਿਆਣਾ, ਹਿਮਾਚਲ ਦੇ ਦੂਰ-ਦੂਰ ਦੇ ਇਲਾਕਿਆਂ ਤਕ ਧੁੰਮਾਂ ਪਾ ਛੱਡੀਆਂ। ਨੈਸ਼ਨਲ ਬੁੱਕ ਟਰਸਟ, ਦਿੱਲੀ ਵੱਲੋਂ 'ਪੰਜਾਬ ਦੀਆਂ ਨਕਲਾਂ' ਤੇ ਛਾਪੀ ਗਈ ਪੁਸਤਕ ਵਿਚ 'ਪਿੰਡ ਮਾਜਰੀ ਦੇ ਬਾਜ਼ੀਗਰ' ਨਕਲੀਏ 'ਤੇ ਮੇਰਾ ਲਿਖਿਆ ਆਰਟੀਕਲ ਸ਼ਾਮਿਲ ਹੈ। ਖੁਸ਼ੀ ਦੀ ਗੱਲ ਇਹ ਹੈ ਕਿ ਚੰਡੀਗੜ੍ਹ ਦੀ ਪ੍ਰਸਿੱਧ ਨਾਟਕ 'ਨਿਰਦੇਸ਼ਕ ਸ੍ਰੀਮਤੀ ਨੀਲਮ ਮਾਨ ਸਿੰਘ ਮੇਰੇ ਪਿੰਡ ਦੇ ਬਾਜ਼ੀਗਰ ਨਕਲੀਆਂ ਨੂੰ ਵੱਖ ਵੱਖ ਨਾਟਕਾਂ ਵਿੱਚ ਲੋਕ ਤੇ ਲੋਕਯਾਨ ਪੇਸ਼ ਕਰਨ ਲਈ ਦੇਸ਼-ਬਿਦੇਸ਼ ਵਿਚ ਨਾਲ ਲਿਜਾਂਦੀ ਰਹੀ। ਤੀਸਰੀ ਪੀੜ੍ਹੀ ਵਿੱਚ ਸੁਰਜੀਤ, ਸੋਨੂੰ ਬੀਰ੍ਹਾਂ, ਸੁਨੀਲ ਤੇ ਮੇਰਾ ਵਿਦਿਆਰਥੀ ਜੋਧਾ ਕੱਵਾਲੀ ਗਾਉਣ ਤੇ ਮਾਤਾ ਦੀਆਂ ਭੇਟਾਂ ਗਾਉਣ ਵਿਚ ਕਾਫੀ ਸ਼ੋਭਾ ਖੱਟ ਰਹੇ ਹਨ। ਪਿੰਡ ਦੇ ਬਾਜ਼ੀਗਰਾਂ ਵਿਚੋਂ ਗਿਆਨ, ਮਨੀ, ਮਾਲੀ, ਗਰੀਬੂ, ਜੱਸੀ ਢੋਲੀ ਇਲਾਕੇ ਦੇ ਸਕੂਲਾਂ, ਕਾਲਜਾਂ ਵਿਚ ਭੰਗੜਾ ਟੀਮ ਤਿਆਰ ਕਰਨ ਲਈ ਜਾਂਦੇ ਨੇ। ਵਿਆਹਾਂ-ਸ਼ਾਦੀਆਂ ਤੇ ਸਭਿਆਚਾਰਕ ਪ੍ਰੋਗਰਾਮਾਂ ਵਿਚ ਉਹ ਢੋਲ ਵਜਾ ਕੇ ਲੋਕਾਂ ਨੂੰ ਅੰਨਦਿਤ ਕਰਦੇ ਨੇ।

ਸੰਨ 1966 ਵਿਚ ਪੂਰਵੀ ਪੰਜਾਬ ਦੀ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੀ ਲੰਗੜੀ ਵੰਡ ਹੋਣ ਤੇ ਖਰੜ ਤੇ ਮਨੀਮਾਜਰਾ ਬਲਾਕ ਦੇ 105 ਪਿੰਡਾਂ ਨੂੰ ਲੈ ਕੇ ਮਾਜਰੀ ਬਲਾਕ ਸਥਾਪਤ ਕੀਤਾ ਗਿਆ। ਕੁਝ ਸਾਲ



ਪਹਿਲਾਂ ਮਾਜਰੀ ਸਬ ਤਹਿਸੀਲ ਵੀ ਬਣਾ ਦਿੱਤੀ ਗਈ ਸੀ। ਇਲਾਕੇ ਦੇ ਲੋਕਾਂ ਨੂੰ ਖਰੜ ਤਹਿਸੀਲ ਵਿਚ ਜਾਣ ਦੀ ਥਾਂ ਘਰ ਦੇ ਨੇੜੇ ਸਰਕਾਰੀ ਕੰਮ ਕਰਵਾਉਣ ਦੀ ਸਹੂਲਤ ਮਿਲ ਗਈ ਸੀ। ਪਿੰਡ ਦੀ ਜੂਹ ਵਿਚ ਨਿਊ ਚੰਡੀਗੜ੍ਹ ਬਣਨ ਨਾਲ ਇਲਾਕੇ ਦਾ ਜ਼ੋਰ-ਸ਼ੋਰ ਨਾਲ ਸ਼ਹਿਰੀਕਰਣ ਵਿਕਾਸ ਹੋਣ ਲਗ ਪਿਆ ਏ। ਪਿੰਡ ਦੀ ਪੰਜਾਬ ਟਰੈਕਟਰ ਫੈਕਟਰੀ ਵਿਚ ਨਿਤ ਸੈਂਕੜੇ ਟਰੇਂਡ ਤੇ ਅਨਟਰੇਂਡ ਵਰਕਰ ਕੰਮ ਕਰਦੇ ਨੇ।

ਸ਼ੇਰ ਜੰਗ ਸਿੰਘ (ਰੀਟਾ. ਜਨਰਲ) ਨੇ ਪਿੰਡ ਵਿਚ ਤਾਰਾ ਰਾਠੌਰ ਪਬਲਿਕ ਸਮਾਰਟ ਸਕੂਲ ਸ਼ੁਰੂ ਕੀਤਾ, ਜਿਸ ਵਿਚ ਬਹੁਤ ਘੱਟ ਫੀਸ ਲੈ ਕੇ ਸੀ.ਬੀ.ਐਸ. ਸੀ. ਦਾ ਸਿਲੇਬਸ ਪੜ੍ਹਾਇਆ ਜਾਂਦਾ ਹੈ। ਪਿੰਡ ਵਿੱਚ ਇਕ ਖਾਲਸਾ ਸਕੂਲ, ਸਰਕਾਰੀ ਮਿਡਲ ਤੇ ਪ੍ਰਾਇਮਰੀ ਸਕੂਲ ਹੈ। ਹਿੰਦੂ, ਸਿੱਖ ਤੇ ਮੁਸਲਮਾਨ ਤਿੰਨੇ ਧਰਮਾਂ ਦੇ ਮੰਦਰ, ਗੁਰਦੁਆਰੇ ਤੇ ਮਸਜਿਦ ਹਨ। ਤਿੰਨ ਆਂਗਨਬਾੜੀਆਂ ਹਨ। ਪਿੰਡ ਦੇ 2100 ਵੋਟਰ ਹਨ ਤੇ ਪਿੰਡ ਵਿਚ ਇਕ ਬਾਬਾ ਦਯਾ ਨਾਥ ਦੇ ਮਠ ਦੇ ਨਾਂ ਤੇ 'ਬਾਬਾ ਦਯਾ ਨਾਥ ਆਯੂਰਵੈਦਿਕ ਡਿਸਪੈਂਸਰੀ' ਹੈ। ਸੁਆਮੀ ਲਛਮਣ ਗਿਰ ਨੇ ਇਸ ਮਠ ਵਿਚ ਆਜ਼ਾਦੀ ਘੁਲਾਟੀਏ ਤਿਆਰ ਕਰਨ ਲਈ ਇਕ ਤਰ੍ਹਾਂ ਨਾਲ ਟਰੇਨਿੰਗ ਸਕੂਲ ਖੋਲ੍ਹਿਆ ਹੋਇਆ ਸੀ। ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦੀ ਪ੍ਰਾਪਤ ਕਰਨ ਲਈ 1941 ਦੇ ਮਹਾਤਮਾ ਗਾਂਧੀ ਦੇ ਕਰੋ ਜਾਂ ਮਰੋ ਅੰਦੋਲਨ ਵਿਚ ਮਾਜਰੀ ਪਿੰਡ ਦੇ ਬਾਬਾ ਲਛਮਣ ਗਿਰ, ਪੰਡਤ ਕਾਲੀ ਚਰਨ, ਚੌ. ਜੋਗਿੰਦਰ ਸਿੰਘ, ਪੰ. ਵਿੱਦਿਆ ਪ੍ਰਕਾਸ਼, ਪੰ. ਸ਼ੰਭੂ ਨਾਥ ਗੌਤਮ, ਪੰ. ਮੁਣਸ਼ੀ ਸਿੰਘ, ਪੰ. ਨਰਪਤ ਰਾਏ ਤੇ ਕਸ਼ਯਪ ਰਾਜਪੂਤ, ਸੁੰਦਰ ਦਾਸ (ਭੜਪੂੰਜਾ ਜਾਤੀ) ਨੇ ਗ੍ਰਿਫਤਾਰੀ ਦਿੱਤੀ ਸੀ। ਪਿੰਡ ਦੇ ਜੈ ਦੇਵ ਸਿੰਘ, ਚਤਰ ਸਿੰਘ ਤੇ ਦਰਸ਼ਨ ਸਿੰਘ ਨੰਬਰਦਾਰ ਹਨ ਤੇ ਪਿੰਡ ਦੀ ਮੌਜੂਦਾ ਪਿੰਡ ਪੰਚਾਇਤ ਦੇ ਮੈਂਬਰ ਹਨ। ਪਿੰਡ ਵਿੱਚ ਕਰੋੜਾਂ ਰੁਪਿਆ ਖਰਚ ਕਰਕੇ ਸੀਵਰੇਜ ਪਾਇਆ ਜਾ ਰਿਹਾ ਹੈ। ਪਿੰਡ ਦੇ ਇਤਿਹਾਸਕ ਤਾਲਾਬ ਦਾ ਸੁੰਦਰੀਕਰਨ ਕੀਤਾ ਗਿਆ ਹੈ। ਤਾਲਾਬ ਅੱਗੋਂ ਮਨ-ਮੋਹਕ ਦ੍ਰਿਸ਼ ਪੇਸ਼ ਕਰਦੀ ਪਾਰਕ ਹੈ। ਜਿਸ ਵਿਚ ਸਾਰਾ ਦਿਨ ਮੇਲਾ ਲੱਗਿਆ ਰਹਿੰਦਾ ਹੈ। ਬੱਚੇ ਹੱਸਦੇ-ਖੇਡਦੇ ਝੂਲੇ ਝੂਲਦੇ ਹਨ। ਵਾਹ! ਨਹੀਂ ਰੀਸਾਂ ਮੇਰੇ ਪਿੰਡ ਦੀਆਂ...

* * * *

## ਬਾਬਾ ਦੀਪ ਸਿੰਘ ਨੂੰ ਯਾਦ ਕਰਦਾ ਪਿੰਡ ਬੜੌਦੀ

- ਜੇ.ਐਸ.ਮਹਿਰਾ
ਮੋਬਾ. 9592430420

ਪਿੰਡ ਬੜੌਦੀ ਕੁਰਾਲੀ ਤੋਂ ਸਿਸਵਾਂ ਰੋਡ 'ਤੇ 5 ਕਿਲੋਮੀਟਰ ਪੂਰਬ ਵੱਲ ਸਥਿਤ ਹੈ। ਇਹ ਪਿੰਡ ਜ਼ਿਲ੍ਹਾ ਸਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਵਿੱਚ ਖਰੜ੍ਹ ਤਹਿਸੀਲ ਵਿਚ ਆਉਂਦਾ ਹੈ। ਇਸ ਪਿੰਡ ਦੀ ਸਮੁੰਦਰ ਤਲ ਤੋਂ ਉੱਚਾਈ 246 ਮੀਟਰ ਹੈ। ਇਸ ਪਿੰਡ ਵਿਚ ਇਕ ਡਾਕਘਰ ਵੀ ਹੈ ਜਿਸਦਾ ਪਿੰਨ ਕੋਡ 140110 ਹੈ।

ਇਸ ਪਿੰਡ ਦੀ ਕੁੱਲ ਆਬਾਦੀ ਲਗਭਗ 1200, ਵੋਟਾਂ ਕੁਲ 930 ਤੇ 220 ਘਰ ਹਨ। ਪਿੰਡ ਦੀ ਕੁਲ ਜ਼ਮੀਨ 305 ਕਿੱਲੇ ਹੈ। ਇਸ ਪਿੰਡ ਵਿਚ 2 ਬੈਂਕ ਯੂਨੀਅਨ ਬੈਂਕ ਆਫ ਇੰਡੀਆ ਤੇ ਪੰਜਾਬ ਗ੍ਰਾਮੀਣ ਬੈਂਕ ਹਨ। ਇਸ ਤੋਂ ਇਲਾਵਾ ਪਿੰਡ ਵਿਚ ਸਰਕਾਰੀ ਸਿਹਤ ਕੇਂਦਰ (ਡਿਸਪੈਂਸਰੀ), ਪਸ਼ੂ ਹਸਪਤਾਲ, ਸਰਕਾਰੀ ਐਲੀਮੈਂਟਰੀ ਸਕੂਲ, 2 ਦੁੱਧ ਦੀਆਂ ਡੈਰੀਆਂ, 2 ਗੁਰਦੁਆਰੇ ਵੀ ਹਨ। ਇਥੇ ਗੁਰਦੁਆਰਾ ਅਸਥਾਨ ਬਾਬਾ ਦੀਪ ਸਿੰਘ ਜੀ ਸ਼ਹੀਦ ਵਿਖੇ 26, 27 ਤੇ 28 ਜਨਵਰੀ ਨੂੰ ਸਲਾਨਾ ਕੀਰਤਨ ਸਮਾਗਮ ਬਾਬਾ ਦੀਪ ਸਿੰਘ ਦੇ ਪ੍ਰਕਾਸ਼ ਉਤਸਵ ਦੀ ਯਾਦ ਵਿਚ ਕਰਵਾਇਆ ਜਾਂਦਾ ਹੈ ਤੇ ਮੇਲਾ ਵੀ ਲਗਦਾ ਹੈ।

ਇਸ ਪਿੰਡ ਵਿਚ 2 ਵੱਡੇ ਟੋਬੇ ਹਨ ਜਿਨ੍ਹਾਂ ਵਿੱਚੋਂ ਇਕ ਨੂੰ ਡਾਲੂਆਲਾ ਟੋਭਾ ਕਿਹਾ ਜਾਂਦਾ ਹੈ। ਇਸਨੂੰ ਡਾਲੂ ਵਾਲਾ ਟੋਭਾ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਪੁਰਾਣੇ ਸਮੇਂ ਵਿੱਚ ਲੋਕਾਂ ਦੁਆਰਾ ਡਾਲ ਲਾ ਕੇ ਇਸ ਟੋਭੇ ਤੋਂ ਹੀ ਖੇਤਾਂ ਦੀ ਸਿੰਜਾਈ ਕੀਤੀ ਜਾਂਦੀ ਸੀ।

ਪੁਰਾਣੇ ਸਮੇਂ ਵਿੱਚ ਇਸ ਪਿੰਡ ਵਿਚ 4 ਦਰਵਾਜ਼ੇ ਹੁੰਦੇ ਸੀ ਜੋ ਕਿ ਚਾਰੇ ਦੀਸ਼ਾਵਾਂ ਵਿਚ ਸੀ ਜਿੱਥੇ ਪਹਿਰੇਦਾਰ ਬੈਠਿਆ ਕਰਦੇ ਸੀ ਤਾਂ ਕਿ ਕੋਈ ਬਾਹਰੀ ਬੰਦਾ ਪਿੰਡ ਵਿੱਚ ਦਾਖ਼ਲ ਨਾ ਹੋ ਸਕੇ। ਇਨ੍ਹਾਂ ਵਿਚੋਂ ਇੱਕ ਦਰਵਾਜ਼ਾ ਅਜੇ ਵੀ ਮੌਜੂਦ ਹੈ। ਇਸ ਤੋਂ ਇਲਾਵਾ ਪਿੰਡ ਵਿੱਚ 4 ਖੂਹ ਵੀ ਨੇ ਜਿਨ੍ਹਾਂ ਵਿਚੋਂ ਇਕ ਖੂਹ ਜੋ ਕਿ ਸਜਾਵਟ ਕਰਕੇ ਸੁੰਦਰ ਬਣਾਇਆ ਗਿਆ ਹੈ ਜਿਸ



ਨੂੰ ਮੋਰਨੀ ਵਾਲਾ ਖੂਹ ਵੀ ਕਿਹਾ ਜਾਂਦਾ ਹੈ। ਇਸ ਖੂਹ ਤੇ ਆਮ ਤੌਰ ਤੇ ਕਿਸੇ ਫ਼ਿਲਮ ਜਾਂ ਗੀਤ ਦੀ ਸ਼ੂਟਿਗ ਹੁੰਦੀ ਰਹਿੰਦੀ ਹੈ। ਬਬੂਮਾਨ ਦੀ 'ਹਵਾਏ' ਫਿਲਮ ਦੀ ਸ਼ੂਟਿੰਗ ਵੀ ਇਸੇ ਖੂਹ 'ਤੇ ਹੋਈ ਸੀ।

ਇਸ ਪਿੰਡ ਦੇ ਵਸਨੀਕ ਸ. ਬਲਦੇਵ ਸਿੰਘ ਨੇ 1965 ਤੇ 1911 ਦੀ ਭਾਰਤ ਪਾਕਿਸਤਾਨ ਜੰਗ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਉਹ ਕੈਪਟਨ ਰਿਟਾਇਰ ਹੋਏ ਤੇ ਉਸ ਪਿੱਛੋਂ ਪਿੰਡ ਦੇ ਨੰਬਰਦਾਰ ਵੀ ਰਹੇ। ਇਸ ਤੋਂ ਇਲਾਵਾ ਰਸਾਲਦਾਰ ਨਸੀਬ ਸਿੰਘ ਨੇ ਵੀ ਮਿਲਟਰੀ 'ਚੋਂ ਕਾਫ਼ੀ ਐਵਾਰਡ ਪ੍ਰਾਪਤ ਕੀਤੇ ਸੀ।

ਪਿੰਡ ਦੇ ਲੋਕਾਂ ਦਾ ਮੁੱਖ ਕਿੱਤਾ ਪਸ਼ੂ ਪਾਲਣ ਤੇ ਖੇਤੀ-ਬਾੜੀ ਹੈ। ਕੁਝ ਬੰਦੇ ਅਧਿਆਪਕ, ਡਾਕਘਰ ਤੇ ਫ਼ੌਜ 'ਚੋਂ ਰਿਟਾਇਰ ਨੇ। ਨੌਜਵਾਨ ਪੀੜ੍ਹੀ ਪ੍ਰਾਈਵੇਟ ਨੌਕਰੀਆਂ ਤੇ ਦਿਹਾੜੀ ਜੋਤਾ ਹੀ ਕਰਦੀ ਹੈ।

ਪਿੰਡ ਵਿੱਚ ਜੱਟ, ਝਿਊਰ, ਬ੍ਰਾਹਮਣ, ਰਵਿਦਾਸੀਏ ਤੇ ਬਾਲਮੀਕੀ, ਤਰਖਾਣ ਆਦਿ ਜਾਤਾਂ ਦੇ ਲੋਕ ਵਸਦੇ ਹਨ। ਇਸ ਤੋਂ ਇਲਾਵਾ ਪਿੰਡ ਵਿੱਚ ਇੱਕ ਮੁਸਲਮਾਨਾਂ ਦਾ ਘਰ ਵੀ ਹੈ ਜਿਹਨਾਂ ਨੂੰ ਕਿ ਪਿੰਜਿਆਂ ਦਾ ਘਰ ਕਿਹਾ ਜਾਂਦਾ ਹੈ।

ਇਸ ਪਿੰਡ ਦੀ ਜ਼ਮੀਨ ਤੇ ਹੀ ਰੋਹਨ-ਰਾਜਦੀਪ ਦਾ ਟੋਲ ਪਲਾਜ਼ਾ ਲੱਗਿਆ ਹੈ ਜਿਸਨੂੰ ਟੋਲ ਪਲਾਜ਼ਾ ਬੜੌਦੀ ਦੇ ਨਾਮ ਕਰਕੇ ਜਾਣਿਆ ਜਾਂਦਾ ਹੈ। ਇਸ ਟੋਲ ਦੇ ਨਾਲ ਹੀ ਸਵਰਗਵਾਸੀ ਸ. ਸਵਰਨ ਸਿੰਘ ਦੀ ਮੋਟਰ ਹੈ ਜਿਥੇ ਕਿ ਕਿਸਾਨ ਮੋਰਚਾ ਲੱਗਿਆ ਸੀ। ਇਸਤੋਂ ਪਹਿਲਾਂ ਵੀ ਇਥੇ ਹੀ ਟੋਲ ਪਲਾਜ਼ੇ ਦੇ ਵਿਰੋਧ ਵਿੱਚ ਪਿੰਡ ਤੇ ਆਸ ਪਾਸ ਦੇ ਲੋਕਾਂ ਦੁਆਰਾ ਭੁੱਖ ਹੜਤਾਲ ਮੁਹਿੰਮ ਚਲਾਈ ਗਈ ਸੀ।

ਇਸਤੋਂ ਇਲਾਵਾ ਪਿੰਡ ਵਿੱਚ ਮੌਜੂਦਾ ਆਟਾ ਚੱਕੀ ਤੇ ਪੈਟਰੋਲ ਪੰਪ ਵੀ ਪਿੰਡ ਤੇ ਇਲਾਕਾ ਵਾਸੀਆਂ ਨੂੰ ਬਹੁਤ ਸਹੂਲਤ ਹੈ।

ਉਪਰੋਕਤ ਸਾਰੀ ਜਾਣਕਾਰੀ ਸੰਤ ਬਾਬਾ ਗੁਲਜ਼ਾਰ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਅਸਥਾਨ ਬਾਬਾ ਦੀਪ ਸਿੰਘ ਜੀ, ਪਿੰਡ ਦੇ ਸਰਪੰਚ ਸ. ਮਨਮੋਹਨ ਸਿੰਘ ਮਾਵੀ, ਨੰਬਰਦਾਰ ਸ. ਬਲਦੇਵ ਸਿੰਘ ਤੇ ਆਪਣੇ ਪਿਤਾ ਸ. ਅਨੌਖ ਸਿੰਘ ਟੈਲੀਕਾਮ ਰਿਟਾਇਰ ਤੋਂ ਪ੍ਰਾਪਤ ਕੀਤੀ ਹੈ। ਮੈਂ ਵੀ ਇਸੇ ਪਿੰਡ ਦਾ ਵਸਨੀਕ ਹਾਂ। ਪਿੰਡ ਦਿਨ ਪ੍ਰਤੀ ਦਿਨ ਤਰੱਕੀ ਕਰ ਰਿਹਾ ਹੈ।

ਮੇਰਾ ਇਹ ਪਿੰਡ ਸਦਾ ਏਦਾਂ ਹੀ ਤਰੱਕੀ ਕਰਦਾ ਰਹੇ ਤੇ ਇਥੇ ਦੇ ਲੋਕ ਸਦਾ ਹੱਸਦੇ ਵੱਸਦੇ ਰਹਿਣ ਮੈਂ ਇਹੀ ਕਾਮਨਾ ਕਰਦਾ ਹਾਂ।

# ਪੁਆਧ ਦੀ ਪੁਰਾਤਨਤਾ ਦਾ ਪਿੰਡ ਬਰਦਾਰ

**ਜੇ.ਐਸ.ਮਹਿਰਾ**
**ਮੋਬਾ. 9592430420**

ਪਿੰਡ ਬਰਦਾਰ ਜ਼ਿਲ੍ਹਾ ਰੂਪਨਗਰ ਤੋਂ 20 ਕਿਲੋਮੀਟਰ ਪੂਰਬ ਵੱਲ ਸਥਿੱਤ ਹੈ। ਇਹ ਪਿੰਡ ਸਰਹੱਦੀ ਪਿੰਡ ਹੈ। ਇਥੇ ਪੰਜਾਬ ਦੇ ਰੂਪਨਗਰ ਜ਼ਿਲ੍ਹੇ ਦੀ ਹੱਦ ਸਮਾਪਤ ਹੁੰਦੀ ਹੈ ਤੇ ਹਿਮਾਚਲ ਪ੍ਰਦੇਸ ਦੇ ਸੋਲਨ ਜ਼ਿਲ੍ਹੇ ਦੀ ਹੱਦ ਸ਼ੁਰੂ ਹੋ ਜਾਂਦੀ ਹੈ। ਪਹਾੜੀ ਖੇਤਰ ਵਿਚ ਸਥਿਤ ਇਸ ਪਿੰਡ ਤੋਂ ਬੱਦੀ ਹਿਮਾਚਲ ਦੇ ਜ਼ਿਲ੍ਹਾ ਸੋਲਨ ਦਾ ਸ਼ਹਿਰ 9 ਕਿਲੋਮੀਟਰ ਦੂਰ ਹੈ ਜੋ ਕਿ ਕੱਚਾ ਤੇ ਪਹਾੜੀ ਰਸਤਾ ਹੈ। ਇਸ ਪਿੰਡ ਦੀ ਸਮੁੰਦਰ ਤਟ ਤੋਂ ਉਚਾਈ 277 ਮੀਟਰ ਹੈ।

ਬਰਦਾਰ ਪਿੰਡ ਛੋਟੇ-ਛੋਟੇ 6 ਪਿੰਡਾਂ ਦੀ ਇੱਕ ਪੰਚਾਇਤ ਹੈ। ਇਹ ਪਿੰਡ ਨੇ 1. ਗੁੱਜਰਾਂ ਦੀ ਬਰਦਾਰ, 2. ਜੱਟਾਂ ਦੀ ਬਰਦਾਰ 3. ਤੇਲੀਆਂ ਦੀ ਬਰਦਾਰ, 4. ਬ੍ਰਾਹਮਣਾਂ ਦੀ ਬਰਦਾਰ 5. ਟਾਂਡਾਂ ਬਰਦਾਰ, 6. ਬਿਲਾਂਵਾਲੀ ਬਰਦਾਰ।

ਇਹਨਾਂ ਛੇ ਪਿੰਡਾਂ ਨੂੰ ਮਿਲਾਂ ਕੇ ਇਕ ਪਿੰਡ ਬਰਦਾਰ ਬਣਦਾ ਹੈ। ਇਹ ਜੋ ਨਾਮ ਰੱਖੇ ਗਏ ਹਨ ਇਹਨਾਂ ਦਾ ਇਹ ਮਤਲਬ ਨਹੀਂ ਕਿ ਇਹ ਜਾਤਾਂ ਦੀ ਵੰਡ ਦੇ ਅਧਾਰ 'ਤੇ ਰਖੇ ਗਏ ਹਨ। ਸਾਰੀਆਂ ਬਰਦਾਰਾਂ ਵਿਚ ਮਿਲੇ ਜੁਲੇ ਜਾਤਾਂ, ਧਰਮਾਂ ਦੇ ਲੋਕ ਰਹਿੰਦੇ ਹਨ। ਇਸ ਪਿੰਡ ਵਿਚ ਗੁਰਦੁਆਰਾ, ਮੰਦਰ 'ਤੇ ਮਜਾਰ ਵੀ ਹੈ ਜੋ ਕਿ ਲੋਕਾਂ ਨੇ ਆਪੋ ਆਪਣੇ ਧਾਰਮਿਕ ਵਿਸ਼ਵਾਸਾਂ ਦੇ ਆਧਾਰ 'ਤੇ ਬਣਾਏ ਹਨ। ਪੁਰਾਤਨ ਕਾਲ ਵਿਚ ਅੱਜ ਦਾ ਪਿੰਡ ਬਰਦਾਰ ਰਾਜਾ ਵਿਰਾਟ ਦੀ ਨਗਰੀ ਸੀ ਜਿਸਦੇ 12 ਦਰਵਾਜ਼ੇ ਸਨ ਜਿਨ੍ਹਾਂ ਵਿਚੋਂ 1 ਦਰਵਾਜ਼ਾ ਅੱਜ ਵੀ ਪਿੰਡ ਮੰਦਵਾੜੇ ਵਿਖੇ ਮਿਲਦਾ ਹੈ। ਬਾਰਾਂ ਦਰਾਂ ਵਾਲਾ ਪਿੰਡ ਬਰਦਾਰ ਬਣਿਆ। ਰਾਜੇ ਦੀਆਂ ਰਾਜਕੁਮਾਰੀਆਂ ਦੁਆਰਾ ਨਗਰੀ 'ਚ 101 ਖੂਹ ਖੁਦਵਾਏ ਗਏ ਸੀ ਜਿਸਦੇ ਪੁਰਾਤਨ ਪੱਥਰ ਅੱਜ ਵੀ ਜੰਗਲ ਵਿੱਚ ਕਿਤੇ-ਕਿਤੇ ਮਿਲਦੇ ਹਨ।

ਮੱਧਕਾਲ ਵਿੱਚ ਇਥੇ ਰਾਜਾ ਠੁੱਲੀ ਰਾਜ ਕਰਦਾ ਸੀ। ਕਿਹਾ ਜਾਂਦਾ ਹੈ ਕਿ ਇੱਕ ਵਾਰ ਬਾਜ਼ੀਪੁਰ (ਰਾਜਸਥਾਨ) ਤੋਂ ਇੱਕ ਬ੍ਰਾਹਮਣ ਤੇ ਬ੍ਰਾਹਮਣੀ ਮਨਸਾ ਦੇਵੀ ਮੰਦਰ ਵਿਚ ਇੱਥੇ ਸੁੱਖ ਉਤਾਰਨ ਲਈ ਆਏ ਸੀ ਤਾਂ ਰਾਜਾ ਠੁੱਲੀ



ਨੇ ਉਹਨਾਂ ਨਾਲ ਬਦਸਲੂਕੀ ਕੀਤੀ। ਉਹਨਾਂ ਨੇ ਵਾਪਸ ਬਾਜੀਪੁਰ ਜਾ ਕੇ ਇਸ ਬਾਰੇ ਉਥੇ ਰਾਜਾ ਗੋਪਾਲ ਚੰਦ ਕੋਲ ਸ਼ਿਕਾਇਤ ਕੀਤੀ। ਇਸ ਦਾ ਬਦਲਾ ਲੈਣ ਲਈ ਰਾਜੇ ਨੇ ਹਮਲਾ ਕਰਕੇ ਠੁੱਲੀ ਰਾਜੇ ਨੂੰ ਬੰਦੀ ਬਣਾ ਲਿਆ ਸੀ। ਇਸ ਤਰ੍ਹਾਂ ਇਥੇ ਰਾਜਪੂਤ ਰਾਠੋਰ ਵੰਸ਼ ਦਾ ਰਾਜ ਹੋ ਗਿਆ ਸੀ। ਹਮਲਾ ਕਰਨ ਤੋਂ ਪਹਿਲਾਂ ਉਹ ਪਿੰਡ ਸਿਸਵਾਂ ਵੀ ਰੁਕੇ ਸੀ।

ਇਸ ਗੱਲ ਦਾ ਕੋਈ ਇਤਿਹਾਸਕ ਸਬੂਤ ਜਾਂ ਗਵਾਹ ਤਾਂ ਨਹੀਂ ਮਿਲਦਾ ਪਰ ਪੁਰਾਤਨ ਸਮੇਂ ਤੋਂ ਹੀ ਇਹ ਮੰਨਿਆ ਜਾਂਦਾ ਆਇਆ ਹੈ।




**ਮਨਸਾ ਦੇਵੀ ਮੰਦਰ ਪਿੰਡ ਬਰਦਾਰ**

ਇਸ ਪਿੰਡ ਦੇ 800 ਸਾਲ ਪੁਰਾਣੇ ਮਨਸਾ ਦੇਵੀ ਮੰਦਰ ਦੇ ਮੁਖੀ ਦੇਵਰਾਜ ਗਿਰੀ ਇੱਕ ਪ੍ਰਸਿੱਧ ਹਕੀਮ ਸਨ। ਉਹਨਾਂ ਨੇ 5-6 ਕਿਤਾਬਾਂ ਵੀ ਲਿਖੀਆਂ ਉਹਨਾਂ ਦੀ ਪਹਿਲੀ ਪੁਸਤਕ 1977 ਈ. ਵਿੱਚ ਛਪੀ ਜਿਸਦਾ ਨਾਮ ਸੀ 'ਅਧਿਆਮਿਕ ਰਾਜੋ'। ਇਸਤੋਂ ਇਲਾਵਾ 'ਗਿਆਨ ਸੇ ਬੋਧ ਕੀ ਓਰ' -1994, 'ਪਰਮ ਤੱਤਵ ਵਿਰਾਟ ਕੇ ਦਰਸ਼ਨ' 1995, 'ਪਰਮ ਤੰਤਵ ਧਿਆਨ ਯੋਗ' 2009 ਵਿਚ ਛਪੀ। ਅੱਜ ਕਲ੍ਹ ਇਸ ਮੰਦਰ ਦੇ ਮੁਖੀ ਉਹਨਾਂ ਦੇ ਪੁੱਤਰ ਪ੍ਰਤਾਪ ਗਿਰੀ ਹਨ।

ਇਸ ਪਿੰਡ ਦੀ 1767 ਹੈਕਟੇਅਰ ਜ਼ਮੀਨ ਹੈ। ਪਿੰਡ ਦੀ ਅਬਾਦੀ 968 ਤੇ ਘਰ 179 ਹਨ। ਇਸ ਪਿੰਡ ਵਿਚ ਗੁੱਜਰ, ਜੱਟ, ਬ੍ਰਾਹਮਣ, ਤੇਲੀ, ਮੁਸਲਮਾਨ ਤੇ ਹੋਰ ਕਈ ਜਾਤਾਂ ਦੇ ਲੋਕ ਰਹਿੰਦੇ ਹਨ। ਲੋਕਾਂ ਦਾ ਮੁੱਖ ਕਿੱਤਾ ਪਸ਼ੂ ਪਾਲਣ, ਖੇਤੀਬਾੜੀ ਤੇ ਲੱਕੜੀ ਹੀ ਹੈ। ਪਿੰਡ ਵਿਚ ਸਰਕਾਰੀ ਐਲੀਮੈਂਟਰੀ ਸਕੂਲ ਵੀ ਹੈ।

ਅੱਜ ਕਲ੍ਹ ਇਸ ਪਿੰਡ ਵਿਚ ਦੂਰ-ਦੁਰਾਡੇ ਤੇ ਅਮੀਰ ਲੋਕਾਂ ਦੁਆਰਾ ਜ਼ਮੀਨ ਖਰੀਦ ਕੇ ਖ਼ੂਬਸੂਰਤ ਫ਼ਾਰਮ ਹਾਊਸ ਬਣਾਉਣ ਦਾ ਕੰਮ ਵੀ ਜ਼ੋਰਾਂ ਤੇ ਹੈ। ਇਹ ਵੀ ਦੱਸਿਆ ਜਾਂਦਾ ਕਿ ਇਸ ਇਲਾਕੇ ਵਿੱਚ ਪਾਂਡਵਾਂ ਨੇ ਬਣਬਾਸ ਦੇ ਦੌਰਾਨ ਅਗਿਆਤਵਾਸ ਦਾ ਕੁਝ ਸਮਾਂ ਇੱਥੇ ਗੁਜ਼ਾਰਿਆ।

ਉਪਰੋਕਤ ਜਾਣਕਾਰੀ ਡਾ. ਅਸ਼ਵਨੀ ਕੁਮਾਰ ਬਿੱਟੂ ਪਿੰਡ ਮੀਆਂਪੁਰ (ਟੇਸਣ) ਤੇ ਪ੍ਰਤਾਪ ਗਿਰੀ ਮੁਖੀ ਮਨਸਾ ਦੇਵੀ ਮੰਦਰ ਬਰਦਾਰ ਤੋਂ ਪ੍ਰਾਪਤ ਕੀਤੀ ਗਈ ਹੈ।

* * * *



# ਪੁਆਧ ਦੇ ਪਹਿਲਵਾਨ ਤੇ ਗਾਇਕ ਦਾ ਪਿੰਡ ਬਿੰਦਰਖ

**ਜੇ.ਐਸ.ਮਹਿਰਾ**
**ਮੋਬਾ. 9592430420**

ਸ਼ਿਵਾਲਿਕ ਦੀਆਂ ਪਹਾੜੀਆਂ ਦੀ ਬੁਕਲੋਂ ਬਾਹਰ, ਬਾਬਾ ਅਮਰਨਾਥ ਦਾ ਮੁੱਖ ਅਸਥਾਨ, ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ 'ਤੇ ਵਸਿਆ ਪਿੰਡ ਬਿੰਦਰਖ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ। ਰਾਜਨੀਤਕ, ਧਾਰਮਿਕ ਖੇਤਰ ਵਿਚ ਇਹ ਪਿੰਡ ਭਾਵੇਂ 1947 ਤੋਂ ਪਹਿਲਾਂ ਵੀ ਚਰਚਾ 'ਚ ਰਿਹਾ ਜਦੋਂ ਇਸ ਪਿੰਡ ਦੇ ਜੰਮਪਲ ਬਾਬਾ ਹਜ਼ਾਰਾ ਸਿੰਘ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਅੰਬਾਲਾ ਦੇ ਜੱਥੇਦਾਰ ਹੁੰਦਿਆਂ ਜੰਗੇ-ਆਜ਼ਾਦੀ ਦੌਰਾਨ ਸ਼ਹੀਦ ਹੋਏ।

ਸ. ਦਿਆਲ ਸਿੰਘ ਦੀ ਚੀਨ ਦੀ ਲੜਾਈ ਦੌਰਾਨ ਸ਼ਹੀਦੀ ਵੀ ਪਿੰਡ ਲਈ ਮਾਣ ਵਾਲੀ ਗੱਲ ਹੈ। ਜੱਥੇਦਾਰ ਮਹਾਂ ਸਿੰਘ ਨੇ ਵੀ ਅਕਾਲੀ ਪਾਰਟੀ ਦੇ ਜ਼ਿਲ੍ਹਾ ਰੋਪੜ ਦੇ ਜੱਥੇਦਾਰ ਦੇ ਤੌਰ ਤੇ ਸੇਵਾ ਕੀਤੀ।

ਪਿੰਡ ਬਿੰਦਰਖ ਜ਼ਿਲ੍ਹਾ ਰੂਪਨਗਰ ਤੋਂ ਲਗਪਗ 17 ਕਿਲੋਮੀਟਰ ਦੂਰ ਪੂਰਬ ਵੱਲ ਸਥਿੱਤ ਹੈ। ਇਸ ਪਿੰਡ ਦੀ ਸਮੁੰਦਰ ਤਲ ਤੋਂ ਉਚਾਈ 277 ਮੀਟਰ ਹੈ। ਇਸ ਪਿੰਡ ਦੀ ਅਬਾਦੀ ਲਗਪਗ 1000 ਤੇ ਘਰ 200 ਹਨ।

**ਗੁਰਦੁਆਰੇ ਦਾ ਇਤਿਹਾਸ** :- ਬਾਬਾ ਅਮਰਨਾਥ ਜੀ ਕਸ਼ਮੀਰ ਸ੍ਰੀਨਗਰ ਦੇ ਰਹਿਣ ਵਾਲੇ ਕਸ਼ਮੀਰੀ ਪੰਡਤ ਸਨ। ਉਹ ਨਾਥ ਸੰਪਰਦਾ ਨਾਲ ਸੰਬੰਧ ਰੱਖਦੇ ਸਨ। ਬਾਦਸ਼ਾਹ ਔਰੰਗਜੇਬ ਨੇ ਜਦੋਂ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫਗਾਨ ਦੁਆਰਾ ਹਿੰਦੂਆਂ 'ਤੇ ਜ਼ੁਲਮ ਕਰ ਉਹਨਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣਾ ਸ਼ੁਰੂ ਕੀਤਾ ਤਾਂ ਕਸ਼ਮੀਰੀ ਪੰਡਤ ਉਹਨਾਂ ਕੋਲ ਆਏ ਸੀ। ਇਹਨਾਂ ਨੇ ਕਸ਼ਮੀਰੀ ਪੰਡਤਾਂ ਨੂੰ ਧਰਵਾਸ ਦਿੰਦੇ ਹੋਏ ਕਿਹਾ ਕਿ ਜੇਕਰ ਤੁਸੀਂ ਇਸ ਅਤਿਆਚਾਰ ਤੋਂ ਬਚਣਾ ਚਾਹੁੰਦੇ ਹੋ ਤਾਂ ਅਨੰਦਪੁਰ ਸਾਹਿਬ (ਪੰਜਾਬ) 'ਚੋਂ ਗੁਰੂ ਨਾਨਕ ਦੇਵ ਜੀ ਦੀ ਨੌਵੀਂ ਜੋਤ ਗੁਰੂ ਤੇਗ ਬਹਾਦਰ ਜੀ ਪਾਸ ਜਾਓ ਉਹ ਤੁਹਾਡੀ ਪੁਕਾਰ ਸੁਣ ਜ਼ਰੂਰ ਤੁਹਾਡੀ ਮੱਦਦ ਕਰਨਗੇ। ਉਸ ਸਮੇਂ ਕਸ਼ਮੀਰੀ ਪੰਡਤਾਂ ਦਾ ਇਕ ਟੋਲਾ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਗੁਰੂ ਤੇਗ ਬਹਾਦਰ ਨੂੰ ਮਿਲਿਆ।

ਉਸ ਤੋਂ ਥੋੜ੍ਹਾ ਸਮੇਂ ਬਾਅਦ ਇਹ ਆਪ ਵੀ ਕਸ਼ਮੀਰ ਨੂੰ ਛੱਡ ਕੇ ਮੰਜ਼ਲਾਂ ਮਾਰਦੇ ਇੱਥੇ ਆ ਬਿਰਾਜੇ ਤੇ ਇਸ ਘਣੇ ਜੰਗਲ ਵਿੱਚ ਭਗਤੀ ਕਰਨ ਲੱਗੇ।

ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਰੱਖਿਆ ਕਰਦੇ ਹੋਏ ਆਪਣੀ ਸ਼ਹਾਦਤ ਦੇ ਦਿੱਤੀ। ਇਸ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਗੁਰਗੱਦੀ 'ਤੇ ਬੈਠੇ। ਸਿੱਖਾਂ ਦੀ ਵੱਧਦੀ ਹੋਈ ਤਾਕਤ ਨੂੰ ਦੇਖ ਔਰੰਗਜ਼ੇਬ ਨੇ ਪ੍ਰਚਾਰ ਸ਼ਕਤੀ ਨੂੰ ਰੋਕਣ ਲਈ ਜਰਨੈਲ ਪੈਂਡੇ ਖਾਂ ਤੇ ਦੀਨਾਬੇਗ ਨੋਜਾ ਸਮੇ ਅਨੰਦਪੁਰ ਸਾਹਿਬ ਭੇਜਿਆ ਕੀਰਤਪੁਰ ਲਾਗੇ ਸਿੱਖਾਂ ਤੇ ਮੁਗਲਾਂ ਵਿਚ ਘੋਰ ਯੁੱਧ ਹੋਇਆ। ਇਸ ਵਿਚ ਪੈਂਡੇ ਖਾਂ ਮਾਰਿਆ ਗਿਆ ਤੇ ਦੀਨਾਬੇਗ ਜ਼ਖ਼ਮੀ ਹੋ ਕੇ ਦਿੱਲੀ ਵੱਲ ਭੱਜਿਆ। ਉਸ ਸਮੇਂ ਗੁਰੂ ਜੀ ਨੇ ਫੌਜਾਂ ਸਮੇਤ ਦੀਨਾਬੇਗ ਦਾ ਖਿਜਰਾਬਾਦ ਤੱਕ ਪਿੱਛਾ ਕੀਤਾ। ਖਿਜਰਾਬਾਦ ਤੋਂ ਵਾਪਸ ਅਨੰਦਪੁਰ ਸਾਹਿਬ ਜਾਂਦੇ ਹੋਏ ਸ੍ਰੀ ਗੁਰੂ ਗੋਬਿੰਦ ਜੀ ਇੱਥੇ ਆਏ। ਇਹ ਘਟਨਾ 1758 ਦੀ ਪਹਿਲੀ ਤਿਮਾਹੀ ਦੀ ਹੈ।

ਬਾਬਾ ਜੀ ਨਾਲ ਗੁਰੂ ਜੀ ਦੀ ਵਿਚਾਰ ਗੋਸ਼ਟੀ ਹੋਈ। ਬਾਬਾ ਜੀ ਦੀ ਬੇਨਤੀ ਤੇ ਗੁਰੂ ਜੀ ਨੇ ਇਸ ਧਰਤੀ ਤੇ ਇਕ ਬਿੰਦ ਆਪਣੇ ਚਰਨ ਰੱਖੇ ਤੇ ਫ਼ੌਜਾਂ ਸਮੇਤ ਛੱਪੜ 'ਚ ਇਸ਼ਨਾਨ ਕੀਤਾ। ਇਸ ਲਈ ਇੱਕ ਬਿੰਦ ਗੁਰੂ ਜੀ ਦੇ ਚਰਨ ਰੱਖਣ ਇਸ ਧਰਤੀ ਦਾ ਨਾਂ ਬਿੰਦਰਖ ਪੈ ਗਿਆ। ਅੱਜ ਇਸ ਸਥਾਨ 'ਤੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। 1761 (ਸੰਮਤ) ਦੇ ਲਗਭਗ ਇਸੇ ਸਥਾਨ ਤੇ ਬਾਬਾ ਅਮਰਨਾਥ ਜੀ ਪੰਜ ਤੱਤਾਂ ਦੇ ਭੌਤਿਕ ਸਰੀਰ ਦਾ ਤਿਆਗ ਕਰਕੇ ਗੁਰੂਪੁਰੀ 'ਚ ਜਾ ਵਸੇ। ਇਸ ਤੋਂ ਬਾਅਦ ਹੀ ਇਸ ਨਗਰ ਦੀ ਸਿਰਜਨਾ ਹੋਈ। ਲੋਹੜੀ ਵਾਲੇ ਦਿਨ ਹਰ ਸਾਲ ਇੱਥੇ ਭਾਰੀ ਮੇਲਾ ਲਗਦਾ ਹੈ ਤੇ ਕੀਰਤਨ ਦਰਬਾਰ ਸਜਾਏ ਜਾਂਦੇ ਹਨ। ਇਹ ਘਟਨਾ ਇੱਕ ਦੰਦਕਥਾ ਜਾਂ ਮਨੌਤ ਹੀ ਹੈ, ਕੋਈ ਇਤਿਹਾਸਕ ਲਿਖਤੀ ਸਬੂਤ ਨਹੀਂ ਮਿਲਦਾ ਹੈ।

ਪੰਜਾਬੀ ਦੇ ਮਸ਼ਹੂਰ ਗਾਇਕ ਸੁਰਜੀਤ ਬਿੰਦਰਖੀਆ ਦਾ ਜਨਮ ਵੀ ਇਸ ਧਰਤੀ ਤੇ ਹੋਇਆ। 15 ਅਪ੍ਰੈਲ 1962 ਨੂੰ ਪਹਿਲਵਾਨ ਸੁੱਚਾ ਸਿੰਘ ਦੇ ਘਰ ਮਾਤਾ ਗੁਰਚਰਨ ਕੌਰ ਦੀ ਕੁੱਖ ਤੋਂ ਸੁਰਜੀਤ ਬਿੰਦਰਖੀਏ ਦਾ ਜਨਮ ਹੋਇਆ ਸੀ। ਉਹਨਾਂ ਦੇ ਪਿਤਾ ਇਲਾਕੇ ਵਿਚ ਮਸ਼ਹੂਰ ਪਹਿਲਵਾਨ ਸੀ। ਉਹ ਚਾਹੁੰਦੇ ਸੀ ਕਿ ਸੁਰਜੀਤ ਵੀ ਉਹਨਾਂ ਵਾਂਗ ਹੀ ਪਹਿਲਵਾਨ ਬਣੇ ਪਰ ਸੁਰਜੀਤ ਜੀ ਗਾਇਕ ਬਣਨਾ ਚਾਹੁੰਦੇ ਸੀ।





**ਗਾਇਕ ਸੁਰਜੀਤ ਬਿੰਦਰਖੀਆ**

ਉਹਨਾਂ ਨੇ ਆਪਣੇ ਕੈਰੀਅਰ ਦੀ ਸ਼ੁਰੂਆ ਗੌਰਮਿੰਟ ਕਾਲਜ ਰੋਪੜ ਵਿਚ ਪੜ੍ਹਦੇ ਹੋਏ ਭੰਗੜੇ ਤੇ ਬੋਲੀਆਂ ਤੋਂ ਸ਼ੁਰੂ ਕੀਤੀ। ਉਸ ਸਮੇਂ ਲੰਬੀ ਹੇਕ ਲਾ ਕੇ ਗਾਉਣ ਵਾਲਾ ਸਿਰਫ਼ ਇੱਕੋ ਗਾਇਕ ਸੁਰਜੀਤ ਹੀ ਸੀ। 1990 ਵਿਚ ਉਹਨਾਂ ਦਾ ਵਿਆਹ ਪ੍ਰੀਤ ਕਮਲ ਹੋ ਗਿਆ। ਵਿਆਹ ਤੋਂ ਬਾਅਦ ਉਹਨਾਂ ਦੇ ਘਰ ਇੱਕ ਬੇਟਾ ਤੇ ਇੱਕ ਬੇਟੀ ਦਾ ਜਨਮ ਹੋਇਆ। ਬੇਟੇ ਦਾ ਨਾਂ ਗੀਤਾਂਜ ਤੇ ਬੇਟੀ ਦਾ ਨਾਂ ਮੀਨਾਜ ਰੱਖਿਆ ਗਿਆ। 1995 ਵਿੱਚ ਉਹਨਾਂ ਦਾ ਗਾਇਆ ਗੀਤ 'ਦੁੱਪਟਾ ਤੇਰਾ ਸੱਤ ਰੰਗ ਦਾ' ਬਹੁਤ ਮਸ਼ਹੂਰ ਹੋਇਆ। ਉਹਨਾਂ ਦੇ ਕੁਝ ਹੋਰ ਮਸ਼ਹੂਰ ਗੀਤ 'ਤੇਰਾ ਯਾਰ ਬੋਲਦਾ', 'ਸਾਨੂੰ ਟੇਢੀ ਟੇਢੀ ਤੱਕਦੀ ਤੂੰ', 'ਤੂੰ ਨੀ ਬੋਲਦੀ' ਤੇ 'ਜਟ ਦੀ ਪਸੰਦ' ਹਨ। 17 ਨਵੰਬਰ, 2003 ਵਿੱਚ ਸੁਰਜੀਤ ਬਿੰਦਰਖੀਆ ਜੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਅੱਜਕੱਲ੍ਹ ਉਹਨਾ ਦਾ ਪਰਿਵਾਰ ਮੋਹਾਲੀ ਰਹਿੰਦਾ ਹੈ।

ਪੁਆਧ ਦੇ ਇਸ ਉੱਘੇ ਗਾਇਕ ਬਾਰੇ ਮਲਕੀਤ ਸਿੰਘ ਔਜਲਾ ਦੀ ਲਿਖੀ ਪੁਸਤਕ 'ਸੁਰਜੀਤ ਬਿੰਦਰਖੀਆ-ਜੀਵਨ ਤੇ ਗਾਇਕੀ' (2011) ਭਰਪੂਰ ਜਾਣਕਾਰੀ ਵਾਲੀ ਹੈ।

"ਮੈਂ ਬਿੰਦਰਖ ਪਿੰਡ ਬੋਲਦਾਂ' ਇੱਥੇ ਮਲਕੀਤ ਸਿੰਘ ਔਜਲਾ ਦੀ ਕਵਿਤਾ ਦੀਆਂ ਕੁਝ ਸਤਰਾਂ ਦੇਣੀਆਂ ਜ਼ਰੂਰੀ ਲਗਦੀਆਂ ਹਨ:

"ਹੁਣ ਮੈਂ ਦੱਸਦਾ ਆਪਣੀ ਭੂਗੋਲਿਕ ਸਥਿਤੀ ਸਾਰੀ,<br>
ਉੱਤਰ ਪਾਸੇ ਨਦੀ ਵਗਦੀ, ਜਦੋਂ ਮੀਂਹ ਪੈਂਦਾ ਹੈ ਭਾਰੀ।<br>
ਨਦੀ ਪਾਰ ਨਗਰ ਪੁਰਖਾਲੀ, ਸਿੱਧੂ ਜਿੱਥੇ ਨੇ ਰਹਿੰਦੇ,<br>
ਰਾਮਪੁਰ, ਖਾਨਪੁਰ, ਹਿਰਦਾਪੁਰ-ਖੇੜੀ ਬਾਕੀ ਪਿੰਡਾਂ ਨੂੰ ਕਹਿੰਦੇ।<br>
ਪੁਖਰਾਲੀ ਪਿੰਡ ਹੈ ਘਾੜ ਦਾ ਸੈਂਟਰ,ਬੈਂਕ ਸਕੂਲ ਨੇ ਭਾਰੇ,<br>
ਬਿੰਦਰਖ, ਪੁਰਖਾਲੀ ਦੀ ਸਾਂਝੀ ਮਨੌਤ ਹੈ, ਇੱਥੇ ਪੈਂਦੇ ਨਹੀਂ ਚੁਬਾਰੇ।"

ਉਪਰਕੋਤ ਸਾਰੀ ਜਾਣਕਾਰੀ ਰਬਿੰਦਰ ਸਿੰਘ ਬੈਂਸ ਤੇ ਗੁਰਸ਼ਰਨ ਬਿੰਦਰਖੀਆਂ ਜੀ ਤੋਂ ਪ੍ਰਾਪਤ ਕੀਤੀ ਗਈ ਹੈ।

* * * *

# ਅਤੀਤ 'ਤੇ ਮਾਣ ਕਰਨ ਵਾਲਾ ਪਿੰਡ ਰਤਨਗੜ੍ਹ

**- ਮਨਮੋਹਨ ਸਿੰਘ ਦਾਊਂ**
**ਮੋਬਾ 9815123900**

ਮੋਰਿੰਡਾ ਤੋਂ ਚੁੰਨ੍ਹੀ ਹਾਈਵੇ 'ਤੇ ਤਿੰਨ ਕਿਲੋਮੀਟਰ ਦੂਰ ਖੱਬੇ ਹੱਥ ਸਥਿਤ ਪਿੰਡ ਰਤਨਗੜ੍ਹ ਆਉਂਦਾ ਹੈ। ਇਸ ਦੀ ਛਿਪਦੀ ਗੁੱਠੇ ਕਲਹੇੜੀ, ਰਾਮਗੜ੍ਹ ਮੰਡਾਂ, ਉੱਤਰ ਵੱਲ ਛੋਟੀ ਮੜੌਲੀ ਤੇ ਦੱਖਣ ਵੱਲ ਭਟੇੜੀ ਪਿੰਡ ਹਨ। ਰਤਨਗੜ੍ਹ ਨੂੰ ਵੱਸਿਆਂ ਲਗਪਗ 250-300 ਸਾਲ ਦੱਸੇ ਜਾਂਦੇ ਹਨ। ਤਿੰਨ ਪੱਤੀਆਂ ਹਨ : ਪੱਕੀ ਗਲੀ ਵਾਲੀ, ਨਗਲੀਏ ਵਾਲੀ ਪੱਤੀ ਅਤੇ ਤਿਹਾਈ ਵਾਲੀ ਪੱਤੀ। ਨਗਲੀ ਅਤੇ ਬਡਾਲਾ ਤੋਂ ਆ ਕੇ ਖੱਟੜਾ ਗੋਤ ਦੇ ਲੋਕਾਂ ਨੇ ਇੱਥੇ ਵਾਸਾ ਕੀਤਾ। ਰਾਮਦਾਸੀਆਂ ਦਾ ਗੁਰਦੁਆਰਾ ਪਹਿਲਾਂ ਬਣਿਆ ਅਤੇ ਦੂਜਾ ਵੱਡਾ ਗੁਰਦੁਆਰਾ ਬਾਅਦ 'ਚ ਬਣਿਆ ਜਿਸ ਨੂੰ ਪਿੰਡ ਵਾਸੀਆਂ ਨੇ 2020 'ਚ ਦੁਬਾਰੇ ਸੁੰਦਰ ਦਿੱਖ ਦੇ ਕੇ ਖੁੱਲ੍ਹਾ ਤੇ ਨਵਾਂ ਰੂਪ ਦੇ ਕੇ ਉਸਾਰਿਆ ਹੈ। ਪਿੰਡ ਦੇ ਲੋਕ ਪਿਛੋਕੜ ਤੋਂ ਗੁਰਮਤਿ ਮਰਿਯਾਦਾ ਵਾਲੇ ਤੇ ਆਪਸੀ ਸਦਭਾਵਨਾ ਨਾਲ ਰਹਿਣ ਵਾਲੇ ਹਨ। ਇਸ ਪਿੰਡ 'ਚ ਜੱਟ (ਜ਼ਿਮੀਦਾਰ), ਤਰਖਾਣ, ਲੁਹਾਰ, ਘੁਮਿਆਰ, ਕਹਾਰ, ਨਾਈ, ਤੇਲੀ, ਬਾਲਮੀਕੀ, ਰਾਮਦਾਸੀਏ, ਜੁਲਾਹੇ ਤੇ ਛੀਂਬੇ ਜਾਤੀ (ਵਰਨਾਂ ) ਦੇ ਲੋਕੀਂ ਚੰਗਾ ਜੀਵਨ ਬਸਰ ਕਰ ਰਹੇ ਹਨ। ਕੁਝ ਘਰ ਇੱਥੋਂ ਹੱਲੋਤਾਲੀ, ਰਤਨਗੜ੍ਹ (ਨੇੜੇ ਪਟਿਆਲਾ), ਕਲੇਰਾਂ, ਕੁੰਭੜਾ (ਗੋਬਿੰਦਗੜ੍ਹ ਨੇੜੇ) ਅਤੇ ਯੂ.ਪੀ. 'ਚ ਆਪਣੇ ਕਾਰੋਬਾਰ ਕਾਰਨ ਜਾ ਵਸੇ। ਆਬਾਦੀ ਤਿੰਨ ਹਜ਼ਾਰ ਦੇ ਨੇੜੇ-ਤੇੜੇ ਹੈ। ਵੋਟਰ 1400 ਦੇ ਕਰੀਬ ਹਨ। ਪਿੰਡ 'ਚ ਲੋਕੀ ਪੰਜ ਖੂਹਾਂ ਤੇ ਖੂਹੀਆਂ (ਕੂਈਆਂ) ਤੋਂ ਪਾਣੀ ਭਰਦੇ ਹੁੰਦੇ ਸਨ। ਵੱਡਾ ਖੂਹ ਅੰਗਰੇਜ਼ਾਂ ਦੇ ਸਮੇਂ ਦਾ ਦੱਸਿਆ ਜਾਂਦਾ ਹੈ। ਦੋ ਧਰਮਸ਼ਾਲਾ ਹਨ। ਇਕ ਸ਼ਿਵਦੁਆਲਾ (ਮੰਦਰ) ਪਿੰਡ ਦੇ ਪੰਡਤਾਂ-ਬਾਹਮਣਾਂ ਦਾ ਬਣਿਆ ਹੋਇਆ ਹੈ। ਪਿੰਡ ਦੇ ਗੋਤੀ ਖਟੜਾ, ਕੰਗ, ਜੌਹਰ ਤੇ ਖਰਬ ਕੁਨਬਿਆਂ 'ਚੋਂ ਹਨ। ਖਟੜਾ ਗੋਤੀ ਵੱਧ ਹਨ।

ਪਿੰਡ ਦੇ ਮੁੱਢਲੇ ਸਮਿਆਂ 'ਚ ਸਰਕਾਰੀ ਪ੍ਰਾਇਮਰੀ ਸਕੂਲ ਹੁੰਦਾ ਸੀ ਤੇ ਅਗਲੀ ਪੜ੍ਹਾਈ ਲਈ ਮੋਰਿੰਡਾ ਜਾਣਾ ਪੈਂਦਾ ਸੀ।



ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਅਤੇ ਦੁੱਧ ਦੀ ਡਾਇਰੀ ਦਾ ਰਿਹਾ। ਕੁਝ ਵਿਅਕਤੀ ਨੌਕਰੀ ਪੇਸ਼ੇ ਕਾਰਨ, ਵੱਖੋ-ਵਖ ਥਾਵਾਂ 'ਚ ਉੱਚ ਵਿਦਿਆ ਹਾਸਲ ਕਰਕੇ ਨੌਕਰੀ ਪੇਸ਼ੇ ਕਾਰਨ, ਵੱਖੋ-ਵੱਖ ਥਾਵਾਂ 'ਚ ਜਾ ਵਸੇ। ਪਿੰਡ ਦੀ ਜ਼ਮੀਨ ਬਹੁਤ ਉਪਜਾਊ ਹੈ। ਕਣਕ, ਕਮਾਦ, ਮੱਕੀ, ਝੋਨਾ, ਸਬਜ਼ੀਆਂ, ਫਲਦਾਰ ਬੂਟੇ, ਚਾਰੇ ਦੀਆਂ ਫ਼ਸਲਾਂ ਬਹੁਤ ਉਪਜ ਦੇਂਦੀਆਂ ਹਨ। ਇਸੇ ਕਰਕੇ ਇਸ ਪਿੰਡ ਵਿਚ ਲਗਭਗ 22 ਖੂਹ ਜ਼ਿਮੀਦਾਰਾਂ ਦੇ ਹੁੰਦੇ ਸਨ, ਉਹ ਖੂਹ ਪਰਿਵਾਰਾਂ ਦੇ ਮੁਖੀਆਂ ਦੇ ਨਾਵਾਂ ਨਾਲ ਜਾਣੇ ਜਾਂਦੇ ਸਨ ਜਿਵੇਂ ਸੁਰਮੁਖ ਸਿੰਘ, ਬਲਦੇਵ ਸਿੰਘ, ਅਜਮੇਰ ਸਿੰਘ, ਭਾਗ ਸਿੰਘ, ਜਵਾਲਾ ਸਿੰਘ, ਕਰਨੈਲ ਸਿੰਘ, ਪੂਰਨ ਸਿੰਘ, ਬੁੜੇਵਾਲਾ, ਨੌਰੰਗ ਸਿੰਘ, ਮਾਨ ਸਿੰਘ, ਬਸਾਵਾ ਸਿੰਘ, ਮਲ ਸਿੰਘ, ਸ਼ਿਆਮ ਸਿੰਘ, ਲੰਬੜ ਵਾਲਾ, ਡਾਇਰੀ ਵਾਲਾ, ਤਿਹਾਈ ਵਾਲਾ, ਮਾਛੀਪੁਰ ਵਾਲਾ, ਨਵਾਂ ਖੂਹ, ਲੰਗੜਾ ਖੂਹ, ਪਾਦਰੀਆਂ ਵਾਲਾ, ਮੰਡਾਂ ਵਾਲਾ, ਬੰਤਾ ਸਿੰਘ, ਬੀਰ ਸਿੰਘ ਵਾਲਾ। ਹੁਣ ਟਿਊਬਵੈਲਾਂ ਨਾਲ ਸਿੰਜਾਈ ਹੁੰਦੀ ਹੈ ਜਿਨ੍ਹਾਂ ਦੀ ਗਿਣਤੀ ਲਗਭਗ 35 ਹੈ।

ਇਸ ਵੇਲੇ ਸਰਕਾਰੀ ਐਲੀਮੈਂਟਰੀ ਸਕੂਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚਲ ਰਹੇ ਹਨ। ਪਸ਼ੂ ਡਿਸਪੈਂਰੀ, ਦੁੱਧ ਕੇਂਦਰ, ਕੋਆਪ੍ਰੇਟਿਵ ਸੁਸਾਇਟੀ ਅਤੇ ਸਰਕਾਰੀ ਡਿਸਪੈਂਸਰੀ ਦੀਆਂ ਸਹੂਲਤਾਂ ਉਪਲਬਧ ਹਨ। ਗੁਰਦੁਆਰਾ ਸਾਹਿਬ ਦੇ ਸਾਹਮਣੇ ਪਿੰਡ ਦੀ ਸੱਥ ਜੁੜਦੀ ਹੈ ਅਤੇ ਪਿੰਡ ਦੀ ਖ਼ਬਰਸਾਰ ਤੇ ਖੁੰਡ-ਚਰਚਾ ਹੁੰਦੀ ਰਹਿੰਦੀ ਹੈ। ਪਿੰਡ ਦੇ ਬਜ਼ੁਰਗਾਂ 'ਚ ਭਾਈਚਾਰਕ ਸਾਂਝ ਬਣੀ ਹੋਈ ਹੈ। ਨੌਜੁਆਨ ਪੀੜ੍ਹੀ ਪਿੰਡ ਦੇ ਉਸਾਰੂ ਕੰਮਾਂ 'ਚ ਪੂਰੇ ਜੋਸ਼ ਨਾਲ ਕਾਰਜ਼ਸ਼ੀਲ ਹੈ। ਕਿਸਾਨ ਅੰਦੋਲਨ 'ਚ ਪਿੰਡ ਦੇ ਲੋਕੀਂ ਸਿੰਘੂ ਬਾਰਡਰ 'ਤੇ ਪੂਰੀ ਸਰਗਰਮੀ ਨਾਲ ਯਥਾਯੋਗ ਸਹਿਯੋਗ ਦਿੰਦੇ ਰਹੇ। ਪਿੰਡ ਦੀ ਪੰਚਾਇਤ ਨੇ ਸਮੇਂ-ਸਮੇਂ ਆਪਣੇ ਪਿੰਡ ਦੀ ਨੁਹਾਰ ਬਦਲਣ ਦੀ ਕੋਸ਼ਿਸ਼ ਕੀਤੀ ਹੈ। ਕੁਝ ਪਰਿਵਾਰਾਂ ਦੇ ਮੈਂਬਰ ਵਿਦੇਸ਼ਾਂ ਜਿਵੇਂ ਕੈਨੇਡਾ, ਅਮਰੀਕਾ, ਨਿਊਜ਼ੀਲੈਂਡ ਤੇ ਦੁਬਈ 'ਚ ਕਮਾਈ ਕਰਨ ਲਈ ਗਏ ਹੋਏ ਹਨ ਤੇ ਪਿੰਡ ਨਾਲ ਪੂਰਾ ਲਗਾਓ ਰੱਖਦੇ ਹਨ। ਪਿੰਡ 'ਚ ਚਾਰ ਨੰਬਰਦਾਰ ਹਨ ਤਿੰਨ ਜ਼ਿਮੀਦਾਰਾਂ 'ਚੋਂ ਅਤੇ ਇਕ ਦਲਿਤ ਵਰਗ ਚੋਂ । ਇੱਕ ਚੌਕੀਦਾਰ ਪੁਸ਼ਤਦਰ-ਪੁਸ਼ਤ ਚਲਿਆ ਆ ਰਿਹਾ ਹੈ। ਭਾਰਤੀ ਫ਼ੌਜ ਵਿਚ ਭਰਤੀ ਹੋ ਕੇ ਕਈ ਵਿਅਕਤੀਆਂ ਨੇ ਚੰਗਾ ਨਾਮਣਾ ਖੱਟਿਆ ਹੈ ਜ਼ਿਕਰਯੋਗ ਨਾਮ ਹਨ: ਕੈਪਟਨ ਮੁਖਤਿਆਰ ਸਿੰਘ, ਸੂਬੇਦਾਰ

ਗੁਰਨਾਮ ਸਿੰਘ, ਸੂਬੇਦਾਰ ਸਜਨ ਸਿੰਘ, ਸੂਬੇਦਾਰ ਸੋਹਨ ਸਿੰਘ, ਲੈਫਟੀਨੈਂਟ ਅਮਰ ਸਿੰਘ, ਕੈਪਟਨ ਹਕੀਕਤ ਸਿੰਘ।

ਪਿੰਡ ਦੇ ਮੁਹਤਬਰ ਵਿਅਕਤੀਆਂ 'ਚ ਸੁਰਮੁਖ ਸਿੰਘ, ਮਾਧੋ ਸਿੰਘ, ਅਜਾਇਬ ਸਿੰਘ, ਮੈਨੇਜਰ ਜਗੀਰ ਸਿੰਘ, ਗੁਰਦੇਵ ਸਿੰਘ ਤੇ ਅਜੀਤ ਸਿੰਘ (ਬਲਾਕ ਸੰਮਤੀ ਮੈਂਬਰ), ਪਰਮਜੀਤ ਸਿੰਘ (ਡਾਇਰੈਕਟਰ), ਕੁਲਤਾਰ ਸਿੰਘ (ਕਾਂਗਰਸ ਬਲਾਕ ਪ੍ਰਧਾਨ) ਦੇ ਨਾਮ ਜ਼ਿਕਰਯੋਗ ਹਨ, ਹੋਰ ਵਿਅਕਤੀਆਂ ਦੇ ਨਾਮ ਵੀ ਗਿਣੇ ਜਾ ਸਕਦੇ ਹਨ। ਡਾ. ਸੋਹਨ ਸਿੰਘ ਪੀ.ਜੀ.ਆਈ ਚੰਡੀਗੜ੍ਹ, ਸੇਵਾਵਾਂ ਨਿਭਾਉਣ ਵਾਲੇ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਸਨ।

ਗੁਰਮਤਿ ਸਿੱਖ ਮਰਿਯਾਦਾ ਦੇ ਧਾਰਨੀ ਸ. ਜਗਜੀਤ ਸਿੰਘ ਖਟੜਾ, ਸ਼੍ਰੋਮਣੀ ਗੁਰਦੁਆਰਾ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮੈਂਬਰ ਤੇ ਕਾਰਜਕਾਰੀ ਕਮੇਟੀ ਦੇ ਅਹੁਦੇਦਾਰ ਰਹੇ। ਆਪ ਨੂੰ ਪਿੰਡ ਨਾਲ ਪਿਆਰ ਹੈ, ਉਥੇ ਪਿੰਡ ਦੇ ਇਤਿਹਾਸ








**ਲੇਖਕ ਜਥੇਦਾਰ ਜਗਜੀਤ ਸਿੰਘ ਨਾਲ ਵਿਚਾਰ ਕਰਦੇ ਰਤਨਗੜ੍ਹ ਵਿਖੇ**

ਬਾਰੇ ਵੀ ਚੰਗੀ ਜਾਣਕਾਰੀ ਰਖਦੇ ਹਨ। ਇਸਤੋਂ ਬਿਨਾਂ ਗ੍ਰਾਮ ਜ਼ਿਲ੍ਹਾ ਰੋਪੜ ਯੋਜਨਾ ਬੋਰਡ ਦੇ ਮੈਂਬਰ, ਟੈਲੀਫੋਨ ਸਲਾਹਕਾਰ ਕਮੇਟੀ ਦੇ ਮੈਂਬਰ, ਅਕਾਲੀ ਦਲ ਪਾਰਟੀ ਦੇ ਸਕੱਤਰ ਤੇ ਸੂਰਜ ਊਰਜਾ ਕਮੇਟੀ ਦੇ ਮੈਂਬਰ ਵੀ ਰਹੇ। ਮੰਥਨ-ਕਮੇਟੀ ਦਾ ਮੈਂਬਰ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਅਹੁਦੇਦਾਰ ਇੰਦਰਜੀਤ ਸਿੰਘ ਪੰਜਾਬੀ ਸੂਬੇ ਦੇ ਧਰਮਯੁੱਧ ਮੋਰਚੇ ਸਮੇਂ, 16 ਅਪ੍ਰੈਲ 1989 ਨੂੰ ਕਪੂਰਥਲੇ ਸ਼ਹੀਦ ਹੋਇਆ। ਮਾਸਟਰ ਗੁਰਦੇਵ ਸਿੰਘ ਖੱਟੜਾ ਦਾ ਇੱਕ ਬੇਟਾ ਅੰਮ੍ਰਿਤਪਾਲ ਸਿੰਘ ਖੱਟੜਾ (ਦੂਜੀਵਾਰ) ਮੋਰਿੰਡਾ ਸ਼ਹਿਰ ਦਾ ਐਮ. ਸੀ. ਹੈ ਅਤੇ ਦੂਜਾ ਬੇਟਾ ਗੁਰਿੰਦਰ ਸਿੰਘ ਪਿੰਡ ਦਾ ਨੰਬਰਦਾਰ ਅਤੇ ਫਾਇਨੈਂਸਰ ਅਤੇ ਉੱਦਮੀ ਕਿਸਾਨ ਹੈ ਜਿਸਨੂੰ ਪੁਆਧੀ ਪੰਜਾਬੀ ਸਥ ਮੁਹਾਲੀ ਵਲੋਂ 2017 'ਚ ਪੁਆਧ ਦਾ ਆਦਰਸ਼ਕ ਕਿਸਾਨ ਵੱਲੋਂ ਸਨਮਾਨਿਤ ਕੀਤਾ ਗਿਆ। ਸਾਬਕਾ ਸਰਪੰਚ ਅਵਤਾਰ ਸਿੰਘ ਕੋਅਪ੍ਰੇਟਿਵ ਬੈਂਕਾਂ ਦੇ ਮੈਨੇਜਰ ਵੀ ਰਹੇ।

ਸਿੱਖਿਆ ਵਿਭਾਗ 'ਚ ਗੁਰਨਾਮ ਸਿੰਘ, ਅਮਰ ਸਿੰਘ, ਜਸਵਿੰਦਰ ਸਿੰਘ, ਬਲਬੀਰ ਸਿੰਘ ਪੀ.ਟੀ.ਆਦਿ ਅਧਿਆਪਨ-ਖੇਤਰ 'ਚ ਸੇਵਾਵਾਂ ਨਿਭਾਅ ਰਹੇ ਹਨ। ਗੁਰਬਾਣੀ ਕੀਰਤਨ ਕਰਨ ਵਾਲਿਆਂ 'ਚ ਤਰਸੇਮ ਸਿੰਘ, ਅਕਾਲੀ ਬਚਨ ਸਿੰਘ, ਪ੍ਰੀਤਮ ਸਿੰਘ ਆਦਿ ਨੇ ਚੰਗਾ ਨਾਂ ਖੱਟਿਆ ਹੈ। ਬਹੁਤ ਘੱਟ ਲੋਕਾਂ

ਨੂੰ ਪਤਾ ਕਿ ਰਾਮਦਾਸੀਆ ਪਰਿਵਾਰ 'ਚੋਂ ਗਿਆਨੀ ਮਨੀ ਸਿੰਘ (ਰਤਨਗੜ੍ਹ ਵਾਲੇ) ਨਾਂ ਬਹੁਤ ਹੀ ਸਤਿਕਾਰਯੋਗ ਹੈ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਪਾਸੇ ਗੁਰਦੁਆਰਾ ਸਾਹਿਬ ਉਸਾਰਿਆ। ਆਪ ਬਚਪਨ ਤੋਂ ਹੀ ਸਿੱਖੀ ਤੇ ਕੀਰਤਨ ਕਰਨ ਵਿੱਚ ਜੁੱਟ ਗਏ। ਗੁਰਮਤਿ-ਵਿਦਵਤਾ ਗ੍ਰਹਿਣ ਕੀਤੀ ਤੇ ਟਕਸਾਲੀ ਸਿੱਖ ਵਿਦਵਾਨ ਬਣ ਕੇ ਸ਼ੋਭਾ ਖੱਟੀ। ਤਖਤ ਸ੍ਰੀ ਕੇਸਗੜ੍ਹ ਸਾਹਿਬ, ਸੱਚਖੰਡ ਸ੍ਰੀ ਹਰਮੰਦਰ ਸਾਹਿਬ, ਕਾਨਪੁਰ-ਗੋਬਿੰਦ ਨਗਰ, ਦਿੱਲੀ ਦੇ ਗੁਰਦੁਆਰਿਆਂ 'ਚ ਹੈੱਡ ਗ੍ਰੰਥੀ ਰਹੇ। ਸਭ ਤੋਂ ਵੱਡਮੁੱਲੀ ਤੇ ਨਿਵੇਕਲੀ ਕਮਾਈ ਵਾਲਾ ਆਪ ਦਾ ਕਾਰਜ ਅੱਠ ਸੈਂਚੀਆਂ 'ਚ ਸਿਧਾਂਤਕ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਪੋਥੀਆਂ ਹਨ। ਇਸ ਤੋਂ ਬਿਨਾਂ ਤਿੰਨ ਭਾਗਾਂ 'ਚ 'ਮੇਰਾ ਜੀਵਨ ਸਫ਼ਰ' ਅਤੇ ਦੇਸ਼ ਵਿਦੇਸ਼ ਵਿੱਚ ਹੋਈ ਗੁਰਮਤਿ ਪ੍ਰਸ਼ਨੋਤਰੀ ਹੈ ਕੁਝ ਹੋਰ ਗੁਰਮਤਿ ਵਿਸ਼ੇ ਨਾਲ ਪੁਸਤਕਾਂ ਵੀ ਛਾਪੀਆਂ ਤੇ ਵਿਦੇਸ਼ਾਂ ਵਿੱਚ ਸਿੱਖੀ ਪ੍ਰਚਾਰ ਕੀਤਾ।

ਅਜਿਹੇ ਵਿਦਵਾਨ ਦੀ ਗੁਰਮਤਿ ਸਾਹਿਤ ਸੇਵਾ ਬਦਲੇ ਪਿੰਡ ਨੂੰ ਉਹਨਾਂ ਨਮਿੱਤ ਮਾਣ ਕਰਨ ਲਈ ਕੋਈ ਯਾਦਗਾਰੀ ਯੋਜਨਾ ਵਿਊਂਤਣੀ ਚਾਹੀਦੀ ਹੈ। ਇਸ ਵੇਲੇ ਪਿੰਡ ਦਾ ਹੱਦਬਸਤ ਨੰ. 250, ਵਾਹੀਯੋਗ ਬੱਤੀ ਸੌ ਬੀਘੇ ਜ਼ਮੀਨ ਹੈ। ਪਿੰਡ ਦੇ ਗੁਰਦੁਆਰਾ ਸਾਹਿਬ 'ਚ ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਏ ਜਾਂਦੇ ਹਨ। ਕਲੱਬ ਖੇਡਾਂ ਵੀ ਕਰਵਾਉਂਦਾ ਹੈ।

ਸਭ ਤੋਂ ਲੰਮੀ ਉਮਰ ਵਾਲੇ ਸ. ਬੰਤਾ ਸਿੰਘ (94 ਸਾਲ) ਅਤੇ ਬੀਬੀ ਦਲੀਪ ਕੌਰ 95 ਸਾਲਾਂ ਤੋਂ ਉੱਤੇ ਹਨ ਜਿਨ੍ਹਾਂ ਨੂੰ ਪੁਰਾਣੇ ਸਮਿਆਂ ਦੀਆਂ ਘਟਨਾਵਾਂ ਅਜੇ ਵੀ ਯਾਦ ਹਨ। ਜੋ ਸਾਬਕਾ ਸਰਪੰਚ ਅਵਤਾਰ ਸਿੰਘ ਦੀ ਮਾਤਾ ਜੀ ਹਨ।

* * * *



## ਸ਼ਹਿਰੀਕਰਨ ਤੋਂ ਬਚਿਆ ਪਿੰਡ ਬਜਹੇੜੀ

**- ਪ੍ਰਿੰ. ਗੁਰਮੀਤ ਸਿੰਘ ਖਰੜ**
**ਮੋਬਾ. 9463410877**

ਕਰੋਨਾ ਮਹਾਮਾਰੀ ਦੇ ਝੰਬੇ ਹੋਏ ਇਕ ਦਿਨ ਕਰਫਿਊ ਵਿਚ ਥੋੜ੍ਹੀ ਜਿਹੀ ਢਿੱਲ ਮਿਲਣ 'ਤੇ ਮੈਂ ਸਾਇਕਲ 'ਤੇ ਹੀ ਬਜਹੇੜੀ ਨੂੰ ਚਲ ਪਿਆ। ਕਰੀਬ-ਕਰੀਬ ਦੋ ਹਜ਼ਾਰ ਦੀ ਆਬਾਦੀ ਨੂੰ ਢੁਕਿਆ ਇਹ ਪਿੰਡ ਖਰੜ ਤੋਂ ਲਹਿੰਦੇ ਪਾਸੇ ਛੇ ਕੋਹ ਦੂਰ ਹੈ। ਰਾਹ 'ਚ ਚੰਡੀਗੜ੍ਹ-ਲੁਧਿਆਣਾ ਰੇਲਵੇ ਲਾਇਨ ਪੜ੍ਹਾ। ਰਸਤੇ ਵਿਚ ਖੁੰਬਾਂ ਵਾਂਗ ਉਸਰੀਆਂ ਕਲੋਨੀਆਂ ਨੂੰ ਦੇਖਦਾ-ਦੇਖਦਾ, ਮੈਂ ਤੀਹ ਕੁ ਮਿੰਟਾਂ ਵਿੱਚ ਬਜਹੇੜੀ ਜਾ ਪਹੁੰਚਿਆ। ਪਿੰਡ ਮਾ ਵੜਦੇ ਸਾਰ ਮਾਰੇ ਕਲਬ ਦੇ ਮੋਢੀ ਮੈਂਬਰ ਅਸ਼ੋਕ ਬਜ਼ਹੇੜੀ ਅਤੇ ਅਮਨਦੀਪ ਮਾਨ ਹੋਰਾਂ ਟਕਰ ਗਏ। ਹੱਥ ਮਿਲਾਏ ਬਿਨਾਂ ਹਮੈਂ ਦੂਰ ਤੋਂ ਹੀ ਫਤਿਹ ਬੁਲਾ ਦਿਤੀ। ਕੌਣ ਸਾ ਪਤਾ ਕਰੋਨਾ ਕਹਾਂ ਸੇ ਆ ਚਿੰਬੜੇ। "ਅਸ਼ੋਕ ਥਾਰਾ ਗਰਾਂ ਤਾਂ ਅਜੇ ਸ਼ਹਿਰ ਕੇ ਹੱਲੇ ਤੋਂ ਬਚਿਆ ਹੋਇਆ ਹੈ", ਮੈਂ ਕਿਹਾ। ਇੰਨੀ ਬਾਤ ਕਹਿਣ ਦੀ ਦੇਰ ਸੀ, ਉਹ ਤਾਂ ਭਾਈ ਸ਼ੁਰੂ ਹੋ ਗਿਆ। ਬਾਤਾਂ-ਬਾਤਾਂ ਮੇਂ, ਉਹਨਾਂ ਤਾਂ ਸਾਰੇ ਰਾਹਾਂ ਕੀ ਪੋਟਲੀ ਖੋਲ੍ਹ ਲਈ। ਹਮੇਂ ਤਾਂ ਸਨ ਉਨੀ ਸੋ ਬਿਆਸੀ 'ਚ ਗਰੋਂ ਕੇ ਸੁਧਾਰ ਲਈ ਜਵਾਨ-ਜਵਾਨ ਛੋਕਰਿਆਂ ਕੀ ਇਕ ਸਭਾ ਬਣਾ ਲਈ ਤੀ। ਨਾਂ ਰੱਖ ਲਿਆ ਨੌਜਵਾਨ ਸੁਧਾਰ ਸਭਾ। ਪੰਚਾਇਤ ਕੇ ਸਾਥ ਮਿਲਕੇ ਪਿੰਡ ਦੇ ਬਹੁਤ ਸਾਰੇ ਕੰਮ ਕਰੇ ਹਮਾਂ। ਯਹਾਂ ਜੱਟ, ਸੈਣੀ, ਬ੍ਰਾਹਮਣ, ਨਾਈ, ਤੇਲੀ, ਪਿੰਜੇ, ਰਵੀਦਾਸੀ, ਬਾਲਮੀਕ ਸਭੀ ਜਾਤ ਕੇ ਲੋਕ ਮਿਲਕੇ ਰਹਾਂ। ਮਿਲਕੇ ਹੀ ਗੌਂ ਕੇ ਕੰਮ ਕਰਾਂ। ਮਾਰੇ ਯਹਾਂ ਦੋ ਸਰਕਾਰੀ ਸਕੂਲ, ਇਕ ਮਿਡਲ, ਦੂਸਰਾ ਪ੍ਰਾਇਮਰੀ ਪਿੰਡ ਕੇ ਛੌਕਰਿਆਂ ਨੂੰ ਪੜ੍ਹਾਣਾ। ਡਾਕਘਰ ਤੇ ਆਂਗਣਵਾੜੀ ਵੀ ਚਲਾ ਇਥੇ। ਮਾਰੀ ਸਭਾ ਨੇ ਪਿੰਡ ਕੇ ਲੋਕਾਂ ਨਾਲ ਮਿਲਕੇ ਸਕੂਲ ਕੇ ਕਈ ਕਮਰੇ ਪਾਏ। ਨਿਆਣਿਆਂ ਦੇ ਖੇਡਣ ਲਈ ਮਾਨੇ ਕਾਫੀ ਥਾਂ ਸਵਾਰੀ ਹੋਈ ਹੈ।

ਤਿੰਨ ਸੌ ਤੋਂ ਵੱਧ ਘਰਾਂ ਨੂੰ ਢੁਕਿਆ ਪਿੰਡ ਦੋ ਪਤੀਆਂ ਵਿਚ ਵੰਡਿਆ ਹੋਇਆ ਏ। ਛਿਪਦੇ ਪਾਸੇ ਧਨੋਆ ਪੱਤੀ ਹੈ, ਜਿਦਰ ਬਹੁਤੇ ਘਰ ਜੱਟਾਂ ਦੇ ਨੇ। ਚੜ੍ਹਦੇ ਪਾਸੇ ਕਲਸੀਆ ਪੱਤੀ ਹੈ। ਧਨੋਆ ਪਤੀ ਕਦੇ ਪੈਪਸੂ ਸਟੇਟ ਦਾ ਹਿੱਸਾ ਹੋਇਆ ਕਰਦੀ ਸੀ। ਮਾਨ ਕਹਿੰਦਾ, ਮਾਰੇ ਪਿੰਡ ਦੀ ਨੇੜੇ-ਤੇੜੇ ਇਕ ਹਜ਼ਾਰ ਏਕੜ ਭੂਮੀ ਹੈ। ਜਿਹੜੀ ਗਿਆਰਾਂ ਪਿੰਡਾਂ ਨੂੰ ਜਾ ਲੱਗਾ। ਚੜ੍ਹਦੇ ਪਾਸੇ ਪੀਰ

ਸੋਹਾਣਾ ਹੈ। ਦੇਹਕਲਾਂ, ਨਬੀਪੁਰ, ਮਦਨਹੇੜੀ ਅਤੇ ਬਡਾਲੀ ਦੱਖਣ ਵਾਲੇ ਪਾਸੇ ਹਨ। ਉਤਰ ਵੱਲ ਸਿੰਬਲਮਾਜਰਾ ਅਤੇ ਸਕਰੁਲਾਂਪੁਰ ਪੜਾ। ਛਿਪਦੇ ਪਾਸੇ ਬੀਬੀਪੁਰ, ਰੋੜਾ ਤੇ ਸੋਤਲ ਨਾਲ ਲਗਦੇ ਹਨ। ਇਕ ਬਖੀ ਵਿੱਚ ਮਾਰੇ ਹਲਕੇ ਦਾ ਵੱਡਾ ਪਿੰਡ ਘੜੂੰਆਂ ਵੀ ਮਾਰੇ ਬੰਨੇ ਕੋ ਲਗਾ। ਹੁਣ ਤਾਂ ਘੜੂੰਆਂ ਕਾ ਕਈ ਰਾਜੋਂ ਮੇਂ ਨਾ ਚਲਾ। ਇੱਥੇ ਬਣੀ ਚੰਡੀਗੜ੍ਹ ਯੂਨੀਵਰਸਿਟੀ ਵਿਚ ਬਾਹਰਲੇ ਸੂਬਿਆਂ ਤੋਂ ਛੋਕਰੇ ਆ ਕੇ ਪੜ੍ਹਾਂ। ਮਾਰੇ ਬਹੁਤੇ ਲੋਕੀਂ ਖੇਤੀਬਾੜੀ ਔਰ ਡੰਗਰ-ਪਸ਼ੂ ਕਾ ਹੀ ਕਾਮ ਕਰਾਂ। ਥੋੜ੍ਹੇ ਬਹੁਤੇ ਨੌਕਰੀ ਅਤੇ ਟਰੱਕਾਂ ਮੇਂ ਵੀ ਜਾਹਾਂ।

ਪੁਆਧ ਇਲਾਕੇ ਵਿਚ ਰਬੀ ਬੈਰੋਂਪੁਰੀ ਦਾ ਅਖਾੜਾ ਦੂਰ ਦੂਰ ਤੱਕ ਭੱਖਦਾ ਸੀ। ਲੋਕੀਂ ਕਈ ਦਿਨ ਪਹਿਲਾਂ ਹੀ ਉਡੀਕ ਕਰਨ ਲਗ ਪੈਂਦੇ ਸੀ। ਛੋਟੇ ਹੁੰਦੇ ਮੈਨੂੰ ਵੀ ਬਾਪੂ ਜੀ ਹੋਰਾਂ ਨਾਲ ਰੱਬੀ ਦੇ ਅਖਾੜੇ ਦੇਖਣ ਤੇ ਮਾਨਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਸਾਰੀ ਸਾਰੀ ਰਾਤ ਨਚਾਰ ਨੱਚੀ ਜਹਾਂ ਤੇ। ਇਸ ਅਖਾੜੇ ਨੂੰ ਜੋਬਨ ਰੁੱਤ ਦੇਣ ਵਾਲਾ ਸਟੇਜ ਸੈਕਟਰੀ ਗੁਰਮੁੱਖ ਸਿੰਘ ਇਸੇ ਪਿੰਡ ਤੋਂ ਸੀ। ਬੜੀ ਗੜਕਵੀਂ ਆਵਾਜ਼ ਸੀ ਉਹਦੀ। ਇਲਾਕੇ ਮਾ ਕੋਈ ਨੇੜੇ-ਤੇੜੇ ਵੀ ਨਾ ਖੜ੍ਹਾ, ਉਹਦੇ ਮੁਕਾਬਲੇ। ਪਿੰਡ ਵਿਚ ਲੋਕਾਂ ਦੇ ਧਾਰਮਿਕ ਸਮਾਜਿਕ ਸਮਾਗਮਾਂ ਲਈ ਚਾਰ ਗੁਰਦੁਆਰੇ, ਦੋ ਮੰਦਰ ਅਤੇ ਇਕ ਮਸੀਤ ਹੈ। ਇਥੇ ਬਾਬਾ ਕੇਸਰੀ ਦੇ ਨਾਂ ਤੇ ਇਕ ਗੁੱਗਾ ਮਾੜੀ ਵੀ ਹੈ। ਜਿਥੇ ਹਰ ਵਰ੍ਹੇ ਛੇ, ਸਤ ਅਤੇ ਅੱਠ ਭਾਦੋਂ ਨੂੰ ਭਾਰੀ ਮੇਲਾ ਭਰਦਾ ਹੈ। ਲੋਕੀਂ ਦੂਰੋਂ-ਦੂਰੋਂ ਮੇਲਾ ਦੇਖਣ ਆਵਾਂ। ਪੁਆਧ ਇਲਾਕੇ ਦੇ ਮੇਲਿਆਂ ਵਿਚ ਇਸ ਮੇਲੇ ਦੀ ਖ਼ਾਸ ਥਾਂ ਹੈ। ਆਮ ਲੋਕਾਂ ਵਿੱਚ ਮਿੱਥ ਹੈ ਕਿ ਮਾੜੀ ਤੇ ਆ ਕੇ, ਸੱਪਾਂ ਦੇ ਕਟੇ ਹੋਏ ਬੰਦੇ ਠੀਕ ਹੋ ਜਾਹਾਂ।

ਪਿੰਡ ਵਿਚ ਪਿਛਲੇ ਸਮੇਂ ਦੇ ਚਾਰ ਖੂਹ ਐਂ, ਜਿਹਨਾਂ ਵਿਚੋਂ ਦੋ ਅਜੇ ਵੀ ਚਲਾਂ। ਪਿੰਡ ਵਾਸੀ ਡੰਗਰ-ਪਸ਼ੂਆਂ ਦੇ ਪਾਣੀ ਪੀਣ ਤੇ ਨਹਾਉਣ ਲਈ ਵਰਤੀ ਜਾਹਾਂ। ਲੋਕਾਂ ਦਾ ਰਹਿਣ-ਸਹਿਣ, ਮਿਲਣਵਰਤਨ, ਸੱਥਾਂ ਵਿਚ ਜੁੜਨਾ ਪਹਿਲਾਂ ਵਾਂਗ ਹੀ ਜਾਰੀ ਹੈ । ਜਿਥੇ ਖਰੜ ਦੇ ਵਿਸਥਾਰ ਨੇ ਨੇੜੇ ਦੇ ਬਹੁਤੇ ਪਿੰਡਾਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ ਉਹਨਾਂ ਦਾ ਨਾਂ ਵੀ ਲੋਕਾਂ ਦੇ ਚੇਤਿਆਂ ਵਿਚੋਂ ਮਨਫੀ ਹੁੰਦਾ ਜਾ ਰਿਹਾ ਹੈ। ਨਵੀਂ ਪੀੜ੍ਹੀ ਤਾਂ ਜ਼ਿਆਦਾਤਰ ਪਿੰਡ ਦੇ ਨਾਂ ਦੀ ਥਾਂ ਇਨਕਲੇਵ, ਨਗਰ, ਵਾਰਡ, ਵੈਲੀ ਦੀ ਵਰਤੋਂ ਕਰ ਰਹੀ ਹੈ। ਉਥੇ ਬਜਹੇੜੀ ਅਜੇ ਇਹਨਾਂ ਅਲਾਮਤਾਂ ਤੋਂ ਮੁਕਤ ਹੈ। ਸਾਫ਼-ਸੁਥਰੀ ਹਵਾ, ਭਾਈਚਾਰੇ ਦਾ ਮੇਲਜੋਲ, ਉਸੇ ਤਰ੍ਹਾਂ ਸੱਥਾਂ ਵਿਚ ਰੌਣਕ, ਕੁਦਰਤ ਨਾਲ ਇਕ-ਮਿਕ ਅਤੇ ਸ਼ਹਿਰੀ ਹੱਲੇ ਤੋਂ ਬਚਿਆ ਹੋਇਆ ਹੈ।



# ਪੁਆਧ ਦਾ ਮਹੱਤਵਪੂਰਨ ਸ਼ਹਿਰ ਅੰਬਾਲਾ

**- ਮੀਨਾ ਨਵੀਨ**

**ਮੋਬਾ. 9467864440**

ਅੰਬਾਲਾ ਹਰਿਆਣਾ ਦਾ ਬਹੁਤ ਹੀ ਪ੍ਰਸਿੱਧ ਜ਼ਿਲ੍ਹਾ ਹੈ। 1699 'ਚ ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਇਹ ਪੰਜਾਬ ਦਾ ਮਹੱਤਵਪੂਰਨ ਜ਼ਿਲ੍ਹਾ ਮੰਨਿਆ ਜਾਂਦਾ ਸੀ। ਇਸ ਦੀ ਸਥਾਪਨਾ 14ਵੀਂ ਸਦੀ ਵਿੱਚ ਅੰਬਾ ਰਾਜਪੂਤ ਰਾਜੇ ਨੇ ਕੀਤੀ ਸੀ। ਇਸ ਦੀ ਕਈ ਥਾਵਾਂ ਤੋਂ ਖੁਦਾਈਆਂ ਵਿਚੋਂ ਪੱਥਰ ਦੇ ਹਥਿਆਰ ਵੀ ਪ੍ਰਾਪਤ ਹੋਏ ਹਨ ਜਿਸ ਤੋਂ ਇ➢ਸ ਦੇ ਇਤਿਹਾਸਕ ਸਥਾਨ ਹੋਣ ਦੇ ਪ੍ਰਮਾਣ ਮਿਲਦੇ ਹਨ। ਪਟਿਆਲਾ ਰਾਜਾ ਤੇ ਰਾਣੀ ਦਯਾ ਕੌਰ ਦਾ ਮਹਿਲ




**ਅੰਬਾਲਾ ਦਾ ਰੇਲਵੇ ਸਟੇਸ਼ਨ**

ਅੰਬਾਲਾ ਵਿਚ ਰੇਲਵੇ ਸਟੇਸ਼ਨ ਨੇੜੇ ਬਣਿਆ ਹੋਇਆ ਸੀ। ਦਯਾ ਕੌਰ ਦੀ ਮੌਤ ਮਗਰੋਂ ਅੰਗਰੇਜ਼ਾਂ ਦੀ ਛਾਉਣੀ ਕਰਨਾਲ ਤੋਂ ਅੰਬਾਲਾ ਆ ਗਈ ਕਿਉਂਕਿ ਕਰਨਾਲ ਵਿੱਚ ਉਸ ਸਮੇਂ ਹੈਜੇ ਦੀ ਭਿਆਨਕ ਬੀਮਾਰੀ ਫੈਲੀ ਹੋਈ ਸੀ। ਉਹਨਾਂ ਦੇ ਅੰਬਾਲਾ ਆਉਣ ਪਿੱਛੋਂ ਅੰਬਾਲਾ ਵਿਚ ਅੰਗਰੇਜ਼ੀ ਢੰਗ ਦੀਆਂ ਅਨੇਕਾਂ ਇਮਾਰਤਾਂ ਹਨ ਅੰਬਾਲਾ ਦੇ ਵਿੱਚ ਅੰਗਰੇਜ਼ਾਂ ਨੇ ਛਾਉਣੀ ਦੀ ਸਥਾਪਨਾ

1843 ਵਿੱਚ ਕੀਤੀ ਸੀ ਜਿਸ ਦਾ ਕਾਰਨ ਇੱਥੋਂ ਦੇ ਕ੍ਰਾਂਤੀਕਾਰੀਆਂ ਦੁਆਰਾ ਅੰਗਰੇਜ਼ਾਂ ਦੇ ਨੱਕ ਵਿਚ ਦਮ ਕਰਨਾ ਸੀ। ਅੰਗਰੇਜ਼ਾਂ ਦੁਆਰਾ ਅੰਬਾਲਾ ਨੂੰ ਛਾਉਣੀ ਬਣਾਇਆ ਜਾਣਾ ਇਥੋਂ ਦੇ ਲੋਕਾਂ ਦੇ ਦਿਲਾਂ ਵਿਚ ਡਰ ਪੈਦਾ ਕਰਨਾ ਸੀ ਪਰ ਇਸ ਨਾਲ ਕ੍ਰਾਂਤੀਕਾਰੀਆਂ ਦੀ ਸੰਖਿਆ ਵਧਦੀ ਹੀ ਗਈ ਘਟੀ ਨਹੀਂ। 1857 ਦੀ ਕ੍ਰਾਂਤੀ ਸਮੇਂ ਇਹ ਉਹ ਸਥਾਨ ਸੀ ਜਿਥੇ ਸਭ ਤੋਂ ਪਹਿਲਾਂ ਕ੍ਰਾਂਤੀ ਦੀ ਅੱਗ ਭੜਕੀ ਸੀ। ਅੰਬਾਲਾ ਵਿਚ ਬਹੁਤ ਸਾਰੇ ਕ੍ਰਾਂਤੀਕਾਰੀਆਂ ਨੇ ਇਸ ਅੰਦੋਲਨ ਵਿਚ ਹਿੱਸਾ ਲਿਆ ਅਤੇ ਸ਼ਹੀਦੀਆਂ ਦਿੱਤੀਆਂ। ਇਸ ਸਮੇਂ ਸੁਤੰਤਰਤਾ ਸੰਗਰਾਮ ਵਿੱਚ ਸ਼ਹੀਦ ਹੋਏ ਕ੍ਰਾਂਤੀਕਾਰੀਆਂ ਦੀ ਯਾਦ ਵਿਚ ਸ਼ਹੀਦੀ ਸਮਾਰਕ ਬਣਾਇਆ ਜਾ ਰਿਹਾ ਹੈ। ਇਹ ਸ਼ਹੀਦੀ ਸਮਾਰਕ ਅੰਬਾਲਾ ਦਿੱਲੀ ਰੋਡ ਤੇ ਬਣਾਇਆ ਜਾ ਰਿਹਾ ਹੈ। 1860 ਵਿਚ ਹੀ ਇੱਥੇ ਡਾਕ ਸੁਵਿਧਾ ਸ਼ੁਰੂ ਹੋ ਗਈ ਸੀ ਜਦੋਂ ਵਾਇਸਰਾਏ ਕੈਨਿੰਗ ਨੇ ਇਸ ਸਥਾਨ ’ਤੇ ਦਰਬਾਰ ਲਗਾਇਆ ਸੀ। 1896 ਵਿੱਚ ਅੰਬਾਲਾ ਵਿੱਚ ਸਿਪਾਹੀ ਅਤੇ ਅਫ਼ਸਰਾਂ ਦੀ ਸੰਖਿਆ 656 ਸੀ। ਸੁਤੰਤਰਤਾ ਸੰਗਰਾਮ ਨਾਲ ਜੁੜੇ ਅਜਿਹੇ ਅਨੇਕਾਂ ਪੱਖਾਂ ਨੂੰ ਲੈ ਕੇ ਡੀ.ਏ.ਵੀ. ਕਾਲਜ ਵਿਚ ਦੋ ਦਿਨ ਦੀ ਪ੍ਰਦਰਸ਼ਨੀ ਲਗਾਈ ਗਈ ਸੀ, ਇਸ ਪ੍ਰਦਰਸ਼ਨੀ ਦਾ ਆਯੋਜਨ ਹਰਿਆਣਾ ਲੇਖਾਕਾਰ ਵਿਭਾਗ ਦੁਆਰਾ ਕੀਤਾ ਗਿਆ ਸੀ। ਅੰਬਾਲਾ ਹਰਿਆਣਾ ਦੇ 22 ਜ਼ਿਲ੍ਹਿਆਂ ਵਿੱਚੋਂ ਬਹੁਤ ਵੱਡਾ ਪ੍ਰਸਿੱਧ ਇਤਿਹਾਸਿਕ ਸਥਾਨ ਹੈ ਅੰਬਾਲਾ ਚਾਰ ਤਹਿਸੀਲਾਂ ਵਿੰਚ ਵੰਡਿਆ ਹੋਇਆ ਹੈ-ਅੰਬਾਲਾ, ਅੰਬਾਲਾ ਕੈਂਟ, ਬਰਾੜਾ ਅਤੇ ਨਾਇਰਨਗੜ੍ਹ ਤਹਿਸੀਲ ਜਿਸ ਦਾ ਖੇਤਰਫ਼ਲ 1574 ਵਰਗ ਕਿਲੋਮੀਟਰ ਹੈ। ਪ੍ਰਮੁੱਖ ਬੋਲੀ ਪੁਆਧੀ ਅਤੇ ਹਿੰਦੀ ਹੈ ਜਿਹੜੀ ਇੱਥੇ ਬੋਲੀ ਜਾਂਦੀ ਹੈ। ਨਵੰਬਰ 1966 ਵਿਚ ਜਦੋਂ ਹਰਿਆਣਾ ਬਣਿਆ ਸੀ ਉਸ ਵੇਲੇ ਸੱਤ ਜ਼ਿਲ੍ਹੇ ਬਣਾਏ ਗਏ ਸੀ ਜਿਨ੍ਹਾਂ ਵਿੱਚ ਅੰਬਾਲਾ ਵੀ ਸ਼ਾਮਿਲ ਸੀ। ਖੇਤਰਫ਼ਲ ਦੀ ਦ੍ਰਿਸ਼ਟੀ ਤੋਂ ਜਨਸੰਖਿਆ ਘਨਤਵ 2011 ਦੀ ਜਨਗਣਨਾ ਅਨੁਸਾਰ 722 ਪ੍ਰਤੀ ਵਿਅਕਤੀ ਵਰਗ ਕਿਲੋਮੀਟਰ ਹੈ। ਅੰਬਾਲਾ ਦੇ ਉੱਤਰ ਪੂਰਬੀ ਹਿੱਸੇ ਵਿਚ ਸਥਿਤ ਪੰਜਾਬ ਰਾਜ ਅਤੇ ਹਿਮਾਚਲ ਦੀਆਂ ਹੱਦਾਂ ਨਾਲ ਜੁੜਿਆ ਹਿੱਸਾ ਹੈ। ਅੰਬਾਲਾ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ ਅੰਬਾਲਾ ਸ਼ਹਿਰ ਅਤੇ ਅੰਬਾਲਾ ਛਾਉਣੀ। ਟਾਂਗਰੀ ਅਤੇ ਮਾਰਕੰਡਾ ਇਸ ਦੀਆਂ ਪ੍ਰਮੁੱਖ ਨਦੀਆਂ ਹਨ। ਅੰਬਾਲਾ ਸ਼ਹਿਰ ਲਗਭਗ 800 ਸਾਲਾਂ ਤੋਂ ਪੁਰਾਣਾ ਸ਼ਹਿਰ ਹੈ। ਵਰਤਮਾਨ ਸਮੇਂ ਇਹ ਸ਼ਹਿਰ ਮਿਕਸੀ ਉਦਯੋਗ ਕਰਕੇ ਜਾਣਿਆ ਜਾਂਦਾ ਹੈ



ਜਦੋਂ ਕਿ ਅੰਬਾਲਾ ਛਾਉਣੀ ਸਾਇੰਸਸਿਟੀ ਦੇ ਤੌਰ ਤੇ ਭਾਰਤ ਭਰ ਵਿੱਚ ਪ੍ਰਸਿੱਧ ਹੈ ਜਿੱਥੇ ਵਿਗਿਆਨ ਪ੍ਰਯੋਗਸ਼ਾਲਾ ਅਤੇ ਮੈਡੀਕਲ ਦੀ ਹਰੇਕ ਵਸਤੂ ਦਾ ਨਿਰਮਾਣ ਕੀਤਾ ਜਾਂਦਾ ਹੈ। ਸੁਤੰਤਰਤਾ ਸੰਘਰਸ਼ ਵਿਚ ਯੋਗਦਾਨ ਤੋਂ ਇਲਾਵਾ ਇੱਥੇ ਅਨੇਕਾਂ ਧਾਰਮਿਕ ਸਥਾਨ ਹਨ ਜਿਨ੍ਹਾਂ ਕਰਕੇ ਸ਼ਰਧਾਲੂ ਇਸ ਸ਼ਹਿਰ ਵਿਚ ਆਉਂਦੇ ਰਹਿੰਦੇ ਹਨ।

**ਸ੍ਰੀ ਅੰਬਾ ਦੇਵੀ ਮੰਦਰ-**

ਅੰਬਾਲਾ ਦਾ ਨਾਂ ਹੀ ਮਾਤਾ ਅੰਬਾ ਦੇਵੀ ਜੀ ਦੇ ਮੰਦਰ ਦੇ ਨਾਂ ਤੋਂ ਪਿਆ ਹੋਇਆ ਮੰਨਿਆ ਜਾਂਦਾ ਹੈ। ਸ੍ਰੀ ਅੰਬਾ ਦੇਵੀ ਮੰਦਰ ਅੰਬਾਲਾ ਸ਼ਹਿਰ ਦਾ ਸਭ ਤੋਂ ਪੁਰਾਣਾ ਮੰਦਰ ਮੰਨਿਆ ਜਾਂਦਾ ਹੈ। ਇਹ ਮੰਦਰ ਮਹਾਭਾਰਤ ਨਾਲ ਸਬੰਧਤ ਪਾਂਡਵਾਂ ਦੀ ਦੇਵੀ ਦੀ ਯਾਦ ਵਿਚ ਬਣਾਇਆ ਗਿਆ ਸੀ ਇਸ ਦੀਆਂ ਕੰਧਾਂ ਉੱਤੇ ਬਹੁਤ ਪੁਰਾਣੀ ਚਿੱਤਰਕਾਰੀ ਕੀਤੀ ਹੋਈ ਹੈ, ਲੋਕਾਂ ਦੀ ਇਸ ਮੰਦਰ ਵਿਚ ਬਹੁਤ ਸ਼ਰਧਾ ਹੈ ਹਰ ਸਾਲ ਇਥੇ ਮੇਲਾ ਵੀ ਲੱਗਦਾ ਹੈ।

ਅੰਬਾਲਾ ਜ਼ਿਲ੍ਹੇ ਵਿੱਚ ਅੰਬਾਂ ਦੇ ਬਹੁਤ ਸਾਰੇ ਬਾਗ਼ ਹੋਣ ਕਰਕੇ ਇਸ ਥਾਂ ਦਾ ਨਾਂ ਅੰਬਾਲਾ ਪਿਆ ਵੀ ਮੰਨਿਆ ਜਾਂਦਾ ਹੈ।

**ਜੈਨ ਮੰਦਰ -**

2500 ਸੌ ਸਾਲ ਪੁਰਾਣਾ ਜੈਨ ਮੰਦਰ ਹੈ। ਇਥੇ ਤਿੰਨ ਮੂਰਤੀਆਂ ਸਭ ਤੋਂ ਵੱਡੀ ਚੰਦਾ ਪ੍ਰਭੂ ਦੀ, ਵਿਚਕਾਰਲੇ ਅਕਾਰ ਦੀ ਪਾਰਸ਼ਵ ਨਾਥ ਦੀ ਅਤੇ ਸਭ ਤੋਂ ਛੋਟੀ ਸ੍ਰੀ ਅਰੀਹੰਤ ਜੀ ਦੀ ਹੈ, ਇਹ ਮੂਰਤੀਆਂ ਪੱਥਰ ਨੂੰ ਘੜ੍ਹ ਕੇ ਬਣਾਈਆਂ ਗਈਆਂ ਹਨ।

**ਰਾਣੀ ਦਾ ਤਲਾਬ ਅਤੇ ਰਾਜਾ ਦਾ ਤਲਾਬ**

ਚਾਰ ਸੌ ਸਾਲ ਪੁਰਾਣਾ ਰਾਣੀ ਦਾ ਤਲਾਬ ਹੁਣ ਅੰਬਾਲਾ ਕੰਟੋਨਮੈਂਟ ਦੇ ਅਧੀਨ ਹੈ ਇਸ ਤੋਂ ਪਹਿਲਾਂ ਇਹ ਸਾਧੂ-ਸਨਿਆਸੀਆਂ ਅਧੀਨ ਰਿਹਾ ਇਸ ਤਲਾਬ ਨਾਲ ਮਾਤਾ ਦਾ ਮੰਦਰ ਅਤੇ ਸ਼ਿਵ ਮੰਦਰ ਹੈ। ਰਾਣੀ ਦੇ ਤਲਾਬ ਦੀ ਉਸਾਰੀ ਦਾ ਕੰਮ ਮਾਤਾ ਦੇ ਮੰਦਰ ਅਤੇ ਸ਼ਿਵ ਮੰਦਰ ਨਾਲ ਆਪਸ ਵਿਚ ਬਹੁਤ ਹੱਦ ਤੱਕ ਮੇਲ ਖਾਂਦਾ ਹੈ ਇਸ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹਨਾਂ ਦਾ ਨਿਰਮਾਣ ਇੱਕੋ ਸਮੇਂ ਹੋਇਆ ਸੀ। ਇੱਥੋਂ ਦੇ ਸ਼ਿਵ ਮੰਦਰ ਦੇ ਬਾਹਰ ਬੋਰਡ ਤੇ ਇਹ ਸਾਫ਼ ਲਿਖਿਆ ਹੋਇਆ ਹੈ ਕਿ ਇਹ ਮੰਦਰ 400 ਸਾਲ

ਪੁਰਾਣਾ ਹੈ। ਛਛਰੌਲੀ ਰਿਆਸਤ ਦੇ ਰਾਜਾ ਰਣਜੀਤ ਸਿੰਘ ਦੀ ਪਤਨੀ ਹਰ ਰੋਜ਼ ਇੱਥੇ ਸ਼ਾਹੀ ਇਸ਼ਨਾਨ ਕਰਦੀ ਸੀ। ਇਸ਼ਨਾਨ ਪਿੱਛੋਂ ਰਾਣੀ ਗਿਆਸੀ ਮਾਤਾ ਦੇ ਮੰਦਰ ਅਤੇ ਸ਼ਿਵ ਮੰਦਰ ਵਿੱਚ ਪੂਜਾ ਕਰਿਆ ਕਰਦੀ ਸੀ। ਏਸ ਥਾਂ ਹੁਣ ਪਟੇਲ ਪਾਰਕ ਨੇੜੇ ਹੈ ਜਿੱਥੇ ਬਾਰਾਂ ਮਹੀਨੇ ਲੋਕਾਂ ਦਾ ਆਉਣਾ ਜਾਣਾ ਲੱਗਾ ਰਹਿੰਦਾ ਹੈ।

ਰਾਣੀ ਦੇ ਤਲਾਬ ਨੇੜੇ ਹੀ ਰਾਜਾ ਦਾ ਤਲਾਬ ਵੀ ਹੈ। ਰਾਜਾ ਦੇ ਤਲਾਬ ਦਾ ਨਾਂ ਇਸ ਸਮੇਂ ਪਟੇਲ ਪਾਰਕ ਹੈ। ਇੱਥੇ ਇੱਕ ਪ੍ਰਾਚੀਨ ਸ਼ਿਵ ਮੰਦਰ, ਸੁੰਦਰ ਬਗ਼ੀਚੀ ਹੈ, ਇੱਥੇ ਦੇ ਵੰਨ ਸੁਵੰਨੇ ਫੁੱਲਾਂ ਦੇ ਬੂਟਿਆਂ ਨੇ ਪਾਰਕ ਨੂੰ ਹੋਰ ਵਧੇਰੇ ਦਿਲ ਖਿੱਚਵਾਂ ਬਣਾਇਆ ਹੈ।

### ਮੰਜੀ ਸਾਹਿਬ ਗੁਰਦੁਆਰਾ-

ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਚ ਸ਼ੇਰ ਸ਼ਾਹ ਸੂਰੀ ਮਾਰਗ ਉਤੇ ਸਥਿਤ ਹੈ। ਇਹ ਗੁਰਦੁਆਰਾ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਬਣਾਇਆ ਗਿਆ ਸੀ ਜਦੋਂ ਛੇਵੇਂ ਗੁਰੂ ਜੀ ਨੂੰ ਜਹਾਂਗੀਰ ਵੱਲੋਂ ਬੁਲਾਇਆ ਗਿਆ ਸੀ ਤਾਂ ਰਾਹ ਵਿਚ ਗੁਰੂ ਜੀ ਅੰਬਾਲਾ ਇਸੇ ਸਥਾਨ ਤੇ ਠਹਿਰੇ, ਇਥੋਂ ਦੇ ਨੇੜੇ-ਤੇੜੇ ਰਹਿਣ ਵਾਲੇ ਲੋਕਾਂ ਨੇ ਪਾਣੀ ਦੀ ਘਾਟ ਬਾਰੇ ਜਾਣਕਾਰੀ ਦਿੱਤੀ। ਗੁਰੂ ਜੀ ਨੇ ਉਨ੍ਹਾਂ ਨੂੰ ਬਾਉਲੀ ਦਾ ਨਿਰਮਾਣ ਕਰਨ ਲਈ ਪ੍ਰੇਰਿਤ ਕੀਤਾ। ਸਿੱਖਾਂ ਨੂੰ ਇੱਥੋਂ ਦੇ ਵਸਨੀਕ ਲੋਕਾਂ ਦੀ ਸਹਾਇਤਾ ਲਈ ਆਖਿਆ। ਗੁਰੂ ਜੀ ਜਦੋਂ ਵਾਪਸ ਮੁੜੇ ਤਾਂ ਬਾਉਲੀ ਦਾ ਪੂਰਾ ਹੋਇਆ ਕੰਮ ਦੇਖ ਬਹੁਤ ਖੁਸ਼ ਹੋਏ। ਕੁਝ ਸਾਲਾਂ ਦੇ ਉਪਯੋਗ ਪਿੱਛੋਂ ਬਾਉਲੀ ਫਿਰ ਤੋਂ ਮਿੱਟੀ ਨਾਲ ਭਰ ਗਈ, 1764 ਵਿੱਚ ਸਰਹਿੰਦ ਦੀ ਲੜਾਈ ਪਿੱਛੋਂ ਦਲ ਖਾਲਸਾ ਅਨੇਕਾਂ ਮਿਸਲਾਂ ਵਿਚ ਵੰਡਿਆ ਗਿਆ। ਇਹ ਇਲਾਕਾ ਨਿਸ਼ਾਨ ਵਾਲੀਆਂ ਮਿਸਲ ਦੇ ਸਰਦਾਰ ਦੇ ਅਧੀਨ ਸੀ ਉਸ ਨੇ ਇਸ ਬਾਉਲੀ ਨੂੰ ਦੁਬਾਰਾ ਚੰਗੀ ਤਰ੍ਹਾਂ ਸਾਫ਼ ਕਰਵਾਇਆ ਅਤੇ ਮੰਜੀ ਸਾਹਿਬ ਦੀ ਥਾਂ ਵੱਡਾ ਗੁਰਦੁਆਰਾ ਬਣਾਇਆ।

### ਗੁਰਦੁਆਰਾ ਬਾਦਸ਼ਾਹੀ ਬਾਗ-

ਇਹ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਅਸਥਾਨ ਉਤੇ ਆਗਮਨ ਕਰ ਕੇ ਬਣਿਆ ਹੋਇਆ ਹੈ ਗੁਰੂ ਜੀ 1670 ਈਸਵੀ ਵਿੱਚ ਫੱਗਣ ਦੀ ਪੂਰਨਮਾਸ਼ੀ ਨੂੰ ਲਖਨੌਰ ਸਾਹਿਬ ਆਉਂਦੇ ਹੋਏ ਇਥੇ ਰੁਕੇ ਸਨ ਗੁਰੂ ਜੀ ਨਾਲ



ਉਨ੍ਹਾਂ ਦੇ ਮਾਮਾ ਜੀ ਭਾਈ ਕਿਰਪਾਲ ਚੰਦ ਕੁਝ ਹੋਰ ਸਿਖਾਂ ਤੋਂ ਇਲਾਵਾ ਉਨ੍ਹਾਂ ਦਾ ਪਿਆਰਾ ਨੀਲਾ ਘੋੜਾ ਅਤੇ ਬਾਜ਼ ਵੀ ਸੀ। ਇਹ ਬਾਗ਼ ਸ਼ਹਿਰ ਦੇ ਮੁਸਲਿਮ ਅਸਥਾਨਾਂ ਦੀ ਰਖਵਾਲੀ ਕਰਨ ਵਾਲੇ ਪੀਰ ਅਮੀਰਦੀਨ ਕੇ ਬਾਜ਼ ਨਾਲ ਗੁਰੂ ਜੀ ਨੇ ਚਿੜੀਆਂ ਲੜਾ ਕੇ ਕ੍ਰਿਸ਼ਮਾ ਕਰ ਵਿਖਾਇਆ ਜਿਸ ਦਾ ਪ੍ਰਸੰਗ ਲਿਖਿਆ ਹੋਇਆ ਹੈ।

### ਹਾਥੀਖਾਨਾ ਮੰਦਰ ਕੈਲਾਸ਼ ਮੰਦਰ-

ਲਗਭਗ 175 ਸਾਲ ਪੁਰਾਣਾ ਮੰਦਰ ਹੈ ਇਹ ਅੰਬਾਲਾ ਕੈਂਟ ਵਿਚ ਬਣਿਆ ਹੋਇਆ ਹੈ। ਕਰਨਾਲ ਵਿਚ ਹੈਜੇ ਦੀ ਬਿਮਾਰੀ ਫੈਲਣ ਕਰਕੇ ਜਦੋਂ ਅੰਗਰੇਜ਼ੀ ਸੈਨਾ ਕਰਨਾਲ ਤੋਂ ਸਰਹਿੰਦ ਜਾਣ ਲਈ ਅੰਬਾਲਾ ਕੈਂਟ ਵਿੱਚੋਂ ਲੰਘੀ ਤਾਂ ਉਨ੍ਹਾਂ ਨੇ ਇੱਥੇ ਦੇ ਬੀ.ਡੀ. ਫਲੌਰ ਮਿੱਲ ਨੇੜੇ ਆਪਣਾ ਸਟੇਸ਼ਨ ਸਥਾਪਤ ਕੀਤਾ। ਇੱਥੇ ਹਾਥੀਆਂ ਨੂੰ ਟ੍ਰੇਨਿੰਗ ਦੇਣ ਵਾਲੇ ਮਹੰਤ ਰਹਿੰਦੇ ਸਨ। ਇਹ ਮਹੰਤ ਧਾਰਮਿਕ ਬਿਰਤੀ ਵਾਲੇ ਅਤੇ ਮਹਾਦੇਵ ਸ਼ਿਵ ਦੇ ਉਪਾਸ਼ਕ ਸਨ ਜਦੋਂ ਮਿਲਟਰੀ ਇੱਥੇ ਪਹੁੰਚੀ ਉਸ ਤੋਂ ਕੁਝ ਸਮਾਂ ਬਾਅਦ ਅੰਗਰੇਜ਼ੀ ਸੈਨਾ ਦੇ ਹਾਥੀ ਇਸ ਸਥਾਨ ਉਤੇ ਬੰਨ੍ਹੇ ਜਾਂਦੇ ਸਨ ਜਿੱਥੇ ਸਾਧੂ ਸੰਤਾਂ ਦਾ ਡੇਰਾ ਸੀ ਇਥੇ ਹੀ ਮਹੰਤਾਂ ਨੇ ਅੰਗਰੇਜ਼ ਅਫ਼ਸਰਾਂ ਤੋਂ ਏਥੇ ਮੰਦਰ ਬਣਾਉਣ ਦੀ ਸਹਿਮਤੀ ਲੈ ਲਈ ਸੀ। ਇਸ ਮੰਦਰ ਦੇ ਸੰਸਥਾਪਕ ਸ਼੍ਰੀ 1008 ਮਹੰਤ ਸ੍ਰੀ ਜੈ ਰਾਮ ਜੀ ਮਹਾਰਾਜਾ ਲਾਇਲਪੁਰ ਵਾਲੇ ਸਨ। ਇਸ ਮੰਦਰ ਵਿਚ 40 ਫੁੱਟ ਉੱਚੀ ਸ਼ਿਵ ਪਾਰਵਤੀ ਦੇ ਅਰਧਾਗੀ ਈਸ਼ਵਰ ਰੂਪ ਵਿਚ ਮੂਰਤੀ ਸਥਾਪਤ ਹੈ। ਸਾਵਣ ਦੇ ਮਹੀਨੇ ਵਿੱਚ ਸ਼ਰਧਾਲੂ ਲੰਬੀਆਂ ਲੰਬੀਆਂ ਕਤਾਰਾਂ ਵਿਚ ਖੜ੍ਹੇ ਹੋ ਕੇ ਸ਼ਿਵ ਲਿੰਗ ਦੇ ਦਰਸ਼ਨ ਕਰਦੇ ਹਨ। ਸ਼ਰਧਾਲੂ ਦੂਰੋਂ-ਦੂਰ ਦੂਜੇ ਰਾਜਾਂ ਵਿੱਚੋਂ ਵੀ ਹਾਥੀ ਖਾਨਾ ਮੰਦਰ ਵਿੱਚ ਸ਼ਿਵ ਦੇ ਦਰਸ਼ਨ ਕਰਨ ਆਉਂਦੇ ਹਨ। ਇਸ ਮੰਦਰ ਦਾ ਪ੍ਰਵੇਸ਼ ਦੁਆਰ ਬਹੁਤ ਉੱਚਾ ਹੈ ਅਤੇ ਭਾਰਤੀ ਪ੍ਰਾਚੀਨ ਸ਼ੈਲੀ ਦਾ ਨਮੂਨਾ ਹੈ। ਇਸ ਮੰਦਰ ਵਿਚ ਸ਼ਿਵਲਿੰਗ ਤੋਂ ਇਲਾਵਾ ਹੋਰ ਵੀ ਹਨੇਕਾਂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਸਥਾਪਤ ਹਨ।

### ਅੰਬਾਲਾ ਏਅਰ ਫੋਰਸ ਸਟੇਸ਼ਨ

ਅੰਬਾਲਾ ਏਅਰ ਫੋਰਸ ਸਟੇਸ਼ਨ ਭਾਰਤੀ ਵਾਯੂ ਸੈਨਾ ਦਾ ਇੱਕ ਵੱਡਾ ਪ੍ਰਸਿੱਧ ਸਟੇਸ਼ਨ ਦੀ ਵਰਤੋਂ ਸੈਨਾ ਅਤੇ ਸਰਕਾਰੀ ਉਡਾਨਾਂ ਲਈ ਵੀ ਕੀਤੀ ਜਾਂਦੀ ਹੈ। ਅੰਤਰਰਾਸ਼ਟਰੀ ਨਗਰ ਵੀ ਮਾਲੀ ਸੰਗਠਨ ਨਿਰਮਾਣ ਖੇਤਰ ਕੋਡ

ਅਧੀਨ ਹੈ ਜਿਸ ਦਾ ਸੰਚਾਲਨ ਭਾਰਤੀ ਵਾਯੂ ਸੈਨਾ ਵੱਲੋਂ ਕੀਤਾ ਜਾਂਦਾ ਹੈ ਇਸ ਏਅਰ ਸਟੇਸ਼ਨ ਦਾ ਨਿਰਮਾਣ 1919 ਵਿੱਚ ਕੀਤਾ ਗਿਆ ਸੀ। 1924 ਵਿੱਚ ਅੰਬਾਲਾ ਰੇਲਵੇ ਸੈਨਾ ਦਾ ਮੁੱਖ ਅੱਡਾ ਬਣਾਇਆ ਗਿਆ ਅਤੇ 1971 ਦੇ ਯੁੱਧ ਵਿੱਚ ਇਸ ਏਅਰ ਫੋਰਸ ਸਟੇਸ਼ਨ ਤੇ ਦੁਸ਼ਮਨਾਂ ਦੁਆਰਾ ਹਮਲੇ ਵੀ ਕੀਤੇ ਗਏ। ਇਸੇ ਸਥਾਨ ਉੱਤੇ ਅਡਵਾਂਸ ਫਲਾਇੰਗ ਟ੍ਰੇਨਿੰਗ ਸਕੂਲ ਵੀ ਬਣਿਆ। 1939 ਵਿੱਚ ਉਸ ਸਮੇਂ ਦੇ ਫਲਾਇੰਗ ਲੈਫਟੀਨੈਂਟ ਸੁਬਰੋਤੋ ਮੁਖਰਜੀ ਅੰਬਾਲਾ ਵਿੱਚ ਸਕਾਵਡਨ ਲੀਡਰ ਬਣੇ ਸਨ। ਕਸ਼ਮੀਰ ਘਾਟੀ ਤੋਂ ਉਗਰਵਾਦੀਆਂ ਨੂੰ ਖਦੇੜਨ ਵਿਚ ਅੰਬਾਲਾ ਏਅਰਵੇਜ਼ ਦੀ ਮਹੱਤਵਪੂਰਨ ਭੂਮਿਕਾ ਰਹੀ। ਆਜ਼ਾਦੀ ਮਿਲਣ ਪਿੱਛੋਂ ਇਸ ਦੀ ਕਮਾਨ ਅਰਜਨ ਸਿੰਘ ਨੇ ਸੰਭਾਲੀ ਸੀ ਉਹਨਾਂ ਨੇ ਹੀ ਸੁਤੰਤਰਤਾ ਦਿਵਸ ਦੇ ਮੌਕੇ ਤੇ ਲਾਲ ਕਿਲ੍ਹੇ ਉਤੇ ਪਹਿਲੇ ਹਵਾਈ ਜਹਾਜ ਨੂੰ ਉਡਾਇਆ ਸੀ। ਪਾਕਿਸਤਾਨੀ ਸੈਨਾਵਾਂ ਦਵਾਰਾ 1965 ਵਿੱਚ ਬੰਬ ਦੁਆਰਾ ਏਅਰ ਬੇਸ ਉਤੇ ਹਮਲਾ ਕੀਤਾ ਗਿਆ ਇਹ ਘਟਨਾ 20 ਸਤੰਬਰ, 1965 ਦੀ ਸਵੇਰੇ ਤਿੰਨ ਵਜੇ ਦੀ ਹੈ। ਉਹਨਾਂ ਦੇ ਇਸ ਹਮਲੇ ਦਾ ਮਕਸਦ ਅੰਬਾਲਾ ਏਅਰ ਬੇਸ ਨੂੰ ਨਸ਼ਟ ਕਰਨਾ ਸੀ ਪਰ ਜਿਹੜਾ ਬੰਬ ਸੁੱਟਿਆ ਉਹ ਇਥੇ ਦੀ ਚਰਚ ਤੇ ਡਿੱਗਿਆ ਅਤੇ ਏਅਰਬੇਸ ਸੁਰੱਖਿਅਤ ਰਿਹਾ।

1971 ਵਿਚ ਪਾਕਿਸਤਾਨੀ ਸੈਨਾਵਾਂ ਦੁਆਰਾ ਇਹ ਕੋਸ਼ਿਸ਼ ਦੁਬਾਰਾ ਕੀਤੀ ਗਈ। ਇਸ ਸਮੇਂ ਅੰਬਾਲਾ ਏਅਰਬੇਸ 18 ਸਕਵਾਡਨ ਵਿੱਚ ਤੈਨਾਤ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ ਨੇ ਪਾਕਿਸਤਾਨ ਦੇ ਫਾਈਟਰ ਜੈੱਟ ਉਤੇ ਹਮਲਾ ਕਰ ਦਿੱਤਾ। ਨਿਰਮਲਜੀਤ ਸਿੰਘ ਜੀ ਦਾ ਜਹਾਜ ਦੁਰਘਟਨਾ ਦਾ ਸ਼ਿਕਾਰ ਹੋ ਗਿਆ। ਉਹ ਅੰਤਿਮ ਸਾਹਾਂ ਤੱਕ ਪਾਕਿਸਤਾਨੀ ਹਮਲਾਵਰ ਦਾ ਸਾਹਮਣਾ ਕਰਦੇ ਰਹੇ, ਇਸ ਕਾਰਨ ਪਾਕਿਸਤਾਨ ਆਪਣੇ ਮਕਸਦ ਵਿਚ ਸਫ਼ਲ ਨਾ ਹੋ ਸਕਿਆ। ਨਿਰਮਲਜੀਤ ਸਿੰਘ ਸੇਖੋਂ ਦੀ ਸ਼ਹੀਦੀ ਪਿੱਛੋਂ ਉਨ੍ਹਾਂ ਦੇ ਪਰਿਵਾਰ ਨੂੰ ਪਰਮਵੀਰ ਚੱਕਰ ਦਿੱਤਾ ਗਿਆ।

**ਹੋਲੀ ਰੀਡੀਮਰ ਚਰਚ-**

ਜਦੋਂ ਅੰਬਾਲਾ ਛਾਉਣੀ ਬਣਾਈ ਉਸੇ ਸਾਲ 1847 ਵਿੱਚ ਉਨ੍ਹਾਂ ਨੇ ਇੱਥੇ ਕੈਥੋਲਿਕ ਹੋਲੀ ਰੀਡੀਮਰ ਦੋ ਮੰਜ਼ਲੀ ਚਰਚ ਜਿਹੜੀ ਕਿ ਗੋਥਿਕ ਸਟਾਈਲ ਵਿਚ ਬਣੀ ਹੋਈ ਹੈ ਇਸ ਦਾ ਨਿਰਮਾਣ ਕੀਤਾ। ਉਸ ਵੇਲੇ ਇਸ ਚਰਚ ਦੇ ਫਾਦਰ ਇਟਲੀ ਦੇ ਕੈਪਸਿਨ ਵੀਨਸ ਸਨ। 1908 ਵਿਚ ਇਸ ਦਾ



ਪੁਨਰਨਿਰਮਾਣ ਕਰਵਾਇਆ ਅਤੇ ਇਸ ਨੂੰ ਦੋ ਮੰਜ਼ਿਲ ਦੀ ਬਜਾਇ ਹੁਣ ਤਿੰਨ ਮੰਜ਼ਿਲਾਂ ਬਣਾਇਆ ਗਿਆ। ਇਸ ਦੀ ਤੀਸਰੀ ਮੰਜ਼ਿਲ ਤੇ ਤਿੰਨ ਘੰਟੀਆਂ ਲੱਗੀਆਂ ਹੋਈਆਂ ਹਨ ਜਿਨ੍ਹਾਂ ਦੀ ਗੂੰਜ ਉਸ ਵੇਲੇ ਦੂਰ-ਦੂਰ ਤਕ ਜਾਂਦੀ ਸੀ ਇਹ ਤਿੰਨ ਘੰਟੀਆਂ ਇੰਗਲੈਂਡ ਇਟਲੀ ਤੇ ਰੁੜਕੀ ਤੋਂ ਮੰਗਵਾਈਆਂ ਗਈਆਂ ਸਨ।

**ਸੇਂਟ ਪਾਲ ਚਰਚ**

ਸੇਂਟ ਪਾਲ ਚਰਚ ਕੰਟੋਨਮੇਂਟ ਖੇਤਰ ਵਿਚ ਹੈ। ਇਸ ਚਰਚ ਦਾ ਨਿਰਮਾਣ ਕਾਰਜ 1852 ਵਿੱਚ ਸ਼ੁਰੂ ਕੀਤਾ ਗਿਆ ਸੀ। ਇਹ ਚਰਚ ਵੀ ਗੋਥਿਕ ਸਟਾਈਲ ਵਿਚ ਬਣੀ ਹੋਈ ਹੈ ਪਰ ਬਦਕਿਸਮਤੀ ਨਾਲ ਭਾਰਤ ਪਾਕਿਸਤਾਨ ਦੀ 1965 ਵਿੱਚ ਜੰਗ ਹੋਈ ਤਾਂ ਉਸ ਸਮੇਂ ਪਾਕਿਸਤਾਨ ਸੈਨਕਾਂ ਨੇ ਭਾਰਤ ਦੇ ਏਅਰ ਫੋਰਸ ਬੇਸ ਮੈਂਟ ਨੂੰ ਤਬਾਹ ਕਰਨ ਲਈ ਬੰਬ ਸੁੱਟਿਆ ਪਰ ਉਹ ਬੰਬ ਇਸ ਚਰਚ ਉਤੇ ਜਾ ਡਿੱਗਿਆ ਜਿਸ ਕਾਰਨ ਚਰਚ ਦਾ ਬਹੁਤ ਹਿੱਸਾ ਖੰਡਰ ਵਾਂਗ ਹੋ ਗਿਆ।

**ਅੰਬਾਲਾ ਸੈਂਟਰਲ ਜੇਲ੍ਹ**

ਹਰਿਆਣਾ ਦੀ ਸਭ ਤੋਂ ਪੁਰਾਣੀ ਜੇਲ੍ਹ ਹੈ। ਇਹ ਜੇਲ੍ਹ ਅੰਬਾਲਾ ਜੀ.ਟੀ.ਰੋਡ ਤੇ ਬਣੀ ਹੋਈ ਹੈ, ਜਿਸ ਦਾ ਨਿਰਮਾਣ 1872 ਵਿੱਚ ਕੀਤਾ ਗਿਆ ਸੀ। ਅੰਗਰੇਜ਼ਾਂ ਨੇ ਇਸ ਦਾ ਨਿਰਮਾਣ 1857 ਦੀ ਕ੍ਰਾਂਤੀ ਪਿੱਛੋਂ ਕੀਤਾ ਸੀ 1915 ਵਿੱਚ ਇਸ ਜੇਲ੍ਹ ਵਿੱਚ ਬਹੁਤ ਸਾਰੇ ਕ੍ਰਾਂਤੀਕਾਰੀਆਂ ਨੂੰ ਫ਼ਾਂਸੀ ਦਿੱਤੀ ਗਈ ਸੀ । ਅਨੇਕਾਂ ਪ੍ਰਸਿੱਧ ਕ੍ਰਾਂਤੀਕਾਰੀ ਲਾਲਾ ਲਾਜਪਤ ਰਾਏ, ਲੋਕ ਮਾਨਯ ਤਿਲਕ ਜੀ ਅਤੇ ਸੁਭਾਸ਼ ਚੰਦਰ ਬੋਸ ਜੀ ਨੂੰ ਏਥੇ ਕੈਦ ਕੀਤਾ ਗਿਆ। ਮਹਾਤਮਾ ਗਾਂਧੀ ਜੀ ਦੇ ਹਤਿਆਰੇ ਨੱਥੂ ਰਾਮ ਗੌਡਸੇ ਨੂੰ ਇਸ ਜੇਲ੍ਹ ਵਿੱਚ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ। ਇਹ ਜੇਲ੍ਹ ਵਰਤਮਾਨ ਸਮੇਂ ਵੀ ਬਹੁਤ ਮਹੱਤਵ ਰੱਖਦੀ ਹੈ। ਕਈ ਰਾਸ਼ਟਰੀ ਪੱਧਰ ਦੇ ਅਪਰਾਧੀਆਂ ਨੂੰ ਹੁਣ ਵੀ ਜੇਲ੍ਹ ਵਿੱਚ ਰੱਖਿਆ ਜਾਂਦਾ ਹੈ।

**ਅੰਬਾਲਾ ਸੈਸ਼ਨ ਕੋਰਟ**

ਪੰਜਾਬ ਵੰਡ ਦੇ ਸਮੇਂ ਤੋਂ ਪਹਿਲਾਂ ਦੀ ਇਕ ਪ੍ਰਸਿੱਧ ਕੋਰਟ ਰਹੀ ਹੈ ਜਿਹੜੀ ਅੰਬਾਲਾ ਸ਼ਹਿਰ ਵਿਚ ਹੈ। ਸਰਹਿੰਦ ਕਲੱਬ ਅੰਗਰੇਜ਼ਾ ਦੁਆਰਾ

ਬਣਾਇਆ ਗਿਆ ਕਲੱਬ ਹੈ ਜਿਹੜਾ ਅੱਜ ਵੀ ਵਰਤੋਂ ਵਿੱਚ ਆ ਰਿਹਾ ਹੈ। ਇਹ ਕਲੱਬ ਅਨੇਕਾਂ ਹੀ ਹੈਰੀਟੇਜ ਨਾਲ ਸੰਬੰਧਿਤ ਚੀਜ਼ਾਂ ਨਾਲ ਸਜਿਆ ਹੋਇਆ ਹੈ। ਇਹ ਆਪਣੇ ਸ਼ਾਹੀ ਠਾਠ-ਬਾਠ ਲਈ ਪ੍ਰਸਿੱਧ ਹੈ। 18 ਸਤੰਬਰ, 1965 ਵਿੱਚ ਹਿੰਦ-ਪਾਕਿਸਤਾਨ ਯੁੱਧ ਸਮੇਂ ਸਰਹਿੰਦ ਕਲੱਬ ਦੇ ਉੱਤੇ ਵੀ ਬੰਬ ਸੁੱਟੇ ਗਏ ਸਨ ਜਿਸ ਕਰਕੇ ਇਸ ਦੀ ਬਿਲਡਿੰਗ ਦੇ ਕੁਝ ਹਿੱਸੇ ਨੂੰ ਨੁਕਸਾਨ ਵੀ ਹੋਇਆ ਸੀ। ਇਸ ਕੱਲਬ ਵਿੱਚ ਦੀਵਾਰਾਂ 'ਤੇ ਅੰਗਰੇਜ਼ ਅਫ਼ਸਰਾਂ ਦੀਆਂ ਸ਼ਾਨ ਓ ਸ਼ੌਕਤ ਵਾਲੀਆਂ ਤਸਵੀਰਾਂ ਅਤੇ ਦਿਲ ਖਿਚਵੇਂ ਚਿੱਤਰਕਾਰੀ ਦੇ ਨਮੂਨੇ ਦੇਖ ਕੇ ਹਰ ਇਕ ਦਾ ਮਨ ਖੁਸ਼ ਹੋ ਜਾਂਦਾ ਹੈ।

**ਅੰਬਾਲਾ ਛਾਉਣੀ ਦਾ ਫੁੱਟਬਾਲ ਚੌਂਕ**

ਇਹ ਬਹੁਤ ਸੁੰਦਰ ਚੌਂਕ ਹੈ ਭਾਵੇਂ ਇਸ ਦਾ ਨਿਰਮਾਣ ਕਈ ਦਹਾਕਿਆਂ ਪਹਿਲਾਂ ਹੋਇਆ, ਇੱਥੇ ਦੋ ਹੱਥਾਂ ਵਿਚ ਫੁੱਟਬਾਲ ਦਾ ਮਾਡਲ ਸਭ ਦਾ ਮਨ ਮੋਹ ਲੈਂਦਾ ਹੈ। ਇਹ ਚੌਂਕ ਵਾਰ ਹੀਰੋਜ਼ ਸਟੇਡੀਅਮ ਦੇ ਬਿਲਕੁਲ ਸਾਹਮਣੇ ਪੈਂਦਾ ਹੈ।

**ਨੇਤਾ ਜੀ ਸੁਭਾਸ਼ ਚੰਦਰ ਪਾਰਕ**

ਇਹ ਪਾਰਕ ਨੇਤਾ ਜੀ ਸੁਭਾਸ਼ ਚੰਦਰ ਦੀ ਯਾਦ ਵਿਚ ਬਣਾਇਆ ਗਿਆ ਹੈ। ਇਸ ਪਾਰਕ ਦਾ ਪ੍ਰਵੇਸ਼ ਦੁਆਰ ਬਹੁਤ ਹੀ ਸੁੰਦਰ ਬਣਿਆ ਹੋਇਆ ਹੈ। ਪ੍ਰਵੇਸ਼ ਦੁਆਰ ਦੇ ਸਾਹਮਣੇ ਨੇਤਾ ਜੀ ਸੁਭਾਸ਼ ਚੰਦਰ ਜੀ ਦੀ ਵਰਦੀ ਵਿੱਚ ਖੜਿਆਂ ਦਾ ਆਦਮ ਕੱਦ ਬੁੱਤ ਹੈ । ਇਸ ਦੇ ਨੇੜੇ ਹੀ ਬੱਚਿਆਂ ਲਈ ਅਨੇਕਾਂ ਪ੍ਰਕਾਰ ਦੇ ਝੂਲੇ ਹਨ। ਦੂਜੇ ਪਾਸੇ ਪਾਰਕ ਵਿਚ ਜਿੰਮ ਕਸਰਤ ਦਾ ਪਾਰਕ ਬਣਿਆ ਹੋਇਆ ਹੈ। ਪਾਰਕ ਦੇ ਪ੍ਰਵੇਸ਼ ਦੁਆਰ ਦੇ ਖੱਬੇ ਪਾਸੇ ਇਕ ਸੁੰਦਰ ਝੀਲ। ਪਾਰਕ ਦੇ ਆਲੇ-ਦੁਆਲੇ ਸੈਰ ਕਰਨ ਲਈ ਪਗਡੰਡੀ ਬਣੀ ਹੋਈ ਹੈ ਜਿਸ ਦਾ ਇੱਥੇ ਚੱਕਰ ਲਗਭਗ ਇਕ ਕਿਲੋ ਮੀਟਰ ਹੈ। ਇਥੋਂ ਬਹੁਤ ਸਾਰੇ ਬੱਚੇ ਸਕੇਟਸ ਵੀ ਸਿੱਖ ਰਹੇ ਹੁੰਦੇ ਹਨ। ਇੱਥੇ ਥੀਏਟਰ ਵੀ ਬਣਿਆ ਹੋਇਆ ਹੈ।

ਇਸ ਪਾਰਕ ਤੋਂ ਇਲਾਵਾ ਇਥੇ ਇੰਦਰਾ ਪਾਰਕ ਅਤੇ ਪਟੇਲ ਪਾਰਕ ਵੀ ਵੱਡੇ ਅਤੇ ਸੁੰਦਰ ਪਾਰਕ ਹਨ।

**ਵਾਰ ਹੀਰੋਜ਼ ਸਟੇਡੀਅਮ** ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਰਾਹੀਂ ਖਿਡਾਰੀ ਅਭਿਆਸ ਕਰਦੇ ਹਨ। ਕਈ ਰਾਜ-ਪੱਧਰ ਅਤੇ ਰਾਸ਼ਟਰੀ-ਪੱਧਰ ਦੀਆਂ ਖੇਡਾਂ ਦੇ ਮੁਕਾਬਲੇ ਵਾਰ ਹੀਰੋਜ਼ ਸਟੇਡੀਅਮ ਵਿਚ ਹੁੰਦੇ ਰਹਿੰਦੇ ਹਨ।



ਅੰਬਾਲਾ ਛਾਉਣੀ ਵਿਚ ਅੰਗਰੇਜ਼ਾਂ ਨੇ ਸੜਕਾਂ ਅਤੇ ਗਲੀਆਂ ਦਾ ਜਾਲ ਇਸ ਢੰਗ ਨਾਲ ਬਣਾਇਆ ਕਿ ਸ਼ਹਿਰ ਵਿਚੋਂ ਕਿਤੇ ਕਿਧਰੋਂ ਵੀ ਜਾਣਾ ਬੜਾ ਅਸਾਨ ਹੈ। ਸੜਕਾਂ ਬਹੁਤ ਚੌੜੀਆਂ ਹਨ। ਨਾਲੀਆਂ ਦਾ ਪ੍ਰਬੰਧ ਅੰਡਰ ਗਰਾਊਂਡ ਕੀਤਾ ਹੋਇਆ ਹੈ। ਅੰਬਾਲਾ ਵਿਚ ਅਨੇਕਾਂ ਹੋਰ ਵੀ ਮਹੱਤਵਪੂਰਨ ਥਾਵਾਂ ਹਨ ਜਿਵੇਂ ਰੋਟਰੀ ਹਸਪਤਾਲ ਜਿਥੇ ਕੈਂਸਰ ਦੇ ਮਰੀਜ਼ਾਂ ਦੇ ਇਲਾਜ ਦੀ ਚੰਗੀ ਵਿਵਸਥਾ ਹੈ। ਰੋਟਰੀ ਕਲੱਬ, ਰੈੱਡ ਕਰਾਸ ਸੰਸਥਾ ਜਿਹੜੀ ਸਮਾਜ ਭਲਾਈ ਦੇ ਅਨੇਕਾਂ ਕੰਮ ਕਰਦੀ ਹੈ। ਮਹਾਵੀਰ ਦਲ, ਮਹਿਲਾ ਹਸਪਤਾਲ, ਫੋਨਿਕਸ ਕਲੱਬ, ਰੁਕਮਣੀ ਦੇਵੀ ਹਾਲ, ਵੱਖਬ ਬੋਰਡ, ਸਟੇਟ ਲਾਇਬ੍ਰੇਰੀ, ਹਰਗੁਲਾਲ ਕਾਰਖਾਨਾ, ਅਗਰਵਾਲ ਧਰਮਸ਼ਾਲਾ, ਸਨਾਤਨ ਧਰਮ ਮੰਦਰ, ਸ੍ਰੀ ਕਾਲੀ ਮਾਤਾ ਮੰਦਰ, ਸ੍ਰੀ ਹਨੂਮਾਨ ਮੰਦਰ, ਬੀ.ਡੀ. ਸਕੂਲ ਅਤੇ ਘੰਟਾ ਕਰ, ਜੈਨ ਕਾਲਜ, ਡੀ.ਏ.ਵੀ. ਕਾਲਜ, ਐਮ.ਡੀ.ਐਸ.ਡੀ. ਕਾਲਜ, ਸੋਹਨ ਲਾਲ ਡੀ.ਏ.ਵੀ ਐਜੂਕੇਸ਼ਨ ਕਾਲਜ, ਸਨਾਤਨ ਧਰਮ ਕਾਲਜ, ਜੀ.ਐਮ.ਐਨ ਕਾਲਜ, ਆਰੀਆ ਗਰਲਜ਼ ਕਾਲਜ, ਤੋਪਖਾਨਾ, ਆਰਮੀ ਸਟੇਸ਼ਨ ਆਦਿ ਅਨੇਕਾਂ ਪ੍ਰਸਿੱਧ ਥਾਵਾਂ ਹਨ।

****

# ਪਿੰਡ ਮਿਰਜ਼ਾਪੁਰ ਦੀ ਅਣੋਖੀ ਕਥਾ

**- ਬਲਜੀਤ ਸਿੰਘ ਚੁੰਬਰ**

**ਮੋਬਾ. 9781422433**

ਸ਼ਿਵਾਲਿਕ ਪਹਾੜੀਆਂ ਦੀ ਗੋਦ ਵਿਚ ਵਸੇ ਪੰਜਾਬ ਦੇ ਪਿੰਡਾਂ ਦਾ ਨਜ਼ਾਰਾ ਵੇਖਿਆ ਹੀ ਬਣਦਾ ਹੈ। ਮਿਰਜ਼ਾਪੁਰ ਵੀ ਆਪਣੀ ਅਜਿਹੀ ਹੀ ਵਿਲੱਖਣਤਾ ਕਰਕੇ ਪੂਰੇ ਪੰਜਾਬ ਵਿੱਚ ਵਿਸ਼ੇਸ਼ ਪਹਿਚਾਣ ਰੱਖਦਾ ਹੈ। ਇਹ ਹਿਮਾਚਲ ਪ੍ਰਦੇਸ਼ ਦੇ ਸਨਅਤੀ ਸ਼ਹਿਰ ਬੱਦੀ ਦੀ ਉੱਤਰ-ਪੂਰਬ ਹੱਦ ਨਾਲ ਲੱਗਦਾ ਹੈ। ਐਸ.ਏ.ਐਸ. ਨਗਰ ਮੁਹਾਲੀ ਦਾ ਇਹ ਅਖ਼ੀਰਲਾ ਪਿੰਡ ਆਪਣੀ ਵੱਖਰਤਾ ਦੀ ਕਥਾ ਸਮੋਈ ਬੈਠਾ ਹੈ।

ਮਿਰਜ਼ਾਪੁਰ ਪੀ.ਜੀ.ਆਈ. ਚੰਡੀਗੜ੍ਹ ਤੋਂ ਤਕਰੀਬਨ 24 ਕਿਲੋਮੀਟਰ, ਕੁਰਾਲੀ ਤੋਂ 23 ਕਿਲੋਮੀਟਰ ਅਤੇ ਕੁਰਾਲੀ-ਬਦੀ ਰੋਡ ’ਤੇ ਸਥਿਤ ਮਾਜਰਾ ਤੋਂ ਲਗਭਗ 11 ਕਿਲੋਮੀਟਰ ਉੱਤਰ ਦਿਸ਼ਾ ਵੱਲ ਹੈ। ਮਾਜਰੇ ਤੋਂ ਜਿਵੇਂ ਹੀ ਪੱਲਣਪੁਰ ਦੀ ਦਰੱਖਤਾਂ ਗੁਫ਼ਾ ਲੰਘਦੇ ਅੱਗੇ ਪਹੁੰਚਦਾ ਹੈ ਤਾਂ ਸੱਜੇ ਹੱਥ ਸ਼ਿਵਾਲਿਕ ਪਹਾੜੀਆਂ ਦੇ ਦਰਸ਼ਨ ਹੁੰਦੇ ਹਨ ਅਤੇ ਖੱਬੇ ਹੱਥ ਵੇਖਦਿਆਂ ਖੁੱਲ੍ਹੇ ਖੇਤ ਅਤੇ ਪੰਜਾਬ ਦਾ ਮੁਹਾਂਦਰਾ ਦਿਸਦਾ ਹੈ। ਦੁੱਲਮਾਂ ਖਦਰੀ ਵਿਚੋਂ ਗੁਜ਼ਰਦਿਆਂ ਜਿਵੇਂ ਹੀ ਤੁਸੀਂ ਅਭੀਪੁਰ ਪਹੁੰਚਦੇ ਹੋ ਤਾਂ ਪਹਾੜਾਂ ਨਾਲ ਤੁਹਾਡੀ ਨੇੜਤਾ ਵਧ ਜਾਂਦੀ ਹੈ। ਗੋਚਰ ਵਿਚ ਦਾਖਲ ਹੁੰਦਿਆਂ ਹੀ ਤੁਹਾਨੂੰ ਹਲਕੀ ਚੜ੍ਹਾਈ ਮਹਿਸੂਸ ਹੋਣ ਲੱਗਦੀ ਹੈ ਅਤੇ ਇਸ ਨੂੰ ਪਾਰ ਕਰਕੇ ਤੁਸੀਂ ਮੁਕੰਮਲ ਪਹਾੜੀ ਇਲਾਕੇ ਵਿੱਚ ਪ੍ਰਵੇਸ਼ ਕਰ ਜਾਂਦੇ ਹੋ। ਮਿਰਜ਼ਾਪੁਰ ਡੈਮ ਦੇ ਨਜ਼ਦੀਕ ਇਹ ਚੜ੍ਹਾਈ ਬਹੁਤ ਸਟੀਕ ਹੋ ਜਾਂਦੀ ਹੈ। ਫਿਰ ਲਗਭਗ ਦੋ ਕੁ ਕਿਲੋਮੀਟਰ ਦੇ ਪਹਾੜੀ ਸਫ਼ਰ ਖਤਮ ਹੋਣ ਉਪਰੰਤ ਤੁਸੀਂ ਇਕਦਮ ਖੁੱਲ੍ਹੇ ਵਾਤਾਵਰਨ ਵਿੱਚ ਜਾ ਅਪੜਦੇ ਹੋ ਜਿਥੇ ਖੱਬੇ ਪਾਸੇ ਪਾਣੀ ਦੀ ਝੀਲ ਤੁਹਾਡਾ ਦਿਲ ਟੁੰਬ ਲੈਂਦੀ ਹੈ ਅਤੇ ਸਾਹਮਣੇ ਪਹਾੜੀ ਉਤੇ ਵੱਸਿਆ ਮਿਰਜ਼ਾਪੁਰ ਪਿੰਡ ਵੇਖਦੇ ਰੂਹ ਨਸ਼ਿਆ ਉੱਠਦੀ ਹੈ। ਪਿੰਡ ਵੜਦਿਆਂ ਖੱਬੇ ਹੱਥ ਜਾਈਏ ਤਾਂ ਧਰਮਸ਼ਾਲਾ ਅਤੇ ਗੁਰਦੁਆਰਾ ਸਾਹਿਬ ਆਉਂਦੇ ਹਨ ਅਤੇ ਸੱਜੇ ਹੱਥ ਮੁੜਿਆਂ ਢਾਲ ਉਤਰਕੇ ਬਰਸਾਤੀ ਨਦੀ ਪਾਰ ਕਰਦਿਆਂ ਪਹਿਲਾਂ ਮੰਦਰ ਦੇ ਦਰਸ਼ਨ ਹੁੰਦੇ ਹਨ



ਫਿਰ ਸਰਕਾਰੀ ਮਿਡਲ ਸਕੂਲ ਦੇ। ਇਹਨਾਂ ਦੋਹਾਂ ਪਵਿਤਰ ਸਥਾਨਾਂ ਦੇ ਬਿਲਕੁਲ ਨਾਲ ਜੰਗਲਾਤ ਵਿਭਾਗ ਦਾ ਰੈਸਟ ਹਾਊਸ ਹੈ।

ਇਹ ਰੈਸਟ ਹਾਊਸ 1914 ਵਿਚ ਅੰਗਰੇਜ਼-ਹਕੂਮਤ ਵੱਲੋਂ ਬਣਾਇਆ ਗਿਆ ਸੀ। ਇਹ ਰੈਸਟ ਹਾਊਸ ਇਮਾਰਤਸਾਜ਼ੀ ਦਾ ਇੱਕ ਸ਼ਾਨਦਾਰ ਨਮੂਨਾ ਹੈ। ਰੁੱਖਾਂ ਪਹਾੜਾਂ ਵਿਚੋਂ ਹੁੰਦੇ ਹੋਏ ਪਿੰਡ ਤੋਂ ਬਾਅਦ ਜਦੋਂ ਕੋਈ ਇਸ ਪੁਰਾਤਨ ਇਮਾਰਤ ਨੂੰ ਦੇਖਦਾ ਹੈ ਤਾਂ ਉਹ ਗਦ-ਗਦ ਕਰ ਉੱਠਦਾ ਹੈ। ਇਸ ਰੈਸਟ ਹਾਊਸ ਦੀ ਇਮਾਰਤ ਲਈ ਅਭੀਪੁਰ ਵਿੱਚ ਉਸ



**ਸਿਵਲ ਰੈਸਟ ਹਾਊਸ ਮਿਰਜ਼ਾਪੁਰ 1914**

ਸਮੇਂ ਇੱਟਾਂ ਬਣਾਉਣ ਲਈ ਸਪੈਸ਼ਲ ਭੱਠਾ ਲਾਇਆ ਗਿਆ ਸੀ, ਜਿੱਥੋਂ ਊਠਾਂ ਰਾਹੀਂ ਇੱਟਾਂ ਨੂੰ ਇਸ ਜਗ੍ਹਾ ਪਹੁੰਚਾਇਆ ਗਿਆ। ਸੀਮੈਂਟ ਅਤੇ ਸਰੀਏ ਦੇ ਭਾਰੇ ਬਾਲੇ ਰੈਸਟ ਹਾਊਸ ਦੀਆਂ ਛੱਤਾਂ ਲਈ ਇਸੇ ਥਾਂ ਹੀ ਤਿਆਰ ਕੀਤੇ ਗਏ। ਹਾਲ ਹੀ ਵਿਚ ਇਸਨੂੰ ਮੁੜ ਸੁਰਜੀਤ ਕਰਕੇ ਸੈਲਾਨੀਅ ਲਈ ਖੋਲ੍ਹ ਦਿੱਤਾ ਗਿਆ ਹੈ। ਰੈਸਟ ਹਾਊਸ ਵਿੱਚ ਦੋ ਕਮਰੇ, ਡਾਇਨਿੰਗ ਹਾਲ, ਕਿਚਨ, ਬਾਥਰੂਮ ਅਤੇ ਦੋ ਸਰਵੈਂਟ ਕਵਾਟਰ ਵੀ ਬਣਾਏ ਗਏ ਹਨ। ਦਫ਼ਤਰ ਵਣ ਅਫ਼ਸਰ ਵੱਲੋਂ ਇਸ ਰੈਸਟ ਹਾਊਸ ਦੀ ਬੁਕਿੰਗ ਕੀਤੀ ਜਾਂਦੀ ਹੈ ਜਿੱਥੇ ਸੈਲਾਨੀ ਰੁਕ ਕੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣਦੇ ਹਨ। ਇਸਦੇ ਆਸੇ ਪਾਸੇ ਉੱਚੇ ਬਾਂਸ ਇਸਦੀ ਦਿੱਖ ਨੂੰ ਹੋਰ ਉਭਾਰਦੇ ਹਨ। ਰੈਸਟ ਹਾਊਸ ਦੇ ਪਿਛਲੇ

ਪਾਸੇ ਖੁੱਲ੍ਹਾ ਮੈਦਾਨ ਹੈ ਜਿੱਥੇ ਅਡਵੈਂਚਰ ਸਪਾਟ ਬਣਾਏ ਹੋਏ ਹਨ। ਇਸਦੇ ਬਿਲਕੁਲ ਨਾਲੋਂ ਇਕ ਰਸਤਾ ਉੱਚੀਆਂ ਪਹਾੜੀਆਂ ਵੱਲ ਜਾਂਦਾ ਹੈ ਜੋ ਅੱਗੇ ਜਾ ਕੇ ਸਿਸਵਾਂ ਡੈਮ ਨਾਲ ਮਿਲਦਾ ਹੈ।

ਸ਼ਹੀਦ ਭਗਤ ਸਿੰਘ ਨਗਰ ਦੀ ਤਹਿਸੀਲ ਬਲਾਚੌਰ ਦੇ ਲਾਗਲੇ ਪਿੰਡਾਂ ਚਰਨ ਅਤੇ ਮਝੂਰ ਤੋਂ ਸੋਲਵੀਂ ਸਦੀ ਵਿਚ ਕੁੱਝ ਹਿੰਦੂ ਗੁੱਜਰ ਅਤੇ ਰਾਮਦਾਸੀਆ ਸਿੱਖ ਪਰਿਵਾਰਾਂ ਨੇ ਮਿਰਜ਼ਾਪੁਰ ਪਿੰਡ ਦਾ ਮੁੱਢ ਬੰਨ੍ਹਿਆ। 313 ਲੋਕਾਂ ਦੀ ਆਬਾਦੀ ਵਾਲੇ ਇਸ ਛੋਟੇ ਜਿਹੇ ਪਿੰਡ 'ਚ ਅੱਜ ਵੀ ਸਿਰਫ਼ 60-62 ਹਿੰਦੂ ਗੁੱਜਰ ਪਰਿਵਾਰ ਅਤੇ 25 ਕੁ ਰਾਮਦਾਸੀਆ ਸਿੱਖ ਭਾਈਚਾਰੇ ਦੇ ਲੋਕ ਹੀ ਰਹਿੰਦੇ ਹਨ ਜਿਹੜੇ ਖੇਤੀ-ਬਾੜੀ ਅਤੇ ਮਜ਼ਦੂਰੀ ਕਰਕੇ ਆਪਣੀ ਰੋਜ਼ੀ ਕਮਾ ਰਹੇ ਹਨ। ਪਿੰਡ ਵਿਚ ਇੱਕ ਅੱਧੋਰਾਣੀ ਧਰਮਸ਼ਾਲਾ ਹੈ ਜਿਸਦੇ ਉਪਰਲੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ।

ਮਿਰਜ਼ਾਪੁਰ ਪਹੁੰਚਣ ਉਪਰੰਤ ਜਿੱਥੇ ਰਾਮਦਾਸੀਏ ਸਿੰਘ ਆਪਣੇ ਪਿਤਾ ਪੁਰਖੀ ਕਿੱਤਿਆਂ ਵਿਚ ਜੁਟੇ ਰਹੇ ਉਥੇ ਹੀ ਗੁੱਜਰ ਕਬੀਲੇ ਦੇ ਲੋਕ ਪਸ਼ੂ ਚਾਰਨ ਅਤੇ ਖੇਤੀਬਾੜੀ ਕਰਨ ਲਈ ਜਦੋਂ ਹੀਂਸ (ਕੰਡਿਆਂ ਵਾਲੇ ਰੁੱਖ) ਦੇ ਰੁੱਖ ਵੱਢ ਰਹੇ ਸਨ ਤਾਂ ਉਨ੍ਹਾਂ ਨੂੰ ਇਸ ਕਟਾਈ ਦੌਰਾਨ ਇਕ ਪੁਰਾਣਾ ਸ਼ਿਵਲਿੰਗ ਪ੍ਰਾਪਤ ਹੋਇਆ। ਇਹ ਰਵਾਇਤੀ ਸ਼ਿਵਲਿੰਗਾਂ ਤੋਂ ਬਿਲਕੁਲ ਵੱਖਰੀ ਕਿਸਮ ਦਾ ਸ਼ਿਵਲਿੰਗ ਹੈ, ਇਸ ਨਾਲ ਮਿਲਦੇ-ਜੁਲਦੇ ਸ਼ਿਵਲਿੰਗ ਸਿਰਫ਼ ਦੱਖਣੀ ਭਾਰਤ ਵਿੱਚ ਹੀ ਇਕਾ ਦੁੱਕਾ ਥਾਵਾਂ ਉਤੇ ਸਥਾਪਤ ਹੋਏ ਮਿਲਦੇ ਹਨ। ਇਸ ਮੰਦਰ ਵਾਲੀ ਜਗ੍ਹਾ ਉੱਤੋਂ ਸਫਾਈ ਅਤੇ ਖੁਦਾਈ ਦੌਰਾਨ ਗਣੇਸ਼ ਜੀ ਅਤੇ ਸ਼ਿਵ ਪਾਰਵਤੀ ਦੀਆਂ ਮੂਰਤੀਆਂ ਵੀ ਮਿਲੀਆਂ ਹਨ ਜੋ ਮੰਦਰ ਦੀ ਸੱਜੀ ਦਿਵਾਰ ਵਾਲੇ ਪਾਸੇ ਸ਼ੁਸੋਭਿਤ ਹਨ। ਸਮੁੱਚੇ ਸ਼ਿਵ ਪਰਿਵਾਰ ਦਾ ਇੱਕ ਮੰਦਰ ਹੋਣ ਕਰਕੇ ਇਸ ਮੰਦਰ ਦੀ ਆਲੇ-ਦੁਆਲੇ ਵਿਚ ਬਹੁਤ ਮਾਨਤਾ ਹੈ। ਇੱਥੇ ਹਰ ਸ਼ਿਵਰਾਤਰੀ ਨੂੰ ਮੇਲਾ ਭਰਦਾ ਹੈ ਜਿੱਥੇ ਦੂਰੋਂ ਨੇੜਿਓਂ ਸੰਗਤਾਂ ਨਤਮਸਤਕ ਹੋਣ ਆਉਂਦੀਆਂ ਹਨ।

ਮੰਦਰ ਤੋਂ ਬਾਹਰ ਨਿਕਲਕੇ ਜਦੋਂ ਨਦੀ ਦੇ ਰਸਤੇ ਪੂਰਬ ਵਲ ਜਾਈਏ ਤਾਂ ਥੋੜ੍ਹੀ ਦੂਰੀ ਉਤੇ ਇੱਕ ਖੂਹ ਅੱਜ ਵੀ ਚਾਲੂ ਹਾਲਤ ਵਿਚ ਮਿਲਦਾ ਹੈ। ਖੂਹ ਦੇ ਇਤਿਹਾਸ ਬਾਰੇ ਬਹੁਤ ਕਿਆਸ ਅਰਾਈਆਂ ਹਨ ਪਰ ਅਸਲ ਵਿੱਚ ਇਹ ਪੈਦਲ ਹਿਮਾਚਲ ਜਾਣ ਵਾਲੇ ਰਾਹੀਆਂ ਲਈ ਹੀ ਬਣਾਇਆ ਗਿਆ ਸੀ। ਇਸ ਦਾ ਪਾਣੀ ਅੱਜ ਵੀ ਸਾਫ਼ ਅਤੇ ਨਿਰਮਲ ਹੈ, ਇਸ ਨੂੰ ਆਲੇ-





**ਸ਼ਿਵ ਮੰਦਰ ਮਿਰਜ਼ਾਪੁਰ**

ਦੁਆਲੇ ਤੋਂ ਪੱਕਾ ਕਰਕੇ ਪਲੱਸਤਰ ਕੀਤਾ ਹੋਇਆ ਹੈ। ਰਾਹਗੀਰ ਅੱਜ ਵੀ ਇਸਦੀ ਵਰਤੋਂ ਕਰਦੇ ਹਨ ਅਤੇ ਕੁਝ ਦਿਆਲੂ ਖੂਹ ਵਿਚੋਂ ਪਾਣੀ ਕੱਢਕੇ ਜੰਗਲੀ ਜੀਵਾਂ ਲਈ ਖੇਲ ਭਰ ਦਿੰਦੇ ਹਨ।

ਪਿੰਡ ਦੇ ਬੱਚਿਆਂ ਦੀ ਪੜ੍ਹਾਈ ਦੀ ਸ਼ੁਰੂਆਤ ਮੰਦਰ ਦੇ ਬਾਹਰ ਹੀ ਮਾਸਟਰ ਕ੍ਰਿਸ਼ਨ ਕੁਮਾਰ ਦੁਆਰਾ ਕੀਤੀ ਗਈ। ਉਹ ਪਿੰਡ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਦੇਣ ਰੋਜ਼ਾਨਾ ਖਿਜਰਾਬਾਦ ਤੋਂ ਮਿਰਜ਼ਾਪੁਰ ਆਉਂਦੇ ਸਨ। ਸੰਨ 1954 ਵਿੱਚ ਇਥੇ ਪਹਿਲਾਂ ਸਰਕਾਰੀ ਪ੍ਰਾਇਮਰੀ ਸਕੂਲ ਖੋਲ੍ਹਿਆ ਗਿਆ ਅਤੇ ਮਾਸਟਰ ਸਾਧੂ ਰਾਮ ਕੁੱਬਾਹੇੜੀ ਨੇ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਦਾ ਬੀੜਾ ਚੁੱਕਿਆ। ਫਿਰ 2010 ਵਿੱਚ ਇਸ ਪ੍ਰਾਇਮਰੀ ਸਕੂਲ ਨੂੰ ਸਰਕਾਰੀ ਮਿਡਲ ਸਕੂਲ ਵਜੋਂ ਮਾਨਤਾ ਦੇ ਕੇ ਅਪਗ੍ਰੇਡ ਕੀਤਾ ਗਿਆ। ਮਾਸਟਰ ਜਸਵਿੰਦਰ ਸਿੰਘ ਨੇ ਮਿਡਲ ਸਕੂਲ ਦਾ ਕਾਰਜ ਭਾਗ ਸੰਭਾਲਿਆ। ਅੱਜ ਵੀ ਸਰਕਾਰੀ ਮਿਡਲ ਸਕੂਲ ਦੇ ਬੱਚਿਆਂ ਨੂੰ ਸਰਕਾਰੀ ਹਾਈ ਸਕੂਲ ਕੁੱਬਾਹੇੜੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਿਜਰਾਬਾਦ ਜਾਣਾ ਪੈਂਦਾ ਹੈ। ਇਸ ਵਿੱਚ ਸਭ ਤੋਂ ਵੱਡੀ ਪ੍ਰੇਸ਼ਾਨੀ ਲੜਕੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਹਿਣੀ ਪੈਂਦੀ ਹੈ। ਪਹਾੜੀ ਇਲਾਕਾ ਹੋਣ ਕਰਕੇ ਬਚੀਆਂ ਸਾਈਕਲ ਤੇ 4-5 ਕਿਲੋਮੀਟਰ ਦਾ ਫਾਸਲਾ ਤਹਿ ਨਹੀਂ ਕਰ ਸਕਦੀਆਂ। ਆਵਾਜਾਈ ਦਾ ਕੋਈ ਹੋਰ ਸਾਧਨ ਨਹੀਂ ਹੈ, ਇਕੋ ਹੀ ਪ੍ਰਾਈਵੇਟ ਕੰਪਨੀ ਦੀ ਮਿੰਨੀ ਬੱਸ ਤੀਜੇ ਦਿਨ ਪਿੰਡ ਵਿਚ ਆਉਂਦੀ ਹੈ ਅਤੇ ਕਦੇ-ਕਦੇ ਉਹ ਵੀ ਨਹੀਂ ਆਉਂਦੀ। ਲੋਕਾਂ ਦੇ ਦਰਦ ਨੂੰ ਕੌਣ ਸਮਝੇ ?

ਸਿਹਤ ਸਹੂਲਤ ਵਜੋਂ ਪਿੰਡ ਵਿੱਚ 1974 ਤੋਂ ਬਣੀ ਇਕ ਆਯੁਰਵੈਦਿਕ ਡਿਸਪੈਂਸਰੀ ਹੈ ਜਿਸ ਨੂੰ ਡਾਕਟਰ ਪ੍ਰੇਮ ਚੰਦ ਮੁੱਲਾਂਪੁਰ ਨੇ ਸ਼ੁਰੂ ਕੀਤਾ ਸੀ। ਬਾਕੀ ਹੋਰਨਾਂ ਬੀਮਾਰੀਆਂ ਦੇ ਇਲਾਜ ਲਈ ਸਥਾਨਕ ਲੋਕ ਪੀ.ਐਚ.ਸੀ. ਬੂਥਗੜ੍ਹ, ਕੁਰਾਲੀ ਅਤੇ ਪੀ.ਜੀ.ਆਈ ਚੰਡੀਗੜ੍ਹ ਵੱਲ ਹੀ ਰੁਖ ਕਰਦੇ ਹਨ।

ਮਿਰਜ਼ਾਪੁਰ ਦਾ 16721 ਵਿੱਘੇ ਰਕਬਾ ਜੰਗਲ ਅਤੇ 2350 ਵਿੱਘੇ ਵਾਹੀਯੋਗ ਭੂਮੀ ਅਧੀਨ ਹੈ। ਜੰਗਲਾਤ ਮਹਿਕਮੇ ਕੋਲ ਜੰਗਲ ਦੇ ਸਿਰਫ਼ 4 ਵਿੱਘੇ ਜ਼ਮੀਨ ਦੀ ਹੀ ਮਾਲਕੀ ਹੈ ਜੋ ਕਿ ਡਿਪਟੀ ਕਮਿਸ਼ਨਰ ਅੰਬਾਲਾ ਦੇ ਨਾਂ ਉਤੇ ਬੋਲਦੀ ਹੈ। ਬਾਕੀ ਸਾਰੀ ਜ਼ਮੀਨ ਦੀ ਮਾਲਕੀ ਪਿੰਡ ਦੀ ਹੈ। ਪਰ ਧਾਰਾ 4-5 ਲਾਗੂ ਹੋਣ ਕਰਕੇ ਕੋਈ ਵੀ ਪਹਾੜ ਨੂੰ ਪੱਧਰ ਕਰਕੇ ਅਤੇ ਦਰੱਖਤ ਕੱਟ ਕੇ ਰਿਹਾਇਸ਼ੀ ਮਨਸੂਬੇ ਨਾਲ ਇਥੇ ਵਾਸ ਨਹੀਂ ਕਰ ਸਕਦਾ, ਨਾ ਹੀ ਪੱਕੀ ਛੱਤ ਪਾ ਸਕਦਾ ਹੈ। ਦਰਖੱਤ ਕੱਟਣ ਦੀ ਵੀ ਮਨਾਹੀ ਹੈ। ਇੱਥੋਂ ਦੇ ਜੰਗਲ ਵਿਚ ਖੈਰ, ਟਾਹਲੀ, ਛੱਲ, ਕਿੱਕਰ, ਸੁਰਾਬੁਲ ਅਤੇ ਜੰਗਲੀ ਤੂਤ ਦੀ ਭਰਮਾਰ ਹੈ।

ਨੀਲ ਗਾਂ, ਹਿਰਨ, ਬਾਰਾਂਸਿੰਗਾ, ਸੇਹ, ਸੂਰ, ਛੱਲਾ (ਵੱਡੀ ਛਿਪਕਲੀ ਵਰਗਾ ਸਰੀਰ ਤੇ ਸਿੱਪੀਆਂ ਵਾਲਾ ਜਾਨਵਰ) ਅਤੇ ਚੀਤਾ ਆਦਿ ਜੀਵ ਮਿਰਝਾਪੁਰ ਦੇ ਜੰਗਲਾਂ ਵਿਚ ਪਾਏ ਜਾਂਦੇ ਹਨ। ਮੁਰਗੇ, ਮੋਰ ਤੇ ਤਿੱਤਰ ਫਸਲਾਂ ਦਾ ਵੀ ਬਹੁਤ ਨੁਕਸਾਨ ਕਰਦੇ ਹਨ। ਇਸ ਕਰਕੇ ਪਿੰਡ ਦੇ ਸਾਰੇ ਖੇਤਾਂ ਵਿਚ ਬਣੇ ਮਣੇ ਅਲੱਗ ਹੀ ਦ੍ਰਿਸ਼ ਪੇਸ਼ ਕਰਦੇ ਹਨ। ਚਾਹੇ ਉਪਰੋਕਤ ਜੀਵ ਫਸਲਾਂ ਦਾ ਕਾਫ਼ੀ ਨੁਕਸਾਨ ਕਰਦੇ ਹਨ ਪਰ ਪਿੰਡ ਦੇ ਲੋਕ ਕਦੇ ਇਨ੍ਹਾਂ ਦਾ ਸ਼ਿਕਾਰ ਨਹੀਂ ਕਰਦੇ। ਅੱਜ ਤੱਕ ਸਥਾਨਕ ਲੋਕਾਂ ਤੇ ਕੋਈ ਵੀ ਅਜਿਹਾ ਮੁਕੱਦਮਾ ਦਰਜ ਨਹੀਂ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਕਿਸੇ ਜੰਗਲੀ ਜੀਵ ਨੂੰ ਮਾਰਿਆ ਹੋਵੇ। ਮੁੱਢ ਤੌਰ 'ਤੇ ਲੋਕ ਇੱਥੇ ਮੱਕੀ ਅਤੇ ਕਣਕ ਹੀ ਬੀਜਦੇ ਹਨ। ਜੀਰੀ ਸਿਰਫ਼ ਟਿਊਬਵੈੱਲ ਵਾਲੇ ਕਿਸਾਨ ਹੀ ਲਗਾਉਂਦੇ ਹਨ। ਬਹੁਤ ਵਾਰ ਫਸਲ ਬਰਸਾਤੀ ਨਦੀ ਦੀ ਭੇਂਟ ਵੀ ਚੜ੍ਹ ਜਾਂਦੀ ਹੈ।

ਪਿੰਡ ਦੀ ਵਾਹੀਯੋਗ ਜ਼ਮੀਨ ਘੱਟ ਹੈ ਪਰ ਕਿਸੇ ਜਰਖ਼ੇਜ਼ ਜ਼ਮੀਨ ਨੂੰ ਐਕੁਆਇਰ ਕਰਕੇ 1995 ਵਿਚ ਇੱਥੇ ਮਿਰਜ਼ਾਪੁਰ ਡੈਮ ਦੀ ਉਸਾਰੀ ਕੀਤੀ ਗਈ। ਹੈਰਾਨੀ ਦੀ ਗੱਲ ਇਹ ਹੈ ਕਿ ਜ਼ਮੀਨ ਦੇ ਮਾਲਕ 27 ਸਾਲਾਂ ਤੋਂ



ਮੁਆਵਜ਼ੇ ਦੀ ਉਡੀਕ ਕਰ ਰਹੇ ਹਨ। ਵੱਡਾ ਸਿਤਮ ਇਹ ਵੀ ਹੈ ਕਿ ਬਾਰਸ਼ਾਂ ਦਾ ਪਾਣੀ ਡੈਮ ਦੀ ਝੀਲ ਦਾ ਘੇਰਾ ਵਧਾਕੇ ਬਾਕੀ ਬਚਦੀ ਵਾਹੀਯੋਗ ਭੂਮੀ ਨੂੰ ਵੀ ਆਪਣੀ ਲਪੇਟ ਵਿਚ ਲੈ ਰਿਹਾ ਹੈ। ਕਿਸਾਨ ਲਾਚਾਰ ਹਨ। ਡੈਮ ਦੇ ਨਿਰਮਾਣ ਵੇਲੇ ਪਿੰਡ ਨੂੰ ਡੈਮ ਦੀ ਝੀਲ ਦਾ ਪਾਣੀ ਦੇਣ ਦਾ ਵੀ ਇਕਰਾਰਨਾਮਾ ਕੀਤਾ ਗਿਆ ਸੀ ਜੋ ਹਾਲੇ ਤੱਕ ਵਫ਼ਾ ਨਹੀਂ ਹੋਇਆ। ਇਰੀਗੇਸ਼ਨ ਵਿਭਾਗ ਵਲੋਂ ਡੈਮ ਉਤੇ 12 ਪੱਕੇ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ, ਉਨ੍ਹਾਂ ਵਿਚ ਵੀ ਜ਼ਮੀਨ ਦੇ ਮਾਲਕੀ ਵਾਲੇ ਕਿਸਾਨਾਂ ਨੂੰ ਕੋਈ ਰਾਖਵਾਂ ਕਰਨ ਨਹੀਂ ਦਿੱਤਾ ਗਿਆ।

ਸਰਪੰਚ ਦਿਲਾਰਾਮ (ਜੰਗਲਾਤ ਸੁਰੱਖਿਆ ਕਮੇਟੀ ਦੇ ਚੇਅਰਮੈਨ) ਸਰਪੰਚ ਕਰਮੀ ਦੇਵੀ, ਸਰਪੰਚ ਗੁਰਚਰਨ ਸਿੰਘ ਅਤੇ ਸਰਪੰਚ ਰਾਮ ਆਸਰੀ (ਸੁਰਗਵਾਸੀ) ਨੇ ਆਪੋ ਆਪਣੇ ਕਾਰਜਕਾਲ ਦੌਰਾਨ ਪਿੰਡ ਦੇ ਵਿਕਾਸ ਵਿੱਚ ਮਹੱਤਵਪੂਰਨ ਰੋਲ ਨਿਭਾਇਆ ਹੈ ਜਿਸ ਕਰਕੇ ਅੱਜ ਵੀ ਭਾਈਚਾਰਕ ਏਕਤਾ ਦੀ ਮਿਸਾਲ ਪਿੰਡ ਵਿਚ ਕਾਇਮ ਹੈ।

ਕੁਦਰਤੀ ਨਜ਼ਾਰਿਆਂ ਨਾਲ ਲਬਰੇਜ਼ ਮਿਰਜ਼ਾਪੁਰ ਅਨੇਕਾਂ ਮੁਸ਼ਕਿਲਾਂ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਪਿੰਡ ਪਹੁੰਚਦਿਆਂ ਹੀ ਹਰ ਕੰਪਨੀ ਦਾ ਮੋਬਾਈਲ ਨੈੱਟਵਰਕ ਚਲਾ ਜਾਂਦਾ ਹੈ। ਇਸ ਨਾਲ ਪਿੰਡ ਵਾਸੀਆਂ ਅਤੇ ਸੈਲਾਨੀਆਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਰਸਾਤਾਂ ਦੇ ਦਿਨਾਂ ਦੌਰਾਨ ਹਿਮਾਚਲ ਵਲੋਂ ਪਾਣੀ ਆਉਣ ਕਰਕੇ ਮੰਦਰ, ਸਕੂਲ ਅਤੇ ਰੈਸਟ ਹਾਊਸ ਦਾ ਪਿੰਡ ਨਾਲੋਂ ਸੰਪਰਕ ਟੁੱਟ ਜਾਂਦਾ ਹੈ। ਇਹਨਾਂ ਸੰਸਥਾਵਾਂ ਤੱਕ ਕੋਈ ਆਰਜ਼ੀ ਪੁੱਲ ਵੀ ਨਹੀਂ ਹੈ। ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੁੰਦਾ ਹੈ। ਬੱਚੇ ਇਨ੍ਹਾਂ ਦਿਨਾਂ ਦੌਰਾਨ ਪਿੰਡ ਵਿੱਚ ਕਿਸੇ ਖੁਲ੍ਹੇ ਘਰ ਵਿਚ ਬੈਠ ਕੇ ਪੜ੍ਹਦੇ ਹਨ। ਧਰਮਸ਼ਾਲਾ ਅਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਵੀ ਕਾਫੀ ਪੁਰਾਣੀ ਅਤੇ ਅਸੁਰੱਖਿਅਤ ਹੈ। ਪਿੰਡ ਸਰਹੱਦੀ ਇਲਾਕੇ ਨੂੰ ਮਿਲਦੀਆਂ ਸਾਰੀਆਂ ਸਹੂਲਤਾਂ ਤੋਂ ਵਾਂਝਾ ਹੈ। ਮੁਸ਼ਕਿਲਾਂ ਦੇ ਦੌਰ ਵਿਚ, ਰੋਜ਼ਗਾਰ ਦੀ ਕਮੀ ਅਤੇ ਸਿਹਤ ਸਹੂਲਤਾਂ ਪਿੱਛੇ ਕਈ ਲੋਕ ਬੱਦੀ, ਕੁਰਾਲੀ, ਮੋਹਾਲੀ ਅਤੇ ਚੰਡੀਗੜ੍ਹ ਨੂੰ ਪਲਾਇਨ ਕਰ ਚੁੱਕੇ ਹਨ। ਇਸ ਖੇਤਰ ਨੂੰ ਸਿਸਵਾਂ ਅਤੇ ਸੁਖਨਾ ਝੀਲ ਦੇ ਆਧਾਰ ਉਤੇ ਵਿਕਸਿਤ ਕੀਤਾ ਜਾ ਸਕਦਾ ਹੈ ਜਿਸ ਨਾਲ ਮਿਰਜ਼ਾਪੁਰ ਦੀ ਕਾਇਆ ਕਲਪ ਜਾਗੇਗੀ।

# ਅਣੋਖੀ ਗਾਥਾ ਕਾਈਨੌਰ ਦੀ

- **ਸੁਰਿੰਦਰ ਸਿੰਘ ਰਸੂਲਪੁਰ**
**ਮੋਬਾ. 9417370699**

ਦੇਸ਼ ਅੰਦਰ ਸਥਿਤ ਪਿੰਡਾਂ ਦਾ ਆਪਣਾ ਇਤਿਹਾਸ ਰਿਹਾ ਹੈ ਜਿਸ ਵਿਚ ਉਥੇ ਰਹਿ ਰਹੇ ਲੋਕਾਂ ਦੀਆਂ ਗੱਲਾਂ, ਮਨੌਤਾਂ, ਵਹਿਮਾਂ-ਭਰਮਾਂ, ਰੀਤੀ ਰਸਮਾਂ, ਪ੍ਰਾਕ੍ਰਿਤਕ, ਭੂਗੋਲਿਕ ਜਾਂ ਇਤਿਹਾਸਿਕ ਤੱਥਾਂ ਤੋਂ ਇਲਾਵਾ ਪਿੰਡਾਂ ਦੀ ਬਦਲ ਰਹੀ ਨੁਹਾਰ, ਰਹਿਣ-ਸਹਿਣ ਦੇ ਢੰਗ, ਖੇਤੀ, ਆਰਥਿਕਤਾ, ਰਾਜਨੀਤੀ, ਆਵਾਜਾਈ, ਵਿੱਦਿਆ ਵਿਚ ਹੋਈ ਪ੍ਰਗਤੀ, ਸਭਿਆਚਾਰਕ ਜੀਵਨ ਵਿਚ ਆਈ ਤਬਦੀਲੀ ਅਹਿਮ ਭੂਮਿਕਾ ਨਿਭਾ ਰਹੇ ਹਨ। ਪੰਜਾਬ ਦੇ ਪੁਆਧ ਖੇਤਰ ਦੇ ਪੇਂਡੂ ਜੀਵਨ ਵਿਚ ਵੀ ਇਸੇ ਤਰ੍ਹਾਂ ਦੀ ਹੀ ਝਲਕ ਵੇਖਣ ਨੂੰ ਮਿਲਦੀ ਹੈ।



**ਕਰਨਲ ਹਰਦੇਵ ਸਿੰਘ**

ਪੁਆਧ ਖੇਤਰ ਦੇ ਵੱਡੇ ਨਗਰ ਕਾਈਨੌਰ ਦਾ ਸਰਵੇਖਣ ਕਰ ਕੇ ਇਸ ਪਿੰਡ ਦੀ ਜੀਵਨ- ਸ਼ੈਲੀ ਨੂੰ ਸ਼ਬਦਾਂ ਵਿਚ ਲਿਖਣ ਦਾ ਯਤਨ ਕੀਤਾ ਹੈ। ਮੇਰੇ ਪਿੰਡ ਰਸੂਲਪੁਰ ਦੇ ਹੱਦਬੰਨੇ ਨਾਲ ਜੁੜਿਆ ਇਹ ਪਿੰਡ ਉਚੀ ਪਹਾੜੀ ਨੁਮਾ ਟਿੱਬੇ ’ਤੇ ਵਸਿਆ ਹੋਇਆ ਹੈ। ਮੇਰੇ ਪਿੰਡੋਂ ਉਚੇ ਲਿਸ਼ਕਦੇ ਰੰਗ ਬਰੰਗੇ ਬਨੇਰਿਆਂ ਨਾਲ ਬਣੇ ਮਕਾਨ ਇਸ ਪਿੰਡ ਦੀ ਚੰਗੀ ਜੱਚਵੀਂ ਪ੍ਰਦਰਸ਼ਨੀ ਕਰ ਰਹੇ ਹਨ। ਇਹ ਪਿੰਡ ਬਾਗਾਂਵਾਲਾ (ਮੋਰਿੰਡਾ) ਤੋਂ ਪੰਜ ਕਿਲੋਮੀਟਰ ਦੂਰ ਰੋਪੜ ਨੂੰ ਜਾਣ ਵਾਲੀ ਗੰਨਾ ਮਿੱਲ ਸੜਕ ਦੇ ਕਿਨਾਰੇ ਵੱਸਿਆ ਹੋਇਆ ਹੈ। ਇਸ ਸੜਕ ਤੋਂ ਪਿੰਡ ਨੂੰ ਜਾਂਦਿਆਂ ਹੀ ਦੁਕਾਨਾਂ ਦੀ ਭਰਮਾਰ ਸੱਜੇ-ਖੱਬੇ ਨਵੀਂ ਨੁਹਾਰ ਪ੍ਰਦਾਨ ਕਰਦੀਆਂ ਹਨ। ਇਸ ਪਿੰਡ ਵਿਚ ਵੱਸਦੇ ਪਰਿਵਾਰਾਂ ਦੀ ਪਹਿਚਾਣ ਉਨ੍ਹਾਂ ਦੇ ਗੋਤਾਂ ਜਾਂ ਫਿਰ ਪੱਤੀਆਂ ਤੋਂ ਕੀਤੀ ਜਾਂਦੀ ਹੈ ਜਿਨ੍ਹਾਂ ਵਿਚ ਵਧੇਰੇ ਕਰਕੇ ਧੂੰਮੀ



ਪੱਤੀ, ਰਾਓਤ ਹੇੜੀ, ਮਸੀਤ ਵਾਲੀ ਗਲੀ, ਚੌਵੀਆ ਪਾਸਾ, ਭੋਲਿਆਂ ਦੇ, ਅੱਲੋਆਣਾ, ਖੂਹ ਵਾਲੇ, ਥਾਬਲੀਏ, ਕਾਕੜਾਂ ਦੇ ਅਤੇ ਨੌਰੀਏ ਦੇ ਨਾਮਾਂ ਨਾਲ ਜਾਣੇ ਜਾਂਦੇ ਹਨ। ਕੁਝ ਬਜ਼ੁਰਗਾਂ ਦਾ ਕਹਿਣਾ ਹੈ ਕਿ ਕਾਈਨੌਰ, ਰਸੂਲਪਰ ਅਤੇ ਕੋਟਲਾ ਇਹ ਤਿੰਨੇ ਪਿੰਡ ਮੁਸਲਮਾਨੀ ਸਨ ਲੇਕਿਨ ਕਾਈਨੌਰ ਅਤੇ ਰਸੂਲਪੁਰ ਦੋ ਭਰਾਵਾਂ ਦੇ ਨਾਮ ਉਤੇ ਵਸੇ ਦੱਸੇ ਗਏ ਹਨ ਜਿਨ੍ਹਾਂ ਦੇ ਨਾਮ ਰਸੂਲਾ ਅਤੇ ਨੂਰਾ ਸਨ। ਇਨ੍ਹਾਂ ਵਿਚੋਂ ਵੱਡੇ ਭਰਾ ਨੂਰਾ ਨੇ ਕਾਈਨੌਰ ਅਤੇ ਛੋਟੇ ਭਰਾ ਰਸੂਲਾ ਨੇ ਰਸੂਲਪੁਰ ਪਿੰਡ ਵਸਾ ਲਏ ਸਨ। ਦੇਸ਼ ਦੀ ਵੰਡ ਵੇਲੇ ਰਸੂਲਪੁਰ ਅਤੇ ਕੋਟਲੇ ਪਿੰਡ ਦੇ ਮੁਸਲਮਾਨ ਇਥੋਂ ਚਲੇ ਗਏ ਸਨ ਪਰ ਕਾਈਨੌਰ ਪਿੰਡ ਦਾ ਸੰਤ ਅਲੀ ਮੁਸਲਮਾਨ ਦਾ ਪਰਿਵਾਰ ਅੱਜ ਵੀ ਇਸ ਪਿੰਡ ਦੇ ਮੁਸਲਮਾਨ ਹੋਣ ਦੀ ਗਵਾਹੀ ਭਰਦਾ ਹੈ। ਅੱਜ ਇਸ ਪਰਿਵਾਰ ਵਿਚ ਨੂਰ ਮੁਹੰਮਦ, ਇਬਰਾਹੀਮ, ਅਲੀ ਮੁਹੰਮਦ ਅਤੇ ਸਤਾਰ ਦੇ ਪਰਿਵਾਰ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਨੂੰ ਚਲਾਉਣ ਲਈ ਰਜਾਈਆਂ ਭਰਨ ਅਤੇ ਮਿਹਨਤ ਮਜ਼ਦੂਰੀ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ। ਸਰਕਾਰ ਤੋਂ ਇਨ੍ਹਾਂ ਪਰਿਵਾਰ ਦੀ ਸ਼ਿਕਾਇਤ ਹਮੇਸ਼ਾ ਰਹਿੰਦੀ ਹੈ ਕਿ ਦੂਸਰੇ ਧਰਮਾਂ ਅਤੇ ਜਾਤੀ ਦੀਆਂ ਧਰਮਸ਼ਾਲਾਵਾਂ ਲਈ ਹਮੇਸ਼ਾ ਹੀ ਵਿੱਤੀ ਮੱਦਦ ਕੀਤੀ ਜਾਂਦੀ ਹੈ ਜਦੋਂ ਕਿ ਮੁਸਲਮਾਨ ਬਰਾਦਰੀ ਨੂੰ ਅਜਿਹੀ ਕੋਈ ਵੀ ਸਹਾਇਤਾ ਪ੍ਰਦਾਨ ਨਹੀਂ ਕੀਤੀ ਜਾਂਦੀ। ਕਈ ਬਜ਼ੁਰਗਾਂ ਦੀ ਗਿਆਨ ਚਰਚਾ ਮੁਤਾਬਕ ਇਸ ਪਿੰਡ ਨੂੰ ਬੰਨ੍ਹਣ ਵਾਲੇ ਆਦੀ ਲੋਕ ਨੌਰੀਏ ਪਰਿਵਾਰ ਵਿਚੋਂ ਸਨ ਜਿਸ ਦੇ ਨੌਰੀਏ ਤੋਂ ਕਾਈਨੌਰ ਪ੍ਰਸਿੱਧ ਹੋ ਗਿਆ। ਕੁਝ ਵੀ ਹੋਏ ਪਰ ਇਥੋਂ ਦੇ ਬਜ਼ੁਰਗਾਂ ਤੋਂ ਦਿਲਚਸਪ ਕਿੱਸੇ ਸੁਣ ਕੇ ਇੰਜ ਪ੍ਰਤੀਤ ਹੋ ਰਿਹਾ ਹੈ ਕਿ ਇਹ ਪਿੰਡ ਆਪਣੇ ਨਾਲੋਂ ਵੀ ਵੱਧ ਮਿੱਠੀਆਂ ਯਾਦਾਂ ਸਮੋਈ ਬੈਠਾ ਹੈ।

ਇਸ ਨਗਰ ਦੀ ਇਤਿਹਾਸਿਕ ਪੱਖੋਂ ਵੀ ਮਹੱਤਤਾ ਹੈ ਗੁਰੂ ਗੋਬਿੰਦ ਸਿੰਘ ਜੀ ਨੇ 5 ਅਤੇ 6 ਦਸੰਬਰ1705 ਈ. ਦੇ ਦਿਨ ਦੋ ਘੜੀਆਂ ਰਾਤ ਗਈ,ਆਪਣੇ ਸਿੰਘਾਂ ਅਤੇ ਪਰਿਵਾਰ ਸਮੇਤ ਸਦਾ ਲਈ ਆਨੰਦਪੁਰ ਛੱਡ ਦਿਤਾ। ਗੁਰੂ ਸਾਹਿਬ ਦਾ ਪਰਿਵਾਰ ਸਰਸਾ ਨਦੀ ਦੇ ਕੰਢੇ ਆ ਕੇ ਖੇਰੂੰ ਖੇਰੂੰ ਹੋ ਗਿਆ। ਇਸ ਸਮੇਂ ਆਪ ਜੀ ਦੇ ਮਾਤਾ ਗੁਜਰੀ ਅਤੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਦੋ ਮਸੰਦਾਂ ਧੁੰਮਾ ਅਤੇ ਦਰਬਾਰੀ ਨਾਲ ਉਨ੍ਹਾਂ ਦੇ ਪਿੰਡ ਸਹੇੜੀ ਵੱਲ ਨੂੰ ਆ ਗਏ। ਇਤਿਹਾਸਕਾਰਾਂ ਵੱਲੋਂ ਇਸ ਰਸਤੇ ਵਿਚ ਪੈਂਦੇ ਪਿੰਡ ਕਾਈਨੌਰ ਵਿਚ ਇਕ ਰਾਤ ਠਹਿਰਣ ਦਾ ਜ਼ਿਕਰ

ਕੀਤਾ ਗਿਆ ਹੈ। ਗੁਰਦੁਆਰਾ ਜੰਡੀਸਰ ਦੇ ਸਾਹਮਣੇ ਲੱਗੇ ਸੂਚਨਾ ਬੋਰਡ ਉੱਤੇ ਅੰਕਿਤ ਨਾਮਾਂ ਵਿਚ ਸਿੰਘ ਸਾਗਰ,ਭਾਈ ਵੀਰ ਸਿੰਘ ਬੱਲ 1827 ਈਸਵੀ ਅਤੇ ਸੁਰਿੰਦਰ ਸਿੰਘ ਖਾਲਸਾ ਖਜ਼ੂਰਲਾਂ ਜਲੰਧਰ 2004 ਈਸਵੀ ਨੂੰ ਪ੍ਰਕਾਸ਼ਿਤ ਪੁਸਤਕਾਂ ਵਿਚ ਇਸ ਗੱਲ ਦਾ ਜ਼ਿਕਰ ਕਰਦੇ ਹਨ। ਸਿੱਖ ਇਤਿਹਾਸਕਾਰ ਗਿਆਨੀ ਗਰਜਾ ਸਿੰਘ ਭੱਟ ਵਹੀ ਤਲਉਂਡਾ ਤੇ ਮੁਲਤਾਨੀ ਸਿੰਧੀ ਸਰੂਪ ਸਿੰਘ ਕੌਸ਼ਿਸ਼ ਦਾ ਹਵਾਲਾ ਦਿੰਦੇ ਹੋਏ ਇਸ ਗੱਲ ਦੀ ਪੁਸ਼ਟੀ ਕਰਦਾ ਹੋਇਆ ਲਿਖਦਾ ਹੈ ਕਿ ਸੰਮਤ 1762 ਬਿਕਰਮੀ 8 ਪੋਹ ਸੁਦੀ ਤੀਜ ਦੀ ਸਵੇਰ 1705 ਈਸਵੀ ਨੂੰ ਮਾਤਾ ਗੁਜਰੀ ਅਤੇ ਦੋ ਛੋਟੇ ਸਾਹਿਬਜ਼ਾਦੇ ਕੁਮੇਂ ਮਾਛੀ ਦੇ ਘਰੋਂ ਚਮਕੌਰ ਸਾਹਿਬ ਤੋਂ ਧੁੰਮਾਂ ਤੇ ਦਰਬਾਰੀ ਮਸੰਦ ਨਾਲ ਚੌਂਤੇ ਨਗਰ ਦੇ ਰਸਤੇ ਸਹੇੜੀ ਪ੍ਰਗਨਾ ਕਾਈਨੌਰ ਪਹੁੰਚੇ।

ਇਸ ਪਿੰਡ ਦੇ ਚਾਰੇ ਪਾਸੇ ਪਿੱਪਲ,ਜੰਡ ਅਤੇ ਬਰੋਟਾ ਜਿਹੇ ਪੁਰਾਤਨ ਦਰੱਖਤਾਂ ਨੇ ਆਪਣੀ ਜਾਨਦਾਰ ਹੈਸੀਅਤ ਦੀ ਹੋਂਦ ਅੱਜ ਵੀ ਕਾਇਮ ਰੱਖੀ ਹੋਈ ਹੈ। ਮਨੁੱਖੀ ਜੀਵਨ ਦੀ ਹੋਂਦ ਨੂੰ ਬਰਕਰਾਰ ਰੱਖਣ ਦੇ ਸਾਧਨ ਖੂਹਾਂ, ਟੋਭਿਆ ਤੋਂ ਇਲਾਵਾ ਉਚੀਆਂ ਭੀੜੀਆਂ ਗਲੀਆਂ ਦੇ ਕੰਢੇ ਬਣੇ ਲਾਹੌਰੀ ਇੱਟਾਂ ਦੇ ਮਕਾਨ ਇਕ ਦਿਨ ਇਤਿਹਾਸਿਕ ਦੰਦ ਕਥਾਵਾਂ ਬਣ ਜਾਣਗੇ ਕਿਸੇ ਦੇ ਚਿਤ ਚੇਤਾ ਵੀ ਨਹੀਂ ਹੋਣਾ। ਇਸ ਪਿੰਡ ਦੀਆਂ ਉਚੀਆਂ ਚੌਂਕੜੀਆਂ ਵਾਲੀ ਪੁਰਾਤਨ ਧਰਮਸ਼ਾਲਾ ਕਿਸੇ ਸਮੇਂ ਪਿੰਡ ਦੀ ਸੱਥ ਹੁੰਦੀ ਸੀ ਜਿਥੇ ਪਾਰਲੀਮੈਂਟ ਅਤੇ ਅਸੈਂਬਲੀ ਨਾਲੋਂ ਵੱਧ ਚੁੰਝਾਂ ਦਾ ਭੇੜ ਕਰਕੇ ਹਰ ਇਕ ਬੰਦਾ ਆਪਣੀ ਰਾਏ ਜ਼ਰੂਰ ਪਰਗਟ ਕਰਦਾ ਸੀ। ਇਸ ਧਰਮਸ਼ਾਲਾ ਦੇ ਇਕ ਪਾਸੇ ਪਿੱਪਲਾਂ ਦੀ ਸੰਘਣੀ ਛਾਂ ਹੇਠਾਂ ਖੂਹ ਦੀਆਂ ਮੌਣਾਂ ਉਤੇ ਬੈਠ ਦੁਪਹਿਰ, ਸਿਆਲਾਂ ਨੂੰ ਪਿੰਡ ਦੇ ਬਜ਼ੁਰਗ, ਨਿੱਕੇ ਵੱਡੇ ਅਤੇ ਮੁੰਡੇ-ਖੁੰਡੇ ਆਪਣੇ ਤਜਰਬੇ ਦੇ ਅਨੁਭਵਾਂ ਨੂੰ ਇਕ ਦੂਜੇ ਨਾਲ ਸਾਂਝਾ ਕਰਦੇ ਸਨ। ਅੱਜ ਇਸ ਧਰਮਸ਼ਾਲਾ ਨੂੰ ਇਕ ਨਵਾਂ ਰੂਪ ਦੇ ਦਿਤਾ ਗਿਆ ਜਿਸ ਤੋਂ ਇਸ ਦੀ ਪੁਰਾਤਨ ਦਿੱਖ ਖਤਮ ਹੋ ਗਈ ਹੈ। ਕਾਈਨੌਰ ਨੂੰ ਚਾਰੇ ਪਾਸੇ ਤੋਂ ਟੋਭਿਆਂ ਨੇ ਘੇਰ ਰੱਖਿਆ ਹੈ ਜੋ ਇਕ ਪਾਸੇ ਵਿਦਿਆ ਦੇ ਮੰਦਰ ਸਕੂਲ ਕੋਲ ਹੈ ਅਤੇ ਦੂਜਾ ਟੋਭਾ ਗੁਰਦੁਆਰਾ ਸਾਹਿਬ ਦੇ ਕੋਲ ਜਦੋਂ ਕਿ ਤੀਜਾ ਹਸਪਤਾਲ ਅਤੇ ਚੌਥਾ ਪਿੰਡ ਰਸੂਲਪੁਰ ਦੇ ਰਾਸਤੇ 'ਤੇ ਪੈਂਦਾ ਹੈ। ਇਨ੍ਹਾਂ ਟੋਭਿਆਂ 'ਤੇ ਵੱਛੀਆਂ, ਗਾਈਆਂ ਅਤੇ ਮੱਝਾਂ ਦਾ ਵੱਗ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈ ਹੈ ਪਰ ਹਰ ਸਾਲ ਸਰਦੀ ਰੁੱਤੇ ਵੱਡੀ



ਗਿਣਤੀ ਵਿਚ ਪ੍ਰਵਾਸੀ ਪੰਛੀ ਹਜ਼ਾਰਾਂ ਕਿਲੋਮੀਟਰ ਦਾ ਲੰਬਾ ਪੈਂਡਾ ਤਹਿ ਕਰਕੇ ਇਨ੍ਹਾਂ ਟੋਭਿਆਂ ਦੀ ਖੋ ਚੁੱਕੀ ਸ਼ਾਨ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰਦੇ ਪ੍ਰਤੀਤ ਹੁੰਦੇ ਹਨ। ਇਸ ਪਿੰਡ ਦੇ ਚਾਰੇ ਪਾਸੇ ਗੋਹੇ ਦੇ ਲੱਗੇ ਢੇਰ ਸੋਂਹਦੇ ਨਹੀਂ।

ਇਸ ਪਿੰਡ ਦੇ ਬਜ਼ੁਰਗ ਪੰਡਿਤ ਸ਼ਿਆਮ ਚੱਕੀ ਵਾਲਾ ਜੋ ਨੌਂ ਦਹਾਕੇ ਤੋਂ ਵੱਧ ਉਮਰ ਪਾਰ ਕਰ ਚੁੱਕਿਆ ਹੈ ਦੇ ਦੱਸਣ ਅਨੁਸਾਰ ਇਸ ਪਿੰਡ ਵਿਚ ਹਰੇਕ ਤਰ੍ਹਾਂ ਦੀ ਜਾਤ ਦੇ ਲੋਕ ਆਪਸੀ ਪ੍ਰੇਮ ਭਾਵਨਾ ਨਾਲ ਰਹਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮੈਨੂੰ ਆਪਣੇ ਬੱਚਿਆਂ ਤੋਂ ਵੱਧ ਇਸ ਪਿੰਡ ਦੇ ਬਜ਼ੁਰਗਾਂ ਦੀਆਂ ਅਚੰਭੇ ਭਰੀਆਂ ਗੱਲਾਂ ਅਤੇ ਆਪਣੀਆਂ ਜੀਵਨ ਯਾਦਾਂ ਵਧੇਰੇ ਪਿਆਰੀਆਂ ਲੱਗਦੀਆਂ ਹਨ । ਅਤੀਤ ਦੀ ਗੱਲ ਕਰਦਿਆਂ ਉਹ ਦੱਸਦਾ ਹੈ ਕਿ ਇਸ ਪਿੰਡ ਵਿਚ ਬਣੀ ਮਸੀਤ, ਸ਼ਿਵ ਮੰਦਰ, ਮੈੜੀ, ਪੀਰਖਾਨਾ, ਖੇੜਾ ਅਤੇ ਪੁਰਾਤਨ ਧਰਮਸ਼ਾਲਾ ਜਿਸ ਦੀ ਦਿੱਖ ਬਦਲ ਦਿੱਤੀ ਗਈ ਹੈ, ਸਭ ਪੁਰਾਤਨ ਹਨ। ਇਸ ਪਿੰਡ ਵਿਚ ਧੁੰਮੀ ਪੱਤੀ ਦੀ ਉਚੀ ਘਾਟੀ ਉਤੇ ਬਣੇ ਰਾਣੀ ਦੇ ਕਿਲ੍ਹੇ ਦੇ ਖੰਡਰਾਤਾਂ ਨੂੰ ਯਾਦ ਕਰਦਿਆਂ, ਉਹ ਦੱਸਦਾ ਹੈ ਕਿ ਇਹ ਪਿੰਡ 500 ਸਾਲ ਤੋਂ ਵੀ ਪੁਰਾਣਾ ਲੱਗਦਾ ਹੈ। ਅੱਜ ਇਸ ਕਿਲ੍ਹੇ ਦਾ ਕੋਈ ਨਾਮੋ ਨਿਸ਼ਾਨ ਨਹੀਂ ਹੈ। ਇਸ ਪਿੰਡ ਦੇ ਸਕੂਲ ਤੋਂ ਪ੍ਰਾਇਮਰੀ ਜਮਾਤ ਦੀ ਪੜ੍ਹਾਈ ਮੁਸਲਮਾਨ ਮਾਸਟਰ ਰੁਲੀਆ ਸ਼ਾਹ ਤੋਂ ਪ੍ਰਾਪਤ ਕਰਕੇ ਉਚ ਸਿੱਖਿਆ ਬਾਗਾਂਵਾਲਾ (ਮੋਰਿੰਡਾ) ਸਥਿਤ ਕੋਤਵਾਲੀ ਗੁਰਦੁਆਰੇ ਦੇ ਸਥਾਨ 'ਤੇ ਬਣੇ ਸਕੂਲ ਵਿਚ ਪੜ੍ਹੇ ਪੰਡਤ ਸ਼ਿਆਮ ਚੱਕੀ ਵਾਲਾ ਦੱਸਦਾ ਹੈ ਕਿ ਮੇਰੇ ਪਿੰਡ ਦਾ ਮੌਜੂਦਾ ਇੰਦਰਾ ਹਾਈ ਸਕੂਲ ਦੁੱਮਣੇ ਪਿੰਡ ਦੇ ਵਸਨੀਕ ਸਰਦਾਰ ਇੰਦਰ ਸਿੰਘ ਨੇ ਬਣਾਇਆ ਸੀ। ਇਸ ਤੋਂ ਪਹਿਲਾਂ ਇਸ ਸਕੂਲ ਦੇ ਨਾਲ ਲੱਗਦੀ ਮੰਦਰ ਵਾਲੀ ਜਗਾਹ ਵਿਚ ਆਰੀਆ ਸਕੂਲ ਹੁੰਦਾ ਸੀ। ਸਰਦਾਰ ਇੰਦਰ ਸਿੰਘ ਦੁੱਮਣਾ ਭਾਰਤ ਦੇ ਪਹਿਲੇ ਰੱਖਿਆ ਮੰਤਰੀ ਸਰਦਾਰ ਬਲਦੇਵ ਸਿੰਘ ਦੇ ਪਿਤਾ ਸੀ ਜਿਸ ਨੂੰ ਪਹਿਲੇ ਸਿੱਖ ਰੱਖਿਆ ਮੰਤਰੀ ਬਣਨ ਦਾ ਮਾਣ ਪ੍ਰਾਪਤ ਹੋਇਆ। ਇਸ ਪਰਿਵਾਰ ਵੱਲੋਂ ਪੁਆਧ ਇਲਾਕੇ ਵਿਚ ਸਿੱਖਿਆ ਦੇ ਖੇਤਰ ਵਿਚ ਕੀਤੇ ਸ਼ਲਾਘਾਯੋਗ ਕੰਮ ਅੱਜ ਵੀ ਬੱਚਿਆਂ ਲਈ ਚਾਨਣ ਮੁਨਾਰਾ ਬਣੇ ਹੋਏ ਹਨ।

ਪੰਡਤ ਸ਼ਿਆਮ ਚੱਕੀ ਵਾਲਾ ਨੇ ਦੱਸਿਆ ਕਿ ਇਸ ਪਿੰਡ ਵਿਚ ਸਭ ਤੋਂ ਪੁਰਾਣੀ ਇਮਾਰਤ ਪੰਡਤ ਪਾਂਧਿਆਂ ਦੇ ਦੋਹੜਕਾ ਪਰਿਵਾਰ ਦੇ ਨਸੀਬ ਅਤੇ ਬਾਬੂ ਰਾਮ ਦੇ ਪਰਿਵਾਰ ਦੀ ਹੈ ਜਿਸ ਨੂੰ ਲਾਹੌਰੀ ਇੱਟਾਂ ਨਾਲ ਤਿਆਰ

ਕੀਤਾ ਗਿਆ ਸੀ। ਉਨ੍ਹਾਂ ਦਾ ਕਹਿਣਾ ਕਿ ਇਸ ਇਮਾਰਤ ਨੂੰ ਵਿਰਾਸਤ ਵੱਜੋਂ ਮਿਲੀ ਸੁਗਾਤ ਸਮਝ ਕੇ ਸੰਭਾਲ ਕਰਨ ਦੀ ਲੋੜ ਹੈ ਨਹੀਂ ਤਾਂ ਇਕ ਦਿਨ ਇਸ ਇਮਾਰਤ ਦੀਆਂ ਲਾਹੌਰੀ ਇੱਟਾਂ ਸੰਗਮਰਮਰ ਦੀ ਚਮਕ ਦਮਕ ਵਿਚ ਸਦਾ ਲਈ ਅਲੋਪ ਹੋ ਜਾਣਗੀਆਂ। ਇਸ ਪਿੰਡ ਦੀ ਜੂਹ ‘ਤੇ ਬਣੇ ਗੁਰਦੁਆਰਾ ਜੰਡੀਸਰ ਬਾਰੇ ਪੁੱਛਣ ਤੇ ਉਨ੍ਹਾਂ ਦੱਸਿਆ ਕਿ ਇਥੇ ਇਸੇ ਪਿੰਡ ਦੇ ਰਾਮਦਾਸੀਏ ਪਰਿਵਾਰ ਵਿਚੋਂ ਇਕ ਸਿੰਘ ਸ਼ਹੀਦ ਦੀ ਸਮਾਧ ਹੁੰਦੀ ਸੀ ਜਿਸ ਨੂੰ ਅਕਾਲੀ ਲਹਿਰ ਸਮੇਂ ਗੁਰਦੁਆਰੇ ਦਾ ਰੂਪ ਦੇ ਦਿਤਾ ਗਿਆ ਸੀ। ਇਸ ਤੋਂ ਥੋੜ੍ਹੀ ਦੂਰੀ ‘ਤੇ ਇਕ ਪੁਰਾਤਨ ਜੰਡ ਦਾ ਦਰੱਖਤ ਹੈ ਜਿਸ ਤੋਂ ਲੱਗਦਾ ਹੈ ਕਿ ਲੋਕਾਂ ਨੇ ਜੰਡ ਤੋਂ ਇਸ ਗੁਰਦੁਆਰੇ ਦਾ ਨਾਮ ਜੰਡੀਸਰ ਰੱਖ ਦਿਤਾ ਹੈ। ਇਸ ਗੁਰਦੁਆਰਾ ਸਾਹਿਬ ਦੇ ਨੇੜੇ ਸਥਿਤ ਟੋਭੇ ਦੇ ਕਿਨਾਰੇ ਇੱਟਾਂ ਤੋਂ ਬਣੀਆਂ ਪੌੜੀਆਂ ਦੀ ਗੱਲ ਕਰਦਿਆਂ ਉਹ ਦੱਸਦਾ ਹੈ ਕਿ ਇਕ ਸੋਢੀ ਪਰਿਵਾਰ ਜੋ ਪਿੰਡ ਵਿਚ ਲਗਾਏ ਭੱਠੇ ਦਾ ਮਾਲਕ ਸੀ, ਉਸ ਨੇ ਲੋਕਾਂ ਦੀ ਸਹੂਲਤ ਲਈ ਟੋਭੇ ਦੇ ਕਿਨਾਰਿਆਂ ਨੂੰ ਪੱਕਾ ਕਰਨ ਦੇ ਨਾਲ ਨਾਲ ਪਿੰਡ ਦੇ ਅੰਦਰਲੇ ਬਜ਼ਾਰ ਦੀ ਗਲੀ ਨੂੰ ਵੀ ਪੱਕਾ ਕਰਨ ਲਈ ਕਈ ਹਜ਼ਾਰ ਇੱਟ ਦਾਨ ਦਿੱਤੀ ਸੀ। ਇਹ ਬਜ਼ਾਰ ਉਸ ਸਮੇਂ ਮੋਰਿੰਡੇ ਦੇ ਬਜ਼ਾਰ ਤੋਂ ਵੀ ਵੱਧ ਮਸ਼ਹੂਰ ਹੁੰਦਾ ਸੀ ਜਿੱਥੇ ਮਿਲਖੀ ਖੱਤਰੀ, ਜੀਵਾ, ਰੂਲੀਆ, ਸੋਹਣਾ ਅਤੇ ਬਾਬੂ ਦੀਆਂ ਮਸ਼ਹੂਰ ਦੁਕਾਨਾਂ ਹੁੰਦੀਆਂ ਸਨ। ਇਨ੍ਹਾਂ ਦੁਕਾਨਾਂ ਲਈ ਸ਼ਹਿਰ ਤੋਂ ਸਮਾਨ ਲਿਆਉਣ ਲਈ ਆਤੂ ਅਤੇ ਅਸਰੂ ਤਰਖਾਣ ਦੇ ਗੱਡੇ ਹੁੰਦੇ ਸਨ। ਵਿਆਹ ਸ਼ਾਦੀ ਸਮੇਂ ਭੋਲਿਆਂ ਦਾ ਜਾਗਰ,ਸਿੱਖਾਂ ਦਾ ਅਜੈਬ ਅਤੇ ਨੌਰੀਆ ਪਰਿਵਾਰ ਦੇ ਰੱਥ ਦੇ ਨਾਲ ਗੱਡੇ ਵੀ ਮਸ਼ਹੂਰ ਸਨ ਜੋ ਡੋਲੀ ਅਤੇ ਦਾਜ ਲਿਆਉਣ ਦੇ ਕੰਮ ਆਉਂਦੇ ਸਨ। ਇਨ੍ਹਾਂ ਨਾਲ ਜੁੜੇ ਬਲਦਾਂ ਦੇ ਗਲਾਂ ਵਿਚ ਪਾਏ ਘੁੰਗਰੂਆਂ ਤੇ ਟੱਲੀਆਂ ਦੀ ਆਵਾਜ਼ ਆਪਣੇ ਮਾਤਾ ਪਿਤਾ ਤੋਂ ਵਿਛੜੀ ਸੱਜ ਵਿਆਹੀ ਮੁਟਿਆਰ ਦੇ ਕੰਨਾਂ ਵਿਚ ਰਸ ਭਰ ਦਿੰਦੀ ਸੀ।

ਇਸ ਪਿੰਡ ਦਾ ਜੰਮਪਲ ਲੇਖਕ ਜਸਵਿੰਦਰ ਸਿੰਘ ਕਾਈਨੌਰ ਨੇ ‘ਪੰਜਾਬੀ ਸਭਿਆਚਾਰ ਤੇ ਰੀਤੀ ਰਿਵਾਜ਼’ ਪੁਸਤਕ ਕੁਝ ਸਾਲ ਪਹਿਲਾਂ ਲੋਕ ਅਰਪਣ ਕੀਤੀ ਹੈ। ਇਸ ਪਿੰਡ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਕਰਨਲ ਹਰਦੇਵ ਸਿੰਘ





**ਰਵਨੀਤ ਕੌਰ ਦੀਆਂ ਕਲਾਕ੍ਰਿਤਾਂ**

(ਸਵ.) ਡਾ. ਮਹਿੰਦਰ ਸਿੰਘ (ਸਮਰਾਲੇ ਵਾਲਾ), ਮਾਸਟਰ ਰਚਨ ਸਿੰਘ (ਸਵ.), ਮਾ. ਲਾਭ ਸਿੰਘ, ਨੰਬਰਦਾਰ ਚਰਨਜੀਤ ਸਿੰਘ, ਨੰਬਰਦਾਰ ਸਤਵੰਤ ਸਿੰਘ, ਰੁਪਿੰਦਰ ਕੌਰ ਮੌਜੂਦਾ ਸਰਪੰਚ ਗ੍ਰਾਮ ਪੰਚਾਇਤ। ਰਵਨੀਤ ਕੌਰ ਸਵ. ਕਰਨਲ ਹਰਦੇਵ ਸਿੰਘ ਦੀ ਪੋਤਰੀ ਕਲਾਤਮਿਕ ਰੁਚੀਆਂ ’ਚ ਇਨਾਮ ਜੇਤੂ ਕੈਨੇਡਾ ਵਿਖੇ ਆਪਣੇ ਪਿੰਡ ਦੀ ਸ਼ੋਭਾ ਵਧਾ ਰਹੀ ਹੈ।

* * * *

# ਨੰਦਪੁਰ-ਕਲੌੜ ਦਾ ਅੱਗੜ-ਪਿੱਛੜ

- ਡਾ. ਕਰਨੈਲ ਸਿੰਘ ਸੋਮਲ
ਮੋਬਾ. 9814157137

ਕੋਈ ਵੀ ਪਿੰਡ ਹੋਵੇ ਉਹ ਇਸ ਦੇ ਵਸਨੀਕਾਂ ਦੇ ਆਪੇ ਦਾ ਅੰਗ ਬਣਿਆ ਹੁੰਦਾ ਹੈ। ਉਂਜ ਹਰੇਕ ਵਸਨੀਕ ਦੇ ਚੇਤੇ ਵਿਚ ਉਸ ਪਿੰਡ ਦਾ ਤਸੱਵਰ ਆਪਣਾ ਆਪਣਾ ਹੁੰਦਾ ਹੈ। ਪਿੰਡ ਦੀ ਹੋਂਦ ਸਮਝਣੀ ਅਤੇ ਜਾਣਨੀ ਵੈਸੇ ਬੜੀ ਔਖੀ ਹੈ। ਹਰ ਪਿੰਡ ਹੋਰ ਪਿੰਡਾਂ ਜਿਹਾ ਹੋ ਕੇ ਵੀ ਵਿਲੱਖਣ ਹੁੰਦਾ ਹੈ।



ਗਿਆਨੀ ਦਿੱਤ ਸਿੰਘ

ਮੇਰੇ ਪਿੰਡ ਕਲੌੜ ਬਾਰੇ ਵੀ ਇਹ ਸੱਚ ਹੈ। ਜਿਹੜਾ ਪਿੰਡ ਮੇਰੇ ਬਾਬੇ ਦੇ ਵੇਲੇ ਰਿਹਾ ਹੋਵੇਗਾ ਉਹ ਮੇਰੇ ਵੇਲੇ ਨਹੀਂ ਸੀ। ਜਿਹੜਾ ਪਿੰਡ ਅੱਜ ਤੋਂ ਸੱਤ ਕੁ ਦਹਾਕਿਆਂ ਪਹਿਲਾਂ ਮੇਰੇ ਬਚਪਨ ਵੇਲੇ ਸੀ, ਉਹ ਹੁਣ ਨਹੀਂ ਹੈ।

ਪਿੰਡ ਦੀ ਦਿੱਖ ਤੇ ਨੁਹਾਰ, ਦੋਵੇਂ ਸਮੇਂ ਦੇ ਨਾਲ, ਬਦਲ ਜਾਂਦੇ ਹਨ। ਮੇਰੇ ਆਪਣੇ ਪਿੰਡ ਵਿੱਚ ਪੁਰਾਣੇ ਬਰੋਟੇ ਅਤੇ ਪਿੱਪਲ ਨਹੀਂ ਰਹੇ, ਬੇਸ਼ੱਕ ਹੋਰ ਭਾਂਤਾਂ ਦੇ ਬਿਰਖ ਅਤੇ ਬੂਟੇ ਲੋਕਾਂ ਨੇ ਆਪਣੇ ਖੇਤਾਂ ਅਤੇ ਵਿਹੜਿਆਂ ਵਿੱਚ ਲਗਾ ਲਏ ਹਨ। ਸਕੂਲ ਦੀ ਪੁਰਾਣੀ ਨਿੱਕੀ ਇੱਟ ਦੀ ਬਣੀ ਗੋਲ ਇਮਾਰਤ ਜਿਹੜੀ ਦੂਰੋਂ ਹੀ ਦਿਸ ਪੈਂਦੀ ਸੀ, ਹੁਣ ਢਹਿ ਗਈ ਹੈ, ਹੋਰ ਉਸਾਰੀ ਵੀ ਭਾਵੇਂ ਹੋ ਗਈ ਹੈ। ਪਿੰਡ ਦੇ ਅੰਦਰਲੇ ਮਕਾਨ ਛੱਡ ਕੇ ਬਹੁਤ ਸਾਰਿਆਂ ਨੇ ਬਾਹਰ ਫਿਰਨੀ ਉੱਤੇ ਜਾਂ ਆਪਣੇ ਖੇਤਾਂ ਵਿੱਚ ਖੁੱਲ੍ਹੇ ਮਕਾਨ ਪਾ ਲਏ ਹਨ।



**ਮੇਰੇ ਪਿੰਡ ਦਾ ਪਿਛੋਕੜ :**

ਮੇਰਾ ਪਿੰਡ ਕਲੌੜ ਕਦੋਂ ਬੱਝਿਆ ? ਇਸ ਦਾ ਕੀ ਇਤਿਹਾਸ ਹੈ ? ਇਸ ਬਾਰੇ ਕੋਈ ਜਾਣਕਾਰੀ ਮੈਨੂੰ ਨਹੀਂ ਹੈ ਮੇਰੇ ਪਿੰਡ ਦੇ ਕਿਸੇ ਵੀ ਬੰਦੇ ਨੂੰ ਇਸ ਦੇ ਪਿਛੋਕੜ ਬਾਰੇ ਜਾਣਕਾਰੀ ਨਹੀਂ ਹੈ।

ਮੇਰਾ ਪਿੰਡ ਉਂਜ ਕਾਫ਼ੀ ਪੁਰਾਣਾ ਹੈ। ਇਸ ਦੇ ਇਤਿਹਾਸ ਬਾਰੇ ਕੋਈ ਰਿਕਾਰਡ ਮੇਰੇ ਹੱਥ ਨਹੀਂ ਲੱਗਿਆ। ਹਾਂ, ਇਸ ਪਿੰਡ ਦੇ ਬੰਨ੍ਹੇ ਜਾਣ ਬਾਰੇ ਦੋ ਦੰਤ-ਕਥਾਵਾਂ ਜ਼ਰੂਰ ਹਨ। ਪਹਿਲੀ ਇਹ ਕਿ ਇਹ ਪਿੰਡ ਕਿਸੇ ਬਾਬੇ ਕਾਲੂ ਦੀ ਉਲਾਦ ਹੈ। ਉਸ ਦੀ ਇੱਕ ਭੈਣ ਸੀ ਨੰਦੋ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਕਾਲੂ ਤੋਂ ਕਲੌੜ ਪਿੰਡ ਬੰਨ੍ਹਿਆ ਗਿਆ ਅਤੇ ਨੰਦੋ ਤੋਂ ਪਿੰਡ ਨੰਦਪੁਰ। ਨੰਦਪੁਰ ਅਤੇ ਕਲੌੜ, ਦੋਵੇਂ ਪਿੰਡ ਬਿਲਕੁੱਲ ਨੇੜੇ ਹਨ। ਹੁਣ ਤਾਂ ਵਿਚਕਾਰੋਂ ਲੰਘਦੀ ਪੱਕੀ ਸੜਕ ਅਤੇ ਇਸ ਦੇ ਦੁਪਾਸੀਂ ਬਣੇ ਬਜ਼ਾਰ ਨੇ ਦੋਹਾਂ ਪਿੰਡਾਂ ਵਿਚਲੀ ਜ਼ਮੀਨੀ ਵਿੱਥ ਮੇਟ ਦਿੱਤੀ ਹੈ। ਨੇੜੇ ਤੇੜੇ ਵੱਸਣ ਦੀ ਗੱਲ ਕਾਲੂ ਅਤੇ ਨੰਦੋ ਦੇ ਭਰਾ ਭੈਣ ਰਿਸ਼ਤੇ ਦੀ ਨੇੜਤਾ ਅਤੇ ਉਨ੍ਹਾਂ ਦੇ ਨਾਵਾਂ ਦੇ ਨਿਕਲਦੇ ਦੋਵੇਂ ਪਿੰਡਾਂ ਦੇ ਨਾਵਾਂ ਨਾਲ ਜੁੜਦੀ ਕਰਕੇ ਸਭ ਦੇ ਮਨਾਂ ਨੂੰ ਵਧੇਰੇ ਭਾਉਂਦੀ ਹੈ। ਦੂਜੀ ਦੰਤ-ਕਥਾ ਹੈ ਕਿ ਇਸ ਪਿੰਡ ਦਾ ਪਹਿਲਾਂ ਨਾਉਂ ਆਲਮਗੜ੍ਹ ਸੀ। ਇਹ ਹੁਣ ਵਾਲੀ ਥਾਂ ਤੋਂ ਕੁਝ ਫ਼ਾਸਲੇ 'ਤੇ ਪਛਮ ਵੱਲ ਨੂੰ ਸੀ। ਇੱਥੋਂ ਦੇ ਪੁਰਾਣੇ ਖੂਹਾਂ ਵਿਚੋਂ ਬਰੋਟੇ ਵਾਲਾ ਖੂਹ ਜਿੱਥੇ ਕਲ੍ਹ ਤੱਕ ਹੈ ਸੀ, ਉੱਥੇ ਇਹ ਪਿੰਡ ਹੁੰਦਾ ਸੀ। ਟਿਊਬਵੈੱਲ, ਮੋਟਰਾਂ ਆਦਿ ਦੇ ਲੱਗਣ ਨਾਲ ਹੁਣ ਨਾ ਪੁਰਾਣੇ ਖੂਹ ਰਹੇ ਅਤੇ ਨਾ ਮੁਰੱਬੇਬੰਦੀ ਤੋਂ ਪਿੱਛੋਂ ਲੱਗੇ ਨਵੇਂ ਖੂਹ। ਖੂਹੀਆਂ ਅਤੇ ਖੂਹ ਸਾਰੇ ਪੂਰ ਦਿੱਤੇ ਗਏ ਹਨ ਜਿਵੇਂ ਕਦੇ ਇਹ ਹੈ ਹੀ ਨਹੀਂ ਸਨ।

ਪਿੰਡ ਦਾ ਇੱਕ ਮੁਸਲਮਾਨ ਸੰਤ ਸੀ ਕੁਰਬਾਨ ਸ਼ਾਹ। ਉਸ ਪ੍ਰਤਿ ਪਿੰਡ ਦੇ ਲੋਕਾਂ ਦੀ ਬੜੀ ਸ਼ਰਧਾ ਸੀ। ਦੱਸੀਦਾ ਹੈ ਕਿ ਇੱਕ ਵਾਰੀ ਸ਼ਰਧਾਲੂਆਂ ਨੇ ਬਾਬਾ ਕੁਰਬਾਨ ਸ਼ਾਹ ਨੂੰ ਕਿਹਾ ਕਿ ਪਿੰਡ ਤੋਂ ਦੂਰ ਉਨ੍ਹਾਂ ਕੋਲ ਆਉਣਾ ਕੁਝ ਮੁਸ਼ਕਲ ਲੱਗਦਾ ਹੈ। ਪਿੰਡ ਵਾਸੀਆਂ ਨੇ ਇਹ ਗੱਲ ਕੁਝ ਇਸ ਭਾਵ ਨਾਲ ਕੀਤੀ ਹੋਣੀ ਹੈ ਕਿ ਬਾਬਾ ਕੁਰਬਾਨ ਸ਼ਾਹ ਪਿੰਡ ਦੇ ਨੇੜੇ ਆ ਕੇ ਡੇਰਾ ਲਾ ਲੈਣ। ਪਰ ਬਾਬਾ ਕੁਰਬਾਨ ਸ਼ਾਹ ਨੇ ਆਖਿਆ ਕਿ ਕੋਈ ਗੱਲ ਨਹੀਂ ਪਿੰਡ ਹੀ ਇੱਥੇ ਤੱਕ ਆ ਜਾਵੇਗਾ। ਕੁਰਬਾਨ ਸ਼ਾਹ ਦੇ ਇਨ੍ਹਾਂ ਬਚਨਾਂ ਕਰਕੇ, ਜੋ ਭਵਿੱਖ ਬਾਣੀ ਹੀ ਸਾਬਤ ਹੋਈ, ਪਿੰਡ ਆਪਣੀ ਅਸਲ ਥਾਂ ਤੋਂ ਅੱਧਾ ਕੁ ਕਿਲੋਮੀਟਰ ਪੂਰਬ-

ਉੱਤਰ ਵੱਲ ਆ ਗਿਆ। ਹੁਣ ਬਾਬਾ ਕੁਰਬਾਨ ਸ਼ਾਹ ਦਾ ਮਜ਼ਾਰ ਪਿੰਡ ਦੇ ਨਾਲ ਲਗਦੇ ਤਕੀਏ ਵਿੱਚ ਹੈ। ਪਿੰਡ ਦੇ ਪਿਛੋਕੜ ਬਾਰੇ ਇਹ ਗੱਲਾਂ ਕਿੰਨੀਆਂ ਕੁ ਸੱਚੀਆਂ ਹਨ ਕੁਝ ਨਹੀਂ ਕਿਹਾ ਜਾ ਸਕਦਾ। ਪਰ ਜੋ ਮੰਨ ਲਿਆ ਜਾਂਦਾ ਹੈ ਉਹ ਵੀ ਤਾਂ ਸੱਚ ਹੁੰਦਾ ਹੈ।

ਬਾਬਾ ਕੁਰਬਾਨ ਸ਼ਾਹ ਕੌਣ ਸੀ ? ਕਿਸੇ ਨੂੰ ਕੁਝ ਪਤਾ ਨਹੀਂ ਹੈ। ਕੋਈ ਮੁਸਲਮਾਨ ਫ਼ਕੀਰ ਜਾਂ ਦਰਵੇਸ਼ ਹੋਣੈ। ਉਸ ਦੀ ਮਾਨਤਾ ਦਾ ਪਤਾ ਇਸ ਗੱਲੋਂ ਲੱਗਦੇ ਕਿ ਪਿੰਡ ਵਿਚ ਕਿਸੇ ਮੁੰਡੇ ਦੀ ਜੰਨ ਚੜ੍ਹਨ ਤੋਂ ਉਸ ਨੂੰ ਜਿਹੜੀਆਂ ਥਾਵਾਂ ਉੱਤੇ ਮੱਥਾ ਟਿਕਾਇਆ ਜਾਂਦਾ ਹੈ, ਉਨ੍ਹਾਂ ਵਿਚ ਦੋ ਪ੍ਰਮੁੱਖ ਹਨ। ਇੱਕ ਪਿੰਡ ਦਾ ਗੁਰਦੁਆਰਾ ਅਤੇ ਦੂਜਾ ਕੁਰਬਾਨ ਸ਼ਾਹ ਦਾ ਮਜ਼ਾਰ। ਨਵੀਂ ਵਿਆਂਹਦੜ ਨੂੰ ਵੀ ਹੋਰ ਮਾਨਤਾ ਵਾਲੀਆਂ ਥਾਵਾਂ ਤੋਂ ਇਲਾਵਾ ਇੱਥੇ ਮੱਥਾ ਜ਼ਰੂਰ ਟਿਕਾਇਆ ਜਾਂਦਾ ਹੈ।

ਮੇਰੇ ਪਿੰਡ ਵਿੱਚ ਜੇ ਕੋਈ ਅਜਿਹੀ ਥਾਂ ਹੈ ਜਿੱਥੇ ਬੱਚੇ ਤੋਂ ਬੁੱਢੇ ਤੀਕ ਬਿਨ੍ਹਾਂ ਜਾਤ-ਪਾਤ, ਊਚ-ਨੀਚ, ਅਮੀਰ-ਗਰੀਬ, ਜਾਂ ਅਕੀਦੇ ਦੇ ਭੇਦ-ਭਾਵ ਤੋਂ ਬੈਠ ਸਕਦਾ ਹੈ ਤਾਂ ਇਹ ਬਾਬੇ ਕੁਰਬਾਨ ਸ਼ਾਹ ਦਾ ਮਜ਼ਾਰ ਹੈ। ਪਿੰਡ ਦੀ ਰੂਹ ਹੈ ਇਹ ਥਾਂ। ਨਚਾਰਾਂ ਦੇ ਅਖਾੜੇ ਅਕਸਰ ਇੱਥੇ ਲੱਗਦੇ ਰਹੇ ਹਨ। ਗਾਲੜੀਆਂ ਲਈ ਇਹ ਥਾਂ ਪ੍ਰਮੁੱਖ ਹੈ। ਗੱਲ ਕੀ ਮੇਰੇ ਪਿੰਡ ਨੂੰ ਬਾਬੇ ਕੁਰਬਾਨ ਸ਼ਾਹ ਦੇ ਮਜ਼ਾਰ ਤੋਂ ਬਿਨਾਂ ਚਿਤਵਣਾ ਔਖਾ ਹੈ। ਇਹ ਮਜ਼ਾਰ ਪਿੰਡ ਦੇ ਸੈਕੂਲਰ ਸੁਭਾਅ ਦਾ ਚਿੰਨ੍ਹ ਹੈ।

ਤਕੀਆ ਪਿੰਡ ਦੇ ਚੜ੍ਹਦੀ ਵੱਲ ਜਿਸ ਖੁੱਲ੍ਹੀ ਥਾਂ ਦੇ ਵਿਚਕਾਰ ਬਾਬਾ ਕੁਰਬਾਨ ਸ਼ਾਹ ਦਾ ਮਜ਼ਾਰ ਹੈ, ਉਹ ਤਕੀਆ ਅਖਵਾਉਂਦੀ ਹੈ। ਤਕੀਏ ਵਿੱਚ ਕਿਸੇ ਸਮੇਂ ਬੋਹੜ ਦੇ ਭਾਰੇ ਭਾਰੇ ਕਈ ਬਿਰਖ ਸਨ। ਤਕੀਏ ਦੇ ਨਾਲ ਹੀ ਟੋਭਾ ਹੈ ਜਿਸ ਨੂੰ 'ਤਲਾਓ ਵਾਲਾ ਟੋਭਾ' ਕਿਹਾ ਜਾਂਦਾ ਹੈ। ਪਿੰਡ ਦੇ ਪੂਰਬ ਬੰਨੇ ਜਿਥੇ ਮਹਾਜਨਾ ਦੇ ਘਰ ਹਨ, ਉਸ ਪਾਸੇ ਦੇ ਨਾਲ ਲਗਦੀ ਟੋਭੇ ਦੀ ਨੁੱਕਰ ਪੱਕੀ ਕੀਤੀ ਹੋਈ ਹੈ। ਤਲਾਬਾਂ ਦੀ ਤਰਜ਼ ਉੱਤੇ ਇਸ ਦੇ ਹੇਠਾਂ ਉਤਰਨ ਲਈ ਪੌੜੀਆਂ ਅਤੇ ਨਾਲ ਸੋਹਣੀਆਂ ਬੁਰਜੀਆਂ ਹਨ। ਇਸ ਲਈ ਇਸ ਨੂੰ ਤਲਾਓ ਵਾਲਾ ਟੋਭਾ ਕਿਹਾ ਜਾਣ ਲੱਗ ਪਿਆ ਹੈ। ਬੋਹੜਾਂ ਦੀਆ ਛਾਂਵਾਂ ਅਤੇ ਇਸ ਵੱਡੇ ਟੋਭੇ ਦੇ ਦ੍ਰਿਸ਼ ਸਦਕਾ ਤਕੀਆ ਬੜੀ ਰਮਣੀਕ ਸਾਂਝੀ ਥਾਂ ਹੈ।

ਤਕੀਏ ਦੇ ਦੱਖਣ-ਪੱਛਮ ਵਿਚ ਇਕ ਮਸੀਤ ਹੈ ਅਤੇ ਇਸ ਦੀ ਕੰਧ ਦੇ ਨਾਲ ਲਗਦਾ ਇੱਕ ਪੁਰਾਣਾ ਖੂਹ ਹੈ। ਪਿੰਡ ਵਿੱਚ ਗੁਰਦੁਆਰਾ ਬਣਨ ਤੋਂ



ਚਿਰੋਕਾ ਪਹਿਲਾਂ ਇਹ ਮਸੀਤ ਬਣੀ ਹੋਈ ਸੀ। ਜਾਪਦਾ ਹੈ ਕਿ ਉਦੋਂ ਪਿੰਡ ਵਿੱਚ ਮੁਸਲਮਾਨਾਂ ਦੀ ਕਾਫ਼ੀ ਵੱਸੋਂ ਸੀ। ਕੁਦਰਤੀ ਹੈ ਕਿ ਇੱਥੇ ਇਸਲਾਮੀ ਪ੍ਰਭਾਵ ਵੀ ਕਾਫੀ ਹੋਣਾ ਹੈ। ਮੁਸਲਮਾਨ ਪਰਿਵਾਰਾਂ ਵਿੱਚ ਸਈਅਦ, ਪਠਾਣ, ਗੁੱਜਰ, ਤੇਲੀ, ਪੇਂਜੇ, ਭਰਾਈ, ਅਰਾਈਂ ਆਦਿ ਸਨ।

ਕਈ ਮੁਸਲਮਾਨ ਪਰਿਵਾਰ ਇਸ ਪਿੰਡ ਵਿੱਚ ਦੇਸ-ਵੰਡ ਤੀਕ ਰਹੇ ਵੀ। ਪਿੰਡ ਦੀਆ ਕਈ ਥਾਂਵਾਂ ਨਾਲ 'ਅਰਾਈ ਵਾਲਾ' ਜਾਂ 'ਅਰਾਈ ਵਾਲੀ' ਜਿਹੇ ਸ਼ਬਦਾਂ ਦੀ ਵਰਤੋਂ ਤੋਂ ਲੱਗਦਾ ਹੈ ਕਿ ਇੱਥੇ ਅਰਾਈਂ ਲੋਕ ਵੀ ਰਹਿੰਦੇ ਸਨ। 'ਹੱਲਿਆਂ ਵਾਲੇ ਸਾਲ' ਭਾਵ ਜਦੋਂ ਦੇਸ਼-ਵੰਡ ਹੋਈ ਤਾਂ ਕੁਝ ਪਰਿਵਾਰ ਪਰਸਿਥਿਤੀਆਂ ਦੇ ਮਜਬੂਰ ਕੀਤੇ ਹੋਏ, ਅਣਚਾਹੁੰਦਿਆਂ ਵੀ ਪਾਕਿਸਤਾਨ ਚਲੇ ਗਏ। ਉਨ੍ਹਾਂ ਦੇ ਘਰ ਕੁਝ ਢਹਿ ਗਏ ਤੇ ਕੁਝ ਬਾਰ ਤੋਂ ਆਏ ਪਰਿਵਾਰਾਂ ਦੇ ਅਧਿਕਾਰ ਵਿੱਚ ਆ ਗਏ।

**ਪਿੰਡ ਦੀ ਵਸੋਂ** :

ਪਿੰਡ ਵਿੱਚ ਪੂਰਬ ਵਲ ਪੰਡਤ, ਪਾਂਧੇ ਅਤੇ ਖੱਤਰੀ ਪਰਿਵਾਰ ਹਨ। ਕਿਸੇ ਸਮੇਂ ਪਿੰਡ ਵਿੱਚ ਲਾਲਾ ਵਲਾਇਤੀ ਲਾਲ ਅਤੇ ਲਾਲਾ ਕਰਤਾ ਰਾਮ ਦੀਆਂ ਹੱਟੀਆਂ ਮੁੱਖ ਸਨ। ਹੁਣ ਉਨ੍ਹਾਂ ਦੇ ਪੁੱਤਰ-ਪੋਤਰੇ ਵਪਾਰ ਜਾਂ ਮੁਲਾਜ਼ਮਤ ਦੇ ਸਿਲਸਿਲੇ ਵਿਚ ਸ਼ਹਿਰੀਂ ਜਾ ਵੱਸੇ ਹਨ।

ਪਿੰਡ ਦੇ ਖੱਤਰੀ ਥੌਰ ਗੋਤ ਅਤੇ ਪੰਡਤ ਜੋਸ਼ੀ ਗੋਤ ਦੇ ਹਨ। ਪਿੰਡ ਦੇ ਜੱਟਾਂ ਦਾ ਗੋਤ ਸੋਮਲ ਹੈ। ਇੱਕ ਦੋ ਘਰ ਹੀ ਪਿੱਛੋਂ ਆ ਕੇ ਵੱਸੇ ਹੋਰ ਗੋਤ ਦੇ ਹੋਣਗੇ, ਜਿਵੇਂ ਕਿ 'ਗੁਪਾਲੀਆਂ' ਦਾ ਸਿੱਧੂ ਗੋਤ ਵਾਲਾ ਪਰਿਵਾਰ। ਰਵਿਦਾਸੀਆ ਪਰਿਵਾਰ ਦੋ ਤਰ੍ਹਾਂ ਦੇ ਹਨ। ਇੱਕ ਉਹ ਜੋ ਕੱਪੜਾ ਬੁਣਨ ਦਾ ਧੰਦਾ ਕਰਦੇ ਹਨ। ਦੂਜੇ ਉਹ ਜਿਹੜੇ ਜੁੱਤੀਆਂ ਬਣਾਉਣ ਦੇ ਕਾਰੀਗਰ ਸਨ। ਗੋਤ 'ਕੌੜੇ', 'ਜੱਸੜ' ਆਦਿ ਹੈ। ਇੱਕ ਅੰਦਾਜ਼ੇ ਮੁਤਾਬਿਕ ਇਨ੍ਹਾਂ ਦੇ ਨੱਬੇ ਕੁ ਘਰ ਹਨ।

ਪਿੰਡ ਦੀ ਇੱਕ ਬੀਹੀ ਜੱਟਾਂ, ਲੋਹਾਰਾਂ, ਤਰਖਾਣਾਂ, ਝਿਊਰਾਂ ਅਤੇ ਮਹਾਜਨਾਂ ਦੇ ਵਸੇਬੇ ਨੂੰ ਕੱਪੜਾ ਬੁਣਨ, ਚਮੜੇ ਦਾ ਕੰਮ ਕਰਨ ਅਤੇ ਗੋਹੇ-ਕੂੜੇ ਦਾ ਕੰਮ ਕਰਨ ਵਾਲੇ ਵਸੇਬੇ ਨੂੰ ਨਿਖੇੜਦੀ ਸੀ। ਚੜ੍ਹਦੀ ਵੱਲ ਉੱਚੀਆਂ ਜਾਤਾਂ ਨਾਲ ਸੰਬੰਧਿਤ ਪਰਿਵਾਰਾਂ ਦੇ ਘਰ, ਛਿਪਦੇ ਵੱਲ ਬੇਜ਼ਮੀਨੇ ਪਰਿਵਾਰਾਂ ਦੇ, ਵਿਚਕਾਰ ਜ਼ਿਮੀਦਾਰਾਂ ਅਰਥਾਤ ਜਟਾਂ ਦੇ। ਬੇਜ਼ਮੀਨੇ ਜਾਂ ਗ਼ੈਰ-ਕਾਸ਼ਤਾਰ ਪਰਿਵਾਰਾਂ ਦੇ ਵੀ ਉਨ੍ਹਾਂ ਦੇ ਕਿੱਤਿਆਂ ਅਨੁਸਾਰ ਕਈ ਛੋਟੇ ਛੋਟੇ ਵਰਗ ਹੋਏ।

ਇੱਕ ਵਰਗ ਤਰਖਾਣਾ ਅਤੇ ਲੁਹਾਰਾ ਕੰਮ ਕਰਨ ਵਾਲਿਆਂ ਦਾ, ਦੂਜਾ ਮਹਿਰਿਆਂ ਅਤੇ ਘੁਮਿਆਰਾਂ ਦਾ, ਤੀਜਾ ਖੇਤ ਮਜ਼ਦੂਰੀ ਅਤੇ ਚਮੜੇ ਦੇ ਕੰਮ ਦੇ ਕਾਰੀਗਰਾਂ, ਭਾਵ ਕਿਰਤ ਕਰਨ ਵਾਲਿਆਂ ਦਾ। ਚੌਥਾਂ ਡੰਗਰਾਂ ਦੇ ਗੋਹੇ-ਕੂੜੇ ਦੀ ਸਫ਼ਾਈ ਆਦਿ ਵਿਚ ਕਿਰਸਾਣਾਂ ਦੇ ਸਹਾਈ ਹੋਣ ਵਾਲਿਆਂ ਦਾ। ਇਨ੍ਹਾਂ ਵਰਗਾਂ ਅਨੁਸਾਰ ਹੀ ਹਰੇਕ ਇਕਾਈ ਦੇ ਘਰ ਨੇੜੇ-ਨੇੜੇ ਸਨ। ਹੁਣ ਪਿੰਡ ਵਿਚ ਪੇਂਜਿਆਂ ਅਤੇ ਤੇਲੀਆਂ ਦਾ ਕੋਈ ਘਰ ਨਹੀਂ ਹੈ। ਮਰਾਸੀ ਪਰਿਵਾਰ ਵੀ



**ਗੁਰਦੁਆਰਾ ਨੰਦਪੁਰ ਕਲੌੜ**

ਇੱਕਾ-ਦੁੱਕਾ ਹਨ। ਨਾਈਆਂ ਦੇ ਤਿੰਨ ਕੁ ਘਰ ਹਨ। ਦਰਜ਼ੀ ਦਾ ਕੰਮ ਹੁਣ ਕੋਈ ਪਰਿਵਾਰ ਨਹੀਂ ਕਰਦਾ। ਬਾਲਮੀਕੀਆਂ ਦੇ ਪੰਦਰਾਂ ਕੁ ਘਰ ਹਨ।

ਮੇਰੇ ਪਿੰਡ ਵਿੱਚ ਵਕਤ ਨੇ ਅਛੋਪਲੇ ਹੀ ਊਚ-ਨੀਚ ਦੀਆਂ ਵੱਟਾਂ ਪੱਧਰਾਉਣਾ ਸ਼ੁਰੂ ਕਰ ਦਿੱਤਾ। ਜਾਤ-ਪਾਤ ਦਾ ਵਿਤਕਰਾ ਵੈਸੇ ਵੀ ਇਸ ਪਿੰਡ ਵਿੱਚ ਕਾਫ਼ੀ ਘੱਟ ਹੈ। ਕਦੇ ਇੱਥੇ ਹਰੀਜਨਾਂ ਆਦਿ ਲਈ ਟੋਭਾ ਵੱਖਰਾ ਹੁੰਦਾ ਸੀ। ਹੁਣ ਉਨ੍ਹਾਂ ਦਾ ਗੁਰਦੁਆਰਾ ਵੀ ਆਪਣਾ ਹੈ ਜੋ ਗਿਆਨੀ ਦਿੱਤ ਸਿੰਘ ਦੇ ਨਾਂ ਤੇ ਹੈ। ਉਂਜ ਵੀ ਇਸ ਪਿੰਡ ਦੇ ਗ਼ੈਰ-ਜ਼ਮੀਨ ਲੋਕ ਭਾਵੇਂ ਉਹ ਖੇਤ-ਮਜ਼ਦੂਰੀ ਕਰਦੇ ਹੋਣ ਜਾਂ ਕੋਈ ਹੋਰ ਕੰਮ-ਕਿੱਤਾ, ਰਹਿਣ-ਸਹਿਣ ਪੱਖੋਂ ਚੰਗੇ



ਹਨ। ਚੰਗੇ ਘਰ, ਸਾਫ਼-ਸੁਥਰਾ ਪਹਿਰਾਵਾ, ਬੋਲ-ਬਾਣੀ ਦਾ ਸਲੀਕਾ, ਬੱਚਿਆਂ ਨੂੰ ਪੜ੍ਹਾਉਣ ਲਈ ਉਤਸ਼ਾਹ, ਆਦਿ ਪਖੋਂ ਉਹ ਪਿੰਡ ਦੀ ਬਾਕੀ ਵਸੋਂ ਤੋਂ ਘੱਟ ਨਹੀਂ ਹਨ। ਇਸ ਵਰਗ ਦੇ ਕਈ ਪਰਿਵਾਰਾਂ ਦੀ ਉਲਾਦ ਚੰਗਾ ਪੜ੍ਹ ਕੇ ਵਧੀਆ ਨੌਕਰੀਆਂ ਉੱਤੇ ਲੱਗੀ ਹੋਈ ਹੈ। ਸਮਾਜਿਕ ਅਤੇ ਆਰਥਿਕ ਪੱਖੋਂ ਇੱਕਸਮਤਾ ਨੇ ਪਿੰਡ ਵਿੱਚ ਜਾਤ-ਪਾਤ ਨੂੰ ਤਣਾਉ ਦਾ ਕਾਰਨ ਕਦੇ ਨਹੀਂ ਬਣਨ ਦਿੱਤਾ। ਹੁਣ ਤਾਂ ਜਦੋਂ ਗਿਆਨੀ ਦਿੱਤ ਸਿੰਘ ਦੀ ਬਰਸੀ ਪਿੰਡ ਵਿੱਚ ਮਨਾਈ ਜਾਂਦੀ ਹੈ ਤਦ ਬਿਨਾਂ ਕਿਸੇ ਜਾਤ-ਪਾਤ ਦੇ ਫ਼ਰਕ ਤੋਂ ਸਾਰੇ ਲੋਕ ਇਸ ਵਿੱਚ ਸ਼ਾਮਲ ਹੁੰਦੇ ਹਨ।

**ਗੁਰਦੁਆਰੇ ਤੇ ਧਰਮਸ਼ਾਲਾਵਾਂ :**

ਪਿੰਡ ਵਿੱਚ ਪਹਿਲਾਂ ਤਿੰਨ ਗੁਰਦੁਆਰੇ ਸਨ। ਇੱਕ ਗੁਰਦੁਆਰਾ ਥੇਹ ਉੱਤੇ, ਇਕ ਹੇਠਲਾ ਗੁਰਦੁਆਰਾ ਅਤੇ ਇੱਕ ਮਾਤਾ ਠਾਕਰੀ ਦਾ ਗੁਰਦੁਆਰਾ। ਇਹ ਤੀਜਾ ਗੁਰਦੁਆਰਾ ਹੁਣ ਨਹੀਂ ਹੈ ਪਰ ਇੱਕ ਹੋਰ ਗੁਰਦੁਆਰਾ ਜਿਹੜਾ ਭੋਰਾ ਸਾਹਿਬ ਕਰਕੇ ਜਾਣਿਆ ਜਾਂਦਾ ਹੈ, ਨਵਾਂ ਬਣਿਆ ਹੈ। ਇਹ ਉਸ ਥਾਂ ਤੇ ਹੈ ਜਿੱਥੇ ਗਿਆਨੀ ਦਿੱਤ ਸਿੰਘ ਦੇ ਪਿਤਾ ਦਾ ਘਰ ਹੁੰਦਾ ਸੀ। ਉਂਜ 'ਹੇਠਲਾ ਗੁਰਦੁਆਰਾ' ਗਿਆਨੀ ਦਿੱਤ ਸਿਘ ਦੇ ਨਾਉਂ ਤੇ ਹੈ।

ਪਿੰਡ ਵਿੱਚ ਕੋਈ ਮੰਦਰ ਨਹੀਂ ਹੈ। ਅਸਲ ਵਿਚ ਧਰਮ ਅਧਾਰਿਤ ਵੰਡ ਇਸ ਪਿੰਡ ਵਿਚ ਉਘੜਦੀ ਨਹੀਂ ਹੈ। ਪਿੰਡ ਵਿਚ ਸਾਧਾਂ ਦੇ ਦੋ ਡੇਰੇ ਹਨ। ਇੱਕ ਪਿੰਡ ਦੇ ਵਿਚਕਾਰ ਕਰਕੇ ਹੈ। ਇਸ ਦਾ ਸੰਬੰਧ ਬੈਰਾਗੀ ਪਰੰਪਰਾ ਨਾਲ ਦੱਸਿਆ ਜਾਂਦਾ ਹੈ। ਇਸ ਡੇਰੇ ਦਾ ਹੁਣ ਵਾਲਾ ਪਰਿਵਾਰ ਆਪਣਾ ਨਾਤਾ ਬਾਬਾ ਬੰਦਾ ਸਿੰਘ ਬਹਾਦਰ (ਬੈਰਾਗੀ) ਨਾਲ ਜੋੜਦਾ ਹੈ। ਦੂਜਾ ਡੇਰਾ ਪਿੰਡ ਦੀ ਫਿਰਨੀ ਤੋਂ ਬਾਹਰ ਹੈ। ਦੋਵੇਂ ਡੇਰਿਆਂ ਨਾਲ ਜ਼ਮੀਨਾਂ ਲੱਗੀਆਂ ਹੋਈਆਂ ਹਨ। ਡੇਰਿਆਂ ਦੇ ਮਾਲਕ ਪਿੰਡ ਦੇ ਕਿਰਸਾਣਾਂ ਵਾਂਗ ਕਿਰਸਾਣੀ ਦਾ ਕਿੱਤਾ ਕਰਦੇ ਹਨ। ਪਹਿਰਾਵਾ ਵੀ ਆਮ ਪਿੰਡ ਵਾਸੀਆਂ ਵਾਲਾ ਹੈ।

**ਹਵੇਲੀਆਂ ਤੇ ਚੁਬਾਰੇ :**

ਇਸ ਪਿੰਡ ਵਿੱਚ ਸਭ ਤੋਂ ਉੱਚੀ ਹਵੇਲੀ ਬਾਬੂ ਬਸਤਾ ਸਿੰਘ ਦੁਆਰਾ ਬਣਵਾਈ ਗਈ। ਐਪਰ ਹੁਣ ਇਹ ਨਹੀਂ ਹੈ। ਇੱਕ ਹੋਰ ਵੱਡੀ ਹਵੇਲੀ ਕੈਪਟਨ ਮਿਹਰ ਸਿਘ ਦੇ ਪੁਰਖਿਆ ਨੇ ਬਣਵਾਈ ਸੀ। ਇਹ ਹਵੇਲੀ ਇਮਾਰਤਸਾਜ਼ੀ ਦਾ ਚੰਗਾ ਨਮੂਨਾ ਹੈ। ਪਿੰਡ ਵਿੱਚ ਕਈ ਪਰਿਵਾਰਾਂ ਦੇ ਚੁਬਾਰੇ ਵੀ ਪਾਏ ਹੋਏ

ਹਨ। ਪਿੰਡ ਦੇ ਬਹੁਤੇ ਘਰ ਪੱਕੇ ਹਨ। ਗਲੀਆਂ ਵੀ ਲੰਮੇ ਸਮੇਂ ਤੋਂ ਪੱਕੀਆਂ ਹਨ। ਨੰਦਪੁਰ ਦੀ 2010 ਏਕੜ ਰਕਬਾ ਤੇ ਕਲੌੜ ਦਾ 810 ਏਕੜ ਹੈ। ਪਿੰਡ ਲੂਲੋਂ ਵੱਲ ਦੀ ਜ਼ਮੀਨ 'ਰਾਸਾਂ ਵਾਲੀ' ਸਦਾਉਂਦੀ ਹੈ। ਇਹ ਜ਼ਮੀਨ ਵਧੀਆ ਹੈ, ਨਾ ਰੇਤਲੀ ਅਤੇ ਨਾ ਡਾਕਰ। ਪਿੰਡ ਹਿੰਮਤਪੁਰਾ ਵੱਲ ਦੀ ਜ਼ਮੀਨ ਡਾਕਰ ਹੈ। ਉਸ ਪਾਸੇ ਵੱਲ ਦੀ ਗੱਲ ਕਰਦੇ ਹੋਏ ਲੋਕੀਂ 'ਡਾਕਰੀ' ਸ਼ਬਦ ਵਰਤਦੇ ਹਨ। ਪਿੰਡ ਨੰਦਰਪੁਰ ਅਤੇ ਮਾਰਬੇ ਵਲ ਦੀ ਜ਼ਮੀਨ ਰੇਤਲੀ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਨਿਕਲਦੀ ਇੱਕ ਬਰਸਾਤੀ ਨਦੀ ਕਸਬਾ ਖਰੜ ਤੋਂ ਹੁੰਦੀ ਹੋਈ ਇਸ ਖੇਤਰ ਵਿੱਚੋਂ ਲੰਘਦੀ ਹੈ ਜਿਸ ਕਰਕੇ ਇਹ ਜ਼ਮੀਨ ਰੇਤਲੀ ਬਣ ਗਈ।

ਪਿਛਲੇ ਕੁਝ ਦਹਾਕਿਆਂ ਤੋਂ ਝੋਨੇ ਦੀ ਫ਼ਸਲ ਬੀਜਣ ਦਾ ਰਿਵਾਜ਼ ਸਾਡੇ ਪਿੰਡ ਵੀ ਪਿਆ। ਇਸ ਦੇ ਦੋ ਪ੍ਰਭਾਵ ਸਿੱਧੇ ਹੀ ਪਏ। ਇੱਕ ਤਾਂ ਹਰ ਭਾਂਤ ਦੀ ਜ਼ਮੀਨ ਝੋਨੇ ਹੇਠ ਆ ਗਈ। ਦੂਜੇ ਕਣਕ ਅਤੇ ਝੋਨੇ ਨੂੰ ਪ੍ਰਾਥਮਕਤਾ ਦੇਣ ਕਾਰਨ ਮੱਕੀ, ਦਾਲਾਂ ਅਤੇ ਹੋਰ ਵਿਭਿੰਨ ਫ਼ਸਲਾਂ ਦੀ ਕਾਸ਼ਤ ਨਾਮਾਤਰ ਰਹਿ ਗਈ। ਪਿੰਡ ਦੇ ਜ਼ਿਮੀਦਾਰਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਦੋ ਤਿੰਨ ਘਰ ਮਹਿਰਿਆਂ ਦੇ ਹਨ ਪਰ ਉਨ੍ਹਾਂ ਦਾ ਰਵਾਇਤੀ ਕੰਮ ਪਾਣੀ ਭਰਨ ਦਾ ਹੁਣ ਨਹੀਂ ਰਿਹਾ।

**ਅੱਲਾਂ** :

ਹਰੇਕ ਪਿੰਡ ਵਾਂਗ ਏਥੇ ਦੇ ਕਈ ਘਰਾਂ ਦੀਆਂ ਅੱਲਾਂ ਪਈਆਂ ਹਨ। 'ਬੇਰੀਵਾਲੇ', ਪਿੱਪਲੀ ਵਾਲੇ', ਨਿੰਮਵਾਲੇ' ਜਿਹੀਆਂ ਅੱਲਾਂ, ਇਨ੍ਹਾਂ ਘਰਾਂ ਵਿੱਚ ਕਿਸੇ ਸਮੇਂ ਲੱਗੇ ਰਹੇ ਦਰਖ਼ਤਾਂ ਦੇ ਨਾਵਾਂ 'ਤੇ ਹਨ। ਖੂਹਪੁਰੀਏ, ਥੇਹਪੁਰੀਏ, ਟੋਭੇਪੁਰੀਏ, ਹਵੇਲੀਵਾਲੇ-ਇਹ ਨਾਮ ਨੇੜੇ ਪੈਂਦੇ ਕਿਸੇ ਖੂਹ, ਥੇਹ, ਹਵੇਲੀ ਜਾਂ ਟੋਭੇ ਕਰਕੇ ਪਏ ਹਨ। ਜਿਹੜੇ ਪਰਿਵਾਰਾਂ ਨੇ ਪਿੰਡ ਦੇ ਬਾਹਰ ਬੰਨ੍ਹੇ ਘਰ ਬਣਵਾਏ ਉਹ 'ਬਾਹਰਲੇ' ਸੱਦੇ ਗਏ। ਖ਼ਜ਼ਾਨਚੀ, ਹਵੇਲੀਵਾਲੇ ਆਦਿ ਹੋਰ ਕਈ ਅੱਲਾਂ ਹਨ। ਇਕ ਪਰਿਵਾਰ ਦਾ ਮੁਖੀਆ ਚੀਨ ਵਿੱਚ ਰਿਹਾ ਸੀ, ਉਸ ਪਰਿਵਾਰ ਦੀ ਅੱਲ 'ਚੀਨੀਏ' ਪੈ ਗਈ। ਇਸੇ ਤਰ੍ਹਾਂ ਮਲਾਇਆ ਰਹਿ ਆਏ ਪਰਿਵਾਰ ਦੀ ਮਲ਼ਾਇਆ ਵਾਲੇ' ਸੱਦੇ ਜਾਣ ਲੱਗੇ। ਇੱਕ ਪਰਿਵਾਰ ਦੀ ਅੱਲ ਇਵੇਂ 'ਕਲਕੱਤੇ ਵਾਲੇ' ਪੈ ਗਈ। ਅਲਾਂ ਦੱਸਦੀਆਂ ਹਨ ਕਿ ਪਿੰਡ ਦੇ ਪਰਿਵਾਰ ਭਾਵੇਂ ਇਕੋ ਜਿਹੇ ਹੁੰਦੇ ਹਨ ਫਿਰ ਵੀ ਹਰ ਘਰ ਦੀ ਆਪਣੀ ਵੱਖਰੀ ਪਛਾਣ ਹੁੰਦੀ ਹੈ।



**ਸਿੰਘ** :

ਪਿੰਡ ਦੇ ਹੀ ਕਈ ਘਰਾਂ ਦਾ ਇਕ ਸਾਂਝਾ ਨਾਉਂ ਹੈ 'ਸਿੰਘ'। ਇਹ ਘਰ ਵੀ ਸੋਮਲ ਗੋਤ ਦੇ ਹਨ। ਕੰਮ-ਕਿੱਤਾ ਵੀ ਖੇਤੀਬਾੜੀ ਹੀ ਹੈ। ਹੋ ਸਕਦਾ ਹੈ ਕਿ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਇਨ੍ਹਾਂ ਪਰਿਵਾਰਾਂ ਦੇ ਪੁਰਖੇ ਸਿੱਖੀ ਜੀਵਨ-ਜਾਚ ਨੂੰ ਵਧੇਰੇ ਪਰਨਾਏ ਗਏ ਹੋਣ। ਉਂਜ ਇਨ੍ਹਾਂ ਘਰਾਂ ਵਿਚੋਂ ਜਾਂ ਸਰਦਾਰ ਪਟਿਅਲਾ ਰਿਆਸਤ ਵਿੱਚ ਮੁਲਾਜ਼ਮ ਰਹੇ ਹਨ। ਇਸ ਕਾਰਨ ਉਹ ਸਿੰਘ ਜਾਂ ਸਰਦਾਰ ਅਖਵਾਏ। ਇਨ੍ਹਾਂ ਪਰਿਵਾਰਾਂ ਦੀ ਰਹਿਣੀ ਬਹਿਣੀ ਆਮ ਨਾਲੋਂ ਹਟ ਕੇ ਵਧੇਰੇ ਸਲੀਕੇ ਵਾਲੀ ਰਹੀ ਹੈ।

**ਲਹਿਰਾਂ ਦਾ ਪ੍ਰਭਾਵ**

ਸਿੰਘ ਸਭਾ ਲਹਿਰ ਵਿੱਚ ਇਸ ਪਿੰਡ ਦੇ ਜੰਮਪਲ ਗਿਆਨੀ ਦਿੱਤ ਸਿੰਘ ਦਾ ਇਤਿਹਾਸਿਕ ਮਹੱਤਤਾ ਵਾਲਾ ਰੋਲ ਰਿਹਾ ਹੈ। ਪਿੰਡ ਵਿੱਚ ਇਕ ਪਰਿਵਾਰ 'ਕੂਕਿਆਂ' ਦਾ ਹੈ। ਉਹਨਾਂ ਦੇ ਵਡਾਰੂ ਕੂਕਾ ਲਹਿਰ ਨਾਲ ਜੁੜੇ ਹੋਏ ਸਨ। ਇਸੇ ਤਰ੍ਹਾਂ ਲੁਹਾਰਾਂ ਦਾ ਇੱਕ ਪਰਿਵਾਰ ਨਾਮਧਾਰੀ ਲਹਿਰ ਨਾਲ ਜੁੜਿਆ ਸੀ। 'ਗਿਆਨੀ ਸੰਤਾ ਸਿੰਘ' ਗ਼ਦਰ ਪਾਰਟੀ ਤੋਂ ਪ੍ਰਭਾਵਿਤ ਸ਼ਖ਼ਸ ਸੀ। ਇੱਕ ਹੋਰ ਪਰਿਵਾਰ ਨਿਰਮਲਿਆਂ ਦੇ ਪ੍ਰਭਾਵ ਹੇਠ ਵੀ ਸੀ।

ਸਮੁੱਚੇ ਤੌਰ ਤੇ, ਇਹ ਪਿੰਡ ਕਿਸੇ ਗੂੜ੍ਹੀ ਰਾਜਨੀਤਕ ਚੇਤਨਾ ਵਾਲਾ ਨਹੀਂ ਰਿਹਾ ਲਗਦਾ। ਪਿੰਡ ਦੇ ਥੇਹ ਉਤੇ ਬਣਿਆ ਕਿਲ੍ਹਾ, ਜਿਸ ਨੂੰ ਪਿਛੋਂ ਜਾ ਕੇ, ਸਰਕਾਰੀ ਸਕੂਲ ਦੀ ਇਮਾਰਤ ਵਜੋਂ ਵਰਤਿਆ ਜਾਂਦਾ ਰਿਹਾ, ਰਿਆਸਤ ਦੀ ਸ਼ਕਤੀ ਦਾ ਚਿੰਨ੍ਹ ਹੀ ਤਾਂ ਸੀ। ਪਟਿਆਲਾ ਰਿਆਸਤ ਨੇ ਅੰਗਰੇਜ਼ਾਂ ਦੀ ਇੱਕ ਪ੍ਰਕਾਰ ਅਧੀਨਗੀ ਸਵੀਕਾਰ ਕੀਤੀ ਹੋਈ ਸੀ।

ਮੇਰੇ ਪਿੰਡ ਵਿਚ ਤਿੰਨ ਬੈਂਕ, ਇਕ ਡਾਕਖਾਨਾ ਕਾਫ਼ੀ ਪੁਰਾਣਾ ਪਿੰਨ ਕੋਡ (140412), ਦੋ ਤਿੰਨ ਸਕੂਲ, ਮੁੱਢਲਾ ਸਿਹਤ ਕੇਂਦਰ ਤੇ ਪਸ਼ੂਆਂ ਦਾ ਹਸਪਤਾਲ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ।

ਬਾਬਾ ਰੋਡੂ ਦਾ ਮੇਲਾ ਇਸ ਪਿੰਡ ਦੀ ਸਾਂਝੀਵਾਲਤਾ ਦਾ ਪ੍ਰਤੀਕ ਹੈ ਜੋ ਦੋਵੇਂ ਪਿੰਡਾਂ ਦੀ ਅਗਵਾਈ 'ਚ ਤਿੰਨ ਦਿਨ ਮਨਾਇਆ ਜਾਂਦਾ ਹੈ। ਬਾਬਾ ਰੋਡੂ ਬਰਾਗੀ (ਬੈਰਾਗੀ) ਸਾਧ ਸੀ ਜਿਸ ਦੀ ਸਮਾਧ 'ਤੇ ਇਹ ਮੇਲਾ ਲਗਦਾ ਹੈ ਨੇੜੇ ਹੀ ਬਰਾਗੀ ਸਾਧਾਂ ਦੇ ਦੋ ਤਿੰਨ ਪਰਿਵਾਰ ਰਹਿੰਦੇ ਹਨ। ਮੇਲੇ ਵਿਚ ਕੁਸ਼ਤੀ-ਦੰਗਲ 'ਚ ਪੰਜਾਬ ਦੇ ਨਾਮਵਰ ਪਹਿਲਵਾਨ ਆਪਣੇ ਜੌਹਰ ਵਿਖਾਉਂਦੇ ਰਹੇ ਹਨ।

ਪਿੰਡ ਦੀ ਉਨਤੀ ਤੇ ਵਿਕਾਸ ਕਾਰਜਾਂ ਲਈ ਪਿੰਡ ਦੇ ਲੋਕ ਇਕ-ਜੁਟ ਹੋ ਕੇ ਆਪਣਾ ਧਰਮ ਪਾਲਦੇ ਹਨ। ਇਸ ਪਿੰਡ ਦੇ ਕਈ ਵਿਅਕਤੀ ਭਾਰਤੀ ਫੌਜ 'ਚ ਕਪਤਾਨ ਤੇ ਸੂਬੇਦਾਰ ਵੀ ਰਹੇ ਹਨ।

ਇਸ ਪਿੰਡ ਦੀਆਂ ਮਹਾਨ ਸ਼ਖ਼ਸੀਅਤਾਂ ਵਿਚ ਗਿਆਨੀ ਦਿੱਤ ਸਿੰਘ ਦਾ ਨਾਮ ਸਭ ਤੋਂ ਵੱਧ ਪ੍ਰਸਿੱਧੀ ਵਾਲਾ ਹੈ। ਸਿੰਘ ਸਭਾ ਲਹਿਰ ਤੇ ਗੁਰਮਤਿ ਇਤਿਹਾਸ ਦੇ ਪੰਥ ਰਤਨ, ਸਾਹਿਤਕਾਰ-ਖੋਜੀ-ਵਿਦਵਾਨ, ਸਮਾਜ ਸੁਧਾਰਕ, ਚਿੰਤਕ ਵੱਜੋਂ ਉਹਨਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਸ ਲੇਖ ਦੇ ਲੇਖਕ ਵੱਲੋਂ ਉਨ੍ਹਾਂ ਦੀ ਸਮੁੱਚੀ ਸਾਹਿਤਕਾਰੀ ਤੇ ਦੇਣ ਸੰਬੰਧੀ ਵੱਡ ਅਕਾਰੀ ਪੁਸਤਕ ਪੰਨੇ 1052 'ਗਿਆਨੀ ਦਿੱਤ ਸਿੰਘ ਦੀ ਚੋਣਵੀਂ ਰਚਨਾਵਲੀ' ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਿਤ ਕੀਤੀ। ਕੁਝ ਸਾਹਿਤਕ ਸ਼ਖ਼ਸੀਅਤਾਂ 'ਚ ਪ੍ਰਿੰ. ਨਸੀਬ ਸਿਘ ਸੇਵਕ (ਸੰਪਾ. ਭਾਈ ਦਿੱਤ ਸਿੰਘ ਪ੍ਰਤਿਕਾ), ਜਸਪਾਲ ਸਿੰਘ ਕੰਵਲ, ਜੀਤ ਸਿੰਘ ਸੋਮਲ, ਅਮਰਜੀਤ ਜੋਸ਼ੀ, ਲਾਲ ਮਿਸਤਰੀ, ਚੰਨ ਪਟਿਆਲਵੀ, ਇੰਜ. ਸੁਰਿੰਦਰ ਸਿੰਘ, ਰਵੀ ਪਾਰਸ, ਧਾਲੀਵਾਲ ਨੰਦਪੁਰੀ ਆਦਿ ਜ਼ਿਕਰਯੋਗ ਹਨ। ਧਰਮ ਯੁੱਧ ਮੋਰਚਾ ਤੇ ਪੰਜਾਬੀ ਸੂਬਾ ਮੋਰਚਿਆਂ 'ਚ ਸਰਗਰਮ ਰਹੇ ਵੈਦ ਗੁਰਚਰਨ ਸਿੰਘ, ਸ. ਜਗਤ ਸਿੰਘ, ਜੱਥੇਦਾਰ ਬਖਸ਼ੀਸ਼ ਸਿੰਘ, ਜੱਥੇਦਾਰ ਗੁਰਦਿਆਲ ਸਿੰਘ ਕੈੜੇ, ਜੱਥੇਦਾਰ ਪਰਦੀਪ ਸਿੰਘ, ਸੰਤ ਸਿੰਘ ਨੰਦਪੁਰ, ਦਲੀਪ ਸਿੰਘ ਆਦਿ ਦੇ ਨਾਮ ਲਏ ਜਾ ਸਕਦੇ ਹਨ।

ਮੇਰਾ ਪਿੰਡ ਵਰਤਮਾਨ ਸਮੇਂ ਵਿੱਚ ਨਵੀਂਆਂ ਪੁਲਾਘਾਂ ਪੁੱਟ ਰਿਹਾ ਹੈ ਜਿਸ ਦਾ ਮੈਨੂੰ ਬੜਾ ਮਾਣ ਹੈ।

ਨੋਟ : (ਇਸੇ ਪਿੰਡ ਦੇ ਜੰਮਪਲ ਡਾ. ਕਰਨੈਲ ਸਿੰਘ ਸੋਮਲ ਉੱਘੇ ਨਿਬੰਧਕਾਰ, ਸ਼੍ਰੋਮਣੀ ਬਾਲ ਸਾਹਿਤ ਲੇਖਕ ਅਤੇ ਸਾਹਿਤ ਅਕਾਦਮੀ ਦਿੱਲੀ ਵੱਲੋਂ ਸਨਮਾਨਿਤ ਹਨ।)

**ਸੰਪਾਦਕ**




## ਪੁਆਧ ਦਾ ਸ਼ਹਿਰ ਰਾਜਪੁਰਾ

**- ਅਲੀ ਰਾਜਪੁਰਾ**

**ਮੋਬਾ. 94176-79302**

ਪੰਜਾਬ ਦੇ ਸ਼ਹਿਰੋਂ 'ਚੋਂ ਸ਼ਹਿਰ ਰਾਜਪੁਰਾ ਵੱਖਰੀ ਪਛਾਣ ਰੱਖਦਾ ਹੈ। ਇਸ ਨੂੰ ਪੰਜਾਬ ਦਾ ਦੁਆਰ ਵੀ ਕਿਹਾ ਜਾਂਦਾ ਕਿਉਂਕਿ ਹਰਿਆਣਾ ਤੋਂ ਦਾਖਲ ਹੁੰਦਿਆਂ ਇਹ ਪਹਿਲਾ ਸ਼ਹਿਰ ਹੈ ਜਿਹੜਾ ਚੰਡੀਗੜ੍ਹ ਤੋਂ 43 ਕਿਲੋਮੀਟਰ, ਪਟਿਆਲਾ ਤੋਂ 29 ਕਿਲੋਮੀਟਰ, ਅੰਬਾਲਾ ਤੋਂ 25 ਕਿਲੋਮੀਟਰ ਨੈਸ਼ਨਲ ਹਾਈਵੇ ਨੰ : 1 'ਤੇ ਸਥਿਤ ਹੈ। ਅੰਮ੍ਰਿਤਸਰ ਤੇ ਦਿਲੀ ਦੇ ਲਗਭਗ ਅੱਧ 'ਚ ਪੈਂਦਾ। ਜ਼ਿਕਰਯੋਗ ਹੈ ਕਿ ਰਾਜਪੁਰਾ ਜੰਕਸ਼ਨ ਪੰਜਾਬ ਦਾ ਪਹਿਲਾ ਰੇਲਵੇ ਸਟੇਸ਼ਨ ਹੈ। ਜਦੋਂ ਇਹ ਦਿੱਲੀ, ਅੰਮ੍ਰਿਤਸਰ, ਜੰਮੂ ਕਸ਼ਮੀਰ ਅਤੇ ਦੂਜਾ ਪਟਿਆਲਾ-ਬਠਿੰਡਾ ਤੇ ਰਾਜਸਥਾਨ ਪਾਸੋਂ ਆਉਂਦਾ ਹੈ ਤੇ ਰੇਲ ਲਾਈਨਾਂ ਨੂੰ ਇੱਥੋਂ ਪੰਜਾਬ ਦੀਆਂ ਪ੍ਰਮੁੱਖ ਲਾਈਨਾਂ ਨਾਲ ਜੋੜਦਾ ਹੈ।



**ਅਲੀ ਰਾਜਪੁਰਾ**


ਰਾਜਪੁਰਾ ਦਾ ਇਤਿਹਾਸ ਦੱਸਦਾ ਹੈ ਕਿ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਅਤੇ ਸੂਰੀ ਰਾਜਕੁਮਰੀ ਦੇ ਬਾਨੀ ਅਹਿਲਕਾਰਾਂ ਲਈ ਰਾਜਪੁਰਾ ਵਿੱਚ ਸਰਾਵਾਂ ਬਣਾਈਆਂ ਗਈਆਂ ਤੇ ਠਹਿਰਨ ਲਈ ਇਹ ਸਰਾਵਾਂ ਹੁੰਦੀਆਂ ਸਨ। ਇਹ ਸਰਾਵਾਂ 1540 ਅਤੇ 1545 ਦੇ ਨੇੜੇ-ਤੇੜੇ ਬਣਾਈਆਂ ਗਈਆਂ। ਲਗਪਗ 450 ਸਾਲਾਂ ਤੋਂ ਵਧ ਸਮਾਂ ਬੀਤਣ 'ਤੇ ਇਹ ਸਰਾਵਾਂ ਕਾਗ਼ਜ਼ਾਂ ਵਿਚ ਹੀ ਰਹਿ ਗਈਆਂ। ਕੁਝ ਸਮਾਂ ਪਹਿਲਾਂ ਇੱਥੇ ਐਸ. ਡੀ. ਐਮ ਅਤੇ ਡੀ.ਐਸ.ਪੀ. ਦੇ ਦਫ਼ਤਰ ਬਣਾਏ ਹੋਏ ਸਨ। ਸ਼ਹਿਰ ਵਾਸੀ ਇਨ੍ਹਾਂ ਸਰਾਵਾਂ ਨੂੰ ਯਾਦਗਾਰੀ ਇਮਾਰਤਾਂ ਵੱਜੋਂ ਸੰਭਾਲਣ ਦੀ ਮੰਗ ਕਰਦੇ ਰਹੇ ਜੋ ਅਜ ਤਰਸਯੋਗ ਹਾਲਤ ਵਿੱਚ ਹਨ। ਇੱਕ ਪਾਸੇ ਨੂੰ ਬਨੂੜੀ ਗੇਟ ਕਿਹਾ ਜਾਂਦਾ ਸੀ ਜਿਥੇ ਇੱਕ ਸਰਾਂ

ਸੀ, ਹੁਣ ਉਥੇ ਵੱਡੀ ਪਾਰਕ ਹੀ ਵੇਖਣ ਨੂੰ ਮਿਲਦੀ ਹੈ। ਕੰਨਿਆ ਹਾਈ ਸਕੂਲ (ਪੁਰਾਣਾ ਰਾਜਪੁਰਾ) ਦੇ ਸਾਹਮਣੇ ਵੀ ਇੱਕ ਸਰਾਂ ਦੱਸੀ ਜਾਂਦੀ ਸੀ ਜੋ ਹੁਣ ਲੋਪ ਹੋ ਚੁੱਕੀ ਹੈ।

ਰਾਜਪੁਰਾ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ: 1. ਟਾਊਂਨ ਸ਼ਿਪ 2. ਪੁਰਾਣਾ ਰਾਜਪੁਰਾ 3. ਫੋਕਲ ਪੁਆਇੰਟ । ਟਾਊਨ ਸ਼ਿਪ ਵਿਚ ਅਜ਼ਾਦੀ ਤੋਂ ਬਾਅਦ ਰੀਫਿਊਜ਼ੀ ਬਾਹਲਪੁਰੀਏ (ਪਾਕਿਸਤਾਨ ਤੋਂ ਉੱਜੜੇ) ਵਸਿੰਦਿਆਂ ਦੀ ਹੈ ਜੋ ਦੁਕਾਨਦਾਰੀ ਤੇ ਵਪਾਰ ਕਰਦੇ ਹਨ। ਇਨ੍ਹਾਂ ਦੀ ਜੀਵਨ ਸ਼ੈਲੀ ਵੱਖਰੀ ਹੈ। ਇਹ ਸਰਾਇਕੀ ਬੋਲੀ-ਬੋਲਦੇ ਹਨ। ਪੁਰਾਣਾ ਰਾਜਪੁਰਾ 'ਚ ਆਦਿ-ਵਸਿੰਦੇ ਰਹਿੰਦੇ ਹਨ। ਇਨ੍ਹਾਂ ਦਾ ਰਹਿਣ ਸਹਿਣ ਪੁਆਧੀ ਢੰਗ ਦਾ ਹੈ, ਪੁਆਧੀ ਬੋਲਦੇ ਹਨ। ਨਵੀਂ ਪੀੜ੍ਹੀ ਪੁਆਧੀ ਤੋਂ ਅਭਿੱਜ ਹੈ। ਫੋਕਲ ਪੁਆਇੰਟ 'ਚ ਫੈਕਟਰੀਆਂ ਹਨ ਜਿਥੋਂ ਦਾ ਬਣਿਆ ਸਾਮਾਨ ਹੋਰ ਰਾਜਾਂ ਨੂੰ ਭੇਜਿਆ ਜਾਂਦਾ ਹੈ। ਇਸ ਏਰੀਏ ਵਿੱਚ ਨਵੇਂ ਲੋਕਾਂ ਦੀ ਵਸੋਂ ਹੈ ਜੋ ਦੂਜੇ ਸ਼ਹਿਰਾਂ ਜਾਂ ਪਿੰਡਾਂ ਤੋਂ ਆਏ ਹੋਏ ਹਨ। ਇਸ ਖੇਤਰ ਨੂੰ ਰਾਜਪੁਰਾ ਦਾ ਉਦਯੋਗਿਕ ਕਿੰਗ ਕਿਹਾ ਜਾਂਦਾ ਹੈ ਜਿੱਥੇ RMI ਸਾਇਕਲ ਫੈਕਟਰੀ ਹੁੰਦੀ ਸੀ। ਇੰਜ ਹੀ I.C.L.C ਕੇਬਲ ਫੈਕਟਰੀ ਜਿੱਥੇ ਮਧੂਬਨ ਕਲੋਨੀ ਕੱਟੀ ਗਈ। ਡਾਲੀਮਾ ਬਿਸਕੁਟ ਫੈਕਟਰੀ ਜਿੱਥੇ ਡਾਲੀਮਾ ਵਿਹਾਰ ਤੇ ਕਨਿਕਾ ਗਾਰਡਨ ਕਲੋਨੀਆਂ ਹਨ। ਚਾਬੀ ਫੈਕਟਰੀ ਵਾਲੀ ਥਾਂ ਬਾਵਾ ਨਗਰ ਕਲੋਨੀ ਹਨ। ਜੇਕਰ ਹੋਰ ਫੈਕਟਰੀਆਂ ਦੀ ਗੱਲ ਕਰੀਏ ਤਾਂ ਕਾਫੀ ਭਰਮਾਰ ਨਜ਼ਰ ਆਉਂਦੀ ਜਿਵੇਂ ਸਾਬਣ ਫੈਕਟਰੀਆਂ, ਡੋਰ ਕਲੋਜ਼ਰ ਫੈਕਟਰੀ, ਬਿਸਕੁਟ ਫੈਕਟਰੀਆਂ, ਹਿੰਦੁਸਤਾਨ ਯੂਨੀਲਿਵਰ (HUL) , ਕੈਮੀਕਲਜ਼ ਲਿਮਟਿਡ ਕੰਪਨੀ ਅਤੇ ਹੋਰ ਮਸ਼ੀਨਾਂ ਦੀਆਂ ਫੈਕਟਰੀਆਂ।

ਵਿਦਿਆ ਦੇ ਖੇਤਰ 'ਚ ਇਸ ਸ਼ਹਿਰ ਨੇ ਆਲੇ-ਦੁਆਲੇ ਦੇ ਪਿੰਡਾਂ ਦੇ ਬੱਚਿਆਂ ਨੂੰ ਸਿੱਖਿਅਕ ਕਰਨ ਵਿੱਚ ਭਰਵਾਂ ਹਿੱਸਾ ਪਾਇਆ ਹੈ। ਕੁੱਝ ਪ੍ਰਮੁੱਖ ਸੰਸਥਾਵਾਂ ਹਨ: ਅਧਾਰਸ਼ਿਲਾ ਫਾਊਂਡੇਸਨ ਸੀਨੀਅਰ ਸੈਕੰਡਰੀ ਸਕੂਲ ਰਾਜਪੁਰਾ, ਦੁਰਗਾਬਾਲ ਵਿੱਦਿਆ ਮੰਦਰ ਸਕੂਲ ਜਿੱਥੇ ਡਾਲੀਆ ਬਿਸਕੁਟ ਫੈਕਟਰੀਆਂ ਹੁੰਦੀਆਂ ਸੀ, ਹੌਲੀ ਐਂਜਲ ਸਕੂਲ, ਡੀ.ਏ.ਵੀ. ਪਬਲਿਕ ਸਕੂਲ, ਮੁਕਟ ਪਬਲਿਕ ਸਕੂਲ, ਸਕਾਲਰ ਪਬਲਿਕ ਸਕੂਲ, ਪਟੇਲ ਪਬਲਿਕ ਸਕੂਲ, ਆਈ. ਸੀ. ਐਨ. ਪਬਲਿਕ ਸਕੂਲ, ਸਰਕਾਰੀ ਹਾਈ ਸਕੂਲ (ਕੰਨਿਆ ਅਤੇ ਦੂਜਾ






**ਗੇਟ ਆਫ ਪੰਜਾਬ-ਰਾਜਪੁਰਾ**

ਸਕੂਲ), ਡੀ.ਪੀ.ਐਸ ਸਕੂਲ, ਸੀ. ਐਮ. ਪਬਲਿਕ ਸਕੂਲ, ਸ੍ਰੀ ਕੇ.ਕੇ. ਸੀਨੀਅਰ ਸੈਕੰਡਰੀ ਸਕੂਲ ਅਤੇ ਕੁਝ ਹੋਰ ਛੋਟੇ ਬੱਚਿਆਂ ਲਈ ਖੁੱਲ੍ਹੇ ਸਕੂਲ। ਸਭ ਤੋਂ ਪੁਰਾਣਾ ਪਟੇਲ ਮੈਮੋਰੀਅਲ ਕਾਲਜ ਰਾਜਪੁਰਾ ਜ਼ਿਕਰਯੋਗ ਹੈ। ਰਾਜਪੁਰਾ ਸ਼ਹਿਰ ਦਾ ਪਸਾਰਾ ਹੋ ਰਿਹਾ ਹੈ। ਜਿੱਥੇ ਪਹਿਲਾਂ ਸਮਿਆਂ ਦਾ ਕਾਲਜ ਹੈ, ਉੱਥੇ ਵੱਖੋ-ਵੱਖ ਕੋਰਸਾਂ, ਟ੍ਰੇਨਿੰਗਜ਼, ਵੱਖ-ਵੱਖ ਕਿੱਤਿਆਂ ਨਾਲ ਸਬੰਧਤ ਅਦਾਰੇ ਸਥਾਪਤ ਹੋ ਗਏ ਹਨ ਜਿਵੇਂ ਸਰਕਾਰੀ ਆਈ.ਟੀ.ਆਈ. (ਕੁੜੀਆਂ ਅਤੇ ਮੁੰਡਿਆਂ ਲਈ) ਰਾਜਪੁਰਾ ਤੋਂ ਬਨੂੜ ਦੇ ਹਾਈਵੇ ਦੇ ਆਲੇ-ਦੁਆਲੇ ਨਵੀਂ ਤਕਨੀਕ ਤੇ ਕਿੱਤਿਆਂ ਨਾਲ ਸੰਸਥਾਵਾਂ ਵੱਡੀ ਗਿਣਤੀ ਵਿੱਚ ਸਥਾਪਤ ਹੋ ਗਈਆਂ ਹਨ। ਇੰਜ ਰਾਜਪੁਰਾ ਉਦਯੋਗ ਅਤੇ ਸਿੱਖਿਆ ਦੇ ਖੇਤਰ ਵਿਚ ਵਿਕਾਸ ਦੀਆਂ ਪੁਲਾਂਘਾਂ ਪੁੱਟ ਰਿਹਾ ਹੈ। ਉੱਤਰੀ ਭਾਰਤ ਦਾ ਅਨਾਥ ਆਸ਼ਰਮ (S.O.S) ਮਾਨਵੀ ਸੇਵਾਵਾਂ ਲਈ ਪ੍ਰਸਿੱਧ ਹੈ।

ਇਸ ਸ਼ਹਿਰ 'ਚ ਵੱਖੋ-ਵੱਖ ਧਰਮਾਂ ਦੇ ਲੋਕਾਂ ਦਾ ਵਾਸਾ ਹੈ। ਇਸ ਦਾ ਪ੍ਰਮਾਣ ਇੱਥੋਂ ਦੇ ਧਾਰਮਿਕ ਅਸਥਾਨਾਂ ਤੋਂ ਪਤਾ ਲਗਦਾ ਹੈ ਜਿਵੇਂ ਸੇਂਟ ਥਾਮਸਰੋਮਨ ਕੈਥੋਲਿਕ ਚਰਚ, ਬ੍ਰਾਈਡ ਕੈਂਡਲ ਚਰਚ, ਸਿੰਘ ਸਭਾ ਗੁਰਦੁਆਰਾ, ਗੁਰਦੁਆਰਾ ਸ਼ਹੀਦ ਬਾਬਾ ਸੁੱਖਾ ਸਿੰਘ, ਸ੍ਰੀ ਠਾਕੁਰ ਦੁਆਰਾ ਮੰਦਰ, ਚਰਚ

ਆਫ਼ ਨਾਰਥ ਇੰਡੀਆ, ਸੈਰਨ ਫੈਲੋਸ਼ਿਪ ਪਾ. ਚਰਚ, ਸ੍ਰੀ ਸੱਤਿਆ ਨਰਾਇਣ ਮੰਦਰ, ਸ਼ਿਵ ਮੰਦਰ ਕਲਸ, ਜਾਮਾ ਮਸਜਿਦ (ਕਲਾਸ ਰੋਡ), ਗੀਤਾ ਭਵਨ, ਲਕਸ਼ਮੀ ਨਰਾਇਣ ਮੰਦਰ, ਅਮਾ ਲਾਲ ਸਾਈਂ ਮੰਦਰ, ਜਾਮਾ ਮਸਜਿਦ ਅਕਸਾ (ਸੁੰਦਰ ਨਗਰ), ਮਦਰਸਾ/ਮਸਜਿਦ (ਮਦਰਸਾ ਦਾਵਤੁਲ ਇਮਾਨ) ਆਦਿਕ ਹਨ। ਇੱਕ ਕਿਲ੍ਹਾ ਵੀ ਹੁੰਦਾ ਸੀ ਜਿਸ ਦੇ ਇਤਿਹਾਸ ਬਾਰੇ ਕੋਈ ਜਾਣਕਾਰੀ ਨਹੀਂ।

ਰਾਜਪੁਰਾ ਦੇ ਲੋਕ-ਗਾਇਕਾਂ, ਸੰਗੀਤਕਾਰਾਂ, ਕਲਾਕਾਰਾਂ ਅਤੇ ਸਾਹਿਤਕਾਰਾਂ ਦੇ ਆਪਣੇ-ਆਪਣੇ ਖੇਤਰਾਂ ਵਿੱਚ ਜ਼ਿਕਰਯੋਗ ਨਾਮ ਹਨ: ਕੇਸਰ ਨਾਥ ਕੇਸਰ, ਅਵਤਾਰ ਫੱਕਰ, ਨਿਰਮਲ ਸੇਖੋਂ, ਫੌਜੀ ਰਾਮਪੁਰੀ, ਗੁਰਮੇਜਰ ਗੁਰਨਾ, ਅਮਨਪ੍ਰੀਤ ਸੋਨੀਆ, ਪ੍ਰੀਤ ਕੰਵਲ, ਡਾ. ਹਰਜੀਤ ਸਿੰਘ ਸੱਧਰ (ਵਿਦਵਾਨ ਲੇਖਕ) ਡਾ. ਗੁਰਵਿੰਦਰ ਅਮਨ, ਗੁਰਵਿੰਦਰ ਅਜ਼ਾਦ, ਸ਼ਾਮ ਸੁੰਦਰ, ਮਹਿੰਦਰ ਸਿੰਘ ਨਗੀਨਾ, ਬਚਨ ਸਿੰਘ ਸੋਢੀ, ਪ੍ਰਿੰ. ਸਤਰੂਗਨ ਗੁਪਤਾ, ਮਨਜੀਤ ਰਾਜਪੁਰਾ, ਨਰਿੰਜਣ ਸਿੰਘ ਸੈਲਾਨੀ (ਸਟੇਟ ਅਵਾਰਡੀ), ਅਲੀ ਰਾਜਪੁਰਾ (ਸਟੇਟ ਅਵਾਰਡੀ) ਅੰਗਰੇਜ਼ ਕਲੇਰ, ਅਭੀਸ਼ੇਕ ਚੌਹਾਨ (ਗਰਾਸ ਆਰਟਿਸਟ-ਸਟੇਟ ਅਵਾਰਡੀ), ਕਰਮ ਸਿਘ ਹਕੀਰ, ਸੰਜੂ (ਫਿਲਮੀ ਅਦਾਕਾਰ), ਕੁਲਵੰਤ ਸਿੰਘ ਜੱਸਲ, ਪਰਮਜੀਤ ਭਕਨਾ, ਬੰਤ ਰਾਜਪੁਰੇ ਵਾਲਾ, ਮੇਹਰ ਦਬਾਲੀ ਵਾਲਾ, ਹਰਜਿੰਦਰ ਕੌਰ ਸਿੱਧੂ, ਭੂਪਿੰਦਰ ਸ਼ਾਹੀ, ਅਸ਼ਵਨੀ ਸ਼ੌਖ਼ ਤੇ ਯਸ਼ਪਾਲ ਮਾਨਵੀ।

2011 ਦੀ ਮਰਦਮ ਸ਼ੁਮਾਰੀ ਅਨੁਸਾਰ ਰਾਜਪੁਰਾ ਤਹਿਸੀਲ ਵਿਚ 239 ਪਿੰਡ ਆਉਂਦੇ ਹਨ। ਇਸ ਹਲਕੇ ਦੇ ਪੰਜਾਬ ਵਿਧਾਨ ਸਭਾ ਦੇ ਵਿਧਾਇਕਾਂ ਨੇ ਇਸ ਸ਼ਹਿਰ ਦੀ ਪ੍ਰਤੀਨਿਧਤਾ ਕਰ ਕੇ ਸਮੇਂ-ਸਮੇਂ ਪ੍ਰਸੰਸਾ ਯੋਗ ਭੂਮਿਕਾ ਨਿਭਾਈ ਜਿਵੇਂ ਸਰਵ ਸ੍ਰੀ ਬ੍ਰਿਜ ਲਾਲ ਗੋਇਲ, ਲਾਲਾ ਹਰਬੰਸ ਲਾਲ, ਕਾਮਰੇਡ ਬਲਵੰਤ ਸਿਘ, ਪ੍ਰੇਮ ਚੰਦ ਗੁਪਤਾ, ਰਾਜ ਖੁਰਾਣਾ, ਬਲਰਾਮ ਜੀ ਦਾਸ ਟੰਡਨ, ਹਰਦਿਆਲ ਸਿੰਘ ਕੰਬੋਜ਼ ਅਤੇ ਸ੍ਰੀਮਤੀ ਨੀਨਾ ਮਿੱਤਲ (ਵਰਤਮਾਨ) ਨਵੇਂ ਬਾਈਪਾਸ ਰਾਜਪੁਰਾ ਰੋਡ ਦੀ ਸਹੂਲਤ ਹੋਣ ਨਾਲ ਯਾਤਰੀ ਸਰਹੰਦ ਅਤੇ ਪਟਿਆਲਾ ਨੂੰ ਜਾਣ ਲਈ ਸ਼ਹਿਰ ਦੇ ਭੀੜ-ਭੜੱਕੇ ਤੋਂ ਬਚ ਸਕਦਾ ਹੈ। ਬਸ-ਸਟੈਂਡ ਦੀ ਆਧੁਨਿਕ ਸੁਵਿਧਾ ਨਾ ਹੋਣ ਕਾਰਨ, ਮੁਸਾਫਰਾਂ ਨੂੰ ਦਿੱਕਤਾਂ ਆਉਂਦੀਆਂ ਹਨ। ਇਸ ਸ਼ਹਿਰ ਨੂੰ ਹੋਰ ਵਿਕਾਸ ਮੁਖੀ ਸਹੂਲਤਾਂ ਦੀ ਲੋੜ ਹੈ।

* * * *



# ਪੁਆਧ ਦੇ ਇਤਿਹਾਸਕ ਕਸਬੇ-ਲਾਲੜੂ, ਡੇਰਾਬਸੀ ਤੇ ਮੁਬਾਰਿਕਪੁਰ

**- ਗਿਆਨੀ ਧਰਮ ਸਿੰਘ ਭੰਖਰਪੁਰ**
**ਮੋਬਾ. 9878161006**

ਦਿੱਲੀ, ਅੰਬਾਲਾ, ਕਾਕਰੂ-ਲਾਲੜੂ, ਡੇਰਾਬਸੀ ਮੁਬਾਰਿਕਪੁਰ ਮਨੀਮਾਜਰਾ ਨੂੰ ਜੋੜਦਾ ਮਾਰਗ ਜੁਗਾਂ ਪੁਰਾਣਾ ਹੈ। ਹਸਨਾਪੁਰੀ ਦਿੱਲੀ ਦਾ ਆਉਣ ਵਾਲਾ ਇਸੇ ਮਾਰਗ ਰਾਹੀਂ ਪਿੰਜੌਰ ਦੇ ਇਤਿਹਾਸ ਨਾਲ ਜੁੜਿਆ ਹੋਇਆ ਹੈ। ਪਿੰਜੌਰ ਦੇ ਇਤਿਹਾਸ ਦੀ ਕੜੀ ਕੌਰਵਾਂ-ਪਾਂਡਵਾਂ ਦੇ ਇਤਿਹਾਸ ਨਾਲ ਜੁੜਦੀ ਹੈ। ਇਸੇ ਉਕਤ ਮਾਰਗ ਦਾ ਸਬੰਧ ਮੁਗਲ ਇਤਿਹਾਸ ਨਾਲ ਰਹਿਆ ਹੈ। ਥਾਨੇਸਰ, ਅੰਬਾਲਾ, ਕਾਕਰੂ, ਲਾਲੜੂ, ਡੇਰਾਬਸੀ, ਮੁਬਾਰਿਕਪੁਰ ਮਨੀਮਾਜਰਾ ਦੇ ਇਸੇ ਮਾਰਗ ਨੂੰ ਸਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਚਰਨਾਂ ਦੀ ਵੀ ਛੋਹ ਪ੍ਰਾਪਤੀ ਹੈ। ਅੰਗਰੇਜ਼ੀ ਰਾਜ ਸਮੇਂ ਇਸ ਮਾਰਗ ਨੂੰ ਪੱਕੀ ਅਤੇ ਚੌੜੀ ਸੜਕ ਦਾ ਰੂਪ ਮਿਲਿਆ। ਇਸੇ ਸੜਕ ਦੇ ਨਾਲ-ਨਾਲ ਅੰਗਰੇਜ਼ੀ ਸਰਕਾਰ ਵਲੋਂ ਰੇਲਵੇ ਲਾਇਨ 1884 ਈਸਵੀ ਵਿਚ ਤਾਮੀਰ ਕੀਤੀ ਗਈ। ਉਪਰੋਕਤ ਮਾਰਗਾਂ ਤੇ ਪੈਂਦੇ, ਉਕਤ ਕਸਬੇ ਆਪੋ ਆਪਣੀ ਹੋਂਦ ਦਾ ਇਤਿਹਾਸ ਸੰਭਾਲੀ ਬੈਠੇ ਹਨ। ਇਸ ਲੇਖ ਰਾਹੀਂ ਮੈਂ ਕਸਬਾ ਲਾਲੜੂ, ਡੇਰਾਬਸੀ ਅਤੇ ਮੁਬਾਰਿਕਪੁਰ ਦੇ ਅਤੀਤ ਅਤੇ ਵਰਤਮਾਨ ਦਾ ਜ਼ਿਕਰ ਕਰਨ ਦਾ ਸੰਖੇਪ ਜਿਹਾ ਯਤਨ ਕਰ ਰਿਹਾ ਹਾਂ-

**ਕਸਬਾ ਲਾਲੜੂ**

ਪੰਜਾਬ ਦੇ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਅਧੀਨ ਬਲਾਕ ਡੇਰਾਬਸੀ ਵਿਚ ਅੰਬਾਲਾ ਤੋਂ ਡੇਰਾਬਸੀ ਦੇ ਐਨ ਵਿਚਕਾਰ ਸੜਕ 'ਤੇ ਸਥਿਤ ਹੈ, ਕਸਬਾ ਲਾਲੜੂ।

ਪੰਜਾਬ ਦੇ ਬਟਵਾਰੇ ਤੋਂ ਪਹਿਲਾਂ ਲਾਲੜੂ ਇੱਕ ਵੱਡਾ ਪਿੰਡ ਸੀ ਜੋ ਅੰਬਾਲਾ-ਚੰਡੀਗੜ੍ਹ ਰੇਲਵੇ ਲਾਇਨ ਪਛੱਮ ਵਾਲੇ ਪਾਸੇ ਹੀ ਸੀ। ਸੰਨ 1947 ਦੇ ਹੱਲਿਆਂ ਦੌਰਾਨ ਪੂਰਬੀ ਅਤੇ ਪੱਛਮੀ ਪੰਜਾਬ ਵਿੱਚ ਦਸ ਲੱਖ ਲੋਕ ਬਿਨਾਂ ਕਿਸੇ ਕਸੂਰ ਦੇ ਮਜ਼ਹਬੀ ਨਫ਼ਰਤ ਦੌਰਾਨ ਮਾਰੇ ਗਏ। ਜਦ ਕਿ ਮੁਹੰਮਦ ਇਕਬਾਲ ਵਰਗੇ ਪ੍ਰਸਿੱਧ ਸ਼ਾਇਰ ਆਖ ਰਹੇ ਸੀ ਕਿ -

ਮਜ਼ਹਬ ਨਹੀਂ ਸਿਖਾਤਾ, ਆਪਸ ਮੇਂ ਬੈਰ ਰਖਨਾ॥

ਪਰ ਨਫ਼ਰਤ ਦਾ ਬੀਜ਼ ਰਾਜਨੀਤਕ ਕੁਰਸੀ ਦੇ ਭੁੱਖਿਆਂ ਵਲੋਂ ਬੀਜਿਆ ਗਿਆ। ਅਜ਼ਾਦੀ ਤਾਂ ਅੰਗਰੇਜ਼ਾਂ ਤੋਂ ਖੋਹਣੀ ਸੀ ਪਰ ਪੰਜਾਬੀ ਆਪਣਾ ਆਪਾ ਖੋਹ ਬੈਠੇ। ਪੰਜਾਬ ਵੰਡਿਆ ਗਿਆ। ਸਿੱਖ, ਹਿੰਦੂ ਤੇ ਮੁਸਲਮਾਨ ਇਧਰੋਂ ਉਧਰ ਤੇ ਉਧਰੋਂ ਹਿਜਰਤ ਕਰ ਗਏ। ਪੰਜਾਬ ਨੂੰ ਹਰ ਤਰ੍ਹਾਂ ਨਾਲ ਭਾਰੀ ਨੁਕਸਾਨ ਝੱਲਣਾ ਪਿਆ। ਅੰਗਰੇਜ਼ਾਂ ਤੋਂ ਦੇਸ਼ ਮੁਕਤ ਹੋ ਗਿਆ, ਪਰ ਦੇਸ਼ ਦੋ ਭਾਗਾਂ ਵਿੱਚ ਵੰਡਿਆ ਗਿਆ। ਪੰਜਾਬ ਦੇ ਡੱਕਰੇ-ਡੱਕਰੇ ਹੋ ਗਏ। ਸਦੀਆਂ ਤੋਂ ਇਕੱਠੇ ਰਹਿੰਦੇ ਹਿੰਦੂ, ਮੁਸਲਿਮ, ਸਿੱਖ, ਭਰਾ ਜਾਨੀ ਨੁਕਸਾਨ ਬਣ ਬੈਠੇ, ਖੱਟਿਆ ਕੁਝ ਵੀ ਨਹੀਂ। ਲਹਿੰਦੇ ਪੰਜਾਬ ਤੋਂ ਉੱਜੜ ਕੇ ਆਏ ਵਿਚਾਰੇ ਹਿੰਦੂ ਅਤੇ ਸਿੱਖਾਂ ਦਾ ਕੈਂਪ ਜਿੱਥੇ ਅੱਜ ਲਾਲੜੂ ਮੰਡੀ ਹੈ, ਦੇ ਕੋਲ ਲਾਇਆ ਗਿਆ। ਦੂਜਾ ਕੈਂਪ ਬਲਦੇਵ ਕੈਂਪ ਅੰਬਾਲਾ ਤੇ ਤੀਜਾ ਕੈਂਪ, ਪਿੰਡ ਭੰਖਰਪੁਰ ਜ਼ਮੀਨ ਹੱਦ ਬਸਤ ਨੰਬਰ 236 ਵਿਚ ਲੇਡੀ ਤ੍ਰਿਵੇਦੀ ਕੈਂਪ ਮੁਬਾਰਿਕਪੁਰ ਕੀਤਾ ਗਿਆ। ਇਹਨਾਂ ਕੈਂਪਾਂ ਵਿਚ 100% ਹਿੰਦੂ ਸ਼ਰਨਾਰਥੀ ਰਖੇ ਗਏ ਤੇ ਸ਼ਰਨਾਰਥੀ ਸਿੱਖਾਂ ਨੂੰ ਨੇੜੇ ਤੇੜੇ ਜਾਂ ਦੂਰ-ਦੁਰਾਡੇ ਦੇ ਪਿੰਡਾਂ ਇਲਾਕਿਆਂ ਵਿੱਚ ਭੇਜ ਦਿੱਤਾ ਗਿਆ। ਕਸਬਾ ਲਾਲੜੂ ਵਿਖੇ ਲਾਲੜੂ ਮੰਡੀ ਦੇ ਕੋਲ ਬਹਾਵਲਪੁਰ ਅਤੇ ਹੋਰ ਇਲਾਕਿਆਂ ਤੋਂ ਆਏ ਹੋਏ ਲੋਕ ਹਨ, ਦੁਕਾਨਦਾਰੀ ਦਾ ਵਾਪਾਰ ਦਾ ਕੰਮ ਕਰਦੇ ਹਨ ਤੇ ਹੁਣ ਆਪਣੇ ਪੈਰਾਂ ਤੇ ਖੜ੍ਹੇ ਹਨ।

ਸਿੱਖ ਮਿਸਲਾਂ ਤੇ ਸਰਦਾਰ ਘਰਾਣੇ 'ਗਿਆਨੀ ਸੋਹਣ ਸਿਘ ਸੀਤਲ ਦੇ ਲਿਖੇ ਇਤਿਹਾਸ ਅਨੁਸਾਰ ਲਾਲੜੂ ਦਾ ਸਮੁੱਚਾ ਇਲਾਕਾ ਮਿਸਲਾਂ ਦੇ ਸਮੇਂ ਸਰਦਾਰ ਬਘੇਲ ਸਿੰਘ ਕਰੋੜ ਸਿੰਘੀਆ ਦੀ ਸਰਦਾਰੀ ਕਾਰਮੁਖਤਾਰੀ ਦੇ ਅਧੀਨ ਰਹਿ ਚੁੱਕਾ ਹੈ। ਜਿਸ ਨੇ ਸੰਨ 1783 ਈ. ਵਿੱਚ ਮੁਹੰਮਦ ਸ਼ਾਹ ਰੰਗੀਲਾ ਤੋਂ ਦਿੱਲੀ ਦਾ ਤਖ਼ਤ ਫਤਿਹ ਕਰਕੇ, ਲਾਲ ਕਿਲ੍ਹੇ ਤੇ ਖਾਲਸਈ ਕੇਸ਼ਰੀ ਨਿਸ਼ਾਨ ਸਾਹਿਬ ਝੂਲਾਇਆ ਸੀ। ਇਨ੍ਹਾਂ ਦੀ ਰਹਿਨੁਮਾਈ ਹੇਠ ਦਿੱਲੀ ਦੇ ਇਤਿਹਾਸਕ ਸਥਾਨਾਂ ਗੁਰਦੁਆਰਿਆਂ ਦੀ ਕਾਰ ਸੇਵਾ 'ਤੇ ਉਸਾਰੀ ਕੀਤੀ ਗਈ ਸੀ।

ਬਲਾਕ ਡੇਰਾਬਸੀ 4 ਥਾਣਿਆਂ ਅਧੀਨ ਪੁਲਿਸ ਕੰਟਰੋਲ ਹੇਠ ਹੈ। ਇਹਨਾਂ ਵਿੱਚ ਇੱਕ ਥਾਣਾ ਲਾਲੜੂ ਹੈ। ਜਿਸ ਦੇ ਅਧੀਨ ਲਾਲੜੂ ਦੇ ਆਸ ਪਾਸ ਦੇ ਲਗਪਗ 44-45 ਪਿੰਡ ਪੈਂਦੇ ਹਨ। ਜਿੱਥੇ ਅੱਜ ਕੱਲ੍ਹ ਥਾਣਾ-ਪੁਲਿਸ ਸਥਿਤ ਹੈ। ਉਸ ਦੀ ਬਿਲਕੁਲ ਸੱਜੀ ਬਾਹੀ 'ਤੇ ਮੁਗਲਾਂ ਦੇ ਜ਼ਮਾਨੇ ਦਾ ਛੋਟੀਆਂ ਇੱਟਾਂ ਦਾ ਬਣਿਆ ਹੋਇਆ, ਕਿਲ੍ਹਾ-ਨੁਮਾ ਇਮਾਰਤ ਸੀ। ਜਿਸ ਨੂੰ ਆਮ ਲੋਕ



ਭਾਸ਼ਾ ਵਿਚ 'ਬੁਰਜ਼' ਕਿਹਾ ਜਾਂਦਾ ਸੀ। ਬਾਕੀ ਇਮਾਰਤ ਤਾਂ ਇਸ ਦੀ ਢਹਿ ਢੇਰੀ ਹੋ ਚੁੱਕੀ ਸੀ ਉਸ ਦੇ ਇੱਕ 'ਬੁਰਜ' ਵਿਚ ਸਬ ਸਿਡਰੀ ਹੈਲਥ ਸੈਂਟਰ ਹੋਇਆ ਕਰਦਾ ਸੀ। ਜਿਸ ਵਿਚ ਉਸ ਸਮੇਂ ਡਾ. ਮਿਨਹਾਸ ਅਤੇ ਡਾ. ਦਲੇਰ ਸਿੰਘ ਮੁਲਤਾਨੀ ਮੈਡੀਕਲ ਅਫ਼ਸਰ ਹੋਇਆ ਕਰਦੇ ਸਨ, ਇਹ ਸੰਨ 1992 ਈ. ਦੇ ਨੇੜੇ-ਤੇੜੇ ਦੀ ਗਲ ਹੈ।

ਲਾਲੜੂ ਕਸਬੇ ਦਾ ਆਜ਼ਾਦੀ-ਸੰਗਰਾਮ ਨਾਲ ਵੀ ਮੇਲ ਰਿਹਾ ਹੈ। ਸਰਦਾਰ ਪ੍ਰਿਥਵੀ ਸਿੰਘ ਅਜ਼ਾਦ ਲਾਲੜੂ ਪਿੰਡ ਦੇ ਹੀ ਵਸਨੀਕ ਸਨ। ਜਿਹਨਾਂ ਦੀ ਯਾਦ ਵਿਚ ਕਈ ਯਾਦਗਾਰਾਂ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਸਰਦਾਰ ਪ੍ਰਿਥਵੀ ਸਿੰਘ ਅਜ਼ਾਦ ਮੈਮੋਰੀਅਲ ਹਸਪਤਾਲ ਲਾਲੜੂ ਹੰਡੇਸਰਾ ਵਾਲੀ ਸੜਕ 'ਤੇ ਹੈ ਜਿੱਥੇ ਅਈ.ਟੀ.ਆਈ. ਵੀ ਸਥਿਤ ਹੈ। ਬਿਜਲੀ ਮਹਿਕਮੇ ਦਾ ਗਰਿਡ ਹੈ। ਲਾਲੜੂ ਮੰਡੀ ਵਿੱਚ ਹੀ ਸਰਕਾਰੀ ਹਾਈ ਸਕੂਲ ਹੈ। ਹੁਣ ਇਹ ਕਸਬਾ ਨਗਰ ਕੌਂਸਲ ਅਧੀਨ ਹੈ।

**ਇਤਿਹਾਸਕ ਕਸਬਾ : ਡੇਰਾਬਸੀ**

ਨੈਸ਼ਨਲ ਹਾਈ ਵੇਅ ਨੰਬਰ-22 ਚੰਡੀਗੜ੍ਹ-ਅੰਬਾਲਾ ਸੜਕ 'ਤੇ ਸਥਿਤ ਕਸਬਾ ਡੇਰਾਬਸੀ ਦਾ ਆਪਣਾ ਇਤਿਹਾਸ ਹੈ। ਰਿਆਸਤਾਂ ਦੇ ਜ਼ਮਾਨੇ ਵਿੱਚ ਡੇਰਾਬਸੀ ਕਲਸੀਆ ਰਿਆਸਤੀ ਦੀ ਮੁੱਖ ਤਹਿਸੀਲ ਹੁੰਦੀ ਸੀ। ਕਲਸੀਆ ਰਿਆਸਤ ਦਾ ਮੁੱਖ ਕੇਂਦਰ ਛਛੌਲੀ (ਹਰਿਆਣਾ) ਵਿੱਚ ਹੁੰਦਾ ਸੀ ਜਿਥੋਂ ਰਿਆਸਤ ਕਲਸੀਆ ਦਾ ਮੁਕੰਮਲ ਪ੍ਰਬੰਧ ਚਲਦਾ ਸੀ। ਸੰਨ 1947 ਈ. ਤੋਂ ਪਹਿਲਾਂ ਅੰਗਰੇਜ਼ੀ ਰਾਜ ਦੇ ਅੰਤ ਸਮੇਂ ਤੱਕ ਬਤੌਰ ਡੇਰਾਬਸੀ ਤਹਿਸੀਲ ਕੰਮ ਕਰਦੀ ਰਹੀ।

ਦੇਸ਼ ਦੀ ਅਜ਼ਾਦੀ ਤੋਂ ਮਗਰੋਂ ਤਹਿਸੀਲ ਡੇਰਾਬਸੀ ਖਤਮ ਕਰ ਦਿੱਤੀ ਗਈ। ਜ਼ਿਲ੍ਹਾ ਅੰਬਾਲਾ ਦੇ ਅਧੀਨ ਵੀ ਇਹ ਕਸਬਾ ਰਿਹਾ। ਹਰਿਆਣਾ-ਪੰਜਾਬ ਵੰਡੇ ਜਾਣ ਮਗਰੋਂ ਡੇਰਾਬਸੀ ਕਸਬਾ ਤਹਿਸੀਲ ਰਾਜਪੁਰਾ ਜ਼ਿਲ੍ਹਾ ਪਟਿਆਲਾ ਦੇ ਅਧੀਨ ਆ ਗਿਆ ਪਰ ਹੁਣ ਜ਼ਿਲ੍ਹਾ ਸਹਿਬਜ਼ਾਦਾ ਅਜੀਤ ਸਿੰਘ ਨਗਰ ਮੁਹਾਲੀ ਦੇ ਵਿੱਚ ਹੈ।

ਲਗਭਗ 70,000 ਦੀ ਅਬਾਦੀ ਵਾਲਾ ਇਹ ਕਸਬਾ ਡੇਰਾਬਸੀ, ਪਿਡ ਭੰਖਰਪੁਰ, ਧਨੌਲੀ, ਜਗਾਧਰੀ (ਡੇਰਾ) ਬਾਕਰਪੁਰ, ਜਨੇਤਪੁਰ, ਜਵਾਹਰਪੁਰ, ਹਰੀਪੁਰ ਕੂੜਾ, ਦੇਵੀਨਗਰ, ਦੰਦਰਾਲਾ, ਮਹੀਵਾਲਾ, ਸੈਦਪੁਰ, ਹੈਬਤਪੁਰਾ,

ਮੁਬਾਰਿਕਪੁਰ ਤੇ ਲੇਡੀ ਤ੍ਰਵੇਦੀ ਕੈਂਪ ਦੀਆਂ ਸਰਹੱਦਾਂ ਪਾਰ ਕਰ ਚੁੱਕਾ ਹੈ। ਯੂ.ਪੀ. ਬਿਹਾਰ ਤੋਂ ਆ ਰਹੇ ਲੋਕਾਂ ਨਾਲ ਅਬਾਦੀ ਵਿੱਚ ਹੈਰਾਨੀਜਨਕ ਵਾਧਾ ਹੋ ਰਿਹਾ ਹੈ। ਜਿਸ ਦਾ ਪੁਆਧੀ ਸਭਿਆਚਾਰ ਤੇ ਅਸਰ ਪੈਣਾ ਸੁਭਾਵਿਕ ਹੈ।

ਸੰਤਾਲੀ ਦੇ ਹੱਲਿਆਂ ਤੋਂ ਪਹਿਲਾਂ ਡੇਰਾਬਸੀ ਕੇਵਲ 'ਬਸੀ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਸੀ। ਪਿੰਡ ਡੇਰਾ ਨੇੜੇ ਹੋਣ ਕਾਰਨ ਡੇਰਾਬਸੀ ਨਾਮ ਪ੍ਰਚਲਤ ਹੋ ਗਿਆ। ਉਦੋਂ ਡੇਰਾਬਸੀ ਕਸਬੇ ਵਿੱਚ ਹਿੰਦੂਆਂ ਦੀ ਗਿਣਤੀ ਦੇ ਨਾਲ ਮੁਸਲਮਾਨ ਵਸੋਂ ਵੀ ਕਾਫ਼ੀ ਸੀ। ਸਿੱਖਾਂ ਦੇ ਘਰ ਇੱਕਾ ਦੁੱਕਾ ਹੀ ਸਨ ਪ੍ਰੰਤੂ ਹੱਲਿਆਂ ਵਿੱਚ ਮੁਸਲਮਾਨਾਂ ਦੀ ਕਾਫ਼ੀ ਗਿਣਤੀ ਪਾਕਿਸਤਾਨ ਚਲੇ ਜਾਣ ਕਾਰਨ ਉਹਨਾਂ ਦੀ ਥਾਂ ਤੇ ਪਾਕਿਸਤਾਨੋਂ ਆਏ ਸਿੱਖ ਤੇ ਹਿੰਦੂਆਂ ਦੀ ਆਬਾਦੀ ਵਿਚ ਵਾਧਾ ਹੋਇਆ। ਸੰਨ 1947 ਤੱਕ ਡੇਰਾਬਸੀ ਵਿਚ ਕੇਵਲ ਇੱਕ ਗੁਰਦੁਆਰਾ ਜਿਸ ਨੂੰ ਦਿਹਾਤੀ ਗੁਰਦੁਆਰਾ ਕਿਹਾ ਜਾਂਦਾ ਸੀ। ਦਿਹਾਤ ਦੇ ਸਿੱਖਾਂ ਵਲੋਂ ਤਿਆਰ ਕੀਤਾ ਗਿਆ ਸੀ। ਛੋਟੀਆਂ ਵੱਡੀਆਂ ਤਿੰਨ ਮਸਜਿਦਾਂ, ਦੋ ਮੰਦਰ ਹੁੰਦੇ ਸਨ। ਸਰਕਾਰੀ ਹਾਈ ਸਕੂਲ ਜਿਸ ਦਾ ਨਾਮ ਹੁਣ 'ਸ. ਗੁਰਨਾਮ ਸਿੰਘ ਸੈਣੀ ਸੀਨੀਅਰ ਸੈਕੰਡਰੀ ਸਕੂਲ ਡੇਰਾਬਸੀ ਹੈ, ਪੁਰਾਣਾ ਹੈ ਤੇ ਇਸ ਦੇ ਮੁੱਖ ਦਰਵਾਜ਼ੇ ਕੋਲ ਇਤਿਹਾਸ 'ਰਾਮ ਤਲਾਈ' ਪੁਰਾਤਨ ਬਣੀ ਹੋਈ ਜੋ ਖੰਡਰ ਤੇ ਵੈਰਾਨ ਹੋ ਚੁੱਕੀ ਸੀ, ਦੁਬਾਰੇ ਨਵ-ਨਿਰਮਾਣ ਕੀਤਾ ਜਾ ਰਿਹਾ ਹੈ। ਉਕਤ ਸਕੂਲ ਤੋਂ ਪਰਲੇ ਪਾਸੇ ਸੜਕ ਪਾਰ ਕਰਕੇ 'ਅੰਗਰੇਜ਼ਾਂ ਦੇ ਜ਼ਮਾਨੇ ਦਾ' ਪੁਲਿਸ ਠਾਣਾ ਹੈ ਜਿਸ ਦੇ ਅਧੀਨ ਹੁਣ 44-45 ਪਿੰਡ ਹਨ ।

ਪੁਰਾਣੀ ਮੀਰਾ ਮੱਲੀ' ਦੀ ਪੁਰਾਤਨ ਇਮਾਰਤ ਨਵੀਂ ਦਿੱਖ ਵਿਚ ਮੌਜੂਦ ਹੈ। ਇਸ ਤੋਂ ਥੋੜ੍ਹੀ ਦੂਰੀ 'ਤੇ ਜਿੱਥੇ ਬਸ ਸਟੈਂਡ, 'ਪੀਰ ਦੀ ਮਜ਼ਾਰ ਹੈ।' 'ਪੀਰ ਦੀ ਮਜ਼ਾਰ' ਕੋਲ ਹੀ ਨਗਰ ਕੌਂਸਲ ਡੇਰਾਬਸੀ ਦਾ ਦਫ਼ਤਰ ਹੈ। ਜਿਸ ਦੇ ਬਿਲਕੁਲ ਨੇੜੇ ਹੋਮਿਉਪੈਥਿਕ ਡਿਸਪੈਂਸਰੀ ਤੇ ਇਸ ਦੀ ਬੈਕਸਾਇਡ 'ਤੇ ਮੇਨ ਰੋਡ ਤੇ ਆਯੁਰਵੈਦਿਕ ਡਿਸਪੈਂਸਰੀ ਹੈ ਜਿਸ ਦੀ ਇਮਾਰਤ ਦੀ ਉਸਾਰੀ ਪਹਿਲੀ ਵਾਰੀ ਸ. ਠਾਕੁਰ ਸਿੰਘ ਨਿਵਾਸੀ ਭੰਖਰਪੁਰ ਨੇ ਕਰਵਾਈ ਸੀ। ਢਹਿ ਢੇਰੀ ਹੋਣ ਉਪਰੰਤ ਦੁਬਾਰੇ ਫਿਰ ਇਸੇ ਇਮਾਰਤ ਦੀ ਉਸਾਰੀ ਉਹਨਾਂ ਦੇ ਹੀ ਪੁੱਤਰ ਸ. ਬਿਕਰਮ ਸਿੰਘ ਭੰਖਰਪੁਰ (ਅਮਰੀਕਾ) ਵਲੋਂ ਕੀਤੀ ਗਈ।



ਸਬਡਵਿਜ਼ਨਲ ਹਸਪਤਾਲ ਡੇਰਾਬਸੀ 'ਮੁੱਖ ਮਾਰਗ' ਤੇ ਨਗਰ ਕੌਂਸਲ ਦੇ ਦਫ਼ਤਰ ਦੇ ਐਨ ਸਾਹਮਣੇ ਹੈ। ਸੰਨ 1991-92 ਤੱਕ ਅੰਗਰੇਜ਼ਾਂ ਦੇ ਰਾਜ ਸਮੇਂ ਦੀਆਂ ਬਣੀਆਂ ਇਮਰਾਤਾਂ ਵਿੱਚ ਪ੍ਰਾਇਮਰੀ ਹੈਲਥ ਸੈਂਟਰ ਚਲ ਰਿਹਾ ਸੀ। ਸ. ਗੁਰਨਾਮ ਸਿੰਘ ਸੈਣੀ ਟਿਊਬਵੈੱਲ ਇੰਜਨੀਅਰ ਡੇਰਾਬਸੀ ਦੇ ਪੂਰਨ ਯੋਗਦਾਨ ਅਤੇ ਸ. ਬਿਕਰਮ ਸਿੰਘ ਭੰਖਰਪੁਰ (ਅਮਰੀਕਾ) ਦੇ ਉੱਦਮ ਨਾਲ ਹਸਪਤਾਲ ਦੀ ਆਲੀਸ਼ਾਨ ਇਮਾਰਤ ਹੋਂਦ ਵਿੱਚ ਆਈ। ਜਿਸ ਦਾ ਉਦਘਾਟਨ ਉਸ ਸਮੇਂ ਦੇ ਮੁੱਖ ਮੰਤਰੀ ਪੰਜਾਬ, ਸ. ਬੇਅੰਤ ਸਿੰਘ ਵਲੋਂ ਰੱਖਿਆ ਗਿਆ ਸੀ।

ਰਿਆਸਤੀ ਸਮੇਂ ਦੀ ਬਣੀ ਤਹਿਸੀਲ ਦੀ ਇਮਾਰਤ ਤਹਿਸੀਲ ਦਫ਼ਤਰ ਬੰਦ ਹੋਣ ਕਰਕੇ ਬੇਕਾਰ ਹੋ ਗਈ। ਉਸ ਵਿੱਚ ਕਾਫ਼ੀ ਸਮਾਂ ਸਰਕਾਰੀ ਪ੍ਰਾਇਮਰੀ ਸਕੂਲ ਡੇਰਾਬਸੀ ਦੀਆਂ ਜਮਾਤਾਂ ਬੈਠਦੀਆਂ ਰਹੀਆਂ ਪਰੰਤੂ ਸੰਨ 1971-72 ਦੇ ਲਾਗੇ-ਛਾਗੇ ਡੇਰਾਬਸੀ ਫਿਰ ਤੋਂ ਤਹਿਸੀਲ ਦੇ ਰੂਪ ਵਿੱਚ ਸਾਹਮਣੇ ਆ ਗਈ। ਇਸੇ ਇਮਾਰਤ ਵਿਚ ਐਸ.ਡੀ. ਐੱਮ ਦਾ ਦਫ਼ਤਰ ਹੈ।

ਮੌਜੂਦਾ ਸਮੇਂ ਵਿੱਚ ਡੇਰਾਬਸੀ ਰਾਜਨੀਕ ਹਲਕਾ ਹੈ। ਇਹ ਕਦੇ ਹਲਕਾ ਬਨੂੜ ਅਧੀਨ ਹੁੰਦਾ ਸੀ। ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੇ ਸਮੇਂ ਵਿੱਤ ਮੰਤਰੀ ਹੰਸ ਰਾਜ ਸ਼ਰਮਾ ਦੇ ਸਮੇਂ ਹਲਕਾ ਡੇਰਾਬਸੀ ਦਾ ਚੰਗਾ ਵਿਕਾਸ ਹੋਇਆ ਸੀ। ਇਸੇ ਤਰ੍ਹਾਂ ਅਕਾਲੀਆਂ ਦੀ ਸਰਕਾਰ ਸਮੇਂ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਦੇ ਸਮੇਂ ਵੀ ਹਲਕੇ ਦਾ ਕਾਫ਼ੀ ਵਿਕਾਸ ਹੋਇਆ ਸੀ।

**ਇਤਿਹਾਸਕ ਕਸਬਾ ਮੁਬਾਰਿਕਪੁਰ** :

ਮੁਬਾਰਿਕਪੁਰ ਕਸਬੇ ਦਾ ਆਪਣਾ ਵੱਖਰਾ ਇਤਿਹਾਸ ਹੈ ਜੋ ਇਸ ਦੇ ਨਾਮ ਤੋਂ ਹੀ ਮਾਲੂਮ ਹੁੰਦਾ ਹੈ। ਦੰਦ ਕਥਾ ਮੁਤਾਬਿਕ ਭਿਅੰਕਰਪੁਰ ਦੇ ਚੌਧਰੀ ਨੂੰ ਘਰੇ ਪੁੱਤਰ ਪੈਦਾ ਹੋਣ ਦੀ ਖ਼ਬਰ ਇਸੇ ਅਸਥਾਨ 'ਤੇ ਪ੍ਰਾਪਤ ਹੋਈ ਸੀ ਜਿਸ ਦਾ ਅੱਜ ਨਾਮ ਹੈ ਮੁਬਾਰਿਕਪੁਰ। ਦਰਿਆ ਘੱਗਰ ਦੇ ਕਿਨਾਰੇ 'ਤੇ ਵਸਿਆ ਇਹ ਕਸਬਾ ਮੁਗ਼ਲ ਕਾਲ ਦੇ ਨਾਲ ਆਪਣਾ ਇਤਿਹਾਸ ਜੋੜਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਕੀਤੇ 'ਖਾਲਸਾ ਰਾਜ' ਦੌਰਾਨ ਇਹ ਕਸਬਾ ਵੀ ਸਿੱਖ ਸਰਦਾਰਾਂ ਦੇ ਅਧੀਨ ਆਇਆ। ਜਦੋਂ ਤੱਕ ਪੰਜਾਬ ਤੇ ਅੰਗਰੇਜ਼ਾਂ ਦਾ ਕਬਜ਼ਾ ਨਹੀਂ ਸੀ ਹੋਇਆ ਉਦੋਂ ਤੱਕ ਇਹ ਕਸਬਾ ਸਿੱਖ ਸਰਦਾਰਾਂ ਦੀ ਸਿਰਦਾਰੀ ਥੱਲੇ ਵਿਕਸਤ ਹੋਇਆ। ਸੰਮਤ 1890 ਬਿਕਰਮੀ ਅਤੇ ਸੰਨ 1833 ਈ. ਸਮੇਂ ਸਰਦਾਰ ਸੋਭਾ ਸਿੰਘ ਵਿਧਵਾ ਪਤਨੀ ਸਰਦਾਰਨੀ ਰਾਣੀ ਰੂਪ ਕੌਰ ਦਾ ਇਸ

ਕਸਬੇ ਸਮੇਤ ਅਧੀਨ ਪੈਂਦੇ ਦਰਜਨਾਂ ਪਿੰਡਾਂ 'ਤੇ ਉਸ ਦੀ ਸਰਦਾਰੀ ਸੀ ਪਰ ਬੇ-ਔਲਾਦ ਹੋਣ ਕਾਰਨ ਅੰਗਰੇਜ਼ੀ ਸਰਕਾਰ ਨੇ ਰਾਜ ਭਾਗ ਜ਼ਬਤ ਕਰ ਲਿਆ। ਇਹ ਉਕਤ ਸਥਾਨ ਸੇਰ-ਏ-ਪੰਜਾਬ (ਪੰਜਾਬੀ ਰੂਪ) ਪੰਨਾ 260 ਭਾਗ ਦੂਜਾ ਕ੍ਰਿਤ ਮੁਨਸ਼ੀ ਤੁਲਸੀ ਰਾਮ ਸੁਪਰਡੈਂਟ ਬੰਦੋਬਸਤ (ਜੋ ਕਿ ਰਾਏ ਸਾਹਿਬ ਕਾਲੀ ਰਾਏ ਕਮਿਸ਼ਨਰ ਦਾ ਸਕਾ ਭਰਾ ਸੀ) ਵਿੱਚ ਦਰਜ ਕੀਤਾ ਹੋਇਆ ਹੈ। ਉਪਰੋਕਤ ਦੱਸੇ ਅਨੁਸਾਰ ਪਰਗਣਾ ਮੁਬਾਰਿਕਪੁਰ ਪੂਰੇ 114 ਸਾਲ ਅੰਗਰੇਜ਼ੀ ਸਰਕਾਰ ਦੇ ਅਧੀਨ ਰਿਹਾ ਜਦੋਂ ਕਿ ਪੰਜਾਬ ਨੂੰ ਛੱਡਕੇ ਬਾਕੀ ਸਮੁੱਚਾ ਭਾਰਤ ਦੇਸ਼ ਸੰਨ 1757 ਈਃ ਦੀ ਪਲਾਸੀ ਦੀ ਲੜਾਈ ਸਰਾਜੂਦੌਲਾ ਦੇ ਰੂਪ ਵਿੱਚ ਅੰਗਰੇਜ਼ਾਂ ਤੋਂ ਹਾਰ ਕੇ 190 ਸਾਲ ਅੰਗਰੇਜ਼ਾਂ ਦੇ ਗੁਲਾਮ ਰਿਹਾ।

ਇਹ ਕਸਬਾ ਮੁਬਾਰਿਕਪੁਰ ਅੰਗਰੇਜ਼ੀ ਰਾਜ ਅਧੀਨ ਆਉਣ ਨਾਲ ਅੰਗਰੇਜ਼ੀ ਸਰਕਾਰ ਦੇ ਪ੍ਰਬੰਧ ਹੇਠ ਆ ਗਿਆ। ਸਰਕਾਰ ਵੱਲੋਂ ਪੁਲਿਸ-ਪ੍ਰਬੰਧ ਕਰਨ ਹਿੱਤ ਇੱਥੇ 'ਥਾਣਾ' ਸਥਾਪਿਤ ਕੀਤਾ ਗਿਆ ਜੋ ਕਿ ਅਜੋਕੇ ਸਮੇਂ ਵਿੱਚ ਇਥੋਂ ਤਬਦੀਲ ਕਰਕੇ 'ਸੁਹਾਣੇ' ਵਿਖੇ ਪਹੁੰਚਾ ਦਿੱਤਾ ਗਿਆ ਹੈ। ਉਸੇ ਪੁਰਾਤਨ ਇਮਾਰਤ ਵਿੱਚ ਨੇੜੇ ਕੁਝ ਨਵੀਂ ਉਸਾਰੀ ਕਰਕੇ ਦਫ਼ਤਰ ਡੀ.ਐਸ.ਪੀ ਬਣਾ ਦਿੱਤਾ ਗਿਆ ਹੈ।

ਥਾਣਾ ਮੁਬਾਰਿਕਪੁਰ ਉਹ ਇਤਿਹਾਸਕ ਥਾਣਾ ਹੈ। ਜਿਸ ਵਿਚ ਸਰਦਾਰ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਸ਼ਿਮਲੇ ਪੇਸ਼ੀ ਤੇ ਲਿਜਾਣ ਸਮੇਂ ਇਕ ਰਾਤ ਦਾ ਠਹਿਰਾਓ ਕਰਾਇਆ ਗਿਆ ਸੀ। ਥਾਣੇ ਮੁਬਰਾਰਿਕਪੁਰ ਦੀ ਇਸ ਪੁਰਾਤਨ ਇਮਾਰਤ ਵਿੱਚ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਯਾਦਗਾਰ ਸਥਾਪਿਤ ਕੀਤੀ ਹੋਈ ਹੈ, ਜਿਸ ਨੇ ਦੇਸ਼ ਦੀ ਅਜ਼ਾਦੀ ਲਈ ਆਪਣੇ ਜੀਵਨ ਦਾ ਬਲੀਦਾਨ ਦਿੰਦਿਆਂ ਫਾਂਸੀ ਦਾ ਰੱਸਾ ਲਾਹੌਰ ਦੀ ਜੇਲ੍ਹ ਵਿਚ ਚੁੰਮਿਆ। ਜਗ-ਜ਼ਾਹਰ ਹੈ ਕਿ ਭਾਰਤ ਦੇਸ਼ ਦੀ ਅਜ਼ਾਦੀ ਲਈ ਪੰਜਾਬੀ ਸਿੱਖਾਂ ਨੇ 93 % ਸ਼ਹੀਦੀਆਂ ਦਿੱਤੀਆਂ। ਜਿਹਨਾਂ ਨੂੰ ਅੱਜ ਸਰਕਾਰਾਂ ਨੇ ਵਿਸਾਰ ਦਿੱਤਾ ਗਿਆ ਹੈ। ਸਗੋਂ ਚਲਾਕੀ ਨਾਲ ਇਤਿਹਾਸ ਨੂੰ ਪੁੱਠਾ ਘੁੰਮਾਇਆ ਜਾ ਰਿਹਾ ਹੈ ਜੋ ਬਹੁਤ ਅਫ਼ਸੋਸ਼ਨਾਕ ਵਰਤਾਰਾ ਹੈ।

ਮੁਗਲਾਂ ਅਤੇ ਅੰਗਰੇਜ਼ਾਂ ਦੇ ਰਾਜ ਸਮੇਂ ਕਸਬਾ ਮੁਬਾਰਿਕਪੁਰ ਮੰਨਿਆ-ਤੰਨਿਆ ਕਸਬਾ ਸੀ। ਸਿੱਖ ਸਰਦਾਰਾਂ ਦੀ ਮੱਲ-ਗੁਜ਼ਾਰ ਰਹਿਣ ਸਮੇਂ ਵੀ ਇਲਾਕੇ ਵਿੱਚ ਕਸਬਾ ਡੇਰਾਬਸੀ ਨਾਲੋਂ ਕਈ ਗੁਣਾਂ ਉੱਚੀ ਟੌਹਰ ਸੀ। ਅੰਗਰੇਜ਼ੀ



ਰਾਜ ਸਮੇਂ ਅੰਬਾਲਾ ਤੋਂ ਕਾਲਕਾ ਸ਼ਿਮਲਾ ਜਾਣ ਸਮੇਂ ਦਰਿਆ ਘੱਗਰ ਦੇ ਕਿਨਾਰੇ ਬੰਗਲਾ ਤਿਆਰ ਹੋਇਆ ਜਿਸ ਨੂੰ ਪੁਆਧੀ ਲੋਕ 'ਮੇਮਾਂ ਦਾ ਬੰਗਲਾ' ਕਹਿੰਦੇ ਹੁੰਦੇ ਸੀ ਹੁਣ ਇਹ ਰੈਸਟ ਹਾਊਸ ਕਰਕੇ ਪ੍ਰਸਿੱਧ ਹੈ। ਪੁਰਾਣੀ ਅਕਾਲੀ ਸਰਕਾਰ ਦੀਆਂ ਗੁਪਤ ਮੀਟਿੰਗਾਂ ਇਥੇ ਹੀ ਹੋਇਆ ਕਰਦੀਆਂ ਸਨ। ਇਸ ਰੈਸਟ ਹਾਊਸ ਦੇ ਐਨ ਪਹਾੜਲੇ ਪਾਸਿਉਂ ਦਰਿਆ ਘੱਗਰ ਵਿੱਚੋਂ ਦੀ ਕੱਚੀ ਸੜਕ, ਖਰੜ ਰੋਪੜ ਸੜਕ ਨਾਲ ਜਾ ਜੁੜਦੀ ਸੀ। ਦੀ ਅੰਬਾਲਾ ਬੱਸ ਸਿੰਡੀਕੇਟ ਲਿਮਟਿਡ ਕੰਪਨੀ ਰੋਪੜ ਵਾਲਿਆਂ ਦੀਆਂ ਬੱਸਾਂ ਇਸੇ ਰਾਸਤੇ ਹੀ ਘੱਗਰ ਪਾਰ ਕਰਦੀਆਂ ਹੁੰਦੀਆਂ ਸਨ।

ਮੁਬਾਰਿਕਪੁਰ ਵਿਖੇ ਹੀ 70 ਸਾਲ ਪੁਰਾਣੀ 'ਦੀ ਮੁਬਾਰਿਕਪੁਰ ਟਰੱਕ ਯੂਨੀਅਨ' ਹੋਂਦ ਵਿੱਚ ਹੈ। ਕਸਬਾ ਮੁਬਾਰਿਕਪੁਰ ਦੀ ਬਦਕਿਸਮਤੀ ਦਾ ਦੌਰ ਉਦੋਂ ਸ਼ੁਰੂ ਹੋਇਆ ਜਦੋਂ 1956-57 ਈ. ਵਿੱਚ ਅੰਬਾਲਾ ਲਾਲੜੂ, ਡੇਰਾਬਸੀ, ਭੰਖਰਪੁਰ, ਜ਼ੀਰਕਪੁਰ ਚੰਡੀਗੜ੍ਹ ਸੜਕ ਸਿਧੀ ਨਿਕਲ ਗਈ। ਜਿਸ ਕਾਰਨ ਇਹ ਕਸਬਾ ਆਮ ਲੋਕਾਂ ਅਤੇ ਖਾਸ ਲੋਕਾਂ ਦੀ ਆਵਾਜਾਈ ਤੋਂ ਵਾਂਝਾ ਹੋ ਗਿਆ ਤੇ ਵਿਕਾਸ ਪੱਖੋਂ ਵੀ ਪਛੜ ਗਿਆ। ਮਬਾਰਿਕਪੁਰ ਕਸਬੇ ਦਾ ਹਾਲ ਵੱਡੀ ਨੂੰਹ ਵਰਗਾ ਹੋ ਗਿਆ ਜਿਸ ਦੇ ਸਰੀਕੇ ਵਿਚ ਛੋਟੀ ਨੂੰਹ ਭਾਵ ਡੇਰਾਬਸੀ ਦੀ ਕਦਰ ਪੁੱਛ-ਪੜਤਾਲ ਅਤੇ ਟੌਹਰ ਬਣ ਗਈ। ਹੁਣ ਇਹ ਕਸਬਾ ਡੇਰਾਬਸੀ ਨਗਰ ਕੌਂਸਲ ਅਧੀਨ ਰਹਿ ਕੇ ਉਮਰ ਭੋਗ ਰਿਹਾ ਹੈ।

ਇਹ ਕਸਬਾ ਹੁਣ ਪੁਰਾਣੀ ਅਵਸਥਾ ਪ੍ਰਾਪਤ ਕਰ ਸਕੇਗਾ ਕਿ ਨਹੀਂ ਇਹ ਤਾਂ ਆਉਣ ਵਾਲਾ ਭਵਿੱਖ ਹੀ ਦੱਸੇਗਾ।

* * * *

# ਪਿੰਡ ਭਿਉਰਾ ਦਾ ਅਤੀਤ ਤੇ ਵਰਤਮਾਨ

**- ਪ੍ਰੋ. ਹਰਪ੍ਰੀਤ ਸਿੰਘ**
**ਮੋ: 98140-63910**


ਮੇਰਾ ਪਿੰਡ ਭਿਉਰਾ ਹੱਦਬਸਤ ਨੰਬਰ ਇੱਕ ਸੌ ਤਿਰਾਸੀ, ਰੋਪੜ ਜ਼ਿਲ੍ਹੇ ਦੇ ਰੋਪੜ ਬਲਾਕ ਵਿੱਚ ਪੈਂਦੇ ਇੱਕ ਸੌ ਪਚੱਤਰ ਪਿੰਡਾਂ ਵਿਚੋਂ ਇੱਕ ਹੈ ਜੋ ਰੋਪੜ ਤੋਂ ਮਹਿਜ਼ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਚੰਡੀਗੜ੍ਹ ਰੋਡ 'ਤੇ ਸੰਗਰਾਉ ਨਦੀ ਦੇ ਕੰਡੇ 'ਤੇ ਵਸਿਆ ਹੋਇਆ ਹੈ। ਇਸ ਦੀ ਭੂਗੋਲਿਕ ਸਥਿਤੀ ਦੇ ਤੌਰ ਤੇ ਇੱਕ ਸੌ ਇੱਕੀ ਏਕੜ ਤੇ ਸਾਢੇ ਛੇ ਸੌ ਦੇ ਲਗਪਗ ਆਬਾਦੀ ਵਾਲਾ ਪਿੰਡ ਜਿਸ ਨੂੰ ਦੋ ਪਾਸੇ ਵੱਲ ਜਲ ਸਰੋਤ ਸੰਗਰਾਉ ਨਦੀ ਤੇ ਭਾਖੜਾ ਨਹਿਰ ਦੇ ਦੋ ਪਾਸੇ ਵੱਲ ਆਵਾਜਾਈ ਦੇ ਸਾਧਨਾਂ ਸੜਕ ਮਾਰਗ ਤੇ ਰੇਲ ਮਾਰਗ ਨਾਲ ਘਿਰਿਆ ਹੋਇਆ ਹੈ।

ਇਸ ਲਈ ਇਸ ਪਿੰਡ ਦੀ ਜ਼ਮੀਨ ਨਹਿਰ ਸੜਕ'ਤੇ ਕੋਲ ਬਣੀ ਪੁਲਿਸ ਲਾਈਨ ਲਈ ਵੀ ਅਕਵਾਇਰ ਕੀਤੀ ਗਈ ਹੈ ਪਰ ਸਰਕਾਰਾਂ ਵੱਲੋਂ ਭਾਖੜਾ ਨਹਿਰ ਤੋਂ ਕੋਈ ਵੀ ਪਾਣੀ ਦੀ ਟੇਲ ਨਹੀਂ ਦਿੱਤੀ ਗਈ ਜਿਸ ਲਈ ਆਪਣੀ ਹਿੱਕ ਤੋਂ ਭਾਖੜਾ ਨਹਿਰ ਦੇ ਪਾਣੀ ਦੇ ਲੰਘਣ ਤੋਂ ਬਾਦ ਵੀ ਆਪਣੀ ਧਰਤੀ ਦੀ ਪਿਆਸ ਮਿਟਾਉਣ ਲਈ ਡੂੰਘੇ ਬੋਰ ਕਰਨੇ ਪੈਂਦੇ ਹਨ। ਪਿੰਡ ਦੇ ਖੇਤੀਬਾੜੀ ਦੀ ਜ਼ਮੀਨ ਚਾਰ ਚੁਫੇਰਿਆਂ ਤੋਂ ਐਕਵਾਇਰ ਕੀਤੀ ਗਈ ਜਿਸ ਲਈ ਖੇਤੀਬਾੜੀ ਦਾ ਰਕਬਾ ਬਹੁਤ ਘਟ ਗਿਆ ਤੇ ਸਰਕਾਰਾਂ ਵੱਲੋਂ ਵਾਜਬ ਰੇਟ ਨਹੀਂ ਦਿੱਤੇ ਗਏ ਤੇ ਰਹਿੰਦੀ ਕਸਰ ਹੁਣ ਦਿੱਲੀ ਕਟੜਾ ਰੋਡ ਦੁਆਰਾ ਨਿਕਲ ਜਾਵੇਗੀ। ਪਿੰਡ ਦੇ ਸਰਬ-ਧਰਮ ਮੰਦਰ ਦੀ ਵੀ ਕਾਫ਼ੀ ਮਾਨਤਾ ਹੈ।

ਕਿਹਾ ਜਾਂਦਾ ਹੈ ਕਿ ਇਸ ਪਿੰਡ ਨੂੰ ਵਸਾਉਣ ਵਾਲੇ ਬਜ਼ੁਰਗ ਰੋਪੜ ਜ਼ਿਲ੍ਹੇ ਦੇ ਹੀ ਪਿੰਡ ਭਲਿਆਣ ਦੇ ਨੌਂ ਭਰਾਵਾਂ ਵਿੱਚੋਂ ਚਾਰ ਭਰਾ ਸਨ ਇਸ ਦਾ ਨਾਮ ਰਾਜਾ ਭੋਜ ਦੇ ਨਾਮ ਦੇ ਪਹਿਲੇ ਅੱਖਰ ਤੇ ਵਸਾਏ ਪਿੰਡਾਂ ਜਿਵੇਂ ਭਿਉਰਾ, ਭਲਿਆਣ, ਭੋਜੇਮਾਜਰਾ ਵਾਂਗ ਆਉਂਦਾ ਹੈ ਇਸ ਦਾ ਕੋਈ ਵੀ ਬਸ਼ਿੰਦਾ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਵੀ ਰਹੇ, ਉਸ ਦੇ ਨਾਮ ਦੇ ਸਥਾਨ ਤੇ ਭਿਉਰਾ ਸਾਹਿਬ ਨਾਮ ਸੰਬੋਧਨੀ ਰੂਪ ਧਾਰਨ ਕਰ ਜਾਂਦਾ ਹੈ ਤੇ ਨਾਲ ਹੀ ਇਸ ਦੇ ਬਸ਼ਿੰਦੇ, ਉਹ ਭਾਵੇਂ ਕਿਸੇ ਵੀ ਧਰਮ ਜਾਤੀ ਨਾਲ ਸਬੰਧਤ ਹੋਣ, ਉਨ੍ਹਾਂ ਨੂੰ ਓਟ ਹੈ ਕੇਵਲ



ਸਿੰਘ ਸ਼ਹੀਦਾਂ ਦੀ। ਕਿਸੇ ਵੀ ਮੁਸੀਬਤ ਪੈਣ ਤੇ ਅਰਦਾਸ ਦੋਵੇਂ ਹੱਥ ਜੋੜ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸਿੰਘ, ਸ਼ਹੀਦ ਬਾਬਾ ਦੇਸਾ ਸਿੰਘ ਦੇ ਚਰਨਾਂ ਵਿੱਚ ਹੀ ਕਰਦਾ ਹੈ। ਬਜ਼ੁਰਗ ਦੱਸਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨਾਲ ਪਰਿਵਾਰ ਵਿਛੋੜੇ ਦੀ ਜੰਗ ਵਿੱਚ ਬਾਬਾ ਦੇਸਾ ਸਿੰਘ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ ਸੀ ਜਿਨ੍ਹਾਂ ਦਾ ਅੰਤਿਮ ਸਸਕਾਰ ਗੁਰੂ ਜੀ ਨੇ ਆਪਣੇ ਸਿੰਘਾਂ ਤੋਂ ਇਸ



**ਪਿੰਡ ਭਿਉਰਾ ਨਵਤੇਜ ਪੁਆਧੀ ਦਾ ਘਰ**

ਆਸਥਾਨ ਤੇ ਕਰਵਾਇਆ ਸੀ ਜਿੱਥੇ ਹੁਣ ਪਿੱਪਲ ਤੇ ਬਰੋਟੇ ਦਾ ਦਰੱਖ਼ਤ ਖੜ੍ਹਾ ਹੈ, ਇੱਥੇ ਗੁਰਦੁਆਰਾ ਬਣਿਆ ਹੋਇਆ ਹੈ। ਇੱਥੇ ਇੱਕ ਪੁਰਾਤਨ ਖੂਹ ਵੀ ਮੌਜੂਦ ਹੈ। ਇਸ ਅਸਥਾਨ ਦੀ ਸੇਵਾ ਸਭ ਤੋਂ ਪਹਿਲਾਂ ਬਾਬਾ ਦਿਆਲ ਸਿੰਘ ਜੀ ਨੇ ਕੀਤੀ ਤੇ ਫਿਰ ਬਾਬਾ ਨਰਿੰਦਰ ਸਿੰਘ ਜੀ ਨੇ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਵਾਈ ਤੇ ਹਰ ਮਹੀਨੇ ਦੇਸ਼ ਵਿਦੇਸ਼ ਤੋਂ ਸੰਗਤਾਂ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਹੋਣ ਤੇ ਸ਼ੁਕਰਾਨੇ ਲਈ ਦਸਵੀਂ ਦੇ ਦਿਹਾੜੇ ਤੇ ਅਖੰਡ ਪਾਠਾਂ ਦੇ ਭੋਗ ਪਵਾਉਂਦੀਆਂ ਹਨ। ਅੱਜ ਕੱਲ੍ਹ ਸਰਦਾਰ ਸਾਧੂ ਸਿੰਘ ਦੀ ਅਗਵਾਈ ਹੇਠ ਪਿੰਡ ਤੇ ਇਲਾਕੇ ਦੇ ਪਤਵੰਤੇ ਸੱਜਣਾਂ ਦੀ

ਬਣੀ ਪ੍ਰਬੰਧਕ ਕਮੇਟੀ ਕਰ ਰਹੀ ਹੈ। ਜੱਟ ਅਤੇ ਸੈਣੀ ਗੋਤਾਂ ਦੇ ਲਗਪਗ 100 ਘਰ ਹਨ। ਕੁਝ ਘਰ ਰਾਮਦਾਸੀਆਂ ਦੇ ਹਨ। ਨਾਈ, ਕਹਾਰ ਤੇ ਬ੍ਰਾਹਮਣਾਂ ਦੇ ਘਰ ਵੀ ਹਨ। ਸਾਹਿਤਕ ਖੇਤਰ ਵਿੱਚ ਮੇਰੇ ਪਿੰਡ ਦੇ ਦੋ ਸਪੂਤ ਨਵਤੇਜ ਪੁਆਧੀ ਤੇ ਡਾ. ਸਵਰਨ ਸਿੰਘ (ਦਿੱਲੀ) ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਨਵਤੇਜ ਪੁਆਧੀ ਘੱਟ ਗਿਣਤੀ ਕਮਿਸ਼ਨ ਦਿੱਲੀ ਦੇ ਮੈਂਬਰ ਵੀ ਰਹੇ ਤੇ ਹਰਮਨ ਪਿਆਰਤਾ ਖੱਟੀ। ਰਾਜਨੀਤਕ ਸ਼ਖਸੀਅਤਾਂ ਵਿੱਚੋਂ ਮਰਹੂਮ ਸਰਦਾਰ ਅਮਰ ਸਿੰਘ ਭਿਉਰਾ ਦਾ ਨਾਮ ਕਿਸੇ ਵੀ ਜਾਣਕਾਰੀ ਦਾ ਮੁਹਤਾਜ ਨਹੀਂ ਹੈ। ਤੁਸੀਂ ਕਿਤੇ ਵੀ ਜਾ ਕੇ ਆਪਣੇ ਪਿੰਡ ਬਾਰੇ ਦੱਸਦੇ ਹੋ ਤਾਂ ਰਾਜਨੀਤਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਦੇ ਤੌਰ ਤੇ ਉਨ੍ਹਾਂ ਦੇ ਨਾਮ ਦੀ ਪੇਸ਼ੀਨਗੋਈ ਕੀਤੀ ਜਾਂਦੀ ਹੈ ਇਸ ਤੋਂ ਬਾਅਦ ਉਨ੍ਹਾਂ ਦੀ ਧਰਮ ਪਤਨੀ ਬੀਬੀ ਪ੍ਰੀਤਮ ਕੌਰ ਭਿਉਰਾ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਦੇ ਤੌਰ ਤੇ ਸੇਵਾ ਨਿਭਾ ਰਹੇ ਹਨ ਤੇ ਆਪ ਦੇ ਦੋ ਫ਼ਰਜ਼ੰਦ ਸ. ਹਰਪ੍ਰੀਤ ਸਿੰਘ ਅਤੇ ਸ. ਰਣਪ੍ਰੀਤ ਸਿੰਘ ਸਰਕਾਰੀ ਉੱਚ ਅਹੁਦਿਆਂ ’ਤੇ ਬਿਰਾਜਮਾਨ ਹਨ।

ਭਾਰਤ ਭਰ ਵਿੱਚ ਇਸ ਪਿੰਡ ਦੀ ਟਰੱਕ-ਟ੍ਰਾਂਸਪੋਰਟਾਂ ਕਰ ਕੇ ਬੜੀ ਚੜ੍ਹਤ ਰਹੀ ਹੈ। ਦਿੱਲੀ ਜਾ ਕੇ 40/50 ਘਰਾਂ ਨੇ ਰੋਪੜ ਟੂਰਿਸਟ ਟ੍ਰਾਂਸਪੋਰਟ ਕੰਪਨੀ ਸਥਾਪਤ ਕੀਤੀ। ਉੱਘੇ ਕਹਾਣੀਕਾਰ ਸਵਰਗੀ ਨਵਤੇਜ ਪੁਆਧੀ ਦੇ ਪਿਤਾ ਸ. ਬਚਨ ਸਿੰਘ ਨੇ ਬੜੀ ਮਿਹਨਤ ਕਰ ਕੇ ਉੱਥੇ ਆਲੀਸ਼ਾਨ ਆਪਣਾ ਮਕਾਨ ਵੀ ਬਣਾਇਆ। ਇਸ ਤੋਂ ਬਿਨਾਂ ਵੱਖ-ਵੱਖ ਸ਼ਹਿਰਾਂ ’ਚ ਇਸ ਕਿੱਤੇ ਨਾਲ ਨਾਮਣਾ ਖੱਟਿਆ ਜਿਨ੍ਹਾਂ ’ਚੋਂ ਸ. ਮੋਤਾ ਸਿੰਘ ਦੇ ਪਰਿਵਾਰ ’ਚੋਂ ਪ੍ਰੀਤਮ ਸਿੰਘ ਨੇ ਦਿੱਲੀ, ਕਰਨੈਲ ਸਿੰਘ ਨੇ ਕਲਕੱਤੇ, ਮਨੀ ਸਿੰਘ ਨੇ ਇੰਦੋਰ, ਬੀਬੀ ਕਰਤਾਰ ਕੌਰ ਦੇ ਪਰਿਵਾਰ ਨੇ ਬੰਬਈ।

ਰਾਜਨੀਤੀ ਦੇ ਖੇਤਰ ਵਿੱਚ ਮਰਹੂਮ ਸਰਦਾਰ ਸੁਰਮੁਖ ਸਿੰਘ ਭਿਉਰਾ ਜੋ ਸ. ਰਵੀ ਇੰਦਰ ਸਿੰਘ ਸਾਬਕਾ ਸਪੀਕਰ ਪੰਜਾਬ ਤੇ ਮੌਜੂਦਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਉਨੀ ਸੌ ਵੀਹ ਦੇ ਬਹੁਤ ਨਜ਼ਦੀਕੀ ਸਨ ਜਿਨ੍ਹਾਂ ਦੁਆਰਾ ਉਨ੍ਹਾਂ ਨੂੰ ਬਲਾਕ ਸੰਮਤੀ ਦਾ ਚੇਅਰਮੈਨ ਵੀ ਬਣਾਇਆ ਗਿਆ ਸੀ ਤੇ ਉਹ ਪਿੰਡ ਦੇ ਸਰਪੰਚ ਤੇ ਗੁਰਦੁਆਰਾ ਸਿੰਘ ਸ਼ਹੀਦਾਂ ਦੀ ਕਮੇਟੀ ਦੇ ਪ੍ਰਧਾਨ ਵੀ ਰਹੇ। ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਪਿੰਡ ਦੇ ਵਿਕਾਸ ਲਈ ਖ਼ੂਬ ਯਤਨ ਕੀਤੇ।ਇਸੇ ਤਰ੍ਹਾਂ ਸਰਦਾਰ ਬਲਵਿੰਦਰ ਸਿੰਘ ਭਿਉਰਾ ਵੀ ਰਾਜਨੀਤਕ ਤੌਰ ਤੇ ਹਮੇਸ਼ਾਂ



ਸਰਗਰਮ ਰਹਿੰਦੇ ਹਨ ਤੇ ਪਿੰਡ ਦੀ ਸਰਪੰਚੀ ਕਰਦੇ ਵਕਤ ਪਿੰਡ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ। ਸਰਦਾਰ ਬਲਵਿੰਦਰ ਸਿੰਘ ਭਿਉਰਾ ਦੀ ਬੇਟੀ ਸ਼ਿਵਦੀਪ ਕੌਰ ਨੂੰ ਪਿੰਡ ਦੀ ਪਹਿਲੀ ਬੇਟੀ ਵਕੀਲ ਹੋਣ ਦਾ ਮਾਣ ਪ੍ਰਾਪਤ ਹੈ।

ਸਮਾਜ ਸੇਵਾ ਦੇ ਖੇਤਰ ਵਿੱਚ ਸ. ਸੇਵਕ ਸਿੰਘ ਜੋ ਅੱਜ ਕੱਲ੍ਹ ਪੀ.ਏ. ਦੇ ਤੌਰ ਤੇ ਪੰਜਾਬ ਸੀ.ਐਮ. ਆਫਿਸ ਵਿਚ ਸੇਵਾ ਨਿਭਾ ਰਹੇ ਹਨ ਨੇ ਸੰਨ ਚੌਰਾਸੀ ਦੇ ਦੌਰ ਵਿਚ ਪਿੰਡ ਦੇ ਨੌਜਵਾਨਾਂ ਨੂੰ ਸੁਚੱਜੀ ਅਗਵਾਈ ਦੇ ਕੇ ਯੂਥ ਵੈੱਲਫੇਅਰ ਕਲੱਬ ਦੀ ਸਥਾਪਨਾ ਕੀਤੀ ਤੇ ਪ੍ਰਧਾਨ ਦੇ ਅਹੁਦੇ ਤੇ ਬਿਰਾਜਮਾਨ ਵੀ ਰਹੇ। ਉਨ੍ਹਾਂ ਤੋਂ ਬਾਅਦ ਕਲੱਬ ਦੇ ਪ੍ਰਧਾਨ ਦੇ ਤੌਰ ਤੇ ਮਰਹੂਮ ਗੁਰਨਾਮ ਸਿੰਘ ਅਤੇ ਅੱਜ ਕਲ੍ਹ ਮੈਂ ਖ਼ੁਦ (ਪ੍ਰੋਫੈਸਰ ਹਰਪ੍ਰੀਤ ਸਿੰਘ ਭਿਉਰਾ) ਇਸ ਕਲੱਬ ਦੀ ਪ੍ਰਧਾਨਗੀ ਨਿਭਾ ਰਿਹਾ ਹਾਂ। ਉਨ੍ਹਾਂ ਦਿਨਾਂ ਵਿੱਚ ਹੀ ਸ. ਸੇਵਕ ਸਿੰਘ ਨੇ ਪਿੰਡ ਦੇ ਨੌਜਵਾਨ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਨਾਲ ਮਿਲ ਕੇ ਤਕਰੀਬਨ ਇੱਕ ਸੌ ਪੱਚੀ ਯੂਥ ਵੈੱਲਫੇਅਰ ਕਲੱਬਾਂ ਦੀ ਸਥਾਪਨਾ ਕਰਵਾਈ। ਉਸ ਸਮੇਂ ਜਦੋਂ ਪੂਰੇ ਪੰਜਾਬ ਵਿਚ ਭਾਰਤੀ ਸੈਨਾ ਲੱਗੀ ਹੋਈ ਸੀ  ਚੰਡੀ ਮੰਦਿਰ ਵਿਖੇ ਲੱਗੇ ਖ਼ੂਨਦਾਨ ਕੈਂਪ ਵਿਚ ਕੋਈ ਬੱਤੀ ਯੂਨਿਟ ਖ਼ੂਨ ਦਾਨ ਕਰਵਾਇਆ ਤੇ ਬ੍ਰਿਗੇਡੀਅਰ ਸਰੀਨ ਸਾਹਿਬ ਨੂੰ ਮਿਲ ਕੇ ਪਿੰਡ ਵਿੱਚ ਜੀਟੀ ਰੋਡ ਤੇ ਭਾਖੜਾ ਨਹਿਰ ਤੇ ਲੱਗੇ ਪੁਲ ਨੂੰ ਬਣਾਉਣ ਲਈ ਚੁੱਕੀ ਗਈ ਮਿੱਟੀ ਦੁਆਰਾ ਬਹੁਤ ਵੱਡੇ ਵੱਡੇ ਖੂਹਾਂ ਬਰਾਬਰ ਖੱਡਿਆਂ ਨੂੰ ਭਰ ਕਿ ਵੱਡੇ ਸਟੇਡੀਅਮ ਜਿਸਦਾ ਨਾਮ ਬ੍ਰਿਗੇਡੀਅਰ ਸਰੀਨ ਸਟੇਡੀਅਮ ਰਖਿਆ ਗਿਆ ਸੀ ਵੀ ਬਣਵਾਇਆ। ਇਸ ਖੇਡ ਦੇ ਮੈਦਾਨ ਵਿੱਚ ਉਸ ਸਮੇਂ ਤੋਂ ਹੀ ਨੌਜਵਾਨ ਬੱਚੇ ਅਨੇਕਾਂ ਹੀ ਖੇਡਾਂ ਖੇਡਦੇ ਰਹੇ ਹਨ, ਖਾਸ ਕਰਕੇ ਫੁਟਬਾਲ ਦਾ ਟੂਰਨਾਮੈਂਟ ਇੱਥੇ ਹਰ ਸਾਲ ਕਰਵਾਇਆ ਜਾਂਦਾ ਹੈ। ਪਿੰਡ ਦੀਆਂ ਨਾਮਵਰ ਸ਼ਖਸੀਅਤਾਂ ਸਰਦਾਰ ਮੋਤਾ ਸਿੰਘ ਤੇ ਸਰਦਾਰ ਗੁਰਚਰਨ ਸਿੰਘ ਭਿਉਰਾ ਨੇ ਪਿੰਡ ਦੇ ਬੱਚਿਆਂ ਤੇ ਨੌਜਵਾਨਾਂ ਨੂੰ ਗੁਰਮਤਿ ਸੇਧਾਂ ਦਿੱਤੀਆਂ ਹਨ ਤੇ ਸਿੱਖੀ ਨਾਲ ਜੋੜਿਆ ਹੈ। ਪਿੰਡ ਦੇ ਨੌਜਵਾਨ ਹਰ ਸਾਲ ਗੁਰਦੁਆਰਾ ਭੱਠਾ ਸਾਹਿਬ ਵਿਖੇ ਸ਼ਹੀਦੀ ਜੋੜ ਮੇਲੇ ਤੇ ਸਾਈਕਲ ਤੇ ਸਕੂਟਰ ਸਟੈਂਡ ਦੀ ਫ੍ਰੀ ਸੇਵਾ ਤੇ ਲੰਗਰ ਸੇਵਾ ਨਿਭਾਉਂਦੇ ਹਨ ਜੋ ਗੁਰੂ ਕ੍ਰਿਪਾ ਨਾਲ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਦੀ ਰਹੇਗੀ।

ਦੇਸ਼ ਦੀ ਰੱਖਿਆ ਲਈ ਜਾਨਾਂ ਵਾਰਨ ਵਾਲਿਆਂ ਵਿੱਚੋਂ ਇਸ ਪਿੰਡ ਦੇ ਦੋ ਸਪੂਤ ਸੂਬੇਦਾਰ ਸਰਦਾਰ ਕਾਬਲ ਸਿੰਘ ਤੇ ਹਵਾਲਦਾਰ ਸਰਦਾਰ ਸਵਰਨ ਸਿੰਘ ਐਸ. ਐਮ ਸਨ।

ਦੇਸ਼ ਦੀ ਰੱਖਿਆ ਕਰਦੇ ਹੋਏ ਸੂਬੇਦਾਰ ਸ. ਕਾਬਲ ਸਿੰਘ ਉਨੀ ਸੌ ਇਕਹੱਤਰ ਦੀ ਭਾਰਤ ਪਾਕਿ ਜੰਗ ਵਿੱਚ ਸ਼ਹੀਦੀ ਪ੍ਰਾਪਤ ਕਰ ਗਏ ਉਨ੍ਹਾਂ ਦੀ ਯਾਦਗਾਰ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਮਾਰਗ 'ਤੇ ਹੀ ਬਣੀ ਹੋਈ ਹੈ। ਉਨ੍ਹਾਂ ਦੇ ਵੱਡੇ ਸਪੁੱਤਰ ਸਰਦਾਰ ਕੁਲਵੰਤ ਸਿੰਘ ਚੰਡੀਗੜ੍ਹ ਪੁਲੀਸ ਵਿੱਚ ਬਤੌਰ ਏ.ਐਸ.ਆਈ, ਜਸਟਿਸ ਸਰਦਾਰ ਜਗਦੀਸ਼ ਸਿੰਘ ਖੇਹਰ ਚੀਫ਼ ਜਸਟਿਸ ਆਫ਼ ਇੰਡੀਆ ਨਾਲ ਬਤੌਰ ਸਕਿਉਰਿਟੀ ਅਫ਼ਸਰ ਤਾਇਨਾਤ ਹਨ।

ਹਵਾਲਦਾਰ ਸਰਦਾਰ ਸਵਰਨ ਸਿੰਘ ਐਸ.ਐਮ ਉਨੀ ਸੌ ਸਤਾਸੀ ਵਿੱਚ ਭਾਰਤੀ ਸੈਨਾ ਦੁਆਰਾ ਸ੍ਰੀ ਲੰਕਾ ਵਿੱਚ ਕੀਤੇ ਗਏ ਅਪਰੇਸ਼ਨ ਦੇ ਦੌਰਾਨ ਸ਼ਹੀਦੀ ਪ੍ਰਾਪਤ ਕਰ ਗਏ।

ਪਿੰਡ ਦੇ ਹੋਰ ਵੀ ਕਈ ਨੌਜਵਾਨ ਭਾਰਤੀ ਸੈਨਾ ਵਿੱਚ ਸੇਵਾ ਨਿਭਾ ਰਹੇ ਹਨ, ਪਿੰਡ ਲਈ ਮਾਣ ਵਾਲੀ ਗੱਲ ਹੈ।

****



## ਪਿੰਡ ਟੋਡਰ ਮਾਜਰਾ ਦੀ ਆਪਣੀ ਪਛਾਣ

- ਜਗਦੀਪ ਸਿਘ, ਬੈਦਵਾਨ
ਮੋਬਾ. 9780101133

ਇਹ ਪਿੰਡ ਚੰਡੀਗੜ੍ਹ-ਸਰਹਿੰਦ ਸੜਕ 'ਤੇ ਲਾਂਡਰਾਂ ਤੋਂ ਅੱਠ ਕਿਲੋਮੀਟਰ ਦੂਰ ਸੜਕ 'ਤੇ ਖੱਬੇ ਹੱਥ ਸਥਿੱਤ ਹੈ। ਜਿਵੇਂ ਕਿ ਇਸ ਪਿੰਡ ਦੇ ਨਾਂ ਤੋਂ ਹੀ ਜਾਪਦਾ ਹੈ ਅਤੇ ਕਿਹਾ ਵੀ ਜਾਦਾ ਹੈ ਕਿ ਬਾਦਸ਼ਾਹ ਅਕਬਰ ਦੇ ਮਾਲ ਵਜ਼ੀਰ ਰਾਜਾ ਟੋਡਰ ਮੱਲ ਨੇ ਇਥੇ ਆ ਡੇਰਾ ਲਾਇਆ, ਜਿਸ ਦੀ ਨਿਸ਼ਾਨੀ ਪਿੰਡ ਦੇ ਚੜ੍ਹਦੇ ਪਾਸੇ ਇਕ ਬਾਉਲੀ ਅਤੇ ਬੜਾ ਭਾਰੀ ਬੋਹੜ ਹੋਇਆ ਕਰਦਾ ਸੀ। ਪਰ ਸਮੇਂ ਦੀ ਮਾਰ ਨੇ ਦੋਵੇਂ ਇਤਿਹਾਸਕ ਨਿਸ਼ਾਨੀਆਂ ਅਲੋਪ ਕਰ ਦਿੱਤੀਆਂ ਹਨ। ਪਿੰਡ ਦੀ ਉਮਰ ਲਗਭਗ 400 ਸਾਲ ਦੱਸੀ ਜਾਂਦੀ ਹੈ। ਇੱਥੋਂ ਤਿੰਨ ਕਿਲੋਮੀਟਰ, ਪਿਡ ਪੋਪਨਾਂ ਦੇ 'ਰੰਗੀ' ਗੋਤ ਦੇ ਜੱਟਾਂ ਨੇ ਇਸ ਨੂੰ ਵਸਾਇਆ ਭਾਵੇਂ ਗਰਚੇ, ਮਠੋਡੇ, ਗਰੇਵਾਲ ਤੇ ਸੰਧੂ ਆਦਿ ਵੀ ਰਿਸ਼ਤੇਦਾਰੀ ਵਿਚ ਵਸ-ਵਸਾ ਗਏ। ਪਿੰਡ ਦਾ ਕੁਲ ਰਕਬਾ 500 ਕਿੱਲੇ ਹੈ। ਇਸ ਦੀ ਵਰਤਮਾਨ ਆਬਾਦੀ ਲਗਭਗ 900 ਹੈ।

ਇਹ ਪਿੰਡ ਮੁੱਢ ਤੋਂ ਹੀ ਰਾਜਸੀ ਤੇ ਧਾਰਮਿਕ ਗਤੀ-ਵਿਧੀਆਂ ਵਿਚ ਪੈਰ ਧਰਦਾ ਰਿਹਾ ਹੈ। ਜੈਤੋ ਦੇ ਮੋਰਚੇ ਵਿਚ ਅਕਹਿ ਕਸ਼ਟ ਸਹਾਰਨ ਵਾਲੇ 9 ਮਰਜੀਵੜੇ ਏਸ ਪਿੰਡ ਦੇ ਹੀ ਸਨ। ਭਾਵੇਂ ਹਰ ਸਿਆਸੀ ਵਿਚਾਰਾਂ ਵਾਲੇ ਲੋਕ ਇਸ ਪਿੰਡ ਵਿੱਚ ਵਸਦੇ ਹਨ ਪ੍ਰੰਤੂ ਅਕਾਲੀ ਵਿਚਾਰਧਾਰਾ ਭਾਰੂ ਰਹੀ ਹੈ। ਸੰਤ ਸੰਤੋਖ ਸਿੰਘ ਜੀ ਇਸ ਪਿੰਡ ਦੀ ਲੋਕ-ਪ੍ਰਿਯ ਸ਼ਖ਼ਸੀਅਤ ਸਨ ਜਿਨ੍ਹਾਂ ਦਾ ਇਸ ਪਿੰਡ ਵਿਚ ਹੀ ਨਹੀਂ ਸਗੋਂ ਦੂਰ ਇਲਾਕੇ 'ਚ ਸਿੱਖੀ ਪ੍ਰਚਾਰ ਲਈ ਯੋਗਦਾਨ ਵਿਸਰਿਆ ਹੋਇਆ ਨਹੀਂ। ਬਾਬਾ ਨਰੈਣ ਸਿੰਘ ਬਜ਼ੁਰਗ ਜੋ ਮੋਰਚੇ ਦਾ ਅਜੇ ਵੀ ਜਿਊਂਦਾ ਜਾਗਦਾ ਇਤਿਹਾਸ ਹੈ। ਬਾਬਾ ਧੰਕੇਲ ਸਿੰਘ ਜੋਧੇ-ਬਲੀ ਬਾਰੇ ਅਜੇ ਵੀ ਸਿਆਣੇ ਗੱਲਾਂ ਕਰਦੇ ਰਹਿੰਦੇ ਹਨ। ਪਹਿਲਵਾਨ ਮਸਤ ਰਾਮ ਨੇ ਵੀ ਆਪਣੇ ਸਮਿਆਂ 'ਚ ਚੰਗਾ ਸਿੱਕਾ ਜਮਾਇਆ। ਇਸ ਪਿੰਡ ਦੇ ਕਾਰੀਗਰਾਂ ਦੇ ਖੁਰਪੇ ਤੇ ਦਾਤੀਆਂ ਦੀ ਮਸ਼ਹੂਰੀ ਇਲਾਕੇ 'ਚ ਆਮ ਹੈ।

ਇਸ ਪਿੰਡ ਵਿੱਚ ਜੱਟ, ਸੈਣੀ, ਲੁਹਾਰ, ਤਰਖਾਣ, ਤੇਲੀ, ਖੱਤਰੀ, ਛੀਂਬੇ, ਝਿਊਰ, ਨਾਈ, ਰਾਮਦਾਸੀਏ, ਬਾਲਮੀਕੀ, ਤੇ ਮਜ਼੍ਹਬੀ ਆਦਿ ਵਸਦੇ

ਹਨ। ਲੋਕਾਂ ਦਾ ਮੁਖ ਕਿੱਤਾ ਖੇਤੀਬਾੜੀ ਹੈ ਪ੍ਰੰਤੂ ਵੱਖ ਵੱਖ ਖੇਤਰਾਂ ਵਿਚ ਕੁਝ ਵਿਅਕਤੀਆਂ ਦੇ ਨਾਂ ਵਿਸ਼ੇਸ਼ ਥਾਂ ਰਖਦੇ ਹਨ। ਸ. ਰਾਜਿੰਦਰ ਸਿੰਘ ਰੰਗੀ (ਏਰੋਨਾਟੀਕਲ ਇੰਜੀਨੀਅਰ) ਜੋ ਅਜ ਕੱਲ੍ਹ ਕੈਨੇਡਾ ਵਿਚ ਪ੍ਰਤਿਭਾਸ਼ੀਲ ਤੇ ਪ੍ਰਸਿੱਧ ਹਵਾਈ ਜਹਾਜ਼ ਡੀਜ਼ਾਈਨਰ ਹਨ। ਕਰਨਲ ਸੁੱਚਾ ਸਿੰਘ, ਹਰਦਿਆਲ ਸਿੰਘ ਗਰਚਾ (ਬਿਜਲੀ ਇੰਜੀਨੀਅਰ), ਸੇਵਾ ਮੁਕਤ ਡੀ.ਡੀ.ਟੀ.ਓ. ਮਿਹਰ ਸਿੰਘ, ਵੈਦ ਸੰਤੋਖ ਸਿੰਘ, ਨਿਰਮਲ ਸਿੰਘ ਨਿੰਮਾ (ਰੇਡੀਓ ਸਿੰਗਰ) ਤੇ ਭਾਈ ਭਾਗ ਸਿੰਘ ਕੀਰਤਨੀਆ ਇਸੇ ਪਿੰਡ ਦੀ ਦੇਣ ਹਨ। ਜੱਥੇਦਾਰ ਲਛਮਣ ਸਿੰਘ ਦੀ ਸਰਪੰਚੀ ਸਮੇਂ ਪਿੰਡ ਸੁਧਾਰ ਤੇ ਸਭਿਆਚਾਰਕ ਸਰਗਰਮੀਆਂ ਵਿਚ ਗਿਆਨੀ ਮਹਿੰਦਰ ਸਿੰਘ ਦਾ ਵਿਸ਼ੇਸ਼ ਹੱਥ ਰਿਹਾ ਹੈ।

ਪਿੰਡ ਦਾ ਮਾਣ ਵਧਾਉਣ ਵਾਲਿਆਂ 'ਚ ਇਸ ਸਮੇਂ ਸ. ਦੀਪਇੰਦਰ ਸਿੰਘ ਆਈ.ਏ.ਐਸ (ਸੇਵਾ-ਮੁਕਤ-ਡਵਿਜ਼ਨਲ ਕਮਿਸ਼ਨਰ ਪਟਿਆਲਾ ਡਵੀਜ਼ਨ-2020), ਸਤਵੰਤ ਸਿੰਘ ਰੰਗੀ ਸੀਨੀਅਰ ਐਡਵੋਕੇਟ (ਚੰਡੀਗੜ੍ਹ, ਪੰਜਾਬ ਹਰਿਆਣਾ ਹਾਈਕੋਰਟ), ਇਕਬਾਲ ਸਿੰਘ ਐਡੋਵੇਕਟ, ਨਰਪਿੰਦਰ ਸਿਘ ਐਡਵੋਕੇਟ ਐਮ.ਸੀ. ਮੁਹਾਲੀ, ਸਵ. ਜੱਥੇਦਾਰ ਪਰਤਾਪ ਸਿੰਘ, ਗਾਇਕ ਅਮਰਜੀਤ ਬਾਈ, ਦਲਬੀਰ ਸਿਘ (ਪੰਜਾਬ ਵਿਧਾਨ ਸਭਾ), ਸੁਖ਼ਨਪ੍ਰੀਤ ਕੌਰ ਰੰਗੀ ਐਡਵੋਕੇਟ (ਚੰਡੀਗੜ੍ਹ, ਹਾਈਕੋਰਟ) ਆਦਿ ਦੇ ਨਾਮ ਜ਼ਿਕਰਯੋਗ ਹਨ ਦੋ ਨੰਬਰਦਾਰ ਸ. ਮਹਿੰਦਰ ਸਿਘ ਤੇ ਸ਼ ਅਮਰ ਸਿੰਘ ਹਨ।

ਪਿੰਡ ਦਾ ਹੱਦਬਸਤ ਨੰ: 59 ਹੈ। ਚੌਂਕੀਦਾਰ ਅਮਰ ਸਿਘ (ਰਾਮਦਾਸੀਆ) ਸੇਵਾਵਾਂ ਨਿਭਾਅ ਰਿਹਾ ਹੈ।

ਪਿੰਡ ਦੀਆਂ ਗਲੀਆਂ ਪੱਕੀਆਂ ਹਨ ਜੋ ਸਵਰਗਵਾਸੀ ਸਰਪੰਚ ਸ. ਗੁਰਬਖ਼ਸ਼ ਸਿਘ ਦੇ ਉਦਮ ਸਦਕੇ ਬਣੀਆਂ। ਇਨ੍ਹਾਂ ਦੇ ਹੀ ਸਪੁੱਤਰਾਂ ਨੇ ਪਿੰਡ ਦੀ ਧਰਮਸ਼ਾਲਾ ਦੀ ਮੁਰੰਮਤ ਉਤੇ ਬਾਰਾਂ ਹਜ਼ਾਰ ਰੁਪਿਆ ਮਾਪਿਆਂ ਦੀ ਯਾਦ ਵਿਚ ਲੇਖੇ ਲਾਇਆ। ਐਮਰਜੈਂਸੀ ਸਮੇਂ ਸ੍ਰ. ਜਗਮਾਲ ਸਿੰਘ ਅਤੇ ਮਾਸਟਰ ਸਾਧੂ ਸਿੰਘ ਜੀ ਨੇ ਸਜ਼ਾਵਾਂ ਕੱਟੀਆਂ।

ਇਸ ਪਿੰਡ ਦਾ ਸ਼ਾਨਦਾਰ ਗੁਰਦੁਆਰਾ ਪਿੰਡ ਦੀ ਸ਼ੋਭਾ ਵਧਾਉਂਦਾ ਹੈ ਜਿਥੇ ਸੰਤ ਸੰਤੋਖ ਸਿੰਘ ਲਾਇਬ੍ਰੇਰੀ ਵੀ ਹੈ ਜੋ ਲੋਕਾਂ ਦੇ ਗਿਆਨ ਵਿਚ ਵਾਧਾ ਕਰ ਰਹੀ ਹੈ। ਪਿੰਡ ਦਾ ਵਿਦਿਅਕ ਤੇ ਬੌਧਿਕ ਪੱਧਰ ਬੜਾ ਚੰਗਾ ਹੈ। ਚੰਗਾ ਹੋਵੇ ਜੇ ਪਿੰਡ ਦੇ ਪ੍ਰਾਇਮਰੀ ਸਕੂਲ ਨੂੰ ਸਰਕਾਰੀ ਹਾਈ ਸਕੂਲ



ਬਣਾਇਆ ਜਾਵੇ ਤਾਂ ਜੋ ਚੂੰਨੀ-ਕਲਾਂ, ਦੇ ਹਾਈ ਸਕੂਲ ਦਾ ਭੀੜ-ਭੜੱਕਾ ਘਟ ਸਕੇ।

ਪਿੰਡ ਵਿਚ ਦੋ ਸਰਕਾਰੀ ਟਿਊਬਵੈੱਲ ਹਨ। ਉੱਚੀ ਨੀਵੀਂ ਜ਼ਮੀਨ ਹੋਣ ਕਾਰਨ ਇਨ੍ਹਾਂ ਤੇ ਯੋਗ ਸਿੰਜਾਈ ਲਈ ਪ੍ਰਬੰਧ ਹੋਣੇ, ਬੜੇ ਜ਼ਰੂਰੀ ਹਨ। ਹਰੀਜਨ ਧਰਮਸ਼ਾਲਾ ਦੀ ਉਸਾਰੀ ਮੁਕੰਮਲ ਹੋਣੀ ਚਾਹੀਦੀ ਹੈ। ਬਾਰਸ਼ਾਂ ਵਿਚ ਪਿੰਡ ਵਾਸੀਆਂ ਨੂੰ ਬਰਸਾਤੀ ਪਾਣੀ ਦਾ ਸਹੀ ਨਿਕਾਸ ਨਾ ਹੋਣ ਕਾਰਨ ਦਿਕਤਾਂ ਪੇਸ਼ ਕਰਦਾ ਹੈ। ਤਹਿਸੀਲ ਖਰੜ ਦੇ ਹੈੱਡਕੁਆਟਰ ਤੋਂ ਦੂਰ ਦੇ ਅਜਿਹੇ ਪਿੰਡਾਂ ਦੇ ਵਿਕਾਸ ਲਈ ਤੁਰੰਤ ਵਿਕਾਸ ਯੋਜਨਾਵਾਂ ਦਾ ਚਾਲੂ ਕਰਨਾ ਕਲਿਆਣਕਾਰੀ ਹੋਵੇਗਾ। ਪਿੰਡ ਵਿਚ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਵਿਚ ਸਰਕਾਰੀ ਡਿਸਪੈਂਸਰੀ ਦਾ ਨਾ ਹੋਣਾ ਕਾਫੀ ਖਟਕਦਾ ਹੈ।

****

## ਖੰਡ - ਪੰਜਵਾਂ

ਚੇਤਿਆਂ 'ਚ ਵੱਸਣ ਵਾਲੇ



# ਪੁਆਧ ਦੇ ਜੰਮ-ਪਲ ਸ੍ਰੀ ਚਮਕੌਰ ਸਾਹਿਬ ਦੇ ਸ਼ਹੀਦ

**- ਡਾ. ਗੁਰਬਚਨ ਸਿੰਘ ਮਾਵੀ**

**ਮੋ : 98781-49511**

ਸ੍ਰੀ ਅਨੰਦਪੁਰ ਸਾਹਿਬ ਦੀ ਅਖੀਰਲੀ ਜੰਗ ਸਮੇਂ 8-9 ਮਹੀਨਿਆਂ ਦੀ ਘੇਰਾ ਬੰਦੀ ਤੋਂ ਬਾਅਦ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 6 ਪੋਹ (20 ਦਸੰਬਰ) ਸੰਨ1708 ਦੀ ਰਾਤ ਨੂੰ ਕਿਲ੍ਹਾ ਅਨੰਦਗੜ੍ਹ ਛੱਡਿਆ। ਸ੍ਰੀ ਕੀਰਤਪੁਰ ਸਾਹਿਬ ਲੰਘਦੇ ਹੀ ਦੁਸ਼ਮਣਾਂ ਨੇ ਹਮਲਾ ਕਰ ਦਿੱਤਾ । ਸਰਸਾ ਨਦੀ ਉੱਤੇ ਘਮਸਾਨ ਦਾ ਜੰਗ ਹੋਇਆ। ਇਥੇ ਹੀ ਗੁਰੂ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ। ਗੁਰੂ ਜੀ, ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਕੁਝ ਸਿੰਘ ਭੱਠਾ ਸਾਹਿਬ ਕੋਟਲਾ ਨਿਹੰਗ ਖਾਨ ਦੇ ਕਿਲ੍ਹੇ ਵਿੱਚ ਪਹੁੰਚੇ। ਉਥੋਂ 7 ਪੋਹ ਸ਼ਾਮ ਨੂੰ ਨਿਕਲ ਕੇ ਗੁਰੂ ਜੀ ਨੇ ਚਮਕੌਰ ਸਾਹਿਬ ਕੱਚੀ ਗੜ੍ਹੀ ਵਿੱਚ ਮੋਰਚਾ ਬੰਦੀ ਕਰ ਲਈ। ਅੱਠ ਪੋਹ ਦੇ ਦਿਨ ਚਮਕੌਰ ਸਾਹਿਬ ਦੀ ਅਸਾਂਵੀ ਜੰਗ ਹੋਈ। ਇਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਕਿਤੇ ਨਹੀਂ ਮਿਲਦੀ। ਗੁਰੂ ਜੀ, ਦੋਵੇਂ ਸਾਹਿਬਜ਼ਾਦੇ ਅਤੇ 40 ਸਿੰਘਾਂ ਦਾ ਮੁਕਾਬਲਾ 10 ਲੱਖ ਫੌਜ ਨਾਲ ਹੋਇਆ। ਗੁਰੂ ਜੀ ਦੇ ਸਿੰਘ ਭੁੱਖਣ ਭਾਣੇ, ਜਖ਼ਮੀ, ਅੱਤ ਦੀ ਸਰਦੀ ਵਿੱਚ ਠਰੇ ਹੋਏ ਸਨ, ਦੂਜੇ ਪਾਸੇ ਦੁਸ਼ਮਣ ਦੀ ਤਰੋ-ਤਾਜ਼ਾ ਫੌਜ ਸੀ, ਅੱਠ ਪੋਹ ਨੂੰ ਦੋਵੇਂ ਸਾਹਿਬਜ਼ਾਦੇ ਅਤੇ ਤਕਰੀਬਨ 30-35 ਸਿੰਘ ਸ਼ਹੀਦ ਹੋ ਗਏ। ਰਾਤ ਸਮੇਂ ਪੰਜਾਂ ਸਿੰਘਾਂ ਦਾ ਹੁਕਮ ਮੰਨਦੇ ਹੋਏ ਗੁਰੂ ਜੀ ਤਿੰਨ ਸਿੰਘਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਸਮੇਤ ਗੜ੍ਹੀ ਵਿਚੋਂ ਨਿਕਲ ਕੇ ਮਾਛੀਵਾੜੇ ਪਹੁੰਚ ਗਏ। ਨੌਂ ਪੋਹ ਦੀ ਸਵੇਰ ਗੜ੍ਹੀ ਵਿਚਲੇ ਬਾਕੀ ਦੇ ਸਿੰਘ ਵੀ ਸ਼ਹੀਦੀਆਂ ਪ੍ਰਾਪਤ ਕਰ ਗਏ।

ਇਸ ਦੋ ਦਿਨਾਂ ਜੰਗ ਵਿੱਚ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਤੇ 37 ਸਿੰਘ ਸ਼ਹੀਦ ਹੋਏ। ਇਨ੍ਹਾਂ ਸ਼ਹੀਦਾਂ ਵਿਚੋਂ ਇਤਿਹਾਸ ਵਿੱਚ ਪੁਆਧ ਇਲਾਕੇ ਦੇ 12 ਸਿੰਘਾਂ ਭਾਈ ਮਹਿਤਾਬ ਸਿੰਘ, ਖੜਗ ਸਿੰਘ, ਤੁਲਸਾ ਸਿੰਘ, ਸਹਿਜ ਸਿੰਘ, ਚੜਤ ਸਿੰਘ, ਝੰਡਾ ਸਿੰਘ, ਸੁਜਾਨ ਸਿੰਘ, ਪ੍ਰੇਮ ਸਿੰਘ, ਮਦਨ ਸਿੰਘ, ਤੁਲ੍ਹਾ ਸਿੰਘ ਅਤੇ ਮਾਹਲਾ ਸਿੰਘ ਦੇ ਨਾਮ ਦਰਜ ਹਨ।

ਖੋਜ ਕਰਨ ਨਾਲ 7 ਸਿੰਘਾਂ ਦੇ ਪਿੰਡਾਂ ਦਾ ਹੀ ਪਤਾ ਲੱਗਾ ਹੈ। ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਦਾ ਪਾਲਣ ਪੋਸ਼ਣ ਕਿਉਂਕਿ ਅਨੰਦਪੁਰ ਸਾਹਿਬ ਵਿੱਚ ਹੀ ਹੋਇਆ ਸੀ ਇਸ ਲਈ ਇਸ ਲੇਖ ਵਿੱਚ ਦੋਹਾਂ ਸਾਹਿਬਜ਼ਾਦਿਆਂ ਅਤੇ 7 ਸਿੰਘਾਂ ਦੇ ਬਾਰੇ ਜਾਣਕਾਰੀ ਸਾਂਝੀ ਕਰ ਰਹੇ ਹਾਂ।

**ਸਾਹਿਬਜ਼ਾਦਾ ਬਾਬਾ ਅਜੀਤ ਸਿੰਘ**

ਆਪ ਦਾ ਜਨਮ ਮਾਤਾ ਸੁੰਦਰੀ ਜੀ ਦੀ ਕੁਖੋਂ 23 ਮਾਘ ਸੰਮਤ 1743(26 ਜਨਵਰੀ 1687 ਈ.) ਨੂੰ ਪਾਉਂਟਾ ਸਾਹਿਬ ਵਿਖੇ ਹੋਇਆ। ਆਪ ਦਾ ਪਾਲਣ ਪੋਸ਼ਣ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਾਮਾ ਕ੍ਰਿਪਾਲ ਚੰਦ ਦੀ ਦੇਖ ਰੇਖ ਹੇਠ ਹੋਇਆ। ਭਾਈ ਜੀਵਨ ਸਿੰਘ (ਜੈਤਾ ਜੀ) ਅਤੇ ਭਾਈ ਮਹਾਂ ਸਿੰਘ ਨੇ ਸ਼ਸਤਰ ਵਿਦਿਆ ਅਤੇ ਰਣਨੀਤੀ ਦੀ ਸਿਖਲਾਈ ਦਿੱਤੀ। ਬਾਬਾ ਅਜੀਤ ਸਿੰਘ ਨੇ ਬਾਰਾਂ ਸਾਲ ਦੀ ਉਮਰ ਵਿੱਚ ਇੱਕ ਸੌ ਸਿੰਘਾਂ ਦਾ ਜੱਥਾ ਲੈ ਕੇ ਪਿੰਡ ਨੂੰਹੋਂ ਦੇ ਰੰਘੜਾਂ ਦੀ ਸੁਧਾਈ ਕੀਤੀ, ਜਿਨ੍ਹਾਂ ਨੇ ਪੋਠੋਹਾਰ ਤੋਂ ਆਉਂਦੀ ਸਿੱਖ ਸੰਗਤ ਨੂੰ ਲੁੱਟ ਲਿਆ ਸੀ। ਇਸ ਥਾਂ ਗੁਰਦੁਆਰਾ ਸਿੰਘ ਸ਼ਹੀਦਾਂ ਰਤਨਪੁਰਾ (ਨੂੰਹੋਂ) ਕਾਇਮ ਹੈ। ਪਹਾੜੀ ਰਾਜਿਆਂ ਨੇ ਅਨੰਦਪੁਰ ਸਾਹਿਬ ਤੇ ਹਮਲਾ ਕੀਤਾ (29 ਅਗਸਤ ਸੰਨ 1700) ਉਸ ਸਮੇਂ ਬਾਬਾ ਅਜੀਤ ਸਿੰਘ ਨੇ ਤਾਰਾ ਗੜ੍ਹ ਕਿਲ੍ਹੇ ਦਾ ਮੋਰਚਾ ਸੰਭਾਲਿਆ। ਸੰਨ 1700 ਨੂੰ ਹੀ ਪਹਾੜੀਆਂ ਦੇ ਇੱਕ ਹੋਰ ਜੰਗ ਵਿੱਚ ਆਪ ਨੇ ਕਿਲ੍ਹਾ ਫਤਿਹਗੜ੍ਹ ਦੀ ਰਾਖੀ ਕੀਤੀ ਅਤੇ ਕਿਲ੍ਹਾ ਲੋਹਗੜ੍ਹ ਵਿੱਚ ਵੀ ਜੰਗ ਕੀਤੀ .

ਬਜਰੂੜ ਪਿੰਡ ਦੇ ਗੁਜਰਾਂ ਨੇ ਸਿਆਲਕੋਟ ਤੋਂ ਆ ਰਹੀ ਸਿੱਖ ਸੰਗਤ ਨੂੰ ਲੁੱਟ ਲਿਆ। ਬਾਬਾ ਅਜੀਤ ਸਿੰਘ ਨੇ ਇਸ ਪਿੰਡ ਜਾ ਕੇ ਗੁਜਰਾਂ ਦੇ ਦੋ ਮੁਖੀਆਂ ਚਿਤੂ ਅਤੇ ਮਿਤੂ ਨੂੰ ਮਾਰ ਮੁਕਾਇਆ। ਮਾਰਚ 1703 ਵਿੱਚ ਹੁਸ਼ਿਆਰਪੁਰ ਜਿਲ੍ਹੇ ਦੇ ਜੇਜੋਂ ਸ਼ਹਿਰ ਦੇ ਗਰੀਬ ਬ੍ਰਾਹਮਣ ਦੇਵੀ ਦਾਸ ਦੀ ਸੱਜ ਵਿਆਹੀ ਪਤਨੀ ਹਾਕਮ ਜ਼ਾਬਰ ਖਾਨ ਨੇ ਖੋਹ ਲਈ। ਬ੍ਰਾਹਮਣ ਨੇ ਗੁਰੂ ਜੀ ਕੋਲ ਫਰਿਆਦ ਕੀਤੀ। ਦਸ਼ਮੇਸ਼ ਪਿਤਾ ਨੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਅਗਵਾਈ ਹੇਠ ਸਿੰਘਾਂ ਦਾ ਜੱਥਾ ਜਾਬਰ ਖਾਨ ਨੂੰ ਸੋਧਣ ਲਈ ਭੇਜਿਆ। ਬਾਬਾ ਅਜੀਤ ਸਿੰਘ ਨੇ ਬਸੀ ਕਲਾਂ ਪਿੰਡ ਜਾ ਕੇ ਹਾਕਮ ਨੂੰ ਫੜ ਕੇ ਬੰਨ੍ਹ ਲਿਆ ਅਤੇ ਅਨੰਦਪੁਰ ਸਾਹਿਬ ਗੁਰੂ ਜੀ ਦੇ ਪੇਸ਼ ਕੀਤਾ। ਇਸ ਜੰਗ ਵਿੱਚ ਸ਼ਹੀਦ



ਹੋਏ ਸਿੰਘਾਂ ਦੀ ਯਾਦ ਵਜੋਂ ਗੁਰਦੁਆਰਾ ਸ਼ਹੀਦ ਲੱਧੇਵਾਲ (ਮਾਹਲਪੁਰ) ਵਿੱਚ ਸੁਭਾਇਮਾਨ ਹੈ, ਪਿੰਡ ਬਸੀਕਲਾਂ ਵਿੱਚ ਵੀ ਬਾਬਾ ਅਜੀਤ ਸਿੰਘ ਜੀ ਦੀ ਯਾਦਗਾਰ ਗੁਰਦੁਆਰਾ ਸਾਹਿਬ ਕਾਇਮ ਹੈ।

ਅਨੰਦਪੁਰ ਸਾਹਿਬ ਦੀ ਅਖ਼ੀਰਲੀ ਜੰਗ ਸਮੇਂ ਬਾਬਾ ਜੀ ਦੀ ਉਮਰ 18 ਸਾਲ ਦੀ ਸੀ ਉਸ ਸਮੇਂ ਕੇਸਗੜ੍ਹ ਸਾਹਿਬ ਦੇ ਮੋਰਚੇ ਦੀ ਕਮਾਣ ਸੰਭਾਲੀ ਅਤੇ ਦੁਸ਼ਮਣਾਂ ਨੂੰ ਅਨੰਦਪੁਰ ਸਾਹਿਬ ਦੇ ਲਾਗੇ ਨਹੀਂ ਢੁੱਕਣ ਦਿੱਤਾ। ਅਨੰਦਪੁਰ ਸਾਹਿਬ ਛੱਡਣ ਸਮੇਂ ਬਾਬਾ ਅਜੀਤ ਸਿੰਘ ਕਾਫਲੇ ਦੇ ਪਿਛਲੇ ਪਾਸਿਉਂ ਨਿਗਰਾਨੀ ਰੱਖ ਰਹੇ ਹਨ। ਦੁਸ਼ਮਣਾਂ ਨੇ ਹੱਲਾ ਬੋਲਿਆ ਤਾਂ ਯੁੱਧ ਕਰਦੇ ਹੋਏ ਸਰਸਾ ਦੇ ਨੇੜੇ ਪਹੁੰਚੇ। ਉਥੋਂ ਗੁਰੂ ਜੀ ਨੇ ਆਪ ਨੂੰ ਅੱਗੇ ਬੁਲਾ ਲਿਆ। ਬਾਬਾ ਅਜੀਤ ਸਿੰਘ ਨੇ ਸਰਸਾ ਪਾਰ ਕਰਕੇ ਰੋਪੜ ਵੱਲ ਨੂੰ ਜਾਂਦਿਆ ਪਿੰਡ ਮਲਕਪੁਰ ਨੇੜੇ ਭਾਈ ਬਚਿੱਤਰ ਸਿੰਘ ਜੋ ਕਿ ਗੰਭੀਰ ਹੋਏ ਪਏ ਸਨ ਨੂੰ ਚੁੱਕ ਕੇ ਕੋਟਲਾ ਨਿਹੰਗ ਖਾਨ ਪਹੁੰਚਾਇਆ। ਉਥੋਂ ਗੁਰੂ ਜੀ ਨੇ ਨਾਲ ਹੀ ਕੱਚੀ ਗੜ੍ਹੀ ਚਮਕੌਰ ਸਾਹਿਬ ਪਹੁੰਚ ਗਏ। ਅੱਠ ਪੋਹ ਦੇ ਦਿਨ ਦੁਪਹਿਰ ਸਮੇਂ ਜਦੋਂ ਸਿੰਘ ਗੜ੍ਹੀ ਚੋਂ ਬਾਹਰ ਜਾ ਕੇ ਜੂਝ ਰਹੇ ਸਨ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰੂ ਪਿਤਾ ਤੋਂ ਆਗਿਆ ਮੰਗੀ ਕਿ ਮੈਂ ਵੀ ਜਾ ਕੇ ਜੰਗ ਕਰਨਾ ਹੈ।

ਪਿਤਾ ਗੁਰੂ ਜੀ ਦੀ ਆਗਿਆ ਪਾ ਕੇ ਬਾਬਾ ਅਜੀਤ ਸਿੰਘ ਕੁਝ ਸਿੰਘਾਂ ਸਮੇਤ ਗੜ੍ਹੀ 'ਚੋਂ ਬਾਹਰ ਜਾ ਕੇ ਵੈਰੀ 'ਤੇ ਟੁੱਟ ਪਏ। ਬਾਬਾ ਜੀ ਨੇ ਘਮਸਾਣ ਦਾ ਜੰਗ ਕੀਤਾ, ਬੇਅੰਤ ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰਿਆ। ਇੱਕ ਪਠਾਣ ਅਨਵਰ ਖਾਂ ਦੁਸ਼ਮਣ ਫੌਜਾਂ ਦੀ ਕਮਾਨ ਕਰਦਾ ਹੋਇਆ ਸਾਹਮਣੇ ਆਇਆ। ਬਾਬਾ ਅਜੀਤ ਸਿੰਘ ਨੇ ਉਸ ਨੂੰ ਪਾਰ ਬੁਲਾ ਦਿੱਤਾ। ਪਰ ਕਿਸੇ ਕਾਇਰ ਨੇ ਪਿਛੋਂ ਵਾਰ ਕੀਤਾ ਤੇ ਸਾਹਿਬਜ਼ਾਦਾ ਜੀ ਸ਼ਹੀਦੀ ਪਾ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਉੱਚੀ ਅਟਾਰੀ ਵਿੱਚੋਂ ਆਪਣੇ ਸਪੁੱਤਰ ਨੂੰ ਸ਼ਹੀਦ ਹੁੰਦੇ ਵੇਖ ਕੇ ਅਸ਼-ਅਸ਼ ਕੀਤਾ ਤੇ ਅਕਾਲ ਪੁਰਖ ਦਾ ਸ਼ੁਕਰ ਕੀਤਾ।

**ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ**

ਆਪ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਦਸਮੀ ਸੰਮਤ 1747 (14 ਮਾਰਚ 1691 ਈ.) ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਆਪ ਜੀ ਨੇ ਧਾਰਮਿਕ ਤੇ ਸ਼ਸ਼ਤਰ ਵਿਦਿਆ ਗ੍ਰਹਿਣ ਕੀਤੀ। ਕਿਲ੍ਹਾ ਅਨੰਦਗੜ੍ਹ ਛੱਡਣ

ਤੋਂ ਬਾਅਦ ਆਪ ਪਿਤਾ ਗੁਰੂ ਜੀ, ਵੱਡੇ ਭਰਾਤਾ ਬਾਬਾ ਅਜੀਤ ਸਿੰਘ ਜੀ ਤੇ ਹੋਰ ਮਰਜੀਵੜੇ ਸਿੰਘਾਂ ਨਾਲ ਸ੍ਰੀ ਚਮਕੌਰ ਸਾਹਿਬ ਪਹੁੰਚੇ। ਬਾਬਾ ਜੁਝਾਰ ਸਿੰਘ ਜੀ ਗੜ੍ਹੀ ਦੀ ਅਟਾਰੀ ਤੇ ਬੈਠ ਕੇ ਬਾਬਾ ਅਜੀਤ ਸਿੰਘ ਅਤੇ ਹੋਰ ਸਿੰਘਾ ਦਾ ਜੰਗ ਵੇਖਦੇ ਰਹੇ। ਬਾਬਾ ਅਜੀਤ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਆਪ ਦਾ ਖ਼ੂਨ ਖੌਲਿਆ ਅਤੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੋਂ ਜੰਗ ਕਰਨ ਦੀ ਆਗਿਆ ਮੰਗੀ।

ਆਗਿਆ ਪਾ ਕੇ ਬਾਬਾ ਜੁਝਾਰ ਸਿੰਘ ਜੀ ਜਿਨ੍ਹਾਂ ਦੀ ਉਮਰ 14 ਕੁ ਸਾਲ ਦੀ ਸੀ ਸਿੰਘਾਂ ਦੇ ਜੱਥੇ ਸਮੇਤ ਜੰਗ ਵਿੱਚ ਕੁੱਦ ਪਏ। ਐਸੀ ਤਲਵਾਰ ਚਲਾਈ ਕਿ ਦੁਸ਼ਮਣਾਂ ਵਿੱਚ ਭਾਜੜਾਂ ਪੈ ਗਈਆਂ ਲੋਥਾਂ ਦੇ ਢੇਰ ਲੱਗ ਗਏ। ਘਮਸਾਣ ਦਾ ਯੁੱਧ ਕਰਦੇ ਹੋਏ ਬਾਬਾ ਜੁਝਾਰ ਸਿੰਘ ਜੀ ਵੀ ਸ਼ਹੀਦ ਹੋ ਗਏ।

## ਸ਼ਹੀਦ ਭਾਈ ਮਹਿਤਾਬ ਸਿੰਘ ਅਤੇ ਭਾਈ ਖੜਗ ਸਿੰਘ

ਇਨ੍ਹਾਂ ਸ਼ਹੀਦ ਸਿੰਘਾਂ ਦਾ ਪਿੰਡ ਪੰਜੋਲੀ, ਤਹਿਸੀਲ ਤੇ ਜ਼ਿਲ੍ਹਾ ਰੋਪੜ ਹੈ। ਚੰਡੀਗੜ੍ਹ-ਕੁਰਾਲੀ-ਰੋਪੜ ਮਾਰਗ ਤੇ ਪਿੰਡ ਰੰਗੀਲਪੁਰ ਤੋਂ ਪੁਰਖਾਲੀ ਜੋ ਕਿ ਸ਼ਿਵਾਲਿਕ ਦੇ ਟਿੱਬਿਆਂ ਕੋਲ ਵਸਿਆ ਹੈ, ਨੂੰ ਸੜਕ ਜਾਂਦੀ ਹੈ। ਰੰਗੀਲਪੁਰ ਤੋਂ 2 ਕਿ.ਮੀ. ਅੱਗੇ ਪਿੰਡ ਮੀਆਂਪੁਰ, ਮੀਆਂਪੁਰ ਤੋਂ 2 ਕਿ.ਮੀ. ਦੂਰੀ ਤੇ ਪਿੰਡ ਪੰਜੋਲੀ ਹੈ। ਇਸ ਦੇ ਲਾਗੇ ਹੀ ਪਿੰਡ ਪੰਜੋਲਾ ਹੈ। ਪਿੰਡ ਪੰਜੋਲੀ ਦੇ ਸੰਤ ਗੁਰਬਖਸ਼ ਸਿੰਘ ਹੋਏ ਹਨ ਜੋ ਕਿ ਸੰਤ ਜਵਾਲਾ ਸਿੰਘ ਹਰਖੋਵਾਲ (ਹੋਸ਼ਿਆਰਪੁਰ) ਦੇ ਡੇਰੇ ਵਿੱਚ ਸੇਵਾ ਕਰਦੇ ਰਹੇ ਹਨ। ਸੰਤ ਗੁਰਬਖਸ਼ ਸਿੰਘ ਤੋਂ 6 ਪੀੜ੍ਹੀਆਂ ਪਹਿਲਾਂ ਸ਼ਹੀਦ ਭਾਈ ਮਹਿਤਾਬ ਸਿੰਘ, ਭਾਈ ਖੜਗ ਸਿੰਘ ਹੋਏ ਹਨ। ਪੰਜੋਲੀ ਪਿੰਡ ਤੋਂ ਇਸ ਟੱਬਰ ਦਾ ਪਤਾ ਸੰਤ ਗੁਰਬਖਸ਼ ਸਿੰਘ ਦੇ ਨਾਮ ਤੋਂ ਹੀ ਲੱਗਾ। ਪਿੰਡ ਵਿੱਚ ਸ. ਅਵਤਾਰ ਸਿੰਘ, ਸ. ਸੁਰਜੀਤ ਸਿੰਘ ਦੋ ਭਰਾ ਤੇ ਉਨ੍ਹਾਂ ਦਾ ਟੱਬਰ ਵਸਦਾ ਹੈ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਬਜ਼ੁਰਗ ਸ਼ਹੀਦ ਹੋਏ ਸਨ ਪਰ ਉਨ੍ਹਾਂ ਦੇ ਨਾਮ ਅਤੇ ਸ਼ਹੀਦੀ ਅਸਥਾਨ ਦਾ ਕੋਈ ਪਤਾ ਨਹੀਂ। ਉਨ੍ਹਾਂ ਨੇ ਆਪਣੇ ਘਰ ਵਿੱਚ ਇੱਕ ਕਮਰਾ ਸ਼ਹੀਦਾਂ ਦੀ ਯਾਦਗਾਰ ਵਜੋਂ ਬਣਾਇਆ ਹੋਇਆ ਹੈ, ਜਿਸ ਨਾਲ ਨਿਸ਼ਾਨ ਸਾਹਿਬ ਝੂਲ ਰਿਹਾ ਹੈ।



## ਸ਼ਹੀਦ ਭਾਈ ਝੰਡਾ ਸਿਘ ਜੀ

ਇਸ ਸ਼ਹੀਦ ਦਾ ਪਿੰਡ ਚਤਾਮਲਾ, ਤਹਿਸੀਲ ਚਮਕੌਰ ਸਾਹਿਬ ਅਤੇ ਜ਼ਿਲ੍ਹਾ ਰੋਪੜ ਹੈ। ਕੁਰਾਲੀ-ਮੋਰਿੰਡਾ ਸੜਕ ਉਤੇ ਕੁਰਾਲੀ-ਮੋਰਿੰਡਾ ਦੇ ਵਿਚਕਾਰ ਬੱਸ ਅੱਡਾ ਚਤਾਮਲਾ ਹੈ ਇਥੋਂ ਤਕਰੀਬਨ ਇੱਕ ਕਿ.ਮੀ. ਪੂਰਬ-ਦੱਖਣ ਵੱਲ ਚਤਾਮਲਾ ਪਿੰਡ ਵਸਿਆ ਹੈ। ਜੇਕਰ ਖਰੜ-ਮੋਰਿੰਡਾ ਸੜਕ ਵਲੋਂ ਜਾਣਾ ਹੋਵੇ ਤਾਂ ਘੜੂੰਆਂ ਪਿੰਡ ਲੰਘ ਕੇ ਸਜੇ ਪਾਸੇ ਹੀ ਪਿੰਡ ਮਾਨਖੇੜੀ ਦਾ ਗੇਟ ਬਣਿਆ ਹੋਇਆ ਹੈ, ਪਿੰਡ ਮਾਨ ਖੇੜੀ ਤੋਂ 2 ਕਿ.ਮੀ. ਉੱਤਰ ਦਿਸ਼ਾ ਵੱਲ ਚਤਾਮਲਾ ਪਿੰਡ ਹੈ। ਇਸ ਪਿੰਡ ਵਿੱਚ 1947 ਤੋਂ ਪਹਿਲਾਂ ਮੁਸਲਮਾਨ ਰਹਿੰਦੇ ਸਨ। ਸ਼ਹੀਦਾਂ ਦਾ ਪਰਿਵਾਰ, ਮੁਸਲਮਾਨ ਰੰਘੜਾਂ ਦੇ ਤੰਗ ਕਰਨ ਤੋਂ ਪਿੰਡ ਮੜੌਲੀ ਕਲਾਂ ਵਿੱਚ ਜਾ ਕੇ ਰਹਿਣ ਲੱਗਾ। ਅੱਜ ਕਲ੍ਹ ਸ. ਭਜਨ ਸਿੰਘ, ਸ਼ਹੀਦ ਦੀ ਯਾਦਗਾਰ ਦੇ ਪਿੰਡ ਚਤਾਮਲੇ ਰਹਿੰਦਾ ਹੈ। ਰਾਮਦਾਸੀਆਂ ਦੇ ਗੁਰਦੁਆਰੇ ਦੇ ਕੋਲ ਹੀ ਉਸ ਦਾ ਘਰ ਹੈ ਜਿਥੇ ਇਕ ਕਮਰਾ ਸ਼ਹੀਦ ਦੀ ਯਾਦਗਾਰ ਵਜੋਂ ਕਾਇਮ ਹੈ ਅਤੇ ਨਿਸ਼ਾਨ ਸਾਹਿਬ ਲਹਿਰਾਉਂਦਾ ਹੈ। ਇਹ ਯਾਦਗਾਰ ਪਾਕਿਸਤਾਨ ਬਣਨ ਤੋਂ ਪਹਿਲਾਂ ਦੀ ਹੀ ਬਣੀ ਹੋਈ ਹੈ। ਸ਼ਹੀਦੀ ਪਰਿਵਾਰ ਦੇ ਹੋਰ ਮੈਂਬਰ ਮੜੌਲੀ ਕਲਾਂ, ਮੋਰਿੰਡਾ ਅਤੇ ਮਨੀਮਾਜਰੇ ਰਹਿੰਦੇ ਹਨ।

## ਸ਼ਹੀਦ ਭਾਈ ਮਦਨ ਸਿੰਘ, ਕੋਠਾ/ਕਾਠਾ ਸਿੰਘ ਜੀ

ਰਾਜਪੁਰਾ ਕਸਬੇ ਤੋਂ ਲੱਗਭਗ 20 ਕਿ.ਮੀ. ਉੱਤਰ ਵੱਲ ਅਤੇ ਰੇਲਵੇ ਸਟੇਸ਼ਨ ਸਾਧੂ ਗੜ੍ਹ ਤੋਂ 8 ਕਿ.ਮੀ. ਚੜ੍ਹਦੇ ਵਲ ਪਿੰਡ ਭਗੜਾਣਾ ਹੈ। ਇਹ ਪਿੰਡ, ਤਹਿਸੀਲ ਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਵੱਸਿਆ ਹੈ। ਇਸ ਪਿੰਡ ਦੇ ਉੱਤਰ-ਪੂਰਬ ਵਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਹੈ। ਇਸ ਪਿੰਡ ਦੇ ਵਸਨੀਕ ਭਾਈ ਦਿਆਲਾ ਜੀ ਸਨ। ਉਨ੍ਹਾਂ ਨੇ ਸਿੱਖੀ ਧਾਰਨ ਕਰ ਲਈ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਸੰਤਾਨ ਪ੍ਰਾਪਤੀ ਦਾ ਵਰ ਪ੍ਰਾਪਤ ਕੀਤਾ। ਉਨ੍ਹਾਂ ਦੇ ਘਰ ਭਾਈ ਮਦਨ ਸਿੰਘ ਅਤੇ ਕੋਠਾ ਸਿੰਘ ਨੇ ਜਨਮ ਲਿਆ। ਭਾਈ ਦਿਆਲਾ ਜੀ ਨੇ ਗੁਰੂ ਤੇਗ ਬਹਾਦਰ ਜੀ ਦੇ ਕੀਤੇ ਬਚਨਾਂ ਅਨੁਸਾਰ ਦੋਹਾਂ ਪੁੱਤਰਾਂ ਨੂੰ ਗੁਰੂ ਗੋਬਿੰਦ ਸਿੰਘ

ਜੀ ਕੋਲ ਅਨੰਦਪੁਰ ਸਾਹਿਬ ਭੇਜ ਦਿੱਤਾ। ਦੋਵੇਂ ਭਰਾ ਗੁਰੂ ਜੀ ਦੇ ਘੋੜਿਆਂ ਦੀ ਸੇਵਾ ਬੜੇ ਚਾਅ ਅਤੇ ਪਿਆਰ ਨਾਲ ਕਰਦੇ ਸਨ। ਭਾਈ ਮਦਨ ਸਿੰਘ ਇੱਕ ਉੱਤਮ ਕਵੀ ਵੀ ਸਨ। ਗੁਰੂ ਜੀ ਦੇ 52 ਕਵੀਆਂ ਵਿੱਚ ਆਪ ਦਾ ਨਾਮ ਦਰਜ਼ ਹੈ। ਇਨ੍ਹਾਂ ਦੋਹਾਂ ਸੂਰਬੀਰ ਸਿੰਘਾਂ ਦਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈਆਂ ਸਾਰੀਆਂ ਜੰਗਾਂ ਵਿੱਚ ਭਾਗ ਲੈਣਾ ਸੁਭਾਵਿਕ ਹੈ। ਦੋਵੇਂ ਭਰਾ ਗੁਰੂ ਜੀ ਨਾਲ ਸ੍ਰੀ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਵਿੱਚ ਪਹੁੰਚੇ। ਦਸਮੇਸ਼ ਪਿਤਾ ਨੇ ਦੋਹਾਂ ਭਰਾਵਾਂ ਨੂੰ ਗੜ੍ਹੀ ਦੇ ਦਰਵਾਜੇ ਉੱਤੇ ਪਹਿਰੇ ਤੇ ਨਿਯੁਕਤ ਕੀਤਾ। ਅੱਠ ਪੋਹ ਦੇ ਦਿਨ ਦੁਸਮਣਾ ਨੇ ਦਰਵਾਜ਼ੇ ਤੇ ਜੋਰਦਾਰ ਹਮਲਾ ਕੀਤਾ ਜਿਸ ਦਾ ਮੁਕਾਬਲਾ ਭਾਈ ਮਦਨ ਸਿੰਘ ਅਤੇ ਭਾਈ ਕਾਠਾ ਸਿੰਘ ਨੇ ਡਟ ਕੇ ਕੀਤਾ। ਜਿੰਨੀ ਦੇਰ ਤਕ ਸਿੱਕਾ ਬਾਰੂਦ ਦਾ ਭੰਡਾਰ ਕਾਇਮ ਰਿਹਾ ਇਨ੍ਹਾਂ ਸੂਰਬੀਰਾਂ ਨੇ ਕਿਸੇ ਨੂੰ ਵੀ ਨੇੜੇ ਨਹੀਂ ਢੁੱਕਣ ਦਿੱਤਾ। ਜਦੋਂ ਬਾਰੂਦ ਖਤਮ ਹੋ ਗਿਆ ਦੋਵੇਂ ਸਿੰਘ ਤਲਵਾਰਾਂ ਸੂਤ ਕੇ ਦਰਵਾਜੇ ਤੋਂ ਬਾਹਰ ਜਾ ਕੇ ਵੈਰੀ ਦਲ ਦਾ ਟੋਕਾ ਕਰਨ ਲੱਗੇ। ਇਸ ਪ੍ਰਕਾਰ ਘੋਰ ਸੰਗ੍ਰਾਮ ਕਰਕੇ ਦੁਸ਼ਮਣਾਂ ਨੂੰ ਪਿੱਛੇ ਧਕੇਲ ਦਿੱਤਾ। ਪਿੱਛੇ ਹੱਟ ਰਹੀ ਫੌਜ ਵਿਚੋਂ ਇੱਕ ਪਠਾਣ ਬਹੁਤ ਕਾਹਲੀ ਨਾਲ ਗੇਟ ਵਲ ਵਧਿਆ ਤੇ ਲੜਦਾ ਹੋਇਆ ਦੋ ਸਿੰਘਾਂ ਨੂੰ ਮਾਰ ਕੇ ਆਪ ਵੀ ਖਤਮ ਹੋ ਗਿਆ।

ਭਾਈ ਮਦਨ ਸਿੰਘ ਤੇ ਭਾਈ ਕੋਠਾ ਸਿੰਘ ਕਿਉਂਕਿ ਇਹ ਦੋਵੇਂ ਭਰਾ ਗੇਟ ਤੇ ਲੜ੍ਹ ਰਹੇ ਸਨ। ਸ਼ਾਇਦ ਇਹ ਦੋਵੇਂ ਭਰਾ ਚਮਕੌਰ ਸਾਹਿਬ ਵਿੱਚ ਸ਼ਹੀਦ ਹੋਣ ਵਾਲੇ ਸਭ ਤੋਂ ਪਹਿਲੇ ਸਿੰਘ ਸਨ।

## ਸ਼ਹੀਦ ਭਾਈ ਤੁਲ੍ਹਾ ਸਿੰਘ ਤੇ ਭਾਈ ਮਾਹਲਾ ਸਿੰਘ

ਗੁਰੂ ਘਰ ਨਾਲ ਜੁੜੇ ਪਰਮਾਰ (ਪੰਵਾਰ) ਅਤੇ ਚੌਹਾਨ ਪਰਿਵਾਰਾਂ ਤੋਂ ਬਾਅਦ ਤੀਜਾ ਰਾਠੌਰ ਖਾਨਦਾਨ ਹੈ। ਇਸ ਪਰਿਵਾਰ ਨੇ ਵੀ ਸਿੱਖੀ ਵਾਸਤੇ ਬਹੁਤ ਕੁਰਬਾਨੀਆਂ ਦਿੱਤੀਆਂ ਹਨ। ਇਸੇ ਖਾਨਦਾਨ ਵਿਚੋਂ ਦੋ ਸੂਰਬੀਰ ਸਿੰਘ ਭਾਈ ਤੁਲ੍ਹਾ ਸਿੰਘ ਤੇ ਭਾਈ ਮਾਹਲਾ ਸਿੰਘ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਏ। ਇਨ੍ਹਾਂ ਸਿੰਘਾਂ ਦਾ ਸਬੰਧ ਲਾਡਵਾ ਕਸਬੇ ਨਾਲ ਹੈ। ਲਾਡਵਾ ਸ਼ਹਿਰ ਅੱਜਕਲ੍ਹ ਜ਼ਿਲ੍ਹਾ ਕੁਰੂਕਸ਼ੇਤਰ, ਹਰਿਆਣਾ ਦੀ ਇੱਕ ਤਹਿਸੀਲ ਹੈ। ਕੁਰੂਕਸ਼ੇਤਰ ਤੋਂ 21 ਕਿ.ਮੀ. ਅਤੇ ਸ਼ਾਹਬਾਦ ਮਾਰਕੰਡਾ ਤੋਂ 23 ਕਿ.ਮੀ.



ਚੜ੍ਹਦੇ ਵਲ ਇਹ ਸ਼ਹਿਰ ਵਾਕਿਆ ਹੈ। ਸੀਨਾ-ਬਸੀਨਾ ਚਲੀ ਆਉਂਦੀ ਵਾਰਤਾ ਤੋਂ ਇਹ ਪਤਾ ਲੱਗਦਾ ਹੈ ਕਿ ਇਨ੍ਹਾਂ ਸ਼ਹੀਦਾਂ ਦੇ ਦਾਦਾ ਜੀ ਲਖਨੌਰ ਸਾਹਿਬ (ਅੰਬਾਲਾ) ਵਿੱਚ ਵਿਆਹੇ ਹੋਏ ਸਨ। ਇਨ੍ਹਾਂ ਸ਼ਹੀਦਾਂ ਦੀ ਯਾਦਗਾਰ ਲਾਡਵਾ ਸ਼ਹਿਰ ਵਿੱਚ ਕਾਇਮ ਹੈ। ਇਹ ਯਾਦਗਾਰ ਜੋ ਕਿ ਇਹ ਮੱਠ ਦੀ ਸ਼ਕਲ ਵਿੱਚ ਸੰਭਾਲਖਾ ਰੋਡ, ਸੰਤ ਨਿਸਚਲ ਸਿੰਘ ਪਬਲਿਕ ਸਕੂਲ ਲਾਡਵਾ ਦੇ ਸਾਮਣੇ ਹੈ।

ਇਹ ਯਾਦਗਾਰ ਸ਼ਹੀਦਾਂ ਦੇ ਵਾਰਸਾਂ ਨੇ ਸ੍ਰੀ ਚਮਕੌਰ ਸਾਹਿਬ ਤੋਂ ਸ਼ਹੀਦੀ ਅੰਗੀਠੇ ਵਿਚੋਂ ਰਾਖ ਲਿਆ ਕੇ ਬਣਾਈ ਸੀ। ਇਸ ਦੇ ਬਨਾਉਣ ਦਾ ਸਮਾਂ 200-250 ਸਾਲ ਪੁਰਾਣਾ ਦੱਸਿਆ ਗਿਆ ਹੈ। ਇਸ ਸਮਾਧ ਵਾਲੀ ਥਾਂ ਤੇ ਪਹਿਲਾਂ ਅੰਬਾਂ ਦਾ ਬਾਗ ਹੁੰਦਾ ਸੀ ਅਤੇ ਲਾਡਵਾ ਨਿਵਾਸੀ ਸਿੱਖ ਸੰਗਤ ਇਸ ਥਾਂ ਦੀ ਮਾਨਤਾ ਕਰਦੀ ਹੁੰਦੀ ਸੀ।

ਬਾਬਾ ਆਤਮਾ ਸਿੰਘ ਬਾਬਾ ਰਾਮ ਸਿੰਘ ਡੇਰਾ ਸੰਭਾਲਖਾ ਵਾਲਿਆਂ ਨੇ ਇਸ ਥਾਂ ਨੂੰ ਪਰਗਟ ਕੀਤਾ ਅਤੇ ਸੰਗਤ ਨੂੰ ਦੱਸਿਆ ਕਿ ਇਹ ਸ਼ਹੀਦ ਸਿੰਘਾਂ ਦੀ ਯਾਦਗਾਰ ਹੈ। ਹਰੇਕ ਸਾਲ ਮਾਘੀ ਵਾਲੇ ਦਿਨ ਸ਼ਹੀਦਾਂ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਂਦੇ ਹਨ ਅਤੇ ਸਾਰਾ ਦਿਨ ਦੀਵਾਨ ਸਜਾਏ ਜਾਂਦੇ ਹਨ। ਸ਼ਹੀਦਾਂ ਦੇ ਵਾਰਸ ਪਰਿਵਾਰ, ਲਾਡਵਾ, ਕੁਰੂਕਸ਼ੇਤਰ ਜਿਲ੍ਹੇ ਦੇ ਪਿੰਡਾਂ ਅਤੇ ਮੇਰਠ (ਉ.ਪ੍ਰ.) ਦੇ ਕਕੜੀਪੁਰ, ਨਾਲਾ ਪਿੰਡਾਂ ਵਿੱਚ ਵੱਸਦੇ ਹਨ।

* * * *

# ਅੰਬਰੀਂ ਕਿੱਕ ਲਾਉਣ ਵਾਲਾ ਪਰਮਿੰਦਰ ਸਿੰਘ

**- ਡਾ. ਰਾਜਿੰਦਰ ਸਿੰਘ ਕੁਰਾਲੀ**
**ਮੋਬਾ. 7009356607**

ਪਰਮਿੰਦਰ ਸਿੰਘ ਕੰਗ ਫੁਟਬਾਲ ਦਾ ਨਾਮਵਰ ਖਿਡਾਰੀ ਹੀ ਨਹੀਂ ਫੁਟਬਾਲ ਦਾ ਸੱਚਾ ਪੁਜਾਰੀ ਵੀ ਹੈ। ਉਹ 1983-1986 ਤੱਕ ਭਾਰਤੀ ਫੁਟਬਾਲ ਟੀਮ ਦਾ ਕਪਤਾਨ ਰਿਹਾ। ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਉਤਸਵ 'ਤੇ ਪੰਜਾਬ ਸਰਕਾਰ ਵੱਲੋਂ ਆਪਣੇ ਖੇਤਰਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀਆਂ 550 ਚੋਣਵੀਆਂ ਸਨਮਾਨਤ ਕੀਤੀਆਂ ਸ਼ਖ਼ਸੀਅਤਾਂ ਵਿੱਚ ਉਸ ਦਾ ਨਾਮ ਸ਼ੁਮਾਰ ਸੀ। ਪਰਮਿੰਦਰ ਸਿੰਘ ਪੰਜਾਬ ਦਾ ਮਾਣ, ਭਾਰਤ ਦੀ ਸ਼ਾਨ ਤੇ ਏਸ਼ੀਆ ਦਾ ਸਟਾਰ ਰਿਹਾ ਹੈ। ਮੈਦਾਨ ਉਸ ਦੀ ਸਾਧਨਾ ਦੀ ਕਰਮ-ਭੂਮੀ ਹੈ। ਫੁਟਬਾਲ ਉਸ ਲਈ ਸ਼ੌਕ ਹੀ ਨਹੀਂ ਪਿਤਾ ਦਾ ਸੁਪਨਾ ਵੀ ਹੈ। ਫੁਟਬਾਲ ਉਸ ਦਾ ਕੈਰੀਅਰ ਪਛਾਣ ਤੇ ਪ੍ਰਤਿਬਧਤਾ ਹੈ। ਫੁਟਬਾਲ ਤੇ ਪਰਮਿੰਦਰ ਅਭੇਦ ਹਨ। ਉਸ ਦੀ ਜ਼ਿੰਦਗੀ ਦੀ ਗਰਾਊਂਡ ਵਿਚ ਉੱਛਲਦੀ ਫੁੱਟਬਾਲ ਅਕਾਸ਼ ਨਾਲ ਗੱਲਾਂ ਕਰਦੀ ਫਤਿਹ ਦਾ ਮਿਨਾਰ ਬਣ ਜਾਂਦੀ ਹੈ। ਉਸ ਨੂੰ ਹਰਾ-ਭਰਾ ਮੈਦਾਨ ਮਹਿਕਦਾ ਅਤੇ ਫੁਟਬਾਲ ਸੁਨਹਿਰੀ ਰੰਗ ਦੀ ਨਜ਼ਰ ਆਉਂਦੀ ਹੈ। ਮੈਦਾਨ ਵਿੱਚ ਉਸ ਦਾ ਤਨ ਨਹੀਂ ਮਨ ਖੇਡਦਾ ਤੇ ਰੂਹ ਫੁਟਬਾਲ ਨੂੰ ਸਿਜਦਾ ਕਰਦੀ ਹੈ। ਇਸੇ ਲਈ ਮਿੱਡਫੀਲਡਰ ਪਰਮਿੰਦਰ ਸਿੰਘ ਕੰਗ ਨੇ ਫੁੱਟਬਾਲ ਦੀ ਖੇਡ ਵਿਚ ਬੇਤਾਜ਼ ਬਾਦਸ਼ਾਹ ਵਾਂਗ ਵਿਚਰਦਿਆਂ ਅਨੇਕ ਕੀਰਤੀਮਾਨ ਸਥਾਪਤ ਕਰ ਕੇ ਪੰਜਾਬੀਆਂ ਦੀ ਬੱਲੇ-ਬੱਲੇ ਕਰਵਾਈ ਹੈ। ਵੀਕੀਪੀਡਿਆ ਵਿੱਚ ਉਸ ਦੇ ਵੇਰਵੇ ਲੰਮੇ ਕੈਰੀਅਰ ਦੀਆਂ ਪ੍ਰਾਪਤੀਆਂ ਨਾਲ ਭਰਪੂਰ ਹਨ।

ਵੱਡੀਆਂ ਕਾਮਯਾਬੀਆਂ ਦਾ ਅੰਬਰ ਛੂਹ ਲੈਣ ਦੇ ਬਾਵਜ਼ੂਦ ਉਸ ਦੇ ਕਦਮ ਨਿਮਰਤਾ ਦੀ ਜ਼ਮੀਨ 'ਤੇ ਹਨ। ਉਸ ਨਾਲ ਗੱਲ-ਬਾਤ ਵਿਚ ਮਾਪਿਆਂ ਤੋਂ ਮਿਲੀ ਤਹਿਜ਼ੀਬ ਤੇ ਆਪਣੇ-ਪਣ ਦਾ ਪ੍ਰਭਾਵ ਝਲਕਦਾ ਹੈ। ਉਸ ਦੇ ਦਿਲ ਅੰਦਰ ਉਦਾਰਤਾ ਦੀ ਅਮੀਰੀ ਦੀ ਚਮਕ ਤੇ ਵਿਵਹਾਰ ਦੀ ਸੁਹਿਰਦਤਾ ਹੈ। ਫੂੰ-ਫਾਂ ਉਸ ਦੇ ਨੇੜੇ ਤੋਂ ਵੀ ਨਹੀਂ ਲੰਘਦੀ। ਉਹ ਮਾਪਿਆਂ ਦਾ ਸਰਵਣ ਪੁੱਤਰ ਤੇ ਕੁਰਾਲੀ ਦਾ 24 ਕੈਰਟ ਦਾ ਖਰਾ ਸੋਨਾ ਹੈ। ਉਹ ਰਹਿੰਦਾ ਕਨੈਡਾ ਵਿੱਚ ਹੈ



ਪਰ ਆਪਣੇ ਪੁਰਖਿਆਂ ਦੀ ਮਿੱਠੀ ਪੁਆਧੀ-ਪੰਜਾਬੀ ਬੋਲ ਕੇ ਫ਼ਖ਼ਰ ਮਹਿਸੂਸ ਕਰਦਾ ਹੈ। ਆਪਣੀ ਜਨਮ-ਭੂਮੀ ਦੇ ਨਾਮ ਦੀ ਮਾਲਾ ਫੇਰਦਾ ਹੈ ਤੇ ਵਤਨ ਨੂੰ ਫੇਰਾ ਪਾਉਣ ਲਈ ਉਸ ਦੀ ਰੂਹ ਤਾਂਘਦੀ ਹੈ। ਉਹ ਕੁਰਾਲੀ ਨੂੰ ਮਾਂ ਵਾਂਗ ਯਾਦ ਕਰਦਾ ਹੈ।



**ਪਰਮਿੰਦਰ ਸਿੰਘ ਕੰਗ**

ਪਰਮਿੰਦਰ ਸਿੰਘ ਨੂੰ ਸਮੇਂ ਦਾ ਸਿਕੰਦਰ ਬਣਾਉਣ ਵਿੱਚ ਉਸ ਦੇ ਪਿਤਾ ਮੇਹਰ ਸਿੰਘ ਤੇ ਕੋਚ ਨਾਮ ਨਰਾਇਣ ਸਿੰਘ ਦਾ ਵੱਡਾ ਹੱਥ ਹੈ। ਪਰਮਿੰਦਰ ਸਿੰਘ ਦੇ ਪਿਤਾ ਖਾਲਸਾ ਹਾਇਰ ਸੈਕੰਡਰੀ ਸਕੂਲ ਕੁਰਾਲੀ ਸਮਾਜਿਕ ਸਿੱਖਿਆ ਦੇ ਅਧਿਆਪਕ ਸਨ।

ਪਰਮਿੰਦਰ ਸਿੰਘ ਨੂੰ ਖੇਡ ਦੇ ਗੁਰ ਸਮਝਾਉਣ ਵਿੱਚ ਉਸ ਦੇ ਕੋਚ ਨਾਮ ਨਰਾਇਣ ਸਿੰਘ ਦਾ ਯੋਗਦਾਨ ਰਿਹਾ ਹੈ। ਨਾਮ ਨਰਾਇਣ ਸਿੰਘ ਆਪ ਕਬੱਡੀ ਤੇ ਫੁੱਟਬਾਲ ਦਾ ਮੰਝਿਆ ਹੋਇਆ ਖਿਡਾਰੀ ਤੇ ਸਤ ਪੱਤਣਾਂ ਦਾ ਤਾਰੂ ਸੀ।

1982 ਏਸ਼ੀਅਨ ਖੇਡਾਂ ਨਵੀਂ ਦਿੱਲੀ ਦਾ ਸਾਲ ਯਾਦਗਾਰੀ ਸੀ। ਕੁਰਾਲੀ ਸ਼ਹਿਰ ਤੇ ਇਲਾਕੇ ਨੂੰ ਦਿਵਾਲੀ ਵਰਗਾ ਗੋਡੇ ਗੋਡੇ ਚਾਅ ਚੜ੍ਹਿਆ ਹੋਇਆ ਸੀ। 5 ਫਰਵਰੀ, 1957 ਨੂੰ ਕੁਰਾਲੀ ਵਿਖੇ ਮਾਤਾ ਅਜਮੇਰ ਕੌਰ ਦੀ ਕੁੱਖ ਤੋਂ ਜਨਮੇ ਇਸ ਹੀਰੇ ਪੁੱਤਰ ਨੇ ਪਹਿਲੀ ਤੋਂ ਦਸਵੀਂ ਤੱਕ ਦੀ ਪੜ੍ਹਾਈ ਆਪਣੇ ਪਿਤਾ ਮਿਹਰ ਸਿੰਘ ਜੀ ਦੀ ਛਤਰ ਛਾਇਆ ਹੇਠ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਕੁਰਾਲੀ ਤੋਂ ਕੀਤੀ। ਉਹ ਦੋ ਸਾਲ ਸਪੋਰਟਸ ਕਾਲਜ ਜਲੰਧਰ ਪੜ੍ਹਿਆ। ਉਹ 1974-1976 ਤੱਕ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦਾ ਵਿਦਿਆਰਥੀ ਰਿਹਾ। ਬੀ.ਏ. ਭਾਗ ਪਹਿਲਾ ਕਰਦਿਆਂ ਹੋਣਹਾਰ ਬਿਰਵਾਨ ਕੇ ਹੋਤ ਚਿਕਣੇ ਪਾਤ ਅਨੁਸਾਰ ਉਸ ਦੀ ਫੁਟਬਾਲ ਵਿੱਚ ਗੁੱਡੀ ਚੜ੍ਹਨ ਲੱਗੀ। ਉਹ ਪਹਿਲਾਂ ਭਾਰਤੀ ਜੂਨੀਅਰ ਟੀਮ ਲਈ ਚੁਣਿਆ ਗਿਆ ਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਉਸ ਨੂੰ ਸੀਨੀਅਰ ਟੀਮ ਵਿਚ ਜਗ੍ਹਾ ਬਣਾ ਲੈਣ ਵਿਚ ਦੇਰ ਨਾ ਲੱਗੀ। ਪੜ੍ਹਾਈ ਦੀ ਨਿਰੰਤਰਤਾ ਵਿੱਚ ਖੇਡਾਂ ਦੇ ਰੁਝੇਵੇਂ ਕਾਰਨ ਵਿਘਨ

ਪਿਆ ਪਰ ਫੁਟਬਾਲ ਵਿਚ ਉਸ ਨੇ ਸ਼ਤਾਬਦੀ ਗੱਡੀ ਦੀ ਰਫ਼ਤਾਰ ਫੜ੍ਹ ਲਈ ਤੇ ਮੁੜ ਕੇ ਪਿੱਛੇ ਨਾ ਦੇਖਿਆ। ਗੁਰੂ ਨਾਨਕ ਕਾਲਜ ਫਗਵਾੜਾ ਤੋਂ 1994 ਵਿਚ ਉਸ ਨੇ ਗ੍ਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ।

1976 ਵਿੱਚ ਆਪਣੀ ਖੇਡ ਦੇ ਦਮ 'ਤੇ ਉਹ ਬਾਰਡਰ ਸਿਕਓਰਟੀ ਫੋਰਸ ਵਿਚ ਸਿੱਧਾ ਇੰਸਪੈਕਟਰ ਭਰਤੀ ਹੋ ਗਿਆ। ਫਿਰ ਦੇਸ ਦੀ ਮਸ਼ਹੂਰ ਟੀਮ ਜੇ. ਸੀ. ਟੀ ਫਗਵਾੜਾ ਵਿਚ ਉਸ ਨੇ 1978 ਤੋਂ 1994 ਤੱਕ ਪੂਰੇ ਸੋਲਾਂ ਸਾਲ ਧੁਮਾਂ ਪਾਈਆਂ। 1975 ਵਿੱਚ ਉਹ ਭਾਰਤੀ ਫੁਟਬਾਲ ਟੀਮ ਦਾ ਮੈਂਬਰ ਬਣਿਆ। 1983 ਤੋਂ 1986 ਤੱਕ ਭਾਰਤੀ ਟੀਮ ਦੇ ਕਪਤਾਨ ਦਾ ਤਾਜ਼ ਉਸ ਦੇ ਸਿਰ 'ਤੇ ਸਜਿਆ ਰਿਹਾ। ਇਸ ਤੋਂ ਪਹਿਲਾਂ ਉਹ ਉਪ ਕਪਤਾਨ ਦੀ ਭੂਮਿਕਾ ਨਿਭਾਉਂਦਾ ਰਿਹਾ ਸੀ। ਉਹ ਖੇਡ ਰਣਨੀਤੀ ( ਗੇਮ ਸਟੈਟਜ਼ੀ) ਬਣਾਉਣ ਵਿੱਚ ਮੋਹਰੀ ਰੋਲ ਅਦਾ ਕਰਦਾ ਰਿਹਾ। 1995 ਤੋਂ 2011 ਤੱਕ ਉਸ ਨੇ ਬਤੌਰ ਕੋਚ ਜੇ.ਸੀ.ਟੀ. ਦੀ ਟੀਮ ਨੂੰ ਸਿਖਰਾਂ ਤੇ ਪਹੁੰਚਾਇਆ। ਉਸ ਦੀ ਜੇ.ਸੀ.ਟੀ. ਨਾਲ ਯਾਦਗਾਰੀ ਸਾਂਝ ਦਾ ਮਾਣਮੱਤਾ ਸਫ਼ਰ 33 ਸਾਲ ਤੱਕ ਫੈਲਿਆ ਹੋਇਆ ਹੈ। ਉਹ ਪੰਜਾਬ ਫੁਟਬਾਲ ਐਸੋਸੀਏਸ਼ਨ ਦਾ 2011 ਤੋਂ 2015 ਤੱਕ ਸੈਕਟਰੀ ਰਿਹਾ। ਉਸ ਨੇ ਆਪਣੀ ਸਾਰੀ ਉਮਰ ਫੁਟਬਾਲ ਦੇ ਲੇਖੇ ਲਾਉਣ ਦਾ ਪਹਾੜ ਜਿਹਾ ਦ੍ਰਿੜ ਨਿਸ਼ਚਾ ਕੀਤਾ ਹੋਇਆ ਹੈ।

1982 ਵਿੱਚ ਉਸ ਨੇ ਵੱਡਾ ਮਾਅਰਕਾ ਮਾਰਦਿਆਂ ਏਸ਼ੀਅਨ ਆਲ ਸਟਾਰ ਵਿੱਚ ਆਪਣਾ ਨਾਮ ਦਰਜ ਕਰਵਾਇਆ। ਇਹ ਦੇਸ ਲਈ ਮਾਣ ਵਾਲੀ ਗੱਲ ਸੀ। ਪਰਮਿੰਦਰ ਸਿੰਘ ਏਸ਼ੀਅਨ ਆਲ ਸਟਾਰ ਦੇ 1966 ਵਿੱਚ ਕਪਤਾਨ ਰਹੇ ਪ੍ਰਸਿੱਧ ਅਰਜਨ ਐਵਾਰਡੀ ਖਿਡਾਰੀ ਜਰਨੈਲ ਸਿੰਘ ਢਿੱਲੋਂ ਉਲੰਪਿਅਨ ਨੂੰ ਆਦਰਸ਼ ਮੰਨਦਾ ਹੈ।

ਪਰਮਿੰਦਰ ਸਿੰਘ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਇਸੰਟੀਚਿਊਟ ਪਟਿਆਲਾ ਤੋਂ ਡਿਪਲੋਮਾ ਇਨ ਫੁਟਬਾਲ ਕੋਚਿੰਗ ਕੀਤਾ ਤੇ ਫੁਟਬਾਲ ਨਾਲ ਸਬੰਧਿਤ ਕਈ ਹੋਰ ਵਕਾਰੀ ਤੇ ਮਿਆਰੀ ਕੋਰਸ ਮਲੇਸ਼ੀਆ, ਬੰਗਲੋਰ, ਜਮਸ਼ੈਦਪੁਰ, ਦਿੱਲੀ ਤੇ ਕਲਕੱਤਾ ਆਦਿ ਥਾਵਾਂ ਤੋਂ ਕੀਤੇ। ਉਹ ਖਾਲਸਾ ਹਾਇਰ ਸੈਕੰਡਰੀ ਸਕੂਲ ਕੁਰਾਲੀ, ਲਾਇਲਪੁਰ ਖਾਲਸਾ ਕਾਲਜ ਜਲੰਧਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀਆਂ ਟੀਮਾਂ ਵਿੱਚ ਖੇਡ ਕੇ ਨਵੇਂ ਕੀਰਤੀਮਾਨ ਸਥਾਪਿਤ ਕਰਦਾ ਰਿਹਾ। ਜੇ. ਸੀ.ਟੀ. ਫਗਵਾੜਾ ਨਾਲ ਉਸ ਦਾ ਸਫ਼ਰ



ਯਾਦਗਾਰੀ ਰਿਹਾ। ਪਹਿਲਾਂ ਖਿਡਾਰੀ ਦੇ ਰੂਪ ਵਿਚ ਫੇਰ ਉਸ ਨੇ ਕੋਚ ਦੇ ਰੂਪ ਵਿੱਚ ਜੇ.ਸੀ.ਟੀ. ਦੀ ਕਮਾਨ ਸੰਭਾਲੀ ਤੇ ਨਵੇਂ ਪੂਰਨੇ ਪਾਏ।

ਪਰਮਿੰਦਰ ਬਣਨਾ ਸੌਖਾ ਨਹੀਂ ਹੈ। ਉਸ ਕੋਲ ਬਾਲ ਆਉਂਦੀ ਤਾਂ ਉਹ ਤੂਫਾਨ ਵਾਂਗ ਵੱਧਦਾ, ਦਰਸ਼ਕਾਂ ਦੇ ਦਿਲ ਧੜਕਦੇ ਤੇ ਵਿਰੋਧੀ ਟੀਮ ਵਿਚ ਖਲਬਲੀ ਮੱਚ ਜਾਂਦੀ। ਉਹ 19 ਵਾਰ ਸੰਤੋਸ਼ ਟਰਾਫੀ ਖੇਡਿਆ। ਪੰਜਾਬ ਦੀ ਕਪਤਾਨੀ ਕਰਦਿਆਂ ਉਸ ਨੂੰ 100ਵਾਂ ਡੁਰਾਂਡ ਕੱਪ ਫਤਿਹ ਕਰਨ ਦਾ ਮਾਣ ਹਾਸਲ ਹੋਇਆ। 1992 ਵਿੱਚ ਪ੍ਰਧਾਨ ਮੰਤਰੀ ਨਰਸਿਮਾ ਰਾਓ, ਤੋਂ ਉਸ ਨੂੰ 'Player of Decades" 'ਦਾਹਕਿਆਂ ਦੇ ਸਰਬੋਤਮ ਪਲੇਅਰ ਦਾ ਐਵਾਰਡ ਮਿਲਿਆ। ਉਸ ਦੀ ਕਪਤਾਨੀ ਵਿੱਚ ਭਾਰਤੀ ਟੀਮ ਪ੍ਰੀ ਉਲਪਿੰਕ ਸਿੰਘਾਪੁਰ, ਸੋਵੀਅਤ ਯੂਨੀਅਨ ਦੇ ਟੂਰ, ਜਵਾਹਰ ਲਾਲ ਨਹਿਰੂ ਗੋਲਡ ਕੱਪ ਤੇ ਵੈਸਟ ਇੰਡੀਜ਼ ਦੇ ਟੂਰ 'ਤੇ ਗਈ। ਉਸ ਦੀ ਟੀਮ ਨੇ ਵੈਸਟ ਜਰਮਨੀ ਨਾਲ ਵੀ ਲੋਹਾ ਲਿਆ। ਉਸ ਦੀਆਂ ਦੇਸ-ਵਿਦੇਸ਼ ਵਿਚ ਖੇਡ ਮੁਹਿੰਮਾਂ ਦੀ ਸੂਚੀ ਲੰਮੀ ਹੈ। ਸਾਲਾਂ ਤੱਕ ਉਸ ਦੇ ਨਸੀਬ ਦਾ ਤਾਰਾ ਫੁਟਬਾਲ ਦੇ ਅਸਮਾਨ ਵਿਚ ਚਮਕਦਾ ਰਿਹਾ। ਉਸ ਨੂੰ ਪੰਜਾਬ ਤੋਂ ਹੀ ਨਹੀਂ ਪੂਰੇ ਦੇਸ ਤੋਂ ਮਾਣ ਮਿਲਿਆ। ਫੁਟਬਾਲ ਦਾ ਘਰ ਕਹੇ ਜਾਣ ਵਾਲੇ ਕਲਕੱਤੇ ਵਿੱਚ ਉਸ ਦੀ ਫੋਟੋ ਵੱਡੇ ਹੋਟਲਾਂ, ਸ਼ੋਅ ਰੂਮਾਂ, ਕਲੱਬਾਂ ਤੇ ਫੁਟਬਾਲ ਪ੍ਰੇਮੀਆਂ ਦੇ ਘਰਾਂ ਤੋਂ ਲੈ ਕੇ ਖੋਖਿਆਂ ਵਾਲਿਆਂ ਤੱਕ ਨੇ ਲਾਈ ਹੋਈ ਸੀ। ਉਸ ਨੇ ਹਰ ਅਮੀਰ ਗਰੀਬ ਦਾ ਦਿਲ ਲੁੱਟਿਆ। ਪਰਮਿੰਦਰ ਸਿੰਘ ਫੁੱਟਬਾਲ ਦਾ ਚੈਂਪੀਅਨ ਹੀ ਨਹੀਂ, ਜ਼ਿੰਦਗੀ ਦਾ ਵੀ ਬਿਹਤਰ ਖਿਡਾਰੀ ਹੈ। ਉਸ ਨੇ ਜ਼ਿੰਦਗੀ ਰੱਜ ਕੇ ਮਾਣੀ ਹੈ ਮਾਪਿਆਂ ਦਾ ਆਸ਼ੀਰਵਾਦ, ਪਤਨੀ ਦਾ ਮਿੱਠਾ ਸਾਥ ਤੇ ਲੋਕਾਂ ਦਾ ਰੱਜਵਾਂ ਪਿਆਰ ਪ੍ਰਾਪਤ ਕੀਤਾ ਹੈ। ਪੁਆਧ ਖੇਤਰ ਨੂੰ ਉਸ 'ਤੇ ਮਾਣ ਹੈ।

****

# ਸ਼ਾਟ ਪੁੱਟ ਦਾ ਚੈਂਪੀਅਨ-ਮੇਜਰ ਜੋਗਿੰਦਰ ਸਿੰਘ

**- ਡਾ. ਰਾਜਿੰਦਰ ਸਿੰਘ ਕੁਰਾਲੀ**
**ਮੋਬਾ. 7009356607**

ਅਰਜਨ ਐਵਾਰਡੀ ਮੇਜਰ ਜੋਗਿੰਦਰ ਸਿੰਘ 6 ਫੁੱਟ 5 ਇੰਚ ਉੱਚੇ ਕੱਦ ਦਾ ਹੀ ਨਹੀਂ ਦਿਲ ਦਾ ਵੀ ਵੱਡਾ ਇਨਸਾਨ ਸੀ। ਉਹ ਯਾਰਾਂ ਦਾ ਯਾਰ ਡੁੱਬਦਿਆਂ ਲਈ ਤਿਣਕੇ ਦਾ ਸਹਾਰਾ ਹੀ ਨਹੀਂ ਸੰਕਟ ਮੋਚਨ ਬਣ ਕੇ ਬਹੁੜਨ ਵਾਲਾ ਰੱਬ ਦਾ ਬੰਦਾ ਸੀ। ਉਸ ਦੇ ਜੀਵਨ ਸੰਘਰਸ਼ ਦੀ ਗਾਥਾ ਬਿਖੜੇ ਪੈਂਡਿਆਂ ਦਾ ਸਫ਼ਰ ਹੈ। ਸਖ਼ਤ ਮਿਹਨਤ ਨਾਲ ਤਕਦੀਰ ਬਦਲ ਦੇਣ ਦੀ ਕਹਾਣੀ ਹੈ। ਮੌਤ ਦੇ ਖੌਫ਼ ਤੋਂ ਪਾਰ ਰੱਬ ਦਾ ਨਾਂ ਲੈ ਕੇ ਸ਼ੇਰਾਂ ਤੇ ਭਾਰੀ ਪੈਣ ਤੇ ਜ਼ਹਿਰੀਲੇ ਸੱਪਾਂ ਦੇ ਫੁੰਕਾਰਿਆਂ ਨੂੰ ਮਿੱਟੀ ਵਿੱਚ ਮਿਲਾ ਦੇਣ ਦੀ ਦਲੇਰੀ ਹੈ।



**ਮੇਜਰ ਜੋਗਿੰਦਰ ਸਿੰਘ**

"ਮਿਹਨਤ ਕਰਕੇ ਇਨਸਾਨ ਕਿਸੇ ਵੀ ਉਚਾਈ ਨੂੰ ਛੂਹ ਸਕਦਾ ਹੈ।" ਉਸਦੀ ਸਫ਼ਲਤਾ ਦਾ ਮੰਤਰ ਸੀ। ਜੰਗਲਾਂ ਵਿੱਚ ਝੱਲੀਆਂ ਮੁਸੀਬਤਾਂ ਅਤੇ ਹੱਡ-ਭੰਨਵੀਂ ਮਿਹਨਤ ਉਸ ਦੀ ਪਾਠਸ਼ਾਲਾ ਬਣ ਗਈ। ਕੁੱਟੇ ਜਾਣ 'ਤੇ ਤੂੜੀ ਬਣਨ ਦੀ ਥਾਂ ਫ਼ੌਲਾਦ ਬਣਨ ਦੇ ਵੱਢੇ ਜਾਣ 'ਤੇ ਦੂਣ ਸਵਾਈ ਹੋਣ ਵਾਲੀ ਸਿੱਖ ਕੌਮ ਦਾ ਲਾਸਾਨੀ ਇਤਿਹਾਸ ਉਸ ਨੇ ਖ਼ਾਲਸਾ ਸਕੂਲ ਤੋਂ ਪੜ੍ਹਿਆ ਸੀ। ਮੁਕਾਬਲਿਆਂ ਵਿੱਚ ਜਿੱਤਣ ਲਈ ਨਹੀਂ ਨਵੇਂ ਰਿਕਾਰਡ ਬਣਾਉਣ ਲਈ ਉਸ ਦੇ ਡੌਲੇ ਫਰਕਦੇ ਸਨ। ਉਹ ਨਿੱਕੇ ਪਿੰਡ ਵਿੱਚ ਪੈਦਾ ਹੋਇਆ ਤੇ ਵੱਡੀਆਂ ਮੱਲਾਂ ਮਾਰਨ ਵਾਲਾ ਚੈਂਪੀਅਨ ਹੋ ਨਿਬੜਿਆ। ਉਸ ਨੇ ਉਕਾਬ ਵਾਂਗ ਤੰਗ ਗੁਫ਼ਾ ਤੋਂ ਖੁੱਲ੍ਹੇ ਅਸਮਾਨ ਵਲ ਮਾਣਮੱਤੀ ਪਰਵਾਜ਼



ਕੀਤੀ। ਉਹ ਭਾਰਤੀ ਫੌਜ਼ ਦਾ ਮੇਜਰ ਤੇ ਗੋਲੇ ਦਾ ਏਸ਼ੀਆ ਦਾ ਜਰਨੈਲ ਸੀ। ਉਹ ਸਫ਼ਲ ਕਿਸਾਨ, ਭੰਗੜੇ ਦਾ ਸਟਾਰ, ਮੁੱਕੇਬਾਜ਼ ਤੇ ਕਮਾਲ ਦੀ ਸ਼ੈਲੀ ਵਾਲਾ ਉਮਦਾ ਸਾਹਿਤਕਾਰ ਵੀ ਸੀ। ਪ੍ਰਿੰਸੀਪਲ ਸਰਵਣ ਸਿੰਘ ਉਸ ਨੂੰ ਮਾਣ ਨਾਲ ਜੰਗਲ ਦਾ ਮੋਰ ਆਖਦਾ ਸੀ।

ਪੁਆਧ ਦੇ ਪਿੰਡ ਕਿਸ਼ਨਪੁਰਾ ਜ਼ਿਲ੍ਹਾ ਰੂਪਨਗਰ ਜੋ ਉਸ ਸਮੇਂ ਅੰਬਾਲਾ ਜ਼ਿਲ੍ਹੇ ਵਿਚ ਪੈਂਦਾ ਸੀ। 15 ਅਪਰੈਲ, 1935 ਨੂੰ ਪਿਤਾ ਰਣਜੀਤ ਸਿੰਘ ਦੇ ਘਰ ਮਾਤਾ ਧਨਵੰਤ ਕੌਰ ਦੀ ਕੱਖੋਂ ਪੈਦਾ ਹੋਏ ਮੇਜਰ ਜੋਗਿੰਦਰ ਸਿੰਘ ਨੇ ਏਸ਼ੀਆ ਵਿੱਚ ਤਿਰੰਗੇ ਨੂੰ ਉੱਚਾ ਕਰਨ ਦਾ ਮਾਣ ਹਾਸਲ ਕੀਤਾ। ਉੱਚਾ ਲੰਮਾ ਸਰੂ ਦੇ ਕੱਦ ਜਿਹਾ ਜੋਗਿੰਦਰ ਸਿੰਘ ਸੋਹਣਾ ਦਰਸ਼ਨੀ ਜੁਆਨ ਸੀ। ਉਹ ਤੁਰਦਾ ਤਾਂ ਧਰਤੀ ਤੇ ਧਮਕ ਪੈਂਦੀ, ਉਸ ਦੇ ਕੱਦ ਅੱਗੇ ਦਰਵਾਜ਼ੇ ਨੀਵੇਂ ਰਹਿ ਜਾਂਦੇ ਤੇ ਉਸ ਨਾਲ ਗਲੇ ਮਿਲਣ ਲਈ ਮਿੱਤਰਾਂ ਨੂੰ ਮੰਜੇ ਤੇ ਚੜ੍ਹਨਾ ਪੈ ਜਾਂਦਾ ਸੀ। ਸਭ ਕਾਸੇ ਦੇ ਬਾਵਜੂਦ ਉਸ ਦਾ ਮਨ ਹੰਕਾਰ ਦੇ ਹਾਥੀ ਦੀ ਸੁਆਰੀ ਨਹੀਂ ਨਿਮਰਤਾ ਦੀਆਂ ਬਸੰਤੀ ਫੁੱਲਾਂ ਨਾਲ ਘਿਰੀਆਂ ਪਗਡੰਡੀਆਂ 'ਤੇ ਤੁਰਦਾ ਸੀ। ਉਹ ਆਪਣੇ ਖੇਡ ਕੈਰੀਅਰ ਵਿੱਚ ਟੰਗ ਅੜਾਉਣ ਵਾਲੇ ਅਫ਼ਸਰਾਂ ਦੀ ਧੌਂਸ ਦਾ ਮੂੰਹ ਤੋੜ ਜਵਾਬ ਦੇ ਕੇ ਮੰਜੀ ਠੋਕ ਦਿੰਦਾ ਸੀ। ਉਸ ਨੂੰ ਗੋਲੇ (ਸ਼ਾਟ ਪੁੱਟ) ਦਾ ਸ਼ੌਕ ਗੁੜ ਵਰਗਾ ਮਿੱਠਾ ਇਸ਼ਕ ਸੀ। ਉਹ ਆਪਣੀ ਡਿਊਟੀ ਤੇ ਗੋਲਾ ਸੁੱਟਣ ਦੀ ਪ੍ਰੈਕਟਿਸ ਸਾਧਨਾ ਵਾਂਗ ਇਕਾਗਰ ਹੋ ਕੇ ਕਰਦਾ ਸੀ। ਇਸ ਵਿਚ ਨਾਗਾ ਪਾਉਣ ਜਾਂ ਲੇਟ ਹੋਣਾ ਉਸ ਲਈ ਅਣਗਹਿਲੀ ਨਹੀਂ ਬੱਜਰ ਪਾਪ ਵਾਂਗ ਸੀ। ਆਪਣੇ ਪਿੰਡ ਵਾਲੀਬਾਲ ਦਾ ਮੈਚ ਖੇਡਣ ਆਉਣ ਲਈ ਇਕ ਵਾਰ ਉਸ ਨੇ ਤੜਕੇ ਕਰਨਾਲ ਨੇੜਿਓ 80 ਮੀਲ (130 ਕਿਲੋਮੀਟਰ) ਦਾ ਸਫ਼ਰ ਸਾਈਕਲ 'ਤੇ ਕੀਤਾ ਸੀ। ਉਸ ਸਮੇਂ ਖਿਡਾਰੀਆਂ ਨੂੰ ਸੁੱਖ-ਸਹੂਲਤਾਂ ਤੇ ਲੱਖਾਂ ਕਰੋੜਾਂ ਦੇ ਇਨਾਮ ਨਹੀਂ ਮਿਲਦੇ ਸਨ। ਪੱਲਿਓਂ ਭਾਰੀ ਖਰਚਾ ਕਰ ਕੇ ਸਖ਼ਤ ਮਿਹਨਤੀ ਹੀ ਇਸ ਪਿੜ ਵਿੱਚ ਨਿਤਰਦੇ ਸਨ। ਰੱਬ ਦੀ ਕਿਰਪਾ ਅਤੇ ਲੋਕਾਂ ਦੀਆਂ ਅਸੀਸਾਂ 'ਤੇ ਉਸ ਨੂੰ ਪੂਰਾ ਵਿਸ਼ਵਾਸ ਸੀ। ਉਹ ਇਹਨਾਂ ਨੂੰ ਸਫ਼ਲਤਾ ਦੀ ਗਰੰਟੀ ਸਮਝਦਾ ਸੀ।

ਆਪਣੇ ਅੱਠ ਭੈਣ-ਭਰਾਵਾਂ ਵਿਚੋਂ ਉਸ ਦਾ ਨੰਬਰ ਛੇਵਾਂ ਸੀ। ਅੱਠ ਸਾਲ ਦੀ ਉਮਰ ਵਿੱਚ ਉਸ ਨੇ ਸਕੂਲ ਦਾ ਮੂੰਹ ਦੇਖਿਆ। ਅਧਿਆਪਕ ਨੇ ਉਸ ਦਾ ਉੱਚਾ ਕੱਦ ਦੇਖ ਕੇ ਉਸ ਨੂੰ ਕੱਬਡੀ ਅਤੇ ਫੁਟਬਾਲ ਦੇ ਮੈਦਾਨ ਵਿੱਚ ਉਤਾਰ

ਦਿੱਤਾ। ਉਹ ਆਪਣੇ ਪਿੰਡ ਤੋਂ 6-7 ਕਿਲੋਮੀਟਰ ਦੂਰ ਸਿੰਘ ਭਗਵੰਤ ਪੁਰਾ ਦੇ ਹੈਡ ਮਾਸਟਰ ਕੋਲ ਆਪਣੇ ਅਧਿਆਪਕ ਦਾ ਲਿਖਤੀ ਸੰਦੇਸ਼ ਲੈ ਕੇ ਜਾਂਦਾ ਸੀ। ਉਹ ਇਸ ਸਫ਼ਰ ਵਿਚ ਘੋੜੇ ਵਾਂਗ ਦੌੜਿਆ ਚਲਾ ਜਾਂਦਾ। ਇਸ ਨਾਲ ਉਹਦਾ ਦਮ ਪੱਕ ਗਿਆ। ਉਸ ਨੇ 1953 ਵਿੱਚ ਇਲਾਕੇ ਦੀ ਨਾਮਵਰ ਸੰਸਥਾ ਖ਼ਾਲਸਾ ਹਾਈ ਸਕੂਲ ਕੁਰਾਲੀ (ਹੁਣ ਸੀਨੀਅਰ ਸੈਕੰਡਰੀ ਸਕੂਲ ) ਵਿੱਚੋਂ ਮੈਟ੍ਰਿਕ ਪਾਸ ਕੀਤੀ। ਕੁਰਾਲੀ ਉਸ ਦੇ ਪਿੰਡ ਤੋਂ ਪੰਜ ਕਿਲੋਮੀਟਰ ਦੂਰ ਸੀ। ਦੌੜਦਾ ਜਾਂਦਾ ਰਾਹ ਵਿੱਚ ਉਹ ਨੰਗੇ ਪੈਰੀਂ ਗਰਮ ਰੇਤ ਵਾਲੀ ਨਦੀ ਨੂੰ ਪਾਰ ਕਰਦਾ।

ਉਹ ਉੱਤਰ ਪ੍ਰਦੇਸ਼ ਦੇ ਘਣੇ ਜੰਗਲਾਂ ਵੱਲ ਜ਼ਮੀਨ ਅਬਾਦ ਕਰਨ ਜਾ ਰਹੇ ਪੰਜਾਬੀ ਕਿਸਾਨਾਂ ਦੇ ਕਾਫ਼ਲੇ ਵਿਚ ਸ਼ੁਮਾਰ ਹੋ ਗਿਆ। ਉਸ ਦੀਆਂ ਸ਼ਕਤੀਸ਼ਾਲੀ ਬਾਹਵਾਂ ਨੇ ਵੱਡੇ-ਵੱਡੇ ਰੁੱਖ ਧਰਤੀ 'ਤੇ ਵੱਢ ਕੇ ਵਿਛਾ ਦਿੱਤੇ ਤੇ ਖੇਤਾਂ ਲਈ ਜ਼ਮੀਨ ਤਿਆਰ ਕਰ ਦਿੱਤੀ। ਇਹ ਸਫ਼ਰ ਬਹੁਤ ਬਿਖਮ ਤੇ ਖ਼ਤਰਿਆਂ ਭਰਿਆ ਸੀ। ਇਸ ਤਰਾਈ ਦੇ ਇਲਾਕੇ ਵਿੱਚ ਖ਼ੂਨ ਪੀਣੀਆਂ ਜੋਕਾਂ, ਮੱਖੀਆਂ ਵਰਗਾ ਮੋਟਾ ਮੱਛਰ ਤੇ ਫ਼ਸਲ ਉਜਾੜਨ ਵਾਲੇ ਜੰਗਲੀ ਜਾਨਵਰਾਂ ਦੀ ਭਰਮਾਰ ਸੀ। ਰਾਤ ਨੂੰ ਜੰਗਲੀ ਸੂਰਾਂ ਤੇ ਸ਼ੇਰਾਂ ਦੀਆਂ ਬੱਦਲ ਗਰਜਣ ਜਿਹੀਆਂ ਦਹਾੜਾਂ ਕਮਜ਼ੋਰ ਦਿਲਾਂ ਅੰਦਰ ਕੰਬਣੀ ਛੇੜ ਦਿੰਦੀਆਂ ਸਨ। ਜੋਗਿੰਦਰ ਸਿੰਘ ਨੇ ਖ਼ੂੰਖਾਰ ਸ਼ੇਰਾਂ ਤੇ ਜੰਗਲੀ ਸੂਰਾਂ ਦੀ ਦਹਿਸ਼ਤ ਨੂੰ ਵੰਗਾਰਿਆ ਤੇ ਸ਼ਿਕਾਰ ਦੌਰਾਨ ਉਹਨਾਂ ਨੂੰ ਚੁਣ ਚੁਣ ਕੇ ਮਾਰਿਆ। ਉਸ ਦੇ ਇਕ ਸਾਥੀ ਨੂੰ ਸ਼ੇਰ ਨੇ ਦਬੋਚ ਲਿਆ। ਜੋਗਿੰਦਰ ਸਿੰਘ ਨੇ ਸਿਰਧੜ ਦੀ ਬਾਜ਼ੀ ਲਾ ਕੇ ਉਸ ਨੂੰ ਮੌਤ ਦੇ ਜੁਬਾੜਿਆਂ ਵਿਚੋਂ ਸਲਾਮਤ ਖਿੱਚ ਲਿਆਉਣ ਦਾ ਕ੍ਰਿਸ਼ਮਾ ਕਰ ਦਿਖਾਇਆ।

7 ਅਪਰੈਲ, 1957 ਨੂੰ ਉਹ ਫ਼ੌਜ ਵਿੱਚ ਭਰਤੀ ਹੋ ਗਿਆ। ਸੈਨਾ ਦਾ ਇੱਕ ਉੱਚਾ ਲੰਮਾ ਜਵਾਨ ਮੇਲਿਆਂ ਵਿੱਚ ਗੋਲਾ ਸੁੱਟ ਕੇ ਲੋਕਾਂ ਦੀਆਂ ਤਾੜੀਆਂ ਬਟੋਰਦਾ ਸੀ। ਆਪਣੇ ਫੌਜੀ ਅਫ਼ਸਰਾਂ ਦੇ ਕਹਿਣ 'ਤੇ ਜੋਗਿੰਦਰ ਸਿੰਘ ਮੈਦਾਨ ਵਿੱਚ ਜਾ ਵੜਿਆ। ਜੋਗਿੰਦਰ ਸਿੰਘ ਨੇ ਉਸ ਤੋਂ ਦੂਰ ਗੋਲਾ ਸੁੱਟ ਕੇ ਧੰਨ-ਧੰਨ ਕਰਵਾ ਦਿੱਤੀ। ਇਸ ਤਰ੍ਹਾਂ ਉਸ ਅੰਦਰ ਗੋਲਾ ਸੁੱਟਣ ਦਾ ਧਮਾਕੇਦਾਰ ਸ੍ਰੀ ਗਣੇਸ਼ ਹੋ ਗਿਆ। ਉਹ 1961 ਵਿੱਚ ਭਾਰਤੀ ਫ਼ੌਜ ਦਾ ਚੈਂਪੀਅਨ ਬਣ ਗਿਆ ਤੇ ਏਸ਼ੀਅਨ ਖੇਡਾਂ ਵਿੱਚ ਜਾਣ ਦਾ ਰਾਹ ਪੱਧਰਾ ਹੋ ਗਿਆ।

1962 ਵਿਚ ਉਹ ਪਹਿਲੀ ਵਾਰ ਏਸ਼ੀਆ ਖੇਡਾਂ ਵਿੱਚ ਇੰਡੋਨੇਸ਼ੀਆ ਦੀ ਰਾਜਧਾਨੀ ਜਕਾਰਤਾ ਗਿਆ। ਉਸ ਨੇ ਕਰੜੇ ਮੁਕਾਬਲੇ ਵਿੱਚ ਦੇਸ ਲਈ ਤਾਂਬੇ ਦਾ ਮੈਡਲ ਹਾਸਲ ਕੀਤਾ। 1966 ਦੀਆਂ ਏਸ਼ੀਆ ਖੇਡਾਂ ਬੈਂਕਾਕ ਵਿਚ



ਉਹ 12 ਦਸੰਬਰ ਨੂੰ ਅਗਨ ਪਰੀਖਿਆ ਲਈ ਮੈਦਾਨ ਵਿੱਚ ਰੱਬ ਦਾ ਨਾਂ ਲੈ ਕੇ ਉਤਰਿਆ। ਜਪਾਨੀ ਤੇ ਇਰਾਨੀ ਉਸ ਤੋਂ ਦੂਰ ਗੋਲਾ ਸੁੱਟ ਰਹੇ ਸਨ। ਪਾਕਿਸਤਾਨ ਦੇ ਹਰਡਲ ਰੇਸ ਦੇ ਦੌੜਾਕ ਰਜ਼ਾਕ ਨੇ "ਸ਼ੇਰਾ ਇਹਨਾਂ ਨੂੰ ਛੱਡਣਾ ਨਹੀਂ" ਕਹਿ ਕੇ ਜੋਗਿੰਦਰ ਸਿੰਘ ਦਾ ਹੌਸਲਾ ਵਧਾਇਆ। ਇਹ ਸਾਨ੍ਹਾਂ ਦਾ ਭੇੜ ਸੀ। ਚੌਥੀ ਵਾਰੀ ਵਿੱਚ ਜੋਗਿੰਦਰ ਸਿੰਘ ਨੇ ਉਨ੍ਹਾਂ ਤੋਂ ਦੂਰ ਗੋਲਾ ਸੁੱਟ ਕੇ ਛੱਕੇ ਛਡਾ ਦਿੱਤੇ ਨਾਲ ਹੀ ਏਸ਼ੀਆ ਦਾ 16.22 ਮੀਟਰ ਦਾ ਨਵਾਂ ਰਿਕਾਰਡ ਰੱਖ ਕੇ ਇਤਿਹਾਸ ਸਿਰਜ ਦਿੱਤਾ। ਪੁਆਧ ਦੇ ਇਸ ਮਾਣਮੱਤੇ ਸਰਦਾਰ ਦੇ ਕਾਰਨਾਮੇ ਅਤੇ ਤਿਰੰਗੇ ਨੂੰ ਉੱਚਾ ਲਹਿਰਾਉਂਦਾ ਦੇਖ ਕੇ ਭਾਰਤੀ ਖ਼ੁਸ਼ੀ ਵਿੱਚ ਭੰਗੜਾ ਪਾਉਣ ਲੱਗੇ। ਆਤਮ ਵਿਸ਼ਵਾਸ ਨਾਲ ਓਤ-ਪੋਤ ਜੋਗਿੰਦਰ ਸਿੰਘ 1970 ਦੀਆਂ ਏਸ਼ੀਆ ਖੇਡਾਂ ਵਿੱਚ ਦੁਬਾਰਾ ਬੈਂਕਾਕ ਵਿੱਚ 12 ਦਸੰਬਰ ਨੂੰ ਉਤਰਿਆ। ਇਸ ਵਾਰ ਇਰਾਨ ਦੇ ਜਲਾਲ ਕਸ਼ਮੀਰੀ ਨਾਲ ਕਾਂਟੇ ਦਾ ਮੁਕਾਬਲਾ ਸੀ। ਜੋਗਿੰਦਰ ਸਿੰਘ ਨੇ 17.09 ਮੀਟਰ ਗੋਲਾ ਸੁੱਟ ਕੇ ਫੱਟੇ ਚੁੱਕ ਦਿੱਤੇ ਤੇ ਨਵਾਂ ਰਿਕਾਰਡ ਸਿਰਜਦਿਆਂ ਤਿਰੰਗੇ ਨੂੰ ਅਸਮਾਨ ਨਾਲ ਗੱਲਾਂ ਕਰਦਿਆਂ ਤੱਕਣ ਦਾ ਮਾਣ ਹਾਸਲ ਕੀਤਾ। 1968 ਵਿਚ ਮੇਜਰ ਜੋਗਿੰਦਰ ਸਿੰਘ ਨੂੰ ਰਾਸ਼ਟਰਪਤੀ ਸ੍ਰੀ ਬੀ.ਬੀ. ਗਿਰੀ ਜੀ ਨੇ ਅਰਜਨ ਐਵਾਰਡ ਨਾਲ ਸਨਮਾਨਿਤ ਕੀਤਾ।

1978 ਵਿੱਚ ਐਨ.ਆਈ.ਐਸ. ਤੋਂ ਅਥਲੈਟਿਕਸ ਦੀ ਕੋਚਿੰਗ ਦਾ ਕੋਰਸ ਕਰ ਕੇ ਮੇਜਰ ਜੋਗਿੰਦਰ ਸਿੰਘ ਨੇ ਨਵੇਂ ਖਿਡਾਰੀਆਂ ਦੀ ਕਿਸਮਤ ਚਮਕਾਉਣ ਲਈ ਮੈਦਾਨ ਸਾਂਭ ਲਿਆ। ਬਤੌਰ ਕੋਚ ਉਸ ਨੂੰ ਆਪਣੇ ਜਿਹਾ ਹੋਣਹਾਰ ਸ਼ਗਿਰਦ ਬਹਾਦਰ ਸਿੰਘ ਮਿਲ ਗਿਆ। ਦੋਵਾਂ ਨੇ ਮੁੜ ਕੇ ਭਾਰਤ ਦੀ ਕੀਰਤੀ ਦੇ ਝੰਡੇ ਗੱਡ ਦਿੱਤੇ।

ਆਪਣੀ ਸਵੈ-ਜੀਵਨੀ 'ਜੱਗ ਦਾ ਜੋਗੀ' ਵਿਚ ਉਹ ਆਖਦਾ ਹੈ "ਇਹ ਜੋਗੀ ਵਾਲੀ ਫੇਰੀ ਸੀ, ਮੁੜ ਪਵੇ ਕਿ ਨਾ। ਇਹ ਚੰਗੀ ਸੀ ਜਾਂ ਬੁਰੀ ਸੀ ਰੱਬ ਜਾਣੇ।" ਉਸ ਦੀ ਯਾਦ ਵਿੱਚ ਉਸ ਦੇ ਪਿੰਡ ਇਲਾਕੇ ਵੱਲੋਂ ਟੂਰਨਾਮੈਂਟ ਕਰਵਾਇਆ ਜਾਂਦਾ ਹੈ, ਜਿਸ ਵਿੱਚ ਭਾਰਤ ਦੇ ਚੋਟੀ ਦੇ ਅਥਲੀਟ ਭਾਗ ਲੈਂਦੇ ਹਨ। ਮੇਜਰ ਜੋਗਿੰਦਰ ਸਿੰਘ "ਜੋਗੀ" 8 ਮਈ, 1998 ਨੂੰ ਦਿੱਲੀ ਵਿੱਚ ਆਪਣੇ ਜਿਗਰੀ ਯਾਰ ਗੁਰਬਚਨ ਸਿੰਘ ਰੰਧਾਵੇ ਦੇ ਘਰ ਹਾਰਟ ਅਟੈਕ ਨਾਲ ਉਡਾਰੀ ਮਾਰ ਗਿਆ।

****

# ਹੈਂਡਬਾਲ ਦੀ ਮਜ਼ਬੂਤ ਦੀਵਾਰ-ਇੰਦੂ

**- ਪ੍ਰਿੰ. ਗੁਰਸ਼ੇਰ ਸਿੰਘ**
**ਮੋਬਾ. 9876056215**

10 ਸਤੰਬਰ, 1973 ਨੂੰ ਪੁਆਧ ਦੇ ਮੇਲਿਆਂ ਦੇ ਮਸ਼ਹੂਰ ਸ਼ਹਿਰ ਕੁਰਾਲੀ ਵਿੱਚ ਜਨਮੀ ਇੰਦੂ ਦੇ ਭਾਰਤੀ ਹੈਂਡਬਾਲ ਟੀਮ ਤੱਕ ਪਹੁੰਚਣ ਦੀ ਕਹਾਣੀ ਪ੍ਰੇਰਨਾਮਈ ਅਤੇ ਦਿਲਚਸਪ ਹੈ। ਉਸ ਨੂੰ ਆਪਣੇ ਅੰਦਰ ਛੁਪੀ ਸਮਰੱਥਾ ਦਾ ਅੰਦਾਜ਼ਾ ਤੱਕ ਨਹੀਂ ਸੀ। ਉਹ ਹੋਰ ਕੁੜੀਆਂ ਵਾਂਗ ਬਸਤਾ ਲੈ ਕੇ ਸਕੂਲ ਜਾਣ ਵਾਲੀ ਵਿਦਿਆਰਥਣ ਸੀ। ਉਸ ਦੇ ਫਿਜ਼ੀਕਲ ਐਜੂਕੇਸ਼ਨ ਦੇ ਉਸਤਾਦਾਂ ਦੀ ਪਾਰਖੂ ਅੱਖ ਨੇ ਉਸ ਦੀ ਚੋਣ ਕਰ ਕੇ ਉਸ ਨੂੰ ਖੇਡ ਦੇ ਪਿੜ ਵਿੱਚ ਉਤਾਰਿਆ। ਉਸ ਦੀ ਸਖ਼ਤ ਮਿਹਨਤ ਰੰਗ ਲਿਆਈ, ਉਹ ਲੌਂਗ ਜੰਪ ਮਾਰਦੀ-ਮਾਰਦੀ ਨੇ ਹੈਂਡਬਾਲ ਵਲ ਮੁੜ ਕੇ ਸਫ਼ਲਤਾ ਦਾ ਵੱਡਾ ਹਾਈ ਜੰਪ ਮਾਰ ਕੇ ਸਭ ਨੂੰ ਹੈਰਾਨ ਕਰ ਦਿੱਤਾ। ਉਹ ਭਾਰਤ ਲਈ ਹੈਂਡਬਾਲ ਖੇਡਣ ਦਾ ਮਾਣ ਹਾਸਲ ਕਰ ਗਈ। ਜਿਸ ਉਮਰ ਵਿਚ ਕੁੜੀਆਂ ਕਿਤਾਬਾਂ ਪੜ੍ਹਦੀਆਂ, ਪਿੱਪਲੀ ਪੀਂਘਾਂ ਝੂਟਦੀਆਂ ਤੇ ਗਿੱਧੇ ਦੀਆਂ ਬੋਲੀਆਂ ਪਾਉਂਦੀਆਂ ਹਨ, ਉਸ ਉਮਰੇ ਉਹ ਪੜ੍ਹਾਈ ਦੇ ਨਾਲ-ਨਾਲ ਗਰਾਊਂਡ ਵਿੱਚ ਮਿੱਟੀ ਹੁੰਦੀ ਰਹੀ ਤੇ ਸਫ਼ਲਤਾ ਦੇ ਅੰਬਰਾਂ ਵਿੱਚ ਆਪਣੀ ਅਣਥੱਕ ਲਗਨ ਦੀ ਸੁਨਹਿਰੀ ਕਹਾਣੀ ਲਿਖਣ ਵਿੱਚ ਕਾਮਯਾਬ ਹੋਈ।

ਇੰਦੂ ਦੇ ਪਿਤਾ ਸ੍ਰੀ ਗਿਆਨ ਚੰਦ ਤੇ ਮਾਤਾ ਸ੍ਰੀਮਤੀ ਬਿਮਲਾ ਦੇਵੀ ਦੇ ਪਰਿਵਾਰ ਦਾ ਕੋਈ ਮੈਂਬਰ ਖੇਡਾਂ ਨਾਲ ਜੁੜਿਆ ਹੋਇਆ ਨਹੀਂ ਸੀ। ਉਸ ਦੇ ਪਿਤਾ ਜੀ ਦੁਕਾਨਦਾਰ ਹਨ। ਮਾਪਿਆਂ ਦੇ ਅਸ਼ੀਰਵਾਦ ਤੇ ਅਧਿਆਪਕਾਂ ਦੀ ਅਗਵਾਈ ਸਦਕਾ ਉਸ ਨੇ ਤਨ ਮਨ ਸਭ ਖੇਡਾਂ ਲਈ ਨਿਛਾਵਰ ਕਰ ਦਿੱਤਾ। ਉਹ ਮਾਪਿਆਂ ਨੂੰ ਆਪਣੀ ਸੋਚ ਬਦਲ ਕੇ ਬੇਟੀਆਂ ਨੂੰ ਖੇਡਾਂ ਲਈ ਉਤਸ਼ਾਹਿਤ ਕਰਨ ਲਈ ਸਮਝਾਉਣ ਵਾਸਤੇ ਸਿਰਤੋੜ ਜਤਨ ਕਰ ਰਹੀ ਹੈ।

ਇੰਦੂ ਦੀ ਪੜ੍ਹਾਈ ਜ਼ਿਆਦਾਤਰ ਸਰਕਾਰੀ ਸਕੂਲਾਂ ਵਿੱਚ ਹੋਈ। ਉਹ ਛੇਵੀਂ ਤੋਂ ਦਸਵੀਂ ਤੱਕ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੁਰਾਲੀ ਵਿਚ ਪੜ੍ਹੀ। ਇਥੇ ਪੀ.ਟੀ. ਸ਼ਮਿੰਦਰ ਕੌਰ ਨੇ ਉਸ ਨੂੰ ਲੌਂਗ ਜੰਪ ਲਈ ਚੁਣਿਆ। ਉਸ ਨੇ ਸਟੇਟ ਪੱਧਰ ਤਕ ਪਹੁੰਚ ਕੇ ਸ਼ਹਿਰ ਦਾ ਨਾਮ ਚਮਕਾਇਆ।





**'ਮਹਾਰਾਜਾ ਰਣਜੀਤ ਸਿੰਘ ਐਵਾਰਡ ਲੈਂਦੀ ਇੰਦੂ**

ਮੈਟ੍ਰਿਕ ਤੋਂ ਬਾਅਦ ਉਹ ਚਕਵਾਲ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਕੁਰਾਲੀ ਵਿੱਚ ਦਾਖਲ ਹੋ ਗਈ। ਉਸ ਦੀ ਰੁਚੀ ਮੈਥ ਅਤੇ ਇਕਨਾਮਿਕਸ ਵਿੱਚ ਸੀ। ਸੰਸਥਾ ਦੇ ਪੀ.ਟੀ ਭਾਰਤ ਭੂਸ਼ਣ ਦੀ ਪ੍ਰੇਰਨਾ ਅਤੇ ਖੇਡਾਂ ਵਿੱਚ ਡੂੰਘੀਂ ਰੁੱਚੀ ਲੈਣ ਵਾਲੇ ਮਾਸਟਰ ਦਰਸ਼ਨ ਸਿੰਘ ਦੀ ਕੋਚਿੰਗ ਨੇ ਉਸ ਦੀ ਜ਼ਿੰਦਗੀ ਨੂੰ ਨਵਾਂ ਮੋੜ ਦਿੱਤਾ। ਉਸ ਸਮੇਂ ਖੇਡ ਸਰਗਰਮੀਆਂ ਦਾ ਕੇਂਦਰ ਕੁਰਾਲੀ ਰੂਪਨਗਰ ਜ਼ਿਲ੍ਹੇ ਦਾ ਹਿੱਸਾ ਸੀ। ਉਸਨੂੰ ਹੈਂਡਬਾਲ ਦੀ ਟੀਮ ਵਿੱਚ ਗੋਲ ਕੀਪਰ ਦਾ ਸਥਾਨ ਮਿਲਿਆ। ਉਹ ਇਸ ਸਥਾਨ 'ਤੇ ਕਿਲ੍ਹੇ ਦੀ ਦੀਵਾਰ ਬਣ ਕੇ ਡਟ ਗਈ। ਉਸ ਵਿਰੁੱਧ ਗੋਲ ਕਰਨਾ ਖਾਲਾ ਜੀ ਦਾ ਵਾੜਾ ਨਹੀਂ ਸੀ। ਉਹ ਵਿਰੋਧੀਆਂ ਦੇ ਹੱਲਿਆਂ ਨੂੰ ਪਛਾੜ ਦਿੰਦੀ ਅਤੇ ਆਪਣੀ ਮੌਜੂਦਗੀ ਦਾ ਭਰਵਾਂ ਅਹਿਸਾਸ ਕਰਵਾ ਦਿੰਦੀ। ਛੇਤੀ ਹੀ ਰੂਪਨਗਰ ਦੀ ਟੀਮ ਦੀ ਸਟੇਟ ਪਧਰ 'ਤੇ ਬੱਲੇ-ਬੱਲੇ ਹੋਣ ਲੱਗੀ। ਖਿਡਾਰਨਾਂ ਦੇ ਗਲੇ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਦੇ ਮੈਡਲ ਚਮਕਣ ਲੱਗੇ। ਉਹ 1985 ਤੋਂ ਲੈ ਕੇ 2008 ਤੱਕ ਪੰਜਾਬ ਦੀਆਂ ਜੂਨੀਅਰ ਤੇ ਸੀਨੀਅਰ ਟੀਮਾਂ ਵਿੱਚ ਲਗਾਤਾਰ ਖੇਡਦੀ ਰਹੀ ਹੈ। ਪੰਜਾਬ ਦੀ ਟੀਮ ਵਿੱਚ ਖੇਡਦਿਆਂ ਉਸ ਨੇ ਚੌਦਾਂ ਵਾਰ ਨੈਸ਼ਨਲ ਪਧਰ 'ਤੇ ਪੰਜਾਬ ਨੂੰ ਪਹਿਲੇ ਸਥਾਨ ਦੇ ਦੇ ਵਿਕਟਰੀ ਸਟੈਂਡ ਤੇ ਖੜ੍ਹਾ ਹੋਣ ਦਾ ਜਸ਼ਨ ਮਾਣਿਆ। ਉਸ ਕੋਲ ਪਏ 30

ਮੈਡਲ ਉਸ ਦੀਆਂ ਜਿੱਤਾਂ ਦੀ ਸੁਨਹਿਰੀ ਗਾਥਾ ਦੇ ਗਵਾਹ ਹਨ। 2006 ਵਿੱਚ ਪੰਜਾਬ ਸਰਕਾਰ ਨੇ ਉਸ ਨੂੰ 'ਮਹਾਰਾਜਾ ਰਣਜੀਤ ਸਿੰਘ ਐਵਾਰਡ' ਨਾਲ ਸਨਮਾਨਿਤ ਕੀਤਾ। ਪੰਜਾਬ ਟੀਮ ਦੇ ਕੋਚ ਹਰਿੰਦਰ ਸ਼ਰਮਾ ਦੀ ਕਾਬਲੀਅਤ ਅਤੇ ਖਿਡਾਰਨਾਂ ਅੰਦਰ ਜਿੱਤ ਦਾ ਜਜ਼ਬਾ ਭਰਨ ਦੀ ਹੱਲਾਸ਼ੇਰੀ ਨੂੰ ਉਹ ਯਾਦ ਕਰਦੀ ਹੈ।




**ਮਹਾਰਾਜਾ ਰਣਜੀਤ ਸਿੰਘ ਅਵਾਰਡ**

ਸ਼ਹੀਦ ਭਗਤ ਸਿੰਘ ਖਾਲਸਾ ਕਾਲਜ ਪਿਆਲਾ ਵਿੱਚ ਪੜ੍ਹਨ ਦੌਰਾਨ ਖੇਡਾਂ ਲਈ ਸਾਬਕਾ ਐਮ.ਐਲ.ਏ. ਸਰਦਾਰ ਬਚਿੱਤਰ ਸਿੰਘ ਨੇ ਸਾਧਨਾਂ ਤੇ ਸਹੂਲਤਾਂ ਜੁਟਾਉਣ ਵਿੱਚ ਖੁੱਲ੍ਹੇ ਦਿਲ ਨਾਲ ਪੈਸਾ ਖਰਚਿਆ ਤੇ ਖਿਡਾਰਨਾਂ ਦੇ ਹੌਂਸਲੇ ਬੁਲੰਦ ਹੋਏ। ਉਸ ਨੇ ਫਿਜ਼ੀਕਲ ਐਜੂਕੇਸ਼ਨ ਕਾਲਜ ਪਟਿਆਲਾ ਤੋਂ 1994 ਵਿੱਚ ਡੀ.ਪੀ ਐੱਡ ਦਾ ਕੋਰਸ ਕੀਤਾ ਤੇ ਆਪਣੀ ਖੇਡ ਨੂੰ ਚਮਕਾਉਂਦਿਆਂ ਵੱਡੀਆਂ ਮੱਲਾਂ ਮਾਰਨ ਦਾ ਸੁਪਨਾ ਸੰਜੋਇਆ।

ਆਪਣੀ ਖੇਡ ਦੇ ਦਮ 'ਤੇ ਉਸ ਨੇ ਭਾਰਤ ਦੀ ਹੈਂਡਬਾਲ ਟੀਮ ਵਿੱਚ ਆਪਣੀ ਥਾਂ ਪੱਕੀ ਕਰ ਲਈ। 1996 ਵਿੱਚ ਉਸ ਨੂੰ ਹਾਂਗਕਾਂਗ ਵਿੱਚ ਖੇਡਣ ਦਾ ਮੌਕਾ ਮਿਲਿਆ। 1999 ਵਿੱਚ ਦੱਖਣੀ ਅਫ਼ਰੀਕਾ ਦੇ ਜਉਨਸਨਬਰਗ ਵਿੱਚ ਗਈ ਭਾਰਤੀ ਟੀਮ ਦੀ ਉਹ ਮੈਂਬਰ ਸੀ। 1996 ਵਿੱਚ ਕੋਚੀਨ ਵਿੱਚ ਹੋਏ ਕਾਮਨਵੈਲਥ ਕੱਪ ਵਿੱਚ ਉਸ ਦੀ ਟੀਮ ਨੂੰ ਤੀਜਾ ਸਥਾਨ ਮਿਲਿਆ। 2000 ਵਿੱਚ ਚੀਨ ਦੇ ਬੀਜਿੰਗ ਵਿੱਚ ਉਸ ਦੀ ਟੀਮ ਨੇ ਧਮਾਲ ਪਾਈ। 2003 ਵਿੱਚ ਭਾਰਤ ਦੇ ਗੁਲਾਬੀ ਸ਼ਹਿਰ ਜੈਪੁਰ ਵਿਚ ਸਾਊਥ ਏਸ਼ੀਅਨ ਹੈਂਡਵਾਲ ਚੈਂਪੀਅਨਸ਼ਿਪ ਵਿੱਚ ਵਤਨ ਵਾਸੀਆਂ ਨੇ ਉਸ ਦੀ ਸ਼ਾਨਦਾਰ ਖੇਡ ਦੇ ਜ਼ਲਵੇ ਤੱਕੇ ਤੇ ਤਾੜੀਆਂ ਨਾਲ ਭਾਰਤੀ ਟੀਮ ਦਾ ਜ਼ੋਰਦਾਰ ਸਮਰਥਨ ਕੀਤਾ।



ਭਾਰਤੀ ਟੀਮ ਨੇ ਬਾਜ਼ੀ ਮਾਰ ਕੇ ਸੋਨੇ ਦਾ ਮੈਡਲ ਜਿੱਤਿਆ ਤੇ ਕੱਪ ਆਪਣੇ ਨਾਮ ਕੀਤਾ।

ਇੰਦੂ ਆਪਣੀ ਸਾਥਣ ਖਿਡਾਰਨ ਗੁਰਪ੍ਰੀਤ ਕੌਰ ਪੁਰੇਵਾਲ ਨੂੰ ਯਾਦ ਕਰਦੀ ਹੈ। ਵਿਰੋਧੀ ਟੀਮ ਦੇ ਹਮਲੇ ਨੂੰ ਨਾਕਾਮ ਕਰਕੇ ਇੰਦੂ ਬਾਲ ਨੂੰ ਫੁਰਤੀ ਨਾਲ ਗੁਰਪ੍ਰੀਤ ਵੱਲ ਸੁੱਟਦੀ ਤਾਂ ਉਹ ਧੂੜਾਂ ਪੁੱਟਦੀ ਵਿਰੋਧੀਆਂ ਦੇ ਗੋਲ ਵੱਲ ਅਜਿਹਾ ਧਾਵਾ ਬੋਲਦੀ ਕਿ ਵਿਰੋਧੀ ਡਿਫੈਂਡਰਾਂ ਅੰਦਰ ਖ਼ਲਬਲੀ ਮੱਚ ਜਾਂਦੀ। ਦੋਵਾਂ ਖਿਡਾਰਨਾਂ ਦੀ ਜੋੜੀ ਗੇਮ ਮੇਕਰ ਦੇ ਕਾਰਜ ਲਈ ਵਿਖਿਆਤ ਹੋ ਗਈ। ਅਸਲ ਵਿੱਚ ਇੰਦੂ ਦਾ ਮਜ਼ਬੂਤ ਡਿਫੈਂਸ ਤੇ ਫੁਰਤੀ ਨਾਲ ਸਹੀ ਥਾਂ ਪਾਸ ਦੇ ਦੇਣ ਦਾ ਹੁਨਰ ਖੇਡ ਦਾ ਰੁਖ ਪਲਟਣ ਦੇ ਨਾਲ-ਨਾਲ ਉਸ ਦੀ ਪਛਾਣ ਬਣਾਉਣ ਤੇ ਸਾਲਾਂ ਤੱਕ ਟੀਮ ਵਿੱਚ ਬਣੇ ਰਹਿਣ ਦਾ ਅਹਿਮ ਕਾਰਨ ਬਣਿਆ। ਉਹ ਫਾਈਨਲ ਮੈਚਾਂ ਦੇ ਪਲਾਂ ਨੂੰ ਯਾਦ ਕਰਦੀ ਹੈ ਜਿਥੇ ਕਰੋ ਜਾਂ ਮਰੋ ਦੀ ਸਥਿਤੀ ਵਿੱਚ ਖਿਡਾਰਨਾਂ ਦੀ ਦੌੜ ਨਾਲੋਂ ਵੀ ਦਿਲ ਦੀਆਂ ਧੜਕਣਾਂ ਤੇਜ਼ ਹੋ ਜਾਂਦੀਆਂ ਹਨ। ਖਿਡਾਰਨਾਂ ਸ਼ੇਰਨੀਆਂ ਵਾਂਗ ਜੂਝਦੀਆਂ ਤੇ ਇਤਿਹਾਸ ਰੱਚਦੀਆਂ ਹਨ।


1998 ਵਿੱਚ ਉਸ ਨੂੰ ਸਰਕਾਰੀ ਹਾਈ ਸਕੂਲ ਰੁੜਕੀ (ਜਲੰਧਰ) ਵਿੱਚ ਸਰਕਾਰੀ ਨੌਕਰੀ ਮਿਲੀ। ਘਰ ਤੋਂ ਕਾਫੀ ਦੂਰ ਹੋਣ ਕਾਰਨ ਸਫ਼ਰ ਦੀ ਖੱਜਲ ਖੁਆਰੀ ਦੇ ਬਾਵਜੂਦ ਉਸ ਨੇ ਡਿਊਟੀ ਤਨਦੇਹੀ ਨਾਲ ਨਿਭਾਈ ਤੇ ਵਿਦਿਆਰਥਣ ਅੰਦਰ ਸੁਨਹਿਰੇ ਸੁਪਨੇ ਜਗਾਏ।

ਇਸ ਸਮੇਂ ਇੰਦੂ ਆਪਣੇ ਪੁਆਧ ਇਲਾਕੇ ਦੇ ਲੈਫ਼ਟੀਨੈਂਟ ਬਿਕਰਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਆਲਬਾ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਫਿਜ਼ੀਕਲ ਐਜੂਕੇਸ਼ਨ ਦੀ ਲੈਕਚਰਾਰ ਹੈ। ਵਿਦਿਆਰਥੀਆਂ ਅੰਦਰ ਚਰਿਤਰ ਨਿਰਮਾਣ, ਲੋਕਤੰਤਰ ਲਈ ਜਾਗਰੂਕ ਨਾਗਰਿਕ ਪੈਦਾ ਕਰਨ ਦੇ ਨਾਲ-ਨਾਲ ਉਹ ਆਪਣੇ ਜਿਹੇ ਵਧੀਆ ਖਿਡਾਰੀ ਤਿਆਰ ਕਰ ਰਹੀ ਹੈ। ਖਾਸ ਕਰਕੇ ਲੜਕੀਆਂ ਨੂੰ ਖੇਡਾਂ ਦੇ ਖੇਤਰ ਵਿੱਚ ਨਵੇਂ ਕੀਰਤੀਮਾਨ ਸਥਾਪਿਤ ਕਰਨ ਲਈ ਉਤਾਰਨ ਲਈ ਉਹ ਪ੍ਰਤਿਬੱਧ ਹੈ। ਇਸ ਸਮੇਂ ਉਹ ਵਕਤ ਦੀ ਧਰਾਤਲ ਤੇ ਸੁਹਿਰਦਤਾ ਨਾਲ ਫਰਜ਼ਾਂ ਦੀ ਅਦਾਇਗੀ ਕਰ ਰਹੀ ਹੈ। ਸਕੂਲ ਨੂੰ ਤੇ ਇਲਾਕੇ ਨੂੰ ਉਸ ਦੀਆਂ ਸ਼ਾਨਦਾਰਾਂ ਜਿੱਤਾਂ ਅਤੇ ਸੇਵਾਵਾਂ 'ਤੇ ਮਾਣ ਹੈ।

* * * *

# ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਨਥਲਪੁਰ ਵਾਲੇ

**- ਡਾ. ਹਰਵਿੰਦਰ ਕੌਰ**
**ਮੋਬਾ. 8196000318**



**ਬਾਬਾ ਅਜੀਤ ਸਿੰਘ**

ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਅਗੰਮੀ ਰੂਹ ਦਾ ਜਨਮ ਪਿਤਾ ਭਗਵਾਨ ਸਿੰਘ ਅਤੇ ਮਾਤਾ ਅਮਰ ਕੌਰ ਦੇ ਘਰ 24 ਮਾਰਚ, 1883 ਈ. 'ਚ ਹੋਇਆ। ਕਿਸਾਨੀ ਪਰਿਵਾਰ ਵਿਚ ਜਨਮੇ ਬਾਬਾ ਹੁਰਾਂ ਨੇ ਪਰਿਵਾਰਕ ਮੈਂਬਰਾਂ ਨਾਲ ਖੇਤੀਬਾੜੀ ਕਰਕੇ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚੋਂ ਆਈਆਂ ਸੰਗਤਾਂ ਲਈ ਲੰਗਰ ਦੀ ਸੇਵਾ ਕੀਤੀ। ਬਾਬਾ ਜੀ ਨੇ ਕੋਈ ਡੇਰਾ ਨਹੀਂ ਚਲਾਇਆ ਅਤੇ ਨਾ ਹੀ ਘਰ ਵਿਚ ਉਨ੍ਹਾਂ ਦਾ ਵਿਸ਼ੇਸ਼ ਕਮਰਾ ਸੀ। ਘਰ ਦੇ ਬਾਹਰਲੇ ਪਾਸੇ ਨਿੰਮਾਂ ਦੀ ਛਾਂ ਹੇਠ ਬਾਣ ਦੇ ਮੰਜੇ 'ਤੇ ਬੈਠੇ ਬਾਬਾ ਜੀ ਸੰਗਤਾਂ ਨਾਲ ਬਚਨ ਬਿਲਾਸ ਕਰਦੇ ਸਨ। ਉਹਨਾਂ ਦਾ ਸੰਗ ਕਰਨ ਵਾਲੇ ਸ਼ਰਧਾਲੂਆਂ ਦੇ ਤਜਰਬੇ ਦੱਸਦੇ ਹਨ ਕਿ ਬਾਬਾ ਜੀ ਉਨ੍ਹਾਂ ਦੀਆਂ ਸ਼ੁਭ ਮਨੋਭਾਵਨਾਵਾਂ ਪੂਰੀਆਂ ਕਰਦੇ ਅਤੇ ਦੁੱਖ-ਰੋਗ ਦੂਰ ਕਰ ਦਿੰਦੇ ਸਨ।

ਬਾਬਾ ਜੀ ਨੇ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ। ਉਹ ਸੰਗਤ ਨੂੰ ਕਹਿੰਦੇ ਸਨ ਕਿ ਵਾਹਿਗੁਰੂ ਦਾ ਜਾਪ ਕਰੋ ਅਤੇ ਖਾਣਾ-ਪੀਣਾ ਗੁਰਮਤਿ ਅਨੁਸਾਰ ਕਰੋ। ਖਾਣ-ਪੀਣ ਲਈ ਬਾਬਾ ਜੀ ਨੇ ਗਰਮ ਮਸਾਲੇ, ਮਿਰਚ, ਅਦਰਕ, ਲਸਣ ਅਤੇ ਪਿਆਜ਼ ਬੰਦ ਕੀਤੇ, ਚਾਹ ਦੀ ਵਰਤੋਂ ਦੀ ਮਨਾਹੀ



ਕੀਤੀ। ਬਾਬਾ ਜੀ ਦੁਆਰਾ ਚਲਾਏ ਗਏ ਲੰਗਰਾਂ ਵਿਚ ਦਾਲ-ਸਬਜ਼ੀ ਵਿੱਚ ਸਿਰਫ਼ ਲੂਣ, ਹਲਦੀ ਦੀ ਵਰਤੋਂ ਹੀ ਹੁੰਦੀ ਸੀ। ਉਹ ਸਰੀਰਕ ਤੰਦਰੁਸਤੀ ਅਤੇ ਮਾਨਸਿਕ ਅਰੋਗਤਾ ਦਾ ਸਿੱਧਾ ਸਬੰਧ ਖਾਣ-ਪੀਣ ਨਾਲ ਜੋੜਦੇ ਹੋਏ ਬਾਣੀ ਉਚਾਰਿਆ ਕਰਦੇ ਸਨ:

***ਬਾਬਾ ਹੋਰੁ ਖਾਣਾ ਖੁਸੀ ਖੁਆਰੁ॥***
***ਜਿਤੁ ਖਾਧੈ ਤਨੁ ਪੀੜੀਐ,***
***ਮਨ ਮਹਿ ਚਲਹਿ ਵਿਕਾਰ॥***

ਇਸੇ ਤਰ੍ਹਾਂ ਬਾਬਾ ਜੀ ਚਾਹ ਲਈ ਕਹਿੰਦੇ ਹੁੰਦੇ ਸਨ ਕਿ ਭਾਈ ਇਸ ਨੂੰ ਤਬਾਕੂ ਦੀ ਪੁੱਠ ਦਿੱਤੀ ਹੁੰਦੀ ਐ, ਇਸ ਦੀ ਵਰਤੋਂ ਨਹੀਂ ਕਰਨੀ। ਬਾਬਾ ਜੀ ਦੇ ਸਮੇਂ ਅਖੰਡ ਪਾਠ ਅਤੇ ਸਹਿਜ ਪਾਠ ਹੁੰਦੇ ਸਨ, ਜਿਸ ਦੇ ਲਈ ਪਾਠੀ ਸਿੰਘਾਂ ਨੂੰ ਕੋਈ ਭੇਟਾ ਨਹੀਂ ਦਿੱਤੀ ਜਾਂਦੀ ਸੀ। ਅਖੰਡ ਪਾਠ ਕਰਵਾਉਣ ਵਾਲੇ ਵਿਅਕਤੀ ਤੋਂ ਕੋਈ ਭੇਟਾ ਨਹੀਂ ਸੀ ਲਈ ਜਾਂਦੀ। ਪਾਠੀ ਸਿੰਘ ਆਪਣੀ ਸ਼ਰਧਾ ਨਾਲ ਇਹ ਸੇਵਾ ਖੁਸ਼ ਹੋ ਕੇ ਕਰਦੇ ਸਨ। ਗੁਰਬਾਣੀ ਜਾਪ ਸਮੇਂ ਲਾਊਡ ਸਪੀਕਰ ਦੀ ਵਰਤੋਂ ਨਹੀਂ ਹੁੰਦੀ ਸੀ। ਬਾਬਾ ਜੀ ਦੁਆਰਾ ਸ਼ੁਰੂ ਕੀਤੀ ਇਹ ਪਿਰਤ ਉਨ੍ਹਾਂ ਦੇ ਪਰਿਵਾਰਕ ਮੈਂਬਰ ਅਤੇ ਸ਼ਰਧਾਲੂ ਅੱਜ ਵੀ ਉਨ੍ਹਾਂ ਦੀ ਯਾਦ ਵਿਚ ਬਣੇ ਗੁਰਦੁਆਰਾ ਸਾਹਿਬ ਵਿਖੇ ਚਲਾ ਰਹੇ ਹਨ।

ਅੰਗਰੇਜ਼ ਹਕੂਮਤ ਸਮੇਂ ਪੰਜਾਬ ਅੰਦਰ ਸਿੱਖ ਗੁਰਧਾਮਾਂ ਵਿੱਚ ਬੇਹੁਰਮਤੀ ਦੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਸੀ। ਇਸ ਦਾ ਮੁੱਖ ਕਾਰਨ ਗੁਰਧਾਮਾਂ ਦੇ ਪ੍ਰਬੰਧਕਾਂ ਨੂੰ ਹਕੂਮਤ ਦੀ ਸ਼ਹਿ ਹਾਸਲ ਸੀ। ਇਸ ਹਾਲਤ ਤੋਂ ਦੁਖੀ ਹੋ ਕੇ ਸੂਝਵਾਨ ਸਿੱਖਾਂ ਨੇ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਕੀਤੀ। ਬਾਬਾ ਜੀ ਨੇ ਇਸ ਲਹਿਰ ਵਿਚ ਹਿੱਸਾ ਲਿਆ ਸੀ। ਉਹ ਗੁਰੂ ਕਾ ਬਾਗ਼ ਅਤੇ ਜੈਤੋ ਦੇ ਮੋਰਚੇ ਵਿਚ ਗਏ ਸਨ, ਜਿਸ ਕਾਰਨ ਉਨ੍ਹਾਂ ਨੇ ਛੇ ਮਹੀਨੇ ਦੀ ਕੈਦ ਕੱਟੀ ਸੀ। ਕੈਦ ਦੌਰਾਨ ਬਾਬਾ ਜੀ ਨੇ ਜੇਲ੍ਹ ਅਧਿਕਾਰੀਆਂ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਮੰਗ ਕੀਤੀ ਜੋ ਪੂਰੀ ਕਰ ਦਿੱਤੀ ਗਈ ਸੀ। ਬਾਬਾ ਜੀ ਨੇ ਜੇਲ੍ਹ ਵਿਚ ਸ੍ਰੀ ਅਖੰਡ ਪਾਠ ਕਰਵਾਉਣੇ ਸ਼ੁਰੂ ਕਰ ਦਿੱਤੇ ਸਨ।

ਬਾਬਾ ਜੀ ਸ਼ਾਂਤੀ, ਦਇਆ, ਸਾਦਗੀ ਅਤੇ ਪਿਆਰ ਦੀ ਮੂਰਤ ਸਨ। ਉਹ ਸਾਂਝਾ ਉਪਦੇਸ਼ ਦੇ ਕੇ ਲੋਕਾਂ ਦਾ ਉਧਾਰ ਕਰਦੇ ਸਨ। ਬਾਬਾ ਜੀ ਸਾਰੇ ਰੋਗਾਂ

ਦਾ ਇਕ ਹੀ ਇਲਾਜ ਗੁਰਬਾਣੀ ਦੇ ਪਾਠ, ਖਾਣਾ-ਪੀਣਾ ਅਤੇ ਬੋਲਣਾ ਗੁਰਮਤਿ ਅਨੁਸਾਰ ਦੱਸਿਆ ਕਰਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਲੋਕਾਂ ਦੇ ਸਾਰੇ ਕਸ਼ਟਾਂ ਦਾ ਹੱਲ ਇਸੇ ਵਿਚ ਹੈ। ਕਿਰਤ ਕਰਨ ਵਾਲੇ, ਨਿਮਰ ਤੇ ਸ਼ਬਦ ਦੀ ਕਮਾਈ ਵਾਲੇ ਇਸ ਮਹਾਂਪੁਰਖ ਨੂੰ ਇਲਾਕੇ ਵਾਲੇ ਬਹੁਤ ਸਤਿਕਾਰ ਨਾਲ ਯਾਦ ਕਰਦੇ ਹਨ।

ਭਾਵੇਂ ਬਾਬਾ ਜੀ 24 ਅਗਸਤ, 1979 ਈ. ਨੂੰ ਸੱਚਖੰਡ ਪਿਆਨਾ ਕਰ ਗਏ, ਪਰ ਉਨ੍ਹਾਂ ਦੀ ਯਾਦ ਵਿਚ ਪਿੰਡ ਨਬਲਪੁਰ ਵਿਖੇ ਬਣੇ ਗੁਰਦੁਆਰਾ ਸਾਹਿਬ ਵਿਖੇ ਪ੍ਰਬੰਧਕ ਜਿਨ੍ਹਾਂ ਵਿਚ ਬਾਬਾ ਜੀ ਦੀ ਭਤੀਜੀ ਬੀਬੀ ਸੁਰਜੀਤ ਕੌਰ ਅਤੇ ਪੋਤਰਾ ਗੁਰਪ੍ਰੀਤ ਸਿੰਘ ਬਾਬਾ ਜੀ ਦੁਆਰਾ ਸ਼ੁਰੂ ਕੀਤੀ ਮਰਯਾਦਾ ਨੂੰ ਬਾਖੂਬੀ ਨਿਭਾ ਰਹੇ ਹਨ। ਹਰੇਕ ਸਾਲ 24 ਅਗਸਤ ਨੂੰ ਬਾਬਾ ਜੀ ਦੇ ਬਰਸੀ ਦੇ ਦਿਹਾੜੇ ਮਨਾਏ ਜਾਂਦੇ ਹਨ। ਪੁਆਧ ਦਾ ਪਿੰਡ ਨੱਥਲਪੁਰ ਮੋਰਿੰਡਾ ਨਜ਼ਦੀਕ ਪਿੰਡ ਢੰਗਰਾਲੀ ਅਤੇ ਗੁਪਾਲਪੁਰ ਦੇ ਵਿਚਕਾਰ ਸਥਿਤ ਹੈ।

****



## ਕਲਾ-ਤਪੱਸਵੀ - ਕੈਪਟਨ ਰਵਿੰਦਰ ਸੂਦ 'ਜੁਨੂੰ'

**- ਗੁਰਿੰਦਰ ਸਿੰਘ ਕਲਸੀ**
**ਮੋਬਾ. 9888139135**



**ਰਵਿੰਦਰ ਸੂਦ 'ਜੁਨੂੰ'**

ਰਿਟਾਇਰਡ ਕੈਪਟਨ, ਰਵਿੰਦਰ ਸੂਦ, ਜਿਨ੍ਹਾਂ ਨੇ ਇਕ ਸ਼ਾਇਰ ਵੱਜੋਂ ਆਪਣਾ ਤਖੱਲੁਸ 'ਜੁਨੂੰ' ਰੱਖਿਆ ਸੀ, ਉਹ ਸਾਡੇ ਮੁੱਹਲੇ ਵਿਚੋਂ ਚਲੇ ਗਏ, ਪਹਿਲਾਂ ਆਪਣੇ ਪੁੱਤਰ ਕੋਲ ਚੰਡੀਗੜ੍ਹ ਅਤੇ ਫਿਰ ਬਹੁਤ ਦੂਰ, ਜਿੱਥੋਂ ਕਦੀ ਕੋਈ ਵਾਪਿਸ ਮੁੜ ਕੇ ਨਹੀਂ ਆਇਆ। ਮੈਂ ਹਫ਼ਤੇ ਵਿਚ ਦੋ ਤਿੰਨ ਵਾਰੀ ਉਨ੍ਹਾਂ ਦੀ ਸੰਗਤ ਦਾ ਆਨੰਦ ਮਾਣਦਾ ਸਾਂ- ਪਰ ਹੁਣ ਕੋਈ ਟਿਕਾਣਾ ਨਹੀਂ ਰਿਹਾ ਜਿਥੇ ਜਾ ਕੇ ਕੋਈ ਸਾਹਿਤਕ ਗੱਲਬਾਤ ਕੀਤੀ ਜਾ ਸਕੇ। "ਉਠ ਗਏ ਗਵਾਂਢੋਂ ਯਾਰ, ਰੱਬਾ ਹੁਣ ਕੀ ਕਰੀਏ।"

ਜਿਸ ਧੁੰਦਲੀ ਜਿਹੀ ਸਵੇਰ ਮੈਂ ਉਹਨਾਂ ਨੂੰ ਪਹਿਲੀ ਵਾਰ ਵੇਖਿਆ ਤਾਂ ਉਹ ਆਪਣੇ ਸਕੂਲ ਦੀ ਵੈਨ ਦੀ ਉਡੀਕ ਕਰ ਰਹੇ ਸਨ। ਕੁਝ ਵਿਦਿਆਰਥੀ ਅਤੇ ਅਧਿਆਪਕ ਉਨ੍ਹਾਂ ਕੋਲ ਖੜ੍ਹੇ ਸਰਦੀ ਨਾਲ ਠੁਰ-ਠੁਰ ਕਰ ਰਹੇ ਸਨ। ਪਰ ਉਹ ਪੂਰੀ ਤਰ੍ਹਾਂ ਤਣ ਕੇ ਖੜ੍ਹੇ ਸਨ, ਅਡੋਲ। ਲਾਗੇ ਖੜ੍ਹੇ ਮੇਰੇ ਕਿਸੇ ਜਾਣੂੰ ਨੇ ਮੇਰਾ ਧਿਆਨ ਉਨ੍ਹਾਂ ਵਲ ਦਿਵਾਇਆ ਸੀ। ਉੱਚਾ ਲੰਮਾ ਕਦ, ਸਿਰ ਤੇ ਕੈਪ, ਹੱਥ ਵਿਚ ਛਤਰੀ ਅਤੇ ਵੱਡਾ ਰੇਨ ਕੋਟ ਪਹਿਨੀਂ ਉਹ ਵਿਲਖਣ ਜਾਪ ਰਹੇ ਸਨ। ਇਕ ਫੌਜੀ ਵਾਂਗ ਧੁੰਨ ਵਾਲੇ ਅਤੇ ਤਿੱਖੀ ਚੀਰਵੀਂ ਸਰਦੀ ਦੀ ਵਰਖਾ ਵਾਲੇ ਮੌਸਮ ਦਾ ਮੁਕਾਬਲਾ ਕਰਨ ਲਈ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ। ਛੇਤੀ ਹੀ ਗੁਰੂ ਨਾਨਕ ਪਬਲਿਕ ਹਾਈ ਸਕੂਲ, ਖੰਟ ਮਾਨਪੁਰ ਦੀ ਪੀਲੀ ਸਕੂਲ ਵੈਨ ਆਈ ਅਤੇ ਉਹ ਸਾਰੇ ਉਸ ਵਿਚ ਬੈਠ ਕੇ ਚਲੇ ਗਏ।

ਫ਼ੌਜ ਵਿਚੋਂ ਕੈਪਟਨ ਦੇ ਅਹੁਦੇ ਤੋਂ ਰਿਟਾਇਰ ਹੋਣ ਤੋਂ ਬਾਅਦ ਉਹ ਇਸ ਸਕੂਲ ਵਿਚ ਪ੍ਰਿੰਸੀਪਲ ਸਨ ਅਤੇ ਸ਼ਾਮ ਸਮੇਂ ਦੋ ਤਿੰਨ ਵਿਦਿਆਰਥੀਆਂ ਨੂੰ ਅੰਗਰੇਜ਼ੀ ਦੀ ਟਿਊਸ਼ਨ ਵੀ ਦਿੰਦੇ ਸਨ। ਉਸ ਜਾਣੂ ਨੇ ਮੈਨੂੰ ਦਸਿਆ ਕਿ ਉਹ ਮੋਰਿੰਡਾ ਦੇ ਭਾਰਤੀ ਜਨਤਾ ਪਾਰਟੀ ਦੇ ਉੱਘੇ ਲੀਡਰ ਸ੍ਰੀ ਸੁਰਿੰਦਰ ਸੂਦ ਦੇ ਭਰਾ ਹਨ। ਮੇਰਾ ਉਹ ਜਾਣੂੰ ਸ਼ਾਇਦ ਇੰਨਾ ਕੁ ਹੀ ਜਾਣਦਾ ਸੀ। ਉਹ ਨਹੀਂ ਸੀ ਜਾਣਦਾ ਕਿ ਇਸ ਸੰਘਣੀ ਧੁੰਦ ਉਹਲੇ ਇਕ ਕਵੀ, ਇੱਕ ਚਿੱਤਰਕਾਰ, ਮੂਰਤੀਕਾਰ, ਸੰਗੀਤਕਾਰ ਅਤੇ ਸਚਮੁੱਚ ਦਾ ਇਕ ਅਸਲੀ ਇਨਸਾਨ ਛੁਪਿਆ ਹੋਇਆ ਹੈ।

ਸਮੇਂ ਨੇ ਕਰਵਟ ਲਈ ਤਾਂ ਕੁਝ ਸਮੇਂ ਬਾਅਦ ਮੈਂ ਵੀ ਉਸੇ ਸਕੂਲ ਵਿਚ ਸਾਇੰਸ ਵਿਸ਼ੇ ਦਾ ਅਧਿਆਪਕ ਜਾ ਲੱਗਿਆ। ਲੰਮਾ ਸਮਾਂ ਬੇਰੁਜ਼ਗਾਰੀ ਦਾ ਭੰਨਿਆ, ਮੈਂ ਕਵਿਤਾ ਦੇ ਖੇਤਰ ਵਿਚ ਆਪਣਾ ਨਾਂ ਬਣਾ ਰਿਹਾ ਸਾਂ ਅਤੇ ਮੇਰੀ ਪਹਿਲੀ ਕਾਵਿ-ਪੁਸਤਕ 'ਗਾਲਿਬ ਦੀ ਕਬਰ 'ਤੇ' ਸਾਲ 1990 ਵਿਚ ਛਪ ਚੁਕੀ ਸੀ। ਮੈਂ ਅਕਸਰ ਉਨ੍ਹਾਂ ਦੇ ਕਮਰੇ ਵਿਚ ਚਲਿਆ ਜਾਂਦਾ। ਜਦੋਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਕਵਿਤਾ ਲਿਖਦਾ ਹਾਂ ਅਤੇ ਚਿੱਤਰਕਾਰੀ ਵੀ ਕਰਦਾ ਹਾਂ ਤਾਂ ਉਨ੍ਹਾਂ ਨੇ ਵੀ ਮੈਨੂੰ ਆਪਣੇ ਬਾਰੇ ਦਸਿਆ ਕਿ ਉਨ੍ਹਾਂ ਨੂੰ ਉਰਦੂ ਸ਼ਾਇਰੀ ਲਿਖਣ ਅਤੇ ਚਿੱਤਰਕਾਰੀ ਦਾ ਸ਼ੌਕ ਫ਼ੌਜ ਦੇ ਸਮੇਂ ਤੋਂ ਹੀ ਹੈ। ਬਸ ਹੋਰ ਕੀ ਚਾਹੀਦਾ ਸੀ। ਸਾਡੀ ਨੇੜਤਾ ਦਿਨੋਂ ਦਿਨ ਵਧਣ ਲੱਗੀ ਅਸੀਂ ਕਵਿਤਾ, ਗ਼ਜ਼ਲ, ਚਿੱਤਰਕਾਰੀ ਅਤੇ ਕਲਾ ਦੇ ਹੋਰ ਰੂਪਾਂ ਦੀਆਂ ਗੱਲਾਂ ਕਰਦੇ ਰਹਿੰਦੇ। ਉਨ੍ਹਾਂ ਦੇ ਵਿਸ਼ਾਲ ਤਜ਼ਰਬੇ ਅਤੇ ਗਿਆਨ ਦਾ ਮੈਨੂੰ ਬਹੁਤ ਲਾਭ ਮਿਲਦਾ।

ਸਾਡੀ ਨੇੜਤਾ ਗੂੜ੍ਹੀ ਦੋਸਤੀ ਵਿਚ ਬਦਲ ਗਈ। ਇਸੇ ਦੋਸਤੀ ਸਦਕਾ ਹੁਣ ਉਹ ਉਰਦੂ ਦੇ ਨਾਲ-ਨਾਲ ਪੰਜਾਬੀ ਵਿਚ ਹੀ ਕਵਿਤਾਵਾਂ ਲਿਖਣ ਲੱਗ ਪਏ। ਅਸੀਂ ਉਨ੍ਹਾਂ ਨੂੰ ਆਪਣੀ ਸਾਹਿਤ ਸਭਾ ਦਾ ਮੈਂਬਰ ਵੀ ਬਣਾ ਲਿਆ। ਬਾਅਦ ਵਿਚ ਉਹ ਸਭਾ ਦੇ ਅਹੁਦੇਦਾਰ ਅਤੇ ਸਾਡੀ ਟੀਮ ਦੇ ਕੈਪਟਨ ਅਰਥਾਤ ਪ੍ਰਧਾਨ ਵੀ ਰਹੇ।

ਉਰਦੂ ਫ਼ਾਰਸੀ ਗ਼ਜ਼ਲ ਦੇ ਮਾਹਿਰ 'ਕੈਪਟਨ ਸਾਹਿਬ' ਨਾਲ ਲੱਗ ਕੇ ਮੈਂ ਵੀ ਕੁਝ ਸਮਾਂ ਫ਼ਾਇਲਾਤੁਨ-ਫ਼ਾਇਲਾਤੁਨ ਕਰਨ ਲੱਗਿਆ ਪਰ ਇਹ ਮੇਰੇ ਵੱਸ ਦੀ ਗੱਲ ਨਹੀਂ ਸੀ। ਮੈਂ ਖੁੱਲ੍ਹੀਆਂ ਉਡਾਰੀਆਂ ਲਗਾਉਣੀਆਂ ਚਾਹੁੰਦਾ ਸਾਂ। ਉਹ ਮੇਰੇ ਪਿਤਾ ਸਮਾਨ ਸਨ ਬਲਕਿ ਮੇਰੇ ਪਿਤਾ ਤੋਂ ਵੀ ਦੋ ਸਾਲ ਵੱਡੇ। 1924



ਦੇ ਜਨਮੇ ਹੋਏ ਤੇ ਮੈਂ 1965 ਦਾ ਜਨਮਿਆ, ਉਨ੍ਹਾਂ ਦੇ ਲਈ ਇਕ ਬੱਚੇ ਦੇ ਵਾਂਗ ਹੀ ਸਾਂ। ਪਰ ਅਸੀਂ ਦੋਸਤਾਂ ਵਾਂਗ ਬੜੀਆਂ ਡੂੰਘੀਆਂ ਗੱਲਾਂ ਕਰਦੇ।

ਉਨ੍ਹਾਂ ਉੱਤੇ ਫ਼ੌਜ ਦੇ ਅਨੁਸਾਸ਼ਨ ਦਾ ਚੰਗਾ ਪ੍ਰਭਾਵ ਸੀ। ਉਨ੍ਹਾਂ ਦਾ ਸੁਭਾਅ ਵੀ ਇਸੇ ਅਨੁਸਾਸ਼ਨ ਅਨੁਸਾਰ ਢਲਿਆ ਹੋਇਆ ਸੀ। ਹਰ ਗੱਲ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੰਦੇ। ਚਿਹਰਾ ਤਣਿਆ ਹੁੰਦਾ ਪਰ ਮਨ ਅੰਦਰੋਂ ਕੋਮਲ। ਬਿਲਕੁਲ ਕਿਸੇ ਅਖਰੋਟ ਜਾਂ ਨਾਰੀਅਲ ਵਾਂਗ। ਇਕ ਪ੍ਰਿੰਸੀਪਲ ਦੇ ਤੌਰ 'ਤੇ ਇਕ ਚੰਗੇ ਪ੍ਰਸ਼ਾਸਕ ਦੇ ਗੁਣਾਂ ਨਾਲ ਭਰਪੂਰ। ਫ਼ੌਜ ਵਿਚ ਵੀ ਉਹ ਸਿੱਖਿਆ ਵਿਭਾਗ ਨਾਲ ਸਬੰਧਿਤ ਅਫ਼ਸਰ ਰਹੇ ਸਨ। ਉਨ੍ਹਾਂ ਆਪਣੇ ਗੁੱਸੇ ਨੂੰ ਕਾਬੂ ਹੇਠ ਰਖਣ ਦੇ ਕਈ ਤਰੀਕੇ ਈਜ਼ਾਦ ਕੀਤੇ ਹੋਏ ਸਨ। ਆਪਣੇ ਟੇਬਲ ਦੇ ਸ਼ੀਸ਼ੇ ਹੇਠ ਕਾਗ਼ਜ਼ ਉਤੇ ਲਿਖ ਕੇ ਰੱਖਿਅ ਸੀ Keep Cool ਮੇਰੇ ਸਾਹਵੇਂ ਬੈਠਿਆਂ ਬੈਠਿਆਂ ਹੀ ਉਹ ਅਧਿਆਪਕਾਵਾਂ ਨੂੰ ਐਕਸਪਲਨੇਸ਼ਰੀ ਨੋਟਸ ਲਿਖਦੇ ਰਹਿੰਦੇ ਅਤੇ ਡਾਇਰੀ ਵਿਚ ਕੁਝ ਨਾ ਕੁਝ ਨੋਟਸ ਲਿਖਦੇ ਰਹਿੰਦੇ।

ਸਾਥੋਂ ਅਗਲੀ ਗਲੀ ਵਿਚ ਉਨ੍ਹਾਂ ਦਾ ਘਰ ਸੀ। ਉਸ ਗਲੀ ਦਾ ਨਾਂ ਸੀ 'ਕਾਲਿਆਂ ਦੀ ਗਲੀ' ਅਤੇ ਉੱਥੇ ਬਹੁਤੇ ਘਰ ਸੂਦਾਂ ਦੇ ਹੀ ਸਨ। ਡਾਕਟਰਾਂ ਅਤੇ ਚੰਗੇ ਵਪਾਰੀਆਂ ਦਾ ਮੁਹੱਲਾ ਸੀ। ਉਹ ਦੋਵੇਂ ਬਜ਼ੁਰਗ ਪਤੀ-ਪਤਨੀ ਉਸ ਕਲਾਤਮਕ ਮਕਾਨ ਵਿਚ ਰਹਿੰਦੇ ਸਨ। ਉਨ੍ਹਾਂ ਬੇਟੀ ਵਿਆਹ ਦਿੱਤੀ ਸੀ ਅਤੇ ਬੇਟਾ ਫ਼ੌਜ ਵਿਚ ਵੱਡਾ ਅਫ਼ਸਰ ਸੀ। ਉਹ ਆਪਣੀ ਮਰਜ਼ੀ ਨਾਲ ਇਕੱਲੇ ਅਤੇ ਸੁਤੰਤਰ ਰੂਪ ਵਿਚ ਰਹਿ ਰਹੇ ਸਨ। ਅਜੇ ਹੱਥ-ਪੈਰ ਚੱਲਦੇ ਸਨ।

ਕੈਪਟਨ ਸਾਹਿਬ ਸਕੂਲ ਤੋਂ ਆ ਕੇ ਆਪਣੀ ਪੇਟਿੰਗ, ਟਿਊਸ਼ਨ ਜਾਂ ਪੜ੍ਹਨ-ਲਿਖਣ ਵਿਚ ਰੁੱਝੇ ਰਹਿੰਦੇ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਕਮਲਾ ਦੇਵੀ ਘਰ ਦੇ ਅਤੇ ਬਜ਼ਾਰ ਦੇ ਕੰਮ ਕਾਰ ਕਰਦੀ। ਉਨ੍ਹਾਂ ਦਾ ਡਰਾਇੰਗ-ਰੂਮ ਵਿਲੱਖਣ ਤੇ ਐਂਟੀਕ ਵਸਤੂਆਂ ਦਾ ਸੰਗ੍ਰਹਿਆਲਿਆ ਜਾਪਦਾ ਸੀ। ਹਰ ਪਾਸੇ ਉਨ੍ਹਾਂ ਦੀਆਂ ਬਣਾਈਆਂ ਹੋਈਆਂ ਪੇਂਟਿੰਗਾਂ, ਤਾਂਬੇ ਅਤੇ ਪਿੱਤਲ ਦੀਆਂ ਮੂਰਤੀਆਂ, ਵਿਲੱਖਣ ਕਿਸਮ ਦੇ ਪੱਥਰ, ਪੌਦੇ, ਲੱਕੜ ਦੀਆਂ ਬਣੀਆਂ ਵਸਤਾਂ, ਤੋਪਾਂ ਅਤੇ ਬਦੂੰਕਾਂ ਦੇ ਗੋਲਿਆਂ ਦੇ ਖਾਲੀ ਸੈੱਲ ਅਤੇ ਕਿਤਾਬਾਂ ਨਾਲ ਭਰਿਆ ਹੋਇਆ ਰੈਕ। ਇਹ ਕਮਰਾ ਐਨੀ ਖ਼ੂਬਸੂਰਤੀ ਨਾਲ ਸਜਿਆ ਹੁੰਦਾ ਸੀ ਕਿ ਇਕ ਵਾਰ ਅਸੀਂ ਇਕ ਛੋਟੀ ਜਿਹੀ ਟੈਲੀਫ਼ਿਲਮ ਦੀ ਸ਼ੂਟਿੰਗ ਦਾ ਇਕ ਦ੍ਰਿਸ਼ ਵੀ ਇਸੇ ਕਮਰੇ ਵਿਚ ਫਿਲਮਾਇਆ। ਕੈਪਟਨ ਸਾਹਿਬ ਨੇ ਵੀ ਇਕ ਸ਼ਾਟ ਦਿੱਤਾ ਪਰ ਇਹ ਫ਼ਿਲਮ ਕਿਸੇ ਕਾਰਣ ਸਿਰੇ ਨਾ ਚੜ੍ਹ ਸਕੀ।

ਕੈਪਟਨ ਸਾਹਿਬ ਕਲਾ ਦੇ ਨਾਲ-ਨਾਲ ਕੁਦਰਤ ਦੇ ਵੀ ਪ੍ਰੇਮੀ ਸਨ। ਮਕਾਨ ਦੇ ਗੇਟ ਅੰਦਰ ਵੜਦਿਆਂ ਹੀ ਇਕ ਪਾਸੇ ਫੁੱਲਾਂ ਵਾਲਾ ਵੱਡਾ ਰੁੱਖ ਸੀ ਅਤੇ ਸੱਜੇ ਪਾਸੇ ਦਰਜਨਾਂ ਹੀ ਗਮਲੇ। ਗ਼ਮਲਿਆਂ ਵਿਚ ਭਾਂਤ-ਭਾਂਤ ਦੇ ਪੌਦਿਆਂ ਦੇ ਨਮੂਨੇ ਸਨ। ਮੈਂ ਕਈ ਪੌਦਿਆਂ ਦੇ ਨਾਂ ਕੈਪਟਨ ਸਾਹਿਬ ਦੇ ਘਰ ਤੋਂ ਹੀ ਸਿੱਖੇ। ਘਰ ਦਾ ਵਿਹੜਾ ਇਕ ਰਮਣੀਕ ਸਥਾਨ ਦਾ ਦ੍ਰਿਸ਼ ਪੇਸ਼ ਕਰਦਾ ਸੀ।

ਕੈਪਟਨ ਸਾਹਿਬ ਦੇ ਘਰ ਅੰਗੂਰਾਂ ਦੀ ਵੇਲ ਵੀ ਲੱਗੀ ਹੋਈ ਸੀ। ਇਸ ਤੋਂ ਉਤਰੇ ਅੰਗੂਰਾਂ ਤੋਂ ਹੀ ਉਹ ਖ਼ੁਦ ਵਾਈਨ ਤਿਅਰ ਕਰਦੇ। ਸਿਰਫ਼ ਆਪਣੇ ਵਾਸਤੇ। ਕਦੇ ਕਦੇ ਉਹ ਆਲੂ-ਬੁਖ਼ਾਰੇ ਜਾਂ ਅਜਿਹੇ ਹੀ ਕਿਸੇ ਹੋਰ ਫ਼ਲ ਤੋਂ ਵਾਈਨ ਤਿਆਰ ਕਰਨ ਦਾ ਪ੍ਰਯੋਗ ਕਰਦੇ। ਉਹ ਰਸਾਇਣ ਵਿਗਿਆਨ ਦੇ ਵੀ ਜਾਣੂੰ ਸਨ। ਮੈਂ ਅਕਸਰ ਉਨ੍ਹਾਂ ਤੋਂ ਹਥਿਆਰਾਂ ਦੇ ਚਲਣ ਦੀ ਪ੍ਰਕਿਰਿਆ ਸਮਝਦਾ ਕਿ ਬਰੂਦ ਕਿਸ ਤਰ੍ਹਾਂ ਕੰਮ ਕਰਦਾ ਹੈ ਅਤੇ ਹੋਰ ਨਵੇਂ ਹਥਿਆਰ ਕਿਸ ਤਰ੍ਹਾਂ ਚਲਦੇ ਹਨ।

ਖਾਣ-ਪੀਣ ਅਤੇ ਹੋਰ ਮਾਮਲਿਆਂ ਵਿਚ ਉਹ ਕੋਈ ਬਹੁਤੀ ਫ਼ੌਰਮੈਲਟੀ ਨਹੀਂ ਸਨ ਕਰਦੇ। ਸਪੱਸ਼ਟ ਸਨ। ਸਕੂਲ ਵਿਚ ਵੀ ਮੈਨੂੰ ਜਾਂ ਕਿਸੇ ਹੋਰ ਕੋਲ਼ ਬੈਠੇ ਨੂੰ ਬਸ ਇਕ ਵਾਰ ਪੁੱਛ ਕੇ ਸਾਹਮਣੇ ਹੀ ਆਪਣਾ ਟਿਫ਼ਨ ਵਿੱਚ ਇਕ ਅੱਧਾ ਟੋਸਟ, ਬਰੈੱਡ ਜਾਂ ਕੋਈ ਫ਼ਲ ਹੁੰਦਾ। ਮੇਰੇ ਨਾਲ ਲੱਗ ਕੇ ਉਹ ਪੰਜਾਬੀ ਵਿਚ ਲਿਖਣ ਲਈ ਪ੍ਰੇਰਿਤ ਹੋਏ। ਲਿਖਣ ਲੱਗਿਆਂ ਉਹ ਲਿੱਪੀ ਉਰਦੂ ਵਾਲੀ ਹੀ ਰਖਦੇ ਪਰ ਬਾਅਦ ਵਿਚ ਬੜੀ ਖੁਸ਼ਖ਼ਤ ਲਿਖਤ ਵਿਚ ਗੁਰਮੁਖੀ ਵਿਚ ਉਤਾਰਾ ਕਰਦੇ। ਛੇਤੀ ਹੀ ਉਨ੍ਹਾਂ ਆਪਣੀ ਪਹਿਲੀ ਕਾਵਿ-ਪੁਸਤਕ 'ਰਿਸ਼ਮ ਤਰੰਗਾਂ' ਤਿਆਰ ਕਰ ਕੇ ਛਪਵਾ ਲਈ। ਮੈਂ ਇਸ ਪੁਸਤਕ ਦੇ ਪ੍ਰਕਾਸ਼ਨ ਵਿੱਚ ਉਨ੍ਹਾਂ ਦੀ ਬਹੁਤ ਸਹਾਇਤਾ ਕੀਤੀ। ਉਹ ਬੜੇ ਉਤਸ਼ਾਹ ਵਿਚ ਸਨ। ਛੇਤੀ ਹੀ ਦੂਸਰੀ ਕਾਵਿ-ਪੁਸਤਕ 'ਪਿਆਰ ਤਰੰਗਾਂ' ਛਪੀ ਜਿਸ ਵਿਚ ਕਵਿਤਾਵਾਂ ਤੇ ਗ਼ਜ਼ਲਾਂ ਤੋਂ ਇਲਾਵਾ ਵਿਅੰਗ ਗ਼ਜ਼ਲਾਂ ਬਾਲ ਗੀਤ, ਲਿਪੀਅੰਤਰਿਤ ਗ਼ਜ਼ਲਾਂ ਅਤੇ ਹੋਰ ਕਾਵਿ-ਰੂਪ ਵੀ ਸ਼ਾਮਿਲ ਸਨ। ਉਹ ਵਿਸ਼ਵ ਪ੍ਰਸਿੱਧ ਚਿੱਤਰਕਾਰ ਅਤੇ ਦਾਰਸ਼ਨਿਕ ਖ਼ਲੀਲ ਜਿਬਰਾਨ ਤੋਂ ਬਹੁਤ ਪ੍ਰਭਾਵਿਤ ਸਨ। ਉਹ ਉਸ ਦੇ ਵਿਚਾਰਾਂ ਅਤੇ ਕਵਿਤਾਵਾਂ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਾਉਣਾ ਚਾਹੁੰਦੇ ਸਨ। ਉਹ ਇਸ ਕਾਰਜ ਵਿਚ ਜੁਟ ਗਏ ਅਤੇ ਇਕ ਹੋਰ ਕਿਤਾਬ 'ਇਕ ਹੋਰ ਕੁਰਾਹੀਆ-ਖ਼ਲੀਲ ਜਿਬਰਾਨ' ਛਪਵਾਈ ਜਿਸ ਵਿਚ ਚੀਨ ਦੇ ਸੰਤ ਲਾਓ ਤਜ਼ੂ ਦੀ ਬਾਣੀ ਦਾ ਕਾਵਿ-ਉਲੱਥਾ ਕੀਤਾ ਗਿਆ ਸੀ।



ਸਾਹਿਤ ਦੇ ਖੇਤਰ ਵਿਚ ਉਹ ਸਦਾ ਤਬਦੀਲੀ ਵਿਚ ਰਹੇ। ਕਵਿਤਾ, ਗ਼ਜ਼ਲ, ਬਾਲ ਸਾਹਿਤ, ਵਿਅੰਗ ਅਤੇ ਹੋਰ ਕਾਵਿ ਰੂਪਾਂ ਤੋਂ ਬਾਅਦ ਉਨ੍ਹਾਂ ਦਾ ਰੁਝਾਨ ਮਿੰਨੀ ਕਹਾਣੀ ਅਤੇ ਕਹਾਣੀ ਰਚਨਾ ਵਿਚ ਪੈਦਾ ਹੋ ਗਿਆ। ਉਨ੍ਹਾਂ ਦੀਆਂ ਹਿੰਦੀ ਅਤੇ ਪੰਜਾਬੀ ਦੋਵਾਂ ਭਾਸ਼ਾਵਾਂ ਵਿਚ ਦੋ ਪੁਸਤਕਾਂ ਛਪੀਆਂ।

ਉਹ ਆਪਣੀ ਪਤਨੀ ਕਮਲਾ ਦੀ ਬਹੁਤ ਇੱਜ਼ਤ ਕਰਦੇ ਸਨ। ਉਸ ਨੂੰ 'ਮੈਡਮ' ਕਹਿ ਕੇ ਅਵਾਜ਼ ਮਾਰਦੇ ਸਨ। ਉਹ ਵੀ ਹਰ ਤਰ੍ਹਾਂ ਨਾਲ ਉਨ੍ਹਾਂ ਦਾ ਧਿਆਨ ਰੱਖਦੀ ਭਾਵੇਂ ਕਿ ਉਹ ਖ਼ੁਦ ਵੀ ਬਜ਼ੁਰਗ ਸਨ। ਹਰ ਕੰਮ ਲਈ 'ਮੈਡਮ' ਨੂੰ 'ਥੈਂਕ ਯੂ' ਕਹਿਣਾ ਕੈਪਟਨ ਸਾਹਿਬ ਦੀ ਆਦਤ ਸੀ। ਜੇਕਰ ਉਨ੍ਹਾਂ ਦੀ ਪਤਨੀ ਉਨ੍ਹਾਂ ਨੂੰ ਪਲੇਟ ਵੀ ਪਕੜਾਉਂਦੀ ਤਾਂ ਕੈਪਟਨ ਸਾਹਿਬ ਫੌਜੀ ਅਸੂਲਾਂ ਅਨੁਸਾਰ 'ਥੈਂਕੂ ਯੂ' ਕਹਿਣਾ ਨਾ ਭੁੱਲਦੇ।

ਕੈਪਟਨ ਸਾਹਿਬ ਕਹਿੰਦੇ ਸਨ-ਜਦੋਂ ਵੀ ਤੁਸੀਂ ਕਿਸੇ ਦੋਸਤ ਜਾਂ ਰਿਸ਼ਤੇਦਾਰ ਦੇ ਘਰ ਖਾਣਾ ਖਾਣ ਲਈ ਜਾਓ ਤਾਂ ਖਾਣਾ ਖਾਣ ਤੋਂ ਬਾਅਦ ਉਸ ਦੀ ਪਤਨੀ ਦਾ ਰਸੋਈ ਕੋਲ ਜਾ ਕੇ 'ਥੈਂਕਸ' ਜ਼ਰੂਰ ਕਰ ਕੇ ਆਵੋ।

ਮੇਰਾ ਉਨ੍ਹਾਂ ਨਾਲ ਬਹੁਤ ਦਿਲ ਲੱਗਦਾ ਸੀ। ਮੋਰਿੰਡਾ ਦੇ ਹੋਰ ਲੇਖਕ ਵੀ ਉਨ੍ਹਾਂ ਕੋਲ ਜਾਂਦੇ ਅਤੇ ਗ਼ਜ਼ਲ ਸਬੰਧੀ ਸਲਾਹ ਮਸ਼ਵਰਾ ਕਰਦੇ। ਬਹੁਤੀ ਵਾਰ ਉਹ ਅੰਗਰੇਜ਼ੀ ਅਖ਼ਬਾਰਾਂ ਅਤੇ ਸਾਹਿਤ ਪੜ੍ਹਦੇ ਅਤੇ ਟੈਲੀਵਿਜ਼ਨ ਉੱਤੇ ਅੰਗਰੇਜ਼ੀ ਫ਼ਿਲਮਾਂ ਵੀ ਵੇਖਦੇ। ਉਰਦੂ ਅਤੇ ਅੰਗਰੇਜ਼ੀ ਦੇ ਲਫ਼ਜ਼ਾਂ ਦਾ ਸ਼ੁੱਧ ਉਚਾਰਣ ਕਿਸ ਤਰ੍ਹਾਂ ਕਰਨਾ ਹੈ, ਇਸ ਬਾਰੇ ਅਕਸਰ ਚਰਚਾ ਚੱਲਦੀ ਰਹਿੰਦੀ।

ਸਮਾਂ ਆਪਣੀ ਤੋਰੇ ਤੁਰਦਾ ਗਿਆ। ਕੈਪਟਨ ਸਾਹਿਬ ਨਾਲ ਪੰਦਰਾਂ-ਵੀਹ ਸਾਲ ਦਾ ਸਮਾਂ ਅਸੀਂ ਦੇਖਿਆ। ਉਹ ਦਿਨ-ਪ੍ਰਤੀ-ਦਿਨ ਬੁੱਢੇ ਹੁੰਦੇ ਜਾ ਰਹੇ ਸਨ। ਅਕਸਰ ਬਿਮਾਰ ਰਹਿਣ ਲੱਗੇ। ਕੋਈ ਸਮਾਂ ਸੀ ਜਦੋਂ ਉਨ੍ਹਾਂ ਪੇਂਟਿੰਗ ਬਿਲਕੁਲ ਛੱਡ ਦਿੱਤੀ ਕਿਉਂਕਿ ਹੁਣ ਹੱਥ ਨਹੀਂ ਸਨ ਟਿਕਦੇ। ਲਿਖਣਾ ਪੜ੍ਹਨਾ ਵੀ ਬਹੁਤ ਘੱਟ ਗਿਆ ਸੀ।

ਕੈਪਟਨ ਸਾਹਿਬ ਨੇ ਪੇਂਟਿੰਗ ਵਾਸਤੇ ਹਰ ਪ੍ਰਕਾਰ ਦਾ ਮਾਧਿਆਮ ਵਰਤ ਕੇ ਵੇਖਿਆ ਪਰ ਉਨ੍ਹਾਂ ਨੂੰ ਪੇਂਟਿੰਗ ਕਰਨ ਲਈ ਦਾਣੇਦਾਰ ਹਾਰਡ ਬੋਰਡ ਵਧੇਰੇ ਪਸੰਦ ਸੀ। ਉਹ ਸਿਰਫ਼ ਸ਼ੌਕੀਆ ਚਿੱਤਰਕਾਰ ਸਨ। ਉਨ੍ਹਾਂ ਕਦੇ ਕੋਈ ਪ੍ਰਦਰਸ਼ਨੀ ਨਹੀਂ ਸੀ ਲਗਾਈ। ਸਿਰਫ਼ ਇਕ ਵਾਰ ਸਾਡੀ ਸਾਹਿਤ ਸਭਾ ਦੇ ਸਮਾਗਮ ਸਮੇਂ ਅਸੀਂ ਚਾਰ ਪੰਜ ਚਿੱਤਰਕਾਰਾਂ ਨੇ ਮਿਲ ਕੇ ਮੋਰਿੰਡੇ ਕੁੜੀਆਂ ਦੇ

ਕਾਲਜ ਵਿਚ ਇਕ ਰੋਜ਼ਾ ਪ੍ਰਦਰਸ਼ਨੀ ਲਗਾਈ ਸੀ ਜੋ ਕਿ ਬਹੁਤ ਸਲਾਹੀ ਗਈ ਸੀ। ਕੈਪਟਨ ਸਾਹਿਬ ਨੇ ਅਨੇਕਾਂ ਪੇਂਟਿੰਗਜ਼ ਬਣਾ ਕੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਦਿੱਤੀਆਂ।

ਇਕ ਵਾਰ ਮੈਂ ਅਤੇ ਸੁਰਜੀਤ ਸਿੰਘ ਜੀਤ ਕੈਪਟਨ ਸਾਹਿਬ ਨੂੰ ਮਿਲਣ ਲਈ ਚੰਡੀਗੜ੍ਹ ਚਲੇ ਗਏ। ਬਹੁਤ ਸਮਾਂ ਹੋ ਗਿਆ ਸੀ ਉਨ੍ਹਾਂ ਨੂੰ ਮਿਲਿਆਂ। ਉਹ ਸਾਨੂੰ ਦੋਵਾਂ ਨੂੰ ਮਿਲ ਕੇ ਬੜੇ ਖੁਸ਼ ਹੋਏ। ਸਾਨੂੰ ਮਿਲ ਕੇ ਉਹ ਇਕ ਨਵੇਂ ਹੀ ਉਤਸ਼ਾਹ ਵਿਚ ਆ ਗਏ।

ਉਸ ਤੋਂ ਕੁਝ ਹੀ ਮਹੀਨਿਆਂ ਬਾਅਦ ਕੈਪਟਨ ਸਾਹਿਬ ਗੁਜ਼ਰ ਗਏ। ਸਾਹਿਤ, ਕਲਾ ਅਤੇ ਜੀਵਨ ਨੂੰ ਪਿਆਰ ਕਰਨ ਵਾਲੇ ਸੱਜਣ ਦਾ ਤੁਰ ਜਾਣਾ ਸਾਡੇ ਲਈ ਇਕ ਅਸਹਿ ਸਦਮਾ ਹੋ ਗੁਜ਼ਰਿਆ।

*****



## ਪੁਆਧ ਦੀ ਪਹਿਲੀ ਮਾਰੂਫ਼ ਅਦਾਕਾਰਾ-ਕੁਲਦੀਪ ਕੌਰ

- ਉੱਤਮਵੀਰ ਸਿੰਘ ਦਾਊਂ
ਮੋਬਾ. 8729000242

ਇਹ ਉਨ੍ਹਾਂ ਸਮਿਆਂ ਦੀ ਗੱਲ ਹੈ ਜਦੋਂ ਹਿੰਦੁਸਤਾਨ ਅੰਗਰੇਜ਼ ਹਕੂਮਤ ਦੇ ਅਧੀਨ ਹੁੰਦਾ ਸੀ। ਉਦੋਂ ਪਿੰਡ 'ਚ ਲੜਕੀਆਂ ਨੂੰ ਕੋਈ ਟਾਵਾਂ-ਟਾਵਾਂ ਪਰਿਵਾਰ ਹੀ ਪੜ੍ਹਾਉਂਦਾ ਹੁੰਦਾ ਸੀ। ਫਿਲਮੀ-ਜਗਤ ਵਿਚ ਭੇਜਣ ਦਾ ਤਾਂ ਸੁਆਲ ਹੀ ਨਹੀਂ ਸੀ। ਪਰੰਤੂ ਜ਼ਿਲ੍ਹਾ ਰੋਪੜ ਦੇ ਪਿੰਡ ਭਰਤਗੜ੍ਹ ਨਾਲ ਸੰਬੰਧ ਰੱਖਦੀ ਕੁਲਦੀਪ ਕੌਰ ਦੀ ਕਹਾਣੀ ਬੜੀ ਅਣੋਖੀ ਹੈ। ਕੁਲਦੀਪ ਕੌਰ ਦਾ ਜਨਮ 23 ਅਕਤੂਬਰ, 1927 ਨੂੰ ਲਾਹੌਰ ਵਿਖੇ ਹੋਇਆ। ਉਸ ਦਾ ਪਿਛੋਕੜ ਦੱਸਦਾ ਹੈ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ



ਕੁਲਦੀਪ ਕੌਰ

ਦੀ ਫ਼ੌਜ ਦੇ ਕਮਾਂਡਰ -ਜਨਰਲ ਸ. ਸ਼ਾਮ ਸਿੰਘ ਅਟਾਰੀਵਾਲੇ ਦੇ ਪੜਪੋਤਰੇ ਦੀ ਉਹ ਨੂੰਹ ਸੀ। ਉਸ ਨੇ ਸਰ ਗੰਗਾ ਰਾਮ ਹਾਈ ਸਕੂਲ ਲਾਹੌਰ ਤੋਂ ਦਸਵੀਂ ਕੀਤੀ ਜੋ ਇਕ ਅਗਾਂਹ-ਵਧੂ ਪਰਿਵਾਰ ਦੀ ਮਿਸਾਲ ਸੀ। ਉਸ ਦਾ ਵਿਆਹ ਪਿੰਡ ਅਟਾਰੀ ਜ਼ਿਲ੍ਹਾ ਅੰਮ੍ਰਿਤਸਰ ਸ਼ਾਹੀ ਖਾਨਦਾਨ ਦੇ ਮਾਲਕ ਸ. ਮਹਿੰਦਰ ਸਿੰਘ ਸਿੱਧੂ (ਪੌਂਪਾ) ਨਾਲ ਹੋਇਆ। ਉਦੋਂ ਕੁਲਦੀਪ ਕੌਰ ਦੀ ਉਮਰ 16 ਸਾਲ ਸੀ ਪਰੰਤੂ ਪਤੀ ਦੀ ਉਮਰ ਕਿਤੇ ਵੱਧ ਸੀ। ਕੁਲਦੀਪ ਕੌਰ ਬਹੁਤ ਹੁਸੀਨ, ਸ਼ਰਮਾਕਲ, ਸਾਧਾਰਨ ਸੁਭਾਅ ਅਤੇ ਸਿੱਖ-ਪਰਿਵਾਰ 'ਚੋਂ ਸੀ। ਮਹਿੰਦਰ ਸਿੰਘ ਸਿੱਧੂ ਬਹੁਤ ਐਸ਼ ਪ੍ਰਸਤ, ਖਰਚੀਲਾ ਅਤੇ ਕਾਰਾਂ ਦਾ ਸ਼ੌਕੀਨ ਸੀ। ਉਸ ਕੋਲ ਉਨ੍ਹਾਂ ਸਮਿਆਂ ਵਿਚ ਯੂਰਪੀਨ ਅਤੇ ਅਮਰੀਕਨ ਮਹਿੰਗੀਆਂ ਕਾਰਾਂ ਰੱਖੀਆਂ ਹੋਈਆਂ ਸਨ ਜਿਨ੍ਹਾਂ 'ਚ ਰੀਨੌਲਟ, ਬੇਬੀ ਮੌਰਿਸ, ਔਸਟਨ, ਸ਼ਿਵਰਲੈਟ, ਕਾਡੀਲੈਕ, ਬਿਯੂਕ

ਅਤੇ ਸਟੂਡੀਬੇਕਰ ਵਿਸ਼ੇਸ਼ ਜ਼ਿਕਰਯੋਗ ਹਨ। ਉਸ ਨੂੰ ਕਲੱਬ ਲਾਇਫ ਮਾਨਣ ਦਾ ਸ਼ੌਕ ਸੀ। ਲਾਹੌਰ ਅਤੇ ਅੰਮ੍ਰਿਤਸਰ ਦੇ ਕਾਰ-ਡੀਲਰ ਉਸ ਦਾ ਪੂਰਾ ਸਤਿਕਾਰ ਕਰਦੇ ਸਨ। ਕਪੂਰਥਲਾ ਦੇ ਮਹਾਰਾਜਾ ਜਗਤਜੀਤ ਸਿੰਘ ਨਾਲ ਉਸ ਦੀ ਗੂੜ੍ਹੀ ਦੋਸਤੀ ਸੀ। ਮਹਿੰਦਰ ਸਿੰਘ ਸਿੱਧੂ ਇੱਛਾ ਰੱਖਦਾ ਸੀ ਕਿ ਕੁਲਦੀਪ ਕੌਰ ਅਤਿ-ਆਧੁਨਿਕ ਢੰਗ ਵਾਲੀ ਔਰਤ ਬਣ-ਠਣ ਕੇ ਰਹੇ। ਤੈਰਾਕੀ ਸਿੱਖੇ ਅਤੇ ਅੰਗਰੇਜ਼ੀ ਕਲੱਬ ਵਾਲੀ ਜੀਵਨ-ਸ਼ੈਲੀ ਅਪਨਾਏ। ਪਰੰਤੂ ਕੁਲਦੀਪ ਕੌਰ ਅਮੀਰ ਖਾਨਦਾਨ 'ਚ ਹੁੰਦਿਆਂ ਵੀ ਆਪਣੇ ਵਤਨ ਦੀ ਮਿੱਟੀ ਨੂੰ ਮੋਹ ਕਰਨ ਵਾਲੀ ਸੀ। ਪਤੀ ਦੀ ਇੱਛਾ-ਪੂਰਤੀ ਲਈ ਉਹ ਮਜਬੂਰ ਸੀ। ਇਸ ਦੌਰਾਨ ਉਸ ਨੇ ਆਪਣੇ ਇੱਕ ਪੁੱਤਰ ਨੂੰ ਜਨਮ ਵੀ ਦਿੱਤਾ। ਮਹਿੰਦਰ ਸਿੰਘ ਸਿੱਧੂ ਸ਼ੱਕੀ, ਈਰਖਾਲੂ ਤੇ ਮਨ-ਮਾਨੀ ਕਰਨ ਵਾਲਾ ਸੀ ਜਿਸ ਨਾਲ ਕੁਲਦੀਪ ਕੌਰ ਮਾਨਸਿਕ ਤੌਰ ਤੇ ਵਿਆਕੁਲ ਰਹਿਣ ਲੱਗੀ।

ਜੀਵਨ ਨੇ ਪਲਟਾ ਖਾਧਾ। ਉਦੋਂ ਲਾਹੌਰ ਫ਼ਿਲਮੀ ਦੁਨੀਆਂ ਕਰ ਕੇ ਉਭਰ ਰਿਹਾ ਸੀ। ਪਤੀ ਦੀਆਂ ਸ਼ਾਹੀ ਆਦਤਾਂ ਅਤੇ ਫ਼ਿਲਮੀ ਦੁਨੀਆਂ ਦੇ ਹਨੇਰੇ ਪੱਖਾਂ ਨੂੰ ਸਮਝਦਿਆਂ, ਆਖ਼ਰ ਕੁਲਦੀਪ ਕੌਰ ਨੇ ਐਕਟ੍ਰੈਸ ਬਣਨ ਦਾ ਸੁਪਨਾ ਸਾਕਾਰ ਕਰਨਾ ਸ਼ੁਰੂ ਕਰ ਦਿੱਤਾ। ਰੱਬ-ਸਬੱਬੀ ਉਨ੍ਹਾਂ ਸਮਿਆਂ 'ਚ ਅਦਾਕਾਰ ਪਰਾਨ ਨਾਥ ਦਾ ਫ਼ਿਲਮਾਂ 'ਚ ਬੜਾ ਬੋਲ-ਬਾਲਾ ਸੀ। ਕੁਲਦੀਪ ਕੌਰ ਉਸ ਦੀ ਅਦਾਕਾਰੀ ਤੋਂ ਪ੍ਰਭਾਵਤ ਹੋਈ ਤੇ ਉਸ ਦੇ ਸੰਪਰਕ ਸਦਕਾ ਫ਼ਿਲਮ-ਜਗਤ 'ਚ ਪ੍ਰਵੇਸ਼ ਕੀਤਾ। ਕੁਲਦੀਪ ਕੌਰ ਦੇ ਹੁਸੀਨ ਚਿਹਰੇ ਅਤੇ ਅੰਦਾਜ਼ ਤੋਂ ਹਰ ਕੋਈ ਅਚੰਭਤ ਹੁੰਦਾ। ਯਮਲਾ ਜੱਟ ਫ਼ਿਲਮ 'ਚ ਉਸ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਬਹੁਤ ਪ੍ਰਭਾਵਤ ਕੀਤਾ। ਮਾੜੀ ਗੱਲ ਇਹ ਵਾਪਰੀ ਕਿ 1947 ਦੀ ਵੰਡ ਨੇ ਲਹਿੰਦਾ ਪੰਜਾਬ (ਪਾਕਿਸਤਾਨ) ਅਤੇ ਚੜ੍ਹਦਾ ਪੰਜਾਬ ਦੇ ਲੋਕਾਂ ਨੂੰ ਹਿਜਰਤ ਕਰਨ ਲਈ ਮਜਬੂਰ ਕਰ ਦਿੱਤਾ। ਕੁਲਦੀਪ ਕੌਰ ਅਤੇ ਪਰਾਨ ਨਾਥ ਨੂੰ ਲਾਹੌਰ ਛੱਡ ਕੇ ਬੰਬਈ ਨੂੰ ਕੂਚ ਕਰਨਾ ਪਿਆ। ਇਹ ਸਮਾਂ ਬਹੁਤ ਚਣੌਤੀਆਂ ਅਤੇ ਖਤਰਿਆਂ ਭਰਿਆ ਸੀ। ਕੁਲਦੀਪ ਕੌਰ ਨੇ ਆਪਣੇ ਜੀਵਨ ਦੇ ਭਵਿੱਖ ਦਾ ਫ਼ੈਸਲਾ ਕਰਨਾ ਸੀ। ਕੁਲਦੀਪ ਕੌਰ ਨੇ ਬਹੁਤ ਬਹਾਦਰੀ ਤੋਂ ਕੰਮ ਲਿਆ। ਦਲੇਰੀ ਕੀਤੀ ਅਤੇ ਮਰਦਾਂ ਵਾਲਾ ਹੌਸਲਾ ਕਰਕੇ ਪਰਾਨ ਨਾਥ ਦੀ ਕਾਰ ਲਾਹੌਰ ਤੋਂ ਅੰਮ੍ਰਿਤਸਰ ਸੁਰੱਖਿਅਤ ਲਿਆਂਦੀ ਤੇ ਉੱਥੋਂ ਆਪ ਕਾਰ ਚਲਾ ਕੇ ਬੰਬਈ ਪੁੱਜੀ ਅਤੇ ਦਿਆਨਦਾਰੀ ਨਾਲ ਕਾਰ ਦੀਆਂ ਚਾਬੀਆਂ ਪਰਾਨ ਨਾਥ ਨੂੰ



ਸੌਂਪ ਕੇ ਸੁੱਖ ਦਾ ਸਾਹ ਲਿਆ। ਸੋਚਣ ਵਾਲੀ ਗਲ ਹੈ ਕਿ 1947 ਦੇ ਦੰਗਿਆਂ ਸਮੇਂ ਇੱਕ ਔਰਤ ਦੀ ਅਜਿਹੀ ਜੁਰੱਅਤ ਕਰ ਕੇ ਬੰਬਈ ਕਾਰ ਰਾਹੀਂ ਆਪ ਚਲਾ ਕੇ ਪੁੱਜਣਾ, ਕਿੱਡੀ ਬਹਾਦਰੀ ਹੈ। ਬੰਬਈ ਕੁਲਦੀਪ ਕੌਰ ਲਈ ਆਪਣੇ ਹੁੱਨਰ ਨੂੰ ਪ੍ਰਫੁੱਲਤ ਕਰਨ ਦਾ ਸੁਨਹਿਰੀ ਮੌਕਾ ਮਿਲ ਗਿਆ। ਅਜਿਹੀ ਪ੍ਰਸਿਥਤੀ 'ਚ ਉਸ ਨੇ ਆਪਣੇ ਪੁੱਤਰ ਦੇ ਹੱਕਾਂ ਦੀ ਰਾਖੀ ਲਈ, ਆਪਣੇ ਪਤੀ ਤੋਂ ਤਲਾਕ ਨਾ ਲਿੱਤਾ ਪਰੰਤੂ ਮੁੜ ਉੱਥੋਂ ਪੰਜਾਬ ਪਰਤਣ ਲਈ ਮਜਬੂਰ ਹੋ ਗਈ। ਕੁਲਦੀਪ ਕੌਰ ਨੇ ਫਿਲਮ-ਜਗਤ 'ਚ ਰਹਿੰਦਿਆਂ ਆਪਣਾ ਨਾਮ ਨਹੀਂ ਬਦਲਿਆ। ਉਸ ਨੇ ਹਿੰਦੀ, ਪੰਜਾਬੀ ਤੇ ਉਰਦੂ ਫਿਲਮਾਂ ਵਿਚ ਕੰਮ ਕਰਨਾ ਸ਼ੁਰੂ ਕੀਤਾ। ਕੁਲਦੀਪ ਕੌਰ ਦਾ ਗੁੰਦਵਾਂ ਸਰੀਰ, ਮੋਹਣੀਆਂ ਅੱਖਾਂ, ਸਪਾਟ ਠੋਡੀ ਅਤੇ ਹੁਸੀਨ ਗੋਰਾ ਮੁਖੜਾ, ਫਿਲਮ ਡਾਇਰੈਕਟਰਾਂ ਨੂੰ ਬਹੁਤ ਪਸੰਦ ਸੀ। ਉਨ੍ਹਾਂ ਦਿਨਾਂ ਵਿਚ ਚੋਟੀ ਦੀਆਂ ਅਦਾਕਾਰਾਂ 'ਚ ਦੁਰਗਾ ਖੋਟੇ, ਨਸੀਮ ਬਾਨੋ, ਮਧੂਬਾਲਾ, ਨਰਗਿਸ, ਸੁਰਈਆ, ਨੂਤਨ, ਬਿਨਾਰੀ, ਕਾਮਨੀ ਕੌਸ਼ਲ, ਨਿਰਪੂਮਾ ਰਾਏ, ਮੀਨਾ ਸ਼ੋਰੀ, ਨਿਗਰ ਸੁਲਤਾਨਾ, ਵੀਨਾ ਆਦਿਕ ਦੀ ਪੂਰੀ ਚੜ੍ਹਤ ਸੀ ਪਰੰਤੂ ਇਨ੍ਹਾਂ ਚੋਂ ਚਾਲਬਾਜ਼, ਚਲਾਕ ਤੇ ਬਦਮਾਸ਼ ਦਾ ਰੋਲ ਕਰਨ ਲਈ ਕੋਈ ਵੀ ਤਿਆਰ ਨਹੀਂ ਸੀ, ਇਸ ਦੇ ਉਲਟ ਕੁਲਦੀਪ ਕੌਰ ਦਾ ਕਿਰਦਾਰ ਇੱਕ ਚਲਾਕ (Vamp) ਔਰਤ ਦਾ ਹੁੰਦਾ ਸੀ ਜੋ ਫਿਲਮ ਦੇ ਹੀਰੋ ਨੂੰ ਦਿਲਫਰੇਬ ਅਦਾਵਾਂ ਦੇ ਜਾਲ ਵਿਚ ਫਸਾਉਣ ਲਈ ਬਹੁਤ ਕਾਮਯਾਬ ਹੁੰਦੀ ਸੀ। ਇਸ ਘਾਟ ਨੂੰ ਕੁਲਦੀਪ ਕੌਰ ਨੇ 'ਚਮਨ' (1948) ਪੰਜਾਬੀ ਫ਼ਿਲਮ 'ਚ ਨਿਭਾਅ ਕੇ ਕਮਾਲ ਕਰ ਦਿਤੀ। ਉਸੇ ਸਾਲ 'ਜ਼ਿੱਦੀ' ਅਤੇ 'ਗ੍ਰਹਿਸਥੀ' ਫ਼ਿਲਮਾਂ 'ਚ ਵਾਹਵਾ ਖੱਟੀ। ਇਸ ਤੋਂ ਬਾਅਦ ਉਸ ਨੇ ਮੁੜ ਕੇ ਨਹੀਂ ਵੇਖਿਆ ਤੇ ਫਿਲਮੀ ਜਗਤ ਨੂੰ ਚਾਰ-ਚੰਨ ਲਾ ਦਿੱਤੇ, ਉਸ ਨੂੰ ਪੰਜਾਬ ਆਉਣਾ ਵੀ ਭੁੱਲ ਗਿਆ ਅਤੇ ਪਤੀ ਤੋਂ ਦੂਰ ਹੋ ਗਈ। 1949 'ਚ ਉਸ ਨੇ 'ਏਕ ਥੀ ਲੜਕੀ' ਅਤੇ 'ਕਨੀਜ਼' ਫਿਲਮਾਂ 'ਚ ਅਦਾਕਾਰੀ ਕੀਤੀ। 1950 'ਚ 'ਸਮਾਧੀ', 'ਅੱਧੀ ਰਾਤ', 'ਮਦਾਰੀ' ਅਤੇ 'ਛਾਈ' 'ਚ ਰੋਲ ਨਿਭਾਇਆ। 1951 ਉਸ ਲਈ ਵੱਡੀਆਂ ਪ੍ਰਾਪਤੀਆਂ ਵਾਲਾ ਸੀ ਜਦੋਂ ਉਸ ਨੇ 'ਸਟੇਜ', 'ਰਾਜਪੂਤ', 'ਨਈ ਜ਼ਿੰਦਗੀ', 'ਏਕ ਨਜ਼ਰ', 'ਅਫਸਾਨਾ' ਅਤੇ 'ਮੁਖੜਾ' ਫਿਲਮਾਂ 'ਚ ਆਪਣੀ ਮਿਹਨਤ ਅਤੇ ਸ਼ਕਤੀ ਭਰੇ ਹੁੱਨਰ ਦੀ ਧਾਕ ਜਮਾਈ। 1952 ਉਸ ਲਈ ਹੋਰ ਵੀ ਸ਼ੁਹਰਤ ਭਰਿਆ ਸੀ ਜਦੋਂ ਉਸ ਨੇ 'ਸ਼ਿਸ਼ਮ', 'ਨੌਬਹਾਰ', ਬਾਜੂਬਾਵਰਾ' ਅਤੇ 'ਅੰਜਾਮ' ਫਿਲਮਾਂ 'ਚ ਪ੍ਰਸੰਸਾ ਖੱਟੀ।

ਦੱਸਿਆ ਜਾਂਦਾ ਹੈ ਕਿ ਕੁਲਦੀਪ ਕੌਰ ਸਮੇਂ ਦੀ ਪਾਬੰਦ ਅਤੇ ਵਚਨ ਬਧਤਾ ਅਤੇ ਆਪਣੇ ਰੋਲ 'ਚ ਖੁੱਭ ਕੇ ਅਦਾ ਕਰਨ ਵਾਲੀ ਸੀ। ਉਸ ਨੂੰ ਏਨੀਆਂ ਨਿਯੁਕਤੀਆਂ ਮਿਲਦੀਆਂ ਸਨ ਕਿ ਡਾਇਰੈਕਟਰ, ਗੀਤਕਾਰ ਤੇ ਕੈਮਰਾ ਮੈਨ ਉਸ ਦੇ ਦੁਆਲੇ ਝੁਰਮਟ ਪਾ ਲੈਂਦੇ ਸਨ ਤੇ ਮੂੰਹ-ਮੰਗੀ ਰਕਮ ਦੇਣ ਲਈ ਤਤਪਰ ਰਹਿੰਦੇ ਸਨ। 1955 'ਚ 'ਮਾਸ਼ੂਕਾ', 'ਬਾਜ਼', 'ਅਨਾਰਕਲੀ' ਤੇ 'ਆਬਸ਼ਾਰ' ਫਿਲਮਾਂ 'ਚ ਚਰਚਿਤ ਹੋਈ। 1954 'ਚ ਉਸ ਨੇ 'ਨੀਲਮ ਪਰੀ', 'ਗੁਲਬਹਾਰ' ਅਤੇ 'ਡਾਕੂ ਬਾਬੂ' 'ਚ ਰੋਲ ਨਿਭਾਇਆ। ਉਸ ਦੀ ਵਿਲੱਖਣ ਅਦਾਕਾਰੀ 1955 'ਚ 'ਤੀਰ ਅੰਦਾਜ਼', 'ਮਿਸ ਕੋਕਾ ਕੋਲਾ', 'ਮਸਤ ਕਲੰਦਰ' ਅਤੇ 'ਜਸ਼ਨ' ਫਿਲਮਾਂ 'ਚ ਵੇਖਣ ਵਾਲੀ ਸੀ। 'ਸ਼ੇਰੋ', 'ਏਕ ਸਾਲ', 'ਸਹਾਰਾ', 'ਪੰਚਾਇਤ', 'ਪਿਆਰ ਕਾ ਰਿਸ਼ਤਾ', 'ਮੋਹਰ', 'ਜਗੀਰ', 'ਮਾਂ-ਬਾਪ', 'ਯਮਲਾ ਜੱਟ', 'ਚਾਂਦ', 'ਫਰਮਾਇਸ਼' 'ਸੰਗਦਿਲ', 'ਜੱਗੂ', 'ਡਾਕੂ', 'ਹਮਾਰੀ ਗਲੀਆਂ', 'ਤਿੱਤਲੀ', 'ਛੋਟੀ ਭਾਬੀ', 'ਨਿਰਦੋਸ਼', 'ਮੀਨਾ ਬਜ਼ਾਰ', 'ਦੋ ਸਿਤਾਰੇ', 'ਮਾਂ ਦਾ ਦਿਲ', 'ਬਾਂਸਰੀਆਂ', 'ਲਾਹੌਰ', 'ਲਾਡਲੀ' ਤੇ ਕਈ ਹੋਰ ਫਿਲਮਾਂ 'ਚ ਉਸ ਦਾ ਹੁਨਰ ਮੂੰਹੋਂ ਬੋਲਦਾ ਹੈ। 1960 'ਚ ਉਸ ਨੇ 'ਬੜੇ ਘਰ ਕੀ ਬਹੂ' 'ਰਿਕਸ਼ਾਵਾਲਾ' ਤੇ 'ਭਗਤ ਰਾਜ' ਫਿਲਮਾਂ 'ਚ ਕੰਮ ਕੀਤਾ। 'ਹਨੀਮੂਨ' ਉਸ ਦੀ ਅੰਤਿਮ ਹਿੰਦੀ ਫਿਲਮ ਮੰਨੀ ਜਾਂਦੀ ਹੈ। ਜਦੋਂ ਤੀਕ ਉਹ ਜ਼ਿੰਦਾ ਰਹੀ ਫਿਲਮੀ ਸਿਤਾਰਿਆ 'ਚ ਸ਼ਾਨ-ਓ-ਸ਼ੌਕਤ ਨਾਲ ਚਮਕਦੀ ਰਹੀ। ਦੁਖਾਂਤ ਇਹ ਵਾਪਰਿਆ ਕਿ ਉਸ ਦੇ ਪੈਰ 'ਚ ਬੇਰੀ ਦਾ ਕੰਡਾ ਚੁਭ ਗਿਆ ਜੋ ਉਸ ਨੇ ਆਪ ਹੀ ਪੀੜਾਂ ਸਹਿੰਦਿਆਂ ਕੱਢ ਦਿੱਤਾ। ਡਾਕਟਰੀ ਇਲਾਜ ਕਰਾਉਣਾ ਖੁੰਝ ਗਈ। ਜ਼ਖ਼ਮ ਵੱਧ ਗਿਆ, ਜ਼ਹਿਰ ਫੈਲ ਗਈ, ਟੈਟਨਸ ਹੋਣ ਕਾਰਨ ਉਸ ਦੀ ਮੌਤ 3 ਫਰਵਰੀ 1960 ਨੂੰ 35 ਸਾਲਾਂ ਦੀ ਭਰ ਜੁਆਨੀ 'ਚ ਹੋ ਗਈ। ਜਦੋਂ ਉਸ ਦੇ ਪਤੀ ਨੂੰ ਇਹ ਖ਼ਬਰ ਮਿਲੀ, ਵਿਛੋੜਾ ਨਾ ਝੱਲ ਸਕਿਆ ਤੇ ਦਿਲ ਦਾ ਦੌਰਾ ਪੈਣ ਨਾਲ ਚੱਲ ਵਸਿਆ। ਆਪਣੀ ਉਮਰ ਨਾਲੋਂ ਵੀ ਵੱਧ ਫ਼ਿਲਮਾਂ 'ਚ ਅਦਾਕਾਰੀ ਕਰਨ ਵਾਲੀ ਕੁਲਦੀਪ ਕੌਰ 'ਤੇ ਜੋ ਗੀਤ ਫਿਲਮਾਏ ਗਏ, ਉਹ ਅਜੇ ਵੀ ਲੋਕਾਂ ਨੂੰ ਪਸੰਦ ਆਉਂਦੇ ਰਹਿੰਦੇ, ਜਿਨ੍ਹਾਂ 'ਚੋਂ ਕੁਝ ਹਨ:

1. ਅੱਖਾਂ ਦੁਖਦੀਆਂ ਨਾਲ ਮੈਂ ਖ਼ਤ ਲਿਖਿਆ,
2. ਫਿਰ ਕਿਸੇ ਦੀ ਯਾਦ ਆਈ,
3. ਸਾਰੀ ਰਾਤ ਤੇਰਾ ਤੱਕਣੀ ਆਂ ਰਾਹ,



4. ਮੁੰਡਾ ਮੋਹ ਲਿਆ ਤਬੀਤਾਂ ਵਾਲਾ,
5. ਮੈਨੂੰ ਮਾਹੀ ਨਾਲ ਹੋ ਗਿਆ ਪਿਆਰ ਹੌਲੀ-ਹੌਲੀ,
6. ਸੁਣ ਭੋਲੇ ਪੰਛੀ ਮੇਰੇ ਦਿਲ ਦੇ ਪੰਛੀ,
7. ਪਰਦੇਸਣ ਜੁਗਨੀ ਆ ਗਈ ਨੀ,
8. ਗੁਲਸ਼ਨ ਮੇਂ ਬਹਾਰ ਆਈ,
9. ਅਭੀ ਤੋਂ ਮੈਂ ਜਵਾਨ ਹੂੰ (ਲਤਾ ਮੰਗੇਸ਼ਕਰ ਗਾਇਕਾ)

ਭਾਰਤੀ ਫਿਲਮਾਂ 'ਚ ਪਹਿਲੀ ਖਲਨਾਇਕਾ ਬਣੀ ਕੁਲਦੀਪ ਕੌਰ ਨੇ ਬੇਸ਼ੁਮਾਰ ਸ਼ੋਹਰਤ ਖੱਟੀ। ਉਸ ਦੇ ਵਿਛੜਨ ਨਾਲ ਉਸ ਵਰਗਾ ਰੋਲ ਨਿਭਾਉਣ ਦਾ ਘਾਟਾ ਫਿਲਮੀ ਜਗਤ 'ਚ ਪੂਰਾ ਨਹੀਂ ਹੋ ਸਕਦਾ। ਪੁਆਧ ਨੂੰ ਉਸ ਦੀਆਂ ਪ੍ਰਾਪਤੀਆਂ 'ਤੇ ਮਾਣ ਰਹੇਗਾ।

****

# ਮੇਰੇ ਦਾਦਾ ਸਰਦਾਰ ਸਾਹਿਬ ਬਖਸ਼ੀਸ਼ ਸਿੰਘ

**- ਅਨਮੋਲ ਰਤਨ ਸਿੰਘ ਤੂਰ**

**ਮੋਬਾ. 9915020996**

ਮੇਰੇ ਪੂਜਨੀਕ ਦਾਦਾ ਜੀ ਸ. ਬਖਸ਼ੀਸ਼ ਸਿੰਘ ਦਾ ਜਨਮ ਜੱਟ ਸਿੱਖ ਪਰਿਵਾਰ 'ਚ ਸ. ਚੂਹੜ ਸਿੰਘ ਤੇ ਸਰਦਾਰਨੀ ਮੰਗਲ ਕੌਰ ਉਰਫ ਮੰਗੋ ਦੇ ਗ੍ਰਹਿ, 20 ਅਗਸਤ, 1893 ਈ. ਨੂੰ ਪਿੰਡ ਰਸੂਲਪੁਰ ਥਾਨਾ ਮੋਰਿੰਡਾ ਜ਼ਿਲ੍ਹਾ ਅੰਬਾਲਾ (ਉਦੋਂ) ਵਿਖੇ ਹੋਇਆ। ਘਰ 'ਚ ਖ਼ੁਸ਼ੀ ਦੀ ਲਹਿਰ ਦੌੜੀ। ਅਜੇ ਆਪ ਦੀ ਉਮਰ 5½ ਕੁ ਸਾਲ ਸੀ ਜਦੋਂ ਆਪ ਦੇ ਪਿਤਾ ਦਾ ਦੇਹਾਂਤ ਹੋ ਗਿਆ। ਮਾਂ ਵਿਧਵਾ ਹੋ ਗਈ ਤੇ ਘਰ ਦੀ ਜ਼ਿੰਮੇਵਾਰੀ ਚੜ੍ਹਦੀ ਉਮਰੇ ਆਣ ਪਈ। ਪਰਿਵਾਰ ਦੇ ਮੈਂਬਰਾਂ ਨੂੰ ਪਾਲਣ-ਪੋਸ਼ਣ ਲਈ ਦਾਦੀ ਮੰਗਲ ਕੌਰ ਨੂੰ ਬਹੁਤ ਕਠਨਾਈਆਂ ਦਾ ਸਾਹਮਣਾ ਕਰਨਾ ਪਿਆ ਜਦੋਂ ਕਿ ਉਸ ਦੀ ਉਮਰ 24 ਸਾਲਾਂ ਦੀ ਸੀ ਦਿਓਰ ਵੀ 1904 ਦੀ ਪਲੇਗ 'ਚ ਚੱਲ ਵਸਿਆ। ਦਾਦੀ ਜੀ ਨੇ ਹੌਸਲਾ ਰੱਖਿਆ। ਉਨ੍ਹਾਂ ਦਿਨਾਂ 'ਚ ਪਿੰਡ ਵਿੱਚ ਸਕੂਲ ਨਹੀਂ ਸੀ। ਉਸ ਨੇ ਆਪਣੇ ਬਾਲ ਬਖਸ਼ੀਸ਼ ਨੂੰ ਪੜ੍ਹਾ ਲਿਖਾ ਕੇ ਅਫ਼ਸਰ ਬਣਾਉਣ ਦੇ ਸੁਪਨੇ ਲੈਣੇ ਚਾਹੇ। ਆਪਣੇ ਪੁੱਤਰ ਨੂੰ ਪਿੰਡੋਂ ਚਾਰ ਮੀਲ ਪੈਂਦੇ, ਸਰਕਾਰੀ ਪ੍ਰਾਇਮਰੀ ਸਕੂਲ ਮੋਰਿੰਡਾ ਜਾ ਦਾਖਲ ਕਰਵਾਇਆ। ਪੁੱਤਰ ਨੂੰ ਕਦੇ ਆਪ ਸਕੂਲ ਛੱਡਣ ਅਤੇ ਲਿਆਉਣ ਦੀ ਜ਼ਿੰਮੇਵਾਰੀ ਨਿਭਾਉਂਦੀ ਜਾਂ ਬਖਸ਼ੀਸ਼ ਸਿੰਘ ਦੇ ਚਾਚਾ ਬਿਸ਼ਨ ਸਿੰਘ ਇਹ ਜ਼ਿੰਮੇਵਾਰੀ ਨਿਭਾਉਂਦਾ। ਅਗਲੀ ਪੜ੍ਹਾਈ ਲਈ ਬਖਸ਼ੀਸ਼ ਸਿੰਘ ਨੂੰ ਅੰਬਾਲਾ ਸ਼ਹਿਰ ਦਾਖਲ ਕਰਵਾਇਆ। ਪਿੰਡ ਰਸੂਲਪੁਰ ਤੋਂ ਪੈਦਲ ਸਰਹਿੰਦ ਜਾ ਕੇ ਕਈ ਵਾਰ ਬਖਸ਼ੀਸ਼ ਸਿੰਘ ਅੰਬਾਲਾ ਲਈ ਗੱਡੀ ਫੜਦਾ ਤੇ ਉੱਥੇ ਹੋਸਟਲ 'ਚ ਰਹਿਣ ਲੱਗਿਆ। ਅਗਲੀ ਪੜ੍ਹਾਈ ਸਿਵਲ ਇੰਜਨਿਅਰਿੰਗ ਕਰਨ ਲਈ ਬਖਸ਼ੀਸ਼ ਸਿੰਘ ਨੇ ਗੌਰਮਿੰਟ ਇੰਜਨਿਅਰਿੰਗ ਕਾਲਜ ਰਸੂਲ 'ਚ ਦਾਖਲਾ ਲਿਆ। ਇਹ ਕਾਲਜ ਡੇਰਾ ਇਸਮਾਇਲ ਖਾਂ (ਪਾਕਿਸਤਾਨ) ਦੇ ਨੇੜੇ ਪੈਂਦਾ ਸੀ। ਇਹ ਗੱਲ 1911-1912 ਦੀ ਹੈ। ਉਥੋਂ ਕੋਰਸ ਕਰਨ ਉਪਰੰਤ ਡੇਰਾ ਗਾਜ਼ੀ ਖਾਂ ਨੌਕਰੀ ਕਰਨ ਦਾ ਮੌਕਾ ਬੱਝਿਆ। ਉਸ ਸਮੇਂ ਨਹਿਰੀ ਮਹਿਕਮੇ 'ਚ ਬਤੌਰ ਇੰਜਨੀਅਰ ਨੌਕਰੀ ਦਾ ਅਵਸਰ ਮਿਲਣਾ ਮਾਣ ਵਾਲੀ





**ਸ. ਸਾਹਿਬ ਬਖਸ਼ੀਸ਼ ਸਿੰਘ ਘੋੜੇ 'ਤੇ**

ਗੱਲ ਸੀ। ਮਾਤਾ ਨੂੰ ਆਪਣੇ ਪੁੱਤਰ ਦੇ ਉੱਜਲ ਭਵਿੱਖ ਦੇ ਸੁਪਨੇ ਸਾਕਾਰ ਕਰਨ ਦੀ ਬੇਹੱਦ ਖੁਸ਼ੀ ਹੋਣੀ ਸ਼ੁਰੂ ਹੋਈ। ਬੀਤੀਆਂ ਔਕੜਾਂ ਤੇ ਤੰਗੀਆਂ-ਤੁਰਸ਼ੀਆਂ ਭੁੱਲਣ ਲੱਗੀਆਂ। ਨਹਿਰੀ ਮਹਿਕਮੇ 'ਚ ਲਗਨ, ਮਿਹਨਤ ਤੇ ਦਿਆਨਤਦਾਰੀ ਨੇ ਰੰਗ ਲਿਆਂਦਾ। 1932 'ਚ ਉਸ ਵੇਲੇ ਦੇ ਅੰਗਰੇਜ਼ ਵਾਇਸਰਾਏ ਤੇ ਗਵਰਨਰ ਜਨਰਲ ਨੇ ਸਤਲੁਜ ਖੇਤਰ 'ਚ ਜੋ ਪੁਆਧ 'ਚ ਪੈਂਦਾ ਸੀ, ਸ਼ਲਾਘਾਯੋਗ ਸੇਵਾ ਕਰਨ ਕਰਕੇ ਸਨਮਾਨਿਤ ਕੀਤਾ। ਸਨਮਾਨ 'ਚ ਸੋਨੇ ਰੰਗੀ ਜੇਬ-ਘੜੀ ਦਿੱਤੀ। ਇਸ ਤੋਂ ਬਾਅਦ 'ਸਰਦਾਰ ਸਾਹਿਬ' ਖਿਤਾਬ ਅਤੇ ਤਗ਼ਮਾ ਦੇ ਕੇ ਸਨਮਾਨਿਤ ਕੀਤਾ। ਅੰਗਰੇਜ਼ ਸਰਕਾਰ ਨੇ ਇਸ ਖਿੱਤੇ ਦੇ ਕੰਮ ਦੀ ਦੇਖ-ਭਾਲ ਲਈ ਤੇ ਆਵਾਜਾਈ ਦੇ ਸਾਧਨ ਵੱਜੋਂ ਇੰਗਲੈਂਡ ਤੋਂ ਇਕ ਚੰਗੀ ਨਸਲ ਦਾ (ਥੌਰੋਬਰੈੱਡ) ਘੋੜਾ ਮੰਗਵਾ ਕੇ ਦਿੱਤਾ। ਇਸ ਵਿਦੇਸ਼ ਸਹੂਲਤ ਮਿਲਣ ਨਾਲ ਬਖਸ਼ੀਸ਼ ਸਿੰਘ ਦੀ ਚੜ੍ਹਤ ਦੀਆਂ ਗੱਲਾਂ ਹੋਣ ਲੱਗੀਆਂ। ਉਨ੍ਹਾਂ ਦਾ ਰੋਅਬ-ਦਾਬ ਬਣਿਆ ਅਤੇ ਇਲਾਕੇ 'ਚ ਮਾਣ ਵਧਿਆ। ਉਨ੍ਹਾਂ ਦੀ ਨੌਕਰੀ ਦਾ ਲੰਮਾ ਸਮਾਂ ਦਾਦੂਪੁਰ ਐਕਸ-ਈ-ਐਨ ਦੇ ਹੈੱਡ-ਆਫਿਸ ਦੇ ਸਬੰਧਿਤ ਇਲਾਕੇ ਵਿੱਚ ਬੀਤਿਆ। ਉਨ੍ਹਾਂ ਦਾ ਸੇਵਾ-ਕਾਲ

ਤਾਜੇਵਾਲ ਤੋਂ ਸੇਵਾ-ਮੁਕਤੀ 1948 ਤੱਕ ਰਿਹਾ। ਉਨ੍ਹਾਂ ਨੇ ਇਸ ਕਾਲ ਦੌਰਾਨ ਹਥਨੀ-ਕੁੰਡ ਬੈਰਾਜ਼, ਤਾਜੇਵਾਲ ਹੈੱਡ ਵਰਕਸ ਅਤੇ ਨਹਿਰੀ ਰਹਾਇਸ਼ ਤਾਜ਼ੇਵਾਲ ਤੇ ਦਾਦੂਪੁਰ ਵਿਖੇ ਉਸਾਰੀ ਕਾਰਜ ਕੀਤੇ ਜਿਸ ਦੀ ਸੰਭਾਲ ਹੁਣ ਵੀ ਕੀਤੀ ਜਾਂਦੀ ਹੈ। 1948 'ਚ ਤਾਜੇਵਾਲ ਤੋਂ ਫਾਰਗ ਹੋ ਕੇ, 1952 ਤੱਕ ਪਟਿਆਲਾ ਡਵੀਜ਼ਨ 'ਚ ਸੇਵਾਵਾਂ ਨਿਭਾਈਆਂ। ਇਸ ਦੌਰਾਨ ਉਨ੍ਹਾਂ ਨੇ ਪਟਿਆਲਾ ਨਹਿਰੀ ਵਿਕਾਸ ਵਿਭਾਗ 'ਚ ਐਸ.ਡੀ.ਓ. ਦੇ ਅਹੁਦੇ 'ਤੇ ਰਹਿੰਦਿਆਂ ਹੋਇਆਂ, ਪਟਿਆਲਾ ਚੋਅ ਦੀ ਦੇਖ-ਰੇਖ ਅਤੇ ਸਲਾਹਕਾਰ ਵੱਜੋਂ ਸੇਵਾਵਾਂ ਨਿਭਾਈਆਂ। ਦੱਸਣਯੋਗ ਹੈ ਕਿ ਇਹ ਚੋਅ ਚੰਡੀਗੜ੍ਹ ਦੇ ਸ਼ਿਵਾਲਿਕ ਵਿਚਲੇ ਖੇਤਰ 'ਚੋਂ ਨਿਕਲ ਕੇ, ਵਗਦਾ ਹੋਇਆ ਪਟਿਆਲਾ ਤੱਕ ਜਾਂਦਾ ਸੀ ਜਿਸ ਦੀ ਦੇਖ-ਰੇਖ ਕਰਕੇ 1952 'ਚ ਵਿਦਾਇਗੀ ਲਈ।

ਸ. ਬਖਸ਼ੀਸ਼ ਸਿੰਘ ਨਾ ਕੇਵਲ ਇੱਕ ਸਫ਼ਲ ਨਹਿਰੀ ਵਿਕਾਸ ਵਿਭਾਗ 'ਚ ਅਫ਼ਸਰ ਵੱਜੋਂ ਹੀ ਜਾਣੇ ਜਾਂਦੇ ਸਨ ਸਗੋਂ ਨੌਕਰੀ ਤੋਂ ਬਾਅਦ ਆਪਣੇ ਪਿੰਡ ਆ ਕੇ ਸਫ਼ਲ ਕਿਸਾਨ ਹੋਣ ਦੇ ਨਾਤੇ ਨਵੀਂ ਮਾਡਰਨ ਖੇਤੀ ਕਰਨ ਦਾ ਉਪਰਾਲਾ ਕੀਤਾ ਜੋ ਆਪਣੇ ਇਲਾਕੇ ਦੇ ਕਿਸਾਨਾਂ ਲਈ ਸੰਦੇਸ਼ ਸੀ। ਇਸ ਦੌਰਾਨ ਮੋਰਿੰਡਾ ਇਲਾਕੇ ਵਿੱਚ ਪਹਿਲੀ ਵਾਰ ਮਸ਼ੀਨੀ ਖੇਤੀ ਭਾਵ ਟਰੈਕਟਰ ਅਤੇ ਟਿਊਬਵੈੱਲ ਲਗਾ ਕੇ ਨਵੀਂ ਕ੍ਰਾਂਤੀ ਲਿਆਂਦੀ। ਇਸ ਪਛੜੇ ਹੋਏ ਇਲਾਕੇ ਦੀ ਖੁਸ਼ਹਾਲੀ ਲਈ ਕਿਸਾਨਾਂ ਨੂੰ ਪ੍ਰੇਰਨਾ ਦਿੱਤੀ। ਮੋਰਿੰਡਾ ਤੋਂ ਬੂਰਮਾਜਰਾ ਸੜਕ ਨੂੰ ਪੱਕੀ ਕਰਾ ਕੇ ਲੋਕਾਂ ਤੋਂ ਵਾਹਵਾ ਖੱਟੀ। ਉਹ ਕੋਈ ਹੋਰ ਕਾਰਜ ਕਰਨਾ ਚਾਹੁੰਦੇ ਸਨ ਪਰੰਤੂ ਕੁਦਰਤ ਦਾ ਭਾਣਾ 4 ਅਕਤੂਬਰ, 1954 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੇ ਆਪਣੇ ਪੁੱਤਰਾਂ-ਧੀਆਂ ਨੂੰ ਚੰਗੀ ਸਿੱਖਿਆ ਦੁਆ ਕੇ ਉਚੇਰੇ ਅਹੁਦਿਆਂ 'ਤੇ ਪਹੁੰਚਾਇਆ। ਇਸ ਸਾਰੀ ਉਸਤਤੀ ਨੂੰ ਪ੍ਰਾਪਤ ਕਰਨ ਵਿੱਚ ਵਿਧਵਾ-ਮਾਤਾ ਮੰਗਲ ਕੌਰ ਦੀ ਸੂਝ-ਸਿਆਣਪ ਦਾ ਪ੍ਰਤੀਫਲ ਹੈ। ਇਸ ਤੂਰ ਪਰਿਵਾਰ ਨੇ ਬਦੇਸ਼ਾਂ ਵਿੱਚ ਵੀ ਨਾਮਣਾ ਖੱਟੀ ਅਤੇ ਆਪਣੇ ਇਲਾਕੇ ਪੁਆਧ ਦਾ ਨਾਮ ਰੌਸ਼ਨ ਕੀਤਾ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਦੇਸ ਦੀ ਰੱਖਿਆ, ਨਿਆਂ-ਖੇਤਰ, ਵਿੱਦਿਆ ਖੇਤਰ, ਤਕਨੀਕੀ-ਇੰਜੀਨੀਅਰਿੰਗ ਅਤੇ ਕਿਸਾਨੀ-ਖੇਤਰ ਵਿੱਚ ਤੂਰ ਪਰਿਵਾਰ 'ਚੋਂ ਜ਼ਿੰਮੇਵਾਰੀ ਨਾਲ ਉੱਚ-ਅਹੁਦਿਆਂ ਤੇ ਰਹਿ ਕੇ ਜ਼ਿੰਮੇਵਾਰੀ ਨਿਭਾਈ। ਪੁਆਧ ਨੂੰ ਉਨ੍ਹਾਂ








**ਦਾਦਾ ਜੀ ਦੇ ਤਗਮੇ**

'ਤੇ ਮਾਣ ਕਰਨਾ ਬਣਦਾ ਹੈ। ਅਮਰੀਕਾ ਵਿੱਚ ਸ. ਬਖਸ਼ੀਸ਼ ਸਿੰਘ ਦੀ ਪੋਤਰੀ ਪਰਮਜੀਤ ਕੌਰ ਪੈਂਟਾਗਨ ਵਿਖੇ ਮਨੋਵਿਗਿਆਨ-ਵਿਭਾਗ ਦੀ ਮੁਖੀ ਵੱਜੋਂ ਸੇਵਾਵਾਂ ਨਿਭਾ ਰਹੀ ਹੈ। ਹਿੰਦ-ਚੀਨ ਦੀ ਨੀਫਾ ਜੰਗ (1962) 'ਚ ਪੋਤਰਾ ਬੀਰ ਸਿੰਘ ਨੇ ਚੀਨੀ ਫੌਜ ਨੂੰ ਅਜਿਹਾ ਧਕੇਲਿਆ ਕਿ ਭਾਰਤ ਸਰਕਾਰ ਨੇ ਇਸ (ਲਾਸ ਨੇਕ) ਬਹਾਦਰੀ ਕਰਕੇ ਉਸ ਨੂੰ ਚੌਕੀ ਬਚਾਉਣ ਕਰਕੇ 'ਸਨੋਅ ਟਾਈਗਰ' (Snow Tiger) ਦਾ ਖਿਤਾਬ ਦੇ ਕੇ ਸਨਮਾਨਿਆ।

ਇੱਥੇ ਇਹ ਦੱਸਣਯੋਗ ਹੈ ਕਿ ਪੰਜਾਬ ਵਿੱਚ ਕੋਵਿਡ ਦੌਰਾਨ ਤੋਂ ਪਹਿਲਾਂ ਇਸ ਪਰਿਵਾਰ 'ਚੋਂ ਇੰਜ. ਯੁਵਰਾਜਬੀਰ ਸਿੰਘ ਤੂਰ ਨੇ ਆਪਣੇ ਸਾਥੀਆਂ ਸਮੇਤ ਪੰਜਾਬ ਸਮਾਰਟ ਸਕੂਲ ਟਰੱਸਟ ਰਾਹੀਂ ਮੋਰਿੰਡਾ, ਕੁਰਾਲੀ ਤੇ ਖਰੜ ਖੇਤਰ ਦੇ ਲਗਪਗ 110 ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਡਿਜ਼ੀਟਲ ਐਜੂਕੇਸ਼ਨ ਪ੍ਰੋਜੈਕਟ ਰਾਹੀਂ ਪੇਂਡੂ ਬੱਚਿਆਂ ਨੂੰ ਸਿੱਖਿਅਤ ਕੀਤਾ, ਮੁਕਾਬਲੇ ਕਰਵਾਏ ਤੇ ਟੂਰ ਵੀ ਲੁਆਏ। ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਇੰਜ ਤੂਰ ਨੂੰ ਇਸ ਉੱਤਮ ਕਾਰਜ ਲਈ ਸਨਮਾਨਿਤ ਵੀ ਕੀਤਾ।

## ਖੰਡ - ਛੇਵਾਂ

ਪੁਆਧ ਦੀ ਵੰਨ-ਸਵੰਨਤਾ



# ਪੁਆਧੀ ਲੋਕ-ਗੀਤਾਂ ਦੀਆਂ ਕੁਝ ਵੰਨਗੀਆਂ

**ਪੇਸ਼ਕਸ਼ : ਮਨਮੋਹਨ ਸਿੰਘ ਦਾਊਂ**

ਮਨੁੱਖੀ ਸਭਿਅਤਾ ਦੇ ਨਿਰਮਾਣ ਨਾਲ ਸਭਿਆਚਾਰ ਦੀ ਆਪਣੀ ਹੋਂਦ ਸਥਾਪਤ ਹੋਈ। ਸਮਾਜ ਦੇ ਮੌਲਣ ਨਾਲ ਸੰਸਕਾਰਾਂ ਦੀ ਸਿਰਜਣਾ ਹੋਈ। ਇਨ੍ਹਾਂ ਸੰਸਕਾਰਾਂ 'ਚੋਂ ਲੋਕ-ਗੀਤ ਉਪਜੇ। ਮਨੁੱਖੀ ਜੀਵਨ ਦਾ ਬਹੁਤਾ ਹਿੱਸਾ ਸੰਸਕਾਰ ਨਿਭਾਉਣ ਵਿਚ ਬੀਤਦਾ ਰਿਹਾ ਹੈ। ਹਰ ਇੱਕ ਜਾਤੀ ਸਮੂਹ ਵਿੱਚ ਆਪੋ-ਆਪਣੇ ਰੀਤੀ-ਰਿਵਾਜ਼, ਲੋਕ-ਵਿਸ਼ਵਾਸ, ਰਸਮਾਂ ਤੇ ਪ੍ਰੰਪਰਾਵਾਂ (ਰੂੜੀਆਂ) ਪ੍ਰਚੱਲਿਤ ਹਨ। ਮਨੁੱਖ ਆਪਣੇ ਸੱਮੁਚੇ ਜੀਵਨ ਵਿਚ ਇਨ੍ਹਾਂ ਨੂੰ ਨਿਭਾਉਣ ਲਈ ਕਿਰਿਆਸ਼ੀਲ ਰਹਿੰਦਾ। ਮਨੁੱਖ ਦੇ ਜਨਮ ਤੋਂ ਮੌਤ ਤੱਕ ਵਰਤਾਰਾ ਚਲਦਾ ਆ ਰਿਹਾ ਹੈ। ਮਨੁੱਖ ਦੇ ਜਿਉਣ ਦੀ ਕਾਰਜਸ਼ੈਲੀ ਲੋਕ-ਗੀਤਾਂ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਲੋਕ-ਗੀਤਾਂ ਨੂੰ ਕਿਸੇ ਸਮਾਜ ਦਾ ਦਰਪਣ ਵੀ ਕਿਹਾ ਜਾਂਦਾ ਹੈ। ਪੰਜਾਬ ਦੇ ਹੋਰ ਖੇਤਰਾਂ ਵਾਂਗ ਪੁਆਧ ਖੇਤਰ ਦੇ ਲੋਕ-ਗੀਤਾਂ ਦਾ ਭੰਡਾਰ ਵੀ ਅਥਾਹ ਹੈ। ਇਨ੍ਹਾਂ ਨੂੰ ਸੰਗ੍ਰਹਿਣ ਦੀ ਲੋੜ ਹੈ। ਅਸਗਾਹ ਸਮੁੰਦਰ ਵਾਂਗ ਪੁਆਧੀ ਲੋਕ-ਗੀਤਾਂ ਦਾ ਖ਼ਜ਼ਾਨਾ ਵੀ ਅਸੀਮ ਹੈ। ਪੁਆਧ ਇੱਕ ਵਿਸ਼ਾਲ ਖੇਤਰ ਹੈ, ਇਸ ਦੇ ਵੱਖ-ਵੱਖ ਹਿੱਸਿਆਂ ਵਿਚ ਵੰਨ-ਸਵੰਨਤਾ ਦਾ ਰੰਗ ਝਲਕਦਾ ਹੈ। ਲੋਕ-ਗੀਤਾਂ ਦੀ ਕੋਈ ਸੀਮਾ ਤੇ ਅੰਤ ਨਹੀਂ। ਬਹੁਤ ਸਾਰੇ ਰੀਤੀ-ਰਿਵਾਜਾਂ ਤੇ ਰਸਮਾਂ ਦੇ ਪੁਆਧੀ ਲੋਕ-ਗੀਤ ਮਾਝਾ, ਮਾਲਵਾ ਤੇ ਦੁਆਬਾ ਖੇਤਰ ਨਾਲ ਰਲਦੇ-ਮਿਲਦੇ ਹਨ ਪਰੰਤੂ ਭਾਸ਼ਾ ਦੀ ਵੱਖਰਤਾ ਵੇਖੀ ਜਾ ਸਕਦੀ ਹੈ। ਲੋਕ-ਗੀਤਾਂ ਵਿੱਚ ਅਦਾਨ-ਪ੍ਰਦਾਨ ਹੁੰਦਾ ਰਹਿੰਦਾ ਹੈ, ਇਹ ਇੱਕ ਕੁਦਰਤੀ ਵਰਤਾਰਾ ਪ੍ਰੀਵਰਤਨਸ਼ੀਲ ਵੀ ਹੈ। ਇਥੇ ਅਸੀਂ ਪੁਆਧੀ ਲੋਕ-ਗੀਤਾਂ 'ਚੋਂ ਵੰਨਗੀ ਮਾਤਰ ਵੱਖ-ਵੱਖ ਮੌਕਿਆਂ ਤੇ ਗਾਏ ਜਾਣ ਵਾਲੇ ਗੀਤ, ਨਮੂਨੇ ਵਜੋਂ ਦੇਣ ਦੀ ਕੋਸ਼ਿਸ਼ ਕੀਤੀ ਹੈ। ਗਾਉਣ ਵਾਲਾ ਕੋਈ ਵੀ ਗੀਤ ਪੂਰਾ ਨਹੀਂ ਦਿੱਤਾ ਗਿਆ। ਇਸ ਪੁਸਤਕ ਦੀ ਆਪਣੀ ਸੀਮਾ ਦੇ ਪ੍ਰਸੰਗ ਵਿਚ ਗੀਤਾਂ ਦੀਆਂ ਕੇਵਲ 21 ਝਲਕਾਂ ਹੀ ਪੇਸ਼ ਕੀਤੀਆਂ ਗਈਆਂ ਹਨ।

**ਸੁਹਾਗ ਗੀਤ** :

1. ਸੂਏ ਤੇ ਖੜੋਤੜੀਏ, ਤੂੰ ਮਲ ਦਲ ਅੱਡੀਆਂ ਨਾ ਧੋਅ,
ਬਾਗੀਂ ਚੰਬਾ ਖਿੜ ਰਿਹਾ, ਕੋਈ ਮਾਲਣ ਹਾਰ ਪਰੋਅ।
ਸੁਣ ਨੀ ਅੰਮਾ ਮੇਰੀਏ, ਮੇਰੇ ਬਾਬਲ ਨੂੰ ਸਮਝਾ,
ਧੀਆਂ ਹੋਈਆਂ ਲੜ ਵਾਲੀਆਂ, ਕਿਸੇ ਨੌਕਰ ਦੇ ਲੜ ਲਾ।
ਸੁਣ ਨੀ ਧੀਏ ਮੇਰੀਏ, ਤੂੰ ਐਡੇ ਬੋਲ ਨਾ ਬੋਲ,
ਜਿਥੇ ਰਹੀ ਏਂ ਤੂੰ ਬਾਰ੍ਹਾਂ ਬਰਸ਼, ਉਥੇ ਛੇ ਮਹੀਨੇ ਹੋਰ।
ਬਾਰਾਂ ਬਰਸ ਮੇਰੇ ਤਾਂ ਕਟੇ, ਮੇਰਾ ਬਾਬਲ ਨਾਲ ਪਿਆਰ,
ਹੁਣ ਨਾ ਰੈਂਦ੍ਹੀ ਇਕ ਘੜੀ, ਮੇਰਾ ਅਨਜਲ ਹੋਇਆ ਤਿਆਰ।
ਸੂਏ ਤੇ ਖੜੋਤੜੀਏ , ਤੂੰ ਮਲ਼ ਦਲ਼ ਅੱਡੀਆਂ ਨਾ ਧੋਅ,
ਬਾਗੀਂ ਚੰਬਾ ਖਿੜ ਰਿਹਾ, ਕੋਈ ਮਾਲਣ ਹਾਰ ਪਰੋਅ।

2. ਲੰਬੀਏ ਨੀ ਲੰਝੀਏ ਲਾਲ ਖਜੂਰੇ, ਕਿਨੇਹ ਵਰ ਟੋਲ਼ਿਆ ਨੀ ਦੂਰੇ।
ਬਾਬਲ ਤਾਂ ਮੇਰਾ ਦੇਸ਼ਾਂ ਦਾ ਰਾਜਾ, ਉਨੇਹ ਵਰ ਟੋਲਿਆ ਨੀ ਦੂਰੇ।
ਲੰਬੀਏ ਨੀ ਲੰਝੀਏ ਲਾਲ ਖਜੂਰੇ, ਕਿਨੇਹ ਵਰ ਟੋਲ਼ਿਆ ਨੀ ਦੂਰੇ।
ਤਾਇਆ ਤਾਂ ਮੇਰਾ ਦੇਸ਼ਾਂ ਦਾ ਰਾਜਾ, ਉਨੇਹ ਵਰ ਟੋਲ਼ਿਆ ਨੀ ਦੂਰੇ।
ਚਾਚਾ ਤਾਂ ਮੇਰਾ ਦੇਸ਼ਾਂ ਦਾ ਰਾਜਾ, ਉਨੇਹ ਵਰ ਟੋਲ਼ਿਆ ਨੀ ਦੂਰੇ।
ਲੰਬੀਏ ਨੀ ਲੰਝੀਏ ਲਾਲ ਖਜੂਰੇ, ਕਿਨੇਹ ਵਰ ਟੋਲ਼ਿਆ ਨੀ ਦੂਰੇ।
ਮਾਮਾ ਤਾਂ ਮੇਰਾ ਦੇਸ਼ਾਂ ਦਾ ਰਾਜਾ, ਉਨੇਹ ਵਰ ਟੋਲਿਆ ਨੀ ਦੂਰੇ।

3. ਸੋਨੇ ਕੀ ਸੂਈ ਰੇਸ਼ਮ ਕਾ ਧਾਗਾ, ਬੈਠ ਕਸੀਦਾ ਕਾਢ ਰਹੀ।
ਆਂਦੇ ਜਾਂਦੇ ਰਾਹੀ ਪੁੱਛਦੇ, ਯੇ ਲਾਡੋ ਕੀਯੂੰ ਰੋਏ ਰਹੀ।
ਬਾਬਲ ਮੇਰੇ ਨੇ ਬ੍ਹਿਆ ਏ ਰਚਾਇਆ, ਮੈਂ ਪਰਦੇਸ਼ਣ ਹੋਏ ਰਹੀ।
ਸੋਨੇ ਕੀ ਸੂਈ ਰੇਸ਼ਮ ਕਾ ਧਾਗਾ, ਬੈਠ ਕਸੀਦਾ ਕਾਢ ਰਹੀ।
ਆਂਦੇ ਜਾਂਦੇ ਰਾਹੀ ਪੁੱਛਦੇ, ਯੇ ਲਾਡੋ ਕੀਯੂੰ ਰੋਏ ਰਹੀ।
ਤਾਇਆ ਮੇਰੇ ਨੇ ਬ੍ਹਿਆ ਏ ਰਚਾਇਆ, ਮੈਂ ਪਰਦੇਸ਼ਣ ਹੋਏ ਰਹੀ।
ਚਾਚਾ ਮੇਰੇ ਨੇ ਬ੍ਹਿਆ ਏ ਰਚਾਇਆ, ਮੈਂ ਪਰਦੇਸ਼ਣ ਹੋਏ ਰਹੀ।
ਸੋਨੇ ਕੀ ਸੂਈ ਰੇਸ਼ਮ ਕਾ ਧਾਗਾ, ਬੈਠ ਕਸੀਦਾ ਕਾਢ ਰਹੀ।
ਆਂਦੇ ਜਾਂਦੇ ਰਾਹੀ ਪੁੱਛਦੇ, ਯੇ ਲਾਡੋ ਕੀਯੂੰ ਰੋਏ ਰਹੀ।
ਮਾਮਾ ਮੇਰੇ ਨੇ ਬ੍ਹਿਆ ਏ ਰਚਾਇਆ, ਮੈਂ ਪਰਦੇਸ਼ਣ ਹੋਏ ਰਹੀ।



4. ਤੇਰੀ ਪਰੌਣੀ ਹੋਈ ਸ੍ਹੌਣੇ ਬਾਬਲਾ, ਤੇਰੀ ਪਰੌਣੀ ਹੋਈ।
ਤੇਰੀ ਪਰੌਣੀ ਤੇਰੇ ਦੇਸ਼ ਦੀ ਪਰੌਣੀ, ਤੇਰੀ ਪਰੌਣੀ ਹੋਈ।
ਤੇਰੀ ਪਰੌਣੀ ਹੋਈ ਸ੍ਹੌਣੇ ਬਾਬਲਾ, ਤੇਰੀ ਪਰੌਣੀ ਹੋਈ।
ਅਸਾਂ ਤਾਂ ਬਾਬਲ ਤੇਰੇ ਮ੍ਹੈਲਾਂ ਦੀਆਂ ਚਿੜੀਆਂ
ਮਾਰ ਉਡਾਰੀ ਉਡ ਜਾਣਾ, ਸ੍ਹੌਣੇ ਬਾਬਲਾ, ਤੇਰੀ ਪਰੌਣੀ ਹੋਈ।

5. ਅਸਾਂ ਬਾਬਲ ਧੀਆਂ ਚਾਰ। ਚਾਰੇ ਲਾਡਲੀਆਂ।
ਸਾਨੂੰ ਚਾਰਾਂ ਨੂੰ ਦਿੱਤੇ ਦਾਨ, ਘੋੜੇ ਪਾਲਕੀਆਂ।
ਅਸਾਂ ਉਡੀਆਂ ਡਾਰੋ-ਡਾਰ, ਨਦੀਆਂ ਪਾਰ
ਸਮੁੰਦਰ ਸਾਡੇ ਆਲ੍ਹਣੇ ।
ਅਸੀਂ ਉਡੀਆਂ ਡਾਰੋ-ਡਾਰ ਖੰਭ ਖਿਲਾਰ,
ਪਰਬਤ ਸਾਡੇ ਆਲ੍ਹਣੇ।
ਅਸੀਂ ਤਾਏ ਧੀਆਂ ਚਾਰ,ਚਾਰੇ ਲਾਡਲੀਆਂ।
ਅਸਾਂ ਚਾਚਾ ਭਤੀਜੀਆਂ ਚਾਰ, ਚਾਰੇ ਲਾਡਲੀਆਂ।

6. ਵਟਣਾ ਅੰਗ ਮਲ਼ੀਏ, 'ਕ ਵਟਣਾ ਅੰਗ ਮਲੀਏ।
ਵਟਣੇ ਮਾ ਪਾਇਆ ਤੇਲ, 'ਕ ਵਟਣੇ ਦਾ ਮੇਲ।
ਵਟਣਾ ਅੰਗ ਮਲੀਏ, 'ਕ ਵਟਣਾ ਅੰਗ ਮਲ਼ੀਏ।
ਵਟਣੇ ਮਾ ਪਾਈ ਹਲਦੀ, 'ਕ ਪੀਲ਼ੀ ਜ਼ਰਦੀ।
ਵਟਣਾਂ ਅੰਗ ਮਲੀਏ, 'ਕ ਵਟਣਾ ਅੰਗ ਮਲ਼ੀ ਏ ।
ਵਟਣੇ ਮਾ ਪਾਇਆ ਜ਼ੀਰਾ, ਜਗ ਜੀਵੇ ਬੀਬੀ ਦਾ ਵੀਰਾ।

7. ਕੋਠਾ ਕੀਯੂੰ ਨੀਵਿਆ, ਧਰਮੀ ਕੋਠਾ ਕੀਯੂੰ ਨੀਵਿਆ।
ਇਸ ਕੋਠੇ ਕੀ ਛੱਤ ਪੁਰਾਣੀ, ਧਰਮੀ ਕੋਠਾ ਤਾਂ ਨੀਵਿਆ।
ਬਾਬਲ ਕੀਯੂੰ ਨੀਵਿਆ, ਧਰਮੀ ਬਾਬਲ ਕੀਯੂੰ ਨੀਵਿਆ।
ਇਸ ਬਾਬਲ ਕੀ ਕੰਨਿਆ ਕੁਆਰੀ, ਧਰਮੀ ਬਾਬਲ ਕੀਯੂੰ ਨੀਵਿਆ।
ਕੋਠਾ ਕੀਯੂੰ ਨੀਵਿਆ, ਧਰਮੀ ਕੋਠਾ ਕੀਯੂੰ ਨੀਵਿਆ।
ਇਸ ਕੋਠੇ ਕੀ ਛੱਤ ਪਰਾਣੀ, ਧਰਮੀ ਕੋਠਾ ਤਾਂ ਨੀਵਿਆ।

8. ਵਟਣਾ ਮਲ ਵੇ ਕੰਵਾਰਿਆ ਗੂੜ੍ਹਾ ਰੰਗ ਵਟਣੇ ਦਾ।
ਵੀਰਾ ਦਾਦਿਆਂ ਨੂੰ ਪਿਆਰਾ ਗੂੜ੍ਹਾ ਰੰਗ ਵਟਣੇ ਦਾ।
ਵੀਰਾ ਬਾਬਲ ਨੂੰ ਪਿਆਰਾ ਗੂੜ੍ਹਾ ਰੰਗ ਵਟਣੇ ਦਾ।
ਵੀਰਾ ਤਾਇਆ ਨੂੰ ਪਿਆਰਾ ਗੂੜ੍ਹਾ ਰੰਗ ਵਟਣੇ ਦਾ।
ਵੀਰਾ ਚਾਚਿਆਂ ਨੂੰ ਪਿਆਰਾ ਗੂੜ੍ਹਾ ਰੰਗ ਵਟਣੇ ਦਾ।
ਵੀਰਾ ਮਾਮਿਆਂ ਨੂੰ ਪਿਆਰਾ ਗੂੜ੍ਹਾ ਰੰਗ ਵਟਣੇ ਦਾ।

## ਘੋੜੀਆਂ ਦੇ ਗੀਤ

9. ਆਂਗਣ ਚੀਕੜ ਕਿਨ ਕੀਆ
ਵੇ ਕਿਨੇ ਡੋਲ੍ਹਿਆ ਪਾਣੀ।
ਬਾਬੇ ਦਾ ਪੋਤਾ ਨ੍ਹਾਵੇ ਧੋਵੇ
ਉਨੇਹ ਡੋਲ੍ਹਿਆ ਪਾਣੀ।
ਆਈ ਜੇ ਦਾਦੀ ਤਿਸਲ ਪੜੀ
ਉਦਹਿ ਟੰਗੇ ਨਾ ਤਾਣੀ।
ਖ਼ਬਰ ਕਰੋ ਉਦੇਹ ਦਾਦੇ ਨੂੰ
ਤੱਤਾ ਧਰਦੂਗਾ ਪਾਣੀ।
ਮਲ-ਦਲ, ਮਲ-ਦਲ ਨ੍ਹਾਏ ਲਈ
ਜੈਸੀ ਖੱਲ ਪੁਰਾਣੀ।
ਆਂਗਨ ਚੀਕੜ ਕਿਨ ਕੀਆ
ਵੇ ਕਿਨੇ ਡੋਲ੍ਹਿਆ ਪਾਣੀ।

10. ਮੱਥੇ ਤੇ ਚਮਕਣ ਵਾਲ ਮੇਰੇ ਬੰਨਰੇ ਦੇ।
ਆ ਵੇ ਬੰਨਾ ਬੰਨ੍ਹ ਸ਼ਗਨਾਂ ਦਾ ਸਿਹਰਾ।
ਸਿਹਰੇ ਤੇ ਲੜੀਆਂ ਹੋਵਣ ਚਾਰ ਮੇਰੇ ਬੰਨਰੇ ਦੇ।
ਮੱਥੇ ਤੇ ਚਮਕਣ ਵਾਲ ਮੇਰੇ ਬਨਰੇ ਦੇ।
ਆ ਵੇ ਬੰਨਾ ਬੰਨ੍ਹ ਸ਼ਗਨਾਂ ਦਾ ਸਿਹਰਾ।
ਗਾਨੇ ਦੇ ਫੁੰਬਣ ਹੋਵਣ ਚਾਰ ਮੇਰੇ ਬੰਨਰੇ ਦੇ।



ਮੱਥੇ ਤੇ ਚਮਕਣ ਵਾਲ ਮੇਰੇ ਬੰਨਰੇ ਦੇ।
ਆ ਵੇ ਬੰਨਾ ਬੰਨ੍ਹ ਸ਼ਗਨਾਂ ਦੀ ਮਹਿੰਦੀ।
ਮਹਿੰਦੀ ਦਾ ਰੰਗ ਸੂਹਾ ਲਾਲ ਮੇਰੇ ਬੰਨਰੇ ਦੇ।
ਮੱਥੇ ਤੇ ਚਮਕਣ ਵਾਲ ਮੇਰੇ ਬੰਨਰੇ ਦੇ।

## ਸਿੱਠਣੀਆਂ

### ਨਾਨਕਾ ਮੇਲ

11. ਨਾਨਕੇ ਆਏ ਬਣ-ਠਣ ਕੇ,
ਕਪੜੇ ਲਿਆਏ ਮੰਗ-ਤੰਗ ਕੇ।
ਕੱਪੜਿਆਂ ਉਪਰ ਆਬ ਨਹੀਂ
ਏ ਭਾਂਦੂ ਸਾੜੇ ਯਾਦ ਨਹੀਂ।

ਛੱਜ ਓਅਲ੍ਹੇ ਛੱਲਣੀ,
ਪਰਾਤ ਓਅਲ੍ਹੇ ਡੋਈ ਵੇ, ਪਰਾਤ ਓਅਲ੍ਹੇ ਡੋਈ ਵੇ,
ਨਾਨਕਿਆਂ ਦਾ ਮੇਲ਼ ਆਇਆ, ਚੱਜ ਦਾ ਨਾ ਕੋਈ ਵੇ।

12. ਲਾੜਿਆ ਕਲੜਾ ਕਿਊਂ ਆਇਆ ਵੇ, ਅਜ ਦੀ ਘੜੀ।
ਨਾਲ ਬੋਬੋ ਨੂੰ ਨਾ ਲਿਆਇਆ ਵੇ, ਅਜ ਦੀ ਘੜੀ।
ਤੇਰੀ ਬੋਬੋ ਸਾਡੇ ਵੀਰੇ ਵੇ, ਅਜ ਦੀ ਘੜੀ।
ਤੇਰੀ ਬੋਬੋ ਸਾਡੇ ਵੀਰੇ ਵੇ, ਜੋੜੀ ਅਜਬ ਬਣੀ।

ਲਾੜਿਆ ਜੁੜ ਜਾ ਕੁਰਸੀ ਦੇ ਨਾਲ,
ਕੁਰਸੀ ਤੇਰੀ ਕੀ ਲਗਦੀ।
ਨੀ ਮੈਂ ਕੀਕਣ ਜੁੜਾਂ ਕੁਰਸੀ ਨਾਲ,
ਕੁਰਸੀ ਮੇਰੀ ਭੈਣ ਲਗਦੀ।

## ਗਿੱਧੇ ਦੀਆਂ ਬੋਲੀਆਂ

ਇਹ ਬੋਲੀਆਂ ਪੁਆਧ ਖਿੱਤੇ ਦੇ ਇਕ ਪਿੰਡ ਵਿਚ ਮੁੰਡੇ ਦੇ ਵਿਆਹ ਤੇ ਜੰਨ ਚੜ੍ਹਨ ਤੋਂ ਬਾਅਦ ਪੈਣ ਵਾਲੇ ਗਿੱਧੇ ਵਿਚ ਪਾਈਆਂ ਜਾਂਦੀਆਂ ਹਨ। ਮੁਟਿਆਰਾਂ ਆਪੋ ਆਪਣੀ ਵਾਰੀ ਜਾਂ ਫਿਰ ਮੌਕੇ ਅਨੁਸਾਰ ਬੋਲੀਆਂ ਪਾ ਕੇ ਗਿੱਧੇ ਵਿਚ ਨੱਚਦੀਆਂ ਹਨ।

13. ਚੜ੍ਹ ਵੇ ਚੰਦਾ ਦੇ ਵੇ ਲਾਲੀ।
ਚੜ੍ਹਦੇ ਮੰਗਲਵਾਰ -- ਚੰਦਾ ਖਿੜੇ ਰਿਹਾ।
ਬਾਬਲ ਦੇ ਬਾਰ -- ਚੰਦਾ ਖਿੜੇ ਰਿਹਾ।
ਚੜ੍ਹ ਵੇ ਚੰਦਾ ਦੇ ਵੇ ਲਾਲੀ।
ਚੜ੍ਹ ਵੇ ਚੰਦਾ ਦੇ ਵੇ ਲਾਲੀ।
ਚੜ੍ਹਦੇ ਮੰਗਲਵਾਰ -- ਚੰਦਾ ਖਿੜੇ ਰਿਹਾ।
ਤਾਇਆਂ ਦੇ ਬਾਰ -- ਚੰਦਾ ਖਿੜੇ ਰਿਹਾ।
ਚਾਚਿਆਂ ਦੇ ਬਾਰ -- ਚੰਦਾ ਖਿੜੇ ਰਿਹਾ।
ਚੜ੍ਹ ਵੇ ਚੰਦਾ ਦੇ ਵੇ ਲਾਲੀ।
ਚੜ੍ਹਦੇ ਮੰਗਲਵਾਰ -- ਚੰਦਾ ਖਿੜੇ ਰਿਹਾ।
ਮਾਮਿਆਂ ਦੇ ਬਾਰ -- ਚੰਦਾ ਖਿੜੇ ਰਿਹਾ।

14. ਵੱਢ ਵੱਢ ਕਣਕਾਂ ਖਲੀਆਂ ਲਾਈਆਂ।
ਵਿਚੇ ਤਾਂ ਕਰਨ ਗਹਾਈਆਂ,
ਨੀ ਅਜ ਘਰ ਬਾਬਲ ਦੇ ਵਧਾਈਆਂ।
ਵੱਢ ਵੱਢ ਕਣਕਾਂ ਖਲ਼ੀਆਂ ਲਾਈਆਂ।
ਵਿਚੇ ਤਾਂ ਕਰਨ ਗਹਾਈਆਂ,
ਨੀ ਅਜ ਘਰ ਤਾਇਆ ਦੇ ਵਧਾਈਆਂ।
ਨੀ ਅਜ ਘਰ ਚਾਚਿਆਂ ਦੇ ਵਧਾਈਆਂ।
ਵੱਢ ਵੱਢ ਕਣਕਾਂ ਖਲ਼ੀਆਂ ਲਾਈਆਂ।
ਵਿਚੇ ਤਾਂ ਕਰਨ ਗਹਾਈਆਂ,
ਨੀ ਅਜ ਘਰ ਮਾਮਿਆਂ ਦੇ ਵਧਾਈਆਂ।



15. ਕੋਰੇ ਕੋਰੇ ਸਿਓਨੇ ਦੀ ਮੈਂ
ਸੱਗੀ ਵੇ ਕਰਾਮਾ
ਉੱਪਰ ਜੜਾਵਾਂ ਛੱਜ ਭਾਬੀਏ
ਨੀ ਤੂੰ ਗਿੱਧੇ ਵਿੱਚ
ਗਿੱਧੇ ਵਿੱਚ ਮੇਰੇ ਨਾਲ ਨੱਚ ਭਾਬੀਏ
ਮਾਪਿਆਂ ਨੇ ਤਾਂ ਰੱਖੀ ਲਾਡਲੀ
ਸੌਰ੍ਹਿਆਂ ਲਾਈ ਕੰਮ ਵੇ
ਮੇਰਾ ਉਡੇ ਡੋਰੀਆ ਮੈਲ੍ਹਾਂ ਵਾਲੇ ਘਰ ਵੇ।

16. - ਕੋਠੇ ਤੇ ਚੁਬਾਰਾ ਏ,
ਆਜਾ ਗਲ਼ ਮਿਲ ਲਈਏ, ਕੀ ਪਤਾ ਮਿਲਣਾ ਦੁਬਾਰਾ ਏ।
-ਕੋਠੇ ਤੇ ਕਣਕ ਪਈ,
ਹੌਲੀ-ਹੌਲੀ ਲੰਘ ਗੋਰੀਏ, ਤੇਰੀ ਝਾਂਜਰ ਛਣਕ ਪਈ
- ਗੱਡੀ ਚੱਲਦੀ ਏ ਰੋੜਾਂ ਤੇ,
ਅੱਗੇ ਮ੍ਹਾਈਆ ਨਿੱਤ ਮਿਲਦਾ, ਹੁਣ ਮਿਲਦਾ ਮਰੋੜਾਂ ਤੇ।
- ਗੱਡੀ ਚੱਲਦੀ ਏ ਤਾਰਾਂ ਤੇ,
ਅੱਗੇ ਮ੍ਹਾਈਆ ਨਿੱਤ ਮਿਲਦਾ, ਹੁਣ ਮਿਲਦਾ ਏ ਕਰਾਰਾਂ ਤੇ।
- ਗੱਡੀ ਚੱਲਦੀ ਏ ਲੀਕਾਂ ਤੇ,
ਅੱਗੇ ਮ੍ਹਾਈਆ ਨਿੱਤ ਮਿਲਦਾ, ਹੁਣ ਮਿਲਦਾ ਤਰੀਕਾਂ ਤੇ।

## ਲੰਮੀਆਂ ਬੋਲੀਆਂ

ਲੋਕ ਗੀਤਾਂ ਵਿਚ ਲੰਮੀਆਂ ਬੋਲੀਆਂ ਦਾ ਆਪਣਾ ਮਹੱਤਵ ਹੈ ਕਈ ਵਾਰ ਤਾਂ ਲੰਮੀ ਬੋਲੀ ਵਿਚ ਇਕ ਪੂਰੀ ਦੀ ਪੂਰੀ ਘਟਨਾ ਦਾ ਬਿਆਨ ਕੀਤਾ ਜਾਂਦਾ ਹੈ। ਲੰਮੀਆਂ ਬੋਲੀਆਂ ਪੁਆਧ ਵਿਚ ਜ਼ਿਆਦਾਤਰ ਵਿਆਹ ਸਮੇਂ ਜਾਂ ਜਦੋਂ ਕੁੜੀਆਂ ਇਕੱਠੀਆਂ ਹੋ ਕੇ ਕੋਈ ਕੰਮ ਕਰਦੀਆਂ ਹਨ, ਗਾਈਆਂ ਜਾਂਦੀਆਂ ਹਨ। ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਇਨ੍ਹਾਂ ਬੋਲੀਆਂ ਵਿਚ ਪੁਆਧੀ ਜਨ-ਜੀਵਨ ਦੀ ਤਸਵੀਰ ਨੂੰ ਪਛਾਣਿਆ ਜਾ ਸਕਦਾ ਹੈ। ਇਨ੍ਹਾਂ ਵਿਚ

ਸਮਾਜਿਕ ਜੀਵਨ ਖ਼ਾਸ ਕਰਕੇ ਰਿਸ਼ਤੇਦਾਰੀ ਪ੍ਰਬੰਧ ਅਤੇ ਘਰੇਲੂ ਜ਼ਿੰਦਗੀ ਦੀਆਂ ਸੱਚਾਈਆਂ ਬੜੇ ਉਘੜਵੇਂ ਰੂਪ ਵਿਚ ਪੇਸ਼ ਹੋਈਆਂ ਹਨ।

17. ਗੁਲਾਨਾਰੀ ਗੁਲਾਨਾਰੀ ਪੱਗ ਵਾਲਿਆ,
ਮੇਰਾ ਡਿੱਗਿਆ ਰੁਮਾਲ ਫੜਾਈਂ।
ਕੇੜ੍ਹੀ ਏ ਤੂੰ ਕੇੜ੍ਹੀ ਏ ਨਵਾਬ ਦੀ ਬੱਚੀ,
ਤੇਰਾ ਡਿੱਗਿਆ ਰੁਮਾਲ ਫੜਾਵਾਂ।
ਜਿੱਥਾ ਤੇਰੇ ਜਿੱਥਾ ਤੇਰੇ ਹਲ ਚਲਦੇ,
ਉਥਾ ਲੈ ਚਲ ਚਰਖਾ ਮੇਰਾ।
ਜਿੱਥਾ ਮੇਰੇ ਜਿੱਥਾ ਮੇਰੇ ਹਲ ਚਲਦੇ,
ਉਥਾ ਵੈਰੀਆਂ ਦੇ ਚਲਣ ਸੁਹਾਗੇ।

18. ਪਹਿਲੀ ਪਹਿਲੀ ਵਾਰ ਮੈਨੂੰ ਸੌਂਰਾ ਲੈਣ ਆ ਗਿਆ,
ਬੁਡੜਾ ਰੀ ਬੁਡੜਾ ਮੇਰੀ ਮਾਂ।
ਮੈਂ ਨੀ ਜਾਣਾ ਰੀ ਮੈਂ ਨੀ ਜਾਣਾ ਮੇਰੀ ਮਾਂ।
ਦੂਜੀ ਦੂਜੀ ਵਾਰ ਮੈਨੂੰ ਜੇਠ ਲੈਣ ਆ ਗਿਆ।
ਹਾਲ਼ੀ ਰੀ ਹਾਲ਼ੀ ਮੇਰੀ ਮਾਂ।
ਮੈਂ ਨੀ ਜਾਣਾ ਰੀ ਮੈਂ ਨੀ ਜਾਣਾ ਮੇਰੀ ਮਾਂ।
ਤੀਜੀ ਤੀਜੀ ਵਾਰ ਮੈਨੂੰ ਦੇਵਰ ਲੈਣ ਆ ਗਿਆ,
ਨਿਆਣਾ ਰੀ ਨਿਆਣਾ ਮੇਰੀ ਮਾਂ।
ਮੈਂ ਨੀ ਜਾਣਾ ਰੀ ਮੈਂ ਨੀ ਜਾਣਾ ਮੇਰੀ ਮਾਂ।
ਚੌਥੀ ਚੌਥੀ ਵਾਰ ਆਪ ਲੈਣ ਆ ਗਿਆ,
ਜਾਣਾ ਰੀ ਜਾਣਾ ਮੇਰੀ ਮਾਂ।

19. ਝੁਰਮਟ ਬੋਲੇ ਝੁਰਮੁਟ ਬੋਲੇ ਰੀ ਰੀ ਰਾ ਰਾ।
ਵੇ ਰਾਤਾਂ ਕਾਲ਼ੀਆਂ ਕਲੀ ਨੂੰ ਡਰ ਆਵੇ,
ਹਾਏ ਵੇ ਰਾਤਾਂ ਕਾਲ਼ੀਆਂ ਕਲੀ ਨੂੰ ਡਰ ਆਵੇ।
ਚੁੰਨੀ ਲੈ ਦੇ ਚੁੰਨੀ ਲੈ, ਦੇ ਸੱਪ ਲੈਰੀਆ।



ਵੇ ਜੇਅੜ੍ਹੀ ਸੁੱਤੀ ਪਈ ਨੂੰ ਡਸ ਜਾਵੇ।
ਵੇ ਰਾਤਾਂ ਕਾਲ਼ੀਆਂ ਕਲੀ ਨੂੰ ਡਰ ਆਵੇ,
ਹਾਏ ਵੇ ਰਾਤਾਂ ਕਾਲ਼ੀਆਂ ਕਲੀ ਨੂੰ ਡਰ ਆਵੇ।
ਝੱਗਾ ਲੈ ਦੇ ਝੱਗਾ ਲੈ ਦੇ ਢਿੱਡ ਪੀੜ ਦਾ।
ਵੇ ਜੇਅੜ੍ਹੀ, ਹੱਟੀਓਂ ਜਵੈਣ ਮੁੱਕ ਜਾਵੇ।

20. ਡਿੱਗ ਪਈ ਨੀ ਗੋਰੀ ਸੀਸ ਮੇਹਲ ਤੋਂ।
ਪਾ ਦਿਓ ਨੀ ਮੇਰੇ ਮ੍ਹਾਈਏ ਜੀ ਨੂੰ ਚਿੱਠੀਆਂ।
ਪਾ ਦਈਆਂ ਨੀ ਤੇਰੇ ਮ੍ਹਾਈਏ ਜੀ ਨੂੰ ਚਿੱਠੀਆਂ।
ਲਾ ਪੌਂਚੀ ਨੀ ਚਿੱਠੀ ਵਿਚ ਨੀ ਕਚ੍ਹੈਰੀ ਦੇ।
ਫੜ ਲਈ ਨੀ ਮ੍ਹਾਈਏ ਲੰਮੀ ਬਾਂਹ ਕਰਕੇ।
ਪੜ੍ਹ ਲਈ ਨੀ ਮ੍ਹਾਈਏ ਪੱਟਾਂ ਉਤੇ ਧਰਕੇ।
ਮੰਗ ਲਈਆਂ ਨੀ ਮਾਈਏ ਸ਼ਾਬ ਕੋਲੋਂ ਛੁੱਟੀਆਂ।
ਤੁਰ ਪਇਆ ਨੀ ਮ੍ਹਾਈਆ ਸਿਖਰ ਦੁਪ੍ਹੈਰੇ।

21. ਨਸ਼ੇ ਦੀਏ ਬੰਦ ਬੋਤਲੇ ਨੀ ਹਾਏ-ਹਾਏ ਬੰਦ ਬੋਤਲੇ,
ਤੈਨੂੰ ਪੀਣਗੇ ਨਸੀਬਾਂ ਵਾਲੇ।
ਆਪ ਸੱਸੇ ਮੰਜਾ ਲੇਟਦੀ ਨੀ ਹਾਏ ਹਾਏ ਮੰਜਾ ਲੇਟਦੀ,
ਸਾਨੂੰ ਮਾਰਦੀ ਚੱਕੀ ਦੇ ਵਲ ਸੈਨਾ।
ਅਸਾਂ ਚੱਕੀ ਨਹੀਓਂ ਪੀਸਣੀ ਨੀ ਹਾਏ ਹਾਏ ਨਹੀਓਂ ਪੀਸਣੀ,
ਚੱਕੀ ਪੀਹਣਗੀਆਂ ਸ੍ਹੌਰੇ ਦੀਆਂ ਜਾਈਆਂ।

* * * *

*ਨੋਟ : ਲੋਕ-ਗੀਤਾਂ ਦੀਆਂ ਕਾਵਿ-ਵੰਨਗੀਆਂ ਡਾ. ਮੁਖਤਿਆਰ ਦੀ ਪੁਸਤਕ 'ਪੁਆਧੀ ਲੋਕ-ਗੀਤ' 'ਚੋਂ ਧੰਨਵਾਦ ਸਹਿਤ।*

**-ਸੰਪਾਦਕ**

*ਕਵਿਤਾ*

# ਉਜਾੜੇ ਦੀ ਦਾਸਤਾਨ

(1954)

- **ਕਸ਼ਮੀਰ ਕੌਰ ਸੰਧੂ**
**ਮੋਬਾ. 9915852698**

ਉਫ਼! ਉਜਾੜੇ ਦੀ ਦਾਸਤਾਨ,
ਕਲਮ ਕਰੇਗੀ ਅੱਜ ਬਿਆਨ,
ਗੋਰੇ ਦਾ ਟੁੱਟ ਗਿਆ ਗੁਮਾਨ,
ਆਜ਼ਾਦ ਹੋ ਗਿਆ ਹਿੰਦੁਸਤਾਨ।

ਆਇਆ ਸੰਨ ਉੱਨ੍ਹੀ ਸੌ ਚੁਰੰਜਾ।
ਸ਼ਹਿਰੀਕਰਣ ਦਾ ਨਵਾਂ ਸ਼ਿਕੰਜਾ॥

ਵੱਡਾ ਨਗਰ ਵਸਾਵਣ ਖ਼ਾਤਰ।
ਚੰਨ ਕੋਈ ਨਵਾਂ ਚੜ੍ਹਾਵਣ ਖ਼ਾਤਰ॥

ਦੈਂਤ ਜਿਹੇ ਬੁਲਡੋਜ਼ਰ ਆ ਗਏ।
ਸੈਆਂ ਪਿੰਡ ਪਲਾਂ ਵਿਚ ਢਾ ਗਏ॥

ਕਿਸ ਚੰਦਰੀ ਨੇ ਟੂਣਾ ਕੀਤਾ,
ਪੁਆਧ ਇਲਾਕਾ ਊਣਾ ਕੀਤਾ,
ਵਿਰਸਾ ਰੰਗ ਵਿਹੂਣਾ ਕੀਤਾ,
ਮੁਸ਼ਕਿਲ ਜੱਟ ਦਾ ਜਿਊਣਾ ਕੀਤਾ।

ਰੁਲ ਗਏ ਪਿੰਡ, ਉਜੜ ਗਏ ਖੇਤ।
ਹੱਥਾਂ ਵਿਚੋਂ ਕਿਰ ਗਈ ਰੇਤ॥

'ਕੈਲੜ', 'ਕੁੰਭੜਾ' ਤੇ 'ਕਿਰਸਾਨ'।
'ਖਰੜ' ਤਹਿਸੀਲ ਦੀ ਜਿੰਦ ਤੇ ਜਾਨ।



'ਨਗਲਾ', 'ਫ਼ੈਦਾਂ' ਤੇ 'ਕੰਬਾਲਾ'।
ਅੰਬਾਂ-ਵਾਲਾ ਜ਼ਿਲ੍ਹਾ "ਅੰਬਾਲਾ"॥

ਸਭ ਮਨਫ਼ੀ, ਸਭ ਦਫ਼ਨ ਹੋ ਗਏ।
ਕੁਝ ਕਬਰਾਂ ਕੁਝ ਕਫ਼ਨ ਹੋ ਗਏ॥

ਵਸ ਗਿਆ ਇਥੇ ਫੁਰਤੀ ਨਾਲ-
ਚੰਡੀਗੜ੍ਹ ਜਿਹਾ ਸ਼ਹਿਰ ਕਮਾਲ।

ਕਾਰਬੂਜ਼ੀਏ ਦੇ ਹੱਥ ਵਰਗਾ,
ਤੇ ਰੰਧਾਵੇ ਦੀ ਅੱਖ ਵਰਗਾ,
ਚਰਸ-ਹੈਰੋਈਨ ਦੇ ਹੱਥ ਵਰਗਾ,
ਤਸਕਰਾ ਨਾਲ ਰਲੇ ਰੱਬ ਵਰਗਾ।

ਪੈਰਿਸ ਦੀ ਪਰਛਾਈ ਵਰਗਾ,
ਲੱਭੀ ਚੀਜ਼ ਪਰਾਈ ਵਰਗਾ,
ਸ਼ਾਇਰ ਦੀ ਰੁਬਾਈ ਵਰਗਾ,
ਜੱਟ ਦੀ ਹਾਲ-ਦੁਹਾਈ ਵਰਗਾ।

ਗੁਲਸ਼ਨ ਗੁਲਸ਼ਨ ਖੁਸ਼ਬੂ ਵਰਗਾ।
ਬਸਤੀ ਬਸਤੀ ਬਦਬੂ ਵਰਗਾ।

ਕਰਨਾ ਚਾਹਾਂ ਇਕ ਸਵਾਲ-
ਦੁਖਦੇ ਜ਼ਖਮੀ ਹਿਰਦੇ ਨਾਲ।

ਪਿੰਡਾਂ ਦੀ ਜ਼ਰਖੇਜ਼ ਜ਼ਮੀਨ-
ਕਰ ਦਿੱਤੀ ਕਿਉਂ ਫ਼ਸਲ ਵਿਹੀਨ?

ਚਾਹੀ ਭੌਂ 'ਚੋਂ ਕੱਟ ਗਏ ਪਲਾਟ।
ਸ਼ਾਹੀ ਗਲੀਚੇ ਬਣ ਗਏ ਟਾਟ।

ਬਿਲਡਰਜ਼ ਨੇ ਮੁਨਾਫ਼ੇ ਖਾ ਲਏ।
ਬਹੁ-ਮੰਜ਼ਿਲੇ ਮਕਾਨ ਬਣਾ ਲਏ।।

ਦੌਲਤ ਨੇ ਨਾਲ ਭਰੀ ਤਿਜੋਰੀ।
ਕੁਦਰਤ ਦੇ ਨਾਲ ਜ਼ੋਰਾ-ਜ਼ੋਰੀ॥

ਬਾਗ਼ ਉਜੜ ਗਏ, ਖੇਤ ਖੋ ਗਏ,
ਗਮਲਿਆਂ ਅੰਦਰ ਕੈਦ ਹੋ ਗਏ,
ਅੱਜ ਸਵੇਰੇ ਸ਼ਬਨਮ ਦੱਸਦੀ ਸੀ-
ਰਾਤੀਂ ਚੰਨ ਦੇ ਨੈਣ ਰੋ ਪਏ।

ਨਿੱਕੀ ਚਿੜੀਆ ਰਾਣੀ ਗੁੰਮ ਹੈ,
ਚਾਟੀ ਅਤੇ ਮਧਾਣੀ ਗੁੰਮ ਹੈ,
ਨਾਨੀ ਦੀ ਕਹਾਣੀ ਗੁੰਮ ਹੈ,
ਖੂਹ ਦੀ ਜੁੜਦੀ ਢਾਣੀ ਗੁੰਮ ਹੈ॥

ਫੁੱਟ, ਕਰੌਂਦੇ, ਬੇਰ, ਭੰਬੋਲ਼ਾਂ-
ਕਿੱਥੋਂ ਲੱਭਾਂ ? ਕਿਥੋਂ ਟੋਲਾਂ ?

ਚਰਖ਼ੇ-ਤ੍ਰਿੰਜਣ-ਛੋਪੇ ਮੁੱਕ ਗਏ।
ਟਾਹਲੀ-ਤੂਤ-ਬਰੌਟੇ ਸੁੱਕ ਗਏ।

ਸਾਗ, ਆਬ ਤੇ ਅੰਬ ਮੁੱਲ ਦੇ।
ਮਾਪੇ ਬਿਰਧ-ਆਸ਼ਰਮ ਰੁਲਦੇ॥



ਕਿੱਕਰ ਤੇ ਕਾਟੋ ਨਹੀਂ ਰਹਿੰਦੀ,
ਟਾਹਲੀ 'ਤੇ ਘੁੱਗੀ ਨਹੀਂ ਬਹਿੰਦੀ,
ਗ਼ੁਆਚ ਗਈ ਬਾਗ਼ਾਂ ਦੀ ਮਹਿੰਦੀ,
ਹੁਣ ਪਿੰਡਾਂ ਵਿਚ ਛਿੰਝ ਨਹੀਂ ਪੈਂਦੀ।

ਕੌਣ ਅਸਾਡੀ ਸਾਂਝ ਖਾ ਗਿਆ ?
ਪਿੰਡ ਦੀ ਸੱਥ 'ਤੇ ਕਹਿਰ ਢਾ ਗਿਆ ?
ਰਿਸ਼ਤਿਆਂ ਵਿਚ ਤ੍ਰੇੜ ਪਾ ਗਿਆ ?
ਖ਼ੁਦਗਰਜ਼ੀ ਦਾ ਨ੍ਹੇਰ ਛਾ ਗਿਆ ?

ਵਾਤਾਵਰਣ ਸੀ ਪਿੰਡ ਦਾ ਸ਼ੁੱਧ।
ਮੁੱਲ ਨਹੀਂ ਸੀ ਵਿਕਦਾ ਦੁੱਧ।

ਅੱਜ ਸ਼ਹਿਰ ਦੀ ਹਵਾ ਹੈ ਜ਼ਹਿਰੀ।
ਖੂਹ ਦਾ ਪਾਣੀ ਹੋ ਗਿਆ ਨਹਿਰੀ॥

ਅੱਜ ਇੰਗਲਿਸ਼ ਦੀ ਟੌਰ ਨਵਾਬੀ।
ਰੁਲ ਗਈ ਬੋਲੀ ਮਾਂ ਪੰਜਾਬੀ॥

"ਚੋਰ ਉਚੱਕੇ ਬਣੇ ਚੌਧਰੀ"-
ਰਿਸ਼ਵਤ ਹੈ ਪ੍ਰਧਾਨ ਵੇ ਬਾਬਾ।
ਪੈਸੇ ਪਿੱਛੇ ਵਿਕ ਜਾਂਦਾ ਏ-
ਬੰਦੇ ਦਾ ਈਮਾਨ ਵੇ ਬਾਬਾ॥

ਹੱਥ ਜੋੜਾਂ ਮੈਂ ਝੋਲ ਪਸਾਰਾਂ-
ਦਾਤੇ ਮੁਹਰੇ ਅਰਜ਼ ਗੁਜ਼ਾਰਾਂ-

ਹਾੜਾ ਪਾ ਦੇ ਇੰਨੀ ਖ਼ੈਰ-
ਮਨ ਤੋਂ ਮਿਟੇ ਲੋਭ ਤੇ ਵੈਰ।

ਬਾਗ਼ਾਂ ਦੀ ਬਹਾਰ ਮੋੜ ਦੇ,
ਪਿੰਡਾਂ ਦੀ ਨੁਹਾਰ ਮੋੜ ਦੇ,
ਸਾਵਣ ਦੀ ਫ਼ੁਹਾਰ ਮੋੜ ਦੇ,
ਤੀਆਂ ਦਾ ਤਿਉਹਾਰ ਮੋੜ ਦੇ,
ਸਾਂਝਾ ਸਭਿਆਚਾਰ ਮੋੜ ਦੇ,
ਔਰਤ ਦਾ ਸਤਿਕਾਰ ਮੋੜ ਦੇ
ਨਸ਼ੇ ਦਾ ਤੰਦੂਆ-ਜਾਲ ਤੋੜ ਦੇ,
ਜੀਵਨ ਦਾ ਸੁਰ-ਤਾਲ ਜੋੜ ਦੇ।

ਮੋੜ ਦੇ ਛੱਜੂ ਦਾ ਚੁਬਾਰਾ,
ਕਾੜਨੀਆਂ ਦਾ ਦੁੱਧ ਤੇ ਹਾਰਾ।

ਮਾਂ-ਬੋਲੀ ਲਾਗੂ ਕਰਵਾ ਦੇ।
ਸਿਰ ਤੇ ਸੱਗੀ-ਫੁੱਲ ਸਜਾ ਦੇ॥

ਨੌਜਵਾਨ ਕੋਈ ਰਹੇ ਨਾ ਵਿਹਲਾ।
ਭਰਦਾ ਰਹੇ ਮਣਸ਼ਾ ਦੇਵੀ ਮੇਲਾ॥

ਪਿੰਡ ਪੰਜਾਬ ਦੀ ਜਿੰਦ ਤੇ ਜਾਨ।
ਸ਼ਹਿਰਾਂ ਦੀ ਸਭ ਝੂਠੀ ਸ਼ਾਨ॥

ਮੇਰਾ ਭਾਰਤ ਦੇਸ਼ ਮਹਾਨ।
ਪੁਆਧ ਤੋਂ ਜਾਵਾਂ ਮੈਂ ਕੁਰਬਾਨ॥

* * *



## ਚੰਡੀਗੜ੍ਹ ਵਸਾਉਣ ਲਈ ਪਿੰਡਾਂ ਦੇ ਉਜਾੜੇ ਦਾ ਸਦਮਾ

**- ਮਨਮੋਹਨ ਸਿੰਘ ਦਾਊਂ**
**ਮੋਬਾ. 9815123900**

ਭਾਰਤ 1947 'ਚ ਅਜ਼ਾਦ ਹੋਇਆ। ਪੰਜਾਬ ਦੀ ਵੰਡ ਹੋ ਗਈ। ਘੁੱਗ ਵਸਦੇ ਪੁਰਾਣੇ ਪੰਜਾਬ 'ਚੋਂ ਪਾਕਿਸਤਾਨ ਹੋਂਦ 'ਚ ਆਇਆ। ਨੇਤਾਵਾਂ ਨੇ ਆਪਣੀ ਕੁਰਸੀ ਤੇ ਆਪਣੀ ਰਾਜਸੀ-ਪਾਰਟੀ ਨੂੰ ਬਚਾਉਣ ਲਈ ਕੋਝੀਆਂ ਚਾਲਾਂ ਚੱਲੀਆਂ। ਲੱਖਾਂ ਦੀ ਗਿਣਤੀ ਵਿਚ ਪੰਜਾਬ ਦੇ ਵਸਦੇ-ਰਸਦੇ ਲੋਕ ਉੱਜੜੇ, ਕਤਲੋਗਾਰਤ ਹੋਈ ਤੇ ਪੰਜਾਬ ਸੰਤਾਪ ਦੀ ਭੱਠੀ ਵਿਚ ਝੋਕਿਆ ਗਿਆ। ਲਹਿੰਦੇ, ਪੰਜਾਬ 'ਚ ਇਧਰੋਂ ਉਜੜੇ ਲੋਕ ਸ਼ਰਨਾਰਥੀ ਤੇ ਰਿਫਿਊਜੀ ਹੋਣ ਕਾਰਨ ਆਪਣੀ ਹੋਂਦ ਸਥਾਪਤ ਨਾ ਕਰ ਸਕੇ। ਉੱਧਰ ਕੀ ਕੁੱਝ ਹੋਇਆ, ਉਸ ਦਾ ਦੁਖਾਂਤਕ-ਇਤਿਹਾਸ ਲਿਖਿਆ ਨਹੀਂ ਗਇਆ। ਚੜ੍ਹਦੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਬਣਾਉਣ ਲਈ ਪੁਆਧ ਖੇਤਰ ਦੇ 50 ਪਿੰਡ ਉਜਾੜੇ ਗਏ। ਇਹ ਰਾਜਸੀ ਫੈਸਲਾ 1950-51 ਤੋਂ ਆਰੰਭ ਹੋਇਆ। ਘੁੱਗ ਵਸਦੇ ਲੋਕਾਂ ਨੂੰ ਉਜੜਨ ਦਾ ਹੁਕਮ ਸੁਣਾਇਆ ਗਿਆ। ਇਨ੍ਹਾਂ ਪਿੰਡਾਂ ਨੂੰ ਭਾਰਤ ਦੀ ਅਜ਼ਾਦੀ ਬਰਬਾਦੀ ਦਾ ਰੂਪ ਧਾਰ ਕੇ ਆਈ। ਆਪਣੇ ਦੇਸ ਵਿਚ ਆਪਣੇ ਹੀ ਲੋਕ ਬੇਘਰ ਹੋ ਗਏ। ਲੋਕ-ਤੰਤਰੀ ਢਾਂਚੇ ਦਾ ਝੰਡਾ ਚੁੱਕਣ ਵਾਲੇ ਨੇਤਾਵਾਂ ਨੇ ਇਨ੍ਹਾਂ ਪਿੰਡਾਂ ਦੇ ਉਜਾੜੇ ਨੂੰ ਗੰਭੀਰਤਾ ਤੇ ਹਮਦਰਦੀ ਨਾਲ ਵਿਚਾਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਇਨ੍ਹਾਂ ਪਿੰਡਾਂ ਦੇ ਭਵਿੱਖ ਬਾਰੇ ਸੋਚਣਾ ਤਾਂ ਕੀ ਸੀ, ਸਗੋਂ ਗੈਰਾਂ ਵਰਗਾ ਵਿਵਹਾਰ ਕਰਕੇ ਇਸ ਪੁਆਧ ਖੇਤਰ ਹੀ ਸਭਿਅਤਾ ਨੂੰ ਮਿੱਟੀ ਵਿਚ ਰੋਲ ਦਿੱਤਾ। ਕੇਵਲ ਤੇ ਕੇਵਲ ਰਾਜਧਾਨੀ ਬਣਾਉਣ ਤੇ ਕੁਰਸੀਆਂ ਮੱਲਣ ਦੀ ਲਾਲਸਾ ਨੇ ਇਸ ਖੇਤਰ ਦੇ ਸਭਿਆਚਾਰ, ਭਾਸ਼ਾ, ਇਤਿਹਾਸ, ਵਿਰਸਾ-ਵਿਰਾਸਤ ਤੇ ਵਡਮੁੱਲੀਆਂ ਯਾਦਗਾਰੀ ਥਾਵਾਂ ਨੂੰ ਸੁਰੱਖਿਅਤ ਰੱਖਣ ਦੀ ਕੋਈ-ਯੋਜਨਾ ਬਣਾਉਣ ਵੱਲ ਧਿਆਨ ਹੀ ਨਹੀਂ ਦਿੱਤਾ। ਹਨੇਰ ਗਰਦੀ ਦਾ ਦੌਰ ਚੱਲਿਆ। ਲੋਕਾਂ ਨੇ ਸੰਘਰਸ਼ ਕੀਤਾ ਪਰੰਤੂ ਕੋਈ ਬਲਵਾਨ ਆਗੂ ਨਾ ਹੋਣ ਕਾਰਨ, ਅੰਦੋਲਨ ਆਪਣੇ ਹੱਕਾਂ ਦੀ ਰਾਖੀ ਨਾ ਕਰ ਸਕਿਆ। ਮੁਜਾਹਰਾ ਕਰਦੇ ਲੋਕਾਂ ਨੂੰ ਜੇਲ੍ਹਾਂ 'ਚ ਡੱਕਿਆ। ਕੋਈ ਵਾਲੀ-ਵਾਰਸ ਨਾ ਹੋਣ ਕਾਰਨ,

ਅਧਿਕਾਰੀਆਂ ਨੇ ਮਨ ਮਾਨੀਆਂ ਕੀਤੀਆਂ। ਸੰਘਰਸ਼ ਆਪਣੇ ਆਦਰਸ਼ ਸਥਾਪਤ ਨਾ ਕਰ ਸਕਿਆ।

ਜ਼ਮੀਨਾਂ ਦੇ ਮਾਲਕਾਂ ਨੂੰ ਕੌਡੀਆਂ ਦੇ ਭਾਅ ਜ਼ਮੀਨਾਂ ਦਾ ਮੁੱਲ ਮਿੱਥ ਕੇ ਕੋਈ-ਉਸਾਰੂ ਨਜ਼ਰੀਆ ਨਹੀਂ ਅਪਣਾਇਆ। ਸ਼ਾਮਲਾਤ ਥਾਵਾਂ, ਖੇਤਾਂ ਦੀਆਂ ਪਹੀਆਂ, ਛਪੜਾਂ, ਸਮਸ਼ਾਨ ਘਾਟਾਂ ਤੇ ਹੋਰ ਥਾਵਾਂ ਦਾ ਪਿੰਡ ਵਾਸੀਆਂ ਨੂੰ ਬਣਦੀ ਹੱਕੀ ਮਲਕੀਅਤ ਦੇ ਪੈਸੇ ਅੱਖੋਂ ਪਰੋਖੇ ਕਰ ਦਿੱਤੇ ਗਏ। ਇੱਥੋਂ ਤਕ ਕਈ ਧਾਰਮਿਕ-ਅਸਥਾਨਾਂ ਨੂੰ ਵੀ ਨਹੀਂ ਬਚਾਇਆ ਗਿਆ। ਉਜਾੜੇ ਗਏ ਲੋਕਾਂ ਦੇ ਮੁੜ ਵਸੀਬੇ ਦੇ ਵਤੀਰੇ ਦੀਆਂ ਕਹਾਣੀਆਂ ਦਰਦਨਾਕ ਹਨ। ਪਿੰਡ ਵਾਸੀ ਉਜਾੜੇ ਦੇ ਕਰੋਪੀ ਕਾਰਨ, ਇਕ ਦੂਜੇ ਦੇ ਭਾਈਵਾਲ ਵੀ ਨਾ ਬਣ ਸਕੇ। ਹਰ ਇੱਕ ਨੂ ਆਪਣੇ ਪੈਰ ਸਥਾਪਤ ਕਰਨ ਦੀ ਚਿੰਤਾ ਤੇ ਝੋਰੇ ਨੇ ਅੰਦਰੋਂ ਵਲੂੰਧਰ ਕੇ ਰੱਖ ਦਿੱਤਾ। ਆਪਣੇ ਢੱਠੇ ਜਾ ਰਹੇ ਮਕਾਨਾਂ ਦਾ ਮਲਬਾ (ਇੱਟਾਂ, ਬਾਲੇ, ਸਤੀਰ, ਗਾਰਡਰ, ਦਰਵਾਜ਼ੇ, ਖਿੜਕੀਆਂ ਆਦਿ) ਸਾਂਭਣਾ ਔਖਾ ਹੋ ਗਿਆ। ਘਰ ਦਾ ਸਾਮਾਨ ਤੇ ਭਾਂਡਾ-ਟੀਂਡਾਂ ਵੀ ਮੁਸ਼ਕਲ ਨਾਲ ਸਾਂਭ ਹੋਇਆ। ਵਡਮੁੱਲੀਆਂ ਵਸਤਾਂ ਨਸ਼ਟ ਹੋ ਗਈਆਂ। ਘਰ ਖੇਰੂੰ-ਖੇਰੂੰ ਤੇ ਪਿੰਡ ਖੱਖੜੀ-ਖੱਖੜੀ ਹੋ ਗਏ। ਸਾਂਝਾ ਟੁੱਟ ਗਈਆਂ, ਰਿਸ਼ਤੇ ਬਿਖਰ ਗਏ। ਇਕ ਦੂਜੇ ਨੂੰ ਮੋਢਾ ਦੇਣ ਲਈ ਫੁਰਸਤ ਵੀ ਨਾ ਰਹੀ। ਸਦੀਆਂ ਤੋਂ ਲੈਣ-ਦੇਣ ਦੀ ਪਰੰਪਰਾ ਖਿੰਡ-ਪੁੰਡ ਗਈ। ਹਰ ਕੋਈ ਲਾਚਾਰ ਤੇ ਬੇਬਸੀ ਦੇ ਆਲਮ ਦਾ ਸ਼ਿਕਾਰ ਹੋ ਗਿਆ। 'ਪਿੰਡ ਢਾਅ ਦਿਓ' ਦਾ ਦੈਂਤ ਮੰਡਲਾਉਂਦਾ ਰਿਹਾ। ਉਨ੍ਹਾਂ ਉਜਾੜੇ ਪਰਿਵਾਰਾਂ ਨਾਲ ਕੀ ਬੀਤੀ, ਇਸ ਦੀ ਤਫ਼ਤੀਸ਼ ਕਰਨ ਦਾ ਮੌਕਾ ਹੀ ਨਹੀਂ ਜੁੜ ਸਕਿਆ। ਹਵੇਲੀਆਂ 'ਚ ਵੱਸਣ ਵਾਲੇ ਘਰ-ਘਾਟ ਦੇ ਨਾ ਰਹੇ। ਵਗਦੇ ਅੱਥਰੂ ਵੇਖਣ ਵਾਲਾ ਵੀ ਪਿੱਠ ਕਰ ਗਿਆ। ਅੱਥਰੂ ਪੂੰਜਝਣੇ ਤਾਂ ਕਿਸ ਨੇ ਸਨ, ਬਿਰਧਾਂ ਦੀ ਡੰਗੋਰੀ ਖੁਸ ਗਈ। ਬੱਚਿਆਂ ਦਾ ਮਾਸੂਮ ਬਚਪਨ ਰੁਲ ਗਿਆ। ਜਵਾਨੀ ਦੇ ਸੁਪਨੇ ਤੇ ਮੁਹੱਬਤਾਂ ਉਦਾਸੀਆਂ ਗਈਆਂ। ਇਹ ਕਿਹੋ ਜਿਹਾ ਉਜਾੜਾ ਸੀ। ਆਉਣ ਵਾਲਾ ਸਮਾਂ ਹਨੇਰੀ ਵਰਗਾ ਸੀ। ਉਜਲੀ ਸਵੇਰ ਦੀ ਉਡੀਕ ਲੰਮੀ ਸੀ। ਢਾਰਸ ਦੇਣ ਵਾਲਾ ਕੋਈ ਨਹੀਂ ਸੀ।

ਇਸ ਦੁਖਾਂਤ ਨੂੰ ਮੈਂ ਆਪਣੀ ਪੁਸਤਕ 'ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ' ਵਿਚ ਵਰਨਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰਤੂੰ ਪੁਆਧ ਦੇ ਢਹਿ-ਢੇਰੀ ਹੋਏ 26 ਪਿੰਡਾਂ 'ਚੋਂ ਇਕੱਲੇ-ਇਕੱਲੇ ਪਿੰਡ ਦੀ ਕਹਾਣੀ ਲਿਖੀ ਜਾ





**ਲੇਖਕ ਪਿੰਡ ਤੰਗੋਰੀ ਪ੍ਰੀਤਮ ਸਿੰਘ ਤੇ ਨਿਰਮਲ ਸਿੰਘ ਨਾਲ**

ਸਕਦੀ ਹੈ। ਜਿਨ੍ਹਾਂ ਬੰਦਿਆਂ ਨੇ ਆਪਣੇ-ਆਪਣੇ ਪਿੰਡ ਅੱਖੀਂ ਢਹਿੰਦੇ ਵੇਖੇ, ਉਹ ਤਾਂ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ। ਕੋਈ ਟਾਵਾਂ-ਟਾਵਾਂ ਬਸਰ ਹੀ ਤਵਾਰਖੀ ਦੇ ਪੰਨੇ ਲਿਖਣ ਲਈ ਸ੍ਰੋਤ ਹੋ ਸਕਦਾ ਹੈ। ਸੱਤਰ ਅੱਸੀ ਸਾਲ ਬੀਤੇ ਵਾਕਿਆਤ ਕੌਣ ਸੁਣਾਵੇ। ਉਜਾੜੇ ਦੇ ਢੱਠੇ ਪਿੰਡਾਂ ਦੀ ਫੋਟੋਗਰਾਫੀ ਜਾਂ ਰਿਕਾਰਡਿੰਗ ਵੀ ਉਪਲਬਧ ਨਹੀਂ। ਸੁਣਨ-ਸੁਣਾਉਣ ਲਈ ਸਬੱਬ ਵੀ ਨਹੀਂ ਬਣਦਾ। ਮੈਂ ਕਈ ਬਜ਼ੁਰਗਾਂ ਨੂੰ ਮਿਲਣ ਲਈ ਕੋਸ਼ਿਸ਼ ਕੀਤੀ ਪਰੰਤੂ ਦਰਦ ਦੱਸਣ ਲਈ ਬੋਲ ਹੀ ਨਹੀਂ। ਅੱਖਾਂ ਦੀ ਨਜ਼ਰ ਧੁੰਧਲੀ ਹੋ ਗਈ। ਹੌਕੇ ਖੂਹ ਜਿੰਨੇ ਡੂੰਘੇ ਹੋਣ ਕਾਰਨ ਉਸਰੇ ਸ਼ਹਿਰ ਦੇ ਥੱਲੇ ਮੋਈਆਂ ਰੂਹਾਂ ਦੀ ਖਾਕ ਨਿਸ਼ਾਨੀ ਵੀ ਨਹੀਂ, ਜੇ ਇੰਜ ਹੀ ਵਰਤਾਰਾ ਰਿਹਾ ਤਾਂ ਆਉਣ ਵਾਲੀ ਨਸਲ ਭੁੱਲ ਜਾਵੇਗੀ ਕਿ ਇੱਥੇ ਪੁਆਧ ਖੇਤਰ ਦੀ ਸਦੀਆਂ ਪੁਰਾਣੀ ਸਭਿਅਤਾ ਵੀ ਹੋਇਆ ਕਰਦੀ ਸੀ।

ਰਾਮਨਗਰ (ਭੰਗੀਮਾਜਰਾ) ਦੇ ਵਸਨੀਕ ਇੰਜ, ਜਸਵੀਰ ਸਿੰਘ ਨੇ ਦੱਸਿਆ ਕਿ ਰਾਕ ਗਾਰਡਨ ਚੰਡੀਗੜ੍ਹ 'ਚ ਮਸਨੂਈ ਬਣਾਏ ਖੂਹ ਨੂੰ ਲੱਗੀ ਭੌਣੀ ਉਸਦੇ ਪਿੰਡ ਦੇ ਖੂਹ ਦੀ ਇੱਕੋ-ਇੱਕ ਨਿਸ਼ਾਨੀ ਹੈ। ਉਨ੍ਹਾਂ ਦੇ ਭਰਾ ਡਾ. ਸ਼ੇਰ ਸਿੰਘ (ਸਵਰਗੀ) ਨੇ ਆਪਣੀ ਕੋਠੀ ਪਿੰਡ ਲਖਨੌਰ ਵਿਖੇ ਆਪਣੇ ਉਜਾੜੇ ਪਿੰਡ ਰਾਮਨਗਰ ਦੇ ਘਰ ਦੇ ਦਰਵਾਜ਼ੇ ਸਾਂਭ ਰੱਖੇ ਹਨ। ਇਸੇ ਪਿੰਡ ਦੇ ਨਿਰਮਲ ਸਿੰਘ ਪੁੱਤਰ ਭਾਗ ਸਿੰਘ ਨੇ ਆਪਣੀ ਪੁਰਾਣੀ ਘੁਲਾੜੀ, ਫਾਟਕ ਅਤੇ ਨੁਆਰ ਦਾ ਮੰਜਾ ਨਿਸ਼ਾਨੀ ਵੱਜੋਂ ਅਜੇ ਵੀ ਸਾਂਭ ਕੇ ਰੱਖਿਆ ਹੋਇਆ ਹੈ। ਕਸਟੋਡੀਅਨ 'ਚ ਮਿਲੇ ਤੰਗੌਰੀ ਮੁਸਲਮਾਨਾਂ ਵਾਲੇ ਘਰ 'ਚ ਵਾਸ ਕਰਨ ਲਈ ਉਸ ਦੇ ਬਜ਼ੁਰਗ ਨੂੰ ਕਈ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਪਿੰਡ ਕਾਲੀਬੜ ਵੱਡਾ ਸੀ। ਇਸ ਪਿੰਡ 'ਚੋਂ ਉਜਾੜੇ ਦੇ ਸਦਮੇ ਕਾਰਨ ਸੱਤ-ਅੱਠ ਮੌਤਾਂ ਹੋਈਆਂ। ਇੱਕ ਪਾਸੇ ਪਿੰਡ ਢਾਹਿਆ ਜਾ ਰਿਹਾ ਸੀ ਦੂਜੇ ਪਾਸੇ ਮੌਤਾਂ ਦਾ ਸਸਕਾਰ ਕਰਨ ਦੇ ਸੰਸੇ ਪਏ ਹੋਏ ਸਨ। ਰਾਮਨਗਰ (ਭੰਗੀਮਾਜਰਾ) ਦੇ ਲਛਮਣ ਸਿੰਘ ਦੀ ਦਾਦੀ- 'ਸਰਦੀ' ਵੀ ਸੁਆਸ ਛੱਡ ਗਈ। ਜੋਗਿੰਦਰ ਸਿੰਘ ਜੋਗੀ ਦੇ ਦਾਦਾ ਜੀ ਨਿਹਾਲ ਸਿਘ ਦਾ ਵੀ ਦੇਹਾਂਤ ਹੋਇਆ। ਚੈਂਚਲ ਸਿਘ ਦੀ ਮਾਤਾ ਵੀ ਗੁਜਰ ਗਈ। ਨਗਲਾ ਪਿੰਡ ਦਾ ਇਕ ਗਭਰੂ ਤੂੜੀ ਵਾਲੇ ਭੂਆੜੇ (ਕੋਠਾ) 'ਚ ਸਦਮਾ ਨਾ ਸਹਿੰਦਿਆਂ ਚੱਲ ਵਸਿਆ। ਪਿੰਡ ਬਜਵਾੜਾ ਦੇ ਹਰਨਾਮ ਸਿੰਘ ਤੇ ਰਾਮ ਸਿੰਘ ਦੀ ਮਾਤਾ ਦਾ ਦੁੱਧ ਰਿੜਕਦੀ ਦਾ ਦੇਹਾਂਤ ਹੋ ਗਿਆ ਜਿਸ ਦਾ ਸਸਕਾਰ ਬਜਵਾੜਾ ਹੀ ਕਰਨਾ ਪਿਆ। ਇਨ੍ਹਾਂ ਉਜਾੜੇ ਗਏ ਪਿੰਡਾਂ 'ਚ ਕਈ ਹੋਰ ਮੌਤਾਂ ਵੀ ਹੋਈਆਂ ਜਿਨ੍ਹਾਂ ਦਾ ਵੇਰਵਾ ਮਿਲਣਾ ਹੁਣ ਮੁਸ਼ਕਲ ਹੈ। ਕਈ ਘਰਾਂ ਨੂੰ ਚੰਡੀਗੜ੍ਹ, ਹਰਿਆਣਾ ਤੇ ਐਸ.ਏ.ਐਸ ਨਗਰ (ਮੁਹਾਲੀ) ਦੇ ਖੇਤਰਾਂ ਨੂੰ ਯੋਜਨਾ ਅਧੀਨ ਵਿਸ਼ਾਲ ਬਣਾਉਣ ਲਈ ਕਈ-ਕਈ ਵਾਰ ਉਜੜਨਾ ਪਿਆ। ਇਹ ਸੰਤਾਪ ਪੁਆਧ ਖੇਤਰ ਦੀ ਹੋਣੀ ਨੂੰ ਝਲਣਾ ਪਿਆ। ਉਖੜੇ ਤੇ ਉਜੜੇ ਲੋਕਾਂ ਨੂੰ ਮੁੜ ਪੈਰ ਟਿਕਾਉਣ ਲਈ ਵੱਖਰੀਆਂ-ਵੱਖਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿੰਨਾ ਚੰਗਾ ਹੋਵੇ ਚੰਡੀਗੜ੍ਹ ਵਸਾਉਣ ਲਈ ਉਜਾੜੇ ਗਏ ਪਿੰਡਾਂ ਦੀ ਕਿਸੀ ਢੁਕਵੀਂ ਥਾਂ 'ਤੇ ਨਿਸ਼ਾਨਦੇਹੀ ਨਿਸ਼ਚਿਤ ਕੀਤੀ ਜਾਵੇ, ਕੋਈ ਯਾਦਗਾਰ ਲਾਠ (ਥੰਮ੍ਹ) ਬਣਾਈ ਜਾਵੇ। ਤਾਂ ਜੋ ਆਉਣ ਵਾਲੀਆਂ ਨਸਲਾਂ ਨੂੰ ਚੰਡੀਗੜ੍ਹ ਵਸਣ ਦੀ ਗਾਥਾ ਦੇ ਇਤਿਹਾਸ ਬਾਰੇ ਜਾਣਕਾਰੀ ਮਿਲ ਸਕੇ।



## ਪਿੰਡ ਦੇ ਦਰਦ ਦਾ ਇੱਕ ਦ੍ਰਿਸ਼

ਪਿੰਡਾਂ ਦੇ ਉਜੜਨ ਦੇ ਉਸ ਮੰਜਰ ਨੂੰ ਜੇ ਚੇਤੇ ਕਰੀਏ ਤਾਂ ਲੋਕਾਂ ਦੇ ਹੰਝੂ ਅਜੇ ਵੀ ਗਿੱਲੇ ਲੱਗਦੇ ਹਨ। ਔਰਤਾਂ ਦੇ ਵੈਣ ਹਵਾਵਾਂ 'ਚ ਘੁਲ ਰਹੇ ਹਨ। ਅਰਜੋਈ ਕਰਦੇ ਹੱਥ ਸਮੇਂ ਨੂੰ ਕੋਸਦੇ ਜਾਪਦੇ ਹਨ। ਹੂਕਾਂ ਕੰਨੀ ਪੈ ਰਹੀਆਂ ਹਨ। ਢਹਿ-ਢੇਰੀ ਹੋ ਰਹੇ ਪਿੰਡ ਦੀਆਂ ਕੰਧਾਂ ਕੂਕ ਰਹੀਆਂ ਹਨ। ਟੁਟੇ ਸ਼ਤੀਰ ਤੇ ਬਾਲੇ ਕੜ-ਕੜ ਕਰਦੇ ਥੱਲੇ ਡਿੱਗ ਰਹੇ ਹਨ। ਦੇਹਲੀਆਂ, ਬੂਹੇ-ਬਾਰੀਆਂ ਪੁੱਟੀਆਂ ਜਾ ਰਹੀਆਂ ਹਨ। ਧੜੰਮ ਕਰਦਾ ਕੋਈ ਚੁਬਾਰਾ ਢੱਠ ਰਿਹਾ ਹੈ, ਕਿਸੇ ਦੀ ਹਵੇਲੀ ਡਿੱਗ ਰਹੀ ਹੈ। ਡਿਓੜੀ ਤਿੜ ਰਹੀ ਹੈ। ਬਨੇਰੇ ਤੋਂ ਵਿਹੜੇ ਵਿਚ ਡਿੱਗੀ ਇੱਟ, ਬੁੱਢੀ ਮਾਈ ਦੇ ਲੱਗਣ ਤੋਂ ਬੱਚ ਗਈ ਹੈ। ਬਿਰਖਾਂ ਦੇ ਪੁੱਟੇ ਜਾਣ 'ਤੇ ਪੰਛੀ ਆਲ੍ਹਣਿਆਂ ਨੂੰ ਸਦਾ ਲਈ ਅਲਵਿਦਾ ਕਹਿ ਰਹੇ ਹਨ। ਭੁੱਖੇ ਪਸ਼ੂ ਖੁਰਲੀਆਂ ਤੋਂ ਰੱਸੇ ਤੁੜਾਉਣ ਲਈ ਮਜਬੂਰ ਹੋ ਰਹੇ ਹਨ। ਛੱਪਰਾਂ ਥੱਲੇ ਦਿੱਤੀਆਂ ਥੰਮੀਆਂ ਤੜਾਕ ਕਰਕੇ ਟੁੱਟ ਰਹੀਆਂ ਹਨ। ਚੁੱਲ੍ਹਿਆਂ 'ਚ ਪੁਸ਼ਤੈਨੀ ਅੱਗ ਬੁੱਝ ਰਹੀ ਹੈ। ਗੱਡਿਆਂ ਉੱਤੇ ਘਰ ਦਾ ਭਾਂਡਾ-ਟੀਂਡਾ, ਸੰਦੂਕ, ਪੇਟੀਆਂ, ਟਰੰਕ, ਦਾਣਿਆਂ ਦੇ ਢੋਲ, ਮਿਹਨਤਾਂ ਨਾਲ ਬਣਾਈਆਂ ਚੀਜ਼ਾਂ ਤੇ ਨਿੱਕ-ਸੁੱਕ ਲੱਦਿਆ ਜਾ ਰਿਹਾ ਹੈ। 1947 ਦੀ ਵੰਡ ਵਰਗਾ ਬਟਵਾਰਾ ਲੱਗ ਰਿਹਾ ਹੈ।

ਕੋਈ ਬਾਲਕ ਦੀਵਾ ਸੰਭਾਲਦਾ, ਮਾਂ ਨੂੰ ਪੁੱਛ ਰਿਹਾ, "ਅਸੀਂ ਇੱਥੋਂ ਕਿਉਂ ਚੱਲੇ ਹਾਂ? ਕਿੱਥੇ ਨੂੰ? ਖ਼ਾਮੋਸ਼ ਚਿਹਰੇ ਹਿਚਕੀ ਭਰ ਉੱਤਰ ਦੇਣ ਲਈ ਮਜਬੂਰੀ ਦਾ ਆਲਮ ਹੰਢਾ ਰਹੇ ਹਨ। ਦੂਰ ਖੜੀਆਂ ਬਾਲੜੀਆਂ ਦਾ ਸਹੇਲਪੁਣਾ ਵਿਛੜਣ ਲਈ ਹਟਕੋਰੇ ਭਰ ਰਿਹਾ ਹੈ। ਕੋਈ ਬਿਰਧ ਆਪਣੇ ਜੀਵਨ ਦੀਆਂ ਯਾਦਾਂ ਦੀ ਗਠੜੀ ਚੁੱਕਣ ਲਈ ਅਸਮਰੱਥ ਹੈ। ਇੱਕ-ਦੂਜੇ ਦੇ ਦੁੱਖ ਨੂੰ ਮੋਢਾ ਦੇਣ ਲਈ ਹਰ ਕੋਈ ਲਾਚਾਰ ਹੈ।

ਇੱਕ ਜਿਉਂਦੇ ਪਿੰਡ ਦੀ ਮੌਤ ਹੋ ਰਹੀ ਹੈ। ਮਰਗਤ ਲਈ ਮੜ੍ਹੀਆਂ ਵੀ ਨਹੀਂ ਰਹੀਆਂ। ਕੁਝ ਹੀ ਮਹੀਨਿਆਂ ਵਿੱਚ ਪਿੰਡ ਥੇਹ ਬਣ ਜਾਵੇਗਾ। ਨਵੀਂ ਉਸਾਰੀ ਪ੍ਰਾਰੰਭ ਹੋ ਜਾਵੇਗੀ। ਸਦੀਆਂ ਪੁਰਾਣੇ ਇਤਿਹਾਸ 'ਚੋਂ ਨਵੇਂ ਇਤਿਹਾਸ ਦੀ ਸਿਰਜਣਾ ਹੋਵੇਗੀ। ਪੁਰਾਣੀ ਸਭਿਆਚਾਰਕ ਵਿਰਾਸਤ ਮਿੱਟੀ ਵਿਚ ਦਬ ਜਾਵੇਗੀ ਅਤੇ ਨਵੀਂ ਸੱਭਿਅਤਾ ਪੁੰਗਰਨੀ ਸ਼ੁਰੂ ਹੋ ਜਾਵੇਗੀ। ਪੁਆਧ ਦੇ ਛੱਬੀ ਪਿੰਡ ਲੋਪ ਹੋ ਜਾਣਗੇ ਅਤੇ ਨਵਾਂ ਸ਼ਹਿਰ ਚੰਡੀਗੜ੍ਹ ਉਸਰਨਾ ਸ਼ੁਰੂ ਹੋ ਜਾਵੇਗਾ।

ਰੱਬ ਖੈਰ ਕਰੇ ..... !

* * * *

# ਪੁਆਧ ਦੇ ਤਿੰਨ ਕੰਧ ਚਿੱਤਰਾਂ ਦਾ ਇਤਿਹਾਸ

## ਮਨਸਾ ਦੇਵੀ ਮੰਦਰ ਦਾ ਕੰਧ-ਚਿੱਤਰ

**ਡਾ. ਕੰਵਰਜੀਤ ਸਿੰਘ ਕੰਗ**

ਚੰਡੀਗੜ੍ਹ ਦੇ ਨੇੜੇ ਮਨਸਾ ਦੇਵੀ ਦਾ ਮੰਦਰ ਹੈ ਜੋ ਨਵਰਾਤਿਆਂ ਵਿੱਚ ਲਗਦੇ ਭਾਰੀ ਮੇਲੇ ਕਾਰਨ ਪ੍ਰਸਿੱਧ ਹੈ। ਇਹ ਮੰਦਰ ਇੱਕ ਪਹਾੜੀ 'ਤੇ ਸਥਿਤ ਹੈ। ਪ੍ਰਮੁੱਖ ਧਾਰਮਿਕ ਸਥਾਨ ਦੇ ਦੋ ਕੋਨਿਆਂ 'ਤੇ ਚਾਰ ਛੋਟੇ ਮੰਦਰ ਬਣੇ ਹਨ ਜੋ ਭਾਰਤ ਵਿੱਚ ਮੱਧ-ਕਾਲ ਸਮੇਂ ਉਸਰੇ ਜਾਂਦੇ ਹਿੰਦੂ ਮੰਦਰ ਭਵਨ-ਕਲਾ ਅਨੁਸਾਰ ਉਸਾਰੇ ਗਏ ਹਨ। ਪੌੜੀਆਂ ਚੜ੍ਹਨ ਉਪਰੰਤ ਮੰਦਰ ਦਾ ਸਿੰਘ-ਦੁਆਰ ਆਉਂਦਾ ਹੈ ਜਿਸ ਉੱਤੇ ਵਿਭਿੰਨ ਰੰਗਾਂ ਨਾਲ ਚਿੱਤਰ ਬੇਲ-ਬੂਟਿਆਂ ਦੇ ਵਿਚਕਾਰ ਇੱਕ ਲਿਖਤ ਦੇਵਨਾਗਰੀ ਵਿੱਚ ਅੰਕਿਤ ਹੈ ਜੋ ਲਗਪਗ ਹੁਣ ਮਿਟ ਗਈ ਅਵਸਥਾ ਵਿੱਚ ਹੈ। ਇਸ ਲਿਖਤ ਅਨੁਸਾਰ ਇਸ ਮੰਦਰ ਦੀ ਉਸਾਰੀ ਮਨੀਮਾਜਰਾ ਦੇ ਰਾਜਾ ਗੋਪਾਲ ਸਿੰਘ ਨੇ ਬਿਕਰਮੀ ਸੰਮਤ 1868 (1811ਈ.) ਵਿੱਚ ਆਰੰਭ ਕਰਵਾਈ ਸੀ ਅਤੇ ਬਿਕਰਮੀ ਸੰਮਤ 1872 (1815 ਈ.) ਵਿੱਚ ਸੰਪੂਰਨ





ਹੋਈ ਸੀ। ਇਸ ਮੰਦਰ ਦੇ ਸਿੰਘ-ਦੁਆਰ ਤੋਂ ਲੈ ਕੇ ਅੰਦਰ ਦੀਆਂ ਸਾਰੀਆਂ ਕੰਧਾਂ 'ਤੇ ਹਰ ਥਾਂ 'ਤੇ ਚਿੱਤਰ ਅੰਕਿਤ ਕੀਤੇ ਗਏ ਹਨ ਪਰ ਇਨ੍ਹਾਂ ਵਿੱਚੋਂ ਬਹੁਤੇ ਲੋਪ ਚੁਕੇ ਹਨ ਅਤੇ ਜੋ ਬਚੇ ਹਨ ਉਨ੍ਹਾਂ ਦੀ ਹਾਲਤ ਵੀ ਬਹੁਤ ਖਸਤਾ ਹੈ। ਇਸ ਮੰਦਰ ਦੇ ਕੰਧ ਚਿੱਤਰਾਂ ਦਾ ਪ੍ਰਧਾਨ ਵਿਸ਼ਾ ਮਾਰਕੰਡਾ ਪੁਰਾਣ ਉੱਤੇ ਅਧਾਰਤ ਦੁਰਗਾ ਦੇਵੀ ਨਾਲ ਸਬੰਧਤ ਹੈ ਜੋ ਵਿਭਿੰਨ ਅਵਤਾਰਾਂ ਦੇ ਰੂਪ ਵਿਚ ਪ੍ਰਗਟ ਹੁੰਦੀ ਦਿਖਾਈ ਗਈ ਹੈ। ਇੱਥੇ ਪ੍ਰਕਾਸ਼ਿਤ ਕੰਧ-ਚਿੱਤਰ ਮਨੀਮਾਜਰਾ ਦੇ ਰਾਜਾ ਗੋਪਾਲ ਸਿੰਘ ਨੂੰ ਦੁਰਗਾ ਦੇਵੀ ਨੂੰ ਉਸ ਦੇ 'ਮਹਾਂਮਾਇਆ' ਰੂਪ ਵਿੱਚ ਨਮਸਕਾਰ ਕਰਦਿਆਂ ਚਿੱਤਰਿਆ ਗਿਆ ਹੈ ਅਤੇ ਚਿੱਤਰ ਸੱਜੇ ਪਾਸੇ ਰਾਜਾ ਸੂਰਥ ਅਤੇ ਵੈਸ਼ਿਆ ਪ੍ਰਾਰਥਨਾ ਕਰਦੇ ਚਿੱਤਰੇ ਗਏ ਹਨ। ਕੰਧ-ਚਿੱਤਰ ਉੱਤੇ ਅੰਕਿਤ ਕੀਤੀ ਲਿਖਤ ਵਿਚ ਸੰਮਤ 1870 (1813 ਈ.) ਪੜ੍ਹਿਆ ਜਾਂਦਾ ਹੈ ਅਤੇ ਇਹ ਵੀ ਪੜ੍ਹਿਆ ਜਾਂਦਾ ਹੈ ਕਿ ਕਿਸੇ ਅੰਗਦ ਨਾਂ ਦੇ ਚਿੱਤਰਕਾਰ ਨੇ ਇਹ ਕੰਧ-ਚਿੱਤਰ ਬਣਾਏ ਸਨ। 1971 ਵਿੱਚ ਜਦੋਂ ਇਸ ਕੰਧ-ਚਿੱਤਰ ਦੀ ਫੋਟੋ ਖਿੱਚੀ ਗਈ ਸੀ ਤਾਂ ਇਹ ਲਿਖਤ ਸੰਪੂਰਨ ਰੂਪ ਵਿੱਚ ਪੜ੍ਹੀ ਜਾਂਦੀ ਸੀ ਪਰ ਹੁਣ ਇਹ ਬਹੁਤੀ ਮਿਟ ਚੁੱਕੀ ਹੈ।

## ਰਾਗਨੀ ਬਿਲਾਵਲ ਦਾ ਕੰਧ-ਚਿੱਤਰ

ਮਨੀਮਾਜਰੇ ਦਾ ਕਿਲ੍ਹਾ ਰਾਜਾ ਗੋਪਾਲ ਸਿੰਘ ਨੇ 18ਵੀਂ ਸਦੀ ਦੇ ਅੰਤ ਨੇੜੇ ਉਸਾਰਿਆ ਸੀ। ਇਸ ਕਿਲ੍ਹੇ ਦੇ ਸੱਤ ਬੁਰਜ ਸਨ। ਦੱਖਣ-ਪੂਰਬ ਪਾਸੇ ਦੇ ਵਿਚਕਾਰਲੇ ਬੁਰਜ ਦੀਆਂ ਅੰਦਰਲੀਆਂ ਕੰਧਾਂ ਉਤੇ ਚਿੱਤਰ ਅੰਕਿਤ ਕੀਤੇ ਗਏ ਸਨ। ਇਨ੍ਹਾਂ ਚਿੱਤਰਾਂ ਵਿੱਚੋਂ ਤਿੰਨ ਵਿੱਚ ਕ੍ਰਮਵਾਰ ਰਾਗਨੀ ਸਾਰੰਗ, ਰਾਗਨੀ ਬਿਲਾਵਲ ਅਤੇ ਰਾਗਨੀ ਪੂਰਬੀ ਨੂੰ ਚਿਤਰਤ ਕੀਤਾ ਗਿਆ ਸੀ। ਇੱਥੇ ਪ੍ਰਕਾਸ਼ਿਤ ਕੀਤਾ ਗਿਆ ਕੰਧ ਚਿੱਤਰ ਰਾਗਨੀ ਬਿਲਾਵਲ ਨੂੰ ਦਰਸਾਉਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਅਨੁਸਾਰ ਬਿਲਾਵਲ ਜਾਂ ਬਿਲਾਵਲੁ ਦੇ ਗਾਉਣ ਦਾ ਵੇਲਾ ਦਿਨ ਦੇ ਦੂਜੇ ਪਹਿਰ ਦਾ ਆਰੰਭ ਹੈ ਅਤੇ ਆਨੰਦ ਮੰਗਲ ਦੇ ਵੇਲੇ ਇਸ ਆਨੰਦ ਮੰਗਲ ਦੇ ਸੰਗੀਤਕ ਭਾਵ ਨੂੰ ਤਸਵੀਰੀ ਰੂਪ ਵਿੱਚ ਨਾਰੀ ਦੇ ਸ਼ਿੰਗਾਰ ਰਾਹੀਂ ਵਿਅਕਤ ਕੀਤਾ ਗਿਆ ਹੈ। ਸ਼ਿੰਗਾਰ ਕਰਨ ਦਾ ਪੂਰਨ ਸਾਮਾਨ ਹਾਜ਼ਰ ਹੈ ਅਤੇ ਇਸ ਦੀ ਪੂਰਤੀ




ਲਈ ਚਿੱਤਰਤ ਤਿੰਨੋਂ ਨਾਰੀਆਂ ਕਿਰਿਆਸ਼ੀਲ ਹਨ। ਅਜਿਹੇ ਚਿੱਤਰ ਨਾਇਕ-ਨਾਇਕਾ ਦੇ ਵਿਸ਼ੇ ਨੂੰ ਦਰਸਾਉਣ ਦਾ ਭੁਲੇਖਾ ਵੀ ਪਾਉਂਦੇ ਸਨ। ਸ਼ਾਇਦ ਇਸੇ ਲਈ ਕਈ ਚਿੱਤਰਕਾਰ ਵਿਸ਼ੇ ਸਬੰਧੀ ਚਿੱਤਰ ਉੱਤੇ ਲਿਖ ਕੇ ਹੀ ਸਪਸ਼ਟੀਕਰਨ ਦੇ ਦਿੰਦੇ ਸਨ, ਜਿਵੇਂ ਕਿ ਇਸ ਕੰਧ-ਚਿੱਤਰ ਵਿੱਚ ਕੀਤਾ ਗਿਆ ਹੈ। ਰਾਗਮਾਲਾ ਚਿੱਤਰਾਂ ਦਾ ਆਰੰਭ ਭਾਰਤ ਵਿੱਚ ਮੱਧਕਾਲ ਸਮੇਂ ਹੋਇਆ ਸੀ। ਇਨ੍ਹਾਂ ਚਿੱਤਰਾਂ ਵਿੱਚ ਰਾਗਾਂ ਅਤੇ ਰਾਗਨੀਆਂ ਨਾਲ ਸਬੰਧਤ ਸੰਗੀਤਕ ਪਹਿਲੂਆਂ ਦੇ ਨਾਲ-ਨਾਲ ਉਨ੍ਹਾਂ ਨਾਲ ਜੁੜੇ ਮਿਜਾਜ਼, ਬਿਰਤੀ, ਮਨੋਦਿਸ਼ਾ, ਰੰਗ, ਲੱਛਣ, ਕਥਨ, ਨਾਇਕ, ਨਾਇਕਾ ਨੂੰ ਸੁਚਿੱਤਰ ਕੀਤਾ ਜਾਂਦਾ ਸੀ। ਅਜਿਹੇ ਚਿੱਤਰ ਬਣਾਉਣ ਦਾ ਉਦੇਸ਼ ਰਾਗ ਜਾਂ ਰਾਗਨੀ ਨਾਲ ਸਬੰਧਤ ਸੰਕਲਪ ਨੂੰ ਤਸਵੀਰੀ ਰੂਪ ਵਿਚ ਉਜਾਗਰ ਕਰਨਾ ਹੁੰਦਾ ਸੀ। ਇਸੇ ਲਈ ਸੰਗੀਤਕ ਧੁਨਾਂ ਦੇ ਤਸਵੀਰੀ ਰੂਪ ਨੂੰ ਰਾਗਮਾਲਾ ਚਿੱਤਰ ਆਖਿਆ ਜਾਂਦਾ ਹੈ। ਕਿਲ੍ਹੇ ਦੇ ਬੁਰਜ ਦੇ ਢਹਿ ਜਾਣ ਨਾਲ ਇਹ ਕੰਧ-ਚਿੱਤਰ ਨਸ਼ਟ ਹੋ ਚੁੱਕਾ ਹੈ।

### ਅੰਗਰੇਜ਼ ਫ਼ੌਜ ਦੀ ਪਰੇਡ ਦਾ ਕੰਧ ਚਿੱਤਰ

ਚੰਡੀਗੜ੍ਹ ਨੇੜੇ ਮਨੀਮਾਜਰਾ ਦਾ ਕਿਲ੍ਹਾ ਰਾਜਾ ਗੋਪਾਲ ਸਿੰਘ ਨੇ 18ਵੀਂ ਸਦੀ ਦੇ ਅੰਤ ਵਿਚ ਉਸਾਰਿਆ ਸੀ। ਇਸ ਕਿਲ੍ਹੇ ਦੇ 7 ਬੁਰਜ ਸਨ।





ਇਸ ਦੇ ਦੱਖਣ-ਪੂਰਬ ਪਾਸੇ ਦੇ ਵਿਚਕਾਰਲੇ ਬੁਰਜ ਦੀਆਂ ਅੰਦਰਲੀਆਂ ਕੰਧਾਂ ਉੱਤੇ ਚਿੱਤਰ ਅੰਕਿਤ ਕੀਤੇ ਗਏ ਸਨ। 1971 ਵਿੱਚ ਲੇਖਕ ਨੇ ਜਦੋਂ ਇਨ੍ਹਾਂ ਚਿੱਤਰਾਂ ਦੀਆਂ ਫੋਟੋਆਂ ਖਿੱਚੀਆਂ, ਉਸ ਸਮੇਂ ਇੱਥੇ 9 ਕੰਧ ਚਿੱਤਰ ਚੰਗੀ ਹਾਲਤ ਵਿੱਚ ਸੁਰਖਿਅਤ ਸਨ ਪਰ ਇਸ ਬੁਰਜ ਦੇ ਢਹਿ ਜਾਣ ਨਾਲ ਇਹ ਸਾਰੇ ਕੰਧ ਚਿੱਤਰ ਨਸ਼ਟ ਹੋ ਚੁੱਕੇ ਹਨ। ਇਨ੍ਹਾਂ ਅੰਦਰ ਚਾਰ ਕੰਧ ਚਿੱਤਰਾਂ ਵਿੱਚ ਸ਼ਿਕਾਰ ਕਰਨ ਦੇ ਵਿਭਿੰਨ ਦ੍ਰਿਸ਼, ਇੱਕ ਚਿੱਤਰ ਵਿੱਚ ਸ੍ਰੀ ਗਣੇਸ਼ ਪੂਜਾ, ਇਕ ਵਿੱਚ ਫੌਜੀਆਂ ਦੀ ਬੈਂਡ ਬਾਜਿਆਂ ਸਹਿਤ ਪਰੇਡ ਅਤੇ ਤਿੰਨ ਕੰਧ ਚਿੱਤਰਾਂ ਵਿੱਚ ਕ੍ਰਮਵਾਰ ਰਾਗਿਨੀ ਸਾਰੰਗ, ਰਾਗਨੀ ਬਿਲਾਵਲ ਅਤੇ ਰਾਗਨੀ ਪੂਰਬੀ ਨੂੰ ਚਿੱਤਰਿਤ ਕੀਤਾ ਗਿਆ ਸੀ।

ਅੰਗਰੇਜ਼ਾਂ ਦੇ ਭਾਰਤ ਦੇ ਬਹੁਤੇ ਇਲਾਕਿਆਂ 'ਤੇ ਕਾਬਜ ਹੋਣ ਨਾਲ ਅਤੇ ਵਿਸ਼ੇਸ਼ ਕਰਕੇ 1809 ਈਸਵੀ ਵਿੱਚ ਸਤਲੁਜ ਦਰਿਆ ਦੇ ਦੱਖਣ-ਪੂਰਬ ਦੀਆਂ ਰਿਆਸਤਾਂ ਨੂੰ ਸੁਰੱਖਿਅਤ ਕਰਾਰ ਦੇਣ ਉਪਰੰਤ ਉਨ੍ਹਾਂ ਦਾ ਇਸ ਖੇਤਰ ਵਿਚ ਹਰ ਪੱਖੋਂ ਪ੍ਰਭਾਵ ਵਧ ਗਿਆ ਸੀ। ਅੰਗਰੇਜ਼ਾਂ ਨੇ ਇਨ੍ਹਾਂ ਰਿਆਸਤਾਂ ਵਿੱਚ ਆਪਣੀਆਂ ਰੈਜ਼ੀਡੈਂਸੀਆਂ ਵੀ ਬਣਾਈਆਂ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫੌਜ ਨੂੰ ਆਧੁਨਿਕ ਬਣਾਉਣ ਲਈ ਬਹੁਤ ਸਾਰੇ ਯੂਰੋਪੀਅਨ ਫੌਜੀ ਅਫ਼ਸਰ ਵੀ ਨੌਕਰੀ 'ਤੇ ਰੱਖੇ ਸਨ। ਸਮਕਾਲੀ ਸਮਾਜ ਦਾ ਸ਼ੀਸ਼ਾ ਹੋਣ ਦੇ ਨਾਤੇ

ਇਸ ਦਾ ਪ੍ਰਭਾਵ ਕੰਧ ਚਿੱਤਰਾਂ ਵਿੱਚ ਝਲਕਣਾ ਵੀ ਸੁਭਾਵਿਕ ਹੀ ਸੀ, ਜਿਵੇਂ ਮਨੀਮਾਜਰਾ ਦੇ ਕਿਲ੍ਹੇ ਦੇ ਇਸ ਕੰਧ ਚਿੱਤਰ ਵਿੱਚ ਅੰਗਰੇਜ਼ੀ ਪੈਦਲ ਫੌਜ ਦਾ ਬੈਂਡ ਬਾਜੇ ਸਹਿਤ ਪਰੇਡ ਦੇ ਦ੍ਰਿਸ਼ ਰਾਹੀਂ ਅੰਕਿਤ ਕੀਤਾ ਹੋਇਆ ਹੈ। ਅਜਿਹੇ ਵਿਸ਼ੇ ਨੂੰ ਕਿਲ੍ਹੇ ਦੀ ਕੰਧ ਉਤੇ ਚਿਤਰਿਤ ਕਰਾਉਣ ਦੀ ਮਹੱਤਤਾ ਕਿਲ੍ਹੇ ਵਿੱਚ ਰਹਿੰਦੇ ਫੌਜੀਆਂ ਨੂੰ ਚੰਗੀ ਸਿਖਲਾਈ ਲਈ ਪ੍ਰੇਰਨਾ ਦੇਣਾ ਵੀ ਹੋ ਸਕਦਾ ਹੈ। ਇਸ ਚਿੱਤਰ ਵਿੱਚ ਫੌਜੀਆਂ ਦੀ ਵਰਦੀ, ਪੁਰਾਣੇ ਸਮੇਂ ਦੀ ਬੰਦੂਕ, ਟੋਪੀ, ਕੋਟ, ਪਤਲੂਣ ਆਦਿ ਨੂੰ ਇਕਸਾਰਤਾ ਨਾਲ ਚਿਤਰਿਆ ਗਿਆ ਹੈ। ਉਨ੍ਹਾਂ ਦਾ ਅੱਗੇ ਵੱਲ ਦੇਖਣ ਦਾ ਅੰਦਾਜ਼ ਵੀ ਇਕਸਾਰ ਹੈ। ਚਿੱਤਰਕਾਰ ਅੰਗਰੇਜ਼ੀ ਫੌਜ ਦੇ ਮੂੰਹ-ਮੁਹਾਂਦਰੇ ਤੇ ਪਹਿਰਾਵੇ ਨੂੰ ਠੀਕ ਢੰਗ ਨਾਲ ਪ੍ਰਗਟਾਉਣ ਵਿਚ ਸਫਲ ਹੋਇਆ ਹੈ ਪਰ ਅਫਸੋਸ ਹੈ ਕਿ ਇਹ ਚਿੱਤਰ ਹੁਣ ਮੂਲ ਰੂਪ 'ਚ ਨਹੀਂ ਦੇਖਿਆ ਜਾ ਸਕਦਾ।

*'ਮਿਟ ਰਹੀ ਕਲਾ' ਪੁਸਤਕ 'ਚੋਂ ਧੰਨਵਾਦ ਸਹਿਤ।*

****



## ਪੁਆਧ ਦੀ ਧਰਤੀ 'ਤੇ ਬਾਬਾ ਨਾਨਕ ਦੀਆਂ ਪੈੜਾਂ

**- ਜਗਦੀਸ਼ ਸਿੰਘ ਢਿੱਲੋਂ**
**ਮੋਬਾ. 9855472015**

ਬਾਬਾ ਨਾਨਕ ਦੀਆ ਪੁਆਧ ਵਿਚ ਪੈੜਾਂ ਲਭਣ ਤੋਂ ਪਹਿਲਾਂ ਸਾਨੂੰ ਪੁਆਧ ਦੇ ਇਲਾਕੇ ਦੀ ਪਛਾਣ ਕਰਨੀ ਬਣਦੀ ਹੈ।

ਪੰਜਾਬ ਦੇ ਬਹੁਤੇ ਵਿਦਵਾਨ ਉੱਤਰ ਵਿਚ ਰੋਪੜ ਵਿਖੇ ਸਤਲੁਜ ਦਰਿਆ ਤੋਂ ਲੈ ਕੇ ਦਖਣ ਵਿਚ ਜਮਨਾ ਨਗਰ ਵਿਖੇ ਜਮਨਾ ਨਦੀ ਤੱਕ ਦੇ ਇਲਾਕੇ ਨੂੰ ਪੁਆਧ ਮੰਨਦੇ ਹਨ। ਇਸ ਵਿਚ ਇਕ ਇਲਾਕਾ ਰੋਪੜ ਵਿਚ ਸਤਲੁਜ ਤੋਂ ਲੈ ਕੇ ਮੁਹਾਲੀ ਤੱਕ ਦਾ ਇਲਾਕਾ ਹੈ ਅਤੇ ਦੂਜਾ ਮੁਹਾਲੀ ਤੋਂ ਲੈ ਕੇ ਜਮਨਾ ਨਗਰ ਤੱਕ ਜਮਨਾ ਨਦੀ ਤੱਕ ਦਾ ਇਲਾਕਾ ਹੈ।

ਪੁਆਧ ਦੀ ਧਰਤੀ ਉਤੇ ਬਾਬਾ ਨਾਨਕ 1597 ਈ. ਨੂੰ ਪਹਿਲੀ ਉਦਾਸੀ ਉਤੇ ਜਾਣ ਸਮੇਂ ਪੰਜਾਬ ਵਿਚ ਮਾਲਵੇ ਦੇ ਸ਼ਹਿਰ ਸਮਾਣਾ ਤੋਂ ਚੱਲ ਕੇ ਹਰਿਆਣਾ ਦੇ ਜ਼ਿਲ੍ਹਾ ਕੈਥਲ ਦੇ ਪਿੰਡ ਕਾਲੇ ਮਾਜਰਾ ਵਿਖੇ ਪਧਾਰੇ। ਭਾਵੇਂ ਕਾਲੇ ਮਾਜਰਾ ਪਿੰਡ ਵਿਚ ਬਾਬਾ ਨਾਨਕ ਦੇ ਅਸਥਾਨ ਉਤੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ ਪਰ ਕਾਲੇ ਮਾਜਰਾ ਪਿੰਡ ਵਿਖੇ ਵਾਪਰੀ ਕਿਸੇ ਘਟਨਾ ਕਿਸੇ ਨਿਸ਼ਾਨੀ ਬਾਰੇ ਕੋਈ ਪਤਾ ਨਹੀਂ ਚਲਦਾ। ਇਹ ਪੁਆਧ ਦਾ ਇਲਾਕਾ ਹੈ।

ਕਾਲੇ ਮਾਜਰਾ ਤੋਂ ਦੱਖਣ ਵਲ ਚਲ ਕੇ ਬਾਬਾ ਨਾਨਕ ਹਰਿਆਣੇ ਦੇ ਚੀਕਾ ਪਿੰਡ ਵਿਖੇ ਪਧਾਰੇ। ਚੀਕਾ ਪਿੰਡ ਵਿਖੇ ਵੀ ਬਾਬਾ ਨਾਨਕ ਦੇ ਅਸਥਾਨ ਉਤੇ ਗੁਰਦੁਆਰਾ ਬਣਿਆ ਹੋਇਆ ਹੈ ਪਰ ਚੀਕਾ ਵਿਖੇ ਵਾਪਰੀ ਕਿਸੇ ਘਟਨਾ ਕਿਸੇ ਨਿਸ਼ਾਨੀ ਦਾ ਕੋਈ ਪਤਾ ਨਹੀਂ ਚਲਦਾ।

ਚੀਕਾ ਤੋਂ ਹੋਰ ਅੱਗੇ ਦੱਖਣ ਵਲ ਚਲ ਕੇ ਬਾਬਾ ਨਾਨਕ ਹਰਿਆਣੇ ਦੇ ਭਾਗਲ ਪਿੰਡ ਵਿਖੇ ਪਧਾਰੇ। ਭਾਗਲ ਪਿੰਡ ਵਿਖੇ ਵੀ ਬਾਬਾ ਨਾਨਕ ਦੇ ਅਸਥਾਨ ਉਤੇ ਗੁਰਦੁਆਰਾ ਬਣਿਆ ਹੋਇਆ ਹੈ ਪਰ ਭਾਗਲ ਪਿੰਡ ਵਿਖੇ ਵਾਪਰੀ ਕਿਸੇ ਘਟਨਾ ਕਿਸੇ ਨਿਸ਼ਾਨੀ ਦਾ ਕੋਈ ਪਤਾ ਨਹੀਂ ਚਲਦਾ।

ਭਾਗਲ ਨਗਰ ਤੋਂ ਬਾਬਾ ਨਾਨਕ ਨੇ ਪੂਰਬ ਵੱਲ ਰੁਖ ਕੀਤਾ ਅਤੇ ਕੈਥਲ ਜ਼ਿਲ੍ਹੇ ਦੇ ਹੀ ਪਹੇਵਾ ਨਗਰ ਵਿਖੇ ਪਧਾਰੇ। ਪਹੇਵਾ ਦੇ ਲੋਕ ਪਹੋਆ ਕਹਿੰਦੇ ਹਨ ਜੋ ਪੁਆਧੀ ਸ਼ਬਦ ਹੈ।

ਪੋਹਆ ਹਿੰਦੂਆਂ ਦਾ ਵੱਡਾ ਤੀਰਥ ਅਸਥਾਨ ਹੈ ਜੋ ਸਰਸਵਤੀ ਨਦੀ ਦੇ ਕੰਢੇ ਵਸਿਆ ਨਗਰ ਹੈ। ਪਹੋਏ ਵਿਖੇ ਤਿੰਨ ਅਸਥਾਨਾਂ ਉਤੇ ਗੁਰਦੁਆਰਾ ਮੰਜੀ ਸਾਹਿਬ, ਗੁਰਦੁਆਰਾ ਬਾਉਲੀ ਸਾਹਿਬ ਅਤੇ ਗੁਰਦੁਆਰਾ ਸ਼ੀਸ ਮਹੱਲ ਸਾਹਿਬ ਬਾਬਾ ਨਾਨਕ ਦੇ ਗੁਰਦੁਆਰੇ ਬਣੇ ਹੋਏ ਹਨ।

ਪਹੋਏ ਤੋਂ ਦੱਖਣ ਵੱਲ ਚਲ ਕੇ, ਪਹੋਏ ਦੇ ਲਾਗੇ ਹੀ ਬਾਬਾ ਨਾਨਕ ਕੱਰਾ ਨਾਮਕ ਸਥਾਨ ਉਤੇ ਪਧਾਰੇ। ਕੱਰਾ ਵਿਖੇ ਬਾਬਾ ਨਾਨਕ ਨੇ ਕਾਲੂ ਨਾਂ ਦੇ ਡਾਕੂ ਦਾ ਉਧਾਰ ਕੀਤਾ। ਇਹ ਬੜਾ ਹੰਕਾਰੀ ਡਾਕੂ ਸੀ। ਖੂੰਖਾਰ ਡਾਕੂ ਸੀ। ਇਸ ਇਲਾਕੇ ਵਿਚ ਕਾਲੂ ਡਾਕੂ ਦੀ ਪੂਰੀ ਦਹਿਸ਼ਤ ਸੀ।

ਕੱਰਾ ਤੋਂ ਬਾਬਾ ਨਾਨਕ ਨੇ ਪੂਰਬ ਵਲ ਰੁਖ ਕੀਤਾ ਅਤੇ ਕੁਰਕਸ਼ੇਤਰ ਜਾ ਪਧਾਰੇ। ਇਸ ਨਗਰ ਦਾ ਪੁਰਾਣਾ ਨਾਂ ਥਾਨੇਸਰ ਹੈ। ਕੁਰਕਸ਼ੇਤਰ ਹਿੰਦੂਆਂ ਦਾ ਵੱਡਾ ਤੀਰਥ ਅਸਥਾਨ ਹੈ। ਜਿੱਥੇ ਕੌਰਵਾਂ ਅਤੇ ਪਾਂਡਵਾਂ ਵਿਚ ਮਹਾਭਾਰਤ ਦਾ ਯੁੱਧ ਹੋਇਆ। ਇੱਥੇ ਬਾਬਾ ਨਾਨਕ ਨੇ ਬ੍ਰਾਹਮਣਾਂ ਦੁਆਰਾ ਸਾਧਾਰਨ ਲੋਕਾਂ ਤੋਂ ਬਲੀ ਦੁਆਕੇ ਆਪ ਮਾਸ ਖਾਣ ਨੂੰ ਭੰਡਿਆ। ਇੱਥੋਂ ਤਕ ਸਾਰਾ ਇਲਾਕਾ ਪੁਆਧ ਵਿਚ ਆਉਂਦਾ।

ਕੁਰਕਸ਼ੇਤਰ ਤੋਂ ਬਾਬਾ ਨਾਨਕ ਨੇ ਦੱਖਣ ਵੱਲ ਦਿੱਲੀ ਵੱਲ ਰੁਖ ਕੀਤਾ ਅਤੇ ਕਰਨਾਲ, ਪਾਨੀਪਤ ਅਤੇ ਸੋਨੀਪਤ ਹੁੰਦੇ ਦਿੱਲੀ ਜਾ ਪਧਾਰੇ।

1518 ਈ. ਨੂੰ ਹਿਮਾਚਲ ਅਤੇ ਉਤਰਾ ਖੰਡ ਦੀ ਫੇਰੀ ਲਾਉਣ ਜਾਣ ਸਮੇਂ ਬਾਬਾ ਨਾਨਕ ਪੁਆਧ ਦੀ ਧਰਤੀ ਵਿਚੋਂ ਦੀ ਹਿਮਾਚਲ ਅਤੇ ਉਤਰਾਖੰਡ ਨੂੰ ਜਾਂਦੇ ਸਮੇਂ ਅਤੇ ਅੱਗੋਂ ਵਾਪਸ ਮੁੜਦੇ ਸਮੇਂ ਦੋ ਵਾਰ ਲੰਘੇ।

ਬਾਬਾ ਨਾਨਕ ਦੁਆਬੇ ਦੇ ਪਿੰਡ ਸਾਰੰਗਵਾਲ (ਜ਼ਿਲ੍ਹਾ ਹੁਸ਼ਿਆਰਪੁਰ) ਤੋਂ ਪੂਰਬ ਵੱਲ ਚਲ ਕੇ ਅਤੇ ਸਤਲੁਜ ਦਰਿਆ ਪਾਰ ਕਰਕੇ ਪੁਆਧ ਦੇ ਇਲਾਕੇ ਵਿੱਚ ਕੀਰਤਪੁਰ ਦੇ ਸਥਾਨ ਉੱਤੇ ਪਧਾਰੇ।

ਇੱਥੇ ਬਾਬਾ ਨਾਨਕ ਲਈ ਫਕੀਰ ਬੁੱਢਣ ਸ਼ਾਹ ਆਪਣੀਆਂ ਬੱਕਰੀਆਂ ਦਾ ਦੁੱਧ ਲੈ ਕੇ ਆਇਆ ਤਾਂ ਬਾਬਾ ਨਾਨਕ ਨੇ ਫਕੀਰ ਬੁੱਢਣ ਸ਼ਾਹ ਨੂੰ ਕਿਹਾ,



"ਸਾਡੀ ਅਮਾਨਤ ਸੰਭਾਲ ਕੇ ਰੱਖ, ਫੇਰ ਕਿਸੇ ਸਮੇਂ ਆ ਕੇ ਛਕਾਂਗੇ ।" ਮਗਰੋਂ ਗੁਰੂ ਹਰਗੋਬਿੰਦ ਸਾਹਿਬ ਨੇ ਫਕੀਰ ਬੁੱਢਣ ਸ਼ਾਹ ਤੋਂ ਦੁੱਧ ਮੰਗ ਕੇ ਲਿਆ।

ਕੀਰਤਪੁਰ ਤੋਂ ਪੂਰਬ ਵੱਲ ਚੱਲ ਕੇ ਬਾਬਾ ਨਾਨਕ ਨਾਲਾਗੜ੍ਹ ( ਹਿਮਾਚਲ) ਵਿਖੇ ਪਧਾਰੇ। ਪਰ ਨਾਲਾਗੜ੍ਹ ਵਿਖੇ ਬਾਬਾ ਨਾਨਕ ਦਾ ਕੋਈ ਅਸਥਾਨ ਬਣਿਆ ਹੋਇਆ ਨਹੀਂ।

ਨਾਲਾਗੜ੍ਹ ਤੋਂ ਪੂਰਬ ਵੱਲ ਚੱਲ ਕੇ ਬਾਬਾ ਨਾਨਕ ਹਰਿਆਣੇ ਦੇ ਪਿੰਜੌਰ ਵਿਖੇ ਪਧਾਰੇ। ਇਥੇ ਬਾਬਾ ਨਾਨਕ ਦੇ ਅਸਥਾਨ ਉਤੇ ਗੁਰਦੁਆਰਾ ਬਾਉਲੀ ਸਾਹਿਬ ਬਣਿਆ ਹੋਇਆ ਹੈ। ਪ੍ਰਸਿੱਧ ਇਤਿਹਾਸਕਾਰ ਡਾ. ਸੁਖਦਿਆਲ ਸਿੰਘ ਬਾਬਾ ਨਾਨਕ ਦਾ ਕੀਰਤਪੁਰ ਤੋਂ ਅੱਗੇ ਰੋਪੜ ਅਤੇ ਸਿਆਲਬਾ ਹੁੰਦੇ ਹੋਏ ਪਿੰਜੌਰ ਜਾਣਾ ਲਿਖਦੇ ਹਨ।

ਪਿੰਜੌਰ ਤੋਂ ਉੱਤਰ ਵਲ ਚੱਲ ਕੇ ਬਾਬਾ ਨਾਨਕ ਕਾਲਕਾ ਵਿਖੇ ਪਧਾਰੇ ਇੱਥੇ ਕਾਲੀ ਦੇਵੀ ਦੇ ਮੰਦਰ ਲਾਗੇ ਬਾਬਾ ਨਾਨਕ ਦਾ ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ।

ਕਾਲਕਾ ਤੋਂ ਬਾਬਾ ਨਾਨਕ ਉੱਤਰ ਵਲ ਹਿਮਾਚਲ ਵੱਲ ਚਲੇ ਗਏ। ਹਿਮਾਚਲ ਅਤੇ ਉਤਰਾਖੰਡ ਹੋ ਕੇ ਹਿਮਾਚਲ ਦੇ ਸਿਰਮੌਰ ਤੋਂ ਚਲ ਕੇ ਬਾਬਾ ਨਾਨਕ ਮੁੜ ਪੁਆਧ ਦੇ ਇਲਾਕੇ ਵਿਚ ਮਨੀਮਾਜਰਾ (ਚੰਡੀਗੜ੍ਹ) ਵਿਖੇ ਪਧਾਰੇ। ਮਨੀਮਾਜਰਾ ਵਿਖੇ ਬਾਬਾ ਨਾਲਕ ਦੇ ਅਸਥਾਨ ਉਤੇ ਗੁਰਦੁਆਰਾ ਬਾਉਲੀ ਸਾਹਿਬ ਬਣਿਆ ਹੋਇਆ ਹੈ।

ਮਨੀਮਾਜਰਾ ਤੋਂ ਪੱਛਮ ਵੱਲ ਚਲ ਕੇ ਬਾਬਾ ਨਾਨਕ ਮੌਜੂਦਾ ਸਮੇਂ ਦੀ ਚੰਡੀਗੜ੍ਹ ਅਤੇ ਮੁਹਾਲੀ ਜ਼ਿਲ੍ਹੇ ਦੀ ਪੁਆਧ ਦੀ ਧਰਤੀ ਉਤੇ ਪੈੜਾਂ ਪਾਉਂਦੇ ਹੋਏ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਮੁਕਾਰੋਂਪੁਰ ਵਿਚ ਪਧਾਰੇ। ਇਹ ਪਿੰਡ ਚੰਡੀਗੜ੍ਹ ਸਰਹਿੰਦ ਸੜਕ ਉਤੇ ਹੈ। ਮੁਕਾਰੋਂਪੁਰ ਪਿੰਡ ਵਿਖੇ ਬਾਬਾ ਨਾਨਕ 7 ਦਿਨ ਰਹੇ।

ਮਗਰੋਂ ਕਿਸੇ ਕਾਰਨ ਇਹ ਪਿੰਡ ਉਜੜ ਗਿਆ ਅਤੇ ਨਵੀਂ ਥਾਂ ਉਤੇ ਜਾ ਵਸਿਆ।ਉਜੜੇ ਪਿੰਡ ਦਾ ਥੇਹ 1935-40 ਦੀ ਮੁਰੱਬੇਬੰਦੀ ਸਮੇਂ ਈਸਰਹੇਲ ਪਿੰਡ ਵਿਚ ਆ ਗਿਆ। ਹੁਣ ਬਾਬਾ ਨਾਨਕ ਦਾ ਅਸਥਾਨ ਈਸਰਹੇਲ ਪਿੰਡ ਦੀ ਹੱਦ ਵਿਚ ਹੈ।

ਮੁਕਾਰੋਂਪੁਰ ਤੋਂ ਚੱਲ ਕੇ ਬਾਬਾ ਨਾਨਕ ਸਰਹਿੰਦ ਪਧਾਰੇ। ਸਰਹਿੰਦ ਤੋਂ ਜਗੇੜਾ (ਲੁਧਿਆਣਾ) ਵੱਲ ਚਲੇ ਗਏ।

1527 ਈ. ਨੂੰ ਕਰਤਾਪੁਰ (ਪਾਕਿ. ) ਤੋਂ ਕਪਾਲ ਮੋਚਨ (ਹਰਿਆਣਾ) ਦੀ ਫੇਰੀ ਲਾਉਣ ਜਾਣ ਸਮੇਂ ਬਾਬਾ ਨਾਨਕ ਫਿਰ ਪੁਆਧ ਦੀ ਧਰਤੀ ਉਤੋਂ ਦੀ ਲੰਘੇ। ਬਾਬਾ ਨਾਨਕ ਕਰਤਾਰਪੁਰ (ਪਾਕਿ.) ਤੋਂ ਕਰਤਾਰਪੁਰ (ਜਲੰਧਰ) ਅਤੇ ਲੁਧਿਆਣਾ ਹੁੰਦੇ ਹੋਏ ਸਰਹਿੰਦ ਪਧਾਰੇ। ਸਰਹਿੰਦ ਵਿਖੇ ਕੁਝ ਸਮਾਂ ਠਹਿਰ ਕੇ ਰਾਜਪੁਰਾ ਅਤੇ ਅੰਬਾਲਾ ਹੁੰਦੇ ਹੋਏ ਕਪਾਲ ਮੋਚਨ ਨੂੰ ਚਲੇ ਗਏ। ਲੁਧਿਆਣਾ ਤੋਂ ਕਪਾਲ ਮੋਚਨ ਤੱਕ ਦੀ ਸਾਰੀ ਧਰਤੀ ਪੁਆਧ ਦੀ ਹੀ ਹੈ। ਕਪਾਲ ਮੋਚਨ ਤੋਂ ਕਰਤਾਰਪੁਰ (ਪਾਕਿ.) ਨੂੰ ਵਾਪਸ ਮੁੜਦੇ ਹੋਏ ਬਾਬਾ ਨਾਨਕ ਫਿਰ ਪੁਆਧ ਦੀ ਧਰਤੀ ਉਤੋਂ ਪੈੜਾਂ ਪਾਉਂਦੇ ਕਰਤਾਰਪੁਰ (ਪਾਕਿ.) ਪਧਾਰੇ।

******



*ਕਹਾਣੀ*

# ਹਥੌਂਤ ਦੇ ਮਾਂਹ

**- ਸ਼ਮਸ਼ੇਰ ਸਿੰਘ ਡੂਮੇਵਾਲ**
**ਮੋਬਾ. 9872331999**

*ਇਹ ਕਥਾ ਪੁਆਧ ਦੇ ਉਸ ਦਿਹਾਤੀ ਖਿੱਤੇ ਨਾਲ ਸਬੰਧਿਤ ਹੈ। ਜਿਸ ਬਾਰੇ ਅੱਜ ਤੱਕ ਕੋਈ ਸਾਹਿਤਕ ਰਚਨਾ ਨਹੀਂ ਮਿਲਦੀ। ਸ੍ਰੀ ਡੂਮੇਵਾਲ ਨੇ ਇਸ ਖਿੱਤੇ ਦੀ ਪ੍ਰਕਿਰਤਕ ਖ਼ੂਬਸੂਰਤੀ ਨੂੰ ਕਥਾ ਦਾ ਰੂਪ ਦਿੱਤਾ ਹੈ ਜਿਸਦੀ ਸ਼ੈਲੀ ਮਾਨਵੀ-ਸੰਵੇਦਨਾ ਤੇ ਖੇਤਰੀ ਆਂਚਲਿਕਤਾ ਦੀ ਤਸਵੀਰ ਪੇਸ਼ ਕਰਦੀ ਹੈ ਤੇ ਬਦਲ ਰਹੇ ਮਾਰੂ ਪ੍ਰਭਾਵਾਂ ਤੋਂ ਸੁਚੇਤ ਕਰਦੀ ਹੈ ।* – **ਸੰਪਾਦਕ**

ਸਭ ਤੋਂ ਵੱਡੀ ਹੋਣ ਨਾਤੇ ਸਵਰਨੋ ਭੂਆ ਨੂੰ ਪੇਕੇ ਤੇ ਸਹੁਰੇ ਪਰਿਵਾਰ ’ਚ ਹਰ ਕੋਈ ਵੱਡਾ-ਛੋਟਾ ਅੱਬੋ ਆਖ ਬੁਲਾਉਂਦਾ ਸੀ।

ਪੰਜਾਬ ਦੀ ਜੂਹ ਨਾਲ ਸਥਿਤ ਹਿਮਾਚਲ ਪ੍ਰਦੇਸ਼ ਦੇ ਨੀਮ ਪਰਬਤਾਂ ਨਾਲ ਲੱਗਦੇ ਜਿਸ ਦਿਹਾਤੀ ਖਿੱਤੇ ’ਚ ਉਹ ਵਿਆਹੀ ਸੀ। ਉਸ ਨੂੰ ਹਥੌਂਤ ਦਾ ਇਲਾਕਾ ਕਰਕੇ ਜਾਣਿਆ ਜਾਂਦਾ ਹੈ। ਸਿਆਣੇ ਲੋਕ ਤਰਕ ਦਿੰਦੇ ਹਨ ਕਿ ਪੁਰਾਤਨ ਵੇਲੇ ਘਣੇ ਜੰਗਲਾਂ ਵਾਲਾ ਇਹ ਖਿੱਤਾ ਹਾਥੀਆਂ ਦਾ ਗੜ੍ਹ ਹੁੰਦਾ ਸੀ ਤੇ ਆਦਿ ਤੋਂ ਅੱਜ ਤੱਕ ਇਹ ਇਸੇ ਕਾਰਨ ਹਥੌਂਤ ਦੇ ਨਾਂਅ ਨਾਲ ਪ੍ਰਚੱਲਤ ਹੈ।

ਬਚਪਨ ਦੇ ਉਹ ਦਿਨ ਮੈਨੂੰ ਕਦੇ ਨਹੀਂ ਭੁੱਲਦੇ। ਜਦੋਂ ਵੀਹ ਕਿਲੋਮੀਟਰ ਦਾ ਪੈਂਡਾ ਸਾਈਕਲ ’ਤੇ ਸਰ ਕਰਕੇ ਮੈਂ ਅੱਬੋ ਦੇ ਪਿੰਡ ਜਾਇਆ ਕਰਦਾ ਸਾਂ। ਅਲਬੇਲੇ ਦਿਨਾਂ ਦੀ ਉਹ ਬਾ-ਕਮਾਲ ਫਿਤਰਤ ਸੀ ਕਿ ਜਦੋਂ ਵੀ ਕਦੇ ਸਕੂਲ ’ਚ ਤਿੰਨ ਚਾਰ ਛੁੱਟੀਆਂ ਇੱਕਠੀਆਂ ਆਉਂਦੀਆਂ ਤਾਂ ਅੱਬੋ ਦੇ ਪਿੰਡ ਜਾਣ ਦਾ ਨਸ਼ਾ ਰੂਹ ਤੋਂ ਸਾਂਭਿਆ ਨਾ ਜਾਣਾ। ਗਰਮੀਆਂ ਦੀਆਂ ਤਿੰਨ ਦਰਜਨ ਛੁੱਟੀਆਂ ਦਾ ਤਾਂ ਸਰੂਰ ਹੀ ਅਵੱਲਾ ਸੀ। ਜ਼ਿੰਦਗੀ ਦੇ ਅਤੀਤ ਦੀਆਂ ਤੈਹਾਂ ’ਚ ਦੱਬੇ ਉਹ ਰੰਗੀਨ ਦਿਨ ਮੈਨੂੰ ਕਦੇ ਨਾ ਭੁੱਲਦੇ, ਜਦੋਂ ਰਮਣੀਕ ਹਥੌਂਤ ਖਿੱਤੇ ਦੀਆਂ ਨੀਮ ਪਹਾੜੀਆਂ ਦੀ ਕੁੱਖੋਂ ਨਿਕਲਦੇ ਚਾਂਦੀ ਰੰਗੇ ਚਸ਼ਮਿਆਂ ’ਚ ਅਸੀਂ

ਲੰਮਾ-ਲੰਮਾ ਸਮਾਂ ਤੈਰਦੇ ਰਹਿੰਦੇ। ਕਿੰਨੇ ਖੂਬਸੂਰਤ ਸਨ ਉਹ ਝਰਨੇ ਜੋ ਪਹਾੜੀਆਂ ਦੀ ਕੁੱਖੋਂ ਨਿਕਲਦੇ ਅਤੇ ਓਸ ਚਰਨ ਗੰਗਾ ਨਦੀ 'ਚ ਜਾ ਅਭੇਦ ਹੋ ਜਾਂਦੇ, ਜੋ ਬਾਰਾਂ ਮਹੀਨੇ ਵਗਦੀ ਰਹਿੰਦੀ। ਚਰਨ ਗੰਗਾ ਦੂਰ ਹਿਮਾਲਿਆ ਦੀ ਕੁੱਖੋਂ ਜਨਮਦੀ ਤੇ ਹਥੌਤ ਅੰਦਰ ਦਾਖਲ ਹੋ ਕੇ ਐਸ.ਵਾਈ.ਐਲ ਤੇ ਭਾਖੜਾ ਨਹਿਰ ਨਾਲ ਕੁਝ ਵਿੱਥ ਨਾਲ-ਨਾਲ ਚੱਲਦੀ ਤੇ ਇਕ ਥਾਂ ਆ ਕੇ ਵਿੱਛੜ ਜਾਂਦੀ।

ਜਿਵੇਂ ਸੂਬੇ ਭਰ 'ਚ ਮਾਲਵਾ ਪੱਟੀ ਨਰਮੇ ਦੀ ਉਪਜ ਲਈ ਮਸ਼ਹੂਰ ਹੈ, ਇਸੇ ਤਰ੍ਹਾਂ ਹਥੌਤ ਉਦੋਂ ਦੇਸੀ ਮਾਹਾਂ ਦੀ ਪੈਦਾਵਾਰ ਲਈ ਨੰਬਰ ਇੱਕ 'ਤੇ ਸੀ। ਬਾਜ਼ਾਰੀ ਮਾਹਾਂ ਦੇ ਮੁਕਾਬਲੇ ਹਥੌਤ ਦੇ ਦੇਸੀ ਮਾਹਾਂ ਦੇ ਸੁਆਦੀ ਜਲਵੇ ਦਾ ਜਵਾਬ ਕੋਈ ਨਹੀਂ ਸੀ। ਮੈਂ ਜਦੋਂ ਵੀ ਉਥੇ ਜਾਂਦਾ ਤਾਂ ਮੇਰੀ ਚਾਹਤ ਪੂਰਤੀ ਲਈ ਅੱਬੋ ਹਾਂਡੀ ਭਰ ਮਾਹਾਂ ਦੀ ਦਾਲ ਰਿੰਨ੍ਹ ਲੈਂਦੀ, ਜੋ ਨਾ ਤਾਂ ਕਈ-ਕਈ ਦਿਨ ਮੁੱਕਦੀ ਤੇ ਨਾ ਹੀ ਖਾਧਿਆਂ ਰੂਹ ਭਰਦੀ। ਉਦੋਂ ਮੈਂ ਤੇ ਮੁੱਖੋ ਨਹਿਰ ਵਾਲੇ ਖੇਤਾਂ ਤੋਂ ਪੰਡਾਂ ਭਰ-ਭਰ ਮਾਂਹ ਵੱਢ ਕੇ ਲਿਆਉਂਦੇ ਤੇ ਘਰ ਆ ਕੇ ਝਾੜਦੇ। ਕੇਵਲ ਮਾਂਹ ਹੀ ਨਹੀਂ ਸਾਡੀ ਸਾਂਝੀ ਡਿਊਟੀ ਸੀ, ਨਹਿਰ ਵਾਲੇ ਖੇਤਾਂ 'ਚੋਂ ਕਦੇ ਨਰਮਾ ਤੋੜਨ, ਕਦੇ ਪਸ਼ੂਆਂ ਨੂੰ ਚਾਰਾ ਵੱਢਣ ਅਤੇ ਉਹ ਚੀਕਣੀ ਅਤੇ ਲਾਲ ਮਿੱਟੀ ਖੁਰਪਿਆਂ ਨਾਲ ਖੋਦ ਕੇ ਲਿਆਉਣ ਦੀ ਜਿਸ ਨਾਲ ਅੱਬੋ ਤੇ ਮੁੱਖੋ ਕੱਚੀਆਂ ਕੰਧਾਂ ਲਿੱਪਦੀਆਂ ਸਨ। ਪਿੰਡੋਂ ਕਈ ਮੀਲ ਦੂਰ ਘਰਾਟ ਵੀ ਸਨ, ਜਿੱਥੋਂ ਪਿਸਾ ਕੇ ਆਟਾ ਅਸੀਂ ਸਿਰਾਂ ਤੇ ਚੁੱਕ ਲਿਆਉਂਦੇ ਸਾਂ। ਪਹੁ ਫੁਟਾਲੇ ਦੇ ਨਾਲ ਘਰੋਂ ਨਿਕਲ, ਅਸੀਂ ਸੂਰਜ ਦੇ ਅਸਤ ਹੋਣ ਤੱਕ ਸਾਰਾ-ਸਾਰਾ ਦਿਨ ਨਹਿਰ ਵਾਲੇ ਖੇਤਾਂ ਵਿੱਚੋਂ ਮਾਂਹ ਵੱਢਦਿਆਂ ਤੇ ਕਪਾਹ ਚੁਗਦਿਆਂ ਬਿਤਾ ਦਿੰਦੇ। ਉਦੋਂ ਮੁੱਖੋ ਹਮੇਸ਼ਾਂ ਹੀ ਇੱਕੋ ਗੀਤ ਗੁਣਗੁਣਾਉਂਦੀ "ਜਦ ਪੈਣ ਕਪਾਹੀਂ ਫੁੱਲ ਵੇ, ਸਾਨੂੰ ਉਹ ਰੁੱਤ ਲੈ ਦਈਂ ਮੁੱਲ ਵੇ ਧਰਮੀ ਬਾਬਲਾ...।"

ਸਮੇਂ ਦੀ ਸਹਿਜ ਅਵਸਥਾ 'ਚ ਨਾ ਤਾਂ ਭੋਰਾ ਖਟਾਸ ਸੀ ਤੇ ਨਾ ਹੀ ਸਾਨੂੰ ਕੋਈ ਥਕੇਵਾਂ ਜਾਂ ਭੁੱਖ। ਮੁੱਖੋ ਹੁਰਾਂ ਦਾ ਗੁਰਬਤ ਗ੍ਰਸਤ ਪਰਿਵਾਰ ਆਰਥਿਕ ਪੱਖੋਂ ਕਮਜ਼ੋਰ ਪਰ ਰੂਹੋਂ ਅਮੀਰ ਸੀ। ਮੁੱਖੋ ਦੀ ਮਾਂ ਉਸ ਦੇ ਬਾਪੂ ਦੀ ਦਿਨ ਭਰ ਦੀ ਕਿਰਤ ਪਰਿਵਾਰਕ ਨਿਰਬਾਹ ਦੇ ਬਰਾਬਰ ਲਿਆਉਣ ਲਈ ਜ਼ਿਮੀਦਾਰਾਂ ਦੇ ਘਰ ਅੱਡ ਕਿਰਤ ਕਰਦੀ। ਸਾਲ ਭਰ ਦੀ ਮੁਸ਼ੱਕਤ ਹਾੜ੍ਹੀ-



ਸਾਉਣੀ ਕਦੇ ਕਣਕ ਤੇ ਕਦੇ ਮੱਕੀ ਬਣ ਸਾਲੀਂ-ਛਿਮਾਹੀ ਕੱਚੇ ਕੋਠੇ ਆ ਪੈਂਦੀ। ਅੱਬੋ ਦੇ ਖੇਤਾਂ ਦੇ ਮਾਂਹ ਉਹਨਾਂ ਦੇ ਘਰੋਂ ਕਦੇ ਨਾ ਮੁਕਦੇ। ਤਰਸਵਾਨ ਹੋਈ ਅੱਬੋ ਨੇ ਮੁੱਖੋ ਨੂੰ ਕੱਪੜੇ ਸਿਊਣ ਦੀ ਜੁਗਤ ਸਿਖਾ ਕੇ ਕਲਾ ਦੀ ਨਿਪੁੰਨ ਬਣਾਇਆ ਸੀ। ਅਸੀਂ ਉਸ ਨੂੰ ਕਪੜੇ ਸਿਊਣ ਲਈ ਇੱਕ ਮਸ਼ੀਨ ਵੀ ਲੈ ਕੇ ਦਿੱਤੀ ਸੀ। ਜਿਸ ਨੂੰ ਕਿਰਤੀ ਪਰਿਵਾਰ ਦੀ ਗੁਰਬਤ ਧੋਣ ਦਾ ਮੁੱਖੋ ਨੇ ਜ਼ਰੀਆ ਬਣਾਇਆ ਸੀ। ਉਹ ਕੋਟੀਆਂ ਤੇ ਸਵੈਟਰ ਬੁਣਨ ਦੀ ਮੁਹਾਰਤ ਮੰਦ ਸੀ ਤੇ ਉਸਨੇ ਅਨੇਕਾਂ ਰੀਝਾਂ ਗੁੰਦ ਕੇ ਇਕ ਸਵੈਟਰ ਖੁਦ ਬੁਣ ਕੇ ਮੈਨੂੰ ਵੀ ਦਿੱਤਾ ਸੀ। ਮੈਂ ਉਸ ਨੂੰ ਗੁਰਬਤ ਦੀ ਭੇਟਾ ਚੜ੍ਹੀ ਮੁੱਢਲੀ ਪੜ੍ਹਾਈ ਪ੍ਰਾਈਵੇਟ ਇਮਤਿਹਾਨ ਰਾਹੀਂ ਨੇਪਰੇ ਚਾੜ੍ਹਨ ਦੀ ਸਦਾ ਨਸੀਅਤ ਦਿੰਦਾ ਰਿਹਾ, ਪਰ ਉਹ ਮੁਨਕਰ ਹੁੰਦੀ ਰਹੀ। ਇਸ ਦੇ ਉਲਟ ਮੇਰੀ ਨੌਕਰੀ ਲਈ ਸਦਾ ਦੁਆਵਾਂ ਕਰਦੀ ਰਹੀ। ਉਸ ਦੀਆਂ ਇਬਾਦਤਾਂ ਨੂੰ ਬੂਰ ਪਿਆ ਤੇ ਮੈਂ ਇੰਡੀਅਨ ਆਰਮੀ 'ਚ ਭਰਤੀ ਹੋ ਗਿਆ। ਟ੍ਰੇਨਿੰਗ ਤੋਂ ਪਹਿਲਾਂ ਉਚੇਚੇ ਤੌਰ ਤੇ ਮੁੱਖੋ ਦਾ ਸੱਦਿਆ ਅੱਬੋ ਦੇ ਪਿੰਡ ਗਿਆ, ਉੱਥੇ ਉਸ ਨੇ ਮੇਰੀ ਨੌਕਰੀ ਲਈ ਸ਼ਹੀਦਾਂ ਦੇ ਸਥਾਨ ਤੇ ਅਰਦਾਸ ਕੀਤੀ ਸੀ। ਉਸ ਨੇ ਹਜ਼ਾਰਾਂ ਰੀਝਾਂ ਤੇ ਚਾਵਾਂ ਨਾਲ ਦੇਗ ਬਣਾਈ ਤੇ ਅਸੀਂ ਇਕੱਠਿਆਂ ਗੁਰੂ ਦਾ ਸ਼ੁਕਰਾਨਾ ਕੀਤਾ। ਮੁੱਖੋ ਨੇ ਮੇਰੇ ਭਵਿੱਖ ਦੀ ਸਲਾਮਤੀ ਲਈ ਦੁਆਵਾਂ ਕੀਤੀਆਂ। ਉਸ ਰਾਤ ਉਸ ਨੇ ਹਜ਼ਾਰਾਂ ਰੀਝਾਂ ਨਾਲ ਦੇਸੀ ਮਾਹਾਂ ਦੀ ਦਾਲ ਬਣਾਈ ਅਤੇ ਅਸੀਂ ਇਕੱਠਿਆਂ ਰੋਟੀ ਖਾਧੀ। ਦੇਰ ਰਾਤ ਤੱਕ ਅਸੀਂ ਗੱਲਾਂ ਕਰਦੇ ਰਹੇ।

"ਤੂੰ ਦੂਰ ਦੀ ਡਿਊਟੀ ਚੱਲਿਐਂ ਮਨਜੀਤ! ਵੇਖੀਂ ਮੇਰੇ ਹੱਥਾਂ ਦੀ ਦਾਲ ਦਾ ਸੁਆਦ ਹੀ ਨਾ ਭੁੱਲ ਬੈਠੀਂ।"

ਉਸ ਨੇ ਮੈਨੂੰ ਟਕੋਰ ਕੀਤੀ ਤਾਂ ਮੈਂ ਕਿਹਾ, " ਤੂੰ ਸੁਆਦ ਭੁੱਲਣ ਦੀ ਗੱਲ ਕਰ ਰਹੀ ਐਂ, ਤੇਰੀ ਦਾਲ ਜਿਹਾ ਸੁਆਦ ਤਾਂ ਦੁਨੀਆਂ 'ਚ ਨਹੀਓਂ ਲੱਭਣਾ।"

" ਤੂੰ ਕੱਲ੍ਹ ਚਲਾ ਜਾਏਂਗਾ ?"

"ਹਾਂ ਮੁੱਖੋ, ਪਹੁ ਫੁੱਟਦਿਆਂ ਹੀ ਨਿਕਲਣਾ ਮੇਰੀ ਮਜਬੂਰੀ ਐ।"

"ਲੱਗਦਾ ਹੁਣ ਅਸੀਂ ਲੰਮੇ ਵਿਛੋੜੇ ਦੀ ਉਡੀਕ ਪਿੱਛੋਂ ਮਿਲਾਂਗੇ।"

ਕਹਿੰਦਿਆਂ ਮੁੱਖੋ ਦਾ ਗੱਚ ਭਰ ਆਇਆ। ਮੈਂ ਵੀ ਹਉਕਾ ਜਿਹਾ ਭਰ ਕੇ ਰਹਿ ਗਿਆ। ਕੋਈ ਖੌਫ ਸਾਨੂੰ ਦੋਵਾਂ ਨੂੰ ਅੰਦਰੋਂ ਅੰਦਰ ਭੋਰ ਰਿਹਾ ਸੀ।

"ਬਸਰੇ ਦੀ ਲਾਮ ਟੁੱਟ ਜੇ, ਮੈਂ ਰੰਡੀਓ ਸੁਹਾਗਣ ਹੋਵਾਂ। ਅੱਜ ਪਤਾ ਲੱਗਿਐ ਡਿਊਟੀ ਤੇ ਗਏ ਫ਼ੌਜੀਆਂ ਦੀਆਂ ਨਾਰਾਂ ਇਹ ਗੀਤ ਕਿਉਂ ਗਾਉਂਦੀਆਂ ਨੇ।" ਮੁੱਖੋ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ ਰਹੀ।

ਛੇਤੀ ਹੀ ਆਜ਼ਾਦ ਫ਼ਿਜ਼ਾਵਾਂ 'ਚ ਉਡਾਰੀਆਂ ਭਰਦੀ ਜ਼ਿੰਦਗੀ ਦੇ ਖੰਭ ਸਰਕਾਰੀ ਡਿਊਟੀ ਨੇ ਕੁਤਰ ਦਿੱਤੇ। ਸਮੇਂ ਨੇ ਜ਼ਿੰਦਗੀ ਦੇ ਵਹਿਣ ਦਾ ਮੁੱਢੋਂ ਨੱਕਾ ਵੱਢ ਦਿੱਤਾ। ਜ਼ਿੰਦਗੀ ਤਮਾਮ ਯਾਦਾਂ ਨੂੰ ਤਹਿਆਂ ਹੇਠ ਦੱਬ ਕੇ ਆਪਣੀ ਚਾਲੇ ਤੁਰ ਰਹੀ ਸੀ। ਡਿਊਟੀ ਦੌਰਾਨ ਇੱਕ ਦਿਨ ਮੁੱਖੋ ਦੇ ਵਿਆਹ ਦੀ ਮਿਲੀ ਖ਼ਬਰ ਨੇ ਜ਼ਿਹਨ 'ਚ ਸੁੱਤੀਆਂ ਅਣਗਿਣਤ ਯਾਦਾਂ ਨੂੰ ਅੱਲੇ ਜ਼ਖ਼ਮਾਂ ਵਾਂਗੂ ਰਿਸਣ ਲਾ ਦਿੱਤਾ। ਪੂਰੇ ਵਰ੍ਹੇ ਬਾਅਦ ਜਦੋਂ ਮੈਂ ਲੰਮੀ ਛੁੱਟੀ ਕੱਟਣ ਪਿੰਡ ਆਇਆ ਤਾਂ ਇਕ ਸ਼ਾਮ ਤੀਜ ਦੀਆਂ ਤੀਆਂ ਦੌਰਾਨ ਮੈਂ ਇਹ ਰੀਝ ਜ਼ਿਹਨ 'ਚ ਲੈ ਕੇ ਅੱਬੋ ਦੇ ਪਿੰਡ ਨੂੰ ਤੁਰ ਪਿਆ ਕਿ ਇਸ ਦਿਨ ਦੀ ਨਿਸ਼ਚਿਤ ਹੀ ਮੁੱਖੋ ਪੇਕੇ ਪਿੰਡ ਆਈ ਹੋਣੀ ਐਂ। ਮੈਂ ਸਮੁੱਚੀ ਵਾਟ ਤਸੱਵਰ 'ਚ ਉਸਦਾ ਸੂਹੇ ਸਾਲੂ ਹੇਠ ਕੱਜਿਆ ਸੱਜ ਵਿਆਹਿਆ ਚਿਹਰਾ ਨਿਹਾਰਦਾ ਦਿਨ ਦੇ ਢਲਦੇ ਵਹਾਅ ਨਾਲ ਅੱਬੋ ਦੇ ਪਿੰਡ ਜਾ ਪੁੱਜਿਆ।

ਰਸਮੀ ਗੱਲਬਾਤ ਹੋਈ। ਉਪਰੰਤ ਮੈਂ ਅੱਬੋ ਨੂੰ ਪੁੱਛਿਆ, "ਮੁੱਖੋ ਆਈ ਐ ਅੱਬੋ ?" ਪਰ ਅੱਬੋ ਮੇਰੇ ਸਵਾਲ ਦਾ ਜਵਾਬ ਦੇਣ ਦੀ ਥਾਂ ਖਾਮੋਸ਼ ਜਿਹੀ ਹੋ ਗਈ। ਮੇਰੀ ਉਤਸੁਕਤਾ ਹੋਰ ਵੱਧ ਗਈ। "ਤੂੰ ਮੇਰੀ ਗੱਲ ਦਾ ਜਵਾਬ ਵੀ ਨਹੀਂ ਦਿੱਤਾ ਅੱਬੋ ?" ਮੈਂ ਕਿਹਾ।

"ਕੀ ਜੁਆਬ ਦਿਆਂ ਪੁੱਤਰਾ! ਮੁੱਖੋ ਆਈ ਨਹੀਂ, ਚਲੀ ਗਈ ਹੈ, ਸਾਨੂੰ ਸਭ ਨੂੰ ਛੱਡ ਕੇ ਤੇ ਸਾਰੀ ਦੁਨੀਆਂ ਛੱਡ ਕੇ।"

ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਬੇਸੁਰਤ ਹੋਇਆ ਮੈਂ ਮੰਜੇ ਤੇ ਡਿੱਗ ਪਿਆ, ਕਿਸੇ ਕੱਟੇ ਰੁਖ ਦੀ ਟਾਹਣੀ ਵਾਂਗ।

"ਉਹ ਹੁਣ ਤੱਕ ਤਾਂ ਮੇਰੇ ਖ਼ਿਆਲਾਂ 'ਚ ਸੀ ਸੂਹਾ ਸੂਟ, ਸੂਹਾ ਸੰਧੂਰ ਅਤੇ ਸ਼ਗਨਾਂ ਦੇ ਸਾਲੂ ਹੇਠ ਕੱਜੀ!"

"ਜਜ਼ਬਾਤੀ ਕਿਉਂ ਹੁੰਨੈਂ ਪੁੱਤਰਾ ? ਨਾ ਤਾਂ ਸਾਰੇ ਖਿਆਲ ਸੱਚ ਹੁੰਦੇ ਨੇ ਤੇ ਨਾ ਹੀ ਮੌਤ ਦੀ ਖ਼ਬਰ ਝੂਠ! ਵਿਹੁ ਮਾਤਾ ਨੇ ਤੇਰੀ ਤਕਦੀਰ 'ਚ ਨਾ ਤਾਂ ਮੁਖੋ ਦੇ ਸ਼ਗਨ ਵੇਖਣੇ ਲਿਖੇ ਸਨ ਤੇ ਨਾ ਜਨਾਜ਼ੇ ਦਾ ਮਾਤਮ। ਤੂੰ ਉਹਦੇ ਵਿਆਹ ਤੇ ਨਹੀਂ ਆਇਆ, ਉਹ ਤਾਂ ਤੇਰੇ ਹਿੱਸੇ ਦੇ ਸ਼ਿਕਵਿਆਂ ਦੀ ਗੰਢ ਆਪ ਹੀ ਨਾਲ ਹੀ ਲੈ ਗਈ।"



ਅੱਬੋ ਨੇ ਗੱਲ ਸਿਰੇ ਲਾ ਦਿੱਤੀ। ਮੈਂ ਰੁਦਨ ਕਰਦਾ ਰਿਹਾ। ਅੱਬੋ ਦੇ ਹੌਸਲੇ ਨਾਲ ਮਸਾਂ ਉੱਠਿਆ ਤੇ ਰਾਤ ਦੇ ਸੰਘਣੇ ਹੋ ਰਹੇ ਪਸਾਰ ਅਤੇ ਹਨੇਰੇ ਦੇ ਆਲਮ 'ਚ ਮੁੱਖੋ ਹੋਰਾਂ ਦੇ ਘਰ ਵੱਲ ਹੋ ਤੁਰਿਆ। ਕਚੀ ਮਮਟੀ 'ਤੇ ਦੀਵਾ ਜਗ ਰਿਹਾ ਸੀ। ਇਸੇ ਦੀਵੇ ਦੀ ਲੋਅ ਵਿੱਚ ਕਦੇ ਮੁੱਖੋ ਕਸੀਦੇ ਕਢਦੀ ਹੁੰਦੀ ਸੀ ਜਾਂ ਫਿਰ ਸਵੈਟਰ ਆਦਿ ਬੁਣਦੀ ਹੁੰਦੀ ਸੀ। ਅੱਜ ਦੀਵਾ ਉਦਾਸ ਸੀ, ਉਸ ਆਟੇ ਦੇ ਦੀਵੇ ਵਾਂਗ ਜੋ ਨਿਰਜਿੰਦ ਲੋਥਾਂ ਦੇ ਸਿਰਹਾਣੇ ਜਗਦਾ ਹੈ। ਜਗਦੇ ਦੀਵੇ ਦਾ ਚਾਨਣ ਪਰਿਵਾਰ ਦੇ ਨੈਣਾਂ 'ਚ ਚਮਕਦੇ ਹੰਝੂਆਂ ਦੀ ਇਬਾਰਤ ਬਿਆਨ ਕਰ ਰਿਹਾ ਸੀ।

"ਬਾਪੂ! ਮੁੱਖੋ ਉਸੇ ਕਪਾਹੀ ਫੁੱਲਾਂ ਦੀ ਖਿੜੀ ਰੁੱਤੇ ਹੀ ਤੋਰ ਦਿੱਤੀ, ਜਿਹੜੀ ਰੁੱਤ ਮੁਲ ਖ਼ਰੀਦਣ ਲਈ ਉਹ ਬਾਬਲ ਅੱਗੇ ਅਰਜ਼ੋਈਆਂ ਕਰਦੀ ਸੀ ?" ਮੈਂ ਬਾਪੂ ਦੇ ਗਲ ਲੱਗ ਭੁੱਬੀਂ ਰੋਇਆ।

"ਪੁੱਤਾ ਘਰ ਦੀ ਗ਼ਰੀਬੀ ਨੇ ਭਰ ਉਮਰ ਕੰਡ ਸਿੱਧੀ ਨਹੀਂ ਹੋਣ ਦਿੱਤੀ ਪਰ ਪੁੱਤਾਂ ਜਿਹੀ ਧੀ ਦੇ ਸਹਾਰੇ ਕਦੇ ਪ੍ਰਵਾਨ ਨਹੀਂ ਮਾਰੀ। ਅੱਜ ਉਸਦਾ ਇਕਲੌਤੇ ਪੁੱਤ ਤੋਂ ਬੁਰਾ ਵਿਛੋੜਾ ਮੇਰਾ ਲੱਕ ਤੋੜ ਗਿਆ ਐ।"

ਉਹ ਪੱਗ ਦੇ ਲੜ ਨਾਲ ਹੰਝੂ ਪੂੰਝ ਰਿਹਾ ਸੀ। ਮਾਂ ਅੱਡ ਰੁਦਨ ਕਰ ਰਹੀ ਸੀ।

"ਮੈਂ ਤਾਂ ਮੁੱਖੋ ਨੂੰ ਕਦੇ ਝੂਠੀ-ਮੂਠੀ ਵੀ ਮਰਜਾਣੀ ਨਹੀਂ ਸੀ ਕਿਹਾ, ਪਰ ਰੱਬ ਜਾਣੇ ਕਿਉਂ.... ?"

ਮੁੱਖੋ ਦੀ ਛੋਟੀ ਭੈਣ ਨਿੰਮੋ ਉਸ ਤੋਂ ਸਾਲ ਕੁ ਭਰ ਹੀ ਛੋਟੀ ਸੀ ਤੇ ਸਭ ਤੋਂ ਛੋਟਾ ਸੀ ਗੁਰਜੰਟ। ਉਹ ਵਾਰੋ-ਵਾਰ ਮੇਰੇ ਗਲ਼ ਲੱਗ ਰੋਂਦੇ ਰਹੇ ਤੇ ਮੈਂ ਉਹਨਾਂ ਨੂੰ ਧੀਰਜ ਧਰਾਉਂਦਾ ਰਿਹਾ।

ਵਕਤ ਸਭ ਨੂੰ ਜ਼ਖ਼ਮੀ ਕਰ ਕੇ ਤੁਰ ਗਿਆ। ਇਹ ਕਿਹੋ ਜਿਹਾ ਅਨੋਖਾ ਇਤਫਾਕ ਸੀ ਕਿ ਮੱਖੋ ਨੇ ਇੱਕ ਨੰਨ੍ਹੀ ਬੱਚੀ ਨੂੰ ਜਨਮ ਦਿੱਤਾ ਪਰ ਖ਼ੁਦ ਮੌਤ ਦੇ ਆਗੋਸ਼ 'ਚ ਜਾ ਸੌਂ ਗਈ। ਕੁਝ ਲੋਕ ਇਸਦਾ ਦੋਸ਼ ਡਾਕਟਰਾਂ ਦੀ ਮੰਦੀ ਕਾਰਗੁਜ਼ਾਰੀ ਸਿਰ ਮੜ੍ਹਦੇ ਰਹੇ ਤੇ ਕੁਝ ਮੰਦੇ ਮੁਕੱਦਰਾਂ ਸਿਰ। ਨਵਜੰਮੀ ਬੱਚੀ ਨੂੰ ਪਲ-ਪਲ ਮਾਂ ਦੀ ਲੋੜ ਸੀ। ਸਮੇਂ ਨੇ ਇਤਫਾਕਨ ਇੱਥੇ ਵੀ ਅਜੀਬ ਮੁਅੱਜ਼ਜ਼ਾ ਵਿਖਾਇਆ ਅਤੇ ਮਾਪਿਆਂ ਨੇ ਉਸ ਮਲੂਕ ਜਿੰਦ ਦੇ ਪਾਲਣ ਪੋਸ਼ਣ ਵਸ ਮੁਖੋ ਦੀ ਥਾਂ ਨਿੰਮੋ ਨੂੰ ਚਾਰ ਲਾਵਾਂ ਦੇ ਕੇ ਉਸ ਦੇ ਪਤੀ ਦੇ ਲੜ ਲਾ

ਕੇ ਤੋਰ ਦਿੱਤਾ। ਇੱਕ ਫਿਲਮ ਜਿਹਾ ਅਭੁੱਲ ਘਟਨਾਕ੍ਰਮ ਮੇਰੇ ਜ਼ਿਹਨ 'ਚ ਨਸੂਰ ਬਣ ਰਿਸਦਾ ਰਿਹਾ। ਇਸਦੀ ਪੀੜ ਨੂੰ ਸਮੇਟਣ ਦੀਆਂ ਮੈਂ ਲੱਖ ਕੋਸ਼ਿਸ਼ ਕੀਤੀਆਂ ਪਰ ਮੈਂ ਜਿੰਨਾ ਕੁ ਸਮੇਟਣ ਦੀ ਕੋਸ਼ਿਸ਼ ਕੀਤੀ ਉਸ ਵਿਚ ਓਨਾ ਹੀ ਇਜ਼ਾਫਾ ਹੁੰਦਾ ਗਿਆ।

ਇਸ ਦੇ ਬਾਵਜੂਦ ਮੈਂ ਅੱਬੋ ਦੇ ਪਿੰਡ ਦਾ ਮੋਹ ਨਹੀਂ ਛੱਡਿਆ । ਇਕ ਸ਼ਾਮ ਅੱਬੋ ਦੇ ਘਰੋਂ ਵਿਲਕਦੀਆਂ ਰਿਸਦੀਆਂ ਯਾਦਾਂ ਨੂੰ ਧੀਰਜ ਦੀ ਗੰਢ ਮਾਰਨ ਲਈ ਮੈਂ ਮੁੱਖੋ ਹੋਰਾਂ ਦੇ ਘਰ ਵੱਲ ਹੋ ਤੁਰਿਆ। ਸਮੇਂ ਨਾਲ ਬੜਾ ਕੁਝ ਕਰਵਟ ਲੈ ਚੁੱਕਾ ਸੀ। ਮਿੱਟੀ ਦੀਆਂ ਕੱਚੀਆਂ ਕੰਧਾਂ ਵਾਲੇ ਢਾਰਿਆਂ ਦੀ ਥਾਂ ਪੱਕੀਆਂ ਕੋਠੀਆਂ ਬਣ ਚੁੱਕੀਆਂ ਸਨ। ਜਿੱਥੇ ਕਦੇ ਪੱਕੀ ਛੱਤ ਵਾਲਾ ਮਕਾਨ ਭਾਲਿਆਂ ਨਹੀਂ ਸੀ ਲੱਭਦਾ, ਉੱਥੇ ਕੱਖਾਂ ਦੀਆਂ ਕੁੱਲੀਆਂ ਦਾ ਸਿਰਨਾਵਾਂ ਮਿਟ ਚੁੱਕਾ ਸੀ। ਜਿਨ੍ਹਾਂ ਕੱਚੇ ਰਾਹਾਂ ਤੇ ਅਸੀਂ ਅਠਖੇਲੀਆਂ ਕਰਦੇ ਹੁੰਦੇ ਸਾਂ, ਉਹ ਰਾਹ ਵੀ ਇੰਟਰਲਾਕ ਟਾਈਲਾਂ ਨੇ ਖੂਬਸੂਰਤ ਬਣਾ ਦਿੱਤੇ ਸਨ। ਪਿੰਡ ਦੇ ਐਨ ਵਿਚਕਾਰ ਇੱਕ ਵੱਡਾ ਖੂਹ ਹੁੰਦਾ ਸੀ, ਜਿੱਥੇ ਕੁੜੀਆਂ ਤੇ ਔਰਤਾਂ ਪਾਣੀ ਭਰਦੀਆਂ ਹੁੰਦੀਆਂ ਸਨ ਤੇ ਲਾਗਲੀ ਫਰਸ਼ ਨੁਮਾ ਥਾਂ ਤੇ ਕੱਪੜੇ ਧੋਂਦੀਆਂ ਸਨ, ਪਰ ਅੱਜ ਵੀਰਾਨ ਪਈ ਥਾਂ ਤੇ ਪਰਿੰਦਾ ਵੀ ਪਰ ਨਹੀਂ ਸੀ ਮਾਰ ਰਿਹਾ। ਮੁੱਖੋ ਦੇ ਘਰ ਤੋਂ ਥੋੜ੍ਹੀ ਕੁ ਵਿੱਥ ਦੀ ਦੂਰੀ ਤੇ ਅੰਬਾਂ ਦਾ ਇਕ ਬਾਗ਼ ਸੀ, ਜਿੱਥੇ ਕੁੜੀਆਂ ਚਰਖੇ ਕੱਤਦੀਆਂ ਤੇ ਕਸੀਦੇ ਕੱਢਦੀਆਂ ਸਨ। ਉਹ ਬਾਗ ਵੀ ਅੱਜ ਵੀਰਾਨ ਹੋ ਚੁੱਕਾ ਸੀ। ਮੁੱਖੋ ਹੋਰਾਂ ਦਾ ਘਰ ਵੀ ਵਕਤ ਦੇ ਆਧੁਨਿਕ ਰੰਗ 'ਚ ਰੰਗਿਆ ਗਿਆ ਸੀ। ਗੁਰਜੰਟ ਨੂੰ ਮਿਲੀ ਨੌਕਰੀ ਨਾਲ ਧੋਤੀ ਗਈ ਘਰ ਦੀ ਗੁਰਬਤ ਪ੍ਰਤੀ ਮੈਂ ਖੁਸ਼ ਵੀ ਸਾਂ ਪਰ ਦਹਿਲੀਜ਼ ਲੰਘਦਿਆਂ ਹੀ ਮੁੱਖੋ ਦੀ ਯਾਦ 'ਚ ਉੱਠਦੀਆਂ ਪੀੜਾਂ ਇਸ ਖੁਸ਼ੀ ਨੂੰ ਰੂਹ ਦੇ ਨੇੜੇ ਵੀ ਨਾ ਫਟਕਣ ਦਿੰਦੀਆਂ। ਅੱਜ ਮੈਂ ਜਿਉਂ ਹੀ ਅੰਦਰ ਲੰਘਿਆ ਤਾਂ ਉਹ ਪੁਰਾਣੀ ਖ਼ਮੀਰ ਨਾ ਮਿਲੀ। ਸਾਹਮਣੇ ਇਕ ਮੁਟਿਆਰ ਕੁੜੀ ਪਲੰਘ ਤੇ ਬੈਠੀ ਸਮਾਰਟਫੋਨ ਤੇ ਮਸ਼ਰੂਫ ਸੀ। ਸ਼ਾਇਦ ਉਹ ਫੇਸਬੁੱਕ ਚਲਾ ਰਹੀ ਸੀ। ਉਸ ਨੇ ਮੈਨੂੰ ਵੇਖ ਕੇ ਮਾਮੂਲੀ ਸਿਰ ਝੁਕਾ ਕੇ ਬੁਲਾਇਆ ਅਤੇ ਮੁੜ ਆਪਣੇ ਧਿਆਨ 'ਚ ਖੁੱਭ ਗਈ। ਮੈਨੂੰ ਤੌਖ਼ਲਾ ਜਿਹਾ ਪਿਆ ਜਿਵੇਂ ਵਰ੍ਹਿਆਂ ਬਾਅਦ ਮੁੱਖੋ ਮੁੜ ਆਈ ਹੋਵੇ। ਉਹੀ ਸੂਰਤ-ਸੀਰਤ ਤੇ ਉਹੀ ਨੈਣ ਨਕਸ਼। ਮੈਂ ਲੰਮਾ ਸਮਾਂ ਸਕੂਨ ਭਰੀਆਂ ਨਜ਼ਰਾਂ ਉਸ ਕੁੜੀ ਵੱਲ ਵੇਖਦਾ ਰਿਹਾ। ਮੇਰੀ ਸਨਸਨੀ ਤਕ ਕੇ ਬੇਬੇ ਬੋਲੀ, "ਐਵੇਂ



ਹੈਰਾਨ ਨਾ ਹੋ ਮਨਜੀਤ। ਇਹ ਮੁੱਖੋ ਦੀ ਉਹੀ ਕੁੜੀ ਐ ਜਿਹਨੂੰ ਜੰਮਦਿਆਂ ਛੱਡ ਉਹ ਆਪ ਚਲੀ ਗਈ ਸੀ। ਵੇਖ ਲੈ ਜਮ੍ਹਾਂ ਈ ਉਹਦੇ ਤੇ ਗਈ ਐ।"

"ਬੇਟਾ ਕੀ ਕਰਦੀ ਐਂ ਤੂੰ ?"

"ਬੀ ਐੱਸ ਸੀ ਅੰਕਲ", ਪਰ ਉਸਦਾ ਧਿਆਨ ਉਕਤ ਮੋਬਾਇਲ 'ਚ ਹੀ ਰਿਹਾ। ਮੈਂ ਲੰਮਾ ਸਮਾਂ ਉਸ ਤੋਂ ਉਸ ਦੀ ਪੜ੍ਹਾਈ ਬਾਰੇ ਤੇ ਹੋਰ ਸਵਾਲ ਪੁਛਦਾ ਰਿਹਾ ਪਰ ਉਹ ਰਸਮੀ ਜੁਆਬਦੇਹੀ ਤੋਂ ਬਿਨਾਂ ਸਤੁੰਸ਼ਟੀਜਨਕ ਸੰਵਾਦ ਨਾ ਕਰ ਸਕੀ।

"ਝੱਲੀਏ ਸੀਰਤ ਸੂਰਤ ਤਾਂ ਮੁੱਖੋ ਵਾਲੀ ਲੈ ਕੇ ਆਈ ਐਂ ਪਰ ਉਹਦੀ ਹੰਸੂ-ਹਸੂੰ ਕਰਦੀ ਫੁੱਲਾਂ ਵਾਂਗ ਖਿੜੀ ਫਿਤਰਤ ਕਿੱਥੇ ਐ ? ਕਿੱਥੇ ਐ ਉਹਦੇ ਵੰਗਾਂ ਵਾਂਗ ਛਣਕਦੇ ਹਾਸੇ, ਜਿਹਨਾਂ ਨੂੰ ਸੁਣ ਕੇ ਇਸ ਕੱਚੇ ਘਰ ਦੀਅ ਕੰਧਾਂ ਵੀ ਝੂਮਣ ਲੱਗ ਜਾਂਦੀਆਂ ਸਨ।"

ਕੁੜੀ ਨੇ ਜਵਾਬ ਦੇਣਾ ਮੁਨਾਸਿਬ ਨਾ ਸਮਝਿਆ ਜਦ ਕਿ ਮੈਂ ਉਸ ਨਾਲ ਲੰਮਾ ਸਮਾਂ ਗੱਲਾਂ ਕਰਨੀਆਂ ਚਾਹੁੰਦਾ ਸਾਂ।

"ਕਸੂਰ ਤੇਰਾ ਕੋਈ ਨੀ ਬੀਬਾ, ਮੋਬਾਇਲ ਨੇ ਇਨਸਾਨ ਦੀ ਖੁਸ਼ਮਿਜਾਜ ਜ਼ਿੰਦਗੀ ਹੀ ਖਾ ਲਈ ਐ।" ਕਹਿ ਕੇ ਮੈਂ ਬਾਹਰ ਆ ਗਿਆ। ਰੂਹ ਜ਼ਖਮੀ ਸੀ। ਮੈਂ ਮੁੱਖੋ ਦੇ ਘਰੋਂ ਨਿਕਲ ਸਿੱਧਾ ਹੀ ਚਰਨ ਗੰਗਾ ਨਦੀ ਵਲ ਹੋ ਤੁਰਿਆ ਅਤੇ ਲੰਮਾ ਸਮਾਂ ਤਲਾਸ਼ਦਾ ਰਿਹਾ, ਕੱਕੇ ਕੱਕੇ ਰੇਤੇ ਤੇ ਪਏ ਆਪਣੀਆਂ ਸਾਂਝੀਆਂ ਪੈੜਾਂ ਦੇ ਨਿਸ਼ਾਨ। ਵਕਤ ਦੀ ਹਨ੍ਹੇਰੀ ਨੇ ਇੱਥੇ ਵੀ ਸਭ ਕੁਝ ਨੇਸਤੋ-ਨਾਬੂਦ ਕਰ ਦਿੱਤਾ ਸੀ। ਹੁਣ ਉੱਥੇ ਪਰਬਤਾਂ 'ਚੋਂ ਨਿਕਲਣ ਵਾਲੇ ਚਾਂਦੀ ਰੰਗੇ ਚਸ਼ਮੇ ਤਾਂ ਕੀ ਉਨ੍ਹਾਂ ਦਾ ਨਾਮੋ ਨਿਸ਼ਾਨ ਤੱਕ ਨਹੀਂ ਸੀ। ਚਰਨ ਗੰਗਾ ਦੇ ਪਾਣੀਆਂ ਦੇ ਵਹਾਅ 'ਚ ਉਹ ਨਖਰਾ ਤੇ ਮੜ੍ਹਕ ਤਾਂ ਕਿੱਥੋਂ ਲੱਭਣੀ ਸੀ। ਪਰ ਸੁੰਗੜ ਕੇ ਬਰਸਾਤੀ ਖੱਡ ਵਰਗੀ ਹੋਈ ਨਦੀ ਦਾ ਪਾਣੀ ਫੈਕਟਰੀਆਂ ਦੇ ਦੂਸ਼ਿਤ ਤੇ ਮਿਲਾਵਟੀ ਪਾਣੀ ਨੇ ਸੀਰੇ ਵਰਗਾ ਕਰ ਦਿੱਤਾ ਸੀ। ਮੈਂ ਸਹਿਜੇ ਹੀ ਉਸ ਪਾਣੀ ਨੂੰ ਪਾਰ ਕਰ ਕੇ ਉਨ੍ਹਾਂ ਖੇਤਾਂ 'ਚ ਪੁੱਜ ਗਿਆ, ਜਿੱਥੇ ਅਸੀਂ ਕਦੇ ਮਾਂਹ ਕੱਢਦੇ ਤੇ ਨਰਮਾ ਚੁਗਦੇ ਹੁੰਦੇ ਸਾਂ। ਅੱਜ ਉਨ੍ਹਾਂ ਖੇਤਾਂ 'ਚ ਉਨ੍ਹਾਂ ਟੱਪਰੀਵਾਸ ਪਰਵਾਸੀ ਕਬੀਲਿਆਂ ਦੇ ਰੈਣ ਬਸੇਰੇ ਸਨ, ਜੋ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕਰਕੇ ਸਬਜ਼ੀਆਂ ਦੀ ਕਾਸ਼ਤ ਕਰਦੇ ਸਨ। ਪੈਸੇ ਦੀ ਲਾਲਸਾ 'ਚ ਮੋਹ ਮੱਤੇ ਮਿਠਾਸ ਭਰੇ ਮਾਂਹਾਂ ਦੀ ਉਪਜ ਪਸਤ

ਕਰਕੇ ਵਪਾਰਕ ਬਣਾਈ ਜਰਖੇਜ਼ ਮਿੱਟੀ ਦੀ ਇੱਕ ਲੱਪ ਨੂੰ ਮੈਂ ਸੀਨੇ ਲਾ ਕੇ ਰੂਹ ਭਰ-ਭਰ ਰੋਇਆ। ਬੇਬਸ ਹੋਈ ਮੁਹੱਬਤ ਮੱਤੀ ਮਿੱਟੀ ਬੇਵਫਾ ਇਨਸਾਨੀਅਤ ਨੂੰ ਲਾਹਨਤਾਂ ਪਾਉਂਦੀ ਰਹੀ। ਉਹ ਧਰਤੀ ਤੇ ਰੂਹ ਨੂੰ ਲੋਰੀਆਂ ਦੇਣ ਵਾਲੀਆਂ ਫਸਲਾਂ ਕਿਧਰੇ ਨਾ ਦਿਸੀਆਂ।

ਲੰਮਾ ਸਮਾਂ ਅਤੀਤ ਦੀਆਂ ਹੁਸੀਨ ਯਾਦਾਂ ਤੇ ਸੂਲਾਂ ਵਿੰਨ੍ਹੇ ਵਰਤਮਾਨ ਦਾ ਲੇਖਾ ਜੋਖਾ ਕਰਦਿਆਂ ਅੰਤ ਮੈਂ ਪਿੰਡ ਵੱਲ ਨੂੰ ਮੁੜ ਪਿਆ। ਰਸਤੇ 'ਚ ਸੁਭਾਵਕ ਮਿਲੇ ਇਕ ਬਜ਼ੁਰਗ ਤੋਂ ਮੈਂ ਅਲੋਪ ਹੋ ਰਹੀ ਮਾਂਹਾਂ ਦੀ ਕਾਸ਼ਤ ਬਾਰੇ ਪੁੱਛਿਆ। ਉਸ ਦਾ ਜਵਾਬ ਸੀ, "ਪੁੱਤਰਾ, ਹਥੌਤ ਦੀ ਧਰਤੀ ਤੇ ਹੁਣ ਕੋਈ ਮਾਂਹਾਂ ਦੀ ਕਾਸ਼ਤ ਨਹੀਂ ਕਰਦਾ। ਜੇ ਕੋਈ ਕਿਸਾਨ ਭੁੱਲ ਭੁਲੇਖੇ ਕਰੇ ਵੀ ਤਾਂ ਹੁਣ ਇਸ ਜ਼ਮੀਨ 'ਚ ਮਾਂਹਾਂ ਦੀ ਪੈਦਾਵਾਰ ਨਹੀਂ ਹੁੰਦੀ। ਹੱਥ ਦੀ ਹਥੇਲੀ ਜਿਹਾ ਖਿੱਤਾ ਹਥੌਤ ਜਿਹਦੀਆਂ ਚੜ੍ਹਦੀਆਂ ਲਹਿਦੀਆਂ ਕੂਟਾਂ ਸ਼ਿਵਾਲਿਕ ਦੇ ਪਰਬਤਾਂ ਨਾਲ਼ ਅੰਬਰਾਂ ਨੂੰ ਚੁੰਮਦੀਆਂ ਨੇ ਤੇ ਇਹਦਾ ਵਿਚਕਾਰਲਾ ਹਿੱਸਾ ਹਥੇਲੀ ਵਾਂਗੂੰ ਸਮਤਲ ਐ, ਜਿਹਦੇ ਤੇ ਇਨਸਾਨ ਦੇ ਮੁਕੱਦਰਾਂ ਦੀਆਂ ਲਕੀਰਾਂ ਵਾਂਗੂੰ ਨਹਿਰਾਂ, ਦਰਿਆ ਤੇ ਪਾਣੀ ਵਹਿੰਦੇ ਨੇ, ਸੁਆਰਥੀ ਇਨਸਾਨ ਨੇ ਦਰਿਆਵਾਂ ਦਾ ਸੀਨਾ ਚੀਰ ਕੇ ਆਪਣੇ ਮੁਕੱਦਰ ਖ਼ੁਦ ਵਿਗਾੜ ਲਏ ਨੇ। ਚਸ਼ਮੇ ਸੁੱਕ ਗਏ ਨੇ, ਚਰਨ ਗੰਗਾ ਸੁੱਕਣ ਤੇ ਆਈ ਐ। ਐਥੋਂ ਕੱਲੇ ਮਾਂਹ ਹੀ ਨਹੀਂ ਮੁੱਕੇ, ਹਾਲਾਤ ਇਹੋ ਰਹੇ ਤਾਂ ਇੱਕ ਦਿਨ ਹਥੌਤ ਹੀ ਮੁਕ ਜਾਏਗਾ। ਫਿਰ ਤੂੰ ਜਾਣਦਾ ਈ ਐਂ ਨਾ, ਆਪਣਾ ਹੱਥ ਆਪ ਵੱਢਣ ਵਾਲੇ ਇਨਸਾਨ ਦਾ ਕੀ ਹਸ਼ਰ ਹੁੰਦਾ ਏ? ਤੂੰ ਇਹ ਵੀ ਜਾਣਦਾ ਹੋਏਂਗਾ ਕਿ ਕੁਦਰਤ ਨਾਲ ਕੀਤੀ ਛੇੜਛਾੜ ਇਨਸਾਨ ਨੂੰ ਕਿਹੜੇ ਭਾਅ ਪੈਂਦੀ ਐ।" ਕਹਿੰਦਿਆਂ ਕਹਿੰਦਿਆਂ ਉਹ ਬਜ਼ੁਰਗ ਆਪਣੇ ਰਾਹ ਤੁਰ ਪਿਆ। ਮੈਂ ਹਉਕਾ ਭਰ ਕੇ ਰਹਿ ਗਿਆ।


"ਜ਼ਹਿਰੀਲੀ ਜ਼ਮੀਨ 'ਚ ਮੁਹੱਬਤੀ ਮਾਂਹ ਅਤੇ ਜ਼ਾਲਮ ਜ਼ਮਾਨੇ 'ਚ ਮੁਹੱਬਤਾਂ ਦੇ ਫੁੱਲ ਕਿਥੋਂ ਉੱਗਣੇ ਨੇ, ਮੁੱਖੋ? ਹਥੌਤ ਦੀ ਧਰਤੀ ਤੋਂ ਮੁਹੱਬਤੀ ਮਾਂਹਾਂ ਦੀ ਕਾਸ਼ਤ ਤਾਂ ਤੂੰ ਜਾਣ ਲੱਗੀ ਆਪਣੇ ਨਾਲ ਹੀ ਲੈ ਗਈ ਐਂ'। ਵਸਲ ਦੀ ਅੰਤਮ ਸ਼ਾਮ ਜਿਹੜੀ ਦਾਲ ਤੂੰ ਮੈਨੂੰ ਹੱਥੀਂ ਰਿੰਨ੍ਹ ਖਵਾਈ ਸੀ ਉਹਦਾ ਸਵਾਦ ਅੱਜ ਵੀ ਕੁਸੈਲੀ ਜ਼ਿੰਦਗੀ ਦੀਅ ਰਗਾਂ 'ਚ ਘੋਲ ਰਿਹੈ। ਉਦੋਂ ਮੁਖ 'ਤੇ ਕੱਕੀ-ਕੱਕੀ ਲੂੰਈਂ ਫੁੱਟ ਰਹੀ ਸੀ। ਅੱਜ ਦਾੜ੍ਹੀ ਅੱਧੀਓਂ ਵਧ ਚਿੱਟੀ



ਹੋ ਗਈ ਐ, ਤੇਰਾ ਤੋਰਿਆ ਆਰਮੀ ਵਿੱਚ ਰੰਗਰੂਟ ਬਣ ਗਿਆ ਸਾਂ,ਅਜ ਸੂਬੇਦਾਰ ਰਿਟਾਇਰ ਹੋ ਕੇ ਆਇਆਂ ਹਾਂ। ਤਾਂਘਾਂ ਅਜੇ ਵੀ ਤੀਬਰ ਨੇ ਪਰ ਮਤਵਾਲੀ ਰੁੱਤ ਦੇ ਗਏ ਗੁਜ਼ਰੇ ਦਿਨ ਮੈਂ ਕਿਥੋਂ ਲੱਭ ਲਿਆਵਾਂ? ਤੇਰੀ ਪਾਨ ਦੀ ਬੇਗੀ ਵਰਗੀ ਚੁਲਬੁਲੀ ਜਿੰਦ ਨੂੰ ਨਾ ਵਕਤ ਮੌਤ ਦਾ ਯੱਕਾ ਮਾਰ ਸੀਪ ਲਗਾਉਂਦਾ ਤੇ ਨਾ ਹੀ ਤੇਰੀਆਂ ਯਾਦਾਂ ਜੋਕਰਾਂ ਵਾਂਗ ਮੇਰਾ ਮਜ਼ਾਕ ਉਡਾਉਂਦੀਆਂ। ਤੇਰਾ ਰੀਝਾਂ ਗੁੰਦ-ਗੁੰਦ ਬੁਣ ਕੇ ਦਿੱਤਾ ਸਵੈਟਰ ਮੈਂ ਅੱਜ ਤੱਕ ਸਾਂਭ ਕੇ ਰੱਖਿਆ ਹੋਇਐ। ਕੌਣ ਜਾਣੇ ਉਸ ਦਾ ਟਰੰਕ 'ਚ ਪਏ ਦਾ ਵੀ ਮੇਰੀ ਜਿੰਦ ਨੂੰ ਕਿੰਨਾ ਰੂਹਾਨੀ ਨਿੱਘ ਹੈ।"

* * * *

## ਪੁਆਧ ਕੀਆਂ ਝਲਕਾਂ




**ਪੁਸਤਕ** : ਪੁਆਧ ਕੀਆਂ ਝਲਕਾਂ (ਪਰਾਗਾ ਤੀਜਾ)
**ਸੰਪਾਦਕ** : ਮਨਮੋਹਨ ਸਿੰਘ ਦਾਊਂ
**ਮੋਬਾਈਲ** : 98151-23900
**ਪੰਨੇ** : 294 : **ਮੁੱਲ** : 350/-
**ਪ੍ਰਕਾਸ਼ਕ** : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।



ਮਨਮੋਹਨ ਸਿੰਘ ਦਾਊਂ ਦੁਆਰਾ ਸੰਪਾਦਿਤ 'ਪੁਆਧ ਕੀਆਂ ਝਲਕਾਂ' ਇਕ ਖੋਜ ਭਰਪੂਰ ਵਾਰਤਕ ਪੁਸਤਕ ਹੈ। ਇਸ ਤੋਂ ਇਲਾਵਾ 'ਪੁਆਧ ਦਰਪਣ' (ਪਰਾਗਾ ਪਹਿਲਾ-2006) ਅਤੇ 'ਧਰਤ ਪੁਆਧ' (ਪਰਾਗਾ ਦੂਜਾ-2016) ਖੋਜ ਪੁਸਤਕਾਂ ਰਾਹੀਂ ਮਨਮੋਹਨ ਸਿੰਘ ਦਾਊਂ ਨੇ ਆਪਣੀ ਸੰਪਾਦਨਾ ਤੇ ਮਿਹਨਤ ਦਾ ਸਿੱਕਾ ਅਜਿਹਾ ਜਮਾਇਆ ਕਿ ਪੁਆਧ ਬਾਰੇ ਉਸ ਦੀ ਪੁਸਤਕ ਦੀ ਉਡੀਕ ਲੱਗੀ ਰਹਿੰਦੀ ਹੈ। ਪੁਆਧ ਬਾਰੇ ਉਸ ਦਾ ਬੁਨਿਆਦੀ ਖੋਜ-ਕਾਰਜ ਅਤੀ ਸ਼ਲਾਘਾਯੋਗ ਹੈ। ਪੁਆਧ ਖੇਤਰ ਪੰਜਾਬ ਸੂਬੇ ਦਾ ਅਹਿਮ ਹਿੱਸਾ ਜਿਸ ਦਾ ਆਪਣਾ ਅਮੀਰ ਸੱਭਿਆਚਾਰ ਅਤੇ ਵਿਰਸਾ ਹੈ।

ਹੱਥਲੀ ਪੁਸਤਕ ਪਹਿਲਾਂ ਕੀਤੇ ਯਤਨਾਂ ਦਾ ਤੀਜਾ ਪਰਾਗਾ ਹੈ ਜਿਸ ਵਿਚ ਪੁਆਧ ਖੇਤਰ ਦੇ ਹਰ ਪੱਖ ਨੂੰ ਛੂਹਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ ਹੈ। ਇਸ ਪੁਸਤਕ ਨੂੰ ਛੇ ਖੰਡਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਖੰਡ 'ਚ ਪੁਆਧੀ ਉੱਪ-ਬੋਲੀ, ਖੇਤਰ ਦੀਆਂ ਲੋਪ ਹੋ ਰਹੀਆਂ ਲੋਕ ਕਹਾਣੀਆਂ, ਪੁਆਧੀ ਅਤੇ ਟਕਸਾਲੀ ਬੋਲੀ ਵਿਚਲੇ ਵਖਰੇਵੇਂ, ਲੋਕ-ਗੀਤਾਂ ਵਿਚ ਜਨ-ਜੀਵਨ, ਖੋਜ ਪੁਸਤਕਾਂ, ਲੋਪ ਹੋ ਰਹੀਆਂ ਕਲਾਵਾਂ ਅਤੇ ਜਲਗਾਹਾਂ ਦਾ ਜ਼ਿਕਰ ਹੈ।

ਦੂਜੇ ਖੰਡ ਵਿਚ ਪੁਆਧ ਦੇ ਵੱਖ-ਵੱਖ ਹਿੱਸਿਆਂ ਦੇ ਕਿਲ੍ਹਿਆਂ ਦੇ ਖੰਡਰਾਂ ਦਾ ਇਤਿਹਾਸ ਅਤੇ ਮਹੱਤਤਾ ਸਬੰਧੀ ਨਿੱਗਰ ਅਤੇ ਨਿਵੇਕਲੀ ਜਾਣਕਾਰੀ ਦਿੱਤੀ ਗਈ ਹੈ। ਪੁਸਤਕ ਦਾ ਤੀਜਾ ਖੰਡ ਬੜਾ ਅਹਿਮ ਹੈ ਜਿਸ ਵਿਚ ਕਰੀਬ ਵੀਹ ਅਜਿਹੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਬਾਰੇ ਵੱਖ-ਵੱਖ ਲੇਖਕਾਂ ਰਾਹੀਂ ਉਥੋਂ ਦੇ ਇਤਿਹਾਸ, ਭੂਗੋਲਿਕ ਸਥਿਤੀ, ਖ਼ੂਬੀਆਂ ਅਤੇ ਬਦਲ ਰਹੇ ਮੁਹਾਂਦਰੇ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਚੌਥੇ ਖੰਡ ਵਿੱਚ ਪੁਆਧ ਖੇਤਰ ਵਿਚ ਜਨਮ ਲੈਣ ਵਾਲੀਆਂ ਉੱਘੀਆਂ ਸ਼ਖ਼ਸੀਅਤਾਂ ਅਤੇ ਉਹਨਾਂ ਦੁਆਰਾ ਵੱਖ-ਵੱਖ ਖੇਤਰਾਂ ਵਿੱਚ ਪਾਏ ਯੋਗਦਾਨ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ।

ਪੰਜਵੇਂ ਖੰਡ ਵਿਚਲੀਆਂ ਕਾਵਿ-ਰਚਨਾਵਾਂ ਪਿਡਾਂ ਨੂੰ ਉਜਾੜ ਕੇ ਹੋ ਰਹੇ ਸ਼ਹਿਰੀਕਰਨ ਅਤੇ ਦਿਨੋ-ਦਿਨ ਹੋ ਰਹੇ ਬਦਲਾਅ ਦੀ ਤਰਜਮਾਨੀ ਕਰਦੀਆਂ ਹਨ। ਛੇਵਾਂ ਖੰਡ ਅੰਤਿਕਾ ਹੈ। ਇਸ 'ਚ ਦੁਰਲੱਭ ਲਿਖਤ ਰਾਹੀਂ ਸਿੱਖ ਪੰਥ ਦੇ ਗੌਰਵਮਈ ਇਤਿਹਾਸ ਦਾ ਜ਼ਿਕਰ ਹੈ।

ਇਸ ਤੋਂ ਇਲਾਵਾ ਪੁਆਧ ਸਥਿਤ ਡਾ. ਦੀਵਾਨ ਸਿੰਘ ਕਾਲੇਪਾਣੀ ਮਿਊਜ਼ੀਅਮ ਬਾਰੇ ਜਾਣਕਾਰੀ ਹੈ। ਪੰਜਾਬ ਦੇ ਪੁਆਧ ਖੇਤਰ ਬਾਰੇ ਵੱਖ-ਵੱਖ ਪੱਖਾਂ ਤੋਂ ਜਾਣਕਾਰੀ ਹਾਸਲ ਕਰਨ ਲਈ ਇਹ ਪੁਸਤਕ ਸਹਾਈ ਸਿੱਧ ਹੋਵੇਗੀ।

**ਅਮਰੀਕ ਸਿੰਘ ਦਿਆਲ**

**ਪੰਜਾਬੀ ਜਾਗਰਣ 'ਚੋਂ ਧੰਨਵਾਦ ਸਹਿਤ।**
(30-01-2022)

*****



ਸਰਦਾਰ ਮਨਮੋਹਨ ਸਿੰਘ ਦਾਊਂ ਦੀ ਆਪਣੀ ਜਨਮ-ਭੂਮੀ ਪੁਆਧ ਦਾ ਪਿੰਡ ਦਾਊਂ ਹੈ। ਉਸਦੀ ਸਾਹਿਤਕ, ਸਭਿਆਚਾਰਕ, ਇਤਿਹਾਸਕ ਪਿਛੋਕੜ ਨਾਲ ਸੱਚੀ-ਮੁੱਚੀ ਮੁਹੱਬਤ ਹੈ। ਸ੍ਰੀ ਦਾਊਂ ਨੇ ਆਪਣੀ ਤੌਫ਼ੀਕ, ਯੋਗਤਾ, ਬੁੱਧੀ ਅਤੇ ਨਿਰੰਤਰ ਕੀਤੇ ਸ਼ੋਧ-ਖੋਜ ਦੇ ਯਤਨਾਂ ਸਦਕਾ, ਪੁਆਧ ਦੀ ਸੰਸਕ੍ਰਿਤੀ ਨੂੰ ਸਾਹਿਤਕ ਦ੍ਰਿਸ਼ਟੀ ਤੋਂ ਪੰਜਾਬੀ ਹਲਕਿਆਂ ਵਿੱਚ ਪ੍ਰਚਾਰਿਆ ਹੈ। ਪੁਆਧ ਨੂੰ ਇਤਿਹਾਸਕ, ਭੂਗੋਲਿਕ ਅਤੇ ਸਾਹਿਤਕ ਅਥਵਾ ਭਾਸ਼ਾ ਦ੍ਰਿਸ਼ਟੀ ਤੋਂ ਜੋ ਪ੍ਰਗਾਸਿਆ ਹੈ, ਉਹ ਆਪ ਦੀਆਂ ਸਮੁੱਚੀਆਂ ਸਾਹਿਤਕ ਪ੍ਰਾਪਤੀਆਂ ਦਾ ਨਰੋਆ ਅੰਗ ਕਹਿ ਸਕਦੇ ਹਾਂ। ਪੁਆਧ ਬਾਰੇ ਇੱਕ ਸੰਸਥਾ ਵਾਂਗ ਕਾਰਜ-ਸ਼ੀਲ ਹੋ ਕੇ ਜੁਟਣਾ, ਸ੍ਰੀ ਦਾਊਂ ਦੇ ਹੀ ਹਿੱਸੇ ਆਇਆ ਹੈ।

ਸ੍ਰੀ ਦਾਊਂ ਵੱਲੋਂ ਹਥਲੀ ਖੋਜ-ਪੁਸਤਕ 'ਪੁਆਧ ਕੀਆਂ ਝਲਕਾਂ' ਵੱਡ-ਅਕਾਰੀ ਰਚਨਾ ਦੀ ਸੰਪਾਦਨ ਇਕ ਇਤਿਹਾਸਕ ਦਸਤਾਵੇਜ਼ ਹੈ। ਸਾਹਿਤਕ ਵਿਰਸੇ ਦੀ ਨਿਰੰਤਰ ਸੇਵਾ ਸੰਭਾਲ ਕਰਦਿਆਂ, ਸ੍ਰੀ ਦਾਊਂ ਲੋਕ-ਮਨਾਂ ਦਾ ਕਰਮਯੋਗੀ ਬਣ ਗਿਆ ਹੈ।

ਪੁਆਧ ਬਾਰੇ ਇਹ ਪੁਸਤਕ ਪਾਠਕਾਂ, ਵਿਦਵਾਨਾਂ, ਅਕਾਦਮਿਕ ਅਦਾਰਿਆਂ ਤੇ ਖੋਜਾਰਥੀਆਂ ਲਈ ਮੁੱਲਵਾਨ ਸਾਬਤ ਹੋਵੇਗੀ, ਮੇਰਾ ਇਹ ਅਕੀਦਾ ਹੈ।

**- ਡਾ. ਅਮਰ ਕੋਮਲ**
**ਸਨਮਾਨਿਤ ਸਾਹਿਤਕਾਰ**
**ਮੋਬਾ.** 8437873565

********